# ਨਾਵਲ

## ਸਾਊਥਾਲ / ਹਰਜੀਤ ਅਟਵਾਲ

ਇਕ

ਟਰੈਫਿਕ ਹੇਜ਼ ਐਂਡ ਤੱਕ ਹੈ। ਇਵੇਂ ਹੀ ਹੁੰਦਾ ਹੈ ਸਦਾ। ਫਿਰ ਅੱਜ ਤਾਂ ਧੁੱਪ ਵੀ ਲੋਹੜੇ ਦੀ ਹੈ ਤੇ ਉਪਰੋਂ ਸ਼ਨਿੱਚਰਵਾਰ। ਬਰਾਡਵੇਅ ਉਪਰ ਤਾਂ ਮੇਲਾ ਲੱਗਿਆ ਹੋਵੇਗਾ। ਇਧਰੋਂ ਦੀ ਲੰਘਣਾ ਵਕਤ ਖਰਾਬ ਕਰਨ ਵਾਲੀ ਗੱਲ ਹੈ। ਜਗਮੋਹਣ ਨੂੰ ਪਤਾ ਵੀ ਹੈ ਕਿ ਇਕ ਘੰਟਾ ਸਹਿਜੇ ਖਰਾਬ ਹੋ ਜਾਵੇਗਾ। ਉਹ ਕਾਰ ਘਰ ਮੂਹਰੇ ਖੜੀ ਕਰਕੇ ਤੁਰ ਕੇ ਵੀ ਬਰੌਡਵੇਅ ਤਕ ਜਾ ਸਕਦਾ ਹੈ। ਕੁਝ ਦੇਰ ਤੁਰਨਾ ਹੀ ਤਾਂ ਪਏਗਾ ਪਰ ਤੁਰਨ ਵਿਚ ਉਹ ਬਹੁਤ ਆਲਸੀ ਹੈ। ਵੈਸੇ ਵੀ ਉਸ ਦਾ ਸੁਭਾਅ ਹੈ ਕਿ ਇਕ ਵਾਰ ਬੈਠ ਗਿਆ ਤਾਂ ਬੈਠ ਗਿਆ, ਮੁੜ ਉਠਣਾ ਉਸ ਲਈ ਮੁਸ਼ਕਲ ਹੋ ਜਾਂਦਾ ਹੈ। ਹਾਂ, ਜੌਗਿੰਗ ਉਹ ਮੀਲਾਂ ਤਕ ਕਰ ਲਏਗਾ। ਬਰਾਡਵੇਅ ਵਲ ਤਾਂ ਉਹ ਉਂਜ ਵੀ ਕਦੇ ਕਦਾਈਂ ਹੀ ਆਇਆ ਕਰਦਾ ਹੈ ਅਜ ਉਹ ਆ ਰਿਹਾ ਕਿ ਉਸ ਨੇ ਸਕਾਈਲਿੰਕ ਵਾਲਿਆਂ ਦਿਉਂ ਟਿਕਟਾਂ ਚੁਕਣੀਆਂ ਹਨ। ਮਨਦੀਪ ਕੁਝ ਦਿਨਾਂ ਲਈ ਇੰਡੀਆ ਜਾ ਰਹੀ ਹੈ। ਉਹ ਸਕਾਈਲਿੰਕ ਕੋਲੋਂ ਹੀ ਟਿਕਟਾਂ ਲੈਂਦੇ ਹਨ। ਉਹ ਵੀਜ਼ਾ ਵੀ ਜਿਉਂ ਲਵਾ ਦਿੰਦੇ ਹਨ। ਨਹੀਂ ਤਾਂ ਵੀਜ਼ਾ ਲਗਵਾਉਣ ਲਈ ਭਾਰਤੀ ਹਾਈਕਮਿਸ਼ਨਰ ਦੇ ਦਫਤਰ ਜਾਣਾ ਪੈਂਦਾ ਹੈ ਜੋ ਕਿ ਕੇਂਦਰੀ ਲੰਡਨ ਵਿਚ ਹੈ। ਇਕ ਵਾਰ ਉਹ ਤੇ ਮਨਦੀਪ ਗਏ ਸਨ। ਉਥੇ ਜਾਣਾ ਵੀ ਕਿਸੇ ਮੁਹਿੰਮ ਤੇ ਜਾਣ ਵਾਂਗ ਹੈ। ਪੂਰਾ ਦਿਨ ਲਗ ਜਾਂਦਾ ਹੈ। ਬੱਸਾਂ, ਰੇਲਾਂ, ਟਿਊਬਾਂ ਫੜਦੇ ਜਾਓ, ਕਾਰ ਪਾਰਕ ਕਰਨ ਲਈ ਤਾਂ ਜਗਾਹ ਮਿਲੇਗੀ ਹੀ ਨਹੀਂ। ਵਕਤ ਖਰਾਬ ਕਰੋ ਤੇ ਨਾਲੇ ਭਾਰਤੀ ਬਿਓਰੋਕਰੇਸੀ ਦਾ ਸਾਹਮਣਾ ਕਰੋ। ਭਾਰਤੀ ਹਾਈ ਕਮਿਸ਼ਨ ਵਾਲੇ ਤੁਹਾਡੇ ਨਾਲ ਇਵੇਂ ਵਰਤਾਵ ਕਰਦੇ ਹਨ ਜਿਵੇਂ ਤੁਹਾਡੇ ਉਪਰ ਕੋਈ ਅਹਿਸਾਨ ਕਰ ਰਹੇ ਹੋਣ। ਤੁਹਾਡੇ ਕੰਮ ਨਾਲੋਂ ਉਹਨਾਂ ਨੂੰ ਆਪਣੇ ਦੋਸਤਾਂ ਨਾਲ ਫੋਨ ਰਾਹੀਂ ਰਾਤੀਂ ਟੈਲੀ ਤੇ ਦੇਖੇ ਪਰੋਗਰਾਮ ਬਾਰੇ ਜਾਂ ਪੌਂਡ ਦੇ ਰੇਟ ਬਾਰੇ ਗੱਲ ਕਰਨੀ ਜ਼ਿਆਦਾ ਜ਼ਰੂਰੀ ਹੁੰਦੀ ਹੈ। ਇਸ ਮੁਲਕ ਵਿਚ ਰਹਿੰਦਿਆਂ ਜਿਹੜੇ ਕੰਨ ਥੈਂਕਿਊ, ਪਲੀਜ਼ ਜਾਂ ਸੌਰੀ ਸੁਣਨਾ ਗਿਝ ਜਾਂਦੇ ਹਨ ਉਹਨਾਂ ਲਈ 'ਅਬੇ', 'ਓਏ' ਜਾਂ 'ਕਿਆ ਕਹਾ ਤੂ ਨੇ' ਸੁਣਨਾ ਔਖਾ ਹੋ ਜਾਂਦਾ ਹੈ। ਤੁਹਾਡੀ ਅਜਿਹੇ ਲੋਕਾਂ ਦਾ ਸਾਹਮਣਾ ਕਰਨ ਦੀ ਸਿਰਦਰਦੀ ਕੁਝ ਟਰੈਵਲ ਏਜੰਟ ਥੋੜ੍ਹੀ ਜਿਹੀ ਫੀਸ ਨਾਲ ਹੀ ਦੂਰ ਕਰ ਦਿੰਦੇ ਹਨ। ਸਕਾਈਲਿੰਕ ਵਾਲੇ ਫੋਨ ਕਰਕੇ ਦੱਸਦੇ ਹਨ ਕਿ ਟਿਕਟ ਤੇ ਵੀਜ਼ਾ ਲਗਿਆ ਪਾਸਪੋਰਟ ਤਿਆਰ ਪਏ ਹਨ। ਇਹ ਟਿਕਟ ਉਠਾਉਣ ਕਾਰਨ ਹੀ ਇਸ ਪਾਸੇ ਜਾ ਰਿਹਾ ਹੈ ਇਸੇ ਲਈ ਇਸ ਭੀੜ ਵਿਚ ਫਸਿਆ ਖੜਾ ਹੈ।

ਸੁੱਖੀ ਦੇ ਕਤਲ ਤੋਂ ਬਾਅਦ ਤਾਂ ਉਹ ਇਧਰ ਆਉਂਦਾ ਹੀ ਨਹੀਂ। ਉਸ ਨੂੰ ਸੁੱਖੀ ਦਿੱਸਣ ਲੱਗਦੀ ਹੈ। ਸਵਿਮਿੰਗ ਪੂਲ ਦੇ ਫੱਟੇ ਉਤੇ ਖੜੀ ਸੁੱਖੀ। ਫੱਟੇ ਨੂੰ ਦੋ ਤਿੰਨ ਦਮ ਦੇ ਕੇ ਪਾਣੀ ਵਿਚ ਛਾਲ ਮਾਰਦੀ ਸੁੱਖੀ। ਮੱਛੀ ਵਾਂਗ ਤਿਲਕਦੀ ਤੇ ਫਿਰ ਸਵਿਮਿੰਗ ਪੂਲ ਦੇ ਦੂਜੇ ਪਾਸੇ ਜਾ ਨਿਕਲਦੀ ਸੁੱਖੀ। ਸੁੱਖੀ ਦੇ ਕਤਲ ਸਮੇਂ ਪੂਰੇ ਸਾਊਥਾਲ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ ਸਨ। ਇਸ ਕਤਲ ਨੇ ਅਜੀਬ ਜਿਹਾ ਰੁਮਾਂਸ ਪੈਦਾ ਕਰ ਦਿਤਾ ਸੀ ਪਰ ਕਿਸੇ ਨੇ ਇਸ ਕਤਲ ਦਾ ਬੁਰਾ ਨਹੀਂ ਸੀ ਮਨਾਇਆ। ਸੁੱਖੀ ਦੇ ਕਤਲ ਨੂੰ ਪੂਰਾ ਸਾਊਥਾਲ ਕਿਵੇਂ ਵੀ ਲੈਂਦਾ ਹੋਵੇ ਪਰ ਉਹ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ। ਉਸ ਦੇ ਅੰਦਰ ਬਹੁਤ ਕੁਝ ਟੁੱਟ ਭੱਜ ਜਾਂਦਾ ਹੈ। ਉਸ ਦੀ ਹਾਲਤ ਬਿਮਾਰਾਂ ਵਾਲੀ ਹੋ ਜਾਂਦੀ ਹੈ। ਸਾਲ ਹੋ ਚੱਲਿਆ ਹੈ ਇਸ ਦੁਖਾਂਤ ਨੂੰ। ਹੁਣ ਜਾ ਕੇ ਉਹ ਕੁਝ ਸੰਭਲਿਆ ਹੈ ਪਰ ਇਹ ਘਟਨਾ ਹਾਲੇ ਵੀ ਤਾਜ਼ੀ ਹੈ ਜਿਵੇਂ ਕੱਲ ਹੀ ਵਾਪਰੀ ਹੋਵੇ। ਹਾਲੇ ਵੀ ਮਨਦੀਪ ਕਹਿਣ ਲਗਦੀ ਹੈ,

"ਕੀ ਲੱਗਦੀ ਸੀ ਤੁਹਾਡੀ ਉਹ ?... ਮਾਮੇ ਦੀ ਧੀ?"

"ਤੂੰ ਤਾਂ ਕਮਲ਼ ਮਾਰੀ ਜਾਨੀ ਐਂ !"

"ਮੈਂ ਨਹੀਂ ਤੁਸੀਂ ਕਮਲ਼ ਮਾਰਦੇ ਓ, ਸਾਰਾ ਸਾਊਥਾਲ, ਸਾਰੀ ਦੁਨੀਆ ਥੂ ਥੂ ਕਰਦੀ ਐ ਓਹਦੇ 'ਤੇ, ਤੇ ਤੁਸੀਂ ਮੁਫਤ ਵਿਚ ਈ ਸੁਧ-ਬੁਧ ਗੰਵਾਈ ਬੈਠੇ ਓ।"

"ਮੈਂ ਸਾਰਾ ਸ਼ਹਿਰ ਨਹੀਂ, ਮੈਂ ਭੀੜ ਨਹੀਂ।"

"ਨਾ ਹੋਵੋ ਪਰ ਮੂਡ ਠੀਕ ਰੱਖੋ, ਤੁਹਾਨੂੰ ਪਤੈ ਸਾਨੂੰ ਕਿੰਨੀ ਤਖਲੀਫ ਹੁੰਦੀ ਐ, ਤੁਹਾਡਾ ਖਰਾਬ ਮੂਡ ਸਾਰੇ ਘਰ ਦਾ ਮਹੌਲ ਖਰਾਬ ਕਰ ਦਿੰਦਾ ਐ ਤੇ ਮੁੰਡੇ ਹੋਰਵੇਂ ਕਰਨ ਲਗਦੇ ਆ।"

ਹੁਣ ਤਾਂ ਉਹ ਠੀਕ ਹੈ ਫਿਰ ਵੀ ਮਨਦੀਪ ਨਹੀਂ ਚਾਹੁੰਦੀ ਕਿ ਉਹ ਬਰਾਡਵੇਅ ਵੱਲ ਨੂੰ ਜਾਵੇ ਤੇ ਆ ਕੇ ਹੋਰ ਤਰਾਂ ਤਰ੍ਹਾਂ ਦੀਆਂ ਗੱਲਾਂ ਕਰਨ ਲਗੇ। ਉਹ ਜਾਣਦੀ ਹੈ ਕਿ ਜਦ ਉਹ ਕਿਸੇ ਗੱਲ ਬਾਰੇ ਸੋਚਣ ਲਗਦਾ ਹੈ ਤਾਂ ਸੋਚਦਾ ਹੀ ਤੁਰਿਆ ਜਾਂਦਾ ਹੈ। ਜੇਕਰ ਸਕਾਈਲਿੰਕ ਦੇ ਦਫਤਰ ਨਾ ਜਾਣਾ ਹੁੰਦਾ ਤਾਂ ਉਧਰ ਜਾਣ ਲਈ ਕਦੇ ਨਾ ਆਖਦੀ।

ਟਰੈਫਿਕ ਮਸਾਂ ਮਸਾਂ ਕਰਦੇ ਤੁਰਦਾ ਹੈ। ਰੇਡੀਓ ਉਪਰ ਟਰੈਫਿਕ ਦੀਆਂ ਖਬਰਾਂ ਵਿਚ ਬਰਾਡਵੇਅ ਦੇ ਰੱਸ਼ ਬਾਰੇ ਵਾਰ ਵਾਰ ਅਗਾਹ ਕੀਤਾ ਜਾ ਰਿਹਾ ਹੈ। ਵੈਸੇ ਵੀ ਲੋਕਾਂ ਨੂੰ ਇਸ ਰੱਸ਼ ਦਾ ਪਤਾ ਹੈ ਪਰ ਫਿਰ ਵੀ ਆਉਂਦੇ ਹਨ। ਇਹੋ ਰੋਡ ਅੱਗੇ ਈਲਿੰਗ ਜਾਂਦੀ ਹੈ ਤੇ ਉਸ ਤੋਂ ਅਗੇ ਕੇਂਦਰੀ ਲੰਡਨ ਨੂੰ ਪਰ ਇਨ੍ਹਾਂ ਗੱਡੀਆਂ ਵਿਚ ਈਲਿੰਗ ਜਾਂ ਕੇਂਦਰੀ ਲੰਡਨ ਜਾਣ ਵਾਲੇ ਬਹੁਤੇ ਲੋਕ ਨਹੀਂ ਹੋਣੇ ਸ਼ਾਇਦ ਕੋਈ ਵੀ ਨਾ ਹੋਵੇ ਇਨ੍ਹਾਂ ਬੱਸਾਂ ਤੋਂ ਸਿਵਾ। ਬਹੁਤੇ ਲੋਕ ਤਾਂ ਈਲਿੰਗ ਲਈ ਬਦਲਵਾਂ ਰੂਟ ਲੈ ਲੈਂਦੇ ਹਨ। ਇਹਨਾਂ ਵਿਚ ਕੁਝ ਗੱਡੀਆਂ ਲੋਕਲ ਰਹਿੰਦੇ ਲੋਕਾਂ ਦੀਆਂ ਹੋਣਗੀਆਂ, ਕੁਝ ਇਧਰ

ਕੰਮ ਆਏ ਜਾਂ ਸ਼ੌਪਿੰਗ ਆਦਿ ਨੂੰ ਆਏ ਲੋਕਾਂ ਦੀਆਂ ਤੇ ਬਾਕੀ ਤਮਾਸ਼ਬੀਨ ਹੋਣਗੇ ਜਿਹੜੇ ਬਰਾਡਵੇਅ ਦਾ ਨਜ਼ਾਰਾ ਦੇਖਣ ਹੀ ਆਏ ਹੋਣਗੇ। ਕਈ ਸਿਰਫ ਸਲਵਾਰ ਸੂਟ ਜਾਂ ਸਾੜ੍ਹੀਆਂ ਵਾਲੀਆਂ ਜਾਂ ਬਿੰਦੀਆਂ ਵਾਲੀਆਂ ਔਰਤਾਂ ਦੇਖਣ ਆਏ ਹੋ ਸਕਦੇ ਹਨ। ਕੁਝ ਜਗਮੋਹਣ ਵਰਗੇ ਮਜਬੂਰੀ ਵਿਚ ਫਸੇ ਵੀ। ਉਹ ਵਕਤ ਲੰਘਾਉਣ ਲਈ 'ਵਾਸ ਪਰਵਾਸ' ਨੂੰ ਸਟੇਅਰਿੰਗ ਉਪਰ ਰੱਖ ਪੜਨ ਲਗਦਾ ਹੈ। 'ਵਾਸ ਪਰਵਾਸ' ਸਾਊਥਾਲ ਦਾ ਪ੍ਰਮੁੱਖ ਸਪਤਾਹਿਕ ਪਰਚਾ ਹੈ। ਜਗਮੋਹਣ ਇਸ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹੈ ਪਰ ਪੜਦਾ ਇਸੇ ਨੂੰ ਹੀ ਹੈ। ਇਸ ਵਿਚ ਸਥਾਨਕ ਤੇ ਭਾਰਤ ਦੀਆਂ ਖਬਰਾਂ ਹੁੰਦੀਆਂ ਹਨ।

ਗਰੈਂਡ ਯੂਨੀਅਨ ਕੈਨਾਲ ਦਾ ਪੁਲ ਆ ਜਾਂਦਾ ਹੈ। ਇਸ ਉਚੀ ਜਗਾਹ ਤੋਂ ਅੱਗੇ ਸੜਕ ਤੇ ਖੜੀਆਂ ਕਾਰਾਂ ਦਾ ਨਜ਼ਾਰਾ ਹੋਰ ਵੀ ਸਾਫ ਦਿੱਸਦਾ ਹੈ। ਰੰਗ ਬਰੰਗੀਆਂ ਕਾਰਾਂ ਜੜੀਆਂ ਖੜੀਆਂ ਹਨ ਇਕ ਸਾਰ, ਖਿਡਾਉਣਿਆਂ ਵਾਂਗ। ਜਗਮੋਹਣ ਮਨ ਹੀ ਮਨ ਸੋਚਦਾ ਹੈ ਕਿ ਇਹ ਨਜ਼ਾਰਾ ਵੀ ਕਿਹੜਾ ਰੋਜ਼ ਰੋਜ਼ ਮਿਲਦਾ ਹੈ। ਹੱਸਦਾ ਹੈ।

ਹੌਲੀ ਹੌਲੀ ਉਹ ਸਰਦਾਰ ਜ਼ਿਊਲਰਜ਼ ਮੂਹਰੇ ਆ ਜਾਂਦਾ ਹੈ। ਇਸ ਦਾ ਮਾਲਕ ਬਾਹਰ ਖੜਾ ਟਰੈਫਿਕ ਦੇਖ ਰਿਹਾ ਹੈ ਬਲਕਿ ਤਾੜ ਰਿਹਾ ਹੈ ਜਿਵੇਂ ਕਿ ਉਸ ਨੇ ਕਿਧਰੇ ਜਾਣਾ ਹੋਵੇ ਤੇ ਟਰੈਫਿਕ ਨੂੰ ਦੇਖਦਾ ਸਭ ਟਾਲ ਰਿਹਾ ਹੋਵੇ। ਇਹ ਸਰਦਾਰ ਉਸ ਦਾ ਵਾਕਿਫ ਹੈ। ਸਰਦਾਰ ਨੂੰ ਗਿਲਾ ਹੈ ਕਿ ਬਰਾਡਵੇਅ ਉਪਰਲੀ ਗਾਹਕਾਂ ਦੀ ਭੀੜ ਉਸ ਤੱਕ ਨਹੀਂ ਪੁੱਜਦੀ ਕਿਉਂਕਿ ਉਸ ਦੀ ਦੁਕਾਨ ਮੁੱਖ ਬਜ਼ਾਰ ਤੋਂ ਜ਼ਰਾ ਬਾਹਰ ਪੈ ਜਾਂਦੀ ਹੈ। ਇਥੇ ਤੱਕ ਪੁੱਜਦਿਆਂ ਗਾਹਕਾਂ ਦੀਆਂ ਜੇਬਾਂ ਹਲਕੀਆਂ ਹੋ ਜਾਂਦੀਆਂ ਹਨ।

ਟਰੈਫਿਕ ਹੁਝਕਾ ਹੁਝਕਾ ਚਲ ਰਿਹਾ ਹੈ। ਕੁਝ ਹੁਝਕਿਆ ਨਾਲ ਸਕਾਈਲਿੰਕ ਦਾ ਦਫਤਰ ਦਿੱਸਣ ਲੱਗਦਾ ਹੈ। ਉਹ ਕਾਰ ਖੜੀ ਕਰਨ ਲਈ ਜਗ੍ਹਾ ਦੇਖਣ ਲੱਗਦਾ ਹੈ। ਕਿਧਰੇ ਕੁਝ ਵੀ ਨਹੀਂ। ਦੂਰ ਟਰੈਫਿਕ ਵਾਰਡਨ ਦੀ ਫੌਜੀ ਰੰਗੀ ਵਰਦੀ ਦਿੱਸਣ ਲੱਗਦੀ ਹੈ। ਇਹ ਟਰੈਫਿਕ ਵਾਰਡਨ ਜਿਵੇਂ ਜ਼ਿਦ ਕੇ ਟਿਕਟ ਦਿੰਦੇ ਹੋਣ, ਜਿਵੇਂ ਤਨਖਾਹ ਦੇ ਨਾਲ ਨਾਲ ਇਹਨਾਂ ਨੂੰ ਟਿਕਟ ਦੇਣ ਵਿਚ ਵੀ ਕਮਿਸ਼ਨ ਮਿਲਦਾ ਹੋਵੇ। ਸਾਊਥਾਲ ਵਿਚ ਇਹ ਟਰੈਫਿਕ ਵਾਰਡਨ ਸਭ ਤੋਂ ਵੱਧ ਨਫਰਤ ਦੇ ਪਾਤਰ ਬਣੇ ਹੋਏ ਹਨ। ਕਈ ਵਾਰ ਗਰਮ ਸੁਭਾਅ ਵਾਲੇ ਟਿਕਟ ਮਿਲ ਜਾਣ ਤੇ ਇਹਨਾਂ ਨੂੰ ਕੁੱਟ ਵੀ ਧਰਦੇ ਹਨ। ਉਹ ਖੱਬੇ ਪਾਸੇ ਵਾਲੀ ਸੜਕ ਉਪਰ ਨੂੰ ਮੁੜ ਜਾਂਦਾ ਹੈ। ਕਾਰ ਖੜੀ ਕਰਨ ਲਈ ਇਥੇ ਵੀ ਜਗ੍ਹਾ ਨਹੀਂ ਹੈ। ਸਕਾਈਲਿੰਕ ਦੇ ਦਫਤਰ ਵਿਚ ਉਸ ਦਾ ਕੰਮ ਤਾਂ ਇਕ ਮਿੰਟ ਦਾ ਹੀ ਹੈ। ਪਾਸਪੋਰਟ ਤੇ ਟਿਕਟ ਹੀ ਚੁੱਕਣੇ ਹਨ। ਉਹ ਕਿਸੇ ਦੇ ਘਰ ਦੀ ਡਰਾਈਵ ਵੇਅ ਦੇ ਮੁਹਰੇ ਹੀ ਕਾਰ ਖੜੀ ਕਰਕੇ ਦਫਤਰ ਵਲ ਨੂੰ ਭੱਜਦਾ ਹੈ। ਸਾਹੋ ਸਾਹੀ ਹੋਇਆ ਵਾਪਸ ਮੁੜਦਾ ਹੈ ਤਾਂ ਘਰ ਵਾਲਾ ਕਾਰ ਕੱਢਣ ਤੋਂ ਰੁਕਿਆ ਖੜਾ ਮਿਲਦਾ ਹੈ। ਉਹ ਅੱਖਾਂ ਕੱਢ ਰਿਹਾ ਹੈ, ਜਗਮੋਹਨ ਉਸ ਨੂੰ ਸੌਰੀ ਸੌਰੀ ਕਹਿੰਦਾ ਜਾ ਰਿਹਾ ਹੈ। ਉਸ ਨੂੰ ਤਸੱਲੀ ਹੈ ਕਿ ਮਨਦੀਪ ਦਾ ਪਾਸਪੋਰਟ ਤੇ ਟਿਕਟ ਲੈ ਆਇਆ ਹੈ। ਕਾਰ ਸਟਾਰਟ ਕਰਦਾ ਮੁੜ ਬਰਾਡਵੇਅ ਦੇ ਟਰੈਫਿਕ ਦੇ ਦਰਿਆ ਵਿਚ ਠਿਲ ਪੈਂਦਾ ਹੈ। ਉਹ ਟਿਕਟ ਤੇ ਪਾਸਪੋਰਟ ਤੇ ਲਗੇ ਵੀਜ਼ੇ ਨੂੰ ਚੈਕ ਕਰਦਾ ਹੈ ਕਿ ਸਭ ਠੀਕ ਤਾਂ ਹੈ। ਹੁਣ ਉਸ ਨੂੰ ਪਹਿਲਾਂ ਜਿੰਨੀ ਕਾਹਲੀ ਨਹੀਂ ਹੈ। ਉਸ ਨੂੰ ਚੰਗਾ ਲਗ ਰਿਹਾ ਕਿ ਮਨਦੀਪ ਇੰਡੀਆ ਜਾ ਰਹੀ ਹੈ। ਦੋਨੋਂ ਮੁੰਡੇ ਉਸ ਨਾਲ ਹੋਰ ਜੁੜਨਗੇ। ਅੰਕਲ ਪਾਲਾ ਸਿੰਘ ਆਖਦਾ ਹੈ ਕਿ ਇਸ ਮੁਲਕ ਵਿਚ ਪਤਾ ਨਹੀਂ ਕਿਹੜੇ ਵੇਲੇ ਕੀ ਹੋ ਜਾਵੇ। ਅੱਖ ਦੇ ਫੋਰ ਵਿਚ ਘਰ ਟੁੱਟ ਜਾਂਦੇ ਹਨ। ਬਾਹਰ ਨੌਕਰੀ ਕਰਦੀ ਔਰਤ ਪਤਾ ਨਹੀਂ ਕਦ ਵਰਗਲਾ ਲਈ ਜਾਵੇ ਇਸ ਲਈ ਬੱਚਿਆਂ ਨੂੰ ਜਿੰਨਾ ਹੋਵੇ ਆਪਣੇ ਨਾਲ ਜੋੜ ਕੁ ਰੱਖੋ। ਕਿਸੇ ਦੋਸਤ ਦੀ ਕਹੀ ਇਕ ਗੱਲ ਹੋਰ ਉਸ ਨੂੰ ਚੇਤੇ ਆਉਣ ਲਗਦੀ ਹੈ ਕਿ ਔਰਤ ਆਪਣੇ ਬੱਚਿਆਂ ਨੂੰ ਫੌਜ ਬਣਾ ਕੇ ਪਤੀ ਦੇ ਖਿਲਾਫ ਵਰਤਦੀ ਹੈ ਇਸ ਲਈ ਬੱਚਿਆਂ 'ਤੇ ਆਪਣਾ ਇੰਨਾ ਸੁਖਾਵਾਂ ਪਰਭਾਵ ਛੱਡੋ ਕਿ ਤੁਹਾਡੇ ਖਿਲਾਫ ਨਾ ਜਾਣ। ਵੈਸੇ ਤਾਂ ਉਸ ਦੇ ਮਨਦੀਪ ਨਾਲ ਰਿਸ਼ਤਾ ਕਿਸੇ ਹੱਦ ਤਕ ਠੀਕ ਹੈ ਪਰ ਫਿਰ ਵੀ ਇਕ ਧੁੜਕੂ ਜਿਹਾ ਹਰ ਵੇਲੇ ਉਸ ਦੇ ਮਨ ਨੂੰ ਲਗਿਆ ਰਹਿੰਦਾ ਹੈ।

ਬਰਾਡਵੇਅ ਉਪਰ ਹੁਣ ਇਸਲਾਮਿਕ ਸੈਂਟਰ ਖੁੱਲ੍ਹ ਗਿਆ ਹੈ। ਉਹ ਇਸ ਨੂੰ ਪਹਿਲੀ ਵਾਰ ਦੇਖ ਰਿਹਾ ਹੈ। ਨਾਲ ਹੀ ਸਿੱਖ ਮਿਸ਼ਨਰੀ ਸੈਂਟਰ ਹੈ ਜੋ ਕਿ ਕੁਝ ਸਾਲ ਪਹਿਲਾਂ ਖੁੱਲ੍ਹਿਆ ਸੀ। ਅੱਗੇ ਜਾ ਕੇ ਸੱਜੇ ਪਾਸੇ ਪ੍ਰਤਾਪ ਖੈਹਰੇ ਦਾ ਰੈਸਟੋਰੈਂਟ ਹੈ ਜਿਸ ਨੂੰ ਉਸ ਨੇ ਹੁਣੇ ਜਿਹੇ ਹੀ ਕੇਸਰੀ ਰੰਗ ਕਰਵਾਇਆ ਹੈ ਤੇ ਸਾਹਮਣੇ ਹੀ ਚੌਧਰੀ ਮੁਸ਼ਤਾਕ ਅਲੀ ਦਾ ਹਰੇ ਰੰਗ ਵਾਲਾ ਰੈਸਟੋਰੈਂਟ। ਲੋਕ ਕਹਿੰਦੇ ਹਨ ਕਿ ਇਹੋ ਹਨ ਜੋ ਸਾਊਥਾਲ ਵਿਚ ਨਿਕੇ ਨਿਕੇ ਲੜਾਈ ਝਗੜੇ ਕਰਵਾ ਰਹੇ ਹਨ। ਇਸ ਵੇਲੇ ਤਾਂ ਇਹ ਕੋਈ ਵੱਡੀ ਸਮੱਸਿਆ ਨਹੀਂ ਹੈ ਪਰ ਬਣ ਸਕਦੀ ਹੈ। ਕਈ ਗੰਭੀਰ ਸੋਚ ਵਾਲੇ ਲੋਕ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਵੀ ਕਰ ਰਹੇ ਹਨ ਪਰ ਜਨੂੰਨੀ ਇਹਨਾਂ ਦੇ ਹੱਥ ਮਜਬੂਤ ਕਰ ਰਹੇ ਹਨ।

ਬਰੌਡਵੇਅ ਦੇ ਫੁੱਟ-ਵੇਅ ਉਪਰ ਮੋਢੇ ਵੱਜਦਾ ਰਸ਼ ਹੈ। ਕੁਝ ਕੁ ਦੁਕਾਨਾਂ ਮੂਹਰੇ ਲੋਕ ਮੇਜ਼ਾਂ ਉਪਰ ਘੜੀਆਂ ਸਜਾਈ ਖੜੇ ਹਨ ਤੇ ਗਾਹਕ ਝੁਕ ਝੁਕ ਕੇ ਕੀਮਤ ਤੇ ਮਾਲ ਤਾੜ ਰਹੇ ਹਨ। ਲੋਕਾਂ ਦੇ ਬੈਠਣ ਲਈ ਕੁਝ ਬੈਂਚ ਵੀ ਹਨ ਜਿਨ੍ਹਾਂ ਉਪਰ ਵਾਇਨੋ ਜਿਹੇ ਦਿੱਸਦੇ ਬੰਦੇ ਹੱਥਾਂ ਵਿਚ ਬੀਅਰ ਦੇ ਡੱਬੇ ਫੜੀ ਬੈਠੇ ਹਨ। ਮਠਿਆਈ ਦੀਆਂ ਦੁਕਾਨਾਂ ਵਿਚ ਨਿਕਲਦੀਆਂ ਜਲੇਬੀਆਂ ਖੁਸ਼ਬੂ ਜਿਹੀ ਬਖੇਰ ਰਹੀਆਂ ਹਨ। ਸੈਂਟਾਂ ਨਾਲ ਲੱਥ ਪੱਥ ਔਰਤਾਂ ਦੀ ਸੁੰਘ ਦੂਰ ਦੂਰ ਤੱਕ ਜਾ ਰਹੀ ਹੈ। ਉਸ ਨੂੰ ਮੇਲੇ ਵਾਲਾ ਇਹ ਮਾਹੌਲ ਚੰਗਾ ਚੰਗਾ ਲੱਗਦਾ ਹੈ। ਸਾਰੇ ਹੀ ਦੇਸੀ ਚਿਹਰੇ ਹਨ। ਗੋਰਾ ਰੰਗ ਦੇਖਣ ਨੂੰ ਵੀ ਨਹੀਂ ਮਿਲਦਾ। ਇਸੇ ਲਈ ਕਈ ਅੰਗਰੇਜ਼ ਮਜ਼ਾਕ ਕਰਦੇ ਕਹਿਣ ਲੱਗਦੇ ਹਨ ਕਿ ਸਾਊਥਾਲ ਜਾਣਾ ਹੋਵੇ ਤਾਂ ਪਾਸਪੋਰਟ ਲੋੜੀਂਦਾ ਹੈ।

ਉਸ ਦੀ ਕਾਰ ਗਰੇਵਾਲ ਇੰਪੋਰੀਅਮ ਸਾਹਮਣੇ ਆ ਜਾਂਦੀ ਹੈ। ਇਸ ਸ਼ੋਅ ਰੂਮ ਦੀ ਆਪਣੀ ਸ਼ਾਨ ਹੈ। ਭਾਵੇਂ ਬਰਾਡਵੇਅ ਉਪਰ ਕੱਪੜੇ ਦੀਆਂ ਬਹੁਤ ਦੁਕਾਨਾਂ ਹਨ। ਪਰ ਗਰੇਵਾਲ ਇੰਪੋਰੀਅਮ ਮੂਹਰੇ ਖਾਸ ਨਹੀਂ ਦਿੱਸਦੀਆਂ।

ਇਕ ਹੋਰ ਮਸ਼ਹੂਰ ਡਲਹੌਜ਼ੀ ਸਾੜ੍ਹੀ ਸਟੋਰ ਹੈ ਪਰ ਉਸ ਦਾ ਵੀ ਉਹ ਰੋਅਬ ਨਹੀਂ ਹੈ। ਗਰੇਵਾਲ ਇੰਪੋਰੀਅਮ ਵੱਲ ਨੂੰ ਗਾਹਕ ਖਿੱਚਿਆ ਚਲੇ ਜਾਂਦਾ ਹੈ। ਇੰਪੋਰੀਅਮ ਦੇ ਨਾਲ ਹੀ ਮੁੜਦੀ ਸੜਕ ਉਪਰ ਰਾਮਗੜ੍ਹੀਆ ਗੁਰਦਆਰਾ ਹੈ ਜਿਸ ਦੀ ਅੱਜ ਕੱਲ ਮਾਨਤਾ ਬਹੁਤ ਵੱਧ ਗਈ ਹੈ। ਕੋਈ ਨਵੀਂ ਟੀਮ ਆਈ ਹੈ ਪਾਠੀਆਂ ਦੀ ਤੇ ਕੀਰਤਨੀਆਂ ਦੀ। ਔਰਤਾਂ ਦੇ ਝੁੰਡ ਭੱਜੇ ਹੀ ਜਾਂਦੇ ਹਨ। ਮਨਦੀਪ ਦੇ ਨਾਲ ਕੰਮ ਕਰਦੀ ਔਰਤ ਮਨਦੀਪ ਨੂੰ ਦੱਸਦੀ ਹੈ ਤੇ ਮਨਦੀਪ ਉਸ ਨੂੰ। ਭਾਰਤ ਦੀ ਗਰਮ ਸਿਆਸਤ ਦਾ ਜਾਂ ਪੰਜਾਬ ਦੇ ਖਰਾਬ ਹਾਲਾਤ ਦਾ ਇਸ ਗੁਰਦੁਆਰੇ ਉਪਰ ਕੋਈ ਅਸਰ ਨਹੀਂ ਪੈਂਦਾ। ਸ਼ਾਇਦ ਇਸ ਦਾ ਕਾਰਨ ਇਹ ਹੋਵੇ ਕਿ ਇਸ ਦੀ ਮਲਕੀਅਤ ਰਾਮਗੜੀਆ ਬਰਾਦਰੀ ਦੇ ਹੱਥ ਵਿਚ ਹੈ। ਜੇਕਰ ਤੁਹਾਡੀ ਜ਼ਾਤ ਤ੍ਰਖਾਣ-ਮਿਸਤਰੀ ਨਹੀਂ ਹੈ ਤਾਂ ਤੁਸੀਂ ਇਸ ਗੁਰਦਵਾਰੇ ਦੀ ਕਮੇਟੀ ਵਿਚ ਸ਼ਾਮਲ ਨਹੀਂ ਹੋ ਸਕਦੇ। ਕੁਝ ਵੀ ਹੋਵੇ ਇਸ ਗੁਰਦਵਾਰੇ ਵਿਚ ਸਭ ਨਰਮਦਲੀਏ ਹਨ ਜਦਕਿ ਸਾਊਥਾਲ ਦੇ ਕੁਝ ਹੋਰ ਗੁਰਦੁਆਰਿਆਂ ਵਿਚ ਤਾਂ ਅੱਗ ਵਰ੍ਹਦੀ ਹੈ। ਵੈਸੇ ਹੁਣ ਹਾਲਾਤ ਠੀਕ ਹਨ, ਕੁਝ ਸ਼ਾਂਤੀ ਹੈ। ਮਨਦੀਪ ਦਾ ਮੱਥਾ ਟੇਕਣ ਜਾਣਾ ਉਸ ਨੂੰ ਇੰਨਾ ਡਰਾਉਣਾ ਨਹੀਂ ਲੱਗਦਾ। ਕਦੇ ਕਦੇ ਮਨਦੀਪ ਦੇ ਮਨ ਵਿਚ ਪੈਦਾ ਹੋਈ ਸ਼ਰਧਾ ਕਾਰਨ ਉਸ ਨੂੰ ਭੈਅ ਮਹਿਸੂਸ ਹੋਣ ਲੱਗਦਾ ਹੈ ਕਿ ਉਸ ਦੀਆਂ ਸਿਗਰਟਾਂ ਕਾਰਨ ਮਨਦੀਪ ਘਰ ਵਿਚ ਕੋਈ ਪੁਆੜਾ ਹੀ ਨਾ ਪਾ ਲਵੇ ਪਰ ਹਾਲੇ ਤਕ ਸਭ ਠੀਕ ਹੈ। ਕਦੇ ਕਦਾਈਂ ਮਨਦੀਪ ਉਸ ਦੀ ਇਸ ਆਦਤ ਉਪਰ ਗਿਲਾ ਕਰਦੀ ਕਹਿੰਦੀ ਹੈ ਕਿ ਬੱਚਿਆਂ ਤੇ ਵੀ ਇਸ ਦਾ ਬੁਰਾ ਅਸਰ ਪੈ ਸਕਦਾ ਹੈ। ਜਗਮੋਹਨ ਹੁਣ ਬੱਚਿਆਂ ਸਾਹਮਣੇ ਸਿਗਰਟ ਨਹੀਂ ਪੀਂਦਾ। ਉਹ ਘਰ ਵਿਚ ਸਿਗਰਟ ਬਹੁਤ ਘਟ ਪੀਂਦਾ ਹੈ ਜੇ ਹੁੜਕ ਹੋਵੇ ਵੀ ਤਾਂ ਬਾਹਰ ਗਾਰਡਨ ਵਿਚ ਨਿਕਲ ਜਾਂਦਾ ਹੈ।

ਅੱਗੇ ਰਾਜਾ ਰਾਜ ਭੋਜ ਹੈ। ਉਸ ਦੇ ਦਿਲ ਵਿਚ ਤਾਰ ਜਿਹੀ ਫਿਰ ਜਾਂਦੀ ਹੈ। ਸਿਰ ਭਾਰਾ ਭਾਰਾ ਹੋਣ ਲਗਦਾ ਹੈ। ਸੁੱਖੀ ਫੱਟੇ ਨੂੰ ਦਮ ਦਿੰਦੀ ਸਵਿਮਿੰਗ ਪੂਲ ਵਿਚ ਛਲਾਂਗ ਮਾਰਦੀ ਹੈ ਤੇ ਮੱਛੀ ਬਣ ਦੂਜੇ ਕਿਨਾਰੇ ਜਾ ਨਿਕਲਦੀ ਹੈ। ਜਿਥੇ ਹੁਸੈਨ ਖੜਾ ਹੈ। ਹੁਸੈਨ ਉਸ ਵੱਲ ਦੇਖ ਕੇ ਮੁਸਕਰਾਉਂਦਾ ਹੈ। ਸੁੱਖੀ ਪਿਛਲਖੁਰੀ ਤੈਰਨ ਲੱਗਦੀ ਹੈ। ਰਾਜਾ ਰਾਜ ਭੋਜ ਰੈਸਟੋਰੈਂਟ ਨੂੰ ਸਾਰੇ ਪਾਸੇ ਫੱਟੇ ਲੱਗੇ ਹੋਏ ਹਨ। ਹੋ ਸਕਦਾ ਹੈ ਕਿ ਪੁਲਿਸ ਨੇ ਮੁੜ ਖੋਲ੍ਹਣ ਦੀ ਇਜਾਜ਼ਤ ਨਾ ਦਿੱਤੀ ਹੋਵੇ। ਸੰਭਵ ਹੈ ਸੁੱਖੀ ਦੇ ਖ਼ੂਨ ਦੇ ਛਿੱਟੇ ਹਾਲੇ ਵੀ ਕੰਧਾਂ ਉਪਰ ਹੋਣ। ਕਾਸ਼ ਉਹ ਕਿਸੇ ਤਰ੍ਹਾਂ ਦੇਖ ਸਕਦਾ ਇਨ੍ਹਾਂ ਛਿੱਟਿਆਂ ਨੂੰ। ਉਸ ਨੂੰ ਕੁਝ ਹੋਣ ਲੱਗਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਕਿਸੇ ਤਰ੍ਹਾਂ ਉੜ ਕੇ ਇਸ ਟਰੈਫਿਕ ਨੂੰ ਲੰਘ ਜਾਵੇ ਤੇ ਇਸ ਜਗ੍ਹਾ ਤੋਂ ਬਹੁਤ ਦੂਰ ਹੋ ਜਾਵੇ। ਉਹ ਸੋਚਦਾ ਹੈ ਕਿ ਘਰ ਜਾ ਕੇ ਮਨਦੀਪ ਨੂੰ ਨਹੀਂ ਦੱਸੇਗਾ ਕਿ ਇਹ ਰੈਸਟੋਰੈਂਟ ਦੇਖਦਿਆਂ ਹੀ ਉਸ ਅੰਦਰ ਕੁਝ ਹੋਣ ਲੱਗਿਆ ਹੈ ਨਹੀਂ ਤਾਂ ਉਹ ਆਖੇਗੀ ਕਿ ਸੁੱਖੀ ਹਾਲੇ ਵੀ ਉਸ ਦੇ ਅੰਦਰ ਬੈਠੀ ਹੈ।

ਫਿਰ ਉਹ ਸੋਚਣ ਲੱਗਦਾ ਹੈ ਕਿ ਉਹ ਤਾਂ ਐਵੇਂ ਹੀ ਇਹ ਸਭ ਦਿਲ ਨੂੰ ਲਾਈ ਜਾਂਦਾ ਹੈ ਜਦ ਕਿ ਸਾਰਾ ਸ਼ਹਿਰ ਖੁਸ਼ ਫਿਰਦਾ ਹੈ। ਉਹ ਗਰਦਨ ਘੁਮਾ ਕੇ ਫੱਟੇ ਲੱਗੇ ਰੈਸਟੋਰੈਂਟ ਵੱਲ ਫਿਰ ਦੇਖਦਾ ਹੈ ਉਥੇ ਕੁਝ ਵੀ ਨਹੀਂ ਹੈ ਸਿਵਾਏ ਪੁਰਾਣੇ ਪੈ ਚੁੱਕੇ ਫੱਟਿਆਂ ਜਾਂ ਘਸਮੈਲੀਆਂ ਕੰਧਾਂ ਦੇ। ਸੁੱਖੀ ਕਿਧਰੇ ਨਹੀਂ ਹੈ। ਉਹ ਇਕ ਖਬਰ ਹੈ। ਖਬਰਾਂ ਦਾ ਕਿਸੇ ਨਾਲ ਲੰਮਾ ਨਾਤਾ ਨਹੀਂ ਹੁੰਦਾ। ਫਿਰ ਇਸ ਖਬਰ ਆਈ ਨੂੰ ਸਾਲ ਹੋ ਗਿਆ ਹੈ। ਇੰਨੀ ਦੇਰ ਤਾਂ ਕਿਸੇ ਖਬਰ ਨੂੰ ਅਖਬਾਰਾਂ ਜਾਂ ਟੈਲੀ ਵਾਲੇ ਵੀ ਨਹੀਂ ਵਰਤਦੇ।

ਉਹ ਲਾਈਟਾਂ ਤੋਂ ਖੱਬੇ ਮੁੜ ਜਾਂਦਾ ਹੈ। ਲੇਡੀ ਮਾਰਗਰੇਟ ਰੋਡ ਉਪਰ ਨੂੰ। ਮੰਦਰ ਕੋਲੋਂ ਲੰਘਦਾ ਹੈ। ਮੰਦਰ ਦਾ ਪੁਜਾਰੀ ਮੋਹਨ ਲਾਲ ਪਰਸੋਂ ਸ਼ਰਾਬ ਪੀਂਦਾ ਉਸ ਲਾਲ ਐਵੇਂ ਹੀ ਬਹਿਸਦਾ ਜਾ ਰਿਹਾ ਸੀ। ਮੋਹਣ ਲਾਲ ਉਸ ਤੋਂ ਇਮੀਗਰੇਸ਼ਨ ਬਾਰੇ ਸਲਾਹ ਪੁੱਛਦਾ ਪੁੱਛਦਾ ਆਪਣੇ ਇਸ਼ਕਾਂ ਬਾਰੇ ਗੱਲਾਂ ਕਰਨ ਲਗਦਾ ਹੈ। ਉਹ ਮੋਹਣ ਲਾਲ ਬਾਰੇ ਬਹੁਤਾ ਨਹੀਂ ਸੋਚਦਾ ਕਾਰ ਭਜਾ ਲੈਂਦਾ ਹੈ। ਇਥੇ ਟਰੈਫਿਕ ਬਿਲਕੁਲ ਨਹੀਂ ਹੈ। ਉਸ ਨੂੰ ਪਤਾ ਹੈ ਕਿ ਮਨਦੀਪ ਟਿਕਟ ਦੇਖ ਕੇ ਕਿੰਨੀ ਖੁਸ਼ ਹੋਵੇਗੀ। ਮਨਦੀਪ ਦੇ ਮੰਮੀ-ਡੈਡੀ ਪਹਿਲਾਂ ਹੀ ਗਏ ਹੋਏ ਹਨ। ਉਨ੍ਹਾਂ ਨੇ ਪਿੰਡ ਜਾ ਕੇ ਪਾਠ ਰਖਵਾਉਣਾ ਹੈ ਇਸੇ ਲਈ ਮਨਦੀਪ ਇੰਡੀਆ ਜਾਣ ਲਈ ਕਾਹਲੀ ਹੈ।

ਮਨਦੀਪ ਕੰਮ ਤੋਂ ਆ ਚੁੱਕੀ ਹੈ। ਨਵਕਿਰਨ ਤੇ ਨਵਜੀਵਨ ਬੈਠੇ ਕਾਰਟੂਨ ਦੇਖ ਰਹੇ ਹਨ। ਦੋਨੋਂ ਹੀ ਜੁੜਵੇਂ ਲੱਗਦੇ ਹਨ ਜਦ ਕਿ ਕਿਰਨ ਜੀਵਨ ਤੋਂ ਸਾਲ ਵੱਡਾ ਹੈ। ਜਗਮੋਹਨ ਬਿਨਾਂ ਬੋਲੇ ਮਨਦੀਪ ਦੇ ਹੱਥ ਵਿਚ ਟਿਕਟ ਤੇ ਪਾਸਪੋਰਟ ਫੜਾਉਂਦਾ ਦੋਨਾਂ ਮੁੰਡਿਆਂ ਦੇ ਵਿਚਕਾਰ ਜਾ ਬੈਠਦਾ ਹੈ ਤੇ ਉਨ੍ਹਾਂ ਨੂੰ ਆਪਣੇ ਨਾਲ ਘੁੱਟ ਲੈਂਦਾ ਹੈ। ਮਨਦੀਪ ਕਹਿੰਦੀ ਹੈ,

''ਮੂਡ ਠੀਕ ਨਹੀਂ ਜਾਪਦਾ।''

''ਬਰਾਡਵੇਅ ਦੇ ਟਰੈਫਿਕ ਵਿਚ ਫਸਾ ਦਿੱਤਾ ਮੈਨੂੰ।''

''ਤੁਹਾਨੂੰ ਕਿਹਨੇ ਕਿਹਾ ਸੀ ਓਧਰ ਦੀ ਆਓ, ਘਰ ਆ ਜਾਂਦੇ ਪਹਿਲਾਂ ਤੇ ਫੇਰ ਸਕਾਈਲਿੰਕ ਦੇ ਚਲੇ ਜਾਂਦੇ।''

''ਤੈਨੂੰ ਪਤੈ ਘਰ ਆ ਕੇ ਨਹੀਂ ਮੇਰੇ ਤੋਂ ਨਿਕਲਿਆ ਜਾਂਦਾ।''

''ਜੌਗਿੰਗ ਕਰਨ ਜਾਂਦੇ ਓ, ਓਧਰ ਨੂੰ ਚਲੇ ਜਾਂਦੇ।''

''ਤੈਨੂੰ ਪਤਾ ਤਾਂ ਐ ਕਿ ਅਜ ਉਹ ਦਫਤਰ ਜਲਦੀ ਬੰਦ ਕਰ ਜਾਂਦੇ ਆ। ਨਾਲ਼ੇ ਇੰਡੀਅਨ ਅੱਖਾਂ ਨੂੰ ਜੌਗਿੰਗ ਓਪਰੀ ਲੱਗਦੀ ਐ, ਜੌਗਿੰਗ ਕਰਨ ਵਾਲੇ ਨੂੰ ਮੈਡ ਕਹਿੰਦੇ ਆ।''

ਕਹਿੰਦਾ ਹੋਇਆ ਜਗਮੋਹਨ ਹੱਸਦਾ ਹੈ। ਮਨਦੀਪ ਉਸ ਵੱਲ ਧਿਆਨ ਨਾਲ ਦੇਖਦੀ ਸੋਚਦੀ ਹੈ ਕਿ ਹਾਸਾ ਪੂਰਾ ਨਹੀਂ ਹੈ, ਕਿਧਰੇ ਕੁਝ ਛੁੱਟ ਗਿਆ ਹੈ ਉਸ ਦੇ ਹਾਸੇ ਵਿਚ। ਉਹ ਉਸ ਦੇ ਕੋਲ ਬੈਠਦੀ ਪੁੱਛਦੀ ਹੈ,

''ਜੈਗ, ਕੀ ਗੱਲ ਐ ?... ਮੈਨੂੰ ਦੱਸਣ ਵਾਲੀ ਐ।''

ਗੱਲ ਕਰਦੀ ਮਨਦੀਪ ਉਸ ਦੇ ਮੋਢੇ ਉਪਰ ਹੱਥ ਫੇਰਦੀ ਹੈ। ਜਗਮੋਹਨ ਨੂੰ ਉਸ ਦਾ ਇਵੇਂ ਕਰਨਾ ਚੰਗਾ ਲੱਗਦਾ ਹੈ। ਉਸ ਦੇ ਇਵੇਂ ਕਰਦਿਆਂ ਹੀ ਉਹ ਬੱਚਾ ਬਣ ਜਾਂਦਾ ਹੈ। ਉਹ ਆਖਦਾ ਹੈ,

''ਨਹੀਂ ਡਾਰਲਿੰਗ, ਕੋਈ ਗੱਲ ਨਹੀਂ।''

''ਤੁਹਾਡੀ ਮਰਜ਼ੀ।''

ਕਹਿੰਦੀ ਮਨਦੀਪ ਉਠਦੀ ਰਸੋਈ ਵਿਚ ਚਲੇ ਜਾਂਦੀ ਹੈ। ਕੁਝ ਦੇਰ ਬਾਅਦ ਜਗਮੋਹਨ ਜ਼ਰਾ ਉੱਚੀ ਅਵਾਜ਼ ਵਿਚ ਕਹਿਣ ਲੱਗਦਾ ਹੈ,

''ਰਾਜਾ ਰਾਜ ਭੋਜ ਹਾਲੇ ਵੀ ਬੰਦ ਐ।''

ਮਨਦੀਪ ਲੌਂਜ ਵਿਚ ਆਉਂਦੀ ਬੋਲਦੀ ਹੈ,

''ਤਾਂ ਇਹ ਗੱਲ ਐ।''

ਦੋ

ਉਹ ਟਰੇਨਰ ਕੱਸਦਾ ਹੋਇਆ ਬਾਹਰ ਨਿਕਲਦਾ ਹੈ। ਜੇਬ ਉਪਰ ਹੱਥ ਮਾਰਦਾ ਹੈ। ਸਿਗਰਟਾਂ ਦੀ ਡੱਬੀ ਤੇ ਲਾਈਟਰ ਉਹ ਭੁੱਲਿਆ ਨਹੀਂ। ਕੁਝ ਕੁ ਪੌਂਡ ਵੀ ਦੂਜੀ ਜੇਬ ਵਿਚ ਹੈਨ। ਅੱਠ ਵੱਜੇ ਹਨ ਪਰ ਹਾਲੇ ਸੂਰਜ ਕਾਫੀ ਖੜਾ ਹੈ। ਘਰੋਂ ਨਿਕਲਦਾ ਹੀ ਉਹ ਦੌੜਨ ਲੱਗਦਾ ਹੈ। ਹੇਜ਼ ਨੂੰ ਜਾਂਦਾ ਨਹਿਰ ਦਾ ਪੁਲ ਟੱਪਦਾ ਹੇਜ਼ ਵੁੱਡਜ਼ ਵਿਚ ਜਾ ਵੜਦਾ ਹੈ। ਇਹ ਛੋਟਾ ਜਿਹਾ ਜੰਗਲ ਸੈਰ ਕਰਨ ਵਾਲਿਆਂ ਲਈ ਹੀ ਰਾਖਵਾਂ ਰੱਖਿਆ ਹੋਇਆ ਹੈ। ਇਹ ਕੁਝ ਕੁ ਸੰਘਣਾ ਹੈ ਕਿ ਜੌਗਿੰਗ ਵਾਲਿਆਂ ਨੂੰ ਇਹ ਬਹੁਤਾ ਸੂਤ ਨਹੀਂ ਬੈਠਦਾ ਪਰ ਉਹ ਹੱਥਾਂ ਨਾਲ ਟਾਹਣੀ ਇਧਰ ਉਧਰ ਕਰਦਾ ਭੱਜ ਰਿਹਾ ਹੈ। ਇਸ ਵੇਲੇ ਬਹੁਤੇ ਲੋਕ ਇਧਰ ਨਹੀਂ ਹਨ ਨਹੀਂ ਤਾਂ ਭੀੜੀ ਜਿਹੀ ਪਗਡੰਡੀ ਵਿਚ ਤੁਰਦੇ ਲੋਕਾਂ ਨੂੰ ਪਾਰ ਕਰਨਾ ਔਖਾ ਹੋ ਜਾਂਦਾ ਹੈ। ਇਨ੍ਹਾਂ ਝਾੜੀਆਂ ਜਿਹਨਾਂ ਨੂੰ ਸਥਾਨਕ ਲੋਕ ਵੁਡਜ਼ ਆਖਦੇ ਹਨ ਵਿਚ ਦੀ ਜੌਗਿੰਗ ਕਰਨਾ ਉਸ ਨੂੰ ਇਸ ਲਈ ਵੀ ਚੰਗਾ ਲੱਗਦਾ ਹੈ ਕਿ ਅੱਗੇ ਜਾ ਕੇ ਨਹਿਰ ਕੰਢੇ ਪੱਬ ਹੈ ਜਿਸ ਦੀ ਲਾਗਰ ਉਸ ਨੂੰ ਬਹੁਤ ਪਸੰਦ ਹੈ।

ਇਕ ਪਾਸੇ ਇਕ ਰੁੱਖ ਦੇ ਪੈਰਾਂ ਵਿਚ ਕੋਈ ਲਾਲ ਜਿਹੀ ਚੀਜ਼ ਪਈ ਹੈ। ਨਜ਼ਰੀਂ ਪੈਂਦਿਆਂ ਉਹ ਇਕਦਮ ਰੁਕ ਜਾਂਦਾ ਹੈ। ਕੀ ਹੋਇਆ ਇਹ। ਸ਼ਾਇਦ ਕਿਸੇ ਦਾ ਟੌਪ, ਕਮੀਜ਼ ਜਾਂ ਸਵੈਟਰ। ਇੰਨੇ ਤੇਜ਼ ਰੰਗ ਤਾਂ ਔਰਤਾਂ ਹੀ ਪਹਿਨਦੀਆਂ ਹਨ। ਸੁੱਖੀ ਵੀ ਲਾਲ ਰੰਗ ਦਾ ਟੌਪ ਹੀ ਪਹਿਨਦੀ ਸੀ। ਉਹ ਇਕਦਮ ਭੱਜ ਪੈਂਦਾ ਹੈ। ਇੰਨਾ ਤੇਜ਼ ਕਿ ਸਾਹੋ ਸਾਹ ਹੋ ਜਾਂਦਾ ਹੈ। ਮਿੰਟਾਂ ਵਿਚ ਹੀ ਪੱਬ ਕੋਲ ਜਾ ਪੁੱਜਦਾ ਹੈ। ਫਿਰ ਰੁਕ ਕੇ, ਕੋਡਾ ਹੋ ਕੇ ਹੱਥ ਆਪਣੇ ਪੱਟਾਂ ਤੇ ਰੱਖਦਾ ਹੈ। ਸਾਹ ਨਾਲ ਸਾਹ ਰਲਣ ਲੱਗਦਾ ਹੈ। ਉਹ ਮੁੜ ਸਿੱਧਾ ਹੋ ਕੇ ਡੱਬੀ ਜੇਬ ਵਿਚੋਂ ਕੱਢਦਾ ਇਕ ਸਿਗਰਟ ਸੁਲਘਾ ਲੈਂਦਾ ਹੈ। ਕੁਝ ਦੇਰ ਉਹ ਲਾਈਟਰ ਜਗਾ ਕੇ ਉਸ ਦੀ ਲਾਟ ਵੱਲ ਦੇਖਦਾ ਰਹਿੰਦਾ ਹੈ। ਉਹ ਸਿਗਰਟ ਪੂਰੀ ਨਹੀਂ ਪੀ ਸਕਦਾ। ਵਿਚਕਾਰ ਹੀ ਹੇਠਾਂ ਸੁੱਟ ਕੇ ਪੈਰ ਨਾਲ ਮਸਲਦਾ ਪੱਬ ਵਿਚ ਜਾ ਵੜਦਾ ਹੈ। ਲਾਗਰ ਦਾ ਗਲਾਸ ਭਰਾ ਕੇ ਬਾਹਰ ਕੰਢੇ ਲੱਗੇ ਬੈਂਚ ਤੇ ਆ ਬੈਠਦਾ ਹੈ।

ਉਸ ਨੂੰ ਆਪਣੇ ਆਪ ਉਪਰ ਬਹੁਤ ਗੁੱਸਾ ਆਉਂਦਾ ਹੈ। ਲਾਲ ਰੰਗ ਦਾ ਕਪੜਾ ਦੇਖ ਕੇ ਹੀ ਤ੍ਰਬਕ ਉਠਿਆ। ਵੱਡੀਆਂ ਵੱਡੀਆਂ ਚੀਜ਼ਾਂ ਹਜ਼ਮ ਕਰ ਜਾਣ ਵਾਲਾ ਉਹ ਸੁੱਖੀ ਨੂੰ ਨਹੀਂ ਸੀ ਭੁਲਾ ਸਕਿਆ। ਮਨਦੀਪ ਠੀਕ ਕਹਿੰਦੀ ਹੈ ਕਿ ਸੁੱਖੀ ਨਾਲ ਉਸ ਦਾ ਵਾਹ ਹੀ ਕੀ ਸੀ। ਇੰਨਾ ਕੁ ਹੀ ਕਿ ਕੁਝ ਕੁ ਵਾਰ ਉਸ ਨੂੰ ਉਸ ਨੇ ਸਵਿਮਿੰਗ ਪੂਲ ਉਪਰ ਦੇਖਿਆ ਹੋਇਆ ਸੀ। ਕਦੇ ਇਕ ਬੋਲ ਤੱਕ ਸਾਂਝਾ ਨਹੀਂ ਸੀ ਕੀਤਾ। ਚੁੱਪ ਦਾ ਰਿਸ਼ਤਾ ਜ਼ਰੂਰ ਸੀ ਪਰ ਅਜਿਹਾ ਨਹੀਂ ਕਿ ਇੰਨੀ ਦੇਰ ਤੱਕ ਪਿੱਛਾ ਕਰੇ। ਰਿਸ਼ਤਾ ਵੀ ਹੋਵੇ ਤਾਂ ਕੋਈ ਇਵੇਂ ਪਾਗਲਹਾਰ ਤਾਂ ਨਹੀਂ ਹੋ ਜਾਂਦਾ। ਉਹ ਲਾਗਰ ਖਤਮ ਕਰਕੇ ਗਲਾਸ ਮੇਜ਼ ਤੇ ਰੱਖ  ਤੁਰ ਪੈਂਦਾ ਹੈ। ਉਹ ਨਹਿਰ ਉਪਰ ਬਣਿਆ ਲੋਹੇ ਦਾ ਪੁਲ ਪਾਰ ਕਰਦਾ ਦੂਜੇ ਪਾਸੇ ਨਹਿਰ ਦੀ ਪਟੜੀ ਉਪਰ ਤੁਰਨ ਲਗਦਾ ਹੈ। ਨਹਿਰ ਦੇ ਇਸ ਪਾਸੇ ਸਾਫ ਰਸਤਾ ਹੈ। ਤੁਰਨ ਵਾਲਿਆਂ ਜਾਂ ਜੌਗਿੰਗ ਕਰਨ ਵਾਲਿਆਂ ਦੇ ਕੰਮ ਤਾਂ ਆਉਂਦਾ ਹੀ ਹੈ ਸਾਈਕਲਾਂ ਵਾਲੇ ਵੀ ਵਰਤਦੇ ਹਨ। ਨਹਿਰ ਦਾ ਪਾਣੀ ਬਹੁਤ ਗੰਦਾ ਹੈ। ਇਸ ਦੀ ਸਫਾਈ ਦਾ ਕੰਮ ਬਹੁਤ ਮਹਿੰਗਾ ਪਵੇਗਾ ਇਸ ਲਈ ਸਰਕਾਰ ਸਫਾਈ ਨਹੀਂ ਕਰਾ ਰਹੀ। ਪਿੱਛੇ ਜਿਹੇ ਲੋਕਲ ਕੌਂਸਲਾਂ ਨੇ ਇਸ ਨਹਿਰ ਨੂੰ ਲੀਜ਼ ਉਪਰ ਵੇਚ ਦੇਣ ਦੀ ਗੱਲ ਚਲਾਈ ਸੀ। ਜਗਮੋਹਨ ਸੋਚਦਾ ਹੈ ਕਿ ਕਿਉਂ ਨਾ ਕੁਝ ਮੀਲ ਨਹਿਰ ਹੀ ਖਰੀਦ ਲਵਾਂ। ਫਿਰ ਆਪ ਹੀ ਹੱਸਦਾ ਹੈ। ਸਾਹਮਣਿਉਂ ਆਉਂਦੀ ਹਾਊਸ ਬੋਟ ਉਸ ਲਈ ਛੋਟਾ ਜਿਹਾ ਹਾਰਨ ਵਜਾਉਂਦੀ ਹੈ। ਉਹ ਚਾਲਕ ਨੂੰ ਹੱਥ ਹਿਲਾ ਕੇ ਜਵਾਬ ਦਿੰਦਾ ਹੈ। ਖੱਬੇ ਪਾਸੇ ਕੈਨਾਲ ਇੰਡਸਟਰੀਅਲ ਇਸਟੇਟ ਦੀ ਉਚੀ ਵਾੜ ਹੈ। ਨਾਲ ਕੁਝ ਫਲੈਟ ਪੈਂਦੇ ਹਨ ਤੇ ਫਿਰ ਸਪਾਈਕਸ ਪਾਰਕ ਸ਼ੁਰੂ ਹੋ ਜਾਂਦਾ ਹੈ। ਵਾੜ ਤਾਂ ਸਪਾਈਕਸ ਪਾਰਕ ਅਤੇ ਨਹਿਰ ਵਿਚਕਾਰ ਵੀ ਹੈ ਪਰ ਲੰਘਣ ਲਈ ਰਾਹ ਕੁਝ ਰਾਹ ਛੱਡੇ ਹੋਏ ਹਨ ਜਾਂ ਲੋਕਾਂ ਬਣਾ ਲਏ ਹਨ।

ਜਗਮੋਹਨ ਪਾਰਕ ਵਿਚ ਨੂੰ ਲੰਘ ਜਾਂਦਾ ਹੈ। ਉਹ ਹਾਲੇ ਵੀ ਆਪਣੇ ਆਪ ਨੂੰ ਕੋਸ ਰਿਹਾ ਹੈ ਕਿ ਸੁਖੀ ਦੇ ਇਸ ਭੂਤ ਤੋਂ ਛੁਟਕਾਰਾ ਕਿਉਂ ਨਹੀਂ ਪਾ ਸਕਦਾ। ਪਾਰਕ ਦੇ ਚਾਰੇ ਪਾਸੇ ਵੀ ਤੁਰਨ ਜਾਂ ਜੌਗਿੰਗ ਲਈ ਪੈਹਾ ਹੈ। ਉਹ ਹੌਲੀ ਹੌਲੀ ਦੌੜਨ ਲੱਗਦਾ ਹੈ। ਬੀਅਰ ਹੁਣ ਤੱਕ ਹਜ਼ਮ ਹੋ ਚੁੱਕੀ ਹੈ। ਪਾਰਕ ਬਹੁਤ ਵੱਡਾ ਹੈ। ਪੰਜ ਫੁੱਟਬਾਲ ਦੀਆਂ ਗਰਾਊਂਡਾਂ ਹਨ। ਉਚੀ ਜਾਲੀ ਲਾ ਕੇ ਅੰਦਰ ਤਿੰਨ ਗਰਾਊਂਡਾਂ ਟੈਨਿਸ ਦੀਆਂ ਬਣਾ ਰੱਖੀਆਂ ਹਨ। ਬੱਚਿਆਂ ਦੇ ਝੂਲੇ, ਫੁੱਲਾਂ ਦਾ ਬਗੀਚਾ ਤੇ ਇਕ ਮੀਲ ਦੌੜਨ ਦਾ ਟਰੈਕ ਵੀ। ਅੰਦਰ ਵੜਦਿਆਂ ਬੈਂਚ ਲੱਗੇ ਹਨ ਜਿਥੇ ਬੈਠ ਕੇ ਲੋਕ ਗੱਲਾਂ

ਕਰਦੇ ਹਨ, ਆਰਾਮ ਕਰਦੇ ਧੁੱਪ ਸੇਕਦੇ ਹਨ। ਪਰ ਇਸ ਵੇਲੇ ਕੋਈ ਨਹੀਂ ਹੈ। ਨੌਂ ਵੱਜਣ ਨੂੰ ਹਨ। ਉਸ ਨੂੰ ਪਾਲਾ ਸਿੰਘ ਦਾ ਖਿਆਲ ਆਉਂਦਾ ਹੈ ਜੋ ਅਕਸਰ ਇਥੇ ਹੀ ਹੁੰਦਾ ਹੈ ਤੇ ਇਕ ਬੈਂਚ ਦੇ ਸਾਹਮਣੇ ਖੜ ਕੇ ਤੇ ਲੈਕਚਰ ਦੇਣ ਵਾਂਗ ਗੱਲਾਂ ਕਰਦਾ ਹੈ। ਕਈ ਲੋਕ ਧਿਆਨ ਨਾਲ ਸੁਣਦੇ ਹਨ। ਗੱਲ ਕਰਦਾ ਉਹ ਮੁੱਛ ਨੂੰ ਮਰੋੜਾ ਦਿੰਦਾ ਰਹਿੰਦਾ ਹੈ। ਮੁੱਛਾਂ ਨੂੰ ਸਵਾਰ ਕੇ ਰੱਖਣੀ ਉਸ ਦੀ ਪੁਰਾਣੀ ਆਦਤ ਹੈ। ਪਹਿਲੀਆਂ ਵਿਚ ਜਗਮੋਹਨ ਕਲੀਨ ਸ਼ੇਵਡ ਹੋਇਆ ਕਰਦਾ ਸੀ। ਅੰਕਲ ਪਾਲਾ ਸਿੰਘ ਨੇ ਕਹਿ ਕੇ ਮੁੱਛਾਂ ਰਖਵਾਈਆਂ ਸਨ। ਜਗਮੋਹਨ ਨੇ ਦਾੜ੍ਹੀ ਵਧਾ ਲਈ ਸੀ ਤੇ ਮੁੱਛਾਂ ਵੀ ਪਰ ਵਟਾ ਦੇਣ ਜੋਗੀਆਂ ਨਹੀਂ। ਉਸ ਨੂੰ ਮੁੱਛਾਂ ਨਾਲ ਖੇਡਦੇ ਰਹਿਣਾ ਚੰਗਾ ਵੀ ਨਹੀਂ ਲੱਗਦਾ।

ਤਿੰਨ

ਉਸ ਦੇ ਮਨ ਵਿਚ ਆਉਂਦਾ ਹੈ ਕਿ ਰਾਜਾ ਰਾਜ ਭੋਜ ਦੇ ਸਾਹਮਣੇ ਦੀ ਗੇੜਾ ਕਢ ਕੇ ਆਵੇ। ਬਚਪਨ ਵਿਚ ਉਹ ਹਨੇਰੇ ਤੋਂ ਬਹੁਤ ਡਰਿਆ ਕਰਦਾ ਸੀ। ਉਸ ਦਾ ਚਾਚਾ ਉਸ ਨੂੰ ਜਾਣ ਬੁਝ ਕੇ ਹਨੇਰੇ ਵਿਚ ਲੈ ਜਾਂਦਾ ਤੇ ਦਸਦਾ ਕਿ ਹਨੇਰੇ ਵਿਚ ਡਰਨ ਡਰਾਉਣ ਵਾਲੀ ਕੋਈ ਸ਼ੈਅ ਨਹੀਂ ਹੈ। ਭੱਜਣਾ ਛੱਡ ਕੇ ਉਹ ਤੁਰਨ ਲਗਦਾ ਹੈ। ਅਲੈਗਜ਼ੈਂਡਰਾ ਰੋਡ ਤੋਂ ਹੁੰਦਾ ਹੋਇਆ ਵੂਲਵਰਥ ਦੇ ਸਾਹਮਣੇ ਜਾ ਨਿਕਲਦਾ ਹੈ। ਬਰਾਡਵੇਅ ਹਾਲੇ ਵੀ ਵਿਅਸਤ ਹੈ। ਲੋਕ ਉਵੇਂ ਹੀ ਤੁਰੇ ਫਿਰਦੇ ਹਨ। ਵਕਤ ਭਾਵੇਂ ਜ਼ਿਆਦਾ ਹੋ ਗਿਆ ਹੈ ਪਰ ਹਾਲੇ ਭਰਪੂਰ ਰੌਸ਼ਨੀ ਹੈ। ਉਹ ਬਰਾਡਵੇਅ ਤੋਂ ਖੱਬੇ ਮੁੜ ਪੈਂਦਾ ਹੈ। ਰਾਜਾ ਰਾਜ ਭੋਜ ਰੈਸਟੋਰੈਂਟ ਦੇ ਮੂਹਰੇ ਆ ਖੜਦਾ ਹੈ। ਰੁਕ ਕੇ ਚੰਗੀ ਤਰ੍ਹਾਂ ਦੇਖਦਾ ਹੈ। ਉਹ ਖੁਦ ਨੂੰ ਕਹਿਣ ਲਗਦਾ ਹੈ ਕਿ ਕੀ ਹੈ ਇਥੇ ਜੋ ਉਸ ਨੂੰ ਡਰਾ ਰਿਹਾ ਹੈ! ਕੁਝ ਵੀ ਨਹੀਂ ਹੈ। ਉਸ ਨੂੰ ਜਾਪਦਾ ਹੈ ਕਿ ਉਸ ਦਾ ਮਨ ਹੁਣ ਕੁਝ ਮਜਬੂਤ ਹੋ ਰਿਹਾ ਹੈ। ਉਹ ਖੁਸ਼ ਹੈ। ਉਹ ਸੋਚਦਾ ਹੈ ਕਿ ਸਾਲ ਭਰ ਦਾ ਬਿਜ਼ਨਸ ਖਰਾਬ ਹੋ ਗਿਆ ਇਸ ਰੈਸਟੋਰੈਂਟ ਦਾ। ਬਹੁਤ ਚੜ੍ਹਾਈਆਂ ਵਿਚ ਸੀ ਇਸ ਦਾ ਵਿਓਪਾਰ। ਇਸ ਦੇ ਬੰਦ ਹੋ ਜਾਣ ਨਾਲ ਦੋ ਹੋਰ ਨਵੇਂ ਰੈਸਟੋਰੈਂਟਾਂ ਨੂੰ ਖੁੱਲ੍ਹਣ ਦਾ ਮੌਕਾ ਮਿਲ ਗਿਆ ਹੈ।

ਟਰੈਫਿਕ ਲਾਈਟਾਂ ਉਪਰਲੇ ਪੱਬ, ਜਿਸ ਨੂੰ ਉਸ ਦਾ ਅਸਲੀ ਨਾਂ ਭੁਲਾ ਕੇ ਲਾਈਟਾਂ ਵਾਲਾ ਪੱਬ ਕਿਹਾ ਜਾਂਦਾ ਹੈ, ਵੱਲ ਵੇਖਦਾ ਉਹ ਲਾਈਟਾਂ ਪਾਰ ਕਰ ਲੈਂਦਾ ਹੈ। ਉਸ ਨੂੰ ਸਿਗਰਟ ਦੀ ਤਲਬ ਹੋ ਰਹੀ ਹੈ ਤੇ ਬੀਅਰ ਦੀ ਵੀ। ਉਹ ਗਲਾਸ ਭਰਾ ਕੇ ਬੈਠਣ ਲਈ ਜਗ੍ਹਾ ਲੱਭਣ ਲੱਗਦਾ ਹੈ। ਸਾਹਮਣਿਉਂ ਅੰਕਲ ਪਾਲਾ ਸਿੰਘ ਹੱਥ ਹਿਲਾਉਂਦਾ ਦਿਸਦਾ ਹੈ। ਉਹ ਉਸ ਵੱਲ ਤੁਰ ਪੈਂਦਾ ਹੈ। ਉਹ ਚਾਹੁੰਦਾ ਤਾਂ ਨਹੀਂ ਕਿ ਪਾਲਾ ਸਿੰਘ ਕੋਲ ਬੈਠੇ ਕਿਉਂਕਿ ਉਸ ਨੇ ਸਿਗਰਟ ਨਹੀਂ ਪੀ ਸਕਣਾ। ਉਸ ਦੇ ਬੈਠਦਿਆਂ ਹੀ ਪਾਲਾ ਸਿੰਘ ਕਹਿੰਦਾ ਹੈ,

''ਜੌਗਿੰਗ ਕਰਕੇ ਆਇਆਂ ਲੱਗਦਾਂ, ਪਸੀਨੇ ਵਿਚ ਗੜੁੱਚ ਐਂ।''

''ਹਾਂ ਅੰਕਲ।''

''ਮੈਂ ਵੀ ਵਾਲੀਬਾਲ ਖੇਲਿਆ ਜਵਾਨੀ 'ਚ, ਤੇਰਾ ਡੈਡੀ ਵੀ ਨਾਲ ਹੁੰਦਾ ਸੀ। ਕੀ ਹਾਲ ਐ ਸਾਡੇ ਯਾਰ ਦਾ ?''

''ਅੰਕਲ, ਭਾਪਾ ਜੀ ਮੌਜਾਂ ਕਰਦੇ ਆ, ਸਰਪੰਚ ਬਣੇ ਫਿਰਦੇ ਆ।''

''ਚੱਕਰ ਨਹੀਂ ਮਾਰਦਾ ਏਧਰ ਦਾ ?''

''ਮੰਨਦੇ ਨਹੀਂ, ਕਹਿੰਦੇ ਤੁਸੀਂ ਈ ਆ ਕੇ ਮਿਲ ਜਾਇਆ ਕਰੋ, ਅਸੀਂ ਇਥੇ ਆਪਣੇ ਪਿੰਡ ਈ ਠੀਕ ਆਂ।''

''ਜੱਗਿਆ, ਗੱਲ ਤਾਂ ਓਹਦੀ ਠੀਕ ਐ, ਜਦ ਓਥੇ ਈ ਸਭ ਠੀਕ ਹੈ ਤਾਂ ਬਿਗਾਨੇ ਮੁਲਕਾਂ ਵਿਚ ਰੁਲਣ ਦੀ ਕੀ ਲੋੜ ਐ, ਦੇਖ ਲੈ ਜ਼ਿੰਦਗੀ ਕਿੰਨੀ ਔਖੀ ਐ ਇਥੇ।''

ਜਗਮੋਹਨ ਹਾਂ ਵਿਚ ਸਿਰ ਹਿਲਾ ਕੇ ਬੀਅਰ ਦਾ ਵੱਡਾ ਸਾਰਾ ਘੁੱਟ ਭਰਦਾ ਗਿਲਾਸ ਰੱਖ ਦਿੰਦਾ ਹੈ। ਸਿਗਰਟ ਦੀ ਤਲਬ ਥੋੜ੍ਹੀ ਸੰਘਣੀ ਹੋ ਰਹੀ ਹੈ। ਪਾਲਾ ਸਿੰਘ ਫਿਰ ਕਹਿੰਦਾ ਹੈ,

''ਜੱਗਿਆ, ਕਦੇ ਘਰ ਦਾ ਚਕਰ ਮਾਰਿਆ ਕਰ, ਤੇਰੀ ਅੰਟੀ ਚੇਤੇ ਕਰਦੀ ਰਹਿੰਦੀ ਐ।''

''ਅੰਕਲ, ਆਊਂਗਾ ਕਿਸੇ ਦਿਨ।''

ਥੋੜੀ ਦੇਰ ਬਾਅਦ ਪਾਲਾ ਸਿੰਘ ਆਖਦਾ ਹੈ,

''ਆਹ ਦੇਖ, ਸਾਧੂ ਨਾਲ ਕੀ ਹੋਇਆ। ਸਾਡੇ ਨਾਲ ਹੀ ਆਇਆ ਸੀ, ਇਕੱਠੇ ਈ ਗੱਤੇ ਵਾਲੀ ਫੈਕਟਰੀ ਵਿਚ ਕੰਮ ਕਰਦੇ ਰਹੇ ਆਂ, ਪਰ ਉਹ ਮਰਦ ਦਾ ਬੱਚਾ ਨਿਕਲਿਆ, ਅਸਲੀ ਮਰਦ...।''

ਕਹਿੰਦਿਆਂ ਉਹ ਮੁੱਛਾਂ ਨੂੰ ਵਟਾ ਦੇਣ ਲੱਗਦਾ ਹੈ। ਬੀਅਰ ਦਾ ਗਲਾਸ ਖਤਮ ਕਰਦਾ ਫਿਰ ਆਖਦਾ ਹੈ,

''ਏਦਾਂ ਹੀ ਕੀਤੀ ਜਾਂਦੀ ਐ ਇੱਜ਼ਤ ਦੀ ਰਖਵਾਲੀ, ਸੀ ਨਹੀਂ ਕੀਤੀ ਸਾਧੂ ਨੇ...।''

ਉਸ ਨੇ ਦੋਵੇਂ ਮੁੱਛਾਂ ਹੀ ਖੜੀਆਂ ਕਰ ਰੱਖੀਆਂ ਹਨ। ਜਗਮੋਹਨ ਦੇ ਅੰਦਰ ਕੁਝ ਡੁੱਬਣ ਲੱਗਦਾ ਹੈ। ਉਹ ਕਾਹਲੀ ਵਿਚ ਆਪਣੀ ਬੀਅਰ ਖਤਮ ਕਰਦਾ ਬਹਾਨਾ ਬਣਾ ਕੇ ਉਠ ਖੜਦਾ ਹੈ ਤੇ ਪੱਬ ਤੋਂ ਬਾਹਰ ਆ ਕੇ ਸਿਗਰਟ ਸੁਲਘਾ ਲੈਂਦਾ ਹੈ। ਕੰਧ ਨਾਲ ਢੋਅ ਲਾ ਕੇ ਲੰਮੇ ਲੰਮੇ ਕਸ਼ ਖਿੱਚਦਾ ਫਿਰ ਹੌਲੀ ਹੌਲੀ ਲੇਡੀ ਮਾਰਗਰੇਟ ਉਪਰ ਪੈ ਜਾਂਦਾ ਹੈ। ਉਹ ਇਵੇਂ ਤੁਰਦਾ ਹੈ ਜਿਵੇਂ ਬਹੁਤ ਥੱਕਿਆ ਹੋਵੇ। ਬੜੀ ਮੁਸ਼ਕਲ ਨਾਲ ਘਰ ਪਹੁੰਚਦਾ ਹੈ। ਮੂਡ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਘਰ ਅੰਦਰ ਵੜਦਾ ਹੈ।

ਮਨਦੀਪ ਬਹੁਤਾ ਕੁਝ ਕਹੇ ਬਿਨਾਂ ਖਾਣਾ ਲੈ ਆਉਂਦੀ ਹੈ। ਕਿਰਨ ਤੇ ਜੀਵਨ ਸੌਣ ਸੌਣ ਕਰਦੇ ਹਨ। ਮਨਦੀਪ ਉਨ੍ਹਾਂ ਨੂੰ ਬੈੱਡ ਵਿਚ ਪਾ ਆਉਂਦੀ ਹੈ। ਵਾਪਸ ਆ ਕੇ ਕਹਿਣ ਲੱਗਦੀ ਹੈ,

“ਜੈਗ, ਕੱਲ ਨੂੰ ਮੇਰੀ ਸ਼ੌਪਿੰਗ ਕਰਾ ਦਿਓ।”
“ਬਰਾਡਵੇਅ 'ਤੇ ਜਾਈਂ ਤੇ ਲੈ ਆਈਂ ਜੋ ਲਿਆਉਣਾ।”
“ਇਥੇ ਸਾਊਥਾਲ ਬਰਾਡਵੇਅ ਉਪਰ ਥਰਡ ਕਲਾਸ ਮਾਲ ਐ, ਮੈਂ ਕਿਸੇ ਸਟੋਰ ਵਿਚੋਂ ਸ਼ੌਪਿੰਗ ਕਰਨੀ ਐ, ਹੰਸਲੋ ਚੱਲੀਏ, ਬਰੈਂਟਕਰੌਸ ਜਾਂ ਫਿਰ ਔਕਸਫੋਰਡ ਸਟਰੀਟ। ਇਥੋਂ ਕੋਈ ਢੰਗ ਦੀ ਚੀਜ਼ ਮਿਲਣੀ ਐ, ਦੱਸੋ ਕਦੋਂ ਚੱਲੀਏ?”
“ਕੱਲ, ਪਰਸੋਂ ਜਦੋਂ ਮਰਜ਼ੀ।”

ਜਗਮੋਹਨ ਕਹਿ ਰਿਹਾ ਹੈ। ਉਸ ਦਾ ਮਨ ਬਹਿਸ ਕਰਨ ਨੂੰ ਨਹੀਂ ਕਰ ਰਿਹਾ। ਨਹੀਂ ਤਾਂ ਉਹ ਵਕਤ ਖਰਾਬ ਹੋਣ ਦਾ ਗਿਲਾ ਕਰਦਾ ਤੇ ਵੱਡੇ ਸਟੋਰਾਂ ਦੀ ਮਂਗਿਆਈ ਬਾਰੇ ਵੀ ਕੁਝ ਕਹਿੰਦਾ। ਮਨਦੀਪ ਉਸ ਦੇ ਚੁੱਪ ਚਾਪ ਮੰਨ ਜਾਣ ਬਾਰੇ ਖੁਸ਼ ਹੈ। ਉਹ ਫਿਰ ਕਹਿੰਦੀ ਹੈ,
“ਜੈਗ, ਯੂ ਸ਼ੋਅਰ ਕਿ ਮੇਰੇ ਮਗਰੋਂ ਬੱਚੇ ਸੰਭਾਲ ਲਵੋਂਗੇ?”
“ਕਿਉਂ ਮੈਨੂੰ ਕੀ ਐ, ਇਨ੍ਹਾਂ ਨੂੰ ਸਕੂਲ ਈ ਭੇਜਣਾ, ਖਾਈ ਅਸੀਂ ਮੈਕਡਾਨਲਡ ਜਾਣੈ ਜਾਂ ਫਿਰ ਕੰਟਕੀ, ਕੱਪੜੇ ਈ ਰੈਡੀ ਕਰਨੇ ਆਂ, ਡੌਂਟ ਯੂ ਵਰੀ।”

ਬੈੱਡ ਵਿਚ ਪੈਂਦਿਆਂ ਹੀ ਮਨਦੀਪ ਬੋਲਦੀ ਹੈ,
“ਕਹਿੰਦੇ ਕਿ ਸਾਧੂ ਸੂੰਹ ਨੂੰ ਸਜ਼ਾ ਨਹੀਂ ਹੋਣ ਲੱਗੀ।”
“ਕਿਉਂ?”

ਗੱਸੇ ਵਿਚ ਬੋਲਦਾ ਉਹ ਉਠ ਕੇ ਬੈਠ ਜਾਂਦਾ ਹੈ। ਮਨਦੀਪ ਆਖਣ ਲਗਦੀ ਹੈ,
“ਉਹਹੋ, ਮੈਂ ਤਾਂ ਸੁਭੈਕੀ ਈ ਕਿਹਾ, ਅਜ ਕੰਮ ਤੇ ਗੱਲਾਂ ਕਰਦੀਆ ਸੀ ਕਿ ਕੋਈ ਗਵਾਹ ਜਿਉਂ ਨਹੀਂ, ਉਹਦੇ ਬੁਆਏ ਫਰਿੰਡ ਦਾ ਤਾਂ ਪਤਾ ਈ ਨਹੀਂ ਕਿਧਰ ਭੱਜ ਗਿਆ, ਰੈਸਟੋਰੈਂਟ ਵਾਲੇ ਵੀ ਕਹੀ ਜਾਂਦੇ ਆ ਕਿ ਸਾਨੂੰ ਕੁਸ਼ ਨੀ ਪਤਾ।”
“ਪਰ ਜਦ ਸਾਧੂ ਸੂੰਹ ਆਪ ਗਿਲਟੀ ਪਲੀਡ ਕਰੀ ਜਾਂਦੈ।”
“ਕਹਿੰਦੇ ਏਦਾਂ ਕਨੂੰਨ ਨਹੀਂ ਮੰਨਦਾ, ਹੋ ਸਕਦਾ ਉਹਦਾ ਮਾਈਂਡ ਪੂਰਾ ਠੀਕ ਨਾ ਹੋਵੇ ਸ਼ਾਇਦ।”
“ਵੱਡੀਏ ਵਕੀਲੇ, ‘ਰਾਮ ਨਾਲ਼ ਸੌਂ ਜਾਹ।”

ਆਖਦਾ ਜਗਮੋਹਣ ਸੌਣ ਦੀ ਕੋਸ਼ਿਸ਼ ਕਰਨ ਲੱਗਦਾ ਹੈ। ਸੁਫਨੇ ਵਿਚ ਉਸ ਨੂੰ ਸਾਧੂ ਸਿੰਘ ਮਿਲਦਾ ਹੈ। ਬਰਾਡਵੇਅ ਉਪਰ ਉਸੇ ਰੈਸਟੋਰੈਂਟ ਦੇ ਸਾਹਮਣੇ ਹੀ। ਸਾਧੂ ਸਿੰਘ ਜਗਮੋਹਣ ਨੂੰ ਹਾਲਚਾਲ ਪੁੱਛਦਾ ਸਲਾਹ ਮੰਗਦਾ ਹੈ ਕਿ ਇਸ ਰੈਸਟੋਰੈਂਟ ਦਾ ਨਵਾਂ ਨਾਂ ਕਿਹੜਾ ਰੱਖੇ ਕਿਉਂਕਿ ਇਹ ਜਗ੍ਹਾ ਉਸ ਨੇ ਇਸ ਦੇ ਮਾਲਕ ਤੋਂ ਖਰੀਦ ਲਈ ਹੈ। ਕਹਿੰਦਾ ਸਾਧੂ ਸਿੰਘ ਪਾਲਾ ਸਿੰਘ ਵਾਂਗ ਹੀ ਮੁੱਛਾਂ ਨੂੰ ਵਟਾ ਦਿੰਦਾ ਰਹਿੰਦਾ ਹੈ। ਦੂਜੇ ਪਾਸੇ ਇਕ ਪੁਲਿਸਮੈਨ ਤੁਰਿਆ ਆ ਰਿਹਾ ਹੈ। ਜਗਮੋਹਨ ਉਸ ਨੂੰ ਕੁਝ ਕਹਿਣ ਲਈ ਆਵਾਜ਼ ਦਿੰਦਾ ਹੈ ਪਰ ਉਸ ਦੀ ਨੀਂਦ ਖੁੱਲ੍ਹ ਜਾਂਦੀ ਹੈ।

ਜਗਮੋਹਨ ਉਠ ਕੇ ਹੇਠਾਂ ਲੌਂਜ ਵਿਚ ਆ ਜਾਂਦਾ ਹੈ। ਅੱਜ ਐਤਵਾਰ ਹੈ। ਕਿਹੜਾ ਕੰਮ 'ਤੇ ਜਾਣਾ ਹੈ। ਉਸ ਨੂੰ ਨੀਂਦ ਖੁੱਲ੍ਹਣ ਦਾ ਕੋਈ ਫਿਕਰ ਨਹੀਂ। ਉਹ ਸੈਟੀ 'ਤੇ ਬੈਠ ਜਾਂਦਾ ਹੈ। ਸੁੱਖੀ ਉਸ ਦੇ ਸਾਹਮਣੇ ਸਵਿਮਿੰਗ ਪੂਲ ਦੇ ਫੱਟੇ 'ਤੇ ਆ ਖੜਦੀ ਹੈ। ਪਾਣੀ ਵਿਚ ਛਾਲ ਮਾਰਦੀ ਉਸ ਵੱਲ ਚੋਰੀ ਅੱਖ ਨਾਲ ਦੇਖਦੀ ਹੈ। ਫਿਰ ਪੂਲ ਦੇ ਦੂਜੇ ਪਾਸੇ ਨਿਕਲ ਕੇ ਜਿਥੇ ਕੁ ਹੁਸੈਨ ਖੜਾ ਹੈ, ਇਕ ਵਾਰ ਫਿਰ ਉਸ ਵੱਲ ਵਿੰਗੀ ਨਜ਼ਰ ਨਾਲ ਤੱਕਦੀ ਹੈ। ਜਗਮੋਹਨ ਮਨ ਹੀ ਮਨ ਆਖਦਾ ਹੈ, “ਸੁੱਖੀ, ਤੂੰ ਹੀ ਸਮਝਦੀ ਹੋਵੇਂਗੀ ਕਿ ਮੈਨੂੰ ਤੇਰੇ ਨਾਲ ਕੋਈ ਨਫਰਤ ਨਹੀਂ ਸੀ, ਸਗੋਂ ਮੈਂ ਤਾਂ ਤੈਨੂੰ ਬਹੁਤ ਪਸੰਦ ਕਰਦਾ ਸਾਂ, ਮੇਰੀਆਂ ਅੱਖਾਂ ਵਿਚੋਂ ਤੂੰ ਪੜ੍ਹ ਹੀ ਲਿਆ ਹੋਵੇਗਾ। ਮੈਂ ਹੋਰਨਾਂ ਤੋਂ ਅਲੱਗ ਆਂ।”

ਉਹ ਹੁਸੈਨ ਬਾਰੇ ਸੋਚਦਾ ਹੈ ਜਿਹੜਾ ਕਿ ਪਾਣੀ ਵਿਚੋਂ ਨਿਕਲਦੀ ਸੁੱਖੀ ਨੂੰ ਦੇਖ ਕੇ ਫੁੱਲਿਆ ਨਹੀਂ ਸੀ ਸਮਾਉਂਦਾ ਤੇ ਜਦ ਸੁੱਖੀ ਉਪਰ ਭੀੜ ਪਈ ਤਾਂ ਛੱਡ ਕੇ ਭੱਜ ਗਿਆ। ਦੱਸਦੇ ਹਨ ਕਿ ਸਭ ਤੋਂ ਪਹਿਲਾਂ ਹੁਸੈਨ ਹੀ ਭੱਜਿਆ ਸੀ। ਫਿਰ ਗਾਹਕ ਤੇ ਰੈਸਟੋਰੈਂਟ ਵਾਲੇ ਵੀ ਇਕ ਪਾਸੇ ਹਟ ਗਏ ਸਨ। ਸੁੱਖੀ ਇਕੱਲੀ ਰਹਿ ਗਈ ਸੀ ਸਾਧੂ ਸਿੰਘ ਦੀ ਤਿੰਨ ਫੁੱਟ ਦੀ ਤਲਵਾਰ ਦੇ ਸਾਹਮਣੇ। ਪਤਾ ਨਹੀਂ ਸੁੱਖੀ ਉਸ ਵੇਲੇ ਕੀ ਸੋਚਦੀ ਹੋਵੇਗੀ। ਫਿਰ ਉਸ ਨੂੰ ਗੁੱਸੇ ਦਾ ਭਰਿਆ ਸਾਧੂ ਸਿੰਘ ਦਿੱਸਦਾ ਹੈ। ਉਸ ਨੂੰ ਪਤਾ ਚੱਲਿਆ ਹੈ ਕਿ ਸੁੱਖੀ ਹੁਸੈਨ ਨਾਲ ਬੈਠੀ ਰਾਜਾ ਰਾਜ ਭੋਜ ਵਿਚ ਖਾਣਾ ਖਾ ਰਹੀ ਹੈ। ਪਾਗਲ ਸੁੱਖੀ! ਖਾਣਾ ਖਾਣ ਲਈ ਸਾਊਥਾਲ ਦਾ ਰੈਸਟੋਰੈਂਟ ਹੀ ਮਿਲਦਾ ਹੈ। ਸਾਧੂ ਸਿੰਘ ਰੈਸਟੋਰੈਂਟ ਦੇ ਦਰਵਾਜ਼ੇ ਖੜਾ ਹੈ। ਉਸ ਦੇ ਹੱਥ ਵਿਚ ਤਲਵਾਰ ਦੇਖ ਕੇ ਲੋਕ ਚੀਕਾਂ ਮਾਰਦੇ ਇਧਰ ਉਧਰ ਭੱਜਦੇ ਹਨ। ਸੁੱਖੀ ਖੜੀ ਰਹਿੰਦੀ ਹੈ। ਉਹ ਸਾਧੂ ਸਿੰਘ ਵੱਲ ਦੇਖਦੀ ਹੈ ਫਿਰ ਉਸ ਦੀ ਤਲਵਾਰ ਵੱਲ। ਉਹ ਨਹੀਂ ਡਰਦੀ। ਬਾਪ ਕੋਲੋਂ ਕਿਹੜੀ ਧੀ ਡਰਦੀ ਹੈ। ਜੇ ਡਰਦੀ ਹੁੰਦੀ ਤਾਂ ਸਾਧੂ ਸਿੰਘ ਉਸ ਦੇ ਮੁਕਾਬਲੇ ਬਹੁਤ ਬੁੱਢਾ ਹੈ। ਉਹ ਆਪਣਾ ਬਚਾਅ ਕਰ ਸਕਦੀ ਹੈ। ਉਸ ਦਾ ਇਹ ਨਾ ਡਰਨਾ ਹੀ ਉਸ ਨੂੰ ਕਤਲ ਕਰਵਾ ਜਾਂਦਾ ਹੈ।

## ਚਾਰ

ਮਹਿਕਮੇ ਵਾਲੇ ਦੱਸ ਰਹੇ ਹਨ ਕਿ ਦਰਜਾ ਹਰਾਰਤ ਮਨਫੀ 'ਤੇ ਹੈ। ਪ੍ਰਦੁੱਮਣ ਸਿੰਘ ਦਾ ਪਰਿਵਾਰ ਜਹਾਜ਼ ਵਿਚੋਂ ਨਿਕਲਦਾ ਹੀ ਠੰਡ ਦੀ ਲਪੇਟ ਵਿਚ ਆ ਜਾਂਦਾ ਹੈ। ਜਹਾਜ਼ ਵਿਚ ਤਾਂ ਕੁਝ ਮਹਿਸੂਸ ਹੀ ਨਹੀਂ ਹੁੰਦਾ। ਹੁਣ ਏਅਰਪੋਰਟ ਦੇ ਅੰਦਰ ਉਹ ਸਾਰੇ ਠੁਰ ਠੁਰ ਕਰ ਰਹੇ ਹਨ। ਪ੍ਰਦੁੱਮਣ ਸਿੰਘ ਨੇ ਰੰਮ ਦੇ ਦੋ ਪੈਗ ਲਾਏ ਹੋਣ ਕਾਰਨ ਕੁਝ ਠੀਕ ਹੈ ਪਰ ਗਿਆਨ ਕੌਰ ਤੇ ਨਿਆਣੇ ਠੰਡ ਕਾਰਨ ਦੁਖੀ ਹਨ। ਪ੍ਰਦੁੱਮਣ ਸਿੰਘ ਸੋਚ ਰਿਹਾ ਹੈ ਕਿ ਇਹ ਕਿਤੇ ਪਹਿਲੀਆਂ ਵਿਚ

ਨਹੀਂ ਆਏ ਇਹ ਇਥੇ। ਜਿਨ੍ਹਾਂ ਦਿਨਾਂ ਵਿਚ ਹੀਟਿੰਗ ਦਾ ਖਾਸ ਇੰਤਜ਼ਾਮ ਨਹੀਂ ਸੀ ਹੁੰਦਾ ਤੇ ਠੰਡ ਵੀ ਲੋਹੜੇ ਦੀ ਪੈਂਦੀ ਸੀ। ਇਕ ਵਾਰ ਬਰਫ ਪੈਣੀ ਤੇ ਪੂਰਾ ਮੌਸਮ ਜੰਮੀ ਰਹਿਣੀ। ਫਿਰ ਨਿਆਣੇ ਹਾਲੇ ਡੇਢ ਕੁ ਸਾਲ ਪਹਿਲਾਂ ਹੀ ਤਾਂ ਇੰਡੀਆ ਗਏ ਸਨ ਤਾਂ ਵੀ ਇਸ ਮੌਸਮ ਨੂੰ ਇੰਨਾ ਓਪਰਾ ਮੰਨ ਰਹੇ ਹਨ।

ਉਹ ਕਸਟਮ ਤੋਂ ਬਾਹਰ ਨਿਕਲਦੇ ਉਡੀਕਦੀ ਭੀੜ ਵਿਚੋਂ ਕੋਈ ਆਪਣਾ ਲੱਭਣ ਲੱਗਦੇ ਹਨ। ਕਾਰਾ ਆਪਣੇ ਲੰਮੇ ਕੱਦ ਕਾਰਨ ਲੋਕਾਂ ਦੇ ਪਿੱਛੇ ਖੜਾ ਵੀ ਪ੍ਰਦੁੱਮਣ ਦੀ ਨਜ਼ਰੀਂ ਪੈ ਜਾਂਦਾ ਹੈ। ਉਹ ਹੱਥ ਹਿਲਾ ਕੇ ਆਪਣੀ ਹਾਜ਼ਰੀ ਲਵਾਉਂਦਾ ਹੈ। ਪ੍ਰਦੁੱਮਣ ਇਕ ਵਾਰ ਫਿਰ ਆਪਣੇ ਨਿਆਣਿਆਂ ਵੱਲ ਦੇਖਦਾ ਹੈ। ਵੱਡਾ ਰਾਜਵਿੰਦਰ ਬਹੁਤ ਖੁਸ਼ ਹੈ। ਵੈਸੇ ਤਾਂ ਸਾਰੇ ਹੀ ਇੰਡੀਆ ਤੋਂ ਅੱਕੇ ਪਏ ਸਨ ਪਰ ਰਾਜਵਿੰਦਰ ਬਾਗੀ ਹੋਇਆ ਹੋ ਰਿਹਾ ਸੀ। ਜੇਕਰ ਉਸ ਦੇ ਹੱਥ ਪਾਸਪੋਰਟ ਆ ਜਾਂਦਾ ਤਾਂ ਉਹ ਪਹਿਲਾਂ ਹੀ ਮੁੜ ਆਉਂਦਾ।

ਕਾਰਾ ਪ੍ਰਦੁੱਮਣ ਨੂੰ ਜੱਫੀ ਪਾ ਕੇ ਮਿਲਦਾ ਹੈ। ਪ੍ਰਦੁੱਮਣ ਉਸ ਨੂੰ ਇਵੇਂ ਬਾਹਾਂ ਵਿਚ ਘੁੱਟਦਾ ਹੈ ਜਿਵੇਂ ਕਿ ਸਦੀਆਂ ਦਾ ਵਿਛੜਿਆ ਹੋਵੇ। ਕਾਰਾ ਬੱਚਿਆਂ ਨੂੰ ਵੀ ਜੱਫੀ ਪਾ ਕੇ ਮਿਲਦਾ ਹੈ। ਗਿਆਨ ਕੌਰ ਦਾ ਤਾਂ ਉਸ ਨੂੰ ਦੇਖ ਕੇ ਰੋਣ ਹੀ ਨਿਕਲ ਜਾਂਦਾ ਹੈ। ਕਾਰਾ ਗਿਆਨ ਕੌਰ ਕੋਲੋਂ ਟਰਾਲੀ ਫੜ ਕੇ ਧੱਕਦਾ ਹੋਇਆ ਕਾਰ ਪਾਰਕ ਵੱਲ ਨੂੰ ਤੁਰ ਪੈਂਦਾ ਹੈ। ਸਾਰੇ ਚੁੱਪ ਹਨ। ਕਿਸੇ ਤੋਂ ਕੁਝ ਕਿਹਾ ਹੀ ਨਹੀਂ ਜਾ ਰਿਹਾ। ਅੰਤ ਕਾਰਾ ਹੀ ਆਖਦਾ ਹੈ,

''ਠੰਡ ਬਹੁਤ ਹੋ ਗਈ, ਔਲ ਔਫ ਸਡਨ ਬਰਫ ਪਈ ਤੇ ਹਵਾ ਚੱਲ ਗਈ।''

ਪ੍ਰਦੁੱਮਣ ਹਾਂ ਵਿਚ ਸਿਰ ਮਾਰਦਾ ਤੁਰਿਆ ਜਾਂਦਾ ਹੈ। ਕਾਰਾ ਫਿਰ ਪੁੱਛਦਾ ਹੈ,

''ਓਥੇ ਮੌਸਮ ਕਿੱਦਾਂ ਦਾ ਐ ?''

''ਮੌਸਮ ਤਾਂ ਠੀਕ ਆ, ਹਾਲਾਤ ਈ ਸਾਲ਼ੇ ਖਰਾਬ ਆ।''

''ਆਹੋ, ਆਹ ਅਖਬਾਰਾਂ ਵੀ ਖੂਨ ਖਰਾਬੇ ਨਾਲ ਭਰੀਆਂ ਪਈਆਂ ਹੁੰਦੀਆਂ।''

''ਸਾਲ਼ੀ ਅੱਗ ਲੱਗੀ ਪਈ ਆ। ਪੰਜਾਬ ਤਾਂ ਪਹਿਲਾਂ ਵਾਲਾ ਰਿਹਾ ਈ ਨਹੀਂ।''

ਪ੍ਰਦੁੱਮਣ ਗੱਲ ਕਰਦਾ ਪੱਗ ਠੀਕ ਕਰਨ ਲੱਗਦਾ ਹੈ। ਗਿਆਨ ਕੌਰ ਬੋਲਦੀ ਹੈ,

''ਕਾਰਿਆ, ਬਹੁਤ ਮਾੜੀ ਲੈਫ ਆ, ਜੀਣ ਦਾ ਕੋਈ ਹੱਜ ਨਈਂ ਓਥੇ, ਮੈਂ ਤਾਂ ਇਥੇ ਪਹੁੰਚ ਕੇ ਇੰਗਲੈਂਡ ਦੀ ਧਰਤੀ ਨੂੰ ਨਮਸਕਾਰ ਕੀਤਾ ਤੇ ਰੱਬ ਦਾ ਸ਼ੁਕਰ ਕੀਤਾ ਕਿ ਘਰ ਪਹੁੰਚੇ।''

ਗੱਲ ਕਰਦੀ ਦਾ ਉਸ ਦਾ ਗਲ਼ ਭਰ ਆਉਂਦਾ ਹੈ। ਚਾਰੇ ਬੱਚੇ ਆਲਾ ਦੁਆਲਾ ਦੇਖਦੇ ਖੁਸ਼ ਹਨ। ਆਪਸ ਵਿਚ ਹਾਸਾ ਮਜ਼ਾਕ ਵੀ ਕਰ ਰਹੇ ਹਨ। ਉਹ ਕਾਰੇ ਦੀ ਮਰਸਡੀਜ਼ ਕੋਲ ਆ ਪੁੱਜਦੇ ਹਨ। ਕਾਰਾ ਬੂਟ ਖੋਲ੍ਹ ਕੇ ਸਮਾਨ ਰੱਖਣ ਲੱਗਦਾ ਹੈ। ਸਮਾਨ ਜ਼ਿਆਦਾ ਹੈ। ਫਿਰ ਉਹ ਬੰਦੇ ਵੀ ਇਕ ਕਾਰ ਤੋਂ ਵੱਧ ਹਨ। ਕਾਰ ਛੋਟੀ ਪੈ ਰਹੀ ਹੈ। ਪ੍ਰਦੁੱਮਣ ਕਹਿੰਦਾ ਹੈ,

''ਤੁਸੀਂ ਚੱਲੋ, ਮੈਂ ਇਕ ਸੌ ਪੰਜ ਲੈ ਕੇ ਆ ਜਾਨਾਂ।''

''ਦੁੱਮਣਾ, ਖਿਆਲ ਈ ਨਹੀਂ ਕੀਤਾ, ਦੂਜੀ ਕਾਰ ਵੀ ਘਰ ਹੀ ਸੀ ਤੇ ਜੀਤੋ ਵੀ ਵਿਹਲੀ ਸੀ, ਹੁਣ ਫੋਨ ਕਰਕੇ ਸੱਦ ਲਈਏ?''

''ਕਾਹਨੂੰ, ਉਹਨੂੰ ਤਕਲੀਫ ਕਾਹਨੂੰ ਦੇਣੀ ਆਂ, ਮੈਨੂੰ ਕਿਹੜਾ ਰਾਹ ਦਾ ਨਹੀਂ ਪਤਾ, ਤੂੰ ਫਿਕਰ ਨਾ ਕਰ, ਘਰ ਦੇ ਮੂਹਰੇ ਤਾਂ ਇਕ ਸੌ ਪੰਜ ਆ ਜਾਂਦੀ ਆ, ਤੁਸੀਂ ਚੱਲੋ।''

ਪਿੰਡੋਂ ਭਾਵੇਂ ਉਹ ਖਾਲੀ ਹੱਥੀਂ ਹੀ ਤੁਰੇ ਹਨ। ਕੱਪੜੇ ਆਦਿ ਵੀ ਦਿੱਲੀ ਆ ਕੇ ਹੀ ਖਰੀਦੇ ਹਨ ਫਿਰ ਵੀ ਇਕ ਇਕ ਬੈਗ ਕਰਕੇ ਹੀ ਸਮਾਨ ਕਾਫੀ ਹੋ ਜਾਂਦਾ ਹੈ। ਕਾਰ ਵਿਚ ਉਹ ਮੁਸ਼ਕਲ ਨਾਲ ਫਸ ਕੇ ਬੈਠਦੇ ਹਨ।

ਪ੍ਰਦੁੱਮਣ ਸਿੰਘ ਗਲ਼ ਵਿਚ ਬੈਗ ਪਾਈ ਬੱਸ ਸਟੌਪ ਵੱਲ ਨੂੰ ਤੁਰ ਪੈਂਦਾ ਹੈ। ਇੰਨੇ ਸਮੇਂ ਵਿਚ ਕੁਝ ਵੀ ਨਹੀਂ ਬਦਲਿਆ। ਏਅਰਪੋਰਟ ਉਪਰਲੀ ਭੀੜ ਕੁਝ ਵਧੀ ਹੈ। ਇੰਨੀ ਠੰਡ ਵਿਚ ਵੀ ਲੋਕ ਸਫਰ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ। ਪ੍ਰਦੁੱਮਣ ਸਿੰਘ ਦੇ ਬੈਗ ਵਿਚ ਰੰਮ ਦੀ ਬੋਤਲ ਹੈ। ਉਹ ਟੁਆਇਲਟ ਵਿਚ ਜਾ ਕੇ ਬੋਤਲ ਮੂੰਹ ਨੂੰ ਲਾ ਲੈਂਦਾ ਹੈ। ਉਸ ਦਾ ਸਰੀਰ ਟੁੱਟਿਆ ਪਿਆ ਹੈ। ਇੰਨੇ ਘੰਟੇ ਦਾ ਸਫਰ ਤੇ ਉਪਰੋਂ ਉਸ ਤੋਂ ਪਹਿਲੀ ਮਾਨਸਿਕ ਤਕਲੀਫ। ਉਹ ਟੁਆਇਲਟ ਦੇ ਬਾਹਰ ਨਿਕਲ ਕੇ ਆਲਾ ਦੁਆਲਾ ਦੇਖਦਾ ਹੈ। ਉਸ ਨੂੰ ਸਭ ਕੁਝ ਪਿਆਰਾ ਪਿਆਰਾ ਲੱਗ ਰਿਹਾ ਹੈ। ਇਹ ਸਾਰਾ ਏਅਰਪੋਰਟ ਹੀ ਜਿਵੇਂ ਉਸ ਦਾ ਆਪਣਾ ਹੋਵੇ। ਕਿੰਨੇ ਗੇੜੇ ਲੱਗਦੇ ਰਹੇ ਹਨ ਉਸ ਦੇ ਏਅਰਪੋਰਟ ਦੇ। ਕੋਈ ਇੰਡੀਆ ਤੋਂ ਆ ਰਿਹਾ ਹੈ ਤੇ ਕੋਈ ਇੰਡੀਆ ਨੂੰ ਜਾ ਰਿਹਾ ਹੈ। ਸਾਊਥਾਲ ਏਅਰਪੋਰਟ ਦੇ ਨੇੜੇ ਹੋਣ ਕਰਕੇ ਮਿਡਲੈਂਡ ਵਾਲੇ ਰਿਸ਼ਤੇਦਾਰ ਉਸ ਕੋਲ ਆ ਕੇ ਹੀ ਟਿਕਾਣਾ ਕਰਦੇ ਸਨ। ਉਹ ਗਿਆਨ ਕੌਰ ਨੂੰ ਦੁਕਾਨ 'ਤੇ ਖੜੀ ਕਰਕੇ ਏਅਰਪੋਰਟ ਨੂੰ ਭੱਜਣ ਲਈ ਮਿੰਟ ਲਾਉਂਦਾ। ਇੰਡੀਆ ਤੋਂ ਆਏ ਵਾਕਫਕਾਰ ਦਾ ਅਚਾਨਕ ਫੋਨ ਜਿਉਂ ਆ ਗਿਆ ਹੁੰਦਾ ਕਿ ਆ ਕੇ ਏਅਰਪੋਰਟ ਤੋਂ ਲੈ ਜਾਓ।

ਇਕ ਸੌ ਪੰਜ ਨੰਬਰ ਬੱਸ ਤਿਆਰ ਖੜੀ ਹੈ। ਉਹ ਜੇਬ ਵਿਚ ਹੱਥ ਪਾਉਂਦਾ ਹੈ। ਕੁਝ ਭਾਨ ਉਸ ਨੇ ਸਾਂਭ ਕੇ ਲਿਆਂਦੀ ਹੋਈ ਹੈ। ਡਿਊਟੀ ਫਰੀ ਵਿਚੋਂ ਕੁਝ ਸਮਾਨ ਖਰੀਦਣ ਉਪਰੰਤ ਉਸ ਵਿਚੋਂ ਵੀ ਕੁਝ ਬਚਦੀ ਹੈ। ਬੱਸ ਦਾ ਡਰਾਈਵਰ ਪੰਜਾਬੀ ਹੀ ਹੈ। ਪ੍ਰਦੁੱਮਣ ਪੁੱਛਦਾ ਹੈ,

''ਐਲਨਬੀ ਰੋਡ ਦੇ ਕਿੰਨੇ ਪੈਸੇ ?''

''ਸੈਵਨਟੀ ਪੈਂਸ।''

''ਵੱਧ ਗਏ!''

ਕਹਿੰਦਾ ਹੋਇਆ ਉਹ ਸੱਤਰ ਪੈਂਸ ਦੇ ਕੇ ਟਿਕਟ ਲੈ ਲੈਂਦਾ ਹੈ। ਉਹ ਉਚੇ ਥਾਂ ਵਾਲੀ ਸੀਟ 'ਤੇ ਬੈਠਦਾ ਹੈ ਤਾਂ ਜੋ ਆਲਾ ਦੁਆਲਾ ਦਿੱਸਦਾ ਰਹੇ। ਬਰਫ ਨੇ ਸਭ ਕੁਝ ਦੱਬਿਆ ਪਿਆ ਹੈ। ਕਾਰਾ ਦੱਸਦਾ ਹੈ ਕਿ ਠੰਡ ਨਾਲ ਲੋਕਾਂ ਦੇ ਘਰਾਂ ਦੇ ਪਾਈਪ ਫਟ ਰਹੇ ਹਨ। ਇਕ ਪਲ ਲਈ ਤਾਂ ਪ੍ਰਦੁੱਮਣ ਨੂੰ ਆਪਣੇ ਘਰ ਦੇ ਪਾਈਪਾਂ ਦਾ ਫਿਕਰ ਵੀ ਪੈਂਦਾ ਹੈ ਜਿਹੜਾ ਕੌਂਸਲ ਕੋਲ ਕਿਰਾਏ ਉਪਰ ਦਿੱਤਾ ਹੋਇਆ ਹੈ। ਬੱਸ ਏਅਰਪੋਰਟ ਪਿੱਛੇ ਛੱਡਦੀ ਜਾਂਦੀ ਹੈ। ਗਰੇਟ ਵੈਸਟ ਰੋਡ ਆ ਜਾਂਦੀ ਹੈ। ਬੱਸ ਰੁਕਦੀ ਹੈ। ਸਵਾਰੀਆਂ ਉਤਰਦੀਆਂ ਚੜ੍ਹਦੀਆਂ ਹਨ। ਉਸ ਦਾ ਕੋਈ ਵਾਕਫ ਚਿਹਰਾ ਨਹੀਂ ਮਿਲਦਾ। ਉਸ ਨੂੰ ਆਸ ਹੈ ਕਿ ਕੋਈ ਨਾ ਕੋਈ ਵਾਕਫ ਜ਼ਰੂਰ ਮਿਲ ਪਵੇਗਾ। ਬੱਸ ਬਾਥ ਰੋਡ ਤੋਂ ਹੁੰਦੀ ਹੋਈ ਸਾਊਥਾਲ ਲੇਨ ਉਪਰ ਆ ਜਾਂਦੀ ਹੈ। ਇਥੇ ਨਵੀਆਂ ਲਾਈਟਾਂ ਲੱਗੀਆਂ ਹਨ। ਪ੍ਰਦੁੱਮਣ ਮਨ ਵਿਚ ਆਖਦਾ ਹੈ ਕਿ ਇਨ੍ਹਾਂ ਦੀ ਲੋੜ ਵੀ ਹੈ ਸੀ। ਅੱਗੇ ਐਮ.ਫੋਰ ਦਾ ਪੁਲ ਤੇ ਖੱਬੇ ਪਾਸੇ ਇੰਟਰਨੈਸ਼ਨਲ ਮਾਰਕੀਟ, ਸੱਜੇ ਪਾਸੇ ਹੈਲਥ ਕਲੱਬ। ਪ੍ਰਦੁੱਮਣ ਇਹ ਸਭ ਧਿਆਨ ਨਾਲ ਦੇਖਦਾ ਜਾਂਦਾ ਹੈ। ਜਿਵੇਂ ਕਿ ਮੁੜ ਕੇ ਪਹਿਲੀ ਵਾਰ ਪਿੰਡ ਗਿਆਂ ਨੂੰ ਮਹਿਸੂਸ ਹੁੰਦਾ ਇਵੇਂ ਹੀ ਉਸ ਨੂੰ ਲਗ ਰਿਹਾ ਹੈ - ਸਾਊਥਾਲ, ਆਪਣਾ ਸਾਊਥਾਲ। ਉਸ ਦੇ ਮਨ ਵਿਚ ਇਹ ਲਫਜ਼ ਵਾਰ ਵਾਰ ਆ ਰਹੇ ਹਨ। ਫਿਰ ਉਹ ਮਨ ਹੀ ਮਨ ਹੱਸਦਾ ਹੈ – ਆਪਣਾ ਸਾਊਥਾਲ, ਕੈਸਾ ਆਪਣਾ ਸਾਊਥਾਲ। ਇਹ ਤਾਂ ਪਤਾ ਲੱਗੂ ਜਦ ਗੋਰਿਆਂ ਨੇ ਪੂਛਾਂ ਚੁਕਾਈਆਂ। ਕਦੇ ਪਿੰਡ ਵੀ ਤਾਂ ਆਪਣਾ ਹੁੰਦਾ ਸੀ। ਪਿੰਡ ਦਾ ਨਾਂ ਮੂੰਹ ਵਿਚ ਆਉਂਦਿਆਂ ਹੀ ਸਭ ਕੁਝ ਕੁਸੈਲਾ ਹੋ ਜਾਂਦਾ ਹੈ, ਕੁੜੱਤਣ ਨਾਲ ਭਰਿਆ ਹੋਇਆ। ਉਹ ਉਦਾਸ ਹੋਣ ਲੱਗਦਾ ਹੈ। ਅੱਗੇ ਨਿੱਕੇ ਰਾਊਂਡਅਬਾਊਟ ਤੋਂ ਬੱਸ ਸੱਜੇ ਪਾਸੇ ਵੈਸਟਰਨ ਰੋਡ ਉਪਰ ਮੁੜ ਜਾਂਦੀ ਹੈ। ਪਿੰਡ ਦੀ ਰੀਲ ਹਾਲੇ ਉਸ ਦੇ ਮਨ ਵਿਚ ਚੱਲ ਰਹੀ ਹੈ। ਪਿੰਡ ਦਾ ਆਪਣਾ ਹੋਣ ਦਾ ਭਰਮ ਸੀ। ਕਿੰਨਾ ਕੁਝ ਬੈਅ ਕਰਾਇਆ ਹੋਇਆ ਹੈ ਉਥੇ– ਖੇਤ, ਪਲਾਟ, ਦੁਕਾਨਾਂ। ਫਿਰ ਵੀ ਛੱਡ ਕੇ ਭੱਜਣਾ ਪਿਆ। ਇਥੋਂ ਭੱਜ ਕੇ ਕਿਥੇ ਜਾਵੇਗਾ ਉਹ। ਭੱਜੇਗਾ ਵੀ ਕਿਵੇਂ ਚਾਰੇ ਪਾਸੇ ਤਾਂ ਸਮੁੰਦਰ ਹੈ। ਨਹਿਰ ਦੇ ਪੁਲ ਦੀ ਚੜ੍ਹਾਈ ਉਸ ਦੀ ਲੜੀ ਤੋੜਦੀ ਹੈ। ਨਹਿਰ ਠੰਡ ਕਾਰਨ ਜੰਮੀ ਪਈ ਹੈ। ਇਹ ਇੰਨੀ ਸਖਤੀ ਨਾਲ ਜੰਮੀ ਹੋਈ ਹੈ ਕਿ ਲੋਕ ਇਸ ਨੂੰ ਪੈਦਲ ਪਾਰ ਕਰਨ ਦਾ ਮਜ਼ਾ ਲੈ ਰਹੇ ਹਨ।

ਖੱਬੇ ਪਾਸੇ ਰਵਿਦਾਸ ਗੁਰਦੁਆਰੇ ਦੀ ਨਵੀਂ ਦਿੱਖ ਹੈ। ਅੱਗੇ ਦੋ ਕੁ ਦੁਕਾਨਾਂ ਵੀ ਨਵੀਆਂ ਖੁੱਲ੍ਹੀਆਂ ਜਾਪਦੀਆਂ ਹਨ। ਵੈਸਟਰਨ ਰੋਡ ਉਪਰ ਵੀ ਪਹਿਲਾਂ ਨਾਲੋਂ ਜ਼ਿਆਦਾ ਰੌਣਕ ਹੈ। ਅੱਗੇ ਲਾਈਟਾਂ ਹਨ। ਸਿੱਧੇ ਜਾਈਏ ਤਾਂ ਵੱਡਾ ਗੁਰਦੁਆਰਾ ਹੈ ਹੈਵਲਕ ਰੋਡ ਵਾਲਾ। ਸੱਜੇ ਕਿੰਗ ਸਟਰੀਟ ਤੇ ਖੱਬੇ ਸਾਊਥ ਸਟਰੀਟ। ਬੱਸ ਖੱਬੇ ਮੁੜਦੀ ਹੈ। ਸੂਰਜ ਨਿਕਲ ਆਇਆ ਹੈ। ਕਿਤੇ ਕਿਤੇ ਬਰਫ ਸ਼ੀਸ਼ੇ ਵਾਂਗ ਚਮਕ ਰਹੀ ਹੈ ਸ਼ੀਸ਼ੇ ਵਾਂਗ ਹੀ ਸੂਰਜ ਦੇ ਅਕਸ ਦੀ ਲਿਸ਼ਕੋਰ ਦਿੰਦੀ ਹੋਈ। ਖੱਬੇ ਪਾਸੇ ਮੰਦਿਰ ਨੂੰ ਵੀ ਪੀਲਾ ਰੰਗ ਨਵਾਂ ਕੀਤਾ ਜਾਪਦਾ ਹੈ। ਸੱਜੇ ਪਾਸੇ ਪਾਰਕ ਦਾ ਘਾਹ ਵੀ ਚਿੱਟਾ ਹੋਇਆ ਪਿਆ ਹੈ। ਸੜਕਾਂ ਉਪਰਲੀ ਬਰਫ ਤਾਂ ਹੁਣ ਚਿਕੜੀ ਜਿਹੀ ਬਣੀ ਪਈ ਹੈ ਜਿਵੇਂ ਮੀਂਹ ਪਏ ਤੇ ਕੱਚੀ ਸੜਕ ਤੇ ਹੋ ਜਾਇਆ ਕਰਦੀ ਹੈ। ਸਾਊਥਾਲ ਦਾ ਸਟੇਸ਼ਨ ਆ ਜਾਂਦਾ ਹੈ। ਉਹ ਸੋਚਦਾ ਹੈ ਕਿ ਪੰਜਾਬੀ ਵਿਚ ਲਿਖੇ ਨਾਂ ਦੇ ਸਪੈਲਿੰਗ ਹਾਲੇ ਵੀ ਗਲਤ ਹਨ। 'ਸਾਊਥਾਲ' ਨੂੰ 'ਸਾਊਥਹਾਲ' ਲਿਖਿਆ ਹੋਇਆ ਹੈ। ਪਤਾ ਨਹੀਂ ਕਿਸ ਅੱਧਪੜ ਨੇ ਇਹ ਹੱਈਏ ਸੁਝਾਏ ਹੋਣਗੇ ਤੇ ਹਾਲੇ ਵੀ ਕਿਸੇ ਦੀ ਨਜ਼ਰੀਂ ਇਹ ਗਲਤੀ ਕਿਉਂ ਨਹੀਂ ਪੈ ਰਹੀ। ਖੱਬੇ ਹੱਥ 'ਵਾਸ ਪ੍ਰਵਾਸ' ਦਾ ਦਫਤਰ ਹੈ। ਪੀਲਾ ਝੰਡਾ ਝੂਲ ਰਿਹਾ ਹੈ ਨਾਲ ਹੀ ਯੂਨੀਅਨ ਜੈਕ ਵੀ। ਸੱਜੇ ਪਾਸੇ ਗੁਰਦੁਆਰਾ ਹੈ। ਗੁਰਦੁਆਰੇ ਸਾਹਮਣੇ ਨੰਗੀ ਔਰਤ ਦੀ ਤਸਵੀਰ ਵਾਲਾ ਇਸ਼ਤਿਹਾਰ ਲੱਗਿਆ ਹੋਇਆ ਹੈ ਤੇ ਨਾਲ ਹੀ 'ਦੇਸੀ ਹਾਤਾ' ਨਾਂ ਦਾ ਪੱਬ ਹੈ ਜਿਸ ਵਿਚ ਕੁਰਸੀਆਂ ਮੇਜ਼ ਬੀਅਰ ਆਦਿ ਸਭ ਕੁਝ ਪੰਜਾਬੀ ਅੰਦਾਜ਼ ਵਿਚ ਹੈ। ਇਥੇ ਰੁਪਈਆਂ ਵਿਚ ਵੀ ਬੀਅਰ ਖਰੀਦੀ ਜਾ ਸਕਦੀ ਹੈ। ਸ਼ਾਮ ਨੂੰ ਭਾਰਤੋਂ ਆਏ ਗਵੱਈਆਂ ਦਾ ਖਾੜਾ ਲੱਗਦਾ ਹੈ। ਦੁਪਹਿਰ ਨੂੰ ਸਟਰਿਪਟੀਜ਼ ਹੁੰਦੀ ਹੈ ਭਾਵ ਨੰਗਾ ਨਾਚ।

ਅੱਗੇ ਜਾ ਕੇ ਬੱਸ ਖਾਲੀ ਜਿਹੀ ਹੋ ਜਾਂਦੀ ਹੈ ਪਰ ਓਨੀਆਂ ਕੁ ਸਵਾਰੀਆਂ ਮੁੜ ਚੜ੍ਹ ਆਉਂਦੀਆਂ ਹਨ। ਬਰਾਡਵੇਅ ਦੀਆਂ ਲਾਈਟਾਂ ਉਪਰ ਬੱਸ ਰੁਕਦੀ ਨਹੀਂ ਕਿਉਂਕਿ ਇਹ ਗਰੀਨ ਹਨ। ਅੱਗੇ ਸੱਜੇ ਹੱਥ ਮੰਦਰ ਮੂਹਰੇ ਸੀਮਿੰਟ ਦੀਆਂ ਗਾਈਆਂ ਖੜੀਆਂ ਕੀਤੀਆਂ ਹੋਈਆਂ ਹਨ। ਜਦ ਉਹ ਭਾਰਤ ਗਿਆ ਸੀ ਤਾਂ ਸੁਰਿੰਦਰ ਸ਼ਰਮਾ ਨਾਂ ਦਾ ਵਿਅਕਤੀ ਇਨ੍ਹਾਂ ਗਾਈਆਂ ਦਾ ਚੜ੍ਹਾਵਾ ਚੜ੍ਹਾਉਣਾ ਚਾਹੁੰਦਾ ਸੀ।

ਕਾਰਲਾਈਲ ਰੋਡ 'ਤੇ ਬੱਸ ਨੇ ਸੱਜੇ ਮੁੜਨਾ ਹੈ। ਖੱਬੇ ਪਾਸੇ ਜਗਮੋਹਣ ਦਾ ਘਰ ਹੈ। ਜਗਮੋਹਨ ਉਸ ਦੇ ਭਰਾ ਦਾ ਜਵਾਈ ਹੈ। ਉਸ ਨਾਲ ਵੀ ਜਗਮੋਹਣ ਦੇ ਚੰਗੇ ਸਬੰਧ ਹਨ। ਪਹਿਲਾਂ ਉਹ ਜਗਮੋਹਣ ਨੂੰ ਹੀ ਫੋਨ ਕਰਨਾ ਚਾਹੁੰਦਾ ਸੀ ਕਿ ਏਅਰਪੋਰਟ ਤੋਂ ਆ ਕੇ ਲੈ ਜਾਵੇ ਪਰ ਫਿਰ ਉਸ ਨੇ ਸੋਚਿਆ ਕਿ ਕਾਰਾ ਜ਼ਿਆਦਾ ਮੱਦਦਗਾਰ ਹੋ ਸਕਦਾ ਹੈ।

ਕਾਰਾ ਬੋਤਲ ਖੋਲ੍ਹ ਕੇ ਉਸ ਦਾ ਇੰਤਜ਼ਾਰ ਕਰ ਰਿਹਾ ਹੈ। ਪ੍ਰਦੁੱਮਣ ਦਰਵਾਜ਼ੇ ਦੀ ਘੰਟੀ ਕਰਦਾ ਹੈ ਤਾਂ ਕਾਰਾ ਉਥੇ ਹੀ ਉਸ ਨੂੰ ਬਰਾਂਡੀ ਦਾ ਪੈੱਗ ਪੇਸ਼ ਕਰਦਾ ਹੈ। ਗਿਆਨ ਕੌਰ ਤੇ ਬੱਚੇ ਚਾਹ ਪੀ ਕੇ ਨਿੱਘੇ ਹੋਏ ਬੈਠੇ ਹਨ। ਲੌਂਜ ਵਿਚ ਆਉਂਦਾ ਕਾਰਾ ਪ੍ਰਦੁੱਮਣ ਨੂੰ ਕਹਿੰਦਾ ਹੈ,

''ਵੈਲਕਮ ਬੈਕ ਟੂ ਸਾਊਥਾਲ।''

''ਥੈਂਕਿਊ ਬਈ ਕਾਰੇ, ਤੇਰੇ ਹੁੰਦੇ ਘਰ ਆਗੂੰ ਆ ਬੈਠੇ ਆਂ।''

ਪ੍ਰਦੁੱਮਣ ਕਾਰੇ ਦਾ ਧੰਨਵਾਦ ਕਰਦਾ ਹੈ। ਕਾਰਾ ਆਖਦਾ ਹੈ,

''ਦੁੱਮਣਾ, ਭਰਾ ਕਾਹਦੇ ਲਈ ਹੁੰਦੇ ਆ, ਇਹ ਤਾਂ ਜੇ ਮੈਂ ਇੰਡੀਆ ਹੁੰਦਾ, ਜਿੱਦਾਂ ਤੇਰੇ 'ਤੇ ਭੀੜ ਪਈ ਸੀ ਸਿਰਧੜ ਦੀ ਬਾਜ਼ੀ ਲਾ ਕੇ ਤੇਰੀ ਹੈਲਪ ਕਰਦਾ।''

ਕਾਰਾ ਦੁੱਮਣ ਦੇ ਮਾਮੇ ਦਾ ਪੁੱਤ ਭਰਾ ਹੈ। ਉਹ ਇਕੱਠੇ ਹੀ ਇੰਗਲੈਂਡ ਆਏ ਸਨ ਤੇ ਸਦਾ ਹੀ ਨੇੜੇ ਤੇੜੇ ਰਹਿੰਦੇ ਹੋਏ ਇਕ ਦੂਜੇ ਦੇ ਕੰਮ ਆਉਂਦੇ ਰਹੇ ਹਨ। ਇਕ ਦੂਜੇ ਨਾਲ ਖੜਦੇ ਹਨ। ਪ੍ਰਦੁੱਮਣ ਆਪ ਬੀਤੀ ਉਸ ਨੂੰ ਹੌਲੀ ਹੌਲੀ ਦੱਸਣਾ ਚਾਹੁੰਦਾ ਹੈ। ਉਹ ਦੋ ਲਫਜ਼ਾਂ ਵਿਚ ਗੱਲ ਖਤਮ ਨਹੀਂ ਕਰਨੀ ਚਾਹੁੰਦਾ। ਆਪਣਾ ਪੈਗ ਖਤਮ ਕਰਦਾ ਉਹ ਕਹਿੰਦਾ ਹੈ,

''ਕਾਰਿਆ, ਹੋਰ ਇਥੇ ਦੀ ਖਬਰ ਸਾਰ ਸੁਣਾ।''

''ਸਭ ਠੀਕ ਠਾਕ ਐ, ਸਭ ਚੜ੍ਹਦੀਆਂ ਕਲਾ 'ਚ ਐ, ਬਸ ਓਧਰੋਂ ਇੰਡੀਆ ਤੋਂ ਹੀ ਟੈਰੋਰਿਸਟਾਂ ਦੀਆਂ ਵਾਰਦਾਤਾਂ ਪੜ੍ਹ ਪੜ੍ਹ ਕੇ ਮਨ ਖਰਾਬ ਹੁੰਦਾ ਰਹਿੰਦੈ, ਬਾਕੀ ਸਭ ਲੋਹੇ ਵਰਗਾ ਐ।''

''ਆਹ ਸਾਧੂ ਸੂੰਹ ਦੀ ਓਧਰ ਬੜੀ ਚਰਚਾ ਰਹੀ ਐ।''

''ਹਾਂ, ਉਹਨੇ ਆਪਣੀ ਕੁੜੀ ਜਿਉਂ ਵੱਢ 'ਤੀ।''

''ਹੈ ਤਾਂ ਨਹੀਂ ਸੀ ਏਦਾਂ ਦਾ। ਦੇਖਣ ਨੂੰ ਸ਼ਰੀਫ ਜਿਹਾ ਲੱਗਦਾ ਸੀ।''

''ਆਹੋ, ਫੇਰ ਧੀ ਦੀ ਬਦਬਖਤੀ ਨਹੀਂ ਸੀ ਝੱਲੀ ਜਾਂਦੀ, ਇਹਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ ਸੀ।''

''ਹੁਣ ਤਾਂ ਆਈ ਸੀ ਨਿਊਜ਼ ਕਿ ਸਜ਼ਾ ਹੋ ਗਈ।''

''ਆਹੋ, ਇਹ ਗੱਲ ਮਾੜੀ ਹੋਈ, ਉਮਰ ਕੈਦ ਹੋ ਗਈ, ਅਸੀਂ ਤਾਂ ਸੋਚਦੇ ਸੀ ਕਿ ਡਾਇਮੈਨਸ਼ਨ ਲਾਇਬੈਲਟੀ ਕਾਰਨ ਬਚਾ ਹੋ ਜਾਊ। ਪਰ ਜੱਜ ਹੋਸਟਾਈਲ ਹੋ ਗਿਆ, ਏਥੇ ਦੀਆਂ ਸਿਸਟਰ ਇਨਹੈਂਡਜ਼ ਨੇ ਜਲੂਸ ਜਿਉਂ ਕੱਢ'ਤਾ।''

''ਇਹ ਕੀ ਬਲਾ ਐ।''

''ਇਹ ਔਰਤਾਂ ਦੀ ਇਕ ਜਥੇਬੰਦੀ ਬਣੀ ਐ ਅਖੇ ਅਸੀਂ ਔਰਤਾਂ ਦੇ ਹੱਕਾਂ ਦੀ ਰਾਖੀ ਕਰਨੀ ਆਂ, ਇਹ 'ਕੱਠੀਆਂ ਹੋ ਕੇ ਅਦਾਲਤ ਮੂਹਰੇ ਜਲੂਸ ਕਢਦੀਆਂ ਰਹੀਆਂ ਇਸ ਲਈ ਜੱਜ ਨੂੰ ਉਮਰ ਕੈਦ ਦੀ ਸਜਾ ਕਰਨੀ ਈ ਪਈ।''

''ਉਮਰ ਕੈਦ ਤਾਂ ਹੋਣੀ ਸੀ, ਕਤਲ ਐ ਆਖਰ।''

''ਆਹੋ, ਅਸੀਂ ਸੋਚਦੇ ਸੀ ਕਿ ਮੈਨ ਸਲਾਟਰ ਵਿਚ ਆ ਜਾਂਦਾ ਤਾਂ ਕੁਸ਼ ਰਿਆਇਤ ਹੋ ਜਾਣੀ ਸੀ ਤੇ ਫੇਰ ਖਾਸ ਗਵਾਹ ਵੀ ਹੈ ਨਾ ਸੀ।''

''ਸ਼ਰੇਆਮ ਕੁੜੀ ਨੂੰ ਵੱਢਿਆ ਤੇ ਗਵਾਹ ਕਿਉਂ ਨਹੀਂ ਹੋਣਗੇ।''

ਪੰਜ

ਅਗਲੇ ਦਿਨ ਵੀ ਓਨੀ ਹੀ ਠੰਡ ਹੈ। ਗਿਆਨ ਕੌਰ ਤੇ ਪ੍ਰਦੁੱਮਣ ਸਿੰਘ ਤਿਆਰ ਹੁੰਦੇ ਹਨ ਤੇ ਭਾਰੇ ਕੱਪੜੇ ਪਾ ਕੇ ਬਰਾਡਵੇਅ ਨੂੰ ਨਿਕਲ ਪੈਂਦੇ ਹਨ। ਬੱਸ ਨੂੰ ਕੁਝ ਦੇਰ ਉਡੀਕਦੇ ਹਨ, ਨਹੀਂ ਆਉਂਦੀ ਤਾਂ ਪੈਦਲ ਹੀ ਤੁਰ ਪੈਂਦੇ ਹਨ। ਤਿੰਨ ਸਟੌਪ ਹੀ ਹਨ ਵਿਚਕਾਰ। ਪੰਦਰਾਂ ਕੁ ਮਿੰਟ ਤੁਰਨ ਵਿਚ ਲੱਗਦੇ ਹਨ। ਠੀਕ ਮੌਸਮ ਵਿਚ ਦਸ ਮਿੰਟ ਵਿਚ ਸਹਿਜੇ ਹੀ ਪਹੁੰਚ ਹੋ ਜਾਂਦਾ ਹੈ। ਉਨ੍ਹਾਂ ਨੇ ਬਿਲਡਿੰਗ ਸੁਸਾਇਟੀ ਵਿਚੋਂ ਪੈਸੇ ਕਢਵਾਉਣੇ ਹਨ। ਹਜ਼ਾਰ ਕੁ ਪੌਂਡ ਖਾਤੇ ਵਿਚ ਛੱਡ ਗਏ ਹਨ ਤੇ ਘਰ ਦਾ ਕਿਰਾਇਆ ਵੀ ਇਸੇ ਖਾਤੇ ਵਿਚ ਆਇਆ ਕਰਦਾ ਹੈ।

ਬਰਾਡਵੇਅ 'ਤੇ ਤੁਰਦੇ ਉਹ ਗਰੇਵਾਲ ਇੰਪੋਰੀਅਮ ਤੱਕ ਜਾਂਦੇ ਹਨ। ਰਾਜਾ ਰਾਜ ਭੋਜ ਦੀ ਥਾਵੇਂ ਕੰਟਕੀ ਫਰਾਈਡ ਚਿਕਨ ਖੁੱਲ੍ਹ ਰਿਹਾ ਹੈ। ਪ੍ਰਦੁੱਮਣ ਸਿੰਘ ਗਿਆਨ ਕੌਰ ਨੂੰ ਇਸ਼ਾਰੇ ਨਾਲ ਦੱਸਦਾ ਹੈ ਕਿ ਇਹੋ ਉਹ ਜਗ੍ਹਾ ਹੈ ਜਿਥੇ ਸਾਧੂ ਸਿੰਘ ਨੇ ਆਪਣੀ ਧੀ ਕਤਲ ਕੀਤੀ ਸੀ। ਤੁਰਿਆ ਜਾਂਦਾ ਪ੍ਰਦੁੱਮਣ ਆਲਾ ਦੁਆਲਾ ਦੇਖਦਾ ਜਾਂਦਾ ਹੈ। ਕੋਈ ਵੀ ਵਾਕਫ ਨਹੀਂ ਮਿਲ ਰਿਹਾ। ਉਸ ਨੂੰ ਵਹਿਮ ਹੋਣ ਲੱਗਦਾ ਹੈ ਕਿ ਸ਼ਾਇਦ ਲੋਕ ਉਸ ਨੂੰ ਪਛਾਣ ਨਾ ਰਹੇ ਹੋਣ। ਉਸ ਨੇ ਇੰਡੀਆ ਜਾ ਕੇ ਅਨਾਭੀ ਰੰਗ ਦੀ ਪੱਗ ਜਿਉਂ ਬੰਨ੍ਹਣੀ ਛੱਡ ਦਿੱਤੀ ਸੀ। ਉਹ ਜ਼ਰਾ ਹਲਕੇ ਰੰਗ ਦੀਆਂ ਪੱਗਾਂ ਬੰਨ੍ਹਣ ਲੱਗਿਆ ਹੈ। ਉਹ ਫੈਸਲਾ ਕਰਦਾ ਹੈ ਕਿ ਅੱਜ ਹੀ ਅਨਾਭੀ ਰੰਗ ਦੀ ਪੱਗ ਖਰੀਦ ਲਵੇਗਾ। ਉਨ੍ਹਾਂ ਨੇ ਬਰਾਡਵੇਅ ਤੋਂ ਕੁਝ ਸ਼ੌਪਿੰਗ ਤਾਂ ਕਰਨੀ ਹੀ ਹੈ।

ਗਿਆਨ ਕੌਰ ਢਾਈ ਸੌ ਪੌਂਡ ਬਿਲਡਿੰਗ ਸੁਸਾਇਟੀ ਵਿਚੋਂ ਲੈਂਦੀ ਹੈ। ਉਹ ਕਾਰੇ ਕੋਲ ਰਹਿੰਦੇ ਹੋਏ ਘਰ ਦੇ ਖਰਚ ਵਿਚ ਹਿੱਸਾ ਪਾਉਣਾ ਚਾਹੁੰਦੇ ਹਨ ਇਸ ਲਈ ਉਹ ਘਰ ਦੇ ਸਮਾਨ ਦੀ ਕੁਝ ਸ਼ੌਪਿੰਗ ਕਰਨੀ ਹੈ। ਉਨ੍ਹਾਂ ਨੇ ਕੁਝ ਕੁ ਦਿਨ ਹੀ ਰਹਿਣਾ ਹੈ ਜਦ ਤੱਕ ਕਿਰਾਏ ਉਪਰ ਰਹਿਣ ਲਈ ਕੋਈ ਫਲੈਟ ਜਾਂ ਘਰ ਨਹੀਂ ਮਿਲਦਾ। ਫਿਰ ਉਹ ਆਪਣਾ ਘਰ ਖਾਲੀ ਕਰਾਉਣ ਲਈ ਨੋਟਿਸ ਦੇ ਦੇਣਗੇ ਜਿਹੜਾ ਕੌਂਸਲ ਨੂੰ ਕਿਰਾਏ ਤੇ ਦਿਤਾ ਹੋਇਆ ਹੈ। ਕੌਂਸਲ ਦੇ ਕੰਮ ਕੁਝ ਲੰਮੇ ਹੁੰਦੇ ਹਨ ਇਸ ਲਈ ਪਤਾ ਨਹੀਂ ਕਿੰਨੀ ਦੇਰ ਲਗੇ।

ਉਹ ਸ਼ੌਪਿੰਗ ਕਰਦੇ ਹਨ। ਬੈਗ ਕੁਝ ਭਾਰੇ ਹੋ ਜਾਂਦੇ ਹਨ। ਗਿਆਨ ਕੌਰ ਉਥੋਂ ਹੀ ਇਕ ਸੌ ਪੰਜ ਬੱਸ ਲੈ ਲੈਂਦੀ ਹੈ। ਇਹ ਉਹੋ ਬੱਸ ਹੈ ਜੋ ਇਅਰਪੋਰਟ ਤੋਂ ਆਉਂਦੀ ਹੈ। ਇਸ ਬੱਸ ਨੇ ਐਲਨਬੀ ਰੋਡ ਉਪਰ ਦੀ ਜਾਣਾ ਹੈ। ਕਾਰੇ ਦੇ ਘਰ ਦੇ ਨਜ਼ਦੀਕ ਹੀ ਬੱਸ ਸਟੌਪ ਹੈ। ਪਰਦੁੱਮਣ ਸਿੰਘ ਅਖਬਾਰਾਂ ਵਾਲੀ ਦੁਕਾਨ ਤੋਂ 'ਵਾਸ ਪਰਵਾਸ' ਖਰੀਦਦਾ ਹੈ ਤੇ ਲਾਈਟਾਂ ਵਾਲੇ ਪੱਬ ਵਲ ਤੁਰ ਪੈਂਦਾ ਹੈ। ਪੱਬ ਵਿਚ ਬੈਠ ਉਹ ਬੀਅਰ ਪੀਵੇਗਾ ਤੇ ਪੇਪਰ ਪੜੇਗਾ ਜੇ ਕੋਈ ਵਾਕਫ ਮਿਲ ਪਿਆ ਤਾਂ ਕੰਮ ਬਾਰੇ ਪਤਾ ਕਰੇਗਾ। ਇਸ ਵੇਲੇ ਉਸ ਦਾ ਵੱਡਾ ਮਕਸਦ ਨੌਕਰੀ ਲੱਭਣਾ ਹੈ। ਗਿਆਨ ਕੌਰ ਨੂੰ ਵੀ ਉਸ ਨੇ ਹਦਾਇਤ ਕੀਤੀ ਹੋਈ ਹੈ ਕਿ ਜਿਹੜੀ ਵੀ ਵਾਕਫ ਔਰਤ ਮਿਲੇ ਉਸ ਤੋਂ ਕੰਮ ਬਾਰੇ ਪੁੱਛਗਿੱਛ ਜ਼ਰੂਰ ਕਰੇ। ਆਪਣੇ ਲਈ ਵੀ ਉਸ ਨੇ ਇਹੋ ਸੋਚਿਆ ਹੈ ਕਿ ਕੋਈ ਵਾਕਫ ਮਿਲੇ ਕੰਮ ਦਾ ਪਤਾ ਕਰੇ। ਉਹ ਲਾਈਟਾਂ ਵਾਲੇ ਪੱਬ ਵਿਚ ਜਾ

ਵੜਦਾ ਹੈ। ਸਰਸਰੀ ਨਜ਼ਰ ਦੁੜਾਉਂਦਾ ਹੈ। ਕੋਈ ਵਾਕਫ ਚਿਹਰਾ ਨਹੀਂ ਦਿੱਸਦਾ। ਆਪਣਾ ਗਲਾਸ ਭਰਾ ਕੇ ਇਕ ਪਾਸੇ ਜਾ ਬੈਠਦਾ ਹੈ। ਉਸ ਨੂੰ ਬੀਅਰ ਸਵਾਦ ਲਗ ਰਹੀ ਹੈ, ਦੇਰ ਬਾਅਦ ਜਿਉਂ ਪੀਤੀ ਹੈ। ਵੈਸੇ ਉਹ ਬੀਅਰ ਦਾ ਘੱਟ ਸ਼ੁਕੀਨ ਹੈ। ਪੱਕੀ ਜ਼ਿਆਦਾ ਪਸੰਦ ਕਰਦਾ ਹੈ ਉਹ ਘੜੀ ਦੇਖਦਾ ਹੈ। ਹਾਲੇ ਬਾਰਾਂ ਹੀ ਵੱਜੇ ਹਨ। ਲੋਕ ਪੱਬਾਂ ਵਿਚ ਦੁਪਹਿਰ ਨੂੰ ਆਉਂਦੇ ਵੀ ਘੱਟ ਹਨ। ਉਸ ਨੇ ਦਿੱਲੀ ਵਿਚ ਹੀ ਆਪਣੀ ਘੜੀ ਗਰੀਨਚ ਮੀਨ ਟਾਈਮ ਨਾਲ ਮਿਲਾ ਲਈ ਸੀ। ਉਹ ਆਪਣਾ ਗਲਾਸ ਖਤਮ ਕਰਕੇ ਉਠ ਖੜਦਾ ਹੈ। ਸੋਚਦਾ ਹੈ ਕਿ ਸ਼ਾਮ ਨੂੰ ਜਾਣੂੰਆਂ ਨੂੰ ਫੋਨ ਕਰੇਗਾ। ਬਾਹਰ ਨਿਕਲਦਿਆਂ ਪਾਲਾ ਸਿੰਘ ਤੁਰਿਆ ਆਉਂਦਾ ਦਿੱਸਦਾ ਹੈ। ਉਸ ਦੀਆਂ ਮੁੱਛਾਂ ਹਮੇਸ਼ਾ ਵਾਂਗ ਖੜੀਆਂ ਹਨ। ਪਾਲਾ ਸਿੰਘ ਉਸ ਨੂੰ ਦੇਖ ਕੇ ਅਸਚਰਜਕ ਹੁੰਦਾ ਪੁੱਛਦਾ ਹੈ,

"ਦੁੱਮਣਾ, ਤੂੰ ਕਦੋਂ ਆਇਆਂ ?"

"ਕੱਲ ਈ।"

"ਰਹੇਂਗਾ ਕੁਸ਼ ਦੇਰ ?"

"ਹਾਂ, ਹੁਣ ਤਾਂ ਰਹਿਣ ਈ ਆ ਗਿਆਂ।"

"ਇਕ ਵਾਰੀ ਕਾਰਾ ਮਿਲਿਆ ਸੀ, ਕਹਿੰਦਾ ਸੀ ਕਿ ਤੇਰਾ ਤਾਂ ਦਿਲ ਲੱਗ ਗਿਆ ਓਥੇ, ਮੈਂ ਸੋਚਦਾ ਸੀ ਕਿ ਜਿੰਨੇ ਅੱਜ ਤੱਕ ਇਥੋਂ ਇੰਡੀਆ ਸੈਟਲ ਹੋਣ ਗਏ ਆ ਸਾਰੇ ਈ ਬਰੰਗ ਲਿਫਾਫੇ ਵਾਂਗੂੰ ਮੁੜ ਕੇ ਆਏ ਆ।"

"ਪਾਲਾ ਸਿਆਂ, ਹਾਲਾਤ ਈ ਏਦਾਂ ਦੇ ਬਣ ਗਏ, ਮੈਂ ਤਾਂ ਸ਼ਾਇਦ ਕਦੇ ਨਾ ਮੁੜਦਾ।"

ਪ੍ਰਦੁੱਮਣ ਸਿੰਘ ਦੱਸਦਾ ਹੋਇਆ ਉਦਾਸ ਹੋ ਜਾਂਦਾ ਹੈ। ਪਾਲਾ ਸਿੰਘ ਆਖਦਾ ਹੈ,

"ਆ ਜਾ ਗਿਲਾਸ ਪਿਲਾਵਾਂ, ਤੇਰੇ ਤੋਂ ਇੰਡੀਆ ਦੀ ਕੋਈ ਖਬਰ ਈ ਸੁਣਦੇ ਆਂ।"

ਪ੍ਰਦੁੱਮਣ ਸਿੰਘ ਕੁਝ ਕਹੇ ਬਿਨਾਂ ਉਸ ਨਾਲ ਮੁੜ ਪੱਬ ਵਿਚ ਆ ਜਾਂਦਾ ਹੈ। ਪਾਲਾ ਸਿੰਘ ਦੋ ਗਲਾਸ ਭਰਾ ਲਿਆਉਂਦਾ ਹੈ। ਪ੍ਰਦੁੱਮਣ ਸਿੰਘ ਚੀਅਰਜ਼ ਕਹਿੰਦਾ ਆਪਣਾ ਗਲਾਸ ਚੁੱਕਦਾ ਹੈ। ਕਿਸੇ ਸਮੇਂ ਉਹ ਪਾਲਾ ਸਿੰਘ ਨਾਲ ਕੰਮ ਕਰਦਾ ਰਿਹਾ ਹੈ। ਉਵੇਂ ਵੀ ਮਿਲਦੇ ਰਹਿੰਦੇ ਹਨ। ਅੱਗੇ ਜਗਮੋਹਣ ਦੀ ਵੀ ਪਾਲਾ ਸਿੰਘ ਨਾਲ ਕਾਫੀ ਸਾਂਝ ਹੈ। ਪਾਲਾ ਸਿੰਘ ਪੁੱਛਦਾ ਹੈ,

"ਦੁੱਮਣਾ, ਸੁਣਾ ਇੰਡੀਆ ਦੀ ਕੋਈ ਗੱਲ, ਆਹ 'ਵਾਸ-ਪਰਵਾਸ' ਵਾਲਾ ਤਾਂ ਬਹੁਤ ਕੁਸ਼ ਦੱਸਦੈ ਕਿ ਖੂਨ ਖਰਾਬਾ ਬਹੁਤ ਐ।"

"ਹਾਂ ਏਦਾਂ ਈ ਐ।"

"ਦੱਸਦੇ ਆ ਕਿ ਬਾਬੇ ਗੱਡੀ ਚਾੜ੍ਹਨ ਵੇਲੇ ਮਿੰਟ ਨਹੀਂ ਲਾਉਂਦੇ।"

"ਏਦਾਂ ਈ ਐ, ਗੱਡੀ ਵੀ ਐਕਸਪ੍ਰੈਸ ਚਾੜ੍ਹਦੇ ਆ।"

"ਤੂੰ ਬਚ ਗਿਐਂ ?"

ਪਾਲਾ ਸਿੰਘ ਉਸ ਨੂੰ ਪੁੱਛ ਕੇ ਹੱਸਣ ਲਗਦਾ ਹੈ। ਉਸ ਨੂੰ ਜਾਪਦਾ ਹੈ ਕਿ ਪਾਲਾ ਸਿੰਘ ਉਸ ਦੀ ਕਹਾਣੀ ਜਾਣਦਾ ਹੈ। ਉਹ ਆਪਣੇ ਬਾਰੇ ਬਹੁਤਾ ਕੁਝ ਦੱਸਣਾ ਨਹੀਂ ਚਾਹੁੰਦਾ। ਲੋਕਾਂ ਦੀ ਹਮਦਰਦੀ ਉਸ ਨੂੰ ਚੰਗੀ ਨਹੀਂ ਲੱਗਦੀ। ਜ਼ਿਆਦਾ ਹਮਦਰਦੀ ਬੰਦੇ ਨੂੰ ਕਮਜ਼ੋਰ ਬਣਾਉਂਦੀ ਹੈ ਭਾਵੇਂ ਉਸ ਦਾ ਦਿਲ ਕਰਦਾ ਹੈ ਕਿ ਆਪਣੀ ਗੱਲ ਵਾਕਫਕਾਰਾਂ ਨਾਲ ਸਾਂਝੀ ਕਰੇ। ਉਹ ਕਹਿੰਦਾ ਹੈ,

"ਮੇਰੇ ਤੋਂ ਕਿਸੇ ਨੇ ਕੀ ਲੈਣਾ?"

"ਬਈ ਦੁੱਮਣਾ, ਤੂੰ ਠਹਿਰਿਆ ਮਾਇਆਧਾਰੀ ਬੰਦਾ, ਮਾਇਆ ਦੀ ਬਾਬਿਆਂ ਨੂੰ ਸਖਤ ਲੋੜ ਐ, ਆਹ 'ਵਾਸ-ਪਰਵਾਸ' ਵਾਲਾ ਤਾਂ ਲਿਖਦਾ ਕਿ ਕਿਸੇ ਨੂੰ ਮੁਆਫ ਨਹੀਂ ਕਰਦੇ ਇਹ ਟੈਰਾਰਿਸਟ।"

ਟੈਰਾਰਿਸਟਾਂ ਲਈ 'ਬਾਬੇ' ਲਫਜ਼ ਹੀ ਪ੍ਰਚੱਲਤ ਹੈ। ਟੈਰਾਰਿਸਟ ਆਪਣੇ ਆਪ ਨੂੰ ਬਾਬੇ ਜਾਂ ਖਾੜਕੂ ਕਹਿਲਵਾ ਕੇ ਖੁਸ਼ ਹਨ। ਜੇ ਕੋਈ ਅਖਬਾਰ ਉਨ੍ਹਾਂ ਬਾਰੇ ਕਾਤਲ ਲਫਜ਼ ਵਰਤਦੀ ਹੈ ਤਾਂ ਅਖਬਾਰ ਦੇ ਕਰਮਚਾਰੀ ਗੱਡੀ ਚਾੜ੍ਹ ਦਿੱਤੇ ਜਾਂਦੇ ਹਨ। ਪਾਲਾ ਸਿੰਘ ਫਿਰ ਉਹ ਸਵਾਲ ਦੁਹਰਾਉਂਦਾ ਹੈ। ਪ੍ਰਦੁੱਮਣ ਸਿੰਘ ਤੋਂ ਗੱਲ ਸਾਂਭੀ ਨਹੀਂ ਜਾਂਦੀ, ਉਹ ਆਖਦਾ ਹੈ,

"ਪਾਲਾ ਸਿਆਂ, ਮੇਰਾ ਹਾਲ ਤਾਂ ਓਸ ਬੁੜੀ ਵਰਗੈ ਜਿਹਦੇ ਵਿਹੜੇ ਵਿਚ ਖੁੱਲ੍ਹਾ ਵਿਹੜਕਾ ਦੇਖ ਕੇ ਕਿਸੇ ਨੇ ਪੁੱਛਿਆ ਸੀ ਕਿ ਇਹ ਮਾਰਦਾ ਤਾਂ ਨਹੀਂ ਤਾਂ ਬੁੱਢੀ ਬੋਲੀ ਕਿ ਰੰਡੀ ਕਿਹਦੀ ਕੀਤੀ ਆਂ, ਸੋ ਮੈਂ ਵੀ ਇਨ੍ਹਾਂ ਬਾਬਿਆਂ ਦਾ ਭੇਜਿਆ ਹੀ ਮੁੜ ਕੇ ਆਇਆਂ।"

"ਅੱਛਾ! ਕਿੱਦਾਂ ਹੋ ਗਈ ਇਹ ਗੱਲ?"

ਪਾਲਾ ਸਿੰਘ ਦੇ ਸਵਾਲ 'ਤੇ ਪਰਦੁੱਮਣ ਸਿੰਘ ਉਧੜਣ ਲਗਦਾ ਹੈ,

"ਬਸ ਓਦਾਂ ਈ ਜਿੱਦਾਂ ਹੋਰਨਾਂ ਨਾਲ ਹੁੰਦੀ ਐ, ਚਿੱਠੀ ਆਈ ਕਿ ਬਾਬੇ ਇਕ ਲੱਖ ਰੁਪਈਆ ਮੰਗਦੇ ਆ, ਤਿਆਰ ਰੱਖੋ, ਅਸੀਂ ਗੱਲ ਹਊ-ਪਰੇ ਕਰ ਦਿੱਤੀ, ਇਕ ਦਿਨ ਬੰਦਾ ਆਇਆ ਤੇ ਦਸਾਂ ਦਿਨਾਂ ਦਾ ਟਾਈਮ ਦੇ ਗਿਆ, ਅਸੀਂ ਹਾਲੇ ਵੀ ਸੀਰੀਅਸਲੀ ਨਹੀਂ ਲਿਆ।"

"ਕਹਿਣ ਆਏ ਬੰਦੇ ਨੂੰ ਢਾਅ ਲੈਣਾ ਸੀ, ਕੱਢਦੇ ਸਾਲੇ ਦਾ ਅੱਤਵਾਦ!"

ਪਾਲਾ ਸਿੰਘ ਗੱਲ ਕਰਦਾ ਮੁੱਛ ਨੂੰ ਮਰੋੜਾ ਦੇ ਰਿਹਾ ਹੈ।

“ਪਾਲਾ ਸਿਆਂ, ਆਪਾਂ ਕਿਹੜੇ ਓਥੇ ਬੰਦੇ ਢਾਹੁਣ ਜਾਂਦੇ ਆਂ ਨਾਲੇ ਅਗਲੇ ਪੂਰੀ ਤਿਆਰੀ ਨਾਲ ਆਉਂਦੇ ਆ, ਲੋਈ ਦੀ ਬੁੱਕਲ ਵਿਚ ਅਗਲਿਆਂ ਪਤਾ ਨਹੀਂ ਕੀ ਕੀ ਲੁਕੋਇਆ ਹੁੰਦੈ, ਹੈਂਡ ਗਰਨੇਡ ਜਾਂ ਏ ਕੇ ਫੋਰਟੀ ਸੈਵਨ। ਬੰਦੇ ਫਿਰ ਆਏ ਅਖੇ ਰਕਮ ਹੁਣ ਦੋ ਲੱਖ ਚਾਹੀਦੀ ਐ, ਪੰਦਰਾਂ ਦਿਨਾਂ ਦੇ ਅੰਦਰ ਅੰਦਰ ਫਗਵਾੜੇ ਦੇ ਅੱਡੇ 'ਤੇ ਪਹੁੰਚਦੀ ਕਰ ਦਿਓ ਨਹੀਂ ਤਾਂ ਸਾਰਾ ਟੱਬਰ ਮਾਰ ਦੇਣਾ।”

“ਪੁਲਸ ਕੋਲ ਨਹੀਂ ਗਏ?”

“ਗਏ ਸੀ, ਗਏ ਕਿਉਂ ਨਹੀਂ,.... ਉਨ੍ਹਾਂ ਨੇ ਝੱਗਾ ਚੁੱਕ ਕੇ ਵਿਖਾ ਦਿੱਤਾ, ਪ੍ਰੋਟੈਕਸ਼ਨ ਦੇਣ ਦੀ ਥਾਂ ਪੈਸੇ ਮੰਗਣ ਲੱਗ ਪਏ, ਜਿੱਦਾਂ ਜਿੱਦਾਂ ਪੰਦਰਾਂ ਦਿਨ ਪੂਰੇ ਹੋ ਰਹੇ ਸਨ ਸਾਡੀ ਜਾਨ ਮੁੱਠੀ ਵਿਚ ਆ ਰਹੀ ਸੀ ਤੇ ਉਨ੍ਹਾਂ ਦੀਆਂ ਚੇਤੇ ਕਰਾਉਂਦੀਆਂ ਚਿੱਠੀਆਂ ਤੇ ਚਿੱਠੀਆਂ ਪਹੁੰਚਣ ਲਗੀਆਂ। ਅਸੀਂ ਕਿਸੇ ਵੱਡੇ ਅੱਤਵਾਦੀ ਨਾਲ ਮਿਲੇ, ਉਹ ਕਹਿੰਦਾ ਕਿ ਤੁਹਾਨੂੰ ਦੋ ਲੱਖ ਕੀ ਮਹਿਨੈ ਰਖਾਉਂਦੈ।”

“ਫੇਰ?”

“ਫੇਰ ਪੰਦਰਵੇਂ ਦਿਨ ਅਸੀਂ ਸਭ ਕੁਝ ਛੱਡ ਛਡਾ ਕੇ ਭੱਜ ਤੁਰੇ। ਪਹਿਲਾਂ ਤਾਂ ਮਨ ਨਹੀਂ ਸੀ ਕਰਦਾ ਕਿ ਏਦਾਂ ਪਿੱਠ ਦਿਖਾ ਕੇ ਭੱਜਣਾ ਵੀ ਹੱਤਕ ਐ, ਮੈਂ ਬਥੇਰਾ ਗਿਆਨੋ ਨੂੰ ਕਿਹਾ ਕਿ ਉਹ ਨਿਆਣੇ ਲੈ ਕੇ ਚੜ੍ਹ ਜਾਵੇ ਮੈਂ ਸਿੱਝੂੰ ਪਰ ਉਹ ਮੰਨੀ ਨਾ।”

“ਆਪਣਾ ਪਿੰਡ, ਆਪਣਾ ਘਰ ਛੱਡਣ ਵਿਚ ਬਹੁਤ ਹੱਤਕ ਐ ਦੁੱਮਣਾ।”

“ਹੱਤਕ ਜਿਹੀ ਹੱਤਕ! ਮੈਂ ਤਾਂ ਅਖੀਰ ਤੱਕ ਦੇਖਦਾ ਰਿਹਾ ਕਿ ਸ਼ਾਇਦ ਕੋਈ ਹੱਲ ਨਿਕਲ ਆਊ ਪਰ...।”

ਪਾਲਾ ਸਿੰਘ ਹੋਰ ਗਲਾਸ ਭਰਾਉਣ ਲਈ ਉਠਦਾ ਹੈ ਪਰ ਪ੍ਰਦੁੱਮਣ ਸਿੰਘ ਉਸ ਨੂੰ ਉਠਣ ਨਹੀਂ ਦਿੰਦਾ ਤੇ ਆਪ ਕਾਊਂਟਰ 'ਤੇ ਜਾ ਖੜਦਾ ਹੈ। ਪਾਲਾ ਸਿੰਘ ਨਾਲ ਗੱਲਾਂ ਕਰਨੀਆਂ ਉਸ ਨੂੰ ਚੰਗੀਆਂ ਲੱਗਦੀਆਂ ਹਨ। ਉਸ ਦਾ ਮਨ ਹਲਕਾ ਹੋ ਰਿਹਾ ਹੈ। ਉਹ ਮੁੜ ਬੈਠਦਾ ਆਪਣੀ ਗੱਲ ਸ਼ੁਰੂ ਕਰਦਾ ਹੈ,

“ਦੱਸੀ ਤਰੀਕ 'ਤੇ ਉਹ ਸਾਡੇ ਪਿੰਡ ਆਏ ਸੀ ਤੇ ਗੋਲੀਆਂ ਚਲਾ ਕੇ ਵਿੰਡੋਆਂ ਦੇ ਸ਼ੀਸ਼ੇ ਭੰਨ ਗਏ। ਲੋਕਾਂ ਤੋਂ ਪਤਾ ਚੱਲ ਗਿਆ ਸੀ ਕਿ ਅਸੀਂ ਸਹੁਰੀਂ ਬੈਠੇ ਆਂ। ਉਹ ਸਹੁਰਿਆਂ ਨੂੰ ਤੁਰ ਪਏ। ਇਹ ਤਾਂ ਭਲਾ ਹੋਵੇ ਗਵਾਂਢੀਆਂ ਦਾ ਜਿਨ੍ਹਾਂ ਨੇ ਸਾਨੂੰ ਫੋਨ ਕਰ ਦਿੱਤਾ, ਅਸੀਂ ਸਿੱਧੇ ਦਿੱਲੀ ਆ ਪਹੁੰਚੇ ਤੇ ਜਹਾਜ਼ ਫੜ ਲਿਆ।”

“ਸਹੁਰੀਂ ਕੋਈ ਨੁਕਸਾਨ ਤਾਂ ਨਹੀਂ ਕੀਤਾ?”

“ਨਹੀਂ, ਮੇਰੇ ਵੱਡੇ ਸਾਲ਼ੇ ਦੀ ਕੁੱਟਮਾਰ ਜ਼ਰੂਰ ਕੀਤੀ।”

“ਏਹਦਾ ਮਤਲਬ ਜਿਹੜੇ ਆਹ ਪੇਪਰ ਲਿਖਦੇ ਆ ਇਹ ਝੂਠ ਨਹੀਂ।”

“ਅਸੀਂ ਝੂਠ ਕਿੱਦਾਂ ਕਹੀਏ, ਅਸੀਂ ਤਾਂ ਭਰਿਆ ਭਰਾਇਆ ਘਰ ਛੱਡ ਕੇ ਆਏ ਆਂ, ਮੀਟ ਦਾ ਭਰਿਆ ਪਤੀਲਾ ਤੇ ਹੋਰ ਸਬਜ਼ੀਆਂ ਬਣੀਆਂ ਬਣਾਈਆਂ.....।”

ਦਸਦਾ ਪ੍ਰਦੁੱਮਣ ਸਿੰਘ ਅੱਖਾਂ ਭਰ ਲੈਂਦਾ ਹੈ। ਪਾਲਾ ਸਿੰਘ ਕਹਿ ਰਿਹਾ ਹੈ,

“ਚੱਲ ਦੁੱਮਣਾ, ਮਨ ਥੋੜ੍ਹਾ ਨਾ ਕਰ, ਜ਼ਿੰਦਗੀ ਵਿਚ ਬਹੁਤ ਕੁਸ਼ ਦੇਖਣਾ ਪੈਂਦਾ, ਤੂੰ ਤਾਂ ਹਿੰਮਤ ਵਾਲਾ ਐਂ, ਹਿੰਮਤ ਕਰਕੇ ਇਥੇ ਪਹੁੰਚ ਗਿਐਂ।”

“ਓਦਾਂ ਤਾਂ ਸਭ ਠੀਕ ਐ, ਅਸੀਂ ਤਾਂ ਇਥੇ ਆ ਗਏ, ਸਾਡੇ ਕੋਲ ਹੱਲ ਹੈ ਸੀ ਪਰ ਜਿਹੜੇ ਲੋਕ ਓਥੇ ਰਹਿੰਦੇ ਆ, ਉਨ੍ਹਾਂ ਬਾਰੇ ਸੋਚੋ।”

“ਕੀ ਸੋਚਣਾਂ, ਉਹੀ ਸੋਚੂ ਜਿਹੜਾ ਬਾਕੀ ਦੁਨੀਆ ਦੀ ਸੋਚਦੈ।”

“ਪਾਲਾ ਸਿਆਂ, ਮੈਂ ਤਾਂ ਬਹੁਤ ਬਚ ਗਿਆਂ, ਜੇ ਕੋਈ ਨਿਆਣਾ ਚੁੱਕ ਕੇ ਈ ਫਿਰੌਤੀ ਮੰਗਦੇ, ਜਾਂ ਫੇਰ ਕਿਸੇ ਮੁੰਡੇ ਨੂੰ ਨਾਲ ਈ ਰਲਾ ਲੈਂਦੇ, ਬੜਾ ਮੁੰਡਾ ਤਾਂ ਹੈ ਵੀ ਅੱਥਰਾ ਜਿਹਾ।”

“ਚੱਲ ਉਹ ਜਾਣੇ ਦੁੱਮਣਾ, ਔਖਾ ਵਕਤ ਟਲ਼ ਗਿਆ। ਔਲਾਦ ਚੰਗੀ ਹੋਵੇ ਤਾਂ ਸਭ ਕੁਸ਼ ਠੀਕ ਐ, ਆਹ ਦੇਖ ਸਾਧੂ ਸੂੰਹ ਨਾਲ ਕੀ ਬੀਤੀ।”

“ਆਹੋ, ਪਤਾ ਲੱਗਿਆ ਸੀ, ਓਥੇ ਵੀ ਅਖਬਾਰਾਂ ਵਿਚ ਆਉਂਦਾ ਰਿਹੈ।”

“ਕੁੜੀ ਗੰਦੀ ਨਿਕਲ ਗਈ ਪਰ ਉਸ ਪਿਓ ਦੇ ਪੁੱਤ ਨੇ ਵੀ ਸੀਅ ਨਹੀਂ ਕੀਤੀ, ਟੋਟੇ ਕਰ ਮਾਰੇ, ਹੋਰਨਾਂ ਨੂੰ ਵੀ ਕੰਨ ਕਰ 'ਤੇ।”

## ਛੇ

ਕਾਰਾ ਤੇ ਪ੍ਰਦੁੱਮਣ ਰਿਸ਼ਤੇਦਾਰ ਹਨ ਤੇ ਹਾਣੀ ਵੀ। ਇਕੱਠੇ ਹੀ ਇੰਗਲੈਂਡ ਆਏ ਤੇ ਇਕੱਠੇ ਹੀ ਰਹੇ। ਪ੍ਰਦੁੱਮਣ ਜਾਂਦਾ ਹੋਇਆ ਆਪਣੇ ਘਰ ਦੀਆਂ ਕਈ ਜ਼ਿੰਮੇਵਾਰੀਆਂ ਕਾਰੇ ਨੂੰ ਦੇ ਗਿਆ ਸੀ। ਪਹਿਲਾਂ ਤਾਂ ਪ੍ਰਾਈਵੇਟ ਕਿਰਾਏਦਾਰ ਸਨ। ਫਿਰ ਕਾਰੇ ਰਾਹੀਂ ਹੀ ਉਸ ਨੇ ਘਰ ਕੌਂਸਲ ਨੂੰ ਕਿਰਾਏ 'ਤੇ ਦੇ ਦਿੱਤਾ ਸੀ। ਘਰ ਦੀ ਟੁੱਟ-ਭੱਜ ਕਾਰਾ ਹੀ ਮੁਰੰਮਤ ਕਰਾਉਂਦਾ। ਹੋਰ ਵੀ ਕੋਈ ਸ਼ਿਕਾਇਤ ਹੁੰਦੀ ਤਾਂ ਕਾਰਾ ਹੀ ਸੁਣਦਾ। ਪ੍ਰਦੁੱਮਣ ਵੀ ਮੁਸੀਬਤ ਵੇਲੇ ਕਾਰੇ ਨਾਲ ਖੜ ਜਾਂਦਾ ਹੈ। ਕਾਰਾ ਹੀ ਸੋਚਿਆ ਕਰਦਾ ਹੈ ਕਿ ਜਿਸ ਬੰਦੇ ਕੋਲ ਇਕ ਰਿਸ਼ਤੇਦਾਰ ਵੀ ਨਾਲ ਖੜਨ ਵਾਲਾ ਹੋਵੇ ਤਾਂ ਉਸ ਨੂੰ ਬਹੁਤੇ ਦੋਸਤਾਂ ਦੀ ਲੋੜ ਨਹੀਂ ਪੈਂਦੀ। ਵੈਸੇ ਕਾਰੇ ਦੇ ਕਾਫੀ ਦੋਸਤ ਹਨ। ਉਸ ਦੀ ਇਧਰ ਉਧਰ ਲੰਮੀ ਚੌੜੀ ਵਾਕਫੀ

ਹੈ। ਉਸ ਦਾ ਬੀਮੇ ਦਾ ਕੰਮ ਹੈ। ਕਾਰਾਂ ਦੀ ਇੰਸ਼ੋਰੰਸ ਕਰਦਾ ਹੈ। ਸਾਊਥਾਲ ਦਾ ਮੰਨਿਆ ਹੋਇਆ ਬਰੋਕਰ ਹੈ। ਗਾਹਕ ਦਾ ਕਲੇਮ ਦਿਵਾਉਣ ਵਿਚ ਉਹ ਕਾਫੀ ਮਸ਼ਹੂਰ ਹੈ। ਉਹ ਆਪ ਕਲੇਮ ਫਾਰਮ ਭਰਦਾ ਹੈ ਤੇ ਕੰਪਨੀ ਨੂੰ ਵਾਰ ਵਾਰ ਫੋਨ ਕਰਕੇ ਗਾਹਕ ਨੂੰ ਪੈਸੇ ਦਿਵਾ ਦਿੰਦਾ ਹੈ। ਉਸ ਦੇ ਇਸੇ ਰਵੱਈਏ ਕਾਰਨ ਇਕ ਵਾਰ ਆਇਆ ਗਾਹਕ ਮੁੜ ਕਿਸੇ ਹੋਰ ਬਰੋਕਰ ਕੋਲ ਨਹੀਂ ਜਾਂਦਾ।

ਇਕ ਦਿਨ ਸ਼ਾਮ ਨੂੰ ਗਲਾਸੀ ਖੜਕਾਉਂਦੇ ਹੋਏ ਕਾਰਾ ਕਹਿੰਦਾ ਹੈ,

“ਦੁੱਮਣਾ, ਇੰਸ਼ੋਰੰਸ ਦਾ ਕੰਮ ਸ਼ੁਰੂ ਕਰ ਲੈ ਯਾਰ, ਸ਼ੁਰੂ ਵਿਚ ਔਖਾ ਐ ਫੇਰ ਠੀਕ ਐ, ਇਕ ਵਾਰੀ ਪੈਂਠ ਪੈ ਗਈ ਬਸ ਠੀਕ ਐ।”

“ਨਹੀਂ ਕਾਰਿਆ, ਤੂੰ ਐਵੇਂ ਔਖਾ ਰਹਿਣ ਲੱਗ ਪਵੇਂਗਾ, ਤੇਰੇ ਕਲਾਇੰਟ ਈ ਤਾਂ ਮੇਰੇ ਵੱਲ ਨੂੰ ਭੱਜਣਗੇ।”

ਕਹਿ ਕੇ ਦੁੱਮਣ ਵਿੰਗਾ ਜਿਹਾ ਦੇਖਦਾ ਹੈ।

“ਨਹੀਂ, ਮੇਰਾ ਕੋਈ ਕਲਾਇੰਟ ਨਹੀਂ ਆਉਣ ਲੱਗਿਆ, ਮੈਂ ਤਾਂ ਜਿੰਦਾਂ ਉਨ੍ਹਾਂ ਨੂੰ ਫੀਮ 'ਤੇ ਲਾਇਆ ਹੋਇਐ।”

ਗੱਲ ਕਰਕੇ ਕਾਰਾ ਹੱਸਦਾ ਹੈ। ਪਰਦੁੱਮਣ ਆਖਦਾ ਹੈ,

“ਇਹ ਕੰਮ ਮੇਰੇ ਵੱਸ ਦਾ ਨਹੀਂ, ਤੈਨੂੰ ਤਾਂ ਸੁਰਜੀਤ ਦੀ ਬਥੇਰੀ ਮੱਦਦ ਐ, ਪੜ੍ਹੀ ਲਿਖੀ ਐ, ਪਰ ਮੇਰੀ ਗਿਆਨੋ ਕੀ ਹੈਲਪ ਕਰ ਦਊ।”

“ਓਦੋਂ ਤੂੰ ਕਾਹਲੀ ਕਰ ਗਿਆ ਸੈਂ ਵਿਆਹ ਲਈ, ਅਖੇ ਸ਼ਕਲ ਮਧੂਬਾਲਾ ਵਰਗੀ ਐ, ਪੜ੍ਹਾਈ ਨੂੰ ਕੀ ਕਰਨੈ।”

“ਓਦੋਂ ਫੇਰ ਦੂਰ ਦੀ ਨਹੀਂ ਸੋਚ ਹੁੰਦੀ ਨਾ, ਓਦਾਂ ਭਾਵੇਂ ਅਨਪੜ੍ਹ ਸੀ ਪਰ ਦੁਕਾਨ ਵਿਚ ਮੇਰਾ ਕਾਫੀ ਸਾਥ ਦਿਤਾ।”

“ਦੁਕਾਨ ਈ ਲੈ ਲੈ ਕੋਈ।”

“ਹੁਣ ਮੈਂ ਦੁਕਾਨ ਵੀ ਨਹੀਂ ਕਰਨੀ ਚਾਹੁੰਦਾ, ਪਬਲਿਕ ਡੀਲਿੰਗ ਮੈਨੂੰ ਚੰਗੀਆਂ ਨਹੀਂ ਲੱਗਦੀਆਂ ਪਰ ਕੰਮ ਤਾਂ ਹੁਣ ਲੱਭਣਾ ਈ ਐ, ਏਅਰਪੋਰਟ 'ਤੇ ਗੇੜਾ ਕੱਢ ਕੇ ਆਇਆਂ। ਤੂੰ ਵੀ ਕੰਮ ਦੀ ਤਾੜ ਰੱਖੀਂ।”

“ਏਅਰਪੋਰਟ ਵਾਲੇ ਯੰਗ ਬਲੱਡ ਨੂੰ ਪ੍ਰੈਫਰ ਕਰਦੇ ਆ, ਏਅਰਪੋਰਟ ਵਾਲੇ ਕੀ ਹਰ ਕੋਈ ਨਵੇਂ ਮੁੰਡਿਆਂ ਨੂੰ ਕੰਮ ਦੇ ਕੇ ਖੁਸ਼ ਐ, ਹੋਰ ਨਹੀਂ ਤੂੰ ਮਿੰਨੀ ਕੈਬ ਈ ਕਰ ਲੈ।”

“ਉਹ ਤਾਂ ਆਖਰੀ ਹਥਿਆਰ ਐ, ਨਾਲੇ ਟੈਕਸੀ ਖਤਰਨਾਕ ਵੀ ਐ, ਸ਼ਰਾਬੀ ਗਾਹਕ ਚਾਕੂ ਮਾਰਨ ਲੱਗੇ ਮਿੰਟ ਨਹੀਂ ਲਾਉਂਦੇ।”

“ਅੰਡਰਗਰਾਊਂਡ ਬਗੈਰਾ ਵਿਚ ਨਾਂ ਦੇ ਆ।”

“ਆਹੋ, ਕਰਦਾਂ ਕੁਸ਼, ਪਹਿਲਾਂ ਤਾਂ ਕਿਰਾਏ 'ਤੇ ਘਰ ਜਾਂ ਫਲੈਟ ਦੇਖੀਏ, ਨੋਟਿਸ ਦੇਣ ਤੋਂ ਬਾਅਦ ਵੀ ਆਪਣਾ ਘਰ ਪਤਾ ਨਹੀਂ ਕਦੋਂ ਖਾਲੀ ਹੋਵੇ।”

“ਇਥੇ ਏਦਾਂ ਹੀ ਕੰਮ ਚਲਾਈ ਜਾਓ।”

“ਨਹੀਂ ਕਾਰੇ, ਜੇ ਤਾਂ ਹਫਤਾ ਦਸ ਦਿਨ ਦੀ ਗੱਲ ਹੁੰਦੀ ਤਾਂ ਠੀਕ ਸੀ ਪਰ ਇਹ ਤਾਂ ਪਤਾ ਨਹੀਂ ਮਹੀਨੇ ਈ ਲੱਗ ਜਾਣ, ਤੈਨੂੰ ਪਤਾ ਈ ਐ ਕੌਂਸਲ ਦੇ ਕੰਮਾਂ ਦਾ।”

“ਘਰ ਤਾਂ ਪਟੇਲ ਦਾ ਖਾਲੀ ਪਿਐ ਪਰ ਉਥੇ ਸੈਂਟਰਲ ਹੀਟਿੰਗ ਨਹੀਂ।”

“ਏਨੀ ਠੰਡ ਵਿਚ ਹੀਟਿੰਗ ਬਿਨਾਂ ਕੰਮ ਨਹੀਂ ਚੱਲਣਾ।”

“ਦੁੱਮਣਾ, ਆਪਣਾ ਏਦਾਂ ਹੀ ਕੰਮ ਚੱਲਦਾ ਰਹੇ ਤਾਂ ਕਿਰਾਇਆ ਕਾਹਨੂੰ ਦੇਣਾ, ਇਹ ਠੀਕ ਐ ਕਿ ਏਨੇ ਬੰਦਿਆਂ ਲਈ ਇਹ ਘਰ ਛੋਟਾ ਐ ਪਰ ਜਦੋਂ ਟਾਈਮ ਈ ਪਾਸ ਕਰਨਾ ਹੋਵੇ ਤਾਂ ਕਿਹੜੀ ਗੱਲ ਐ।”

ਪ੍ਰਦੁੱਮਣ ਨੂੰ ਪਤਾ ਹੈ ਕਿ ਜ਼ਰਾ ਮੋਹ ਹਿੱਤ ਕਹਿ ਰਿਹਾ ਹੈ। ਉਹ ਮਹਿਸੂਸ ਕਰ ਸਕਦਾ ਹੈ ਕਿ ਉਸ ਦੇ ਛੇ ਜੀਅ ਆ ਜਾਣ ਨਾਲ ਕਾਰੇ ਦੇ ਬੱਚੇ ਖੁਸ਼ ਨਹੀਂ ਹਨ ਤੇ ਨਾ ਹੀ ਉਸ ਦੀ ਪਤਨੀ ਸੁਰਜੀਤ। ਉਸ ਨੂੰ ਜਾਣਦਾ ਹੈ ਕਿ ਹਰ ਪਰਿਵਾਰ ਨਿਜਤਾ ਚਾਹੁੰਦਾ ਹੈ, ਆਪਣਾ ਇਕ ਓਹਲਾ। ਹਰ ਪਰਿਵਾਰ ਕਿਉਂ ਹਰ ਇਕ ਜੀਅ ਦੀ ਨਿਜੀ ਜ਼ਿੰਦਗੀ ਹੈ, ਕਿਸੇ ਦਖਲ ਨੂੰ ਕੋਈ ਪਸੰਦ ਨਹੀਂ ਕਰਦਾ।

ਛੇਤੀ ਹੀ ਉਨ੍ਹਾਂ ਨੂੰ ਮਾਰਟਨ ਹਾਊਸ ਵਿਚ ਦੋ ਬੈੱਡਰੂਮ ਦਾ ਫਲੈਟ ਕਿਰਾਏ 'ਤੇ ਮਿਲ ਜਾਂਦਾ ਹੈ। ਕਿਰਾਇਆ ਤਾਂ ਇਸ ਫਲੈਟ ਦਾ ਪੂਰੇ ਘਰ ਜਿੰਨਾ ਹੀ ਹੈ ਪਰ ਹੈ ਪੂਰੀ ਤਰ੍ਹਾਂ ਫਰਨਿਸ਼ਡ ਹੈ। ਉਨ੍ਹਾਂ ਨੂੰ ਕੁਝ ਵੀ ਵਿਚ ਪਾਉਣ ਦੀ ਜ਼ਰੂਰਤ ਨਹੀਂ। ਉਹ ਕਾਹਲੀ ਨਾਲ ਮੂਵ ਹੋ ਜਾਂਦੇ ਹਨ। ਕੌਂਸਲ ਨੂੰ ਉਸ ਨੇ ਘਰ ਖਾਲੀ ਕਰਨ ਦਾ ਨੋਟਿਸ ਦੇ ਦਿੱਤਾ ਹੈ। ਬੱਚੇ ਵੀ ਮੁੜ ਸਕੂਲ ਜਾਣ ਲੱਗਦੇ ਹਨ। ਉਨ੍ਹਾਂ ਨੂੰ ਪਹਿਲਾਂ ਵਾਲਾ ਹੀ ਡੌਰਮਰ ਹਾਈ ਸਕੂਲ ਮਿਲ ਜਾਂਦਾ ਹੈ। ਪ੍ਰਦੁੱਮਣ ਆਪ ਜਾ ਕੇ ਹੈਡਮਾਸਟਰ ਨਾਲ ਮਿਲਦਾ ਹੈ ਤੇ ਸਾਰਾ ਇੰਤਜ਼ਾਮ ਕਰ ਲੈਂਦਾ ਹੈ। ਦੋਵੇਂ ਮੁੰਡੇ ਤਾਂ ਪਹਿਲਾਂ ਹੀ ਹਾਈ ਸਕੂਲ ਜਾਂਦੇ ਸਨ ਇੰਡੀਆ ਜਾਣ ਤੋਂ ਪਹਿਲਾਂ ਪਰ ਹੁਣ ਦੋਨਾਂ ਕੁੜੀਆਂ ਦੀ ਉਮਰ ਵੀ ਹਾਈ ਸਕੂਲ ਜਾਣ ਦੀ ਹੋ ਚੁੱਕੀ ਹੈ। ਉਨ੍ਹਾਂ ਨੂੰ ਜਗ੍ਹਾ ਕੁਝ ਮੁਸ਼ਕਲ ਨਾਲ ਮਿਲਦੀ ਹੈ ਪਰ ਮਿਲ ਜਾਂਦੀ ਹੈ। ਉਹ ਚਾਈਲਡ ਅਲਾਊਂਸ ਦੁਬਾਰਾ ਸ਼ੁਰੂ ਕਰਾਉਣ ਲਈ ਵੀ ਫਾਰਮ ਭਰ ਦਿੰਦਾ ਹੈ। ਉਨ੍ਹਾਂ ਨੂੰ ਕੰਮ ਹੀ ਨਹੀਂ ਮਿਲੇ ਨਹੀਂ ਤਾਂ ਜ਼ਿੰਦਗੀ ਠੀਕ ਰੁੜ੍ਹ ਪੈਂਦੀ। ਜੋ ਕੁਝ ਉਨ੍ਹਾਂ ਨਾਲ ਇੰਡੀਆ ਵਿਚ ਹੋਇਆ ਹੈ ਪਿੱਛੇ ਰਹਿੰਦਾ ਜਾ ਰਿਹਾ ਹੈ। ਕਾਰਾ ਆਖਦਾ ਹੈ ਕਿ ਜਦ ਤਕ ਕੋਈ ਕੰਮ ਨਹੀਂ ਮਿਲਦਾ ਕਿਉਂ ਨਹੀਂ ਉਹ ਸ਼ੋਸ਼ਲ ਸਕਿਓਰਟੀ ਤੋਂ ਭੱਤਾ ਲੈ ਲੈਂਦਾ ਪਰ ਪਰਦੁੱਮਣ ਦਾ ਮੰਨਣਾ ਹੈ ਕਿ ਸਰਕਾਰੀ ਭੱਤਿਆਂ ਨਾਲ ਇਨਸਾਨ ਆਲਸੀ ਹੋ ਜਾਂਦਾ ਹੈ ਤੇ ਕਿਸੇ ਤੇ ਨਿਰਭਰ ਹੋਣ ਲਗਦਾ ਹੈ। ਪਰਦੁੱਮਣ ਨੂੰ ਇਹ ਮਨਜ਼ੂਰ ਨਹੀਂ ਹੈ।

ਸੱਤ

ਇਕ ਦਿਨ ਗਿਆਨ ਕੌਰ ਡਰਦੀ ਡਰਦੀ ਕਹਿੰਦੀ ਹੈ,
"ਜੀ, ਗੁਰਦੁਆਰੇ ਚੱਲੀਏ? ਕਿੰਨੇ ਦਿਨ ਹੋ ਗਏ ਮੱਥਾ ਟੇਕੇ ਨੂੰ?"
"ਪਹਿਲਾਂ ਇਨ੍ਹਾਂ ਗੁਰਦੁਆਰਿਆਂ ਨੇ ਸਾਡੇ ਨਾਲ ਕਿਹੜੀ ਖੈਰ ਕੀਤੀ ਐ।"
"ਇਹਦੇ ਵਿਚ ਵਾਹਿਗੁਰੂ ਦਾ ਕੀ ਕਸੂਰ ਐ! ਇਹ ਤਾਂ ਉਹਦੇ ਬੰਦੇ ਸੀ। ਇਹ ਈ ਨਹੀਂ ਪਤਾ ਕਿ ਉਹਦੇ ਬੰਦੇ ਵੀ ਉਹ ਸੀ ਕਿ ਨਹੀਂ, ਉਸ ਦੇ ਨਾਂ ਤੇ ਕੁਝ ਭੇਖੀ ਤੇ ਪਖੰਡੀ ਲੋਕ ਸਾਨੂੰ ਖਰਾਬ ਕਰ ਗਏ ਤਾਂ ਇਹਦਾ ਮਤਲਵ ਇਹ ਤਾਂ ਨਹੀਂ ਕਿ ਵਾਹਿਗੁਰੂ ਨੇ ਆਪਣੇ ਹੱਥੀਂ ਇਹ ਸਭ ਕੀਤਾ ਸੀ? ਇਥੇ ਦੇ ਗੁਰਦਵਾਰਿਆਂ ਵਿਚ ਫਿਰ ਵੀ ਠੰਡ ਐ।"
"ਮੈਂ ਸੁਣ ਆਇਆਂ ਜਿਹੜੀ ਏਥੇ ਕੜ੍ਹੀ ਘੁਲਦੀ ਐ।"
"ਨਹੀਂ ਜੀ, ਇਕ ਨਵਾਂ ਗੁਰਦੁਆਰਾ ਖੁੱਲ੍ਹਿਐ, ਉਥੇ ਕੋਈ ਰੌਲਾ ਨਹੀ।"
"ਨਵਾਂ ਖੁੱਲ੍ਹਿਐ! ਪਤਾ ਨਹੀਂ ਸਾਡੇ ਮਗਰੋਂ ਇਥੇ ਹੋਰ ਕੀ ਕੀ ਖੁੱਲ੍ਹ ਗਿਐ।"
"ਇਹ ਖੁੱਲ੍ਹਿਆ ਕਿੰਗ ਸਟਰੀਟ 'ਤੇ, ਜਿਥੇ ਪੱਬ ਹੋਇਆ ਕਰਦਾ ਸੀ। ਮੈਨੂੰ ਆਹ ਹੇਠਾਂ ਵਾਲੀ ਭੈਣ ਜੀ ਦੱਸਦੀ ਸੀ।"

ਇਹ ਠੀਕ ਹੈ ਕਿ ਸਾਊਥਾਲ 'ਚ ਗੁਰਦੁਆਰਿਆਂ ਦੀ ਗਿਣਤੀ ਵਧ ਗਈ ਹੈ। ਜਿਸ ਕਿਸੇ ਨੂੰ ਕਮੇਟੀ ਜਾਂ ਮੋਹਰੀ ਬੰਦੇ ਪਸੰਦ ਨਹੀਂ ਹਨ ਉਹ ਹੋਰ ਪਾਸੇ ਜਾਣ ਲੱਗਦੇ ਹਨ ਜਾਂ ਫਿਰ ਆਪਣਾ ਹੀ ਕੋਈ ਸਥਾਨ ਬਣਾ ਲੈਂਦੇ ਹਨ। ਪ੍ਰਦੁੱਮਣ ਵੀ ਸੋਚਦਾ ਹੈ ਕਿ ਵੱਡੇ ਗੁਰਦੁਆਰੇ ਉਪਰ ਗਰਮਦਲੀਆਂ ਦਾ ਕਬਜ਼ਾ ਹੋਣ ਕਾਰਨ ਨਰਮਦਲੀਆਂ ਵੀ ਕਿਤੇ ਜਾਣਾ ਹੀ ਹੋਇਆ। ਉਹ ਗਿਆਨ ਕੌਰ ਨਾਲ ਗੁਰਦੁਆਰੇ ਜਾਂਦਾ ਹੈ। ਅਰਦਾਸ ਕਰਦਾ ਹੈ। ਉਸ ਨੂੰ ਵਿਸ਼ਵਾਸ ਮੁੜਦਾ ਜਾਪਦਾ ਹੈ। ਗੁਰਦੁਆਰੇ ਦਾ ਮਾਹੌਲ ਬਹੁਤ ਸ਼ਾਂਤ ਹੈ। ਉਹ ਪ੍ਰਸ਼ਾਦ ਲੈ ਕੇ ਬਾਹਰ ਨਿਕਲਦਾ ਹੈ ਤਾਂ ਇਕ ਵਾਕਫ ਸ਼ਿਵ ਸਿੰਘ ਮਿਲ ਪੈਂਦਾ ਹੈ। ਪ੍ਰਦੁੱਮਣ ਦੀ ਸਾਰੀ ਕਹਾਣੀ ਉਸ ਤੱਕ ਪਹੁੰਚ ਚੁੱਕੀ ਹੈ। ਉਹ ਅਫਸੋਸ ਕਰਦਾ ਆਖਦਾ ਹੈ,
"ਦੁੱਮਣਾ, ਤੇਰੇ ਨਾਲ ਤਾਂ ਬਹੁਤ ਮਾੜੀ ਹੋਈ, ਮੈਨੂੰ ਪਾਲੇ ਤੋਂ ਪਤਾ ਲੱਗਾ।"
"ਏਦਾਂ ਈ ਐ ਸ਼ਿਵ ਸਿਆਂ, ਕਹਿੰਦੇ ਆ ਨਾ ਤਕੜੇ ਦਾ ਸੱਤੀਂ ਵੀਹੀਂ ਸੌ ਐ।"
"ਏਹ ਵੀ ਕਾਹਦੀ ਗੱਲ ਹੋਈ ਯਾਰ, ਬੰਦਾ ਆਪਣੇ ਪਿੰਡ, ਆਪਣੇ ਘਰ ਵਿਚ ਈ ਸੇਫ ਨਹੀਂ।"
"ਕਾਹਦਾ ਆਪਣਾ ਪਿੰਡ ਯਾਰਾ, ਮੈਂ ਪਿੰਡ ਦੇ ਹਰ ਕੰਮ ਵਿਚ ਮੋਹਰੇ ਹੋ ਕੇ ਢਾਲ੍ਹ ਦਿੱਤੀ, ਹਰ ਇਕ ਦੇ ਦੁੱਖਦੇ-ਸੁੱਖਦੇ ਦੇ ਨਾਲ ਖੜਿਆਂ ਪਰ ਮੇਰੇ ਨਾਲ ਪਿੰਡ ਦਾ ਇਕ ਵੀ ਬੰਦਾ ਨਹੀਂ ਖੜਾ ਹੋਇਆ, ਕਿਸੇ ਕੰਜਰ ਨੇ ਮੇਰਾ ਸਾਥ ਨਹੀਂ ਦਿੱਤਾ।"
"ਬਸ ਏਦਾਂ ਈ ਸੁਣਦੇ ਆਂ, ਪਰ ਉਨ੍ਹਾਂ ਦਾ ਦੇਖ ਜਿਹੜੇ ਭੱਜ ਕੇ ਕਿਤੇ ਜਾ ਵੀ ਨਹੀਂ ਸਕਦੇ।"
"ਬਸ ਸ਼ਿਵ ਸਿਆਂ, ਪੁੱਛ ਨਾ ਕੁਸ਼, ਅੰਨ੍ਹੀ ਪਈ ਹੋਈ ਐ।"
"ਇਕ ਗੱਲ ਐ ਦੁੱਮਣ ਸਿਆਂ, ਇਹ ਸਰਕਾਰ ਈ ਜਿਹੜੀ ਇਹ ਸਾਰੇ ਕੰਮ ਕਰਾਉਂਦੀ ਐ।"

ਸ਼ਿਵ ਸਿੰਘ ਅਖਬਾਰਾਂ ਵਿਚੋਂ ਪੜ੍ਹੀ ਹੋਈ ਗੱਲ ਅਨੁਸਾਰ ਕਹਿੰਦਾ ਹੈ। ਸਾਊਥਾਲ ਦੇ ਕੁਝ ਪਰਚੇ ਜਿਵੇਂ ਕਿ 'ਵਾਸ ਪਰਵਾਸ' ਤੇ ਕੁਝ ਹੋਰ ਹਰ ਵਾਰਦਾਤ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਤੇ ਪਾ ਦਿੰਦੀਆਂ ਹਨ। ਇੰਡੀਆ ਦੀਆਂ ਕੁਝ ਅਖਬਾਰਾਂ ਵੀ ਕਹਿ ਰਹੀਆਂ ਹਨ ਕਿ ਇਹ ਕਤਲੋ ਗਾਰਤ ਸਰਕਾਰ ਆਪ ਹੀ ਕਰਵਾ ਰਹੀ ਹੈ। ਬਹੁਤ ਸਾਰੇ ਧਾਰਮਿਕ ਨੇਤਾ ਡਰਦੇ ਹੋਏ ਵੀ ਅਜਿਹੇ ਬਿਆਨ ਦੇਈ ਜਾ ਰਹੇ ਹਨ। ਉਹ ਅਜਿਹੀਆਂ ਘਟਨਾਵਾਂ ਦੀ ਜ਼ਿੰਮੇਵਾਰੀ ਵਾਲੀਆਂ ਧਿਰਾਂ ਵੱਲ ਉਂਗਲ ਉਠਾਉਣੋ ਵੀ ਡਰਦੇ ਹਨ ਜਾਂ ਸੋਚਦੇ ਹੀ ਇਵੇਂ ਹੋਣਗੇ। ਪ੍ਰਦੁੱਮਣ ਸ਼ਿਵ ਸਿੰਘ ਦੀ ਗੱਲ ਦਾ ਕੋਈ ਉਤਰ ਨਹੀਂ ਦਿੰਦਾ। ਸ਼ਿਵ ਸਿੰਘ ਫਿਰ ਆਖਦਾ ਹੈ,
"ਓਥੇ ਤਾਂ ਹੁਣ ਇਹ ਵੀ ਪਤਾ ਨਹੀਂ ਚੱਲਦਾ ਕਿ ਕਿਹੜਾ ਚੋਰ ਐ ਤੇ ਕਿਹੜਾ ਸਿਪਾਹੀ, ਸਭ ਰਲੇ ਹੋਏ ਆ ਤੇ ਨਾਂ ਖਾਲਿਸਤਾਨੀਆਂ ਦਾ ਲਈ ਜਾਂਦੇ ਆ, ਲੁੱਟਾਂ-ਖੋਹਾਂ ਇਹ ਪੁਲਿਸ ਈ ਕਰਦੀ ਆ।"
"ਨਹੀਂ ਸ਼ਿਵ ਸਿਆਂ, ਇਹ ਮਸਲੇ ਨੂੰ ਖੂਹ ਵਿਚ ਸੁੱਟਣ ਵਾਲੀ ਦਲੀਲ ਐ, ਪੁਲਿਸ ਵੀ ਬੜਾ ਕੁਝ ਕਰਦੀ ਐ ਪਰ ਮੈਂ ਮੌਤ ਦੇ ਦਰੋਂ ਮੁੜ ਕੇ ਆਇਆਂ ਜਾਂ ਮੌਤ ਮੇਰੇ ਦਰੋਂ ਖਾਲੀ ਮੁੜੀ ਐ, ਇਹ ਕੰਮ ਅੱਤਵਾਦੀਆਂ ਦੀ ਐ, ਛੋਟੇ-ਮੋਟੇ ਚੋਰ-ਗਰੁੱਪ ਦੀ ਏਨੀ ਹਿੰਮਤ ਨਹੀਂ ਹੁੰਦੀ ਕਿ ਘੁੱਗ ਵੱਸਦੇ ਪਿੰਡ ਵਿਚ ਗੋਲੀਆਂ ਚਲਾ ਕੇ ਚਲੇ ਜਾਣ... ਮੈਂ ਉਪਰਲੇ ਬੰਦਿਆਂ ਤੱਕ ਵੀ ਪਹੁੰਚ ਕੀਤੀ ਸੀ। ਕਹਿੰਦੇ ਕਿ ਤੈਨੂੰ ਪੰਦਰਾਂ ਸੌ ਪੌਂਡ ਨਾਲ ਕੀ ਫਰਕ ਪੈਂਦੈ।"
"ਮੈਂ ਨਹੀਂ ਮੰਨਦਾ, ਮੈਨੂੰ ਲਗਦਾ ਇਹ ਗੌਰਮਿੰਟ ਦੀ ਕਿਸੇ ਏਜੰਸੀ ਦਾ ਕੰਮ ਹੋਣਾਂ।"
"ਨਾ ਮੰਨ, ਤੇਰੀ ਮਰਜ਼ੀ ਐ।"

ਪ੍ਰਦੁੱਮਣ ਗੁੱਸਾ ਜਿਹਾ ਕਰਦਾ ਤੁਰ ਪੈਂਦਾ ਹੈ। ਅੱਗੇ ਇਕ ਹੋਰ ਵਾਕਫ ਮਿਲ ਪੈਂਦਾ ਹੈ। ਸ਼ਿਵ ਸਿੰਘ ਵਾਲੀਆਂ ਗੱਲਾਂ ਹੀ ਉਸ ਨਾਲ ਹੁੰਦੀਆਂ ਹਨ। ਪ੍ਰਦੁੱਮਣ ਸਿੰਘ ਬਹੁਤੇ ਉਲਝਾਅ ਵਿਚ ਫਸਣੋਂ ਗੱਲ ਮੋੜਦਾ ਹੈ,
"ਸਤਵੰਤ ਸਿਆਂ ਕੰਮ ਕਿਥੇ ਕਰਦਾਂ ਅੱਜ ਕੱਲ?"
"ਬੇਕਰੀ 'ਚ।"
" ਕੋਈ ਜੌਬ?"
"ਫੋਰਮੈਨ ਤਾਂ ਆਪਣਾ ਦਿਆਲਾ ਈ ਐ ਭੋਗਪੁਰੀਆ, ਕੱਲ ਨੂੰ ਪੁੱਛ ਦਊਂ।"

ਪ੍ਰਦੁੱਮਣ ਸਿੰਘ ਉਸ ਦਾ ਫੋਨ ਨੰਬਰ ਲੈ ਲੈਂਦਾ ਹੈ ਤਾਂ ਜੋ ਉਸ ਤੋਂ ਪਤਾ ਕਰ ਸਕੇ ਕਿ ਗੱਲ ਬਣੀ ਜਾਂ ਨਹੀਂ। ਗਿਆਨ ਕੌਰ ਵੀ ਇਕ ਪਾਸੇ ਖੜੀ ਦੋ ਕੁ ਔਰਤਾਂ ਨਾਲ ਗੱਲੀਂ ਲੱਗ ਜਾਂਦੀ ਹੈ। ਪ੍ਰਦੁੱਮਣ ਸਿੰਘ ਜੁੱਤੀ ਪਾਉਂਦਾ ਬਾਹਰ ਨਿਕਲਦਾ ਹੈ। ਗਿਆਨ ਕੌਰ ਉਸ ਦੇ ਮਗਰੇ ਹੀ ਆ ਜਾਂਦੀ ਹੈ ਤੇ ਖੁਸ਼ੀ ਵਿਚ ਕਹਿੰਦੀ ਹੈ,

''ਜੀ, ਮੈਨੂੰ ਤਾਂ ਕੰਮ ਮਿਲ ਗਿਆ।''

''ਕਿਥੇ?''

''ਇਥੇ ਈ ਪੁਰਾਣੇ ਸਾਊਥਾਲ ਕੋਈ ਸਮੋਸੇ ਬਣਾਉਂਦੈ, ਉਹਦੇ ਘਰ ਵਾਲੀ ਮਿਲੀ ਸੀ, ਕਹਿੰਦੀ ਕੱਲ ਨੂੰ ਈ ਆ ਜਾ,.. ਦੇਖਿਆ ਵਾਹਿਗੁਰੂ ਨੇ ਸੁਣ ਲਈ ਨਾ ਮੇਰੀ।''

ਪ੍ਰਦੁੱਮਣ ਸਿੰਘ ਕੁਝ ਕਹੇ ਬਿਨਾਂ ਤੁਰ ਪੈਂਦਾ ਹੈ। ਉਹ ਸੋਚਦਾ ਹੈ ਕਿ ਚਲੋ ਇਕ ਜਣੇ ਨੂੰ ਤਾਂ ਕੰਮ ਮਿਲਿਆ। ਜਮ੍ਹਾਂ ਪਏ ਪੈਸੇ ਤਾਂ ਝੱਟ ਮੁੱਕ ਜਾਂਦੇ ਹਨ। ਉਹ ਜਮ੍ਹਾਂ ਪੈਸਿਆਂ ਨੂੰ ਵਰਤਣ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਵਿਚ ਕੁਝ ਹੋਰ ਨਾਲ ਦੀ ਨਾਲ ਰਲਣੇ ਚਾਹੀਦੇ ਹਨ। ਉਹ ਕੰਮ ਦੀ ਭਾਲ ਵਿਚ ਤੇਜ਼ੀ ਲਿਆ ਦੇਣੀ ਚਾਹੁੰਦਾ ਹੈ। ਨੌਕਰੀਆਂ ਤਾਂ ਕਈ ਪਾਸੇ ਉਪਲੱਬਧ ਹਨ। ਸਕਿਉਰਿਟੀ ਵਿਚ ਹੀ ਬਹੁਤ ਬੰਦੇ ਚਾਹੀਦੇ ਹਨ ਪਰ ਸਕਿਉਰਿਟੀ ਦਾ ਕੰਮ ਤਾਂ ਬਿਮਾਰਾਂ ਅਤੇ ਬੁੱਢਿਆਂ ਵਾਲਾ ਹੈ। ਉਹ ਹਾਲੇ ਤੰਦਰੁਸਤ ਹੈ। ਨੱਠ-ਭੱਜ ਕਰ ਸਕਦਾ ਹੈ। ਉਹ ਸੋਚਦਾ ਹੈ ਕਿ ਜੇ ਕੁਝ ਹੋਰ ਨਾ ਹੀ ਹੋਇਆ ਤਾਂ ਮੁੜ ਕੇ ਦੁਕਾਨ ਖਰੀਦ ਲਵੇਗਾ। ਉਹ 'ਲੰਡਨ ਵੀਕਲੀ' ਨਾਮੀ ਮੈਗਜ਼ੀਨ, ਜਿਸ ਵਿਚ ਦੁਕਾਨਾਂ ਅਤੇ ਹੋਰ ਛੋਟੇ ਦਰਜੇ ਦੇ ਕਾਰੋਬਾਰ ਵਿੱਕਰੀ 'ਤੇ ਲੱਗੇ ਹੁੰਦੇ ਹਨ, ਖਰੀਦਣੀ ਸ਼ੁਰੂ ਕਰ ਦਿੰਦਾ ਹੈ। ਘਰ ਉਪਰ ਉਸ ਨੂੰ ਕਰਜ਼ਾ ਤਾਂ ਮਿਲ ਹੀ ਜਾਵੇਗਾ। ਕੋਈ ਬੰਦ ਪਈ ਜਾਂ ਬੰਦ ਹੋਣ ਜਾ ਰਹੀ ਦੁਕਾਨ ਸਸਤੀ ਹੀ ਮਿਲ ਜਾਵੇਗੀ। ਉਸ ਨੂੰ ਮਿਹਨਤ ਤਾਂ ਕਰਨੀ ਆਉਂਦੀ ਹੀ ਹੈ। ਹੁਣ ਤਾਂ ਵੱਡਾ ਰਾਜਵਿੰਦਰ ਵੀ ਮੱਦਦ ਕਰਾ ਸਕਦਾ ਹੈ। ਪਰ ਰਾਜਵਿੰਦਰ ਕੁਝ ਅਥਰਾ ਹੈ। ਆਪਣੇ ਆਪ ਵਿਚ ਹੀ ਬਹੁਤਾ ਰਹਿੰਦਾ ਹੈ। ਇੰਡੀਆ ਗਿਆ ਵੀ ਕਿਸੇ ਨਾਲ ਘੱਟ ਹੀ ਬੋਲਿਆ ਕਰਦਾ ਸੀ।

ਦੋ ਦਿਨ ਬਾਅਦ ਉਹ ਸਤਵੰਤ ਸਿੰਘ ਨੂੰ ਫੋਨ ਕਰਦਾ ਹੈ। ਸਤਵੰਤ ਸਿੰਘ ਕਹਿੰਦਾ ਹੈ,

''ਮੈਂ ਦਿਆਲੇ ਨਾਲ ਗੱਲ ਕੀਤੀ ਸੀ।''

''ਕੀ ਬੋਲਦਾ?''

''ਕਹਿੰਦਾ, ਤੈਨੂੰ ਐਡਜਸਟ ਕਰ ਸਕਦੇ ਆਂ ਪਰ ਤੈਨੂੰ ਦੁਕਾਨ ਦੀ ਵਾਹਵਾ ਸਮਝ ਐ ਕੋਈ ਸ਼ੌਪ ਕਿਉਂ ਨਹੀਂ ਲੈ ਲੈਂਦਾ?''

''ਸ਼ੌਪ ਕੀ ਕਰਨੀ ਆਂ, ਜੇ ਨਾ ਈ ਕੰਮ ਮਿਲੇ ਤਾਂ ਠੀਕ ਐ।''

''ਬੇਕਰੀ ਦਾ ਕੰਮ ਵੀ ਸੌਖਾ ਨਹੀਂ।''

''ਔਖਾ ਸੌਖਾ,... ਏਦਾਂ ਕਦੇ ਨਹੀਂ ਸੋਚਿਆ ਮੈਂ, ਜੇ ਕੰਮ ਹੈਗਾ ਤਾਂ ਮੈਂ ਤਿਆਰ ਆਂ।''

''ਲਿਖ ਫੇਰ ਦਿਆਲੇ ਦਾ ਨੰਬਰ, ਉਹਨੂੰ ਫੋਨ ਕਰ ਲੈ।''

ਅੱਠ

ਹਫਤਾਂਤ 'ਤੇ ਦਾ ਗਲੌਸਟਰ ਇਵੇਂ ਹੀ ਭਰਦਾ ਹੈ ਖਾਸ ਤੌਰ ਤੇ ਸ਼ਨੀਚਰਵਾਰ ਵਾਲੇ ਦਿਨ। ਬੈਠਣ ਲਈ ਜਗ੍ਹਾ ਨਹੀਂ ਮਿਲਦੀ। ਹਾਲਾਂਕਿ ਕੋਈ ਖਾਸ ਸੰਗੀਤ ਨਹੀਂ ਹੁੰਦਾ, ਖਾਸ ਕਿਸਮ ਦਾ ਖਾਣਾ ਆਦਿ ਨਹੀਂ ਹੁੰਦਾ, ਵੱਡੇ ਸਕਰੀਨ ਵਾਲਾ ਟੈਲੀ ਵੀ ਨਹੀਂ ਕਿ ਲੋਕ ਮੈਚ ਦੇਖਣ ਆਉਣ। ਲੋਕਾਂ ਵਿਚ ਇਸ ਪੱਬ ਦਾ ਨਾਂ ਬੜਾ ਸਾਫ ਸ਼ਫਾਫ ਹੈ। ਇਹ ਪਰਿਵਾਰਕ ਪੱਬ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪੱਬ ਦਾ ਆਪਣਾ ਵੱਡਾ ਕਾਰ ਪਾਰਕ ਹੈ। ਇਸ ਲਈ ਲੋਕ ਦੂਰੋਂ ਦੂਰੋਂ ਵੀ ਆ ਜਾਂਦੇ ਹਨ। ਹਰ ਰੰਗ ਦਾ ਬੰਦਾ ਹੁੰਦਾ ਹੈ। ਇਹ ਪੱਬ ਸਾਊਥਾਲ ਤੇ ਗਰੀਨਫੋਰਡ ਦੇ ਬਾਰਡਰ ਤੇ ਹੋਣ ਕਰਕੇ ਇਥੇ ਦੇਸੀ ਬੰਦਿਆਂ ਦੀ ਬਹੁਤਾਤ ਨਹੀਂ ਹੁੰਦੀ ਸਗੋਂ ਰਲ਼ੇ ਮਿਲੇ ਲੋਕ ਹੁੰਦੇ ਹਨ।

ਸ਼ਾਮ ਭਾਰਦਵਾਜ ਦਾ ਇਹ ਪਸੰਦੀਦਾ ਪੱਬ ਹੈ। ਇਥੋਂ ਦੀ ਬੀਅਰ ਨਾਲੋਂ ਇਹ ਭੀੜ ਉਸ ਨੂੰ ਜ਼ਿਆਦਾ ਚੰਗੀ ਲੱਗਦੀ ਹੈ। ਕਿਸੇ ਵੱਲ ਦੇਖੇ ਬਿਨਾਂ ਆਪੋ ਆਪਣੀਆਂ ਗੱਲਾਂ ਵਿਚ ਉਲਝੀ ਭੀੜ। ਹਫਤਾਂਤ 'ਤੇ ਉਹ ਇਥੇ ਹੀ ਆਉਂਦਾ ਹੈ। ਦੋਸਤਾਂ ਨੂੰ ਮਿਲਣ ਲਈ ਵੀ ਇਥੇ ਹੀ ਸੱਦ ਲਿਆ ਕਰਦਾ ਹੈ। ਉਸ ਨੇ ਕੁਝ ਕੁ ਜਲਦੀ ਆ ਕੇ ਇਕ ਮੇਜ਼ ਮੱਲ ਰੱਖਿਆ ਹੈ, ਬੀਅਰ ਦੇ ਗਲਾਸ ਵੀ ਭਰਵਾ ਲਏ ਹਨ। ਜਗਮੋਹਨ ਜਲਦੀ ਹੀ ਪੁੱਜ ਜਾਂਦਾ ਹੈ। ਉਸ ਦੇ ਮਗਰੇ ਹੀ ਗੁਰਚਰਨ। ਕੁਝ ਦੇਰ ਬਾਅਦ ਦਿਲਜੀਤ ਵੀ ਹੱਥ ਮਿਲਾਉਂਦਾ ਆ ਬੈਠਦਾ ਹੈ। ਉਹ ਪੁੱਛਦਾ ਹੈ,

''ਸ਼ਾਮ, ਤੂੰ ਐਡੀ ਕਿਹੜੀ ਖਾਸ ਗੱਲ ਕਰਨੀ ਐ ਕਿ ਪੂਰਾ ਗੈਂਗ ਈ ਬੁਲਾ ਲਿਆ।''

''ਹਾਲੇ ਸੋਹਣਪਾਲ ਨਹੀਂ ਆਇਆ, ਆ ਲੈਣ ਦੇ ਉਹਨੂੰ ਵੀ।''

''ਭੀੜ ਵੱਧ ਰਹੀ ਐ, ਫੇਰ ਇਕ-ਦੂਜੇ ਦੀ ਗੱਲ ਵੀ ਨਹੀਂ ਸੁਣਨੀ।''

ਦਿਲਜੀਤ ਪੱਤਰਕਾਰ ਹੈ। ਪੱਤਰਕਾਰਾਂ ਵਾਲੀ ਖੁਰਚਣ ਦੀ ਆਦਤ ਹੈ ਉਸ ਦੀ। ਸ਼ਾਮ ਕੁਝ ਕਹਿਣ ਲਈ ਤਿਆਰ ਹੀ ਹੋ ਰਿਹਾ ਹੈ ਕਿ ਸੋਹਣਪਾਲ ਆ ਜਾਂਦਾ ਹੈ। ਸਭ ਨੂੰ ਹੈਲੋ ਕਹਿੰਦਾ ਹੈ। ਸ਼ਾਮ ਉਸ ਦੇ ਗਲਾਸ ਵੱਲ ਇਸ਼ਾਰਾ ਕਰਦਾ ਹੈ। ਉਹ ਚੀਅਰਜ਼ ਕਹਿੰਦਾ ਉਠਾ ਲੈਂਦਾ ਹੈ ਤੇ ਫਿਰ ਆਖਦਾ ਹੈ,

''ਸੰਗਤ ਦੇ ਬੈਠਨ ਲਈ ਇਹ ਥਾਂ ਬਹੁਤਾ ਠੀਕ ਨਹੀਂ, ਗੱਲ ਢੰਗ ਨਾਲ ਨਹੀਂ ਹੋ ਸਕਣੀ। ਕਿਸੇ ਹੋਰ ਪੱਬ ਵਿਚ ਚਲਦੇ ਆਂ।''

''ਪਰ ਸ਼ਾਮ ਨੂੰ ਇਹੋ ਜਗ੍ਹਾ ਪਸੰਦ ਐ, ਚੱਲ ਤੂੰ ਗੱਲ ਸ਼ੁਰੂ ਕਰ।''

ਜਗਮੋਹਨ ਪਹਿਲੀ ਗੱਲ ਸਭ ਨੂੰ ਤੇ ਦੂਜੀ ਸ਼ਾਮ ਭਾਰਦਵਾਜ ਨੂੰ ਕਹਿੰਦਾ ਹੈ। ਸ਼ਾਮ ਦੋਨਾਂ ਹੱਥਾਂ ਨੂੰ ਮਲ੍ਹਦਾ ਬੋਲਣ ਲੱਗਦਾ ਹੈ,

''ਮੈਂ ਬਹੁਤ ਦਿਨਾਂ ਤੋਂ ਸੋਚੀ ਜਾਨਾਂ ਕਿ ਈਲਿੰਗ ਕੌਂਸਲ ਵਿਚ ਕਈ ਕੌਂਸਲਰ ਏਦਾਂ ਦੇ ਆ ਕਿ ਕੌਂਸਲਰ ਬਣਨ ਦੇ ਬਿਲਕੁਲ ਕਾਬਲ ਨਹੀਂ, ਅਨਪੜ੍ਹ ਕਿਸਮ ਦੇ ਲੋਕ।''

''ਆਪਾਂ ਹੁਣ ਇਨ੍ਹਾਂ ਨੂੰ ਪੜ੍ਹਾਈਏ ?''

ਜਗਮੋਹਨ ਨੂੰ ਸਿਆਸਤ ਨਾਲ ਕੋਈ ਲਗਾਵ ਨਹੀਂ ਹੈ। ਉਸ ਨੂੰ ਪਤਾ ਹੈ ਕਿ ਸ਼ਾਮ ਕੋਈ ਸਿਆਸੀ ਗੱਲ ਹੀ ਕਰੇਗਾ। ਗੁਰਚਰਨ ਕਹਿਣ ਲੱਗਦਾ ਹੈ,

''ਤੂੰ ਗੱਲ ਤਾਂ ਉਹਦੀ ਪੂਰੀ ਸੁਣ ਲੈ।''

''ਹਾਂ, ਮੇਰਾ ਮਤਲਬ ਐ ਕਿ ਆਪਾਂ ਸਾਰੇ ਪੜ੍ਹੇ ਲਿਖੇ ਆਂ, ਆਪਾਂ ਕਿਉਂ ਨਹੀਂ ਕੌਂਸਲ ਦੀਆਂ ਚੋਣਾ ਲੜਦੇ, ਇਨ੍ਹਾਂ ਪੇਂਡੂ ਅਨਪੜ੍ਹਾਂ ਨੂੰ ਖਦੇੜ ਕੇ ਔਹ ਮਾਰੀਏ।''

''ਓਹ ਸ਼ਾਮ ਭਾਈ, ਏਦਾਂ ਨਹੀਂ ਕਿਸੇ ਨੂੰ ਖਦੇੜਿਆ ਜਾ ਸਕਦਾ, ਇਨ੍ਹਾਂ ਲੋਕਾਂ ਨੂੰ ਸਾਲਾਂ ਦੇ ਸਾਲ ਲੱਗ ਗਏ ਆ ਲੋਕਾਂ ਵਿਚ ਆਪਣਾ ਨਾਂ ਬਣਾਉਣ ਲਈ, ਤੇਰੇ ਅਰਗਾ ਕੋਈ ਕੱਲ ਨੂੰ ਉਠ ਕੇ ਕਹੇ ਕਿ.....।''

''ਮੈਂ ਕਿਹੜੀ ਕੱਲ ਦੀ ਈ ਗੱਲ ਕਰ ਰਿਹਾਂ, ਮੈਂ ਤਾਂ ਲੌਂਗ ਟਰਮ ਬਾਰੇ ਕਹਿੰਨਾਂ, ਹੁਣ ਆਪਣੇ ਵਿਚੋਂ ਸੋਹਣਪਾਲ ਸਿਆਸਤ ਵਿਚ ਹਿੱਸਾ ਲੈਂਦਾ ਪਰ ਪਿੱਛੇ ਰਹਿ ਕੇ ਈ, ਏਹਨੂੰ ਕੌਂਸਲਰ ਬਣਾਈਏ।''

''ਨਾ ਬਈ, ਮੈਂ ਜੇ ਕੌਂਸਲਰ ਲਈ ਖੜਨਾ ਹੁੰਦਾ ਤਾਂ ਕਈ ਸਾਲ ਪਹਿਲਾਂ ਈ ਬਣ ਜਾਂਦਾ ਪਰ ਮੈਨੂੰ ਕਿੰਗ ਬਣਨ ਨਾਲੋਂ ਕਿੰਗ ਮੇਕਰ ਬਣਨ ਵਿਚ ਜ਼ਿਆਦਾ ਮਜ਼ਾ ਦਿਸਦੈ, ਤੇ ਮੈਂ ਏਦਾਂ ਈ ਖ਼ੁਸ਼ ਆਂ।''

''ਫੇਰ ਤੂੰ ਸਾਡੇ ਵਿਚੋਂ ਕਿਸੇ ਨੂੰ ਕਿੰਗ ਬਣਾ, ਮੈਂ ਚਾਹੁੰਨਾਂ ਕਿ ਆਪਾਂ ਏਸ ਚੋਣ ਵਿਚ ਭਾਗ ਲਈਏ। ਕਿਉਂ ਬਈ?''

ਕਹਿੰਦਾ ਸ਼ਾਮ ਭਾਰਦਵਾਜ ਜਗਮੋਹਨ ਵੱਲ ਦੇਖਦਾ ਹੈ। ਜਗਮੋਹਨ ਅੱਗਿਉਂ ਆਖਦਾ ਹੈ,

''ਸ਼ਾਮ, ਮੈਂ ਵੀ ਇਸ ਰੇਸ ਦਾ ਘੋੜਾ ਨਹੀਂ, ਤੁਸੀਂ ਸਾਰੇ ਈ ਖੜ ਜਾਓ ਮੈਂ ਪਿੱਛਿਉਂ ਪੂਰੀ ਸਪੋਰਟ ਕਰੂੰ।''

ਜਗਮੋਹਣ ਤੋਂ ਬਾਅਦ ਗੁਰਚਰਨ ਵੀ ਹੱਥ ਖੜੇ ਕਰ ਜਾਂਦਾ ਹੈ ਤੇ ਦਿਲਜੀਤ ਨੂੰ ਵੀ ਕੋਈ ਦਿਲਚਸਪੀ ਨਹੀਂ। ਉਹ ਪੰਜਾਬੀ ਦੇ ਇਕ ਸਪਤਾਹਿਕ ਪਰਚੇ ਦਾ ਐਡੀਟਰ ਹੈ ਜਿਸ ਦਾ ਮਾਲਕ ਰਾਜਕੁਮਾਰ ਮਿੱਤਲ ਇਸੇ ਪਰਚੇ ਨੂੰ ਹਿੰਦੀ ਵਿਚ ਵੀ ਕੱਢਦਾ ਹੈ। ਹਿੰਦੀ ਵਿਚ ''ਆਇਨਾ'' ਤੇ ਪੰਜਾਬੀ ਵਿਚ ''ਨਵੇਂ ਅਕਸ''। ਹਿੰਦੀ ਦੇ ਪਾਠਕਾਂ ਦੀ ਗਿਣਤੀ ਤਾਂ ਲੰਡਨ ਵਿਚ ਐਵੇਂ ਨਾਂ ਬਰਾਬਰ ਹੀ ਹੈ ਪਰ ਪੰਜਾਬੀ ਦਾ ਪਰਚਾ ਠੀਕ ਵਿਕ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਭਾਰਤੀ ਸਰਕਾਰ ਇਸ ਨੂੰ ਪੂਰੀ ਮਦਦ ਦੇ ਰਹੀ ਹੈ। ਸਾਊਥਾਲ ਵਿਚੋਂ ਨਿਕਲਦੇ ਪੰਜਾਬੀ ਦੇ ਬਹੁਤੇ ਪਰਚੇ ਖਾਲਿਸਤਾਨ ਦੀ ਬੋਲੀ ਬੋਲਦੇ ਹਨ ਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਭਾਰਤੀ ਸਰਕਾਰ ਰਾਜਕੁਮਾਰ ਮਿੱਤਲ ਦੀ ਕਿਸੇ ਨਾ ਕਿਸੇ ਤਰ੍ਹਾਂ ਮਾਇਕ ਸਹਾਇਤਾ ਕਰਦੀ ਹੈ। ਦਿਲਜੀਤ ਆਖਦਾ ਹੈ,

''ਮੇਰੇ ਕੋਲ ਤਾਂ ਟਾਈਮ ਹੀ ਨਹੀਂ, ਆਹ ਜਿਹੜੀ ਮੂਲਵਾਦ ਦੀ ਜ਼ਹਿਰੀਲੀ ਹਵਾ ਚੱਲੀ ਹੋਈ ਐ, ਏਹਨੂੰ ਠੱਲ੍ਹ ਪਾਉਣ ਵਿਚ ਜਿਹੜਾ ਪਰਚੇ ਰਾਹੀਂ ਮੇਰਾ ਯੋਗਦਾਨ ਪੈ ਰਿਹੈ ਉਧਰੋਂ ਹੀ ਵਕਤ ਨਹੀਂ ਐ ਮੇਰੇ ਕੋਲ ਵਾਧੂ।''

ਸ਼ਾਮ ਭਾਰਦਵਾਜ ਮੁਸਕਰਾਉਂਦਾ ਹੈ ਜਿਵੇਂ ਕਿ ਇਹੋ ਸੁਣਨਾ ਚਾਹੁੰਦਾ ਹੋਵੇ ਤੇ ਠਹਿਰੀ ਜਿਹੀ ਆਵਾਜ਼ ਵਿਚ ਆਖਦਾ ਹੈ,

''ਫੇਰ ਤੁਸੀਂ ਸਾਰੇ ਮੇਰੇ ਨਾਲ ਖੜੋ, ਮੈਨੂੰ ਕੌਂਸਲਰ ਬਣਾਓ।''

''ਛੱਡ ਯਾਰ ਸ਼ਾਮ, ਕੌਂਸਲਰ ਦੀ ਵੀ ਕੋਈ ਜੌਬ ਐ।''

''ਠੀਕ ਐ ਤੇਰੀ ਗੱਲ ਸੋਹਣਪਾਲ, ਮੇਰੀ ਨਿਗ੍ਹਾ ਤਾਂ ਇਸ ਤੋਂ ਅੱਗੇ ਜਾਣ ਦੀ ਐ, ਐਮ.ਪੀ. ਤੱਕ।''

''ਐਮ.ਪੀ. ਦੀ ਪੋਸਟ ਉਪਰ ਬੜੇ ਬੜੇ ਘੜਿਆਲ ਨਜ਼ਰ ਟਿਕਾਈ ਬੈਠੇ ਆ, ਤੂੰ ਏਨੀ ਛੇਤੀ ਕੀ ਕਰੇਂਗਾ।''

''ਮੈਂ ਛੇਤੀ ਨਾਲ ਕੁਸ਼ ਕਰਨ ਲਈ ਕਦੋਂ ਕਹਿੰਨਾਂ, ਮੈਨੂੰ ਕੋਈ ਕਾਹਲੀ ਨਹੀਂ।''

ਸਾਰੇ ਹਾਂ ਵਿਚ ਸਿਰ ਮਾਰਦੇ ਚੁੱਪ ਹੋ ਜਾਂਦੇ ਹਨ। ਦਿਲਜੀਤ ਪੁੱਛਣ ਲੱਗਦਾ ਹੈ,

''ਕਿਹੜੀ ਪਾਰਟੀ ਵਿਚ ਜਾਏਂਗਾ?''

''ਲੇਬਰ ਪਾਰਟੀ ਦਾ ਮੈਂ ਮੈਂਬਰ ਆਂ ਯਾਰ।''

''ਲੇਬਰ ਪਾਰਟੀ ਕੋਲ ਤਾਂ ਪਹਿਲਾਂ ਈ ਕੌਂਸਲਰ ਵਾਧੂ ਹੋਏ ਫਿਰਦੇ ਆ।''

''ਪਹਿਲਾਂ ਕੈਂਡੀਡੇਟ ਤਾਂ ਬਣੇ ਇਹ।''

''ਲੇਬਰ ਪਾਰਟੀ ਦੀ ਕੈਂਡੀਡੇਸੀ ਲਈ ਵੀ ਲੋਕ ਸੜਕਾਂ 'ਤੇ ਤੁਰੇ ਫਿਰਦੇ ਆ।''

ਸੋਹਣਪਾਲ ਆਖਦਾ ਹੈ। ਸ਼ਾਮ ਭਾਰਦਵਾਜ ਦੇ ਹੌਸਲੇ ਪਸਤ ਹੋਣ ਲੱਗਦੇ ਹਨ। ਉਹ ਫਿਰ ਆਖਦਾ ਹੈ,

''ਆਹ ਯਾਰ, ਮਾਣਕੂੰ, ਪਰਦੇਸੀ, ਕੰਵਲ ਜਿਹੇ ਕਿੱਦਾਂ ਬਣ ਗਏ?''

''ਇਹ ਵੀ ਬਣ ਗਏ, ਏਹਦਾ ਇਕ ਪਰੋਸੀਜ਼ਰ ਐ, ਓਹਨੂੰ ਫੌਲੋ ਕਰਨਾ ਪੈਣੈ।''

''ਯਾਰ ਸੋਹਣਪਾਲ, ਤੂੰ ਸ਼ਾਮ ਨੂੰ ਏਦਾਂ ਦੀਆਂ ਗੱਲਾਂ ਨਾਲ ਹਾਰਟ ਅਟੈਕ ਨਾ ਦਵਾ ਦੇਵੀਂ, ਸਿਧੀ ਤਰ੍ਹਾਂ ਦਸ ਕਿ ਇਹਨੂੰ ਕਿਹੜੀਆਂ ਪੌੜੀਆਂ ਚੜ੍ਹਨਾ ਪੈਣੈ ?''

''ਪਰੋਸੀਜ਼ਰ ਇਹ ਐ ਕਿ ਹਰ ਕੈਂਡੀਡੇਟ ਨੂੰ ਸਿਲੈਕਸ਼ਨ ਕਮੇਟੀ ਮੂਹਰੇ ਜਾਣਾ ਪੈਂਦੈ, ਉਥੇ ਜਾ ਕੇ ਦੱਸਣਾ ਪੈਂਦੈ ਕਿ ਉਸ ਵਿਚ ਕੌਂਸਲਰ ਬਣਨ ਦੀ ਕਿਹੜੀ ਕਾਬਲੀਅਤ ਐ, ਲੈਕਚਰ ਬਗੈਰਾ ਤੂੰ ਦੇ ਈ ਲਵੇਂਗਾ, ਉਥੇ ਹੀ ਪਾਰਟੀ ਦੇ ਸਾਰੇ ਮੈਂਬਰ ਬੈਠੇ ਹੁੰਦੇ ਆ, ਉਨ੍ਹਾਂ ਨੂੰ ਕਨਵਿੰਸ ਕਰਨਾ ਪੈਂਦੈ, ਵੋਟਿੰਗ ਹੁੰਦੀ ਐ, ਜਿਹਦੀਆਂ ਜ਼ਿਆਦਾ ਵੋਟਾਂ ਉਹ ਕੌਂਸਲਰ ਲਈ ਪਾਰਟੀ ਦਾ ਕੈਂਡੀਡੇਟ ਚੁਣਿਆ ਜਾਂਦੈ, ਇਹ ਤਾਂ ਤੈਨੂੰ ਪਤਾ ਈ ਐ ਕਿ ਈਲਿੰਗ ਵਿਚ ਲੇਬਰ ਦਾ ਜ਼ੋਰ ਐ, ਲੇਬਰ ਦਾ ਕੈਂਡੀਡੇਟ ਅਗਾਂਹ ਚੁਣਿਆ ਹੀ ਜਾਂਦੈ, ਜੱਦੋਜਹਿਦ ਬਸ ਕੈਂਡੀਡੇਟ ਦੀ ਨੌਮੀਨੇਸ਼ਨ ਜਿੱਤਣ ਦੀ ਐ।''

''ਸ਼ਾਮ, ਤੇਰੀ ਗੱਲ ਨਹੀਂ ਬਈ ਬਣਨੀ।''

ਜਗਮੋਹਣ ਸੋਹਣਪਾਲ ਦੀ ਗੱਲ ਸੁਣ ਕੇ ਆਪਣੀ ਰਾਏ ਦਿੰਦਾ ਹੈ। ਸ਼ਾਮ ਕੁਝ ਨਹੀਂ ਬੋਲਦਾ, ਸੋਹਣਪਾਲ ਫਿਰ ਆਖਦਾ ਹੈ,

''ਇਥੇ ਟਰਿੱਕ ਇਹ ਐ ਕਿ ਵੱਧ ਤੋਂ ਵੱਧ ਲੋਕਾਂ ਨੂੰ ਲੇਬਰ ਪਾਰਟੀ ਦੇ ਮੈਂਬਰ ਬਣਾਓ ਤੇ ਜਿੱਦਣ ਸਿਲੈਕਸ਼ਨ ਹੋਵੇ ਸਾਰੇ ਮੈਂਬਰਾਂ ਨੂੰ ਲੈ ਜਾਓ। ਜੇ ਤੁਹਾਡੀਆਂ ਵੋਟਾਂ ਵੱਧ ਗਈਆਂ ਤਾਂ ਤੁਸੀਂ ਕੈਂਡੀਡੇਟ ਵੀ ਚੁਣੇ ਗਏ।''

''ਇਹ ਹੇਰਾਫੇਰੀ ਨਹੀਂ?''

''ਨਹੀਂ, ਇਹ ਸਿਆਸਤ ਐ।''

''ਇਸੇ ਲਈ ਮੈਂ ਸਿਆਸਤ ਨੂੰ ਨਫਰਤ ਕਰਦਾਂ।''

''ਜੱਗਿਆ, ਨਫਰਤ ਵਾਲੀ ਏਹਦੇ ਵਿਚ ਕੋਈ ਗੱਲ ਨਹੀਂ, ਗੋਰੇ ਕੈਂਡੀਡੇਟ ਵੀ ਕਈ ਵਾਰ ਏਦਾਂ ਕਰਦੇ ਆ ਪਰ ਅਸੀਂ ਤਾਂ ਕਰਦੇ ਈ ਏਦਾਂ ਆਂ, ਇਹ ਇਕ ਪਰੋਸੀਜ਼ਰ ਐ, ਅਸਲ ਗੱਲ ਇਹ ਐ ਕਿ ਜਿਹੜੇ ਬੰਦੇ ਲੋਕਾਂ ਵਿਚ ਜਾ ਕੇ ਜ਼ਿਆਦਾ ਕੰਮ ਕਰਦੇ ਆ ਉਹੀ ਮੂਹਰੇ ਆਉਂਦੇ ਆ।''

''ਲੋਕਾਂ ਵਿਚ ਤਾਂ ਮੈਂ ਵੀ ਜਾਊਂ, ਮੇਰੇ ਬਹੁਤ ਲੋਕ ਵਾਕਫ ਐ। ਮੈਂ ਸਭ ਨੂੰ ਪਾਰਟੀ ਦੇ ਮੈਂਬਰ ਬਣਾ ਦੇਊਂ, ਥੋੜੀ ਜਿੰਨੀ ਤਾਂ ਮੈਂਬਰਸ਼ਿੱਪ ਫੀਸ ਐ, ਮੈਂ ਦੇ ਦਿਆ ਕਰੂੰ।''

''ਫੀਸ ਤਾਂ ਥੋੜ੍ਹੀ ਈ ਹੁੰਦੀ ਐ ਪਰ ਬਹੁਤ ਧਿਆਨ ਨਾਲ ਚੱਲਣਾ ਪੈਣੈ, ਅਗਲੇ ਨਜ਼ਰ ਵੀ ਰੱਖਦੇ ਆ ਪੂਰੀ ਤਰ੍ਹਾਂ, ਇਹ ਮੈਂਬਰਸ਼ਿੱਪ ਫੀਸ ਕੋਈ ਕੈਂਡੀਡੇਟ ਨਹੀਂ ਭਰ ਸਕਦਾ।''

ਸਾਰੇ ਸੋਚਣ ਲੱਗਦੇ ਹਨ। ਗੁਰਚਰਨ ਆਖਦਾ ਹੈ,

''ਪਹਿਲਾਂ ਕਦੇ ਸੋਚਿਆ ਈ ਨਹੀਂ ਸੀ ਇਹਦੇ ਬਾਰੇ।''

''ਕਦੇ ਕਿਸੇ ਫੰਕਸ਼ਨ ਵਿਚ ਹਿੱਸਾ ਲਵੋਂ ਤਾਂ ਹੀ ਪਤਾ ਚੱਲੂ, ਘਰੋਂ ਕੰਮ 'ਤੇ ਤੇ ਕੰਮ ਤੋਂ ਪੱਬ ਵਿਚ। ਜੇ ਅੱਖ ਖੋਲ੍ਹ ਕੇ ਰੱਖੋਂ ਕਿ ਸਾਊਥਾਲ ਵਿਚ ਕੀ ਕੀ ਹੋ ਰਿਹੈ ਤਾਂ ਹੀ ਪਤਾ ਚੱਲੇ। ਆਹ ਦੇਖ ਆਪਣੇ ਲੋਕਾਂ ਨੇ ਏਦਾਂ ਈ ਵੋਟਾਂ ਨਾਲ ਪੁਰਾਣਾ ਪਾਪੂਲਰ ਗੋਰਾ ਐਮ.ਪੀ. ਚੁੱਕ ਕੇ ਔਹ ਮਾਰਿਆ।''

''ਇਹ ਤਾਂ ਸ਼ਰੇਆਮ ਫੱਕਰੀ ਐ।''

''ਫੱਕਰੀ ਨਹੀਂ ਸਿਆਸਤ ਐ, ਜੇ ਇਹ ਪਰੋਸੀਜ਼ਰ ਨਾ ਹੁੰਦਾ ਤਾਂ ਇਥੋਂ ਕਦੇ ਵੀ ਦੇਸੀ ਐਮ.ਪੀ. ਨਹੀਂ ਸੀ ਬਣਨਾ।''

''ਫੇਰ ਤਾਂ ਨੌਮੀਨੇਸ਼ਨ ਜਿੱਤਣੀ ਸੌਖੀ ਈ ਹੋਈ।''

''ਨਹੀਂ, ਏਨੀ ਸੌਖੀ ਨਹੀਂ, ਗੋਰੇ ਵੀ ਇਹੋ ਦਾਅ ਵਰਤ ਜਾਂਦੇ ਆ ਨਾਲੇ ਹੁਣ ਤਾਂ ਸਾਡਾ ਵਾਹ ਮੁਹਰੇ ਦੇਸੀ ਲੋਕਾਂ ਨਾਲ ਈ ਐ, ਕਾਰਾਂ ਭਰ ਕੇ ਤੁਸੀਂ ਲਿਆਓਗੇ, ਉਹ ਵੀ ਵੈਨਾਂ ਲੱਦ ਕੇ ਪਹੁੰਚੇ ਹੋਏ ਹੋਣਗੇ।''

ਸ਼ਾਮ ਭਾਰਦਵਾਜ ਸਭ ਦੀਆਂ ਗੱਲਾਂ ਸੁਣਦਾ ਰਹਿੰਦਾ ਹੈ। ਫਿਰ ਸਭ ਨੂੰ ਚੁੱਪ ਕਰਾਉਂਦਾ ਆਖਦਾ ਹੈ,

''ਮੈਂ ਇਸ ਪੰਗੇ ਲਈ ਤਿਆਰ ਆਂ ਬਸ਼ਰਤੇ ਤੁਸੀਂ ਮੇਰੀ ਮੱਦਦ ਕਰੋ।''

''ਅਸੀਂ ਤੇਰੇ ਨਾਲ ਆਂ ਪੂਰੀ ਤਰ੍ਹਾਂ।''

''ਫੇਰ ਵੱਧ ਤੋਂ ਵੱਧ ਲੋਕਾਂ ਨੂੰ ਲੇਬਰ ਪਾਰਟੀ ਦੇ ਮੈਂਬਰ ਬਣਾਓ ਮੇਰੇ ਲਈ।''

ਉਸ ਦੀ ਗੱਲ 'ਤੇ ਕੋਈ ਨਹੀਂ ਬੋਲਦਾ। ਫਿਰ ਜਗਮੋਹਨ ਕਹਿੰਦਾ ਹੈ,

''ਸ਼ਾਮ, ਅਸੀਂ ਤੇਰੀਆਂ ਵੋਟਾਂ ਜਿਥੇ ਮਰਜ਼ੀ ਭੁਗਤਾ ਲੈ ਏਦੂੰ ਵੱਧ ਕੁਸ਼ ਨਹੀਂ।''

''ਹਾਂ ਬਈ ਸ਼ਾਮ, ਸੌ ਪੌਂਡ ਤੈਨੂੰ ਫੰਡ ਦੇ ਦਊਂ।''

''ਫੰਡ ਤਾਂ ਲਵਾਂਗੇ ਈ ਪਰ ਕਨਵੈਂਸਿੰਗ ਵੀ ਕਰਨੀ ਹੋਈ।''

ਫਿਰ ਉਹ ਨੌਮੀਨੇਸ਼ਨ ਜਿੱਤਣ ਬਾਰੇ ਸਕੀਮਾਂ ਘੜਦੇ ਹਨ। ਫਿਰ ਅਚਾਨਕ ਸ਼ਾਮ ਆਖਦਾ ਹੈ,

''ਮੈਨੂੰ ਇਕ ਸਕੀਮ ਸੁੱਝੀ ਐ।''

''ਕਿਹੜੀ ?''

''ਕਿ ਆਪਾਂ ਇਕ ਲੀਗਲ ਏਡ ਕਮੇਟੀ ਬਣਾਈਏ ਤੇ ਇਮੀਗਰੇਸ਼ਨ ਦੇ ਕੇਸ ਲੋਕਾਂ ਦੇ ਮੁਫਤ ਲੜੀਏ, ਉਨ੍ਹਾਂ ਨੂੰ ਪੱਕੇ ਕਰਾਈਏ ਤੇ ਸਾਡੀ ਵੋਟ ਪੱਕੀ।''

ਸ਼ਾਮ ਭਾਰਦਵਾਜ ਦੀ ਗੱਲ 'ਤੇ ਜਗਮੋਹਨ ਤੇ ਗੁਰਚਰਨ ਇਕ ਦੂਜੇ ਵੱਲ ਦੇਖਦੇ ਹਨ। ਉਨ੍ਹਾਂ ਦੋਨਾਂ ਨੇ ਵੀ ਭਾਰਤ ਤੋਂ ਸ਼ਾਮ ਨਾਲ ਹੀ ਵਕਾਲਤ ਕੀਤੀ ਹੈ। ਉਹ ਤਿੰਨੋਂ ਹੀ ਜਮਾਤੀ ਰਹੇ ਹਨ ਪਰ ਇਥੇ ਆ ਕੇ ਵਕਾਲਤ ਦੇ ਪੇਸ਼ੇ ਵਿਚ ਨਹੀਂ ਪਏ। ਦਿਲਜੀਤ ਬੋਲਦਾ ਹੈ,

"ਇਹ ਕੰਮ ਤਾਂ ਤੁਹਾਨੂੰ ਬਹੁਤ ਦੇਰ ਪਹਿਲਾਂ ਕਰਨਾ ਚਾਹੀਦਾ ਸੀ, ਆਹ ਇਮੀਗਰੇਸ਼ਨ ਐਡਵਾਈਜ਼ਰਾਂ ਨੂੰ ਨਾ ਲਾਅ ਦੀ ਸਮਝ ਐ ਨਾ ਕੁਝ ਹੋਰ, ਭੋਲੇ ਭਾਲੇ ਲੋਕਾਂ ਨੂੰ ਲੁੱਟੀ ਜਾ ਰਹੇ ਆ, ਜੇ ਤੁਸੀਂ ਇਹ ਕੰਮ ਸ਼ੁਰੂ ਕਰੋ ਤਾਂ ਕਿੰਨਿਆਂ ਦਾ ਭਲਾ ਹੋ ਜਾਵੇ।"

ਜਗਮੋਹਣ ਤੇ ਗੁਰਚਰਨ ਮੰਨ ਜਾਂਦੇ ਹਨ। ਜਗਮੋਹਨ ਆਖਦਾ ਹੈ,

"ਮੈਂ ਸ਼ਾਮ ਨੂੰ ਦੋ ਘੰਟੇ ਰੋਜ਼ ਕੱਢ ਸਕਦਾਂ, ਪੱਬ ਨਾ ਗਏ ਇਹ ਕੰਮ ਕਰ ਲਿਐ।"

"ਲੈ ਬਈ ਸੋਹਣਪਾਲ, ਹੁਣ ਤੇਰੇ ਜ਼ਿੰਮੇ ਇਕ ਕੰਮ ਐ, ਤੂੰ ਸਾਨੂੰ ਕੋਈ ਅਜਿਹਾ ਟਿਕਾਣਾ ਲੱਭ ਕੇ ਦੇਹ ਜਿਥੇ ਬੈਠ ਕੇ ਇਹ ਕੰਮ ਕਰ ਸਕੀਏ।"

ਗੱਲ ਕਰਦਾ ਸ਼ਾਮ ਖੁਸ਼ ਹੈ ਕਿ ਉਸ ਦੀ ਅੱਜ ਦੀ ਇਹ ਮੀਟਿੰਗ ਦਾ ਬੁਲਾਉਣਾ ਕਾਮਯਾਬ ਰਿਹਾ ਹੈ। ਸੋਹਣਪਾਲ ਕਹਿੰਦਾ ਹੈ,

"ਆਪਣਾ ਕਾਮਰੇਡ ਹੈਗਾ ਨਾ ਇਕਬਾਲ, ਜਿਹੜਾ ਗਜ਼ਲਾਂ ਵੀ ਲਿਖਦੈ, ਉਹਦਾ ਆਹ ਲੇਡੀ ਮਾਰਗਰੇਟ ਰੋਡ ਵਾਲਾ ਘਰ ਵਿਹਲਾ ਈ ਐ, ਏਦਾਂ ਦੇ ਕੰਮਾਂ ਲਈ ਈ ਵਰਤਿਆ ਜਾਂਦੈ, ਆਪਾਂ ਕਿਸੇ ਦਿਨ ਪੁੱਛ ਲੈਨੇ ਆਂ, ਫੋਨ ਵਰਤਣਾ ਸ਼ਾਇਦ ਮੁਸ਼ਕਲ ਹੋਵੇ ਉਥੋਂ।"

"ਪੁੱਛ ਫੇਰ ਓਹਨੂੰ ਕਿਸੇ ਵੇਲੇ ਫੇਰ ਆਪਾਂ ਲੀਫਲੈਂਟ ਛਪਵਾ ਕੇ ਬਰਾਡਵੇਅ 'ਤੇ ਵੰਡ ਦੇਵਾਂਗੇ।"

"ਉਹ ਸਭ ਤਾਂ ਹੋ ਜਾਊ, ਪਰ ਇਮੀਗਰੇਸ਼ਨ ਲਾਅ ਬਾਰੇ ਪਤਾ ਕੁਸ਼?"

"ਬਿਲਕੁਲ, ਮੈਂ ਅੱਪ ਟੂ ਡੇਟ ਰਹਿੰਨਾਂ, ਮੈਂ ਕਈ ਕੇਸ ਕਰਾਏ ਵੀ ਆ, ਏਦਾਂ ਜੱਗੇ ਨੇ ਵੀ ਕਈਆਂ ਨੂੰ ਪੱਕੇ ਕਰਾਇਆ, ਏਹਨੇ ਤਾਂ ਸੰਧੂ ਨਾਲ ਕੁਸ਼ ਦੇਰ ਲਾਈ ਵੀ ਸੀ, ਗੁਰਚਰਨ ਨੂੰ ਅਸੀਂ ਨਾਲ ਤੋਰ ਲਵਾਂਗੇ।"

ਸ਼ਾਮ ਖੁਸ਼ੀ ਖੁਸ਼ੀ ਦੱਸਦਾ ਹੈ। ਫਿਰ ਉਹ ਜਗਮੋਹਨ ਨੂੰ ਪੁੱਛਦਾ ਹੈ,

"ਤੇਰੇ ਡਰਾਮਿਆਂ ਵਾਲੇ ਪੰਗੇ ਦਾ ਕੀ ਬਣੂੰ?"

"ਡਰਾਮਿਆਂ ਵਿਚ ਇਹ ਕਿਹੜਾ ਦਲੀਪ ਕੁਮਾਰ ਐ!"

"ਸਾਲ਼ੀ ਉਮਰ ਨਿਕਲ਼ ਗਈ, ਮੈਂ ਇਹਨੂੰ ਕਿਤੇ ਡਰਾਮਾ ਖੇਡਦੇ ਨਹੀਂ ਦੇਖਿਆ, ਹਾਂ, ਏਹਦੀਆਂ ਗੱਲਾਂ ਬਹੁਤ ਸੁਣੀਆਂ,"

"ਇਹ ਗੱਲਾਂ ਕਰਕੇ ਈ ਸੁਆਦ ਲੈਂਦਾ, ਲਈ ਜਾਣ ਦਿਓ, ਤੁਹਾਡਾ ਕੀ ਜਾਂਦਾ!"

"ਉਹ ਸੁੱਖੀ ਵਾਲੇ ਸੁਫਨੇ ਤਾਂ ਹੁਣ ਬੰਦ ਹੋ ਗਏ ਆ ਨਾ?"

ਉਹ ਸਾਰੇ ਜਗਮੋਹਣ ਪਿੱਛੇ ਪੈ ਜਾਂਦੇ ਹਨ। ਉਹ ਅਗਿਓਂ ਕੁਝ ਨਹੀਂ ਬੋਲਦਾ ਤੇ ਮਿੰਨਾ ਮਿੰਨਾ ਮੁਸਕਰਾਈ ਜਾ ਰਿਹਾ ਹੈ।

ਨੌਂ

ਜਦੋਂ ਦੀ ਸਾਧੂ ਸਿੰਘ ਨੂੰ ਉਮਰ ਕੈਦ ਹੋਈ ਹੈ ਜਗਮੋਹਣ ਨੂੰ ਸੁੱਖੀ ਦਾ ਖਿਆਲ ਆਉਣਾ ਬਹੁਤ ਘੱਟ ਗਿਆ ਹੈ। ਫਿਰ ਰਾਜਾ ਰਾਜ ਭੋਜ ਦੀ ਜਗ੍ਹਾ ਵੀ ਕੁਝ ਹੋਰ ਖੁੱਲ੍ਹ ਗਿਆ ਹੈ ਪਰ ਉਹ ਸਵਿਮਿੰਗ ਲਈ ਮੁੜ ਕੇ ਨਹੀਂ ਜਾ ਸਕਦਾ। ਉਸ ਨੂੰ ਪਤਾ ਹੈ ਕਿ ਉਸ ਨੂੰ ਆਪਣੇ ਮੁੰਡਿਆਂ ਨੂੰ ਤੈਰਨ ਦੀ ਟਰੇਨਿੰਗ ਜ਼ਰੂਰ ਦੇਣੀ ਚਾਹੀਦੀ ਹੈ ਪਰ ਉਧਰ ਨੂੰ ਜਾਣ ਦੀ ਉਸ ਦੀ ਹਿੰਮਤ ਨਹੀਂ ਪੈ ਰਹੀ। ਮਨਦੀਪ ਸਭ ਸਮਝਦੀ ਹੈ। ਉਹ ਕਹਿੰਦੀ ਹੈ,

"ਤੁਸੀਂ ਹੇਜ਼ ਚਲੇ ਜਾਇਆ ਕਰੋ, ਉਹ ਵੀ ਸੁਹਣਾ ਸਵਿਮਿੰਗ ਪੂਲ ਐ। ਮੇਰੀ ਫਰਿੰਡ ਦੇ ਨਿਆਣੇ ਉਥੇ ਈ ਜਾਂਦੇ ਆ।"

ਉਹ ਕੁਝ ਨਹੀਂ ਆਖਦਾ। ਉਸ ਦਾ ਮਨ ਹਾਲੇ ਨਹੀਂ ਬਣ ਰਿਹਾ। ਉਸ ਨੂੰ ਇਹੋ ਖੁਸ਼ੀ ਹੈ ਕਿ ਸੁੱਖੀ ਦਾ ਭੂਤ ਉਸ ਉਪਰੋਂ ਉਤਰਨ ਲੱਗਿਆ ਹੈ। ਕੁਝ ਠੀਕ ਹੁੰਦੇ ਹੀ ਉਹ ਭੁਪਿੰਦਰ ਨੂੰ ਵੀ ਮਿਲਦਾ ਹੈ। ਕਿਸੇ ਵੇਲੇ ਉਹ ਭੁਪਿੰਦਰ ਦੇ ਡਰਾਮਿਆਂ ਦੀਆਂ ਰੀਹਰਸਲਾਂ ਵਿਚ ਹਿੱਸਾ ਲਿਆ ਕਰਦਾ ਸੀ। ਮੁੜ ਇਸ ਸ਼ੌਕ ਨੂੰ ਅਪਣਾਉਣਾ ਚਾਹੁੰਦਾ ਹੈ। ਭੁਪਿੰਦਰ ਦੋ ਡਰਾਮੇ ਪਹਿਲਾਂ ਸਟੇਜ ਕਰ ਚੁੱਕਾ ਹੈ। ਇਕ ਫਿਲਮ ਵੀ ਬਣਾਈ ਹੈ ਪਰ ਕਾਮਯਾਬੀ ਨਹੀਂ ਮਿਲ ਰਹੀ। ਭੁਪਿੰਦਰ ਦਾ ਵੱਡਾ ਭਰਾ ਚੰਡੀਗੜ੍ਹ ਦਾ ਜਾਣਿਆ ਪਛਾਣਿਆ ਰੰਗ ਕਰਮੀ ਹੈ ਪਰ ਭੁਪਿੰਦਰ ਉਸ ਜਿਡਾ ਕੱਦ ਨਹੀਂ ਬਣਾ ਸਕਿਆ। ਡਰਾਮੇ ਜਗਮੋਹਨ ਦਾ ਅਜਿਹਾ ਸ਼ੌਂਕ ਹੈ ਕਿ ਇਸ ਬਿਨਾਂ ਉਹ ਰਹਿ ਸਕਦਾ ਹੈ। ਭੁਪਿੰਦਰ ਆਪਣੀ ਐਕਟਿੰਗ ਨੂੰ ਲੈ ਕੇ ਕਾਫੀ ਗੰਭੀਰ ਹੈ। ਉਹ ਭੁਪਿੰਦਰ ਨੂੰ ਫਿਰ ਮਿਲਦਾ ਹੈ। ਭੁਪਿੰਦਰ ਉਸ ਨੂੰ ਕਹਿਣ ਲੱਗਦਾ ਹੈ,

"ਯਾਰ ਜੱਗੇ, ਕੋਈ ਕਹਾਣੀ ਲੱਭ, ਕੋਈ ਟੱਚੀ ਜਿਹੀ ਕਹਾਣੀ, ਇਕਦਮ ਕਲਿੱਕ ਕਰਨ ਵਾਲੀ।"

ਵੈਸੇ ਤਾਂ ਭੁਪਿੰਦਰ ਦੀ ਪੂਰੀ ਟੀਮ ਹੈ। ਵਿਚ ਵਿਚ ਮੈਂਬਰ ਰਲਦੇ ਟੁੱਟਦੇ ਰਹਿੰਦੇ ਹਨ। ਰਮੇਸ਼ ਤੇ ਨਾਹਰ ਹੁਣੇ ਜਿਹੇ ਜੁੜੇ ਹਨ। ਜਗਮੋਹਨ ਦੇ ਮੁੜ ਆਉਣ 'ਤੇ ਭੁਪਿੰਦਰ ਕਾਫੀ ਉਤਸ਼ਾਹਿਤ ਹੈ। ਉਹ ਜਗਮੋਹਣ ਨੂੰ ਇਕ ਸਕਰਿਪਟ ਦਿੰਦਾ ਆਖਦਾ ਹੈ,

"ਇਹਨੂੰ ਪੜ੍ਹ ਕੇ ਦੇਖ, ਇੰਡੀਆ ਤੋਂ ਆਈ ਐ, ਰਸ਼ੀਅਨ ਰਾਈਟਰ ਦੀ ਲਿਖੀ ਹੋਈ ਐ, ਰਮਾਇਣ ਐ, ਸਿਰਫ ਦੋ ਕਰੈਕਟਰ ਚਾਹੀਦੇ ਆ ਇਕ ਰਾਮ, ਇਕ ਸੀਤਾ। ਉਹੀ ਕਰੈਕਟਰ ਸੀਤਾ ਤੇ ਲਛਮਣ ਤੇ ਰਾਮ ਤੇ ਸਰੂਪਨਖਾ ਤੇ ਰਾਵਣ ਤੇ ਸੀਤਾ ਦਾ ਰੋਲ ਨਿਭਾਉਣਗੇ, ਬਿਲਕੁਲ ਨਵੀਂ ਕਿਸਮ ਦੀ, ਬਿਲਕੁਲ ਫਰੈੱਸ਼।"

"ਇਹ ਤਾਂ ਠੀਕ ਐ ਪਰ ਇਹ ਫਰੈਸ਼ਨੈੱਸ ਸਾਊਥਾਲ ਦੇ ਲੋਕਾਂ ਨੂੰ ਹਜ਼ਮ ਵੀ ਹੋ ਜਾਊ।"

''ਹਜ਼ਮ ਤਾਂ ਨਹੀਂ ਹੋਣੀ ਪਰ ਪਹਿਲਾਂ ਵੀ ਸਾਡੀ ਕੋਈ ਗੱਲ ਇਨ੍ਹਾਂ ਨੂੰ ਪਸੰਦ ਆਈ ਐ ਕਦੇ, ਇਹ ਤਾਂ ਰਿਸਕ ਐ।''

ਭੁਪਿੰਦਰ ਇਸ ਸਕਰਿਪਟ ਉਪਰ ਲਈ ਕੰਮ ਕਰਨ ਨੂੰ ਤਿਆਰ ਹੈ। ਭੁਪਿੰਦਰ ਦਾ ਭਰਾ ਆਖ ਰਿਹਾ ਕਿ ਕੁਝ ਵੱਖਰਾ ਕਰੇ। ਜਗਮੋਹਣ ਕੁਝ ਨਹੀਂ ਆਖ ਰਿਹਾ। ਉਹ ਸਕਰਿਪਟ ਨੂੰ ਗੋਲ ਕਰਕੇ ਹੱਥ ਵਿਚ ਫੜੀ ਰੱਖਦਾ ਹੈ। ਫਿਰ ਕੁਝ ਦੇਰ ਬਾਅਦ ਕਹਿੰਦਾ ਹੈ,

''ਉਸ ਕਾਮੇਡੀ ਵਾਲੇ ਪ੍ਰੋਜੈਕਟ ਦਾ ਕੀ ਬਣਿਆ ?''

''ਪਾਕਿਸਤਾਨੀ ਸਟੇਜ ਸ਼ੋਅ ਵਾਲੇ ਪੈਰ ਨਹੀਂ ਲੱਗਣ ਦਿੰਦੇ, ਵੈਸੇ ਇਕ ਸਕਰਿਪਟ ਹੈਗੀ ਐ ਪੰਜਾਬੀ ਫੈਮਲੀਆਂ ਵਿਚ ਸ਼ਰਾਬ ਦੀ ਪਰੋਬਲਮਾਂ ਨੂੰ ਲੈ ਕੇ, ਉਹਦੇ ਵਿਚ ਵੀ ਕਾਮੇਡੀ ਪਾਈ ਜਾ ਸਕਦੀ ਐ।''

ਭੁਪਿੰਦਰ ਦੱਸਦਾ ਹੈ। ਜਗਮੋਹਣ ਕੁਝ ਦੇਰ ਲਈ ਉਸ ਨੂੰ ਮਿਲ ਕੇ ਆ ਜਾਂਦਾ ਹੈ। ਉਸ ਨੂੰ ਭੁਪਿੰਦਰ ਉਪਰ ਬਹੁਤ ਯਕੀਨ ਨਹੀਂ ਬੱਝ ਰਿਹਾ। ਉਹ ਚਾਹੁੰਦਾ ਹੈ ਕਿ ਜੇ ਕੁਝ ਕਰਨਾ ਹੀ ਹੈ ਤਾਂ ਕੁਝ ਅਜਿਹਾ ਹੋਵੇ ਕਿ ਲੋਕਾਂ ਨੂੰ ਪਸੰਦ ਆਵੇ। ਉਹ ਆਖਦਾ ਹੈ,

''ਭੁਪਿੰਦਰ, ਜਦੋਂ ਕੁਸ਼ ਰੈਡੀ ਹੋਇਆ ਤੇ ਮੇਰੇ ਕਰਨ ਲਈ ਹੋਇਆ ਤਾਂ ਮੈਨੂੰ ਸੱਦ ਲਈਂ।''

''ਏਦਾਂ ਨਹੀਂ ਬਈ, ਟੀਮ ਦਾ ਹਿੱਸਾ ਬਣ ਕੇ ਰਹਿ, ਕੰਮ ਹੈ ਜਾਂ ਨਹੀਂ, ਕੁਸ਼ ਕਰਨੈ ਜਾਂ ਨਹੀਂ ਪਰ ਨਾਲ ਤਾਂ ਰਹਿ, ਲਗਾਤਾਰ ਮੀਟਿੰਗਾਂ ਹੁੰਦੀਆਂ ਰਹਿਣ, ਕੁਸ਼ ਡਿਸਕੱਸ ਕਰਦੇ ਰਹੀਏ, ਕੁਸ਼ ਨਾ ਕੁਸ਼ ਨਿਕਲੂਗਾ ਈ ਗੱਲਾਂ ਵਿਚੋਂ। ਥੋੜ੍ਹਾ ਸੀਰੀਅਸ ਹੋ।''

ਭੁਪਿੰਦਰ ਚਹੁੰਦਾ ਹੈ ਕਿ ਉਸਦੀ ਟੀਮ ਦੇ ਸਾਰੇ ਮੈਂਬਰ ਭਰੋਸੇ ਯੋਗ ਹੋਣ ਤੇ ਜਗਮੋਹਣ 'ਤੇ ਉਸ ਨੂੰ ਬਹੁਤਾ ਭਰੋਸਾ ਨਹੀਂ ਹੈ।

ਅਗਲੀ ਵਾਰ ਜਗਮੋਹਣ ਭੁਪਿੰਦਰ ਦੇ ਘਰ ਜਾਂਦਾ ਹੈ ਤਾਂ ਪ੍ਰੀਤੀ ਨਾਲ ਮੁਲਾਕਾਤ ਹੁੰਦੀ ਹੈ। ਉਹ ਪਹਿਲੇ ਦਿਨ ਭੁਪਿੰਦਰ ਦੇ ਘਰ ਆਈ ਹੈ। ਇਹ ਸਾਰੀਆਂ ਰੀਹਰਸਲਾਂ ਭੁਪਿੰਦਰ ਆਪਣੇ ਘਰ ਹੀ ਕਰਿਆ ਕਰਦਾ ਹੈ। ਘਰ ਦੇ ਖਰਚ ਚਲਾਉਣ ਲਈ ਭੁਪਿੰਦਰ ਕੋਲ ਲੌਂਡਰੀ ਹੈ ਜਿਸ ਨੂੰ ਉਸਦੀ ਪਤਨੀ ਚਲਾਉਂਦੀ ਹੈ। ਪਤਨੀ ਰਣਬੀਰ ਕੌਰ ਨੂੰ ਉਸ ਦੇ ਡਰਾਮਿਆਂ ਵਿਚ ਕੋਈ ਦਿਲਚਸਪੀ ਨਹੀਂ ਬਲਕਿ ਨਫਰਤ ਜਿਹੀ ਹੈ। ਉਹ ਭੁਪਿੰਦਰ ਨੂੰ ਘਰੋਂ ਕੋਈ ਪੈਸਾ ਨਹੀਂ ਵਰਤਣ ਦਿੰਦੀ। ਉਹ ਘਰ ਦੇ ਫਰੰਟਰੂਮ ਵਿਚ ਰੀਹਰਸਲਾਂ ਜ਼ਰੂਰ ਕਰ ਲੈਂਦਾ ਹੈ ਪਰ ਕਿਸੇ ਹੋਰ ਚੀਜ਼ ਨੂੰ ਹੱਥ ਨਹੀਂ ਲਾਉਣ ਦਿੰਦੀ। ਇਕ ਫਿਲਮ ਉਹ ਘਰ ਉਪਰ ਕਰਜ਼ਾ ਲੈ ਕੇ ਬਣਾ ਚੁੱਕਾ ਹੈ ਪਰ ਹੁਣ ਰਣਬੀਰ ਉਸ ਦੀ ਕੋਈ ਗੱਲ ਨਹੀਂ ਸੁਣਦੀ। ਇਸ ਲਈ ਵੀ ਭੁਪਿੰਦਰ ਦਾ ਹੱਥ ਹਰ ਵੇਲੇ ਪੈਸੇ ਵਲੋਂ ਤੰਗ ਰਹਿੰਦਾ ਹੈ। ਕਈ ਵਾਰ ਨਵੇਂ ਚਿਹਰਿਆਂ ਦੀ ਭਾਲ ਦੀ ਐਡ ਦੇ ਕੇ ਨਵੀਂ ਫਿਲਮ ਲਈ ਪੈਸੇ ਇਕੱਠੇ ਕਰਨ ਦੇ ਮਨਸੂਬੇ ਵੀ ਘੜਨ ਲਗਦਾ ਹੈ। ਉਹ ਕੋਈ ਅਜਿਹੀ ਪਾਰਟੀ ਦੀ ਤਲਾਸ਼ ਵਿਚ ਹੈ ਜਿਸ ਨੂੰ ਐਕਟਿੰਗ ਦਾ ਸ਼ੌਂਕ ਹੋਵੇ ਤੇ ਉਹ ਪੈਸੇ ਖਰਚਣ ਦੇ ਸਮਰਥ ਵੀ ਹੋਵੇ ਕਿ ਉਹ ਕੋਈ ਫਿਲਮ ਹੀ ਬਣਾ ਲਵੇ ਪਰ ਗੱਲ ਸਿਰੇ ਨਹੀਂ ਚੜ੍ਹਦੀ।

ਜਗਮੋਹਣ ਪੁੱਛਦਾ ਹੈ,

''ਕੋਈ ਸਕਰਿਪਟ ਫਾਈਨਲ ਕੀਤੀ?''

''ਉਹ ਰਮਾਇਣ ਵਾਲੀ ਤਾਂ ਫੇਰ ਮੈਂ ਕੈਂਸਲ ਕਰ ਦਿੱਤੀ, ਇੰਡੀਆ ਫੋਨ ਕੀਤਾ ਸੀ, ਭਾਜੀ ਕਹਿੰਦਾ ਕਿ ਇਹ ਸਬਜੈਕਟ 'ਤੇ ਕੰਮ ਹੋ ਚੁਕਿਐ।''

''ਫਿਰ?''

''ਓਸ ਕਹਾਣੀ ਸ਼ਰਾਬ ਵਾਲੀ ਵਿਚ ਮੈਂ ਕੁਸ਼ ਕਾਮੇਡੀ ਪਾਈ ਐ, ਦੇਖ ਲੈ, ਜੇ ਟਿਕ ਕੇ ਕੰਮ ਕਰਨਾ ਤਾਂ ਪਿਵਟਲ ਰੋਲ ਕਰ ਲੈ, ਇਕ ਕਹਾਣੀ ਇੰਡੀਆ ਤੋਂ ਆਈ ਬੇਬੇ ਬਾਰੇ ਵੀ ਐ, ਓਹਦੇ ਲਈ ਕੋਈ ਕਰੈਕਟਰ ਮਿਲ ਜਾਵੇ ਤਾਂ ਦੇਖ ਲਵਾਂਗੇ।''

ਕਹਿੰਦਾ ਹੋਇਆ ਉਹ ਪ੍ਰੀਤੀ ਵੱਲ ਵੇਖਦਾ ਹੈ, ਉੱਚੀ ਲੰਮੀ ਪ੍ਰੀਤੀ ਬੇਬੇ ਤਾਂ ਬਿਲਕੁਲ ਨਹੀਂ ਦਿਸ ਰਹੀ। ਉਹ ਪ੍ਰੀਤੀ ਦੀ ਜਗਮੋਹਣ ਨਾਲ ਵਾਕਫੀ ਕਰਾਉਂਦਾ ਹੋਇਆ ਉਹ ਪ੍ਰੀਤੀ ਨੂੰ ਪੁੱਛਦਾ ਹੈ,

''ਤੁਹਾਡਾ ਸੀ.ਵੀ. ਹੈ?''

''ਨਹੀਂ ਸੀ.ਵੀ. ਤਾਂ ਮੈਂ ਤਿਆਰ ਨਹੀਂ ਕੀਤਾ ਪਰ ਬਹੁਤ ਸਾਰਿਆਂ ਡਰਾਮਿਆਂ ਵਿਚ ਹਿੱਸਾ ਲਿਆ ਇੰਡੀਆ ਵਿਚ।''

''ਇਥੇ ਆ ਕੇ ਕੁਸ਼ ਕੀਤਾ ?''

''ਨਹੀਂ, ਇਥੇ ਆ ਕੇ ਕੁਸ਼ ਨਹੀਂ ਕੀਤਾ, ਘਰ ਤੇ ਬੱਚਿਆਂ ਤੋਂ ਈ ਵਿਹਲ ਨਹੀਂ ਲੱਗੀ, ਇਹ ਤਾਂ ਕਿਸੇ ਸਹੇਲੀ ਨੇ ਤੁਹਾਡੀ ਫਿਲਮ ਦੇਖੀ ਸੀ ਤਾਂ ਮੈਨੂੰ ਪਤਾ ਚੱਲਿਆ।''

''ਠੀਕ ਐ, ਕੱਲ ਨੂੰ ਆਪਣੀ ਟੀਮ ਪੂਰੀ ਹੋਣੀ ਆਂ, ਕੱਲ ਨੂੰ ਇਕ ਡਰਾਮੇ ਦੀ ਰੀਹਰਸਲ ਸ਼ੁਰੂ ਤਾਂ ਆਪਾਂ ਕਰਨੀ ਈ ਐ, ਮੈਂ ਚਾਹੁੰਨਾ ਕਿ ਤਿੰਨ ਕੁ ਮਹੀਨੇ ਵਿਚ ਡਰਾਮਾ ਤਿਆਰ ਕਰ ਲਈਏ। ਗਰਮੀਆਂ ਨੂੰ ਥੋੜ੍ਹੇ ਸ਼ੋਅ ਕਰੀਏ। ਸ਼ਰਾਬੀ ਵਾਲੇ ਪਲੇਅ ਦਾ ਸਕਰਿਪਟ ਤਿਆਰ ਐ, ਰੋਲ ਵੀ ਕੱਲ ਨੂੰ ਵੰਡ ਲੈਂਦੇ ਆਂ ਤੇ ਬਾਕੀ ਸਭ ਵੀ।''

ਅਗਲੇ ਦਿਨ ਜਗਮੋਹਣ ਨਹੀਂ ਜਾ ਸਕਦਾ ਤੇ ਫਿਰ ਉਹ ਭੁਪਿੰਦਰ ਦੇ ਫੋਨ ਦੀ ਉਡੀਕ ਕਰਨ ਲੱਗਦਾ ਹੈ ਕਿ ਜੇਕਰ ਭੁਪਿੰਦਰ ਇਸ ਕੰਮ ਬਾਰੇ ਗੰਭੀਰ ਹੋਇਆ ਤਾਂ ਦੁਬਾਰਾ ਫੋਨ ਕਰ ਲਵੇਗਾ ਪਰ ਉਸ ਦਾ ਕੋਈ ਫੋਨ ਨਹੀਂ ਆਉਂਦਾ। ਜਗਮੋਹਣ ਸੋਚਣ ਲਗਦਾ ਹੈ ਕਿ ਸ਼ਾਇਦ ਉਸ ਨਾਲ ਨਾ ਆਉਣ ਕਾਰਨ ਗੁੱਸੇ ਹੋਵੇ। ਦੋ ਦਿਨ ਹੋਰ ਲੰਘ ਜਾਂਦੇ ਹਨ। ਉਹ ਸੋਚਦਾ ਹੈ ਹੁਣ ਭੁਪਿੰਦਰ ਨੇ ਰੋਲ ਵੰਡ ਲਏ ਹੋਣਗੇ। ਉਸ ਲਈ ਕੁਝ ਨਹੀਂ ਬਚਿਆ ਹੋਣਾ। ਉਸ ਨੂੰ

ਆਪਣੇ ਆਪ ਤੇ ਗੁੱਸਾ ਵੀ ਆਉਂਦਾ ਹੈ ਕਿ ਭੁਪਿੰਦਰ ਨਾਲ ਕੀਤੇ ਕਰਾਰ ਨੂੰ ਨਿਭਾ ਕਿਉਂ ਨਹੀਂ ਸਕਿਆ। ਇਕ ਦਿਨ ਉਹ ਭੁਪਿੰਦਰ ਦੇ ਘਰ ਜਾਂਦਾ ਹੈ। ਉਸ ਨੂੰ ਪ੍ਰੀਤੀ ਬਾਹਰ ਖੜੀ ਉਡੀਕ ਰਹੀ ਮਿਲਦੀ ਹੈ। ਜਗਮੋਹਣ ਹੈਲੋ ਕਹਿ ਕੇ ਪੁੱਛਦਾ ਹੈ,

''ਬਾਹਰ ਕਿਉਂ ਖੜੇ ਓ?''

''ਘਰ ਹੈ ਨਹੀਂ ਕੋਈ।''

ਜਗਮੋਹਣ ਆਪ ਬੈੱਲ ਕਰਦਾ ਹੈ। ਕੋਈ ਜਵਾਬ ਨਹੀਂ ਆਉਂਦਾ। ਕੁਝ ਦੇਰ ਬਾਅਦ ਉਸਦੀ ਪਤਨੀ ਸ਼ੌਪਿੰਗ ਤੋਂ ਵਾਪਸ ਆਉਂਦੀ ਦਿਸ ਪੈਂਦੀ ਹੈ। ਉਹ ਉਸ ਤੋਂ ਭੁਪਿੰਦਰ ਬਾਰੇ ਪੁੱਛਦੇ ਹਨ। ਉਹ ਆਖਦੀ ਹੈ,

''ਭੁਪਿੰਦਰ ਤਾਂ ਇੰਡੀਆ ਚਲੇ ਗਿਆ, ਕਿਸੇ ਪ੍ਰੋਡਿਊਸਰ ਨੇ ਸੱਦ ਲਿਆ, ਕਿਸੇ ਫਿਲਮ 'ਚ ਕੋਈ ਰੋਲ ਮਿਲ ਗਿਆ, ਬਸ ਇਕਦਮ ਬੌਲੀਵੁੱਡ ਲਈ ਚੜ੍ਹ ਗਿਆ।''

ਆਖਦੀ ਰਣਬੀਰ ਕੌਰ ਘਰ ਦਾ ਦਰਵਾਜ਼ਾ ਖੋਲ੍ਹ ਅੰਦਰ ਚਲੇ ਜਾਂਦੀ ਹੈ ਤੇ ਮੁੜ ਦਰਵਾਜ਼ਾ ਬੰਦ ਕਰ ਲੈਂਦੀ ਹੈ। ਜਗਮੋਹਣ ਤੇ ਪ੍ਰੀਤੀ ਖੜੇ ਇਕ ਦੂਜੇ ਵੱਲ ਦੇਖਦੇ ਰਹਿ ਜਾਂਦੇ ਹਨ। ਪ੍ਰੀਤੀ ਫੇਰ ਕਹਿੰਦੀ ਹੈ,

''ਭਾਜੀ ਨੂੰ ਘੱਟੋ ਘੱਟ ਇਨਫੌਰਮ ਤਾਂ ਕਰਨਾ ਚਾਹੀਦਾ ਸੀ।''

''ਉਹ ਵੀ ਕੀ ਕਰੇ, ਗੱਲ ਨਹੀਂ ਬਣ ਰਹੀ ਕੋਈ, ਬਥੇਰੇ ਹੱਥ ਪੈਰ ਮਾਰ ਰਿਹੈ।''

''ਤੁਸੀਂ ਇਹਦੇ ਨਾਲ ਕਦੋਂ ਕੁ ਦੇ ਜੁੜੇ ਹੋਏ ਓ?''

''ਮੈਂ ਤਾਂ ਕੈਯੂਅਲ ਜਿਹਾ ਹੀ ਆਂ, ਕਦੇ ਟਿਕ ਨਹੀਂ ਸਕਿਆ, ਬਸ ਇਕ ਉਬਾਲ਼ ਜਿਹਾ ਐ, ਮੈਨੂੰ ਜਾਪਦੈ ਕਿ ਭੁਪਿੰਦਰ ਵੀ ਬਸ ਸ਼ੌਂਕ ਪੂਰੇ ਕਰ ਰਿਹੈ, ਉਹਨੂੰ ਵੀ ਪਤੈ ਕਿ ਕੋਈ ਫਿਊਚਰ ਨਹੀਂ ਏਹਦੇ ਵਿਚ।''

'' ਕਿਉਂ ਨਹੀਂ ਫਿਊਚਰ! ਦੇਖੋ ਸੂਰਜ ਆਰਟਸ ਵਾਲਿਆਂ ਵੱਲ, ਕਿਥੇ ਦੇ ਕਿਥੇ ਪਹੁੰਚ ਗਏ।''

''ਸੂਰਜ ਆਰਟਸ ਵਾਲਿਆਂ ਦੇ ਪੱਲੇ ਵੀ ਕੁਸ਼ ਹੈ, ਏਧਰ ਅਸੀਂ ਵੀ ਖਾਲੀ ਤੇ ਭੁਪਿੰਦਰ ਵੀ ਸਾਨੂੰ ਦੇਣ ਜੋਗਾ ਹੈ ਨਹੀਂ।''

''ਤੁਸੀਂ ਸੂਰਜ ਆਰਟਸ ਵਾਲਿਆਂ ਕੋਲ ਨਹੀਂ ਗਏ?''

''ਨਹੀਂ, ਮੈਂ ਦੱਸਿਆ ਕਿ ਮੈਂ ਏਨਾ ਸੀਰੀਅਸ ਨਹੀਂ ਰਿਹਾ,_ _ ਤੁਸੀਂ ਗਏ ਸੀ?''

''ਹਾਂ, ਮੈਂ ਉਨ੍ਹਾਂ ਨੂੰ ਅਪਰੋਚ ਕੀਤੀ ਸੀ, ਮੈਂ ਦੱਸਿਆ ਕਿ ਕਾਲਜ ਸਮੇਂ ਸ਼ਕੁੰਤਲਾ ਦਾ ਪਾਰਟ ਕਰ ਚੁੱਕੀ ਆਂ, ਉਨ੍ਹਾਂ ਸੱਦ ਵੀ ਲਿਆ ਪਰ ਗੁਰਨਾਮ ਨੇ ਮੈਨੂੰ ਜਾਣ ਨਾ ਦਿੱਤਾ। ਇਕ ਵਾਰ ਫਿਰ ਫੋਨ ਆਇਆ ਉਨ੍ਹਾਂ ਦਾ ਪਰ ਗੁਰਨਾਮ ਨੇ ਏਨੀ ਲੜਾਈ ਪਾਈ ਕਿ ਰਹੇ ਰੱਬ ਦਾ ਨਾਂ।''

''ਏਹਦਾ ਮਤਲਬ ਤੁਹਾਡੇ ਹਸਬੈਂਡ ਤੁਹਾਡੇ ਨਾਲ ਐਗਰੀ ਨਹੀਂ ਕਰਦੇ।''

''ਉਹ ਬਹੁਤ ਖਿਲਾਫ ਐ ਪਰ ਮੈਂ ਸੋਚਦੀ ਆਂ ਕਿ ਘਰ ਬੈਠੀ ਦਾ ਮੇਰਾ ਟੇਲੈਂਟ ਫਜ਼ੂਲ ਜਾ ਰਿਹੈ, ਮੈਂ ਕੰਨਿਆਂ ਮਹਾਂ ਵਿਦਿਆਲਿਆ ਦੀ ਡਰਾਮੇ ਦੀ ਟੌਪ ਦੀ ਵਿਦਿਆਰਥਣ ਆਂ, ਜੇਸ ਪਿੱਚ ਤੱਕ ਮੈਂ ਆਵਾਜ਼ ਨੂੰ ਲੈ ਕੇ ਜਾ ਸਕਦੀ ਆਂ ਹੋਰ ਕੋਈ ਨਹੀਂ ਲੈ ਜਾ ਸਕਦਾ, ਸ਼ਕੁੰਤਲਾ ਦਾ ਰੋਲ ਮੇਰੇ ਵਰਗਾ ਹੋਰ ਕੋਈ ਕੁੜੀ ਨਹੀਂ ਕਰ ਸਕਦੀ, ਮੈਂ ਕਾਲਜ ਵਿਚ ਬਹੁਤ ਡਰਾਮੇ ਖੇਡੇ ਆ, ਪਰ ਇਥੇ ਆ ਕੇ.....।''

ਕਹਿੰਦੀ ਪ੍ਰੀਤੀ ਅੱਖਾਂ ਭਰ ਲੈਂਦੀ ਹੈ। ਜਗਮੋਹਣ ਕਹਿੰਦਾ ਹੈ,

''ਆਓ ਤੁਹਾਨੂੰ ਘਰ ਛੱਡ ਦੇਵਾਂ।''

''ਨਹੀਂ, ਮੈਂ ਚਲੇ ਜਾਵਾਂਗੀ।''

''ਕਿਥੇ ਰਹਿੰਦੇ ਓ ?''

''ਸੁਸੈਕਸ ਰੋਡ ਉਪਰ, ਪੁਰਾਣੇ ਸਾਊਥਾਲ।''

''ਦੂਰ ਪੈ ਜਾਏਗਾ ਇਥੋਂ, ਆਓ ਜ਼ਰਾ ਨੇੜੇ ਜਿਹੇ ਉਤਾਰ ਦੇਵਾਂਗਾ।''

ਜਗਮੋਹਨ ਆਖਦਾ ਹੈ। ਪ੍ਰੀਤੀ ਉਸ ਨਾਲ ਕਾਰ ਵਿਚ ਬੈਠ ਜਾਂਦੀ ਹੈ। ਉਸ ਤੋਂ ਉਸ ਦੀ ਪਤਨੀ ਬਾਰੇ ਪੁੱਛਦੀ ਹੈ,

''ਤੁਹਾਡੀ ਵਾਈਫ ਤੁਹਾਡੀ ਐਕਟਿੰਗ ਨੂੰ ਲੈ ਕੇ ਕਿੱਦਾਂ ਸੋਚਦੀ ਐ?''

''ਮੈਂ ਉਹਨੂੰ ਏਨਾ ਪ੍ਰੇਸ਼ਾਨ ਨਹੀਂ ਕਰਦਾ, ਉਹ ਕੰਮ 'ਤੇ ਜਾਂਦੀ ਐ ਤੇ ਥੱਕੀ ਹੋਈ ਮੁੜਦੀ ਐ, ਮੇਰੇ ਬਾਰੇ ਬਹੁਤਾ ਬੌਦਰ ਨਹੀਂ ਕਰਦੀ। _ _ _ਕਿੰਨੇ ਬੱਚੇ ਨੇ ਤੁਹਾਡੇ ?''

''ਤਿੰਨ, ਵੱਡੀ ਛੇ ਦੀ, ਦੂਜੀ ਚਾਰ ਦੀ ਤੇ ਮੁੰਡਾ ਹਾਲੇ ਦੋ ਦਾ।''

''ਕੌਣ ਲੁੱਕਆਫਟਰ ਕਰਦੈ ?''

''ਕੋਈ ਫਰਿੰਡ ਐ ਮੇਰੀ, ਮੇਰੀ ਸੈਂਪਥਾਈਜ਼ਰ, ਉਹਦੇ ਕੋਲ ਹੀ ਛੱਡ ਕੇ ਆਈ ਆਂ।''

''ਤੁਹਾਡਾ ਹਸਬੈਂਡ?''

''ਉਸ ਦੀ ਸ਼ਾਮ ਦੀ ਸ਼ਿਫਟ ਐ ਇਸੇ ਲਈ ਤਾਂ ਵਕਤ ਕਢ ਸਕੀ ਆਂ ਨਹੀਂ ਤਾਂ ਉਹਨੇ ਮੈਨੂੰ ਆਉਣ ਦੇਣਾ ਸੀ!''

ਗੱਲ ਕਰਦਿਆਂ ਉਸ ਦਾ ਫਿਰ ਮਨ ਭਰ ਆਉਂਦਾ ਹੈ। ਜਗਮੋਹਣ ਆਹਿਸਤਾ ਜਿਹੇ ਆਖਦਾ ਹੈ,

''ਸੌਰੀ ਪ੍ਰੀਤੀ ਜੀ, ਮੇਰਾ ਮਤਲਬ ਤੁਹਾਨੂੰ ਹਰਟ ਕਰਨ ਤੋਂ ਨਹੀਂ ਸੀ।''

''ਨਹੀਂ, ਮੈਂ ਹਰਟ ਨਹੀਂ ਹੋਈ।''

ਕਹਿ ਕੇ ਪ੍ਰੀਤੀ ਚੁੱਪ ਕਰ ਜਾਂਦੀ ਹੈ ਤੇ ਬਾਹਰ ਨੂੰ ਦੇਖਣ ਲੱਗਦੀ ਹੈ। ਜਗਮੋਹਣ ਵੀ ਖਾਮੋਸ਼ ਹੈ। ਪ੍ਰੀਤੀ ਪੁੱਛਦੀ ਹੈ,

"ਭੁਪਿੰਦਰ ਭਾਜੀ ਨੇ ਕਿੰਨੇ ਕੁ ਪਲੇਅ ਕੀਤੇ ਆ?"
"ਦੋ ਪਲੇਅ ਏਹਦੇ ਸਟੇਜ ਹੋਏ ਆ ਪਰ ਚੱਲੇ ਨਹੀਂ, ਫਿਲਮ ਉਪਰ ਵੀ ਕਾਫੀ ਨੁਕਸਾਨ ਕਰਾਈ ਬੈਠੈ, ਮੇਰੇ ਹਿਸਾਬ ਨਾਲ ਤਾਂ ਤੁਹਾਨੂੰ ਸੂਰਜ ਆਰਟਸ ਵਾਲਿਆਂ ਤੱਕ ਅਪਰੋਚ ਕਰਨੀ ਚਾਹੀਦੀ ਐ।"
"ਕਰਾਂਗੀ, ਜ਼ਰੂਰ ਕਰਾਂਗੀ, ਗੁਰਨਾਮ ਨੂੰ ਮਨਾ ਲਵਾਂ।"
ਕਹਿੰਦੀ ਪ੍ਰੀਤੀ ਚੁੱਪ ਕਰ ਜਾਂਦੀ । ਕੁਝ ਦੇਰ ਬਾਅਦ ਜਗਮੋਹਣ ਪੁੱਛਦਾ ਹੈ,
"ਤੁਹਾਡੇ ਕੰਮ ਦਾ ਕੋਈ ਵੀਡੀਓ ਹੈ?"
"ਹਾਂ, ਇਕ ਵੀਡਿਓ ਹੈ, ਕਿਸੇ ਦਿਨ ਦਿਖਾਵਾਂਗੀ। ਜਿਸ ਨੇ ਵੀ ਦੇਖਿਆ ਖੁਸ਼ ਹੋ ਗਿਆ। ਮੈਂ ਤਾਂ ਚੁੱਪ ਕਰਕੇ ਬੈਠ ਗਈ ਸਾਂ, ਇਹ ਤਾਂ ਇਕ ਦਿਨ ਸੁਨੀਤਾ ਨਾਲ ਮੇਰੀ ਮੁਲਾਕਾਤ ਹੋਈ ਤਾਂ ਓਹਨੇ ਈ ਮੁੜ ਕੇ ਹੌਸਲਾ ਦਿੱਤਾ।"
"ਸੁਨੀਤਾ ਕੌਣ ਐ ?"
"ਸੁਨੀਤਾ ਨੂੰ ਨਹੀਂ ਜਾਣਦੇ। ਇਹ ਸਿਸਟਰਜ਼ ਇਨਹੈਂਡਜ਼ ਦੀ ਸੈਕਟਰੀ ਐ, ਸਿਸਟਰਜ਼ ਇਨਹੈਂਡਜ਼ ਨੂੰ ਤਾਂ ਜਾਣਦੇ ਓ ਨਾ ?"
"ਹਾਂ, ਜਿਹੜੇ ਜਥੇਬੰਦੀ ਔਰਤਾਂ ਦੀਆਂ ਪਰੌਬਲਮਾਂ ਦੀ ਗੱਲ ਕਰਦੀ ਐ।"
"ਹਾਂ।"
"ਇਹ ਤਾਂ ਠੀਕ ਐ ਕਿ ਇਹ ਜਥੇਬੰਦੀ ਕਾਫੀ ਕੰਮ ਕਰ ਰਹੀ ਐ ਪਰ ਸੁੱਖੀ ਮਰਡਰ ਕੇਸ ਵਿਚ ਕੁਸ਼ ਨਹੀਂ ਕੀਤਾ ਤੁਸੀਂ।"
"ਕਿਉਂ ਨਹੀਂ ਕੀਤਾ, ਜਦੋਂ ਫੈਸਲਾ ਹੋਣਾ ਸੀ ਤਾਂ ਓਲਡ ਬੇਲੀ ਮੂਹਰੇ ਉਹਨਾਂ ਨੇ ਮੁਜ਼ਾਹਰਾ ਕੀਤਾ ਸੀ ਤਾਂ ਕਿ ਜੱਜ ਗਲਤ ਫੈਸਲਾ ਨਾ ਕਰ ਦੇਵੇ, ਜਿਊਰੀ ਨੂੰ ਵੀ ਸਹੀ ਸੋਚਣ ਲਈ ਮਜਬੂਰ ਕੀਤਾ।"
"ਠੀਕ ਐ ਪਰ ਲੋਕਾਂ ਵਿਚ ਇਸ ਸੋ ਕਾਲਡ ਔਨਰ ਕਿਲਿੰਗ ਦੇ ਖਿਲਾਫ ਜਾਗ੍ਰਤੀ ਲਿਆਉਣ ਲਈ ਤੁਹਾਡੀ ਜਥੇਬੰਦੀ ਕੁਝ ਨਹੀਂ ਕਰ ਰਹੀ।"
"ਜਗਮੋਹਣ ਜੀ, ਇਹ ਕੰਮ ਤਾਂ ਪੂਰੀ ਸੁਸਾਇਟੀ ਦਾ ਐ।"
"ਸੁਸਾਇਟੀ ਕੀ ਕਰੇਗੀ ਕੁਸ਼, ਸੁਸਾਇਟੀ ਨੇ ਤਾਂ ਸੁੱਖੀ ਦੀ ਮੌਤ ਦਾ ਅਫਸੋਸ ਵੀ ਨਹੀਂ ਮਨਾਇਆ।"

ਦਸ

ਪਰਦੁੱਮਣ ਨੂੰ ਬੇਕਰੀ ਵਿਚ ਕੰਮ ਮਿਲ ਜਾਂਦਾ ਹੈ। ਦਿਆਲਾ ਫੋਰਮੈਨ ਹੋਣ ਕਰਕੇ ਉਸਦੇ ਹੱਥ ਵਿਚ ਬੰਦਾ ਰੱਖਣ ਜਾਂ ਹਟਾਉਣ ਦੀ ਤਾਕਤ ਹੈ ਸੀ ਸੋ ਪਰਦੁੱਮਣ ਅਗਲੇ ਦਿਨ ਤੋਂ ਹੀ ਬੇਕਰੀ ਵਿਚ ਕੰਮ 'ਤੇ ਜਾ ਲੱਗਦਾ ਹੈ। ਇਕ ਹਫਤੇ ਦੀ ਟਰੇਨਿੰਗ ਤੋਂ ਬਾਅਦ ਉਸ ਨੂੰ ਓਵਨ 'ਤੇ ਕੰਮ ਕਰਨ ਦੀ ਡਿਊਟੀ ਮਿਲ ਜਾਂਦੀ ਹੈ। ਓਵਨ ਦਾ ਕੰਮ ਵੈਸੇ ਤਾਂ ਬਹੁਤ ਗਰਮ ਹੈ ਕਿਉਂਕਿ ਇਕ ਤਾਂ ਵੈਸੇ ਵੀ ਸਰਦੀ ਦਾ ਮੌਸਮ ਹੈ, ਇੰਨੀ ਗਰਮੀ ਮਹਿਸੂਸ ਨਹੀਂ ਹੁੰਦੀ ਦੂਜੇ ਅੱਧਾ ਘੰਟਾ ਕੰਮ ਤੇ ਅੱਧਾ ਘੰਟਾ ਬ੍ਰੇਕ ਹੋਣ ਕਾਰਨ ਬਹੁਤਾ ਗਰਮ ਨਹੀਂ ਲਗ ਰਿਹਾ। ਉਹ ਖੁਸ਼ ਹੈ ਕਿ ਕੰਮ ਮਿਲ ਗਿਆ ਹੈ। ਉਸਦੀ ਦਾਹੜੀ ਤੇ ਵਾਲ ਬੇਕਰੀ ਦੇ ਕੰਮ ਮਿਲਣ ਵਿਚ ਸਮੱਸਿਆ ਬਣਨ ਕਾਰਣ ਆਟਾ ਰਲਾਉਣ ਵਾਲੀ ਜਗ੍ਹਾ ਉਸ ਦੀ ਡਿਊਟੀ ਨਹੀਂ ਲੱਗਦੀ। ਜੇ ਕਿਤੇ ਬ੍ਰੈੱਡ ਵਿਚ ਵਾਲ ਨਿਕਲ ਆਵੇ ਤਾਂ ਫੈਕਟਰੀ ਬੰਦ ਹੋ ਜਾਣ ਤੱਕ ਦੀ ਸਮੱਸਿਆ ਖੜੀ ਹੋ ਸਕਦੀ ਹੈ। ਭਾਵੇਂ ਕਿ ਦਾੜ੍ਹੀ ਵਾਲੇ ਕਾਮਿਆਂ ਨੇ ਜਾਲ਼ੀ ਪਹਿਨੀ ਹੁੰਦੀ ਹੈ। ਇਵੇਂ ਸਿਰਾਂ ਉਪਰ ਟੋਪ ਵੀ ਹੁੰਦੇ ਹਨ ਫਿਰ ਵੀ ਬਹੁਤ ਇਤਆਤ ਰੱਖੀ ਜਾਂਦੀ ਹੈ। ਕੋਈ ਆਉਂਦਾ ਹੈ ਤਾਂ ਕਹਿਣ ਲੱਗਦਾ ਹੈ,
"ਦੁੱਮਣ ਸਿਆਂ, ਹਾਲੇ ਕੁਸ਼ ਨਈਂ, ਗਰਮੀਆਂ ਨੂੰ ਦੇਖੀਂ ਇਥੇ ਓਵਨ ਉਪਰ ਕੰਮ ਕਰਨ ਦਾ ਮਜ਼ਾ, ਨਾਨੀ ਚੇਤੇ ਆਊ।"
ਜਵਾਬ ਵਿਚ ਉਹ ਮੁਸਕਰਾ ਛੱਡਦਾ ਹੈ। ਉਹ ਸੋਚ ਰਿਹਾ ਹੁੰਦਾ ਹੈ ਕਿ ਗਰਮੀਆਂ ਤੱਕ ਉਹ ਇਥੇ ਕੰਮ ਕਰੇ ਵੀ ਕਿ ਨਾ, ਕਿਸ ਨੂੰ ਪਤਾ ਹੈ। ਉਸ ਦੀ ਅੱਖ ਏਅਰਪੋਰਟ ਉਪਰ ਕਿਸੇ ਜੌਬ 'ਤੇ ਹੈ। ਅਰਜ਼ੀ ਉਹ ਭਰ ਆਇਆ ਹੈ। ਸ਼ਾਇਦ ਗੱਲ ਬਣ ਜਾਵੇ। ਜਦੋਂ ਕਦੇ ਵੀ ਵਾਰੀ ਆਈ ਜਾਂ ਕੋਈ ਜਗ੍ਹਾ ਖਾਲੀ ਹੋਈ ਤਾਂ ਉਸ ਨੂੰ ਸੱਦਾ ਆ ਜਾਵੇਗਾ।
ਜਦ ਵੀ ਬ੍ਰੇਕ ਮਿਲਦੀ ਹੈ ਤਾਂ ਉਹ ਸਾਰੀ ਬੇਕਰੀ ਦਾ ਮੁਆਇਨਾ ਕਰਨ ਲਗਦਾ ਹੈ। ਉਹ ਦੇਖਣਾ ਚਾਹੁੰਦਾ ਹੈ ਕਿ ਬ੍ਰੈੱਡ ਕਿਵੇਂ ਬਣਦੀ ਹੈ। ਆਟਾ, ਜੀਸਟ ਤੇ ਹੋਰ ਮਸਾਲੇ ਲਾਰੀਆਂ ਤੋਂ ਲਾਹੁਣ ਤੋਂ ਲੈ ਕੇ ਆਟਾ ਗੁੰਨ੍ਹਣ ਵਾਲੀਆਂ ਮਸ਼ੀਨਾਂ, ਓਵਨ ਤੋਂ ਲੈ ਕੇ ਬ੍ਰੈੱਡ ਦੇ ਪੈਕ ਹੋਣ ਤੱਕ ਦਾ ਸਫਰ ਬਹੁਤ ਜ਼ਿਆਦਾ ਧਿਆਨ ਨਾਲ ਦੇਖਦਾ ਹੈ। ਤਿਆਰ ਹੋ ਕੇ ਬ੍ਰੈੱਡ ਵੱਡੇ ਵੱਡੇ ਸਟੋਰਾਂ, ਕੈਸ਼ ਐਂਡ ਕੈਰੀਜ਼, ਰੈਸਟੋਰੈਂਟਾਂ, ਹੋਟਲਾਂ ਆਦਿ ਨੂੰ ਜਾਂਦੀ ਹੈ। ਉਸ ਨੂੰ ਪਤਾ ਹੈ ਕਿ ਟੈਸਕੋ ਵਾਲੇ ਬ੍ਰੈੱਡ ਸਿਰਫ ਬਾਰਾਂ ਪੈਨੀਆਂ ਵਿਚ ਵੇਚਦੇ ਹਨ। ਉਹ ਅਸਚਰਜ ਹੋ ਕੇ ਸੋਚਣ ਲੱਗਦਾ ਹੈ ਕਿ ਇੰਨੀ ਸਸਤੀ ਬ੍ਰੈੱਡ ਟੈਸਕੋ ਵਾਲੇ ਕਿਵੇਂ ਵੇਚ ਸਕਦੇ ਹੋਣਗੇ ਜਦ ਕਿ ਹੋਰਨਾਂ ਦੁਕਾਨਾਂ ਉਪਰ ਤਾਂ ਅੱਸੀ ਪੈਂਸ ਦੀ ਮਿਲਦੀ ਹੈ।
ਉਸ ਦਾ ਘੰਟੇ ਦਾ ਰੇਟ ਤਾਂ ਠੀਕ ਹੈ। ਵੱਡੀ ਕੰਪਨੀ ਹੈ, ਤਨਖਾਹ ਠੀਕ ਦਿੰਦੀ ਹੈ ਪਰ ਗਿਆਨ ਕੌਰ ਦਾ ਪ੍ਰਤੀ ਘੰਟਾ ਰੇਟ ਬਹੁਤ ਘੱਟ ਹੈ। ਉਸ ਨੂੰ ਡੇਢ੍ਹ ਪੌਂਡ ਘੰਟੇ ਦਾ ਮਿਲ ਰਿਹਾ ਹੈ। ਗਿਆਨ ਕੌਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕੋਈ ਰੇਟ ਤਹਿ ਨਹੀਂ ਕਰਦੀ ਕਿਉਂਕਿ ਉਸ ਨੂੰ ਕੰਮ ਦੀ ਲੋੜ ਹੈ ਪਰ ਜਦ ਪਰਦੁੱਮਣ ਸਿੰਘ ਨੂੰ ਕੰਮ ਮਿਲ ਜਾਂਦਾ ਹੈ ਤੇ ਘਰ ਦਾ ਖਰਚ-ਪਾਣੀ ਚਲਦਾ ਹੋ ਜਾਂਦਾ ਹੈ ਉਹ ਜ਼ਿਆਦਾ ਪੈਸਿਆਂ ਵਾਲੀ ਜੌਬ ਦੀ ਤਲਾਸ਼ਾਂ ਕਰਨ ਲਗਦੀ ਹੈ। ਜਦ ਮਾਲਕਾਂ ਨੂੰ ਪਤਾ ਚਲਦਾ ਹੈ ਕਿ ਗਿਆਨ ਕੌਰ ਕੰਮ ਛੱਡਣ ਨੂੰ ਫਿਰਦੀ ਹੈ ਤਾਂ ਉਸ ਦੀ ਤਨਖਾਹ ਵਧਾ ਦਿਤੀ ਜਾਂਦੀ ਹੈ

ਜਿਵੇਂ ਕਿ ਬਾਕੀਆਂ ਨੂੰ ਘੰਟੇ ਦੇ ਪੌਣੇ ਦੋ ਪੌਂਡ ਮਿਲਦੇ ਹਨ। ਪਰਦੁੱਮਣ ਹਾਲੇ ਵੀ ਖੁਸ਼ ਨਹੀਂ ਕਿਉਂ ਕਿ ਇਹ ਰੇਟ ਤਾਂ ਗੈਰ ਕਾਨੂੰਨੀ ਕਾਮਿਆਂ ਦਾ ਹੈ। ਉਹ ਗਿਆਨ ਕੌਰ ਨੂੰ ਕਹਿੰਦਾ ਹੈ,

''ਬੁੜੀ ਨੂੰ ਕਹਿ ਕਿ ਢਾਈ ਪੌਂਡ ਘੰਟੇ ਦੇ ਕਰੇ।''

''ਮੈਂ ਬਾਕੀ ਦੀਆਂ ਨਾਲ ਸਲਾਹ ਕੀਤੀ ਸੀ ਉਹ ਕਹਿੰਦੀਆਂ ਕਿ ਥੋੜ੍ਹੇ ਪੈਰ ਬੰਨ੍ਹ ਲੈ, ਫੇਰ ਗੱਲ ਕਰਾਂਗੇ।''

''ਦੇਖਦੇ ਆਂ ਕੋਈ ਹੋਰ ਕੰਮ ਦੇਖਦੇ ਆਂ, ਤੂੰ ਕਿਹੜਾ ਪੇਪਰਾਂ ਤੋਂ ਬਿਨਾਂ ਕੰਮ ਕਰਨੈ।''

''ਮੇਰੇ ਨਾਲ਼ ਕੰਮ ਕਰਨ ਵਾਲੀਆਂ ਵਿਚੋਂ ਕਈ ਸੋਸ਼ਲ ਸਕਿਉਰਟੀ ਵੀ ਚੁਕਦੀਆਂ, ਬੁੜੀ ਕਹਿੰਦੀ ਸੀ ਕਿ ਤੁਸੀਂ ਵੀ ਚੁੱਕੀ ਜਾਓ ਉਹਨੂੰ ਕੋਈ ਮਾਈਂਡ ਨਈਂ।''

''ਸੋਸ਼ਲ ਸਕਿਉਰਟੀ ਨਿਕੰਮੇ ਬੰਦੇ ਲੈਂਦੇ ਆ, ਸਾਡੇ ਹੱਥ ਪੈਰ ਹਾਲੇ ਚਲਦੇ ਆ।''

ਇਕ ਦਿਨ ਉਸ ਨੂੰ ਸਰਬਣ ਸਿੰਘ ਮਿਲਦਾ ਹੈ। ਉਹ ਉਸ ਨੂੰ ਪੁੱਛਦਾ ਹੈ,

''ਸਰਬਣ ਸਿਆਂ, ਹਾਲੇ ਵੀ ਦਲ਼ੀਏ ਦੀ ਫੈਕਟਰੀ ਵਿਚ ਈ ਐਂ।''

''ਹੋਰ ਕਿਥੇ ਜਾਣਾਂ ਹੁਣ ਦੁੱਮਣ ਸਿਆਂ!''

''ਕਿੱਦਾਂ, ਬੰਦੇ ਰੱਖਦੇ ਆ ਹੋਰ।''

''ਕਦੇ ਕਦੇ।''

''ਧਿਆਨ ਰੱਖੀਂ ਫੇਰ।''

ਪਰਦੁੱਮਣ ਸਿੰਘ ਨੂੰ ਪਤਾ ਹੈ ਕਿ ਦਲੀਏ ਦੀ ਫੈਕਟਰੀ ਵਿਚ ਰੇਟ ਛੇ ਪੌਂਡ ਫੀ ਘੰਟਾ ਹੈ ਜਦ ਬੇਕਰੀ ਵਿਚ ਉਸ ਨੂੰ ਚਾਰ ਪੌਂਡ ਘੰਟਾ ਹੀ ਮਿਲਦੇ ਹਨ।

ਗਿਆਰਾਂ

ਇਕ ਦਿਨ ਕਾਰਾ ਉਸ ਦੇ ਘਰ ਆਉਂਦਾ ਹੈ। ਆਖਣ ਲੱਗਦਾ ਹੈ,

''ਚੰਗਾ ਯਾਰ ਕੰਮ 'ਤੇ ਲੱਗਿਆਂ, ਮਿਲਣੋਂ ਵੀ ਗਿਆਂ, ਕਦੇ ਪੱਬ 'ਚ ਈ ਬੈਠੀਏ, ਘਰ ਤਾਂ ਬੁੜ੍ਹੀਆਂ ਸਾਹਮਣੇ ਕੋਈ ਗੱਲ ਈ ਨਹੀਂ ਸੀ ਹੁੰਦੀ।''

''ਚੱਲ, ਆ ਤੈਨੂੰ ਗਲਾਸ ਪਿਲਾ ਦਿੰਨਾਂ।''

ਜੈਕਟ ਪਾਉਂਦਾ ਪਰਦੁੱਮਣ ਸਿੰਘ ਉਸ ਨਾਲ ਤੁਰ ਪੈਂਦਾ ਹੈ। ਦੋਵੇਂ ਕਾਰ ਵਿਚ ਆ ਬੈਠਦੇ ਹਨ। ਪਰਦੁੱਮਣ ਕਹਿੰਦਾ ਹੈ,

''ਚੱਲ ਜਿਥੇ ਚੱਲਣਾ, ਗਲਾਸ ਪੀਨੇ ਆਂ, ਸੱਚੀਂ ਕਈ ਦਿਨ ਹੋ ਗਏ ਆਪਾਂ ਨੂੰ ਬੈਠਿਆਂ ਨੂੰ।''

ਕਾਰਾ ਕੰਟੀਨੈਂਟਲ ਹੋਟਲ ਵੱਲ ਨੂੰ ਕਾਰ ਤੋਰ ਲੈਂਦਾ ਹੈ। ਪਰਦੁੱਮਣ ਨੂੰ ਪਤਾ ਹੈ ਕਿ ਕਾਰੇ ਦਾ ਸਟੈਂਡਰਡ ਜ਼ਰਾ ਕੁ ਉਂਚਾ ਹੈ। ਉਹ ਆਮ ਲੋਕਾਂ ਵਾਲੇ ਪੱਬਾਂ ਵਿਚ ਘੱਟ ਜਾਇਆ ਕਰਦਾ ਹੈ। ਕਾਰਾ ਪੁੱਛਦਾ ਹੈ,

''ਕਿੱਦਾਂ, ਹੁਣ ਤਾਂ ਸਭ ਠੀਕ ਐ ਨਾ ?''

''ਹਾਂ, ਦੋਨਾਂ ਨੂੰ ਜੌਬ ਮਿਲ ਗਈ, ਨਿਆਣਿਆਂ ਦੇ ਮਨਾਂ ਵਿਚ ਜਿੰਨਾ ਕੁ ਇੰਡੀਆ ਰਜਿਸਟਰ ਹੋਇਆ ਸੀ ਉਤਰ ਚੁੱਕੈ, ਬਸ ਆਹ ਬੜਾ ਸਾਲ੍ਹਾ ਪੜ੍ਹਨ ਤੋਂ ਹਟਣ ਨੂੰ ਫਿਰਦੈ।''

''ਚੱਲ, ਕਿਸੇ ਕੋਰਸ ਵਿਚ ਪਾ ਦਿਓ।''

''ਦੇਖਦੇ ਆਂ, ਤੂੰ ਸੁਣਾ, ਕੰਮ ਕਿੱਦਾਂ?''

''ਪਹਿਲਾਂ ਵਾਲੀ ਗੱਲ ਨਹੀਂ ਰਹੀ, ਕੰਪੀਟੀਸ਼ਨ ਬਹੁਤ ਐ, ਸਾਲੇ ਥੋੜ੍ਹੀ ਥੋੜ੍ਹੀ ਕੁਟੇਸ਼ਨ ਈ ਦੇਈ ਜਾਂਦੇ ਆ, ਪਤਾ ਨਹੀਂ ਕਿੱਦਾਂ ਸਰਵਾਈਵ ਕਰਦੇ ਆ। ਮੈਂ ਤਾਂ ਸੋਚਦਾਂ ਜੇ ਕੋਈ ਵੱਡਾ ਚੱਜ ਦਾ ਬਿਜ਼ਨਸ ਮਿਲ ਜਾਵੇ ਤਾਂ ਸਭ ਬਦਲ ਦੇਵਾਂ।''

''ਹਾਲੇ ਤੂੰ ਮੈਨੂੰ ਇਧਰ ਨੂੰ ਖਿੱਚਦਾਂ।''

''ਨਵੇਂ ਬੰਦੇ ਲਈ ਠੀਕ ਐ, ਮੇਰੇ ਹੁਣ ਓਵਰ ਹੈਡਜ਼ ਈ ਬਹੁਤ ਐ।''

ਉਹ ਹੋਟਲ ਦੀ ਬਾਰ ਵਿਚ ਪੁੱਜ ਜਾਂਦੇ ਹਨ। ਕਾਰਾ ਲਾਗਰ ਦੇ ਦੋ ਗਲਾਸ ਭਰਾ ਲਿਆਉਂਦਾ ਹੈ। ਪਰਦੁੱਮਣ ਪੁੱਛਦਾ ਹੈ,

''ਤੇਰੇ ਕੋਲ ਉਹ ਜਿਹੜੀ ਲਿਲੀ ਕੰਮ ਕਰਦੀ ਹੁੰਦੀ ਸੀ, ਹੈਗੀ ਕਿ ਛੱਡ ਗਈ।''

''ਸੁਰਜੀਤ ਕੌਰ ਨੂੰ ਪਤਾ ਚੱਲ ਗਿਆ ਸੀ, ਉਹਨੇ ਹਟਾ 'ਤੀ।''

''ਦੇਖਿਆ ਨਾ ਪੜ੍ਹੀ ਹੋਈ ਔਰਤ ਦਾ ਘਾਟਾ। ਹੋਰ ਹੁਣ ਕੋਈ?''

''ਹੈਗੀਆਂ ਇਕ ਦੋ ਕੁ, ਤੈਨੂੰ ਪਤਾ ਕਿ ਤੀਵੀਂ ਬਿਨਾਂ ਰਹਿ ਈ ਕਿਥੋਂ ਹੁੰਦਾ।''

''ਰੈਗੂਲਰ ਐ ਕਿ ਚਾਲੂ ਮਾਲ ਐ?''

''ਇਕ ਤਾਂ ਚਲਾਵਾਂ ਕੰਮ ਐ, ਗੋਰੀ ਐ, ਕਦੇ ਕਦੇ ਹੋਟਲ ਵਿਚ ਬੁਲਾ ਲੈਨਾਂ ਤੇ ਇਕ ਹੈਗੀ ਆ ਰੈਗੂਲਰ ਵੀ ਪਰ ਹੁਣ ਧਿਆਨ ਰੱਖਣਾ ਪੈਂਦੈ, ਨਿਆਣੇ ਬਰਾਬਰ ਦੇ ਹੋ ਚੱਲੇ।''

''ਇਹ ਤਾਂ ਹੈ ਈ, ਨਾਲੇ ਤੂੰ ਬਥੇਰਾ ਇਨਜੁਆਏ ਕੀਤਾ, ਮੈਂ ਤਾਂ ਦੁਕਾਨ ਵਿਚ ਈ ਫਸਿਆ ਰਿਹਾਂ।''

''ਉਥੇ ਇੰਡੀਆ ਕਿੱਦਾਂ?''

ਕਾਰਾ ਸਵਾਲ ਪੁੱਛਦਾ ਹੈ। ਪਰਦੁੱਮਣ ਸੋਚਣ ਲੱਗਦਾ ਹੈ ਕਿ ਇਸ ਦਾ ਕੀ ਉਤਰ ਦੇਵੇ, ਮਾਸਟਰਨੀ ਵਾਲੀ ਗੱਲ ਕਿਵੇਂ ਦੱਸੇ। ਉਸ ਨੂੰ ਪਤਾ ਹੈ ਕਿ ਕਾਰਾ ਔਰਤਾਂ ਦਾ ਸ਼ੌਕੀਨ ਹੈ ਤੇ ਆਪਣੇ ਬਾਰੇ ਕਈ ਵਾਰ ਵਧਾ ਚੜ੍ਹਾ ਕੇ ਵੀ ਗੱਲ ਕਰ ਜਾਂਦਾ ਹੈ। ਜਵਾਬ ਵਿਚ ਕਦੇ ਕਦੇ ਪਰਦੁੱਮਣ ਵੀ ਗੱਪ ਮਾਰਨ ਲੱਗਦਾ ਹੈ। ਕਾਰੇ ਦੇ ਸਵਾਲ ਤੇ ਥੋੜਾ ਕੁ ਸੋਚਦਾ ਉਹ ਆਖਦਾ ਹੈ,

"ਕਾਰਿਆ, ਇਨ੍ਹਾਂ ਟੈਰੋਰਿਸਟਾਂ ਨੇ ਬਹੁਤ ਧੋਖਾ ਕੀਤਾ ਮੇਰੇ ਨਾਲ, ਮੇਰੀ ਬਹੁਤ ਹੀ ਖੂਬਸੂਰਤ ਜ਼ਿੰਦਗੀ ਤਹਿਸ ਨਹਿਸ ਕਰਕੇ ਰੱਖ ਦਿੱਤੀ। ਹੁਣ ਤਾਂ ਮੈਂ ਇਹ ਵੀ ਸੋਚਦਾਂ ਕਿ ਇਕ ਲੱਖ ਦੇ ਵੀ ਦਿੰਦਾ ਤਾਂ ਕਿਹੜਾ ਪਹਾੜ ਡਿੱਗਣ ਲੱਗਾ ਸੀ।"

ਉਹ ਬੀਅਰ ਦਾ ਘੁੱਟ ਭਰਨ ਲਈ ਰੁਕ ਕੇ ਫਿਰ ਆਖਦਾ ਹੈ,

"ਮੈਂ ਜੀ.ਟੀ. ਰੋਡ 'ਤੇ ਜਗ੍ਹਾ ਲੈ ਲਈ ਸੀ, ਟਾਇਰਾਂ ਦੀ ਏਜੰਸੀ ਲਈ ਪੈਸੇ ਜਮ੍ਹਾਂ ਕਰਾਉਣੇ ਸੀ ਛੇਤੀ ਹੀ, ਪੈਟਰੋਲ ਪੰਪ ਦੀ ਵੀ ਗੱਲ ਚੱਲ ਰਹੀ ਸੀ, ਇਕ ਹੋਟਲ ਬਾਰੇ ਵੀ ਸੋਚ ਰਿਹਾ ਸੀ ਮੈਂ। ਮੈਂ ਤਾਂ ਇਹ ਤਹਿ ਕਰ ਲਿਆ ਸੀ ਕਿ ਗਿਆਨ ਕੌਰ ਤੇ ਨਿਆਣਿਆਂ ਨੂੰ ਵਾਪਸ ਭੇਜ ਦੇਵਾਂ ਤੇ ਆਪ ਉਥੇ ਹੀ ਰਹਾਂ। ਇਕ ਗੱਲ ਬਾਬਿਆਂ ਨੇ ਬਹੁਤ ਚੰਗੀ ਕਰ ਦਿੱਤੀ, ਜੇ ਕੰਮ ਫੈਲਾਏ ਹੋਏ 'ਤੇ ਤੰਗ ਕਰਦੇ ਤਾਂ ਨਾ ਕਾਰੋਬਾਰ ਛੱਡ ਹੁੰਦਾ ਤੇ ਨਾ ਉਥੇ ਹੀ ਰਹਿ ਹੁੰਦਾ, ਲਾਈਫ ਬਹੁਤ ਔਖੀ ਹੋ ਜਾਣੀ ਸੀ, ਚਲੋ ਜੋ ਹੋ ਗਿਆ ਚੰਗਾ ਈ ਹੋ ਗਿਆ।"

"ਮੇਰਾ ਸਵਾਲ ਇਹ ਨਹੀਂ, ਤੇਰੀ ਉਨਾਭੀ ਪੱਗ 'ਤੇ ਵੀ ਕੋਈ ਮਰੀ ?"

"ਹਾਂ ਮਰੀ ਸੀ ਇਕ। ਫਗਵਾੜੇ ਪ੍ਰੀਤ ਨਗਰ ਰਹਿੰਦੀ ਸੀ। ਇਨ੍ਹਾਂ ਨਿਆਣਿਆਂ ਦੀ ਇੰਗਲਿਸ਼ ਟੀਚਰ ਸੀ, ਘੁੰਮਣ ਫਿਰਨ ਦੀ ਸ਼ੌਕੀਨ ਸੀ ਤੇ ਆਪਾਂ ਘੁੰਮਾਉਣ ਫਿਰਾਉਣ ਦੇ।"

"ਸੁਹਣੀ ਸੀ?"

"ਹਾਂ, ਸੁਹਣੀ ਸੀ, ਠੀਕ ਸੀ, ਹਸਬੈਂਡ ਉਹਦਾ ਆਰਮੀ ਵਿਚ ਸੀ, ਨੇਵੀ ਵਿਚ। ਮੇਰੇ ਨਾਲ ਰਾਜਸਥਾਨ ਦੇਖਣ ਗਈ ਸੀ, ਬਹੁਤਾ ਈ ਮੋਹ ਕਰਨ ਲੱਗੀ ਸੀ।"

"ਤੇਰਾ ਕਿ ਤੇਰੀ ਜੇਬ੍ਹ ਦਾ।"

"ਸ਼ਾਇਦ ਜੇਬ੍ਹ ਦਾ ਵੀ ਕਰਦੀ ਹੋਵੇ, ਇਹ ਗਿਵ ਐਂਡ ਟੇਕ ਤਾਂ ਹੈ ਈ, ਪਰ ਉਹ ਬਹੁਤ ਚੰਗੀ ਔਰਤ ਐ, ਛੱਡਣ ਵਾਲੀ ਨਹੀਂ। ਜਦ ਮੈਂ ਤੁਰਨ ਤੋਂ ਪਹਿਲਾਂ ਮਿਲਣ ਗਿਆਂ ਤਾਂ ਬਹੁਤ ਰੋਈ, ਮੇਰਾ ਵੀ ਮਨ ਖਰਾਬ ਕਰਤਾ' ਸੀ ਤੇ ਮੇਰੀ ਸੁਣ ਲੈ ਜਿੱਦਣ ਦਾ ਆਇਆਂ ਉਹਨੂੰ ਫੋਨ ਵੀ ਨਹੀਂ ਕਰ ਹੋਇਆ।"

"ਉਹਨੂੰ ਤੇਰੀ ਸਿਚੂਏਸ਼ਨ ਦਾ ਪਤਾ ਵੀ ਸੀ ?"

"ਹਾਂ ਮੈਂ ਦੱਸਿਆ ਸੀ, ਓਹਨੇ ਤਾਂ ਰਹਿਣ ਲਈ ਆਪਣਾ ਘਰ ਦਿੱਤਾ ਸੀ ਕਿ ਐਮਰਜੈਂਸੀ ਵਿਚ ਇਥੇ ਆ ਜਾਓ।"

"ਹੁਣ ਕਿੱਦਾਂ ਕਰਨੀ ਐ?"

"ਕਾਹਦੀ?"

"ਤੂੰ ਤਾਂ ਹੁਣ ਥੋੜੇ ਕੀਤੇ ਜਾਣਾ ਨਹੀਂ ਇੰਡੀਆ ਨੂੰ, ਮੇਰੇ ਨਾਲ ਇੰਟਰੋਡੱਕਸ਼ਨ ਕਰਾ ਦੇ, ਮੈਂ ਅਗਲੇ ਮਹੀਨੇ ਜਾ ਰਿਹਾਂ।"

"ਦੇਖ ਬਈ, ਗੱਲਾਂ ਸਾਂਝੀਆਂ ਤੇ ਔਰਤ ਆਪੋ ਆਪਣੀ!"

ਬਾਰਾਂ

ਪ੍ਰੀਤੀ ਕਾਰ ਵਿਚੋਂ ਆਲਾ ਦੁਆਲਾ ਦੇਖਦੀ ਹੈ ਤੇ ਫਿਰ ਇਕਦਮ ਉਤਰ ਜਾਂਦੀ ਹੈ। ਜਗਮੋਹਨ ਵੀ ਕਾਰ ਭਜਾ ਕੇ ਲੈ ਜਾਂਦਾ ਹੈ। ਪ੍ਰੀਤੀ ਜਾਂਦੀ ਹੋਈ ਕਾਰ ਨੂੰ ਦੇਖਦੀ ਮਨ ਹੀ ਮਨ ਕਹਿ ਰਹੀ ਹੈ – "ਚੰਦਰਾ, ਬਾਏ ਬਾਏ ਵੀ ਨਹੀਂ ਕਹਿ ਕੇ ਗਿਆ।" ਕਾਰ ਦੇ ਮੋੜ ਮੁੜ ਜਾਣ 'ਤੇ ਉਹ ਸੁਸੈਕਸ ਰੋਡ ਉਪਰ ਕਾਹਲੀ ਕਾਹਲੀ ਤੁਰਨ ਲੱਗਦੀ ਹੈ। ਉਹ ਸੋਚ ਰਹੀ ਹੈ ਕਿ ਜਗਮੋਹਨ ਨੂੰ ਪਹਿਲੀ ਮੁਲਾਕਾਤ ਵਿਚ ਹੀ ਇੰਨੀਆਂ ਗੱਲਾਂ ਨਹੀਂ ਸਨ ਦੱਸ ਦੇਣੀਆਂ ਚਾਹਦੀਆਂ। ਮਰਦ ਔਰਤ ਦਾ ਕਮਜ਼ੋਰੀ ਦਾ ਫਾਇਦਾ ਉਠਾਉਣ ਵਿਚ ਢਿੱਲ ਨਹੀਂ ਕਰਦਾ। ਸਾਰੇ ਮਰਦ ਇਕੋ ਜਿਹੇ ਹੀ ਹੁੰਦੇ ਹਨ। ਉਸ ਨੂੰ ਚੇਤਾ ਹੈ ਕਿ ਜਦ ਗੁਰਨਾਮ ਨੇ ਉਸ ਨੂੰ ਕੁੱਟ ਧਰਿਆ ਸੀ ਤਾਂ ਸਾਹਮਣੇ ਘਰ ਵਾਲਾ ਪਾਕਿਸਤਾਨੀ ਬਹੁਤੀ ਹੀ ਹਮਦਰਦੀ ਦਿਖਾਉਣ ਲੱਗਦਾ ਸੀ। ਉਸ ਦੇ ਮਨ ਦਾ ਇਕ ਕੋਨਾ ਇਹ ਵੀ ਕਹਿ ਰਿਹਾ ਹੈ ਕਿ ਕੋਈ ਉਸ ਦੀ ਗੱਲ ਸੁਣਨ ਵਾਲਾ ਹੋਵੇ। ਕੋਈ ਉਸ ਦਾ ਹਮਦਰਦ ਹੋਵੇ। ਕੋਈ ਮੋਹ ਨਾਲ ਪੇਸ਼ ਆਵੇ। ਉਸ ਦੇ ਸੁਫਨਿਆਂ ਦੀ ਕਦਰ ਪਾਵੇ। ਗੁਰਨਾਮ ਨੇ ਤਾਂ ਸਦਾ ਉਸ ਦੀ ਅਪੇਖਿਆ ਹੀ ਕੀਤੀ ਹੈ। ਕਿਸੇ ਨਾਲ ਦਿਲ ਦੀ ਗੱਲ ਕੀਤਿਆਂ ਹੀ ਉਸ ਦਾ ਸੁਨੇਹਾ ਕਿਧਰੇ ਪਹੁੰਚੇਗਾ। ਅਜਿਹਾ ਸੋਚਦਿਆਂ ਉਸ ਨੂੰ ਜਗਮੋਹਨ ਨਾਲ ਦਿਲ ਦੀਆਂ ਕੁਝ ਗੱਲ੍ਹਾਂ ਸਾਂਝੀਆਂ ਕਰ ਲੈਣਾ ਚੰਗਾ ਲਗਣ ਲਗਦਾ ਹੈ।

ਉਹ ਬੱਚਿਆਂ ਨੂੰ ਜੀਤੋ ਮਾਸੀ ਦੇ ਘਰੋਂ ਲੈਣ ਲਈ ਉਸ ਦੇ ਦਰਵਾਜ਼ੇ ਦੀ ਘੰਟੀ ਵਜਾਉਂਦੀ ਹੈ। ਮਾਸੀ ਬੱਚਿਆਂ ਨੂੰ ਦਰਵਾਜ਼ੇ ਵਿਚ ਹੀ ਲਿਆਉਂਦੀ ਹੋਈ ਹੌਲੇ ਜਿਹੇ ਆਖਦੀ ਹੈ,

"ਤੇਰਾ ਅੰਕਲ ਘਰੇ ਈ ਐ।"

ਪ੍ਰੀਤੀ ਨੂੰ ਪਤਾ ਹੈ ਕਿ ਅੰਕਲ ਨੂੰ ਵੀ ਗੁਰਨਾਮ ਵਾਂਗ ਉਸ ਦੀ ਇਹ ਐਕਟਿੰਗ ਵਾਲੀ ਗੱਲ ਪਸੰਦ ਨਹੀਂ ਹੈ। ਇਸੇ ਕਰਕੇ ਅੰਕਲ ਪ੍ਰੀਤੀ ਨੂੰ ਪਸੰਦ ਨਹੀਂ ਕਰਦਾ ਪਰ ਮਾਸੀ ਜੀਤੋ ਉਸ ਦੀ ਸਹੇਲੀ ਵਾਂਗ ਹੈ। ਗੁਰਨਾਮ ਦੀਆਂ ਮਾਰੀਆਂ ਸੱਟਾਂ ਨੂੰ ਉਹ ਸਹਿਲਾਉਂਦੀ ਹੋਈ ਸਲਾਹ ਦੇਣ ਲੱਗਦੀ ਹੈ,

‘‘ਕਿਉਂ ਏਨੀ ਮਾਰ ਖਾਨੀ ਐਂ, ਆਹ ਨਾਈਨ ਨਾਈਨ ਨਾਈਨ ਕਾਹਦੇ ਲਈ ਐ, ਇਕ ਵਾਰ ਡਾਇਲ ਕਰਦੇ, ਫੇਰ ਦੇਖੀਂ ਕੰਨ 'ਚ ਪਾਇਆ ਨਾ ਰੜਕੂ, ਆਪਣੇ ਅੰਕਲ ਵੱਲ ਈ ਦੇਖ ਲੈ, ਤੇਰੇ ਅੰਕਲ ਨੇ ਵੀ ਬੜੀ ਭੈੜ ਮਿੱਟੀ ਚੁੱਕੀ ਹੋਈ ਸੀ, ਇਕ ਝੱਟਕੇ ਨਾਲ਼ ਸਿੱਧਾ ਹੋ ਗਿਆ, ਇਹ ਮਰਦ ਸੋਚਦੇ ਆ ਕਿ ਅਸੀ ਸਿਰਫ ਡਰਾਵੇ ਈ ਦਿੰਨੀਆਂ, ਇਹਨੇ ਮੇਰਾ ਮੂੰਹ ਸੁਜਾ ਦਿਤਾ ਸੀ, ਮੈਂ ਪੁਲੀਸ ਸੱਦ ਲਈ, ਫੇਰ ਮਿੰਨਤਾਂ ਕਰੇ, ਨਾਲ਼ੇ ਇਹ ਉਦੋਂ ਦੀ ਗੱਲ ਐ ਜਦੋਂ ਨਿਆਣੇ ਛੋਟੇ ਛੋਟੇ ਹੁੰਦੇ ਸੀ, ਹਾਲੇ ਵੀ ਕਦੇ ਔਖਾ ਫਿਕਾ ਹੋਵੇ ਤਾਂ ਮੈਂ ਕਹਿ ਦਿੰਨੀ ਆਂ ਕਿ ਮੈਨੂੰ ਨਾਈਨ ਨਾਈਨ ਨਾਈਨ ਡਾਇਲ ਕਰਨਾ ਔਂਦਾ ਤਾਂ ਮੂਤ ਦੀ ਝੱਗ ਆਗੂੰ ਬੈਠ ਜਾਂਦਾ, ਇਹ ਮਰਦ ਲੋਕ ਵੀ ਡਰਦਿਆਂ ਨੂੰ ਡਰਾਉਂਦੇ ਆ।’’

‘‘ਇਹ ਗੱਲ ਤਾਂ ਮੈਨੂੰ ਸਿਸਟਰਜ਼ ਇਨਹੈਂਡਜ਼ ਵਾਲੀਆਂ ਵੀ ਕਹਿੰਦੀਆਂ ਪਰ ਨਹੀਂ ਮਾਸੀ, ਮੇਰਾ ਪਿਓ ਕੀ ਕਹੂ ਕਿ ਕੁੜੀ ਨੇ ਜੁਆਈ 'ਤੇ ਪੁਲੀਸ ਸੱਦ ਲਈ।’’

‘‘ਪਿਓ ਉਦੋਂ ਕੀ ਕਹੂ ਜਦ ਉਹਨੂੰ ਪਤਾ ਚਲੂ ਕਿ ਜਵਾਈ ਧੀ ਨੂੰ ਧੈਅ ਧੈਅ ਕੁੱਟ ਧਰਦਾ, ਮਾਂ ਪਿਓ ਦਾ ਫਿਕਰ ਇੰਡੀਆ ‘ਚ ਈ ਹੁੰਦਾ ਏਥੇ ਨਹੀਂ, ਤੇਰੇ ਸਾਹਮਣੇ ਦੋ ਰਸਤੇ ਆ, ਇਕ ਤਾਂ ਖਾਈ ਚੱਲ ਛਿੱਤਰ ਦੂਜਾ ਕਿਸੇ ਦੀ ਮੱਦਦ ਲੈ।’’

ਪ੍ਰੀਤੀ ਜੀਤੋ ਦੀ ਗੱਲ ਦਾ ਧਿਆਨ ਨਹੀਂ ਕਰਦੀ। ਉਸ ਨੂੰ ਆਪਣਾ ਵਸਿਆ ਵਸਾਇਆ ਘਰ ਚੰਗਾ ਲਗਦਾ ਹੈ। ਉਸ ਦੇ ਵਸਦੇ ਘਰ ਵਿਚ ਹੀ ਉਸ ਦੇ ਮਾਂ ਪਿਓ ਦੀ ਇਜ਼ਤ ਹੈ। ਕੁਝ ਸਮਾਂ ਪਹਿਲਾਂ ਉਹ ਸਿਸਟਰ ਇਨਹੈਂਡਜ਼ ਵਾਲੀ ਸੁਨੀਤਾ ਨਾਲ ਗੱਲ ਕਰਦੀ ਹੈ ਤਾਂ ਉਹ ਉਸ ਨੂੰ ਪੁਲੀਸ ਕੋਲ ਭੇਜਣ ਲਈ ਬਹੁਤ ਕਾਹਲੀ ਪੈ ਜਾਂਦੀ ਹੈ ਪਰ ਪੁਲੀਸ ਵਾਲਾ ਹੱਲ ਉਸ ਨੂੰ ਪਸੰਦ ਨਹੀਂ ਹੈ। ਗੁਰਨਾਮ ਨੂੰ ਉਸ ਦਾ ਸਿਸਟਰ ਇਨਹੈਂਡਜ਼ ਦੀ ਸੁਨੀਤਾ ਨਾਲ ਮਿਲਣਾ ਚੰਗਾ ਤਾਂ ਨਹੀਂ ਲਗਦਾ ਪਰ ਉਹ ਉਸ ਨੂੰ ਰੋਕਦਾ ਨਹੀਂ। ਅਸਲ ਵਿਚ ਗੁਰਨਾਮ ਉਸ ਨੂੰ ਕਿਸੇ ਗੱਲੋਂ ਵੀ ਨਹੀਂ ਰੋਕਿਆ ਕਰਦਾ ਬਸ ਉਸ ਨੂੰ ਉਸ ਦੀ ਐਕਟਿੰਗ ਵਾਲੀ ਗੱਲ ਪਸੰਦ ਨਹੀਂ ਹੈ।

ਗੁਰਨਾਮ ਪ੍ਰੀਤੀ ਉਪਰ ਹੱਥ ਤਾਂ ਪਹਿਲੇ ਦਿਨਾਂ ਵਿਚ ਹੀ ਚੁੱਕ ਲੈਂਦਾ ਹੈ ਜਦੋਂ ਪ੍ਰੀਤੀ ਐਕਟਿੰਗ ਨੂੰ ਕਿੱਤੇ ਵਜੋਂ ਅਪਣਾਉਣ ਲਈ ਆਖਦੀ ਹੈ। ਗੁਰਨਾਮ ਠਾਹ ਚੁਪੇੜ ਮਾਰਦੇ ਆਖਦਾ ਹੈ,

‘‘ਮੈਨੂੰ ਵਾਈਫ ਚਾਹੀਦੀ ਐ ਕੰਜਰੀ ਨਹੀਂ।’’

ਜਦੋਂ ਕਿ ਵਿਆਹ ਤੋਂ ਪਹਿਲਾਂ ਪ੍ਰੀਤੀ ਦੇ ਪਿਉ ਨੇ ਦੱਸਿਆ ਵੀ ਸੀ ਕਿ ਕੁੜੀ ਨੂੰ ਡਰਾਮੇ ਖੇਡਣ ਦਾ ਸ਼ੌਕ ਹੈ। ਗੁਰਨਾਮ ਚੁੱਪ ਰਿਹਾ ਸੀ। ਕੰਨ ਵਲੇਟ ਰੱਖੇ ਸਨ। ਦਹਾਜੂ ਹੋਣ ਕਰਕੇ ਡਰਦਾ ਸੀ ਕਿ ਪਤਾ ਨਹੀਂ ਵਿਆਹ ਹੋਵੇ ਵੀ ਕਿ ਨਾ, ਪ੍ਰੀਤੀ ਵਰਗੀ ਸੁਹਣੀ ਕੁੜੀ ਹੱਥੋਂ ਕਿਉਂ ਗੰਵਾਈ ਜਾਵੇ। ਉਹਨਾਂ ਦਿਨਾਂ ਵਿਚ ਪ੍ਰੀਤੀ ਇੰਗਲੈਂਡ ਵਿਚ ਨਵੀਂ ਸੀ। ਕੋਈ ਜਾਣੂ ਵੀ ਨਹੀਂ ਸੀ। ਇਸ ਲਈ ਚੁਪੇੜ ਖਾ ਕੇ ਚੁੱਪ ਕਰ ਗਈ ਸੀ ਤੇ ਆਪਣੇ ਸ਼ੌਕ ਨੂੰ ਭੁੱਲ ਗਈ ਸੀ। ਅੰਦਰ ਵੜ ਕੇ ਰੋ ਰੋ ਕੇ ਮਨ ਹਲਕਾ ਕਰ ਲਿਆ ਸੀ। ਫਿਰ ਮੀਨਾ ਆ ਗਈ, ਟੀਨਾ ਤੇ ਫਿਰ ਦੀਪੂ। ਇੰਨਾ ਚਿਰ ਪ੍ਰੀਤੀ ਨੇ ਐਕਟਿੰਗ ਕਰਨ ਦੀ ਕਦੇ ਗੱਲ ਨਹੀਂ ਸੀ ਕੀਤੀ।

ਘਰ ਵਿਚ ਵੈਸੇ ਦੇਸੀ ਮੈਗਜ਼ੀਨ ਆਦਿ ਆਉਂਦੇ ਰਹਿੰਦੇ ਹਨ ਜਿਹਨਾਂ ਵਿਚ ਅਜਿਹੀਆਂ ਮਸ਼ਹੂਰੀਆਂ ਹੁੰਦੀਆਂ ਹਨ ਕਿ ਕਿਸੇ ਡਰਾਮੇ ਜਾਂ ਫਿਲਮ ਲਈ ਨਵੇਂ ਚਿਹਰੇ ਲੋੜੀਂਦੇ ਹੁੰਦੇ ਹਨ ਜਾਂ ਫਿਰ ਕਿਸੇ ਐਕਟਿੰਗ ਸਕੂਲ ਵਿਚ ਭਰਤੀ ਖੁੱਲ੍ਹੀ ਹੁੰਦੀ ਹੈ। ਉਹ ਅਜਿਹੀਆਂ ਐਡਾਂ ਨੂੰ ਬੜੀਆਂ ਲਲਚਾਈਆਂ ਨਜ਼ਰਾਂ ਨਾਲ ਪੜ੍ਹਿਆ ਕਰਦੀ ਹੈ। ਐਕਟਿੰਗ ਦਾ ਕੀੜਾ ਉਸ ਦੇ ਦਿਮਾਗ ਵਿਚ ਤੇਜ਼ੀ ਨਾਲ ਘੁੰਮਣ ਲਗਦਾ ਹੈ। ਇਕ ਵਾਰ ਉਹ ਕਿਸੇ ਐਕਟਿੰਗ ਸਕੂਲ ਨੂੰ ਫੋਨ ਕਰ ਲੈਂਦੀ ਹੈ ਤੇ ਸਕੂਲ ਵਾਲੇ ਐਪਲੀਕੇਸ਼ਨ ਫਾਰਮ ਅਤੇ ਹੋਰ ਲਿਟਰੇਚਰ ਭੇਜ ਦਿੰਦੇ ਹਨ। ਗੁਰਨਾਮ ਨੂੰ ਪਤਾ ਚੱਲਦਾ ਹੈ ਤਾਂ ਉਹ ਫਿਰ ਪ੍ਰੀਤੀ ਨੂੰ ਕੁੱਟ ਦਿੰਦਾ ਹੈ। ਗਵਾਂਢਣ ਜੀਤੋ ਮਾਸੀ ਵੀ ਉਸ ਨੂੰ ਬਥੇਰਾ ਆਖਦੀ ਹੈ ਕਿ ਛੱਡ ਇਹ ਡਰਾਮਿਆਂ ਦੇ ਝੰਜਟ ਨੂੰ। ਜੇ ਗੁਰਨਾਮ ਨੂੰ ਡਰਾਮੇ ਚੰਗੇ ਨਹੀਂ ਲੱਗਦੇ ਤਾਂ ਨਾ ਇਹਨਾ ਬਾਰੇ ਸੋਚ ਤੇ ਨਾ ਬੇਇੱਜ਼ਤੀ ਕਰਾ। ਗੱਲ ਕਰਦੀ ਨਾਲ ਹੀ ਪੁਲਿਸ ਸੱਦਣ ਦੀ ਵੀ ਸਲਾਹ ਵੀ ਦੇ ਜਾਂਦੀ ਹੈ।

ਕਿਸੇ ਕੋਲੋਂ ਉਸ ਨੂੰ ਭੁਪਿੰਦਰ ਦੇ ਡਰਾਮੇ ਤਿਆਰ ਕਰਨ ਦਾ ਪਤਾ ਚਲਦਾ ਹੈ। ਉਹ ਸੋਚਦੀ ਹੈ ਕਿ ਦੇਖੇ ਤਾਂ ਸਹੀ ਕਿ ਇਥੇ ਡਰਾਮੇ ਕਿਵੇਂ ਤਿਆਰ ਕਰਵਾਏ ਜਾਂਦੇ ਹਨ। ਉਸ ਨੂੰ ਗੁਰਨਾਮ ਵਲੋਂ ਕੁੱਟਮਾਰ ਦਾ ਖਿਆਲ ਵੀ ਆਉਂਦਾ ਹੈ ਪਰ ਗੁਰਨਾਮ ਦੀ ਸ਼ਾਮ ਦੀ ਸ਼ਿਫਟ ਹੈ। ਦੋ ਵਜੇ ਕੰਮ ਤੇ ਲਗਦਾ ਹੈ ਤੇ ਦਸ ਵਜੇ ਛੱਡਦਾ ਹੈ। ਬੱਚੇ ਸੰਭਾਲਣ ਲਈ ਜੀਤੋ ਮਾਸੀ ਹੈ ਹੀ। ਮਾਸੀ ਹੀ ਹਰ ਦੁੱਖ ਸੁੱਖ ਵਿਚ ਉਸ ਨੂੰ ਮੋਢ੍ਹਾ ਦਿੰਦੀ ਹੈ। ਭੁਪਿੰਦਰ ਦੇ ਡਰਾਮੇ ਵਿਚ ਕੰਮ ਕਰਨ ਬਾਰੇ ਮਾਸੀ ਨਾਲ ਸਲਾਹ ਕਰਦੀ ਹੈ। ਮਾਸੀ ਗੁਰਨਾਮ ਦੇ ਭੈੜੇ ਸੁਭਾਅ ਬਾਰੇ ਚਿਤਾਵਨੀ ਦਿੰਦੀ ਉਸ ਨੂੰ ਉਤਸ਼ਾਹ ਦੇਣ ਲਗਦੀ ਹੈ। ਮਾਸੀ ਨੂੰ ਡਰਾਮਿਆਂ ਬਾਰੇ ਤਾਂ ਕੋਈ ਸਮਝ ਨਹੀਂ ਪਰ ਉਸ ਨੂੰ ਅੰਦਰੋ ਅੰਦਰ ਪ੍ਰੀਤੀ ਦਾ ਵਿਦਰੋਹ ਵਲ ਨੂੰ ਵਧਣਾ ਚੰਗਾ ਲਗਦਾ ਹੈ। ਮਾਸੀ ਦੇ ਆਪਣੇ ਬੱਚੇ ਸਾਰੇ ਵਿਆਹ ਕੇ ਆਪੋ ਆਪਣੇ ਘਰੀਂ ਜਾ ਚੁੱਕੇ ਹਨ। ਘਰ ਵਿਚ ਉਹ ਤੇ ਉਸ ਦਾ ਪਤੀ ਲੱਛੂ ਹੀ ਰਹਿੰਦੇ ਹਨ। ਲੱਛੂ ਪ੍ਰੀਤੀ ਨੂੰ ਬਿਲਕੁਲ ਪਸੰਦ ਨਹੀਂ ਕਰਦਾ ਪਰ ਬੱਚਿਆਂ ਦਾ ਮੋਹ ਕਰਦਾ ਹੈ। ਉਹਨਾਂ ਦਾ ਘਰ ਆਉਣਾ ਉਸ ਨੂੰ ਚੰਗਾ ਲਗਦਾ ਹੈ। ਜੀਤੋ ਆਪਣੇ ਪਤੀ ਨੂੰ ਇਹ ਨਹੀਂ ਦਸਦੀ ਕਿ ਪ੍ਰੀਤੀ ਡਰਾਮੇ ਖੇਡਣ ਦੇ ਚਕਰ ਵਿਚ ਹੈ।

ਭੁਪਿੰਦਰ ਕੋਲ ਜਾਣ ਵੇਲੇ ਪ੍ਰੀਤੀ ਕੁਝ ਵੀ ਸੋਚ ਸਕਣ ਤੋਂ ਅਸਮਰਥ ਹੈ। ਇਕ ਅਜੀਬ ਜਿਹਾ ਪਾਗਲਪਨ ਸਵਾਰ ਹੈ ਉਸ ਦੇ ਮਨ ਤੇ। ਉਹ ਸੋਚਦੀ ਰਹਿੰਦੀ ਹੈ ਕਿ ਉਹ ਆਪਣੇ ਇਰਾਦੇ ਦੀ ਬਹੁਤ ਮਜਬੂਤ ਹੈ। ਕਾਲਜ ਦੇ ਦਿਨਾਂ ਵਿਚ ਜਿਥੇ ਉਹ ਅੜ ਜਾਂਦੀ ਸੀ ਕੋਈ ਓਥੋਂ ਉਸ ਨੂੰ ਹਿਲਾ ਨਹੀਂ ਸੀ ਸਕਦਾ। ਕਈ ਵਾਰ ਨਾਲ ਦੇ ਵਿਦਿਅਰਥੀਆਂ ਨਾਲ ਉਸ ਦਾ ਪੰਗਾ ਪੈ ਜਾਇਆ ਕਰਦਾ ਸੀ। ਹੁਣ ਵੀ ਉਸ ਦਾ ਦਿਲ ਮੁੜ ਅਭਿਨਯ ਵਲ ਜਾਣ ਦਾ ਹੈ ਤਾਂ ਕੋਈ ਨਹੀਂ ਰੋਕ ਸਕਦਾ ਪਰ ਨਾਲ ਦੀ ਨਾਲ ਉਸ ਨੂੰ ਇਹ ਵੀ ਪਤਾ ਹੈ ਕਿ ਗੁਰਨਾਮ ਇਕ ਦਬਕਾ ਮਾਰੇਗਾ ਤੇ ਉਹ ਅਰਾਮ ਨਾਲ ਬੈਠ ਜਾਵੇਗੀ ਤੇ ਉਸ ਦੇ ਅਗੇ ਕੁਝ ਵੀ ਨਹੀਂ ਕਰ ਸਕੇਗੀ। ਉਹ ਇਹ ਵੀ ਨਹੀਂ ਸੋਚ ਰਹੀ ਕਿ ਇਕ ਦਿਨ ਤਾਂ ਗੁਰਨਾਮ ਨੂੰ ਪਤਾ ਚੱਲਣਾ ਹੀ ਹੈ। ਇਕ ਗੱਲ ਉਸ ਦੇ ਕਿਸੇ ਮਨ ਕਿਧਰੇ ਵਿਚ ਪਈ ਹੈ ਕਿ ਜਦ ਗੁਰਨਾਮ ਉਸ ਦਾ ਕੰਮ ਦੇਖੇਗਾ ਤਾਂ ਜ਼ਰੂਰ ਪਸੰਦ ਕਰੇਗਾ ਫਿਰ ਸਭ ਕੁਝ ਠੀਕ ਹੋ ਜਾਵੇਗਾ। ਇਕ ਗੱਲ ਹੋਰ ਵੀ ਉਸ ਦੇ ਮਨ ਵਿਚ ਹੈ ਜੋ ਸੁਨੀਤਾ ਵੀ ਕਹਿੰਦੀ ਹੈ ਤੇ ਮਾਸੀ ਜੀਤੋ ਵੀ ਕਿ ਗੁਰਨਾਮ ਨੂੰ ਪੁਲੀਸ ਦਾ ਡਰਾਵਾ ਦੇਵੇ ਜੋ ਕਿ ਅਜ ਤਕ ਉਸ ਨੇ ਨਹੀਂ ਦਿਤਾ। ਮਾਸੀ ਦੇ ਘਰੋਂ ਬਚਿਆਂ ਨੂੰ ਲੈ ਕੇ ਆਪਣੇ ਘਰ ਵੜਦੀ ਉਹ ਸੋਚਦੀ ਹੈ ਕਿ ਐਡਾ ਵੱਡਾ ਰਿਸਕ ਲੈ ਕੇ ਜਾਂਦੀ ਵੀ ਹੈ ਪਰ ਸਭ ਕੁਝ ਅਜਾਈਂ ਜਾਂਦਾ ਹੈ ਭੁਪਿੰਦਰ ਇੰਡੀਆ ਚਲੇ ਜਾਣ ਕਾਰਨ। ਵੈਸੇ ਉਸ ਨੂੰ ਭੁਪਿੰਦਰ ਦੇ ਕੰਮ ਕਰਨ ਦਾ ਤਰੀਕਾ ਬਹੁਤਾ ਚੰਗਾ ਵੀ ਨਹੀਂ ਲਗਦਾ। ਭੁਪਿੰਦਰ ਆਪਣੇ ਬਾਰੇ ਹੀ ਬਹੁਤਾ ਸੋਚਦਾ ਹੈ। ਉਸ ਨੂੰ ਬਾਕੀ ਟੀਮ ਦਾ ਬਹੁਤਾ ਫਿਕਰ ਨਹੀਂ ਹੈ। ਜਿੰਨੀ ਕੁ ਵਾਰ ਉਹ ਉਸ ਦੇ ਘਰ ਗਈ ਹੈ ਉਸ ਵਿਚ ਕੋਈ ਖਾਸ ਰਿਹਰਸਲ ਨਹੀਂ ਹੋ ਸਕੀ। ਉਸ ਨੇ ਗਿਣਤੀ ਦੇ ਵਾਰਤਾਲਾਪ ਹੀ ਬੋਲੇ ਹੋਣਗੇ ਪਰ ਉਸ ਨੂੰ ਇੰਨੇ ਕੁ ਨਾਲ ਹੀ ਅਥਾਹ ਤਸੱਲੀ ਮਿਲਦੀ ਹੈ। ਉਸ ਨੂੰ ਇਸ ਗੱਲ ਦਾ ਵੀ ਅਫਸੋਸ ਹੈ ਕਿ ਜਗਮੋਹਨ ਉਸ ਨੂੰ ਮੁੜ ਕੇ ਮਿਲਣ ਦਾ ਵਾਅਦਾ ਵੀ ਨਹੀਂ ਕਰ ਕੇ ਜਾਂਦਾ। ਨਾ ਟੈਲੀਫੋਨ ਨੰਬਰ ਨਾ ਕੁਝ ਹੋਰ। ਪਤਾ ਨਹੀਂ ਮਿਲਣ ਦਾ ਸਬੱਬ ਬਣੇ ਕਿ ਨਾ।

ਭੁਪਿੰਦਰ ਦੀ ਡਰਾਮਾ ਟੀਮ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਉਸ ਦਾ ਹੌਸਲਾ ਵਧਾ ਦਿੰਦੀ ਹੈ। ਕੁਝ ਦੇਰ ਬਾਅਦ ਫਿਰ ਪ੍ਰੀਤੀ ਸੂਰਜ ਆਰਟਸ ਵਾਲਿਆਂ ਨਾਲ ਅਪਾਇੰਟਮੈਂਟ ਵੀ ਬਣਾ ਲੈਂਦੀ ਹੈ। ਉਹਨਾਂ ਨੂੰ ਕਹਿੰਦੀ ਹੈ ਕਿ ਉਹ ਉਸ ਨੂੰ ਕੋਈ ਰੋਲ ਦੇਣ। ਉਸ ਨੂੰ ਇਹ ਵੀ ਪਤਾ ਹੈ ਕਿ ਇਸ ਦਾ ਨਤੀਜਾ ਕੀ ਨਿਕਲੇਗਾ, ਫਿਰ ਵੀ ਖੁਦ ਨੂੰ ਰੋਕ ਨਹੀਂ ਸਕਦੀ। ਸੂਰਜ ਆਰਟਸ ਵਾਲੇ ਕਹਿੰਦੇ ਹਨ ਕਿ ਜਦ ਲੋੜ ਪਈ ਤਾਂ ਉਹ ਉਸ ਨੂੰ ਫੋਨ ਕਰਨਗੇ। ਸੂਰਜ ਆਰਟਸ ਵਾਲਿਆਂ ਨੂੰ ਲੋੜ ਪੈਂਦੀ ਹੈ ਤਾਂ ਉਹਨਾਂ ਪ੍ਰੀਤੀ ਨੂੰ ਫੋਨ ਕਰਦੇ ਹਨ। ਫੋਨ ਅਗਿਓਂ ਗੁਰਨਾਮ ਚੁੱਕ ਲੈਂਦਾ ਹੈ। ਫਿਰ ਉਹੋ ਕੁਝ ਹੁੰਦਾ ਹੈ ਜਿਸ ਦਾ ਡਰ ਹੈ। ਇਸ ਵਾਰ ਗੁਰਨਾਮ ਨੇ ਪ੍ਰੀਤੀ ਨੂੰ ਇੰਨਾ ਮਾਰਦਾ ਹੈ ਕਿ ਉਹ ਬਿਸਤਰ ਤੋਂ ਉਠਣ ਜੋਗੀ ਨਹੀਂ ਰਹਿੰਦੀ। ਇਸ ਮਾਰ ਦੌਰਾਨ ਹੀ ਵੱਡੀ ਕੁੜੀ ਪੁਲੀਸ ਨੂੰ ਫੋਨ ਕਰ ਦਿੰਦੀ ਹੈ। ਪੁਲੀਸ ਗੁਰਨਾਮ ਨੂੰ ਫੜ ਕੇ ਲੈ ਜਾਂਦੀ ਹੈ। ਪ੍ਰੀਤੀ ਜਾ ਕੇ ਸਿਸਟਰਜ਼ ਇਨਹੈਂਡਜ਼ ਦੀ ਸ਼ਰਣ ਲੈਂਦੀ ਹੈ। ਉਹ ਪ੍ਰੀਤੀ ਦਾ ਕੇਸ ਚੁੱਕ ਲੈਂਦੀਆਂ ਹਨ। ਉਹ ਪ੍ਰੀਤੀ ਨੂੰ ਹਸਪਤਾਲ ਲੈਜਾ ਕੇ ਗੁਰਨਾਮ ਦੇ ਖਿਲਾਫ ਕੇਸ ਨੂੰ ਵੱਡਾ ਕਰਨ ਦੀ ਕੋਸ਼ਿਸ਼ ਕਰਨ ਲਗਦੀਆਂ ਹਨ। ਗੁਰਨਾਮ ਦਾ ਇਹ ਪਹਿਲਾ ਕੇਸ ਹੋਣ ਕਰਕੇ ਉਸ ਨੂੰ ਕਚਹਿਰੀ ਵਲੋਂ ਕੁਝ ਜੁਰਮਾਨਾ ਤੇ ਤਾੜਨਾ ਹੋ ਜਾਂਦੀ ਹੈ ਤੇ ਨਾਲ ਹੀ ਘਰ ਤੋਂ ਸੌ ਗਜ਼ ਦੂਰ ਰਹਿਣ ਦਾ ਹੁਕਮ ਵੀ। ਸਿਸਟਰਜ਼ ਇਨਹੈਂਡਜ਼ ਇਸ ਕੇਸ ਨੂੰ ਮੀਡੀਏ ਰਾਹੀਂ ਵਾਹਵਾ ਉਛਾਲਦੀਆਂ ਹਨ। ਉਹ ਗੌਰਮਿੰਟ ਵਲੋਂ ਮਿਲਦੀ ਗਰਾਂਟ ਦੇ ਇਵਜ਼ ਵਿਚ ਦਿਖਾਉਣਾ ਚਾਹੁੰਦੀਆਂ ਹਨ ਕਿ ਉਹ ਬਹੁਤ ਕੰਮ ਕਰ ਰਹੀਆਂ ਹਨ। ਪ੍ਰੀਤੀ ਨੂੰ ਜਾਪਦਾ ਹੈ ਕਿ ਹੁਣ ਅਜ਼ਾਦ ਹੋ ਗਈ ਹੈ। ਇੰਡੀਆ ਵਿਚ ਬੈਠੇ ਮਾਂਪਿਓ ਨੂੰ ਉਹ ਆਪੇ ਹੀ ਹੌਲੀ ਹੌਲੀ ਸਮਝਾ ਲਵੇਗੀ।

## ਤੇਰਾਂ

ਗੁਰਨਾਮ ਦੇ ਘਰੋਂ ਗਏ ਤੇ ਪ੍ਰੀਤੀ ਖੁਸ਼ ਹੈ ਕਿ ਹੁਣ ਉਹ ਜੋ ਚਾਹੇ ਕਰ ਸਕੇਗੀ। ਆਪਣੇ ਅੰਦਰ ਬੈਠੇ ਕਲਾਕਾਰ ਨੂੰ ਬਾਹਰ ਲਿਆ ਸਕੇਗੀ। ਆਪਣੀ ਇਕ ਵੱਖਰੀ ਪੱਛਾਣ ਬਣਾ ਸਕੇਗੀ। ਅਜਿਹਾ ਸੋਚ ਕੇ ਉਸ ਨੂੰ ਜਾਪਦਾ ਕਿ ਇਕ ਨਵੀਂ ਜ਼ਿੰਦਗੀ ਬਾਹਾਂ ਖਿਲਾਰੀ ਖੜੀ ਉਸ ਨੂੰ ਉਡੀਕ ਰਹੀ ਹੈ। ਨਵੇਂ ਰਾਹ ਉਸ ਦੇ ਸਾਹਮਣੇ ਵਿਛੇ ਪਏ ਹਨ। ਪਰ ਜ਼ਿੰਦਗੀ ਦਾ ਸੱਚ ਛੇਤੀ ਹੀ ਸਾਹਮਣੇ ਆਉਣ ਲਗਦਾ ਹੈ। ਜਲਦੀ ਹੀ ਉਸ ਨੂੰ ਘਰ ਦੇ ਖਰਚਿਆਂ ਦਾ ਫਿਕਰ ਪੈ ਜਾਂਦਾ ਹੈ। ਘਰ ਵਿਚ ਗੁਰਨਾਮ ਹੀ ਕੰਮ ਕਰਦਾ ਹੈ। ਪ੍ਰੀਤੀ ਨੇ ਤਾਂ ਕਦੇ ਕੰਮ ਕੀਤਾ ਹੀ ਨਹੀਂ ਹੈ। ਉਪਰੋਥਲੀ ਦੇ ਬੱਚੇ ਹਨ ਤੇ ਫਿਰ ਗੁਰਨਾਮ ਉਸ ਤੋਂ ਕੰਮ ਕਰਵਾ ਕੇ ਖੁਸ਼ ਵੀ ਨਹੀਂ ਹੈ। ਘਰ ਗੁਰਨਾਮ ਨੇ ਪੁਰਾਣਾ ਲਿਆ ਹੋਣ ਕਰਕੇ ਕਿਸ਼ਤ ਬਹੁਤੀ ਨਹੀਂ ਹੈ। ਬੱਚੇ ਵੀ ਹਾਲੇ ਛੋਟੇ ਹੀ ਹਨ ਸੋ ਇਕੱਲੇ ਗੁਰਨਾਮ ਦੀ ਤਨਖਾਹ ਨਾਲ ਹੀ ਗੁਜ਼ਾਰਾ ਚੱਲੀ ਜਾ ਰਿਹਾ ਹੈ। ਹੁਣ ਪ੍ਰੀਤੀ ਕੋਲ ਕੁਝ ਵੀ ਨਹੀਂ ਹੈ। ਜਿਹੜੇ ਚਾਰ ਪੌਂਡ ਜਮ੍ਹਾਂ ਹਨ ਉਹ ਵੀ ਗੁਰਨਾਮ ਦੇ ਨਾਂ ਹੀ ਹਨ। ਬੱਚਿਆਂ ਦਾ ਚਾਈਲਡ ਅਲਾਊਂਸ ਪ੍ਰੀਤੀ ਦੇ ਨਾਂ ਦੇ ਅਕਾਉਂਟ ਵਾਲੀ ਕਾਪੀ ਵਿਚ ਆਉਂਦਾ ਹੈ ਪਰ ਉਸ ਨਾਲ ਘਰ ਦਾ ਖਰਚ ਪੂਰਾ ਨਹੀਂ ਹੋ ਰਿਹਾ। ਜੇਕਰ ਉਹ ਸੋਸ਼ਲ ਸਕਿਉਰਿਟੀ ਕੋਲ ਜਾਂਦੀ ਹੈ ਤਾਂ ਉਨ੍ਹਾਂ ਵੀ ਇਕਦਮ ਕੁਝ ਨਹੀਂ ਦੇਣਾ। ਹਫਤਿਆਂ ਦੇ ਹਫਤੇ ਲਗ ਜਾਂਦੇ ਹਨ। ਇਵੇਂ ਹੀ ਗੁਰਨਾਮ ਕੋਲੋਂ ਕਾਨੂੰਨੀ ਖਰਚਾ ਲੈਣ ਲਈ ਵੀ ਕਈ ਮਹੀਨੇ ਲਗ ਜਾਣਗੇ। ਕੁਝ ਵੀ ਜਲਦੀ ਨਾਲ ਨਹੀਂ ਹੋ ਸਕਦਾ ਤੇ ਪ੍ਰੀਤੀ ਨੂੰ ਪੈਸੇ ਦੀ ਹੁਣ ਲੋੜ ਹੈ। ਹਰ ਗੱਲ ਨੂੰ ਵਕਤ ਲੱਗਣਾ ਹੈ ਤੇ ਬੱਚਿਆਂ ਨੂੰ ਅਜ ਚੀਜ਼ਾਂ ਚਾਹੀਦੀਆਂ ਹਨ। ਇਵੇਂ ਇੰਤਜ਼ਾਰ ਕਰਦਿਆਂ ਤਾਂ ਭੁੱਖੇ ਮਰਨ ਦੀ ਨੌਬਤ ਆ ਸਕਦੀ ਹੈ। ਮਾਸੀ ਜੀਤੋ ਕੁਝ ਇਕ ਵਾਰ ਮੱਦਦ ਕਰ ਦਿੰਦੀ ਹੈ ਪਰ ਉਸ ਦੀਆਂ ਵੀ ਆਪਣੀਆਂ ਸੀਮਾਵਾਂ ਹਨ ਅਤੇ ਗੁਰਨਾਮ ਨੂੰ ਘਰੋਂ ਕੱਢਣ ਕਰਕੇ ਅੰਕਲ ਬਹੁਤ ਗੁੱਸੇ ਵਿਚ ਹੈ ਇਸ ਲਈ ਮਾਸੀ ਨੂੰ ਵੀ ਪ੍ਰੀਤੀ ਨਾਲ ਮੇਲ ਜੋਲ ਕੁਝ ਘੱਟ ਕਰਨਾ ਪੈਂਦਾ ਹੈ। ਉਸ ਦੀਆਂ

ਦੋ ਕੁ ਸਹੇਲੀਆਂ ਵੀ ਬਹੁੜਦੀਆਂ ਹਨ ਪਰ ਉਹਨਾਂ ਦੇ ਆਪਣੇ ਮਸਲੇ ਵੀ ਹਨ। ਉਹ ਸੋਚ ਰਹੀ ਹੈ ਕਿ ਜੇਕਰ ਜਗਮੋਹਨ ਦਾ ਫੋਨ ਆਦਿ ਹੁੰਦਾ ਤਾਂ ਉਸ ਤੋਂ ਹੀ ਕੋਈ ਮੱਦਦ ਮੰਗਦੀ ਭਾਵੇਂ ਕੁਝ ਘੰਟਿਆਂ ਦੀ ਹੀ ਵਾਕਫੀ ਹੈ ਪਰ ਮਰਦੀ ਕੁਝ ਨਾ ਕੁਝ ਤਾਂ ਕਰਦੀ। ਭੁਪਿੰਦਰ ਦੇ ਘਰ ਫੋਨ ਕਰਦੀ ਹੈ ਉਹ ਹਾਲੇ ਇੰਡੀਆ ਤੋਂ ਵਾਪਸ ਨਹੀਂ ਆਇਆ। ਸਿਸਟਰਜ਼ ਇੰਨਹੈਂਡਜ਼ ਦੇ ਦਫਤਰ ਵੀ ਜਾਂਦੀ ਹੈ। ਸੁਨੀਤਾ ਮੋਢੇ ਮਾਰਦੀ ਆਖ ਦਿੰਦੀ ਕਿ ਉਹ ਕਿਸੇ ਕਿਸਮ ਦੀ ਆਰਥਿਕ ਮੱਦਦ ਕਰਨ ਤੋਂ ਅਸਮਰਥ ਹਨ। ਇੰਗਲੈਂਡ ਵਿਚ ਜਿੰਨੇ ਕੁ ਰਿਸ਼ਤੇਦਾਰ ਹਨ ਉਹ ਗੁਰਨਾਮ ਦੇ ਹੀ ਹਨ। ਉਹ ਕਦੇ ਗੁਰਨਾਮ ਦੀ ਕੋਈ ਸ਼ਿਕਾਇਤ ਕਰੇ ਤਾਂ ਰਿਸ਼ਤੇਦਾਰ ਗੁਰਨਾਮ ਦਾ ਹੀ ਪੱਖ ਲੈਂਦੇ ਹਨ। ਤਿੰਨ ਹਫਤਿਆਂ ਵਿਚ ਹੀ ਪ੍ਰੀਤੀ ਦੀ ਹਾਲਤ ਬਹੁਤ ਖਸਤਾ ਹੋ ਜਾਂਦੀ ਹੈ। ਇਕ ਦਿਨ ਤਾਂ ਬੱਚਿਆਂ ਦੇ ਖਾਣ ਲਈ ਘਰ ਵਿਚ ਕੁਝ ਵੀ ਨਹੀਂ ਹੈ ਤੇ ਬੱਚੇ ਉਲਟ ਗੁਰਨਾਮ ਨੂੰ ਚੇਤੇ ਕਰਦੇ ਪ੍ਰੀਤੀ ਨੂੰ ਤੋੜ ਤੋੜ ਕੇ ਖਾ ਲਗਦੇ ਹਨ। ਗੁਰਨਾਮ ਭਾਵੇਂ ਪਤੀ ਚੰਗਾ ਨਾ ਹੋਵੇ ਪਰ ਪਿਤਾ ਦੇ ਤੌਰ 'ਤੇ ਉਹ ਬਹੁਤ ਵਧੀਆ ਪਿਓ ਹੈ। ਆਪਣੇ ਬੱਚਿਆਂ ਉਪਰ ਜਾਨ ਛਿੜਕਦਾ ਹੈ।

ਇਕ ਦਿਨ ਉਹ ਮਾਸੀ ਜੀਤੋ ਨੂੰ ਕਹਿੰਦੀ ਹੈ,

"ਮਾਸੀ, ਮੇਰੇ ਕੁਝ ਗਹਿਣੇ ਹੀ ਵਿਕਵਾ ਦੇ, ਜਦ ਤਕ ਕਿਸੇ ਪਾਸਿਓਂ ਕੋਈ ਇੰਤਜ਼ਾਮ ਨਹੀਂ ਹੁੰਦਾ ਓਨਾ ਚਿਰ ਨਿਆਣਿਆਂ ਦਾ ਢਿਡ ਤਾਂ ਭਰਾਂ।"

"ਕਿਸੇ ਸੁਨਿਆਰ ਕੋਲ ਲੈ ਜਾਹ।"

"ਮੈਂ ਗਈ ਸੀ, ਉਹ ਕੁਝ ਨਹੀਂ ਦਿੰਦੇ। ਇਥੇ ਸੋਨਾ ਸਸਤਾ ਈ ਬਹੁਤ ਐ ਤੇ ਘਰਾਂ ਦੀਆਂ ਚੀਜ਼ਾਂ ਇੰਨੀਆਂ ਮਹਿੰਗੀਆਂ ਕਿ ਮੇਰੇ ਗਹਿਣਿਆਂ ਨਾਲ ਮਸਾਂ ਹਫਤੇ ਮਸਾਂ ਲੰਘਣ।"

"ਪ੍ਰੀਤੀ, ਇਹਨਾਂ ਮਰਦਾਂ ਨਾਲ ਵੀ ਨਹੀਂ ਸਰਦਾ ਤੇ ਇਹਨਾ ਬਿਨਾਂ ਵੀ ਨਹੀਂ ਸਰਦਾ। ਮੈਂ ਤਾਂ ਕਹਿੰਨੀ ਆਂ ਕਿ ਤੂੰ ਗੁਰਨਾਮ ਨਾਲ ਸੁਲਾਹ ਕਰ ਲੈ।"

ਪ੍ਰੀਤੀ ਨੀਵੀਂ ਪਾਈ ਬੈਠੀ ਸੋਚਾਂ ਵਿਚ ਪਈ ਰਹਿੰਦੀ ਹੈ ਤੇ ਕੁਝ ਨਹੀਂ ਬੋਲਦੀ।

ਗੁਰਨਾਮ ਘਰੋਂ ਨਿਕਲਦਾ ਤਾਂ ਇਵੇਂ ਹੈ ਕਿ ਮੁੜ ਇਧਰ ਨਹੀਂ ਦੇਖੇਗਾ ਪਰ ਛੇਤੀ ਹੀ ਔਖਾ ਹੋ ਜਾਂਦਾ ਹੈ। ਉਹ ਆਪਣੇ ਇਕ ਦੋਸਤ ਮੇਜਰ ਕੋਲ ਸ਼ਰਨ ਲੈਂਦਾ ਹੈ। ਮੇਜਰ ਨੂੰ ਤਾਂ ਉਸ ਦੇ ਘਰ ਰਹਿਣ ਵਿਚ ਕੋਈ ਇਤਰਾਜ਼ ਨਹੀਂ ਹੈ ਪਰ ਉਸ ਦੀ ਪਤਨੀ ਦਾ ਰੁਕ ਗੁਰਨਾਮ ਨੂੰ ਠੀਕ ਨਹੀਂ ਲੱਗ ਰਿਹਾ। ਦੋ ਦਿਨ ਉਥੇ ਰਹਿ ਕੇ ਉਹ ਇਕ ਹੋਰ ਦੋਸਤ ਸ਼ਿਦੇ ਕੋਲ ਜਾ ਰਹਿਣ ਲੱਗਦਾ ਹੈ ਜੋ ਕਿ ਇਕੱਲਾ ਰਹਿੰਦਾ ਹੈ। ਉਸ ਕੋਲ ਇਕ ਛੋਟਾ ਜਿਹਾ ਕਮਰਾ ਹੈ ਜਿਸ ਵਿਚ ਗੰਦਾ ਜਿਹਾ ਬੈੱਡ ਪਿਆ ਹੈ। ਗੁਰਨਾਮ ਦੇ ਘਰ ਵਿਚ ਪੂਰੀ ਸਫਾਈ ਹੁੰਦੀ ਹੈ। ਪ੍ਰੀਤੀ ਘਰ ਨੂੰ ਬਹੁਤ ਸਾਫ ਰਖਦੀ ਹੈ। ਗੁਰਨਾਮ ਨੂੰ ਸ਼ਿੰਦੇ ਦਾ ਇਹ ਕਮਰਾ ਪਸੰਦ ਨਹੀਂ ਹੈ ਪਰ ਉਹ ਸ਼ਰਾਬ ਨਾਲ ਰੱਜ ਕੇ ਸ਼ਿੰਦੇ ਦੇ ਨਾਲ ਹੀ ਪੈ ਜਾਂਦਾ ਹੈ। ਉਸ ਨੇ ਕੰਮ ਤੋਂ ਬਿਮਾਰੀ ਦੇ ਅਧਾਰ ਤੇ ਛੁੱਟੀ ਲਈ ਹੋਈ ਹੈ। ਸ਼ਿੰਦਾ ਵੀ ਕੰਮ ਤੋਂ ਵਿਹਲਾ ਹੈ ਉਹ ਦੋਵੇਂ ਸਾਊਥਾਲ ਪਾਰਕ ਵਿਚ ਜਾ ਬੈਠਦੇ ਹਨ ਜਿਥੇ ਸ਼ਰਾਬੀਆਂ ਦੇ ਝੁੰਡ ਬੈਠੇ ਪਤਾ ਨਹੀਂ ਕਿਹੜੀਆਂ ਸਲਾਹਾਂ ਵਿਚ ਪਏ ਰਹਿੰਦੇ ਹਨ ਜਾਂ ਫਿਰ ਕਿਸੇ ਪੱਬ ਵਿਚ ਜਾ ਬੈਠਦੇ ਹਨ ਪਰ ਇਸ ਜ਼ਿੰਦਗੀ ਦਾ ਉਹ ਆਦਿ ਨਹੀਂ ਹੈ। ਕੁਝ ਦਿਨਾਂ ਬਾਅਦ ਜਦ ਉਹ ਆਪਣੇ ਆਪ ਵਿਚ ਆਉਂਦਾ ਹੈ ਤਾਂ ਸੋਚਣ ਲਗਦਾ ਹੈ ਕਿ ਹੁਣ ਕੀ ਕਰੇ। ਉਸ ਨੇ ਅਜਿਹੀ ਅਲਿਹਦਗੀ ਪਹਿਲਾਂ ਵੀ ਦੇਖੀ ਹੋਈ ਹੈ ਜਦ ਉਹ ਆਪਣੀ ਪਹਿਲੀ ਪਤਨੀ ਤੋਂ ਅਲੱਗ ਹੋਇਆ ਸੀ ਪਰ ਉਸ ਵਕਤ ਉਸ ਦੇ ਬੱਚੇ ਨਹੀਂ ਸਨ। ਹੁਣ ਉਸ ਨੂੰ ਆਪਣੇ ਤਿੰਨੋਂ ਬੱਚੇ ਯਾਦ ਆ ਰਹੇ ਹਨ। ਉਹ ਸੋਚਦਾ ਹੈ ਕਿ ਕੁਝ ਵੀ ਹੋਵੇ ਪ੍ਰੀਤੀ ਹੱਥੋਂ ਉਸ ਨੂੰ ਹਾਰ ਨਹੀਂ ਜਾਣਾ ਚਾਹੀਦਾ। ਸਭ ਤੋਂ ਪਹਿਲਾਂ ਤਾਂ ਉਸ ਨੂੰ ਰਹਿਣ ਲਈ ਕੋਈ ਵਧੀਆ ਜਿਹਾ ਕਮਰਾ ਲਭਣਾ ਚਾਹੀਦਾ ਹੈ ਫਿਰ ਕੰਮ ਤੇ ਜਾਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਜਦੋਂ ਵਕਤ ਹੋਵੇਗਾ ਤਾਂ ਬੱਚਿਆਂ ਨੂੰ ਵੀ ਮਿਲ ਲਵੇਗਾ ਪਰ ਪ੍ਰੀਤੀ ਲਈ ਉਸ ਦੀ ਜ਼ਿੰਦਗੀ ਵਿਚ ਕੋਈ ਜਗਾਹ ਨਹੀਂ ਹੋਵੇਗੀ।

ਪ੍ਰੀਤੀ ਨਾਲ ਉਸ ਨੂੰ ਬਹੁਤ ਗੁੱਸਾ ਹੈ। ਐਕਟਿੰਗ ਸਿੱਖਣ ਦੀ ਉਸ ਦੀ ਜ਼ਿੱਦ ਨੇ ਗੱਲ ਨੂੰ ਕਿਥੇ ਤੱਕ ਪਹੁੰਚਾ ਦਿੱਤਾ ਹੈ। ਇੰਨੇ ਸਾਲਾਂ ਦੀ ਜ਼ਿੱਦ ਨੂੰ ਉਹ ਜੱਫੀ ਪਾਈ ਬੈਠੀ ਹੈ। ਪ੍ਰੀਤੀ ਨੂੰ ਉਹ ਪਿਆਰ ਕਰਦਾ ਹੈ। ਉਸ ਦੀ ਕੋਈ ਵੀ ਜ਼ਿਦ ਪੁਗਾ ਸਕਦਾ ਹੈ ਪਰ ਇਹ ਐਕਟਿੰਗ ਦੀ ਨਹੀਂ। ਉਸ ਨੇ ਇੰਨੀ ਵਾਰ ਉਸ ਨੂੰ ਸਮਝਾਇਆ ਹੈ ਪਰ ਉਹ ਸਮਝ ਨਹੀਂ ਰਹੀ। ਹੁਣ ਨਿੱਕੀ ਜਿਹੀ ਗੱਲ ਤੋਂ ਪੁਲੀਸ ਬੁਲਾ ਲਈ ਤੇ ਉਸ ਨੂੰ ਘਰੋਂ ਬਾਹਰ ਕੱਢ ਧਰਿਆ। ਉਸ ਘਰ ਵਿਚੋਂ ਜਿਸ ਨੂੰ ਉਸ ਨੇ ਆਪਣੇ ਖੂਨ ਪਸੀਨੇ ਦੀ ਕਮਾਈ ਨਾਲ ਬਣਾਇਆ ਹੈ ਤੇ ਪ੍ਰੀਤੀ ਨੇ ਉਸ ਵਿਚ ਇਕ ਪੌਂਡ ਦਾ ਵੀ ਹਿੱਸਾ ਨਹੀਂ ਪਾਇਆ। ਪ੍ਰੀਤੀ ਨੂੰ ਤਾਂ ਇਥੇ ਆ ਕੇ ਕਿਸੇ ਕਿਸਮ ਦੀ ਮਿਹਨਤ ਕਰਨੀ ਹੀ ਨਹੀਂ ਪਈ। ਉਸ ਨੇ ਪ੍ਰੀਤੀ ਨੂੰ ਇਕ ਦਿਨ ਵੀ ਕੰਮ 'ਤੇ ਨਹੀਂ ਲਾਇਆ। ਕੋਈ ਹੋਰ ਹੁੰਦਾ ਤਾਂ ਦੂਜੇ ਦਿਨ ਹੀ ਝੋਲਾ ਫੜਾ ਕੇ ਕੰਮ 'ਤੇ ਤੋਰ ਦਿੰਦਾ ਤੇ ਆਪੇ ਕਰਦੀ ਰਹਿੰਦੀ ਐਕਟਿੰਗ। ਸਵੇਰ ਤੋਂ ਸ਼ਾਮ ਤੱਕ ਕੰਮ ਕਰਨ ਵਾਲੀਆਂ ਔਰਤਾਂ ਨੂੰ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ ਲੱਗਦੀ ਐਕਟਿੰਗ ਤਾਂ ਦੂਰ ਦੀ ਗੱਲ ਹੈ। ਉਹ ਬਹੁਤ ਸੋਚਦਾ ਰਹਿੰਦਾ ਹੈ ਪਰ ਕੁਝ ਵੀ ਨਹੀਂ ਸਕਦਾ। ਨਾ ਕੰਮ ਤੇ ਜਾ ਹੁੰਦਾ ਹੈ ਤੇ ਨਾ ਹੀ ਕੋਈ ਸਾਫ ਜਗਾਹ ਤੇ ਕਮਰਾ ਹੀ ਲੱਭ ਹੋ ਰਿਹਾ ਹੈ। ਸਵੇਰੇ ਉਠ ਉਹ ਤੇ ਉਸ ਦਾ ਦੋਸਤ ਸਾਈਡਰ ਦੀਆਂ ਬੋਤਲਾਂ ਖਰੀਦਦੇ ਹਨ ਤੇ ਪਾਰਕ ਵਿਚ ਜਾ ਬੈਠਦੇ ਹਨ। ਕਈ ਕਈ ਦਿਨ ਉਹ ਸ਼ੇਵ ਵੀ ਨਹੀਂ ਕਰਦਾ। ਹਫਤਾ ਭਰ ਬਿਨਾਂ ਨਹਾਤਿਆਂ ਨਿਕਲ ਜਾਂਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦੇ ਹੱਥ ਕੰਬਣ ਲਗ ਪਏ ਹਨ। ਉਹ ਡਰਦਾ ਹੋਇਆ ਸੋਚਦਾ ਹੈ ਕਿ ਉਹ ਅਲਕੋਹਲਿਕ ਹੋ ਗਿਆ ਹੈ। ਜੇ ਨਹੀਂ ਹੋਇਆ ਤਾਂ ਜਲਦੀ ਹੋ ਜਾਵੇਗਾ। ਉਹ ਚਾਹੁੰਦਾ ਕਿ ਇਸ ਸਥਿਤੀ ਵਿਚੋਂ ਕਿਸੇ ਨਾ ਕਿਸੇ ਤਰ੍ਹਾਂ ਨਿਕਲੇ ਨਹੀਂ ਤਾਂ ਉਹ ਇਵੇਂ ਹੀ ਖਤਮ ਹੋ ਜਾਵੇਗਾ ਤੇ ਪ੍ਰੀਤੀ

ਦੂਰ ਖੜੀ ਹੱਸਦੀ ਹੋਵੇਗੀ। ਇਵੇਂ ਉਸ ਦੇ ਬੱਚਿਆਂ ਦਾ ਭਵਿਖ ਧੁੰਧਲਾ ਹੋ ਜਾਵੇਗਾ ਪਰ ਸ਼ਰਾਬ ਉਸ ਦੀਆਂ ਸਾਰੀਆਂ ਸੋਚਾਂ ਤੇ ਹਾਵੀ ਰਹਿੰਦੀ ਹੈ।

ਇਕ ਦਿਨ ਲੱਛੂ ਅੰਕਲ ਘੁੰਮਦਾ ਘੁਮਾਉਂਦਾ ਸਾਊਥਾਲ ਪਾਰਕ ਵੱਲ ਆ ਜਾਂਦਾ ਹੈ। ਘਰੋਂ ਕਾਫੀ ਦੂਰ ਹੋਣ ਕਰਕੇ ਉਹ ਇਸ ਪਾਰਕ ਵਿਚ ਨਹੀਂ ਆਇਆ ਕਰਦਾ। ਉਸ ਦਿਨ ਉਹ ਪਾਰਕ ਐਵੀਨਿਊ ਵਾਲੇ ਗੁਰਦੁਆਰੇ ਵਿਚ ਕਿਸੇ ਰਿਸ਼ਤੇਦਾਰ ਵਲੋਂ ਰਖਾਏ ਪਾਠ ਦੇ ਭੋਗ 'ਤੇ ਗਿਆਂ ਦਿਨ ਚੰਗਾ ਹੋਣ ਕਰਕੇ ਪਾਰਕ ਵੱਲ ਨਿਕਲ ਜਾਂਦਾ ਹੈ। ਇਕ ਢਾਣੀ ਵਿਚ ਬੈਠਾ ਗੁਰਨਾਮ ਉਸ ਨੂੰ ਦਿੱਸ ਪੈਂਦਾ ਹੈ। ਸਾਈਡਰ ਦੀ ਬੋਤਲ ਉਸ ਦੇ ਹੱਥ ਵਿਚ ਹੈ। ਅੰਕਲ ਲੱਛੂ ਸੋਚਦਾ ਕਿ ਇਹ ਤਾਂ ਗਿਆ ਕੰਮ ਤੋਂ, ਜਲਦੀ ਹੀ ਅਲਕੋਹਲਕ ਹੋ ਕੇ ਮਰ ਜਾਵੇਗਾ। ਉਹ ਕਾਹਲੀ ਨਾਲ ਗੁਰਨਾਮ ਵਲ ਵਧਦਾ ਹੈ। ਗੁਰਨਾਮ ਅੰਕਲ ਨੂੰ ਦੇਖਦਾ ਹੈ ਤੇ ਉਠ ਕੇ ਉਸ ਕੋਲ ਆਉਂਦਾ ਪੁੱਛਦਾ ਹੈ,

''ਅੰਕਲ ਕਿਧਰ ਫਿਰਦੈਂ ?''

''ਯੰਗ ਮੈਨ, ਮੈਂ ਤਾਂ ਜਿਧਰ ਫਿਰਦਾਂ ਬਸ ਫਿਰਦਾਂ ਪਰ ਤੂੰ ਦਸ ਆਹ ਤੂੰ ਕੀ ਬਣਾ ਲਿਆ ਆਪਣਾ? ਕੀ ਕਰਨ ਲੱਗਿਆਂ ਤੂੰ ਆਪਣੇ ਆਪ ਨੂੰ?''

''ਕੁਸ਼ ਨਈਂ ਅੰਕਲ, ਟਾਈਮ ਪਾਸ ਕਰਦਾਂ, ਛੁੱਟੀਆਂ ਜਿਓਂ ਐ।''

''ਚੱਲ ਆ ਜਾ, ਆਹ ਪੱਬ ਵਿਚ ਬੈਠ ਕੇ ਗੱਲਾਂ ਕਰਦੇ ਆਂ।''

ਉਹ ਦੋਵੇਂ ਬਰਾਬਰ ਤੁਰਦੇ ਪੱਬ ਵਿਚ ਆ ਜਾਂਦੇ ਹਨ। ਅੰਕਲ ਲੱਛੂ ਗਲਾਸ ਭਰਾ ਕੇ ਲਿਆਉਂਦਾ ਹੈ। ਉਹ ਕਹਿਣ ਲੱਗਦਾ ਹੈ,

''ਮੈਂ ਤਾਂ ਤੈਨੂੰ ਓਦਣ ਦਾ ਈ ਲਭਦਾ ਫਿਰਦਾਂ।''

''ਦੇਖ ਅੰਕਲ ਮੈਂ ਉਸ ਦੀ ਇਸ ਜ਼ਿਦ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਸੀ ਕਰ ਸਕਦਾ, ਮੈਂ ਆਪਣੇ ਆਪ ਨੂੰ ਪੂਰਾ ਸੂਰਾ ਮਰਦ ਸਮਝਦਾਂ।''

''ਮੈਂ ਤੈਨੂੰ ਕਿਸੇ ਕਿਸਮ ਦੇ ਸਮਝੌਤੇ ਲਈ ਨਹੀਂ ਕਹਿੰਦਾ ਪਰ ਮੈਨੂੰ ਤਾਂ ਗਿਲਾ ਐ ਕਿ ਤੂੰ ਘਰ ਕਾਹਨੂੰ ਛੱਡਣਾ ਸੀ। ਘਰ ਤਾਂ ਬੰਦੇ ਦਾ ਬੇਸ ਹੁੰਦੈ, ਅਗਲੇ ਨੂੰ ਮਜਬੂਰ ਕਰੋ ਘਰੋਂ ਜਾਣ ਲਈ।''

''ਪਰ ਅੰਕਲ, ਏਸ ਮੁਲਕ ਦਾ ਕਾਨੂੰਨ ਉਲਟ ਐ।''

''ਪਰ ਕਾਨੂੰਨ ਨੂੰ ਆਪਾਂ ਹੱਥ ਵਿਚ ਲਈਏ ਹੀ ਕਿਉਂ! ਕੁੱਟ ਮਾਰ ਕਰਨ ਦੀ ਕੀ ਲੋੜ ਐ! ਤੂੰ ਤਾਂ ਪੜ੍ਹਿਆ ਲਿਖਿਐਂ।''

''ਪਰ ਅੰਕਲ ਉਹ ਰੁਕਦੀ ਨਹੀਂ ਜਿਹੜੇ ਕੰਮ ਤੋਂ ਰੋਕਦਾਂ ਮੈਂ।''

''ਔਰਤ ਰੁਕਦੀ ਨਈਂ ਹੁੰਦੀ, ਆਈ ਤੇ ਆਈ ਕਦੇ ਨਹੀਂ ਰੁਕਦੀ ਹੁੰਦੀ। ਔਰਤ ਤੇ ਮੱਖੀ ਜਿਥੋਂ ਰੋਕੋ ਮੁੜ ਉਥੇ ਹੀ ਬੈਠਣਗੀਆਂ। ਸਿਆਣੇ ਕਹਿੰਦੇ ਆ ਜੇ ਘਿਓ ਸਿੱਧੀ ਉਂਗਲ ਨਾਲ ਨਾ ਨਿਕਲੇ ਤਾਂ ਵਿੰਗੀ ਕਰ ਲਓ। ਤੂੰ ਘਰ ਚੱਲ ਤੈਨੂੰ ਕੁਸ਼ ਦਾਅ ਮੈਂ ਦੱਸੂੰ।''

''ਘਰ ਜਾਣਾ ਮੇਰਾ ਏਨਾ ਸੌਖਾ ਨਹੀਂ।''

''ਸੌਖਾ ਜਾਂ ਔਖਾ ਬਾਅਦ ਦੀ ਗੱਲ ਐ, ਅਕਲ ਦੀ ਗੱਲ ਇਹ ਐ ਕਿ ਏਨੀ ਦੇਰ ਔਰਤ ਨੂੰ ਇਕੱਲੀ ਨਹੀਂ ਛੱਡੀਦਾ। ਜੇ ਉਹਨੂੰ ਰੋਣ ਲਈ ਮੋਢਾ ਮਿਲ ਗਿਆ ਤਾਂ ਤੂੰ ਗਿਆ ਸਦਾ ਲਈ, ਤੇਰਾ ਘਰ ਵੀ ਜਾਊ ਤੇ ਨਿਆਣੇ ਵੀ, ਹਾਲੇ ਮੌਕਾ ਹੈਗਾ ਸਾਂਭ ਜਾ ਕੇ, ਇਹ ਸਾਊਥਾਲ ਤਾਂ ਟੁੱਚੇ ਬੰਦਿਆਂ ਦਾ ਭਰਿਆ ਪਿਆ, ਇਥੇ ਤਾਂ ਲੋਕ ਏਦਾਂ ਦੀ ਵਿਹਲੀ ਹੋਈ ਔਰਤ ਨੂੰ ਲੱਭਦੇ ਫਿਰਦੇ ਆ ਖਾਸ ਤੌਰ 'ਤੇ ਪਾਕਿਸਤਾਨੀ ਤੇ ਜਿਹੜੇ ਆਹ ਫੌਜੀ ਆ ਪੱਕੇ ਹੋਣ ਲਈ ਇਹ ਵੀ ਔਰਤਾਂ ਲਭਦੇ ਫਿਰਦੇ ਆ।''

ਗੁਰਨਾਮ ਉਸ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਦਾ ਹੈ। ਉਸ ਦੀਆਂ ਗੱਲਾਂ ਸੱਚੀਆਂ ਜਾਪ ਰਹੀਆਂ ਹਨ ਪਰ ਉਹ ਕਹਿੰਦਾ ਹੈ,

''ਅੰਕਲ, ਹੁਣ ਤਾਂ ਜੋ ਹੋਣਾ ਸੀ ਹੋ ਗਿਆ, ਮੈਂ ਹੁਣ ਪਿੱਛੇ ਨੂੰ ਨਹੀਂ ਮੁੜ ਸਕਦਾ। ਉਹਨੇ ਜੋ ਕਰਨੈ ਕਰੇ, ਫੌਜੀ ਨਾਲ ਜਾਵੇ ਜਾਂ ਕਾਲੇ ਚੋਰ ਨਾਲ਼।''

''ਇਹ ਗੱਲ ਨਹੀਂ ਗੁਰਨਾਮ ਕਿ ਉਹ ਕਿਹਦੇ ਨਾਲ ਜਾਵੇ ਕਿਉਂਕਿ ਏਦਾਂ ਉਹ ਸਹਿਜੇ ਜਾਣ ਵਾਲੀ ਨਹੀਂ ਪਰ ਇਸ ਵੇਲੇ ਉਹ ਟੁੱਟੀ ਪਈ ਐ ਪੈਸੇ ਵਲੋਂ ਵੀ ਤੇ ਭਾਵੁਕ ਤੌਰ ਤੇ ਵੀ ਇਸ ਵੇਲੇ ਟਾਈਮ ਆ ਕਿ ਸੁਲਾਹ ਕਰ ਲੈ ਨਾਲ਼ੇ ਆਪਣੇ ਬੱਚਿਆਂ ਬਾਰੇ ਸੋਚ।''

ਬੱਚਿਆਂ ਨੂੰ ਦੇਖਣ ਲਈ ਉਹ ਹੋਰ ਤੜਫ ਉਠਦਾ ਹੈ। ਬਾਹਰ ਦੀ ਦੁਨੀਆਂ ਉਸ ਨੇ ਹੁਣ ਦੇਖ ਲਈ ਹੈ। ਕੁਝ ਸੋਚਦਾ ਹੋਇਆ ਉਹ ਆਖਦਾ ਹੈ,

''ਉਹ ਆਕੇ ਮੈਨੂੰ ਸੌਰੀ ਬੋਲੇ ਤਾਂ ਮੈਂ ਸੋਚ ਸਕਦਾਂ।''

''ਏਦਾਂ ਨਹੀਂ, ਦੇਖ ਗਲਤੀ ਤੇਰੀ ਵੀ ਐ ਤੇ ਓਹਦੀ ਵੀ, ਮੈਂ ਤੇਰੀ ਮਾਸੀ ਨਾਲ ਗੱਲ ਕਰਕੇ ਤੁਹਾਡੀ ਸੁਲਾਹ ਕਰਾਉਂਨਾ, ਤੂੰ ਸਾਡੇ ਵਲ ਆ ਜਾਈਂ। ਉਸ ਨੂੰ ਸੱਦ ਲਵਾਂਗੇ। ਅਸੀਂ ਤੁਹਾਨੂੰ ਦੋਨਾਂ ਨੂੰ ਸਮਝਾਵਾਂਗੇ ਸਭ ਠੀਕ ਹੋ ਜਾਊ। ਬਾਕੀ ਜਿਹੜਾ ਉਹਦੇ ਡਰਾਮਿਆਂ ਦਾ ਡਰਾਮਾ ਐ ਅੱਵਲ ਤਾਂ ਉਹਨੂੰ ਹੁਣ ਤਕ ਅਕਲ ਆ ਗਈ ਹੋਊ ਨਹੀਂ ਤਾਂ ਤਰੀਕਾ ਤੈਨੂੰ ਮੈਂ ਦੱਸੂੰ, ਦੇਖੀਂ ਸਭ ਠੀਕ ਹੋ ਜਾਊ।''

''ਉਹ ਕਿੱਦਾਂ ਠੀਕ ਹੋ ਜਾਊ, ਅੰਕਲ?''

'' ਉਹਨੂੰ ਸੋਧ ਕੇ ਤੇ ਸੋਧਣ ਦਾ ਤਰੀਕਾ ਤੈਨੂੰ ਮੈਂ ਦੱਸੂੰ।''

''ਉਹ ਕਿੱਦਾਂ ਅੰਕਲ ? ਕਿਹੜਾ ਤਰੀਕਾ ?''
''ਸਾਰੀਆਂ ਗੱਲਾਂ ਨਾ ਪੁੱਛ, ਤੂੰ ਸੁਲਾਹ ਲਈ ਤਿਆਰ ਹੋ ਜਾਹ।''
''ਫੇਰ ਵੀ ਕੋਈ ਹਿੰਟ ਤਾਂ ਦੇਹ।''
''ਤੈਨੂੰ ਪਤਾ ਕਿ ਸਰਕਸ ਵਾਲੇ ਸ਼ੇਰ ਨੂੰ ਕਿੱਦਾਂ ਸੋਧਦੇ ਆ? ਉਹ ਉਹਨੂੰ ਕੁੱਟਦੇ ਮਾਰਦੇ ਬਿਲਕੁਲ ਨਹੀਂ।''
''ਫੇਰ ਕੀ ਕਰਦੇ ਆਂ।''
''ਕੁੱਟਮਾਰ ਨਾਲ ਸ਼ੇਰ ਨਹੀਂ ਮੰਨਦਾ, ਸ਼ੇਰ ਕੀ ਕਈ ਹੋਰ ਜਾਨਵਰ ਵੀ ਨਹੀਂ ਮੰਨਦੇ, ਕਈ ਔਰਤਾਂ ਵੀ ਨਹੀਂ। ਇਨ੍ਹਾਂ ਲਈ ਸਰਕਸ ਵਾਲਿਆਂ ਇਕ ਹੋਰ ਤਰੀਕਾ ਕੱਢਿਆ ਹੋਇਐ। ਉਹ ਸ਼ੇਰ ਦੇ ਕੰਨਾਂ ਵਿਚ ਵਿਸਲ ਵਜਾਉਣ ਲੱਗਦੇ ਆ। ਏਨੀ ਜ਼ੋਰ ਜ਼ੋਰ ਦੀ, ਇੰਨੀ ਵਾਰ ਵਿਸਲ ਵਜਾਉਂਦੇ ਆ ਕਿ ਸ਼ੇਰ ਅੱਕ ਜਾਂਦੈ।''
''ਜਾਣੀ ਕਿ ਸ਼ੇਰ ਨੂੰ ਵੱਖਰੇ ਢੰਗ ਨਾਲ ਟੌਰਚਰ ਕੀਤਾ ਜਾਂਦੈ।''
''ਇਹਨੂੰ ਟੌਰਚਰ ਕਰਨਾ ਨਹੀਂ ਕਹਿੰਦੇ ਯੰਗਮੈਨ, ਸੋਧਣਾ ਕਹਿੰਦੇ ਆ ਤੇ ਕਿੱਦਾਂ ਸੋਧਣਾ ਇਹ ਮੈਂ ਤੈਨੂੰ ਸਿਖਾਊਂ, ਜਿਹੜਾ ਕੰਮ ਮੈਂ ਨਹੀਂ ਕਰ ਸਕਿਆ ਉਹ ਤੂੰ ਕਰੇਂਗਾ।''

ਚੌਦਾਂ

ਬੇਕਰੀ ਵਿਚ ਪਰਦੁੱਮਣ ਸਿੰਘ ਦੀਆਂ ਸ਼ਿਫਟਾਂ ਹਨ। ਰਾਤ ਦੀ ਸ਼ਿਫਟ ਹੋਵੇ ਤਾਂ ਗਿਆਨ ਕੌਰ ਨੂੰ ਕੰਮ 'ਤੇ ਛੱਡ ਵੀ ਆਉਂਦਾ ਹੈ ਤੇ ਲੈ ਵੀ ਲੈਂਦਾ ਹੈ। ਕਾਰ ਦੀ ਲੋੜ ਮਹਿਸੂਸ ਕਰਦਾ ਉਹ ਕਾਰ ਖਰੀਦ ਲੈਂਦਾ ਹੈ। ਕਾਰ ਬਿਨਾਂ ਕੁਝ ਨਹੀਂ ਕੀਤਾ ਜਾ ਸਕਦਾ। ਬੱਸਾਂ ਵਿਚ ਤਾਂ ਟਾਈਮ ਹੀ ਬਹੁਤ ਖਰਾਬ ਹੁੰਦਾ ਹੈ। ਫੋਰਡ ਦੀ ਸੇਅਰਾ ਕਾਰ ਉਸ ਨੂੰ ਪਸੰਦ ਹੈ। ਫੋਰਡ ਦੀਆਂ ਕਾਰਾਂ ਨੂੰ ਮਜ਼ਦੂਰ ਤਬਕਾ ਬਹੁਤ ਪਸੰਦ ਕਰਦਾ ਹੈ। ਸਸਤੀਆਂ ਪੈਂਦੀਆਂ ਹਨ। ਕੀਮਤ ਵਿਚ ਵੀ, ਮੁਰੰਮਤ ਵਿਚ ਵੀ ਤੇ ਇੰਸ਼ੋਰੰਸ ਵੀ ਦੂਜੀਆਂ ਕਾਰਾਂ ਮੁਕਾਬਲਤਨ ਘੱਟ ਹੁੰਦੀ ਹੈ। ਗਿਆਨ ਕੌਰ ਨੂੰ ਲੈਣ ਆਇਆ ਕਈ ਵਾਰ ਫੈਕਟਰੀ ਦੇ ਅੰਦਰ ਵੀ ਚਲੇ ਜਾਂਦਾ ਹੈ। ਫੈਕਟਰੀ ਦਾ ਮਾਲਕ ਮੋਟਾ ਜਿਹਾ ਸਰਦਾਰ ਹੈ ਜਿਸ ਨੂੰ ਸਾਰੇ ਪੀਟਰ ਕਹਿੰਦੇ ਹਨ। ਅਸਲੀ ਨਾਂ ਸ਼ਾਇਦ ਪ੍ਰੀਤਮ ਸਿੰਘ ਹੋਵੇ। ਉਹ ਪੀਟਰ ਨਾਲ ਹੱਥ ਮਿਲਾਉਂਦਾ ਉਸ ਦਾ ਹਾਲ ਚਾਲ ਪੁੱਛਣ ਲੱਗਦਾ ਹੈ ਪਰ ਉਸ ਦਾ ਧਿਆਨ ਸਮੋਸਿਆਂ ਵਿਚ ਹੁੰਦਾ ਹੈ। ਉਹ ਦੇਖਣਾ ਚਾਹੁੰਦਾ ਹੁੰਦਾ ਹੈ ਕਿ ਕਿਵੇਂ ਬਣਾਏ ਜਾਂਦੇ ਹਨ ਸਮੋਸੇ। ਇਨ੍ਹਾਂ ਵਿਚ ਕਿਹੋ ਜਿਹਾ ਮਸੌਦਾ ਪੈਂਦਾ ਹੋਇਆ। ਇਹ ਕਿੰਨੇ ਦਾ ਵੇਚਦੇ ਹੋਏ ਤੇ ਇਨ੍ਹਾਂ ਨੂੰ ਪੈਂਦਾ ਕਿੰਨੇ ਦਾ ਹੋਵੇਗਾ। ਬੇਕਰੀ ਵਿਚ ਤਾਂ ਹਰ ਵੇਲੇ ਇਹੋ ਹੀ ਸੋਚਦਾ ਰਹਿੰਦਾ ਹੈ ਕਿ ਇਕ ਬਰੈੱਡ ਇਸ ਬੇਕਰੀ ਨੂੰ ਕਿੰਨੇ ਦੀ ਪੈਂਦੀ ਹੋਈ। ਉਸ ਨੂੰ ਇਹ ਸਮੋਸੇ ਉਹਨਾਂ ਸਮੋਸਿਆਂ ਤੋਂ ਕੁਝ ਭਿੰਨ ਲਗਦੇ ਹਨ ਜਿਹੋ ਜਿਹੇ ਗਿਆਨ ਕੌਰ ਘਰ ਬਣਾਇਆ ਕਰਦੀ ਹੈ।

ਉਹ ਗਿਆਨ ਕੌਰ ਨੂੰ ਸਮੋਸਿਆਂ ਬਾਰੇ ਪੁੱਛਣ ਲੱਗਦਾ ਹੈ,
''ਕਿੰਨੇ ਕੁ ਔਖੇ ਆ ਇਹ ਬਣਾਉਣੇ ?''
''ਲੈ, ਇਹ ਵੀ ਕੋਈ ਕੰਮ ਐ, ਸੇਮ ਈ ਆ ਜਿੱਦਾਂ ਦੇ ਘਰ ਬਣਾਈਦੇ ਆ! ਬਸ ਥੋੜਾ ਜਿਹਾ ਫਰਕ ਆ, ਇਕ ਜਾਣੀ ਆਟਾ ਗੁੰਨ ਕੇ ਪੇਸਟਰੀ ਬਣਾ ਲੈਂਦੀ ਐ, ਦੋ ਜਾਣੀਆਂ ਅਸੀਂ ਮਸਾਲਾ ਤਿਆਰ ਕਰ ਲੈਨੇ ਆਂ ਫੇਰ ਰਲ ਕੇ ਭਰੀ ਜਾਈਦੇ ਆ ਤੇ ਡੈਬੀ ਤਲੀ ਜਾਂਦੀ ਐ, ਪੀਟਰ ਤਾਂ ਫੈਕਟਰੀ ਔਂਦਾ ਈ ਘੱਟ ਐ, ਡੈਬੀ ਈ ਸਾਰਾ ਕੰਮ ਚਲੌਂਦੀ ਐ। ਇਕ ਉਹ ਧੀਰੂ ਭਾਈ ਐ, ਡਰੈਵਰ।''

ਪਰਦੁੱਮਣ ਧੀਰੂ ਭਾਈ ਨੂੰ ਜਾ ਘੇਰਦਾ ਹੈ।
''ਭੈਅਈਆ, ਕਿਧਰ ਕਿਧਰ ਜਾਤੇ ਹੋ ?''

ਸਵਾਲ ਪੁੱਛਣ ਤੋਂ ਪਹਿਲਾਂ ਉਹ ਆਪਣੀ ਪਛਾਣ ਗਿਆਨ ਕੌਰ ਦੇ ਪਤੀ ਦੇ ਤੌਰ 'ਤੇ ਕਰਵਾ ਦਿੰਦਾ ਹੈ। ਧੀਰੂ ਭਾਈ ਦੱਸਦਾ ਹੈ,
''ਕੁਸ਼ ਦੁਕਾਨੇਂ, ਕੁਸ਼ ਸਟੋਰ ਅਲੱਗ ਅਲੱਗ ਜਾਤਾ ਰਹਿਤਾ ਹੂੰ, ਨਈ ਜਗਾਹ ਵੀ ਟਰਾਈ ਕਰਤਾ ਰਹਿਤਾ ਹੂੰ।''
''ਕੌਨ ਕੌਨ ਸੇ ਏਰੀਏ ਮੇਂ ਜਾਤੇ ਹੋ?''
''ਪੂਰੇ ਮਿਡਲਸੈਕਸ ਮੇਂ ਜਾਤਾ ਹੂੰ ਲੰਡਨ ਮੇਂ ਜਾਨੇ ਸੇ ਡਰਤਾ ਹੂੰ ਇਧਰ ਟਰੈਫਿਕ ਬਹੁਤ ਹੋਤਾ ਹੈ।''

ਪਰਦੁੱਮਣ ਸੋਚਣ ਲਗਦਾ ਹੈ ਕਿ ਲੰਡਨ ਹੀ ਤਾਂ ਅਸਲੀ ਜਗਾਹ ਹੈ ਮਾਲ ਦੇ ਖਪਤ ਹੋਣ ਲਈ। ਉਸ ਦੇ ਮਨ ਵਿਚ ਆਪ ਸਮੋਸੇ ਬਣਾ ਕੇ ਇਵੇਂ ਹੀ ਡਲਿਵਰ ਕਰਨ ਦੇ ਖਿਆਲ ਘੁੰਮਣ ਲਗਦੇ ਹਨ। ਉਹ ਕਿਸੇ ਨਾਲ ਬਹੁਤੀ ਸਲਾਹ ਨਹੀਂ ਕਰਦਾ ਪਰ ਇਸ ਗੱਲ ਦਾ ਫੈਸਲਾ ਕਰ ਲੈਂਦਾ ਹੈ ਕਿ ਕਿਸੇ ਲਈ ਉਹ ਹੁਣ ਕੰਮ ਨਹੀਂ ਕਰ ਸਕਦਾ। ਬੇਕਰੀ ਵਿਚ ਕਿਸੇ ਦੇ ਹੁਕਮ ਹੇਠ ਕੰਮ ਕਰਨਾ ਉਸ ਨੂੰ ਬਹੁਤ ਬੁਰਾ ਲੱਗ ਰਿਹਾ ਹੈ। ਸਮੋਸਿਆਂ ਦੇ ਕੰਮ ਵਿਚ ਉਸ ਨੂੰ ਉਮੀਦਾਂ ਬੱਝਣ ਲੱਗਦੀਆਂ ਹਨ। ਉਹ ਗਿਆਨ ਕੌਰ ਤੋਂ ਕੁਝ ਸਮੋਸੇ ਮੰਗਵਾਉਂਦਾ ਹੈ ਤੇ ਉਹਨਾਂ ਨੂੰ ਖੋਹਲ ਕੇ ਦੇਖਦਾ ਹੈ ਕਿ ਇਹਨਾਂ ਵਿਚ ਕੀ ਕੀ ਪਾਇਆ ਹੋਇਆ ਹੈ। ਥੋੜਾ ਖਾ ਕੇ ਦੇਖਦਾ ਹੈ। ਇਹਦੇ ਵਿਚ ਮਸਾਲਾ ਕੁਝ ਵਧੇਰੇ ਤੇ ਮਿਰਚ ਘੱਟ ਹੈ। ਗੋਰਿਆਂ ਦੇ ਸਵਾਦ ਨੂੰ ਮੂਹਰੇ ਰੱਖ ਕੇ ਇਹ ਸਮੋਸੇ ਬਣਾਏ ਹੋਏ ਹਨ। ਉਹ ਸਮੋਸੇ ਬਣਾਉਣ ਦਾ ਸਮਾਨ ਲਿਆਉਂਦਾ ਹੈ ਤਾਂ ਜੋ ਬਣਾ ਕੇ ਦੇਖੇ ਕਿ ਇਕ ਸਮੋਸਾ ਕਿੰਨੇ ਦਾ ਪੈਂਦਾ ਹੋਇਆ। ਉਹ ਸਾਰੇ ਟੱਬਰ ਨੂੰ ਹੀ ਨਾਲ ਲਾ ਲੈਂਦਾ ਹੈ ਤੇ ਕੁਝ ਘੰਟਿਆਂ ਵਿਚ ਹੀ ਛੇ ਸੌ ਸਮੋਸਾ ਬਣਾ ਧਰਦਾ ਹੈ। ਇਕ ਸਮੋਸੇ ਨੂੰ ਆਮ ਸਮੋਸੇ ਨਾਲੋਂ ਵੱਡਾ ਰੱਖ

ਕੇ ਇਸ ਦਾ ਭਾਰ ਇਕ ਸੌ ਚਾਲੀ ਗਰਾਮ ਕਰ ਦਿੰਦਾ ਹੈ ਤੇ ਫਿਰ ਹਿਸਾਬ ਲਾ ਕੇ ਦੇਖਦਾ ਹੈ ਕਿ ਇਕ ਸਮੋਸਾ ਪੰਦਰਾਂ ਕੁ ਪੈਨੀਆਂ ਦਾ ਹੀ ਪੈ ਰਿਹਾ ਹੈ। ਅੱਗੇ ਦੁਕਾਨਾਂ ਉਪਰ ਤੀਹ ਪੈਂਸ ਦਾ ਜਾਂਦਾ ਹੈ ਤੇ ਦੁਕਾਨਦਾਰ ਨੇ ਅੱਗੇ ਪੰਜਾਹ ਪੈਂਸ ਦਾ ਵੇਚਣਾ ਹੈ। ਜਿਹੜੇ ਨਹੀਂ ਵਿਕਣਗੇ ਉਹਨਾਂ ਨੂੰ ਉਹ ਵਾਪਸ ਲੈ ਲਵੇਗਾ। ਭਾਵ ਕੇ ਮਾਲ ਵੇਚ ਕੇ ਪੈਸੇ ਦਿਓ ਤੇ ਜੋ ਨਾ ਵਿਕੇ ਉਹ ਵਾਪਸ। ਇਹ ਸਾਰੀ ਜਾਣਕਾਰੀ ਉਹ ਧੀਰੂ ਭਾਈ ਤੋਂ ਪ੍ਰਾਪਤ ਕਰਦਾ ਹੈ। ਅਗਲੇ ਦਿਨ ਪਰਦੁੱਮਣ ਜਾ ਕੇ ਇਹ ਛੇ ਸੌ ਦਾ ਛੇ ਸੌ ਸਮੋਸਾ ਦੁਕਾਨਾਂ ਵਿਚ ਰੱਖ ਆਉਂਦਾ ਹੈ। ਕੁਝ ਦੁਕਾਨਦਾਰ ਨਾਂਹ ਕਰਦੇ ਹਨ ਪਰ ਬਹੁਤੇ ਰੱਖ ਲੈਂਦੇ ਹਨ। ਉਸਦਾ ਉਤਸ਼ਾਹ ਦੁੱਗਣਾ ਹੋ ਜਾਂਦਾ ਹੈ। ਗਿਆਨ ਕੌਰ ਆਖਦੀ ਹੈ,

''ਇਹ ਕਿਰਾਏ ਦੀ ਜਗ੍ਹਾ, ਫੇਰ ਛੋਟਾ ਜਿਹਾ ਫਲੈਟ ਐ, ਕੋਈ ਗਵਾਂਢੀ ਸ਼ਕੈਤ ਈ ਕਰ ਦਿੰਦਾ। ਕੁਕਿੰਗ ਦੀ ਸਮੈਲ ਦੂਰ ਤੱਕ ਜਾਂਦੀ ਐ।''

''ਜਦੋਂ ਕੋਈ ਸ਼ਕਾਇਤ ਕਰੂ ਤਾਂ ਬੰਦ ਕਰ ਦੇਵਾਂਗੇ ਪਰ ਤੂੰ ਬਣਾ, ਓਨੇ ਕੁ ਈ ਹੋਰ ਬਣਾ ਦੇ।''

ਅਗਲੇ ਦਿਨ ਉਹ ਹੋਰ ਸਮਾਨ ਲੈ ਆਉਂਦਾ ਹੈ। ਅੱਜ ਉਹ ਮੀਟ ਦੇ ਵੀ ਬਣਾਉਂਦੇ ਹਨ। ਉਹ ਲੈਂਬ ਤੇ ਚਿਕਨ ਦੇ ਸਮੋਸੇ ਤਿਆਰ ਕਰਦੇ ਹਨ। ਸਮੋਸਿਆਂ ਦਾ ਆਪਸ ਵਿਚ ਫਰਕ ਰੱਖਣ ਲਈ ਲੈਂਬ ਦੇ ਸਮੋਸਿਆਂ ਵਿਚ ਥੋੜਾ ਜਿਹਾ ਲਾਲ ਰੰਗ ਪਾ ਦਿੰਦਾ ਹੈ ਤੇ ਚਿਕਨ ਦੇ ਸਮੋਸਿਆਂ ਵਿਚ ਪੀਲਾ। ਉਹ ਭਵਿੱਖ ਬਾਰੇ ਸੋਚਦਾ ਖੁਸ਼ ਹੁੰਦਾ ਗਿਆਨ ਕੌਰ ਨੂੰ ਕਹਿੰਦਾ ਹੈ,

''ਐਡਾ ਵੱਡਾ ਲੰਡਨ ਐ, ਮੈਂ ਤਾਂ ਇਕ ਇਕ ਦੁਕਾਨ ਸਮੋਸਿਆਂ ਨਾਲ ਭਰ ਦੇਊਂ।''

ਉਹ ਅਗਲੇ ਦਿਨ ਸਮੋਸੇ ਲੈ ਕੇ ਦੁਕਾਨਾਂ ਵਿਚ ਜਾਂਦਾ ਹੈ। ਬਹੁਤੀਆਂ ਥਾਵਾਂ 'ਤੇ ਸਮੋਸੇ ਵਿਕੇ ਹੋਏ ਹਨ। ਕੁਝ ਕੁ ਸਮੋਸੇ ਉਹ ਪਹਿਲੀਆਂ 'ਤੇ ਰੱਖ ਕੇ ਕੁਝ ਕੁ ਹੋਰ ਨਵੀਆਂ ਦੁਕਾਨਾਂ 'ਤੇ ਰੱਖ ਦਿੰਦਾ ਹੈ। ਸਮੋਸਿਆਂ ਦਾ ਨਾਂ ਤਾਂ ਲੰਡਨ ਵਾਸੀਆਂ ਦੇ ਮਨਾਂ ਵਿਚ ਪਹਿਲਾਂ ਹੀ ਖੁਣ ਹੋ ਚੁੱਕਾ ਹੈ ਪਰ ਬਹੁਤੇ ਦੁਕਾਨਦਾਰਾਂ ਨੂੰ ਇਨ੍ਹਾਂ ਦੇ ਵਿਕਣ ਵਿਚ ਯਕੀਨ ਨਹੀਂ ਹੈ। ਪਰ ਜਦ ਦੁਕਾਨਦਾਰ ਨੂੰ ਇਹ ਕਹਿੰਦਾ ਹੈ ਕਿ ਨਾ ਵਿਕਣ ਦੀ ਸੂਰਤ ਵਿਚ ਉਹ ਵਾਪਸ ਲੈ ਲਵੇਗਾ ਤੇ ਪੈਸੇ ਵੀ ਇਨ੍ਹਾਂ ਦੇ ਵਿਕਣ ਤੋਂ ਬਾਅਦ ਹੀ ਲਵੇਗਾ ਤਾਂ ਦੁਕਾਨ ਵਾਲੇ ਰੱਖ ਲੈਂਦੇ ਹਨ। ਜਿਹੜੇ ਇਨ੍ਹਾਂ ਨੂੰ ਕਾਊਂਟਰ 'ਤੇ ਰੱਖ ਕੇ ਵੇਚਦੇ ਹਨ ਉਨ੍ਹਾਂ ਦੇ ਤਾਂ ਇਕਦਮ ਵਿਕ ਜਾਂਦੇ ਹਨ।

ਇਕ ਗਵਾਂਢਣ ਗਿਆਨ ਕੌਰ ਨੂੰ ਪੁੱਛਦੀ ਹੈ,

''ਸਾਰੀ ਰਾਤ ਤੁਹਾਡੇ ਕੁਝ ਪੱਕਣ ਦੀ ਸਮੈਲ ਆਉਂਦੀ ਰਹਿੰਦੀ ਐ।''

''ਸਾਡੀ ਰਿਸ਼ਤੇਦਾਰੀ ਵਿਚ ਵਿਆਹ ਜਿਉਂ ਐ।''

''ਅੱਛਾ ! ਉਪਰ ਵਾਲੀ ਗੋਰੀ ਕੱਲ ਬੁੜ ਬੁੜ ਕਰਦੀ ਫਿਰਦੀ ਸੀ।''

ਸੁਣ ਕੇ ਗਿਆਨ ਕੌਰ ਡਰ ਜਾਂਦੀ ਹੈ ਪਰ ਪਰਦੁੱਮਣ ਸਿੰਘ ਖੁਸ਼ ਹੈ। ਅਗਲੇ ਹਫਤੇ ਜਦ ਪੈਸੇ ਇਕੱਠੇ ਕਰਕੇ, ਖਰਚਾ ਕੱਢਦਾ ਹੈ ਤਾਂ ਉਸ ਦੀ ਵਧੀਆ ਤਨਖਾਹ ਨਿਕਲ ਆਉਂਦੀ ਹੈ। ਕੁਝ ਦਿਨ ਹੋਰ ਨਿਕਲਦੇ ਹਨ ਤਾਂ ਉਨ੍ਹਾਂ ਦਾ ਆਪਣਾ ਘਰ ਖਾਲੀ ਹੋ ਜਾਂਦਾ ਹੈ। ਘਰ ਦੀ ਲੌਂਜ ਨੂੰ ਉਹ ਸਮੋਸਿਆਂ ਲਈ ਹੀ ਵਰਤਣ ਲੱਗਦਾ ਹੈ।

ਵੱਡੀ ਸਾਰੀ ਕੜਾਹੀ ਲੈ ਆਉਂਦਾ ਹੈ। ਆਪ ਵੀ ਕੰਮ ਛੱਡ ਦਿੰਦਾ ਹੈ ਤੇ ਗਿਆਨ ਕੌਰ ਦਾ ਵੀ ਛੁਡਵਾ ਦਿੰਦਾ ਹੈ। ਕੁਝ ਦਿਨਾਂ ਵਿਚ ਹੀ ਉਸ ਨੂੰ ਕੰਮ ਕਰਨ ਵਾਲੀ ਇਕ ਹੋਰ ਔਰਤ ਦੀ ਜ਼ਰੂਰਤ ਮਹਿਸੂਸ ਹੋਣ ਲੱਗਦੀ ਹੈ। ਦਿਨੇ ਬੱਚੇ ਸਕੂਲ ਹੁੰਦੇ ਹਨ। ਸ਼ਾਮ ਨੂੰ ਉਨ੍ਹਾਂ ਹੋਮ ਵਰਕ ਵੀ ਕਰਨਾ ਹੁੰਦਾ ਹੈ। ਗਿਆਨ ਕੌਰ ਨੇ ਵੀ ਘਰ ਦੇ ਕੰਮ ਨਿਪਟਾਉਣੇ ਹੁੰਦੇ ਹਨ। ਉਹ ਆਪ ਤਾਂ ਸਵੇਰ ਦਾ ਗਿਆ ਸ਼ਾਮ ਨੂੰ ਹੀ ਮੁੜਦਾ। ਹੁਣ ਉਸ ਨੂੰ ਵੈਨ ਖਰੀਦਣੀ ਪੈ ਰਹੀ ਹੈ ਕਿਉਂਕਿ ਕਾਰ ਵਿਚ ਸਮਾਨ ਨਹੀਂ ਆ ਰਿਹਾ ਤੇ ਨਾਲੇ ਕਾਰ ਵਿਚੋਂ ਸਮਾਨ ਕਢਣ ਲਈ ਬਹੁਤਾ ਝੁਕਣਾ ਪੈਂਦਾ ਹੈ ਜੋ ਉਸ ਨੂੰ ਕੁਝ ਔਖਾ ਲਗਦਾ ਹੈ। ਉਹ ਸਾਰਾ ਦਿਨ ਭੱਜਾ ਫਿਰਦਾ ਹੈ ਪਰ ਇੰਨਾ ਖੁਸ਼ ਹੈ ਕਿ ਥਕਾਵਟ ਉਸ ਦੇ ਨੇੜੇ ਤੱਕ ਨਹੀਂ ਆਉਂਦੀ। ਇਕ ਦਿਨ ਘਰ ਆਉਂਦਾ ਹੈ। ਗਿਆਨ ਕੌਰ ਤੇ ਕੰਮ 'ਤੇ ਰੱਖੀ ਔਰਤ ਨੂੰ ਕੰਮ ਕਰਦਿਆਂ ਦੇਖਦਾ ਹੈ। ਫਿਰ ਉਹ ਗਿਆਨ ਕੌਰ ਨੂੰ ਆਖਦਾ ਹੈ,

''ਤੈਨੂੰ ਇਹ ਔਰਤ ਕਿਥੋਂ ਮਿਲੀ ?''

''ਕੌਣ ? ਇਹ ਅਜੈਬ ਕੌਰ ?''

''ਹਾਂ।''

''ਕਿਉਂ ?''

''ਇਹ ਤਾਂ ਬਹੁਤ ਬੁੱਢੀ ਐ, ਕੋਈ ਜਵਾਨ ਲੱਭ ਜਿਹੜੀ ਕੰਮ ਨੂੰ ਛੋਹਲੀ ਹੋਵੇ, ਕੰਮ ਛੇਤੀ ਨਿੱਬੜੇ।''

''ਏਹਨੂੰ ਵਿਚਾਰੀ ਨੂੰ ਆਪਾਂ ਦਿੰਨੇ ਈ ਕੀ ਆਂ।''

''ਸਾਰਾ ਸਾਊਥਾਲ ਏਦਾਂ ਦੀਆਂ ਵਿਚਾਰੀਆਂ ਨਾਲ ਭਰਿਆ ਪਿਐ, ਬਥੇਰੀਆਂ ਇਲਲੀਗਲ ਜਿਹੀਆਂ ਤੁਰੀਆਂ ਫਿਰਦੀਆਂ।''

''ਮੈਨੂੰ ਤਾਂ ਕੋਈ ਦਿੱਸਦੀ ਨਹੀਂ।''

''ਕਿਸੇ ਤੋਂ ਪੁੱਛਗਿੱਛ ਕਰਦੇ ਆਂ, ਮੈਂ ਇਧਰੋਂ ਉਧਰੋਂ ਪਤਾ ਕਰਦਾਂ।''

ਉਹ ਆਖਦਾ ਹੈ। ਜਦ ਉਹ ਜਵਾਨ ਔਰਤ ਦੀ ਗੱਲ ਕਰਦਾ ਹੈ ਤਾਂ ਉਸ ਦੀਆਂ ਅੱਖਾਂ ਵਿਚ ਲਿਸ਼ਕੋਰ ਪਲਟੇ ਖਾਣ ਲਗਦੀ ਹੈ। ਉਸ ਨੂੰ ਮੈਡਮ ਨੀਰੂ ਦੀ ਯਾਦ ਆਉਣ ਲੱਗਦੀ ਹੈ। ਕਿੰਨੇ ਦਿਨ ਹੋ ਗਏ ਹਨ ਉਸ ਨੇ ਨੀਰੂ ਨੂੰ ਫੋਨ

ਨਹੀਂ ਕੀਤਾ। ਉਹ ਉਸੇ ਸ਼ਾਮ ਹੀ ਨੀਰੂ ਨੂੰ ਫੋਨ ਕਰਕੇ ਹਾਲ ਚਾਲ ਪੁੱਛਦਾ ਹੈ। ਨੀਰੂ ਉਸ ਨੂੰ ਆਖਦੀ ਹੈ ਕਿ ਪੰਜਾਬ ਹੁਣ ਕਦੋਂ ਆਓਗੇ ਤਾਂ ਉਹ ਉਤਰ ਦਿੰਦਾ ਹੈ,

''ਹਾਲਾਤ ਕੁਸ਼ ਠੀਕ ਹੋ ਜਾਣ ਮੈਂ ਗੇੜਾ ਮਾਰੂੰ, ਤੁਹਾਡੇ ਬਿਨਾਂ ਮੈਡਮ ਜੀ ਮਨ ਬਹੁਤ ਉਦਾਸ ਐ।''

ਗੱਲ ਕਰਦਾ ਉਹ ਉਦਾਸ ਜਿਹਾ ਹੋ ਜਾਂਦਾ ਹੈ ਤੇ ਉਸ ਦੇ ਮਨ ਵਿਚ ਇਕ ਖੋਹ ਜਿਹੀ ਵੀ ਪੈਣ ਲਗਦੀ ਹੈ। ਇਕ ਦਿਨ ਗਿਆਨ ਕੌਰ ਕਹਿੰਦੀ ਹੈ,

''ਨਿਆਣੇ ਰੌਲਾ ਪਾਉਂਦੇ ਆ ਕਿ ਘਰ 'ਚੋਂ ਤੇਲ ਦਾ ਮੁਸ਼ਕ ਔਂਦੈ।''

''ਜਿਥੇ ਸਮੋਸੇ ਬਣਾਈਏ ਉਥੋਂ ਫੁੱਲਾਂ ਦੀ ਮਹਿਕ ਤਾਂ ਆਉਣੋਂ ਰਹੀ।''

''ਮੇਰਾ ਮਤਲਬ ਕੋਈ ਪੀਟਰ ਵਰਗੀ ਜਗ੍ਹਾ ਦੇਖ ਲਈਏ, ਘਰ ਤੋਂ ਜ਼ਰਾ ਹਟਵੀਂ।''

''ਗੱਲ ਤਾਂ ਤੇਰੀ ਠੀਕ ਐ, ਪਰ ਖਰਚੇ ਵੱਧ ਜਾਣੇ ਆਂ, ਫੇਰ ਵੀ ਦੇਖਦੇ ਆਂ ਕੁਸ਼।''

ਅਗਲੀ ਵਾਰ ਘਰ ਵੜਦਾ ਹੈ ਤਾਂ ਤੇਲ ਦੀ ਸੁੰਘ ਉਸ ਨੂੰ ਵੀ ਆਉਣ ਲੱਗਦੀ ਹੈ। ਉਹ ਸੋਚਦਾ ਹੈ ਕਿ ਕੋਈ ਯੂਨਿਟ ਮਿਲ ਜਾਏ ਤਾਂ ਈ ਠੀਕ ਰਹੇਗਾ ਤੇ ਯੂਨਿਟ ਮਿਲਦੇ ਸਾਰ ਹੀ ਘਰ ਨੂੰ ਨਵਾਂ ਪੇਂਟ ਕਰਵਾ ਦੇਵੇਗਾ। ਪੇਂਟ ਕਰਵਾਉਣ ਨਾਲ ਘਰ ਵਿਚੋਂ ਆਉਂਦਾ ਮੁਸ਼ਕ ਉੜ ਜਾਵੇਗਾ। ਵੈਸੇ ਵੀ ਕਿਰਾਏਦਾਰਾਂ ਨੇ ਘਰ ਨੂੰ ਹੱਥ ਫੇਰਨ ਵਾਲਾ ਕਰ ਦਿੱਤਾ ਹੋਇਆ ਹੈ।

ਸ਼ਾਮ ਨੂੰ ਵਿਸਕੀ ਦਾ ਪੈਗ ਪਾ ਕੇ ਟੈਲੀ ਮੂਹਰੇ ਬੈਠਦਾ ਗਿਆਨ ਕੌਰ ਨੂੰ ਆਖਦਾ ਹੈ,

''ਕੁੱਬੇ ਦੇ ਮਾਰੀ ਲੱਤ ਤੇ ਕੁੱਬੇ ਨੂੰ ਠੀਕ ਬੈਠ ਗਈ, ਕੁੱਬ ਵੀ ਸਿੱਧਾ ਹੋ ਗਿਆ, ਇੰਡੀਆ ਬੈਠੇ ਹੁੰਦੇ ਤਾਂ ਆਹ ਦਿਨ ਕਿਥੋਂ ਦੇਖਣੇ ਸੀ।''

''ਵਾਹਿਗੁਰੂ ਸਭ ਵੱਲ ਦੇਖਦੈ। ਅਸੀਂ ਕਿਹੜਾ ਕਿਸੇ ਦਾ ਬੁਰਾ ਕੀਤਾ ਸੀ।''

''ਆਹੋ, ਇਹ ਤਾਂ ਠੀਕ ਐ, ਪਰ ਵਾਹਿਗੁਰੂ ਨੇ ਐਡਾ ਪੰਗਾ ਪਾ ਕੇ ਈ ਸਾਡੇ ਵਲ ਦੇਖਣਾ ਹੋਇਆ।''

''ਕਹਿੰਦੇ ਆ ਉਹ ਇਮਤਿਹਾਨ ਵੀ ਲੈਂਦਾ।''

''ਚੱਲ ਉਹਦੀ ਮਰਜ਼ੀ, ਲੈ ਲਏ ਜਿੰਨੇ ਇਮਤਿਹਾਨ ਲੈਣੇ ਆਂ।''

ਉਹ ਪੈੱਗ ਖਤਮ ਕਰਦਾ ਇਵੇਂ ਆਖਦਾ ਹੈ ਜਿਵੇਂ ਹਰ ਔਖ ਲਈ ਤਿਆਰ ਬੈਠਾ ਹੋਵੇ, ਉਹ ਫਿਰ ਆਖਣ ਲੱਗਦਾ ਹੈ,

''ਗੋਰਿਆਂ ਦੀ ਕਹਾਵਤ ਹੈ ਕਿ ਜਿਹੜਾ ਬੰਦਾ ਚਾਲੀ ਸਾਲ ਤੱਕ ਐਸਟੈਬਲਸ਼ ਹੋ ਗਿਆ ਸੋ ਹੋ ਗਿਆ, ਉਸ ਤੋਂ ਬਾਅਦ ਨਹੀਂ ਹੋ ਸਕਦਾ ਪਰ ਮੈਂ ਇਨ੍ਹਾਂ ਗੋਰਿਆਂ ਦੀ ਕਹਾਵਤ ਵੀ ਝੂਠੀ ਕਰ ਦੇਣੀ ਆਂ।''

''ਠੀਕ ਐ ਪਰ ਨਿਆਣਿਆਂ ਵੱਲ ਵੀ ਧਿਆਨ ਦਓ, ਜਿੱਦਣ ਦੇ ਏਸ ਘਰ 'ਚ ਆਏ ਆ, ਇਕੱਠਿਆਂ ਨੇ ਬੈਠ ਕੇ ਰੋਟੀ ਨਹੀਂ ਖਾਧੀ।''

''ਉਹ ਹੁਣ ਕਿਹੜੇ ਨਿਆਣੇ ਆ, ਆਪਣੇ ਆਪ ਨੂੰ ਸੰਭਾਲ ਸਕਦੇ ਆ, ਨਾਲੇ ਅਸੀਂ ਆਹ ਸਭ ਉਨ੍ਹਾਂ ਲਈ ਈ ਕਰਦੇ ਆਂ। ਹਾਂ, ਰਾਜਵਿੰਦਰ ਕਾਰ ਦਾ ਟੈਸਟ ਪਾਸ ਕਰ ਲਵੇ ਤਾਂ ਮੈਨੂੰ ਸੌਖ ਰਹੇ।''

''ਪੜ੍ਹਨ ਦਿਓ ਜੇ ਪੜ੍ਹਦਾ ਤਾਂ।''

''ਮੈਨੂੰ ਨਹੀਂ ਲੱਗਦਾ, ਓਹਦੇ ਲੱਛਣ ਨਹੀਂ ਪੜ੍ਹਨ ਵਾਲੇ, ਕਦੇ ਕਿਤਾਬ ਚੁੱਕੀ ਓਹਨੇ ! ਹਰ ਵੇਲੇ ਟੈਲੀ ਵਿਚ ਵੜਿਆ ਰਹਿੰਦੈ।''

ਦੋਵੇਂ ਕੁੜੀਆਂ ਨੂੰ ਪੜ੍ਹਾਈ ਨੂੰ ਠੀਕ ਚੱਲ ਪਈਆਂ ਹਨ। ਛੋਟੇ ਬਲਰਾਮ ਨੂੰ ਟਿਊਸ਼ਨ ਰਖਾਉਣ ਬਾਰੇ ਪਰਦੁੱਮਣ ਸੋਚਣ ਲੱਗਦਾ ਹੈ। ਵੱਡਾ ਰਾਜ ਤਾਂ ਘਰ ਵਿਚ ਕਿਸੇ ਨਾਲ ਬਹੁਤਾ ਬੋਲਦਾ ਵੀ ਨਹੀਂ ਹੈ। ਜਿੰਨੀ ਗੱਲ ਪੁੱਛ ਲਵੋ ਓਨੀ ਦਾ ਹੀ ਜਵਾਬ ਦਿੰਦਾ ਹੈ। ਕਦੇ ਕਦੇ ਬਲਰਾਮ ਨਾਲ ਜਾਂ ਕੁੜੀਆਂ ਨਾਲ ਲੜਦਾ ਜ਼ਰੂਰ ਹੈ। ਕਦੇ ਕਦੇ ਉਸਦਾ ਕੋਈ ਦੋਸਤ ਉਸ ਨਾਲ ਘਰ ਆ ਜਾਂਦਾ ਹੈ। ਪਰਦੁੱਮਣ ਸਿੰਘ ਨੂੰ ਉਸ ਦੇ ਦੋਸਤ ਚੰਗੇ ਨਹੀਂ ਲੱਗਦੇ। ਕਦੇ ਕਦੇ ਪਰਦੁੱਮਣ ਸਿੰਘ ਦਾ ਦਿਲ ਕਰਦਾ ਹੈ ਕਿ ਰਾਜਵਿੰਦਰ ਨੂੰ ਖੂਬ ਦਬਕੇ ਪਰ ਫਿਰ ਉਹ ਸੋਚਦਾ ਹੈ ਕਿ ਢੀਠ ਹੀ ਨਾ ਹੋ ਜਾਵੇ ਕਿ ਬਿਲਕੁਲ ਹੀ ਕਿਹਾ ਮੰਨਣੋਂ ਹੀ ਹਟ ਜਾਵੇ।

ਕਾਰੇ ਵੱਲ ਉਸ ਤੋਂ ਕਾਫੀ ਦਿਨਾਂ ਤੋਂ ਜਾ ਨਹੀਂ ਹੋਇਆ ਤੇ ਨਾ ਹੀ ਉਹ ਆਉਂਦਾ ਹੈ। ਉਹ ਗਿਆਨ ਕੌਰ ਨੂੰ ਕਹਿੰਦਾ ਹੈ,

''ਕਿਸੇ ਦਿਨ ਸੁਰਜੀਤ ਕੌਰ ਨੂੰ ਫੋਨ ਈ ਕਰ ਲੈ, ਉਨ੍ਹਾਂ ਨੇ ਕਹਿਣਾ ਕਿ ਮੁੜ ਕੇ ਬਾਤ ਈ ਨਹੀਂ ਪੁੱਛੀ, ਹੈਲੋ ਤਕ ਨਹੀਂ ਕਹੀ।''

''ਕਿਹੜੇ ਵੇਲੇ ਕਰਾਂ ਫੋਨ ?''

''ਤਕਾਲ੍ਹਾਂ ਨੂੰ ਘੰਟੀ ਮਾਰ ਦੇ ਕਦੇ।''

''ਮੈਂ ਇਹ ਵੀ ਸੋਚਦੀ ਆਂ ਕਿ ਉਹਨੇ ਕਹਿਣਾ ਕਿ ਏਧਰ ਆ ਜਾਓ ਇਕੱਠੇ ਰੋਟੀ ਖਾਵਾਂਗੇ ਪਰ ਸਾਡੇ ਕੋਲ ਤਾਂ ਜਾਣ ਦਾ ਟਾਈਮ ਹੀ ਨਹੀਂ ਤੇ ਜੇ ਉਨ੍ਹਾਂ ਨੂੰ ਸੱਦੀਏ ਤਾਂ ਬਿਠਾਈਏ ਕਿਥੇ, ਸਾਰੀ ਲੌਂਜ ਸਾਡੀ ਸਮਾਨ ਨਾਲ ਭਰੀ ਪਈ ਆਂ ਤੇ ਰਸੋਈ ਵਿਚ ਤੇਲ ਈ ਤੇਲ ਹੋਇਆ ਪਿਐ। ਸਗਾਂ ਤੇ ਇਕ ਦਿਨ ਮਨਦੀਪ ਦਾ ਫੋਨ ਆਇਆ ਸੀ, ਮੈਂ ਬਹੁਤੀ ਗੱਲਬਾਤ ਬਿਨਾਂ ਈ ਰੱਖ ਦਿੱਤਾ।''

ਇਕ ਦਿਨ ਸਵੇਰੇ ਸਵੇਰੇ ਡਾਕ ਦੇਖਦਾ ਹੈ। ਕੌਂਸਲ ਦੀ ਇਕ ਚਿੱਠੀ ਆਈ ਹੈ। ਖੋਲ੍ਹਦਾ ਹੈ। ਨੋਟਿਸ ਹੈ ਕਿ ਤੁਸੀਂ ਘਰੋਂ ਕੋਈ ਵਿਓਪਾਰ ਕਰਦੇ ਹੋ ਤੇ ਗੈਰਕਾਨੂੰਨੀ ਕੁਕਿੰਗ ਕਰ ਰਹੇ ਹੋ। ਅਸੀਂ ਤੁਹਾਡੇ ਘਰ ਦਾ ਮੁਆਇਨਾ ਕਰਨਾ ਚਾਹੁੰਦੇ ਹਾਂ। ਉਨ੍ਹਾਂ ਨੇ ਆਪਣੇ ਆਉਣ ਦੀ ਤਾਰੀਕ ਬਾਰਾਂ ਮਾਰਚ ਦਿੱਤੀ ਹੋਈ ਹੈ। ਉਹ ਪ੍ਰੇਸ਼ਾਨ ਹੁੰਦਾ ਨੋਟਿਸ ਇਕ ਪਾਸੇ ਰੱਖਦਾ ਮਨ ਹੀ ਮਨ ਆਖਦਾ ਹੈ,
''ਇਹ ਸਾਹਮਣੇ ਘਰ ਵਾਲਾ ਟੌਮ ਹੀ ਹੋਵੇਗਾ।''

ਉਹ ਕਾਰ ਖੜੀ ਕਰਨ ਵਕਤ ਉਸ ਨਾਲ ਬਹਿਸ ਪਿਆ ਸੀ। ਸ਼ਾਇਦ ਉਸ ਨੇ ਹੀ ਸ਼ਿਕਾਇਤ ਕੀਤੀ ਹੋਵੇ ਜਾਂ ਕਿਸੇ ਹੋਰ ਗਵਾਂਢੀ ਵੀ ਹੋ ਸਕਦਾ ਹੈ। ਉਹ ਇਸ ਬਾਰੇ ਬਹੁਤਾ ਨਹੀਂ ਸੋਚਦਾ। ਉਸ ਨੂੰ ਪਤਾ ਹੈ ਕਿ ਸਮੋਸੇ ਪਕਾਉਣ ਨਾਲ ਉਠਦੇ ਮੁਸ਼ਕ ਨਾਲ ਸਾਰੇ ਗਵਾਂਢੀ ਹੀ ਔਖੇ ਹੋਣਗੇ।

ਪੰਦਰਾਂ

ਪਰਦੁੱਮਣ ਸਮੋਸੇ ਬਣਾਉਣ ਲਈ ਅਜਿਹੀ ਜਗ੍ਹਾ ਦੀ ਭਾਲ ਆਰੰਭ ਕਰ ਦਿੰਦਾ ਹੈ ਜਿਹੜੀ ਕਿ ਕਾਨੂੰਨੀ ਤੌਰ 'ਤੇ ਸਹੀ ਹੋਵੇ। ਵਿਓਪਾਰਕ ਕੁਕਿੰਗ ਕਰਨ ਲਈ ਕੌਂਸਲ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਕੌਂਸਲ ਦਾ ਸਿਹਤ ਵਿਭਾਗ ਦਸਦਾ ਹੈ ਕਿ ਕੁਕਿੰਗ ਵਾਲੀ ਜਗਾਹ ਕਿਹੋ ਜਿਹੀ ਹੋਵੇ ਤੇ ਉਸ ਵਿਚ ਕਿਹੜੇ ਕਿਹੜੇ ਉਪਕਰਣ ਲਗੇ ਹੋਣ। ਸਭ ਕੁਝ ਉਹਨਾਂ ਦੀ ਕਾਨੂੰਨੀ ਮੰਗ ਅਨੁਸਾਰ ਸਹੀ ਹੋਵੇ ਤਾਂ ਹੀ ਪਾਸ ਕਰਦੇ ਹਨ ਤੇ ਹੋਰ ਵੀ ਕਈ ਖਲਜਗਣ ਹੁੰਦੇ ਹਨ। ਉਹ ਪਹਿਲਾਂ ਹੀ ਸਹੀ ਤਰੀਕੇ ਨਾਲ ਕੰਮ ਸ਼ੁਰੂ ਕਰਨਾ ਚਾਹੁੰਦਾ ਹੈ ਤਾਂ ਜੋ ਬਾਅਦ ਵਿਚ ਕੋਈ ਚੱਕਰ ਨਾ ਪਵੇ। ਉਹ ਅਜਿਹੀ ਜਗਾਹ ਦੀ ਭਾਲ ਲਈ ਇਕ ਇਸਟੇਟ ਏਜੰਟ ਨਾਲ ਸਲਾਹ ਕਰਦਾ ਹੈ। ਇੰਡਸਟਰੀਅਲ ਏਰੀਏ ਵਿਚ ਕੋਈ ਯੂਨਿਟ ਹੀ ਠੀਕ ਰਹੇਗਾ। ਕਈ ਯੂਨਿਟ ਕਿਰਾਏ ਉਪਰ ਲੱਗੇ ਹੋਏ ਹਨ। ਐਕਟਨ, ਵੈਂਬਲੀ, ਈਲਿੰਗ ਵਿਚ ਤਾਂ ਬਹੁਤ ਯੂਨਿਟ ਹਨ। ਕੁਝ ਕੁ ਜਗਾਵਾਂ ਦੁਕਾਨਾਂ ਦੇ ਪਿੱਛੇ ਵੀ ਮਿਲ ਰਹੀਆਂ ਹਨ ਜਿਥੋਂ ਸਮੋਸੇ ਤਿਆਰ ਕੀਤੇ ਜਾ ਸਕਦੇ ਹਨ ਪਰ ਉਹ ਚਾਹੁੰਦਾ ਕਿ ਸਾਊਥਾਲ ਵਿਚ ਹੀ ਹੋਵੇ। ਘਰ ਦੇ ਨੇੜੇ ਹੋਵੇ ਤੇ ਸਾਊਥਾਲ ਵਿਚ ਕਾਮੀਆਂ ਔਰਤਾਂ ਵੀ ਸਹਿਜੇ ਮਿਲ ਜਾਂਦੀਆਂ ਹਨ ਜੋ ਕਿ ਸਸਤੀਆਂ ਵੀ ਹੁੰਦੀਆਂ ਹਨ। ਕੈਨਾਲ ਰੋਡ ਉਪਰ ਕੈਨਾਲ ਇੰਡਸਟਰੀਅਲ ਇਸਟੇਟ ਹੈ। ਉਥੇ ਅਨੇਕਾਂ ਯੂਨਿਟ ਹਨ। ਛੋਟੇ ਵੀ ਤੇ ਵੱਡੇ ਵੀ। ਏਡੇ ਵੱਡੇ ਵੀ ਕਿ ਫੈਕਟਰੀਆਂ ਲੱਗੀਆਂ ਹੋਈਆਂ ਹਨ। ਉਥੇ ਇਕ ਯੂਨਿਟ ਮਿਲ ਰਿਹਾ ਹੈ ਜਿਥੇ ਕਿ ਪਹਿਲਾਂ ਕੇਕ ਬਣਦੇ ਹੁੰਦੇ ਸਨ। ਹੁਣ ਬੰਦ ਪਿਆ ਹੈ ਪਰ ਇਸ ਦਾ ਕਿਰਾਇਆ ਬਹੁਤ ਹੈ। ਪਰਦੁੱਮਣ ਸਿੰਘ ਹਿਸਾਬ ਲਾ ਕੇ ਦੇਖਦਾ ਹੈ ਕਿ ਇਹ ਤਾਂ ਬਹੁਤ ਮਹਿੰਗਾ ਪਵੇਗਾ। ਉਹ ਤਲਾਸ਼ ਜਾਰੀ ਰੱਖਦਾ ਹੈ। ਪੁਰਾਣੇ ਸਾਊਥਾਲ ਦੇ ਇੰਡਸਟਰੀਅਲ ਏਰੀਏ ਦਾ ਵੀ ਚੱਕਰ ਮਾਰਦਾ ਹੈ ਪਰ ਮਨਪਸੰਦ ਕੁਝ ਨਹੀਂ ਮਿਲ ਰਿਹਾ। ਉਧਰੋਂ ਕੌਂਸਲ ਵਾਲਿਆਂ ਦੀ ਘਰ ਚੈਕ ਕਰਨ ਦੀ ਤਰੀਕ ਨੇੜੇ ਆ ਰਹੀ ਹੈ। ਉਸ ਦਾ ਫਿਕਰ ਵਧ ਰਿਹਾ ਹੈ।

ਦੇਰ ਹੁੰਦਿਆਂ ਹੁੰਦਿਆਂ ਬਾਰਾਂ ਮਾਰਚ ਆ ਜਾਂਦੀ ਹੈ। ਅੱਜ ਕੌਂਸਲ ਦੇ ਪ੍ਰਤੀਨਿਧਾਂ ਨੇ ਆਉਣਾ ਹੈ। ਕਿਸੇ ਗਵਾਂਢੀ ਦੀ ਸ਼ਿਕਾਇਤ ਉਪਰ ਉਸ ਦੇ ਘਰ ਦਾ ਮੁਆਇਨਾ ਕਰਨਾ ਹੈ। ਪਰ ਉਹ ਇਸ ਲਈ ਤਿਆਰ ਨਹੀਂ ਹੈ। ਅੱਗਿਉਂ ਯੂਨਿਟ ਆਦਿ ਮਿਲ ਨਹੀਂ ਰਿਹਾ। ਉਹ ਸਵੇਰੇ ਹੀ ਘਰ ਨੂੰ ਜਿੰਦਰਾ ਲਗਾ ਕੇ ਨਿਕਲ ਜਾਂਦੇ ਹਨ। ਕੋਈ ਆਵੇ ਤਾਂ ਆਪੇ ਹੀ ਘੰਟੀਆਂ ਕਰ ਕਰ ਕੇ ਮੁੜ ਜਾਵੇ। ਬੱਚਿਆਂ ਨੂੰ ਵੀ ਜਲਦੀ ਭੇਜ ਦਿੰਦੇ ਹਨ ਤੇ ਕੰਮ ਵਾਲੀ ਨੂੰ ਵੀ ਨਹੀਂ ਸੱਦਦੇ। ਇਕ ਦਿਨ ਮਾਲ ਨਹੀਂ ਵੀ ਤਿਆਰ ਹੋਵੇਗਾ ਤਾਂ ਨਾ ਸਹੀ ਘੱਟੋ ਘੱਟ ਜੁਰਮਾਨੇ ਤੋਂ ਤਾਂ ਬਚ ਜਾਣਗੇ। ਸ਼ਾਮ ਨੂੰ ਜਦ ਉਹ ਘਰ ਪਰਤਦੇ ਹਨ ਤਾਂ ਲੈਟਰ ਬਾਕਸ ਰਾਹੀਂ ਸੁੱਟਿਆ ਇਕ ਸਖਤ ਜਿਹਾ ਚੇਤਾਵਨੀ ਪੱਤਰ ਮਿਲਦਾ ਹੈ। ਕੌਂਸਲ ਵਾਲੇ ਆ ਕੇ ਖੱਜਲ ਖਰਾਬ ਹੁੰਦੇ ਮੁੜ ਗਏ ਹਨ। ਇਕ ਹੋਰ ਤਾਰੀਕ ਦੇ ਗਏ ਹਨ ਜੋ ਕਿ ਨੇੜੇ ਦੀ ਹੀ ਹੈ।

ਉਹ ਕੈਨਾਲ ਇੰਡਸਟਰੀਅਲ ਇਸਟੇਟ ਦੇ ਮੈਨੇਜਰ ਹੈਨਰੀ ਕੋਲ ਜਾਂਦਾ ਹੈ। ਹੈਨਰੀ ਦੀਆਂ ਲੰਮੀਆਂ ਸੰਘਣੀਆਂ ਮੁੱਛਾਂ ਤੇ ਭਾਰੀ ਭਰਕਮ ਆਵਾਜ਼ ਉਸ ਦੀ ਸਵਾਗਤ ਕਰਦੀਆਂ ਹਨ। ਉਹ ਦਸ ਬੀ ਨੰਬਰ ਯੂਨਿਟ ਕਿਰਾਏ 'ਤੇ ਲੈ ਲੈਂਦਾ ਹੈ। ਖਾਸ ਲਿਖਾ ਪੜ੍ਹੀ ਨਹੀਂ ਹੈ। ਇਕ ਫਾਰਮ ਹੀ ਭਰਨਾ ਹੈ। ਘਰ ਦੇ ਜਾਂ ਕਿਸੇ ਹੋਰ ਜਾਇਦਾਦ ਦੇ ਮਾਲਕ ਹੋਣ ਦਾ ਸਬੂਤ ਦੇਣਾ ਹੈ ਤੇ ਫਿਰ ਦੋ ਮਹੀਨੇ ਦਾ ਕਿਰਾਇਆ। ਇਕ ਮਹੀਨੇ ਦਾ ਡਿਪੋਜ਼ਟ ਦੇ ਤੌਰ 'ਤੇ ਅਤੇ ਇਕ ਮਹੀਨੇ ਦਾ ਐਡਵਾਂਸ। ਸਾਰੀ ਕਾਰਵਾਈ ਨਿਪਟਾ ਕੇ ਹੈਨਰੀ ਉਸ ਨੂੰ ਦਸ ਬੀ ਯੂਨਿਟ ਦੀਆਂ ਚਾਬੀਆਂ ਫੜਾ ਕੇ ਮੁੱਛਾਂ ਰਾਹੀਂ ਮੁਸਕਰਾਉਂਦਾ ਹੱਥ ਮਿਲਾਉਂਦਾ ਹੈ। ਪਰਦੁੱਮਣ ਬਹੁਤਾ ਖੁਸ਼ ਨਹੀਂ ਹੈ। ਅੱਠ ਸੌ ਪੌਂਡ ਮਹੀਨੇ ਦਾ ਕਿਰਾਇਆ ਹੈ ਤੇ ਦੋ ਸੌ ਪੌਂਡ ਜਨਰਲ ਰੇਟ। ਇਹ ਹਜ਼ਾਰ ਪੌਂਡ ਮਹੀਨੇ ਦਾ ਵਾਧੂ ਕੱਢਣਾ ਪਵੇਗਾ। ਉਹ ਮਨ ਨੂੰ ਤਸੱਲੀ ਦੇਣ ਲਈ ਸੋਚਦਾ ਹੈ ਕਿ ਸਮੋਸੇ ਦੀ ਕੀਮਤ ਵਧਾ ਦੇਵੇਗਾ। ਜਦ ਉਹ ਯੂਨਿਟ ਨੂੰ ਖੋਲ੍ਹਦਾ  ਤਾਂ ਜ਼ਿਆਦਾ ਕਿਰਾਏ ਦਾ ਦੁੱਖ ਘਟਣ ਲੱਗਦਾ ਹੈ। ਜਗ੍ਹਾ ਕਾਫੀ ਹੈ। ਸਮੋਸੇ ਬਣਾਉਣ ਲਈ ਦੋ ਮੇਜ਼ ਪਏ ਹਨ। ਦੋ ਭੱਠੀਆਂ ਵੀ ਹਨ। ਸਟੀਲ ਦੇ ਦੋ ਵੱਡੇ ਮੇਜ਼ ਵੀ ਹਨ। ਯੂਨਿਟ ਦੇ ਉਪਰ ਇਕ ਮੰਜ਼ਲ ਬਣਾ ਕੇ ਦਫਤਰ ਬਣਾਏ ਹੋਏ ਹਨ ਤੇ ਸਟਾਫ ਦੇ ਬੈਠਣ ਲਈ ਇਕ ਕਮਰਾ ਵੀ ਹੈ। ਪਰਦੁੱਮਣ ਭੱਠੀਆਂ ਅਤੇ ਕੈਨਪੀ ਤੇ ਧੂੰਆਂ ਕੱਢਣ ਲਈ ਲੱਗੇ ਪੱਖਿਆਂ ਤੋਂ ਬਹੁਤਾ ਖੁਸ਼ ਨਹੀਂ ਹੈ। ਪਰ ਕੰਮ ਚਲਾਇਆ ਜਾ ਸਕਦਾ ਹੈ, ਇਕ ਦਮ ਕੰਮ ਚਲਾਉਣ ਲਈ ਇਹ ਸਭ ਠੀਕ ਹੈ। ਸੋ ਉਹ ਸੋਚਦਾ ਹੈ ਕਿ ਹੌਲੀ ਹੌਲੀ ਸਭ ਕੁਝ ਨਵਾਂ ਲਵਾ ਲਵੇਗਾ, ਇਕ ਵਾਰ ਕੰਮ ਚੱਲਦਾ ਹੋ ਜਾਵੇ।

ਬਰਾਡਵੇਅ ਤੋਂ ਲੇਡੀ ਮਾਰਗਰੇਟ ਰੋਡ ਉਪਰ ਪੈ ਕੇ ਕਾਰਲਾਈਲ ਰੋਡ ਵਾਲਾ ਰਾਊਂਡ ਅਬਾਊਟ ਲੰਘ ਕੇ ਖੱਬੇ ਹੱਥ ਪਾਰਕ ਰੋਡ ਹੈ। ਇਹ ਰੋਡ ਸਪਾਈਕਸ ਪਾਰਕ ਦੇ ਦੂਜੇ ਪਾਸੇ ਜਾ ਜੁੜਦੀ ਹੈ ਤੇ ਇਸ ਵਿਚੋਂ ਹੀ ਸੱਜੇ ਪਾਸੇ ਨੂੰ

ਕੈਨਾਲ ਰੋਡ ਮੁੜਦੀ ਹੈ ਜੋ ਕਿ ਰੁਆਇਸਲਿਪ ਰੋਡ ਨੂੰ ਵੀ ਜਾ ਪੈਂਦੀ ਹੈ। ਕੈਨਾਲ ਰੋਡ ਉਪਰ ਹੀ ਇਹ ਕੈਨਾਲ ਇੰਡਸਟਰੀਅਲ ਇਸਟੇਟ ਹੈ। ਇਸ ਇਸਟੇਟ ਦੇ ਦੂਜੇ ਪਾਸੇ ਗਰੈਂਡ ਯੂਨੀਅਨ ਕੈਨਾਲ ਹੈ। ਇਹ ਬਹੁਤ ਪੁਰਾਣੀ ਇਸਟੇਟ ਹੈ ਭਾਵੇਂ ਕਿ ਇਮਾਰਤਾਂ ਢਾਅ ਕੇ ਨਵੀਆਂ ਬਣਾ ਦਿੱਤੀਆਂ ਹੋਈਆਂ ਹਨ। ਜਿਨ੍ਹਾਂ ਦਿਨਾਂ ਵਿਚ ਲੰਡਨ ਦੀ ਢੋਆ ਢੁਆਈ ਨਹਿਰਾਂ ਰਾਹੀਂ ਹੁੰਦੀ ਸੀ ਉਨ੍ਹਾਂ ਦਿਨਾਂ ਦੀ ਹੀ ਹੈ ਇਹ ਇੰਡਸਟਰੀਅਲ ਇਸਟੇਟ। ਪੁਰਾਣੇ ਨਕਸ਼ਿਆਂ ਵਿਚ ਵੀ ਇਸ ਦਾ ਨਾਂ ਪੜ੍ਹਨ ਨੂੰ ਮਿਲ ਜਾਂਦਾ ਹੈ। ਵੈਸੇ ਤਾਂ ਲੇਡੀ ਮਾਰਗਰੇਟ ਤੋਂ ਹੋਰ ਕਈ ਰੋਡਾਂ ਵੀ ਕੈਨਾਲ ਰੋਡ ਉਪਰ ਨੂੰ ਨਿਕਲਦੀਆਂ ਹਨ ਪਰ ਉਹ ਸਾਰੀਆਂ ਛੋਟੀਆਂ ਹਨ। ਪਾਰਕ ਰੋਡ ਤੇ ਫਿਰ ਕੈਨਾਲ ਰੋਡ ਵੱਡੀਆਂ ਰੋਡਾਂ ਹਨ ਜਿਥੋਂ ਦੀ ਲਾਰੀ ਵੀ ਲੰਘਦੀ ਹੈ ਤੇ ਹੋਰ ਟਰੈਫਿਕ ਵੀ ਕਾਫੀ ਹੋ ਜਾਂਦਾ ਹੈ। ਪਰਦੁੱਮਣ ਸਿੰਘ ਦਾ ਘਰ ਇਸ ਯੂਨਿਟ ਤੋਂ ਦਸ ਕੁ ਮਿੰਟ ਤੁਰਨ ਦੀ ਦੂਰੀ 'ਤੇ ਸਥਿਤ ਹੈ। ਉਸ ਦੀ ਰੋਡ ਹਾਰਟਲੀ ਰੋਡ ਪਾਰਕ ਰੋਡ ਨੂੰ ਸਿੱਧੀ ਹੀ ਪੈਂਦੀ ਹੈ।

ਜ਼ਿਆਦਾ ਕਿਰਾਏ ਵਾਲਾ ਕੰਡਾ ਭਾਵੇਂ ਹਾਲੇ ਵੀ ਚੁੱਭ ਰਿਹਾ ਹੈ ਵੈਸੇ ਪਰਦੁੱਮਣ ਹੁਣ ਖੁਸ਼ ਹੈ। ਉਹ ਗਿਆਨ ਕੌਰ ਨੂੰ ਲਿਆ ਕੇ ਨਵੀਂ ਜਗ੍ਹਾ ਦਿਖਾਉਂਦਾ ਹੈ ਤਾਂ ਉਹ ਕਾਹਲੀ ਨਾਲ ਕਹਿੰਦੀ ਹੈ,

"ਐਨੀ ਥਾਂ ਆਪਾਂ ਕੀ ਕਰਨੀ ਐ !"

"ਕੰਮ ਵਧਾਵਾਂਗੇ, ਜੇ ਸਭ ਕੁਸ਼ ਠੀਕ ਰਿਹਾ ਤਾਂ ਇਹ ਜਗ੍ਹਾ ਵੀ ਛੋਟੀ ਪੈ ਜਾਣੀ ਆ, ਤੂੰ ਦੇਖਦੀ ਜਾਹ।"

ਉਹ ਯੂਨਿਟ ਵਿਚ ਨੂੰ ਸਾਮਾਨ ਲੈ ਜਾਣਾ ਸ਼ੁਰੂ ਕਰ ਦਿੰਦੇ ਹਨ ਤੇ ਆਉਂਦੇ ਸੋਮਵਾਰ ਤੋਂ ਉਥੇ ਹੀ ਕੰਮ ਸ਼ੁਰੂ ਕਰ ਦਿੰਦੇ ਹਨ। ਬੁੜੀ ਅਜੈਬ ਕੌਰ ਵੀ ਉਥੇ ਹੀ ਆਉਣ ਲੱਗਦੀ ਹੈ। ਘਰ ਵਿਚ ਦੱਸੀ ਤਰੀਕ ਤੋਂ ਪਹਿਲਾਂ ਹੀ ਡੈਕੋਰੇਟਰ ਨੂੰ ਕੰਮ 'ਤੇ ਲਗਾ ਦਿੰਦਾ ਹੈ। ਪੇਪਰ ਪੇਂਟ ਕਰਾ ਕੇ ਘਰ ਵਿਚ ਇਕਦਮ ਨਵਾਂ ਨਿਕੋਰ ਬਣਿਆ ਦੇਖ ਕੌਂਸਲ ਵਾਲੇ ਮੁਆਇਨਾ ਕਰਕੇ ਮੁੜ ਜਾਂਦੇ ਹਨ। ਪਰਦੁੱਮਣ ਮਨ ਹੀ ਮਨ ਹੱਸਦਾ ਹੈ – ਸੱਪ ਤਾਂ ਨਿਕਲ ਗਿਆ ਹੁਣ ਲੀਕ ਨੂੰ ਕੀ ਕੁੱਟੋਂਗੇ!

ਸੋਲਾਂ

ਨਵੀਂ ਜਗ੍ਹਾ ਆ ਕੇ ਉਨ੍ਹਾਂ ਨੂੰ ਕੰਮ ਬਹੁਤਾ ਜ਼ਿਆਦਾ ਲੱਗਣ ਲੱਗਦਾ ਹੈ। ਘਰ ਵਿਚ ਸਨ ਤਾਂ ਜਦੋਂ ਮਰਜ਼ੀ ਘਰ ਦਾ ਕੰਮ ਵੀ ਕਰ ਲਿਆ ਤੇ ਸਮੋਸਿਆਂ ਦਾ ਵੀ ਪਰ ਹੁਣ ਇਥੇ ਮਿਥੇ ਸਮੇਂ 'ਤੇ ਸ਼ੁਰੂ ਕਰਕੇ ਤੇ ਨਿਸਚਤ ਸਮੇਂ 'ਤੇ ਖਤਮ ਕਰਨਾ ਪੈਂਦਾ ਹੈ। ਪ੍ਰਦੁੱਮਣ ਸਿੰਘ ਦੀ ਭੱਜ ਦੌੜ ਵੀ ਬਹੁਤ ਵੱਧ ਜਾਂਦੀ ਹੇ। ਕਦੇ ਮਾਰਕੀਟ ਜਾਹ, ਕਦੇ ਆਟਾ ਲਿਆ, ਕਦੇ ਸਮੋਸੇ ਦੇਣ ਜਾਹ। ਯੂਨਿਟ ਵਿਚ ਵੀ ਕੋਈ ਨਾ ਕੋਈ ਕੰਮ ਕਰਵਾਉਂਦਾ ਰਹਿੰਦਾ ਹੈ। ਮਾਲ ਡਲਿਵਰ ਕਰਨ ਗਿਆ ਵੀ ਲੇਟ ਮੁੜ ਹੁੰਦਾ ਹੈ। ਉਹ ਥਕਿਆ ਥਕਿਆ ਮਹਿਸੂਸ ਕਰਨ ਲਗਦਾ ਹੈ। ਉਹ ਸੋਚਦਾ ਹੈ ਕਿ ਕਿਉਂ ਨਾ ਰਾਜਵਿੰਦਰ ਨੂੰ ਆਪਣੇ ਨਾਲ ਕੰਮ 'ਤੇ ਲਾਵੇ।

ਰਾਜਵਿੰਦਰ ਨੇ ਸਕੂਲ ਛੱਡ ਦਿੱਤਾ ਹੈ ਤੇ ਕੰਮ ਦੀ ਤਲਾਸ਼ ਵਿਚ ਹੈ। ਉਸ ਨੂੰ ਕੁਕਿੰਗ ਦਾ ਕੰਮ ਚੰਗਾ ਨਹੀਂ ਲੱਗ ਰਿਹਾ। ਘਰ ਵਿਚ ਵੀ ਜਦ ਸਮੋਸੇ ਪੱਕ ਰਹੇ ਹੁੰਦੇ ਤਾਂ ਉਹ ਬਾਹਰ ਨਿਕਲ ਜਾਂਦਾ। ਹੁਣ ਫੈਕਟਰੀ ਜਾ ਕੇ ਵੀ ਬਹੁਤਾ ਖੁਸ਼ ਨਹੀਂ ਹੈ। ਪ੍ਰਦੁੱਮਣ ਸਿੰਘ ਨੇ ਆਪਣੇ ਯੂਨਿਟ ਨੂੰ ਫੈਕਟਰੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਜੇ ਕੋਈ ਉਸ ਦਾ ਇਹ ਫੈਕਟਰੀ ਸ਼ਬਦ ਸੁਣ ਕੇ ਹੈਰਾਨ ਹੁੰਦਾ ਹੈ ਤਾਂ ਉਹ ਇਸ ਦਾ ਅੱਗੋਂ ਵਿਸਥਾਰ ਕਰਦਾ ਕਹਿੰਦਾ ਹੈ ਕਿ ਸਮੋਸੇ ਬਣਾਉਣ ਦੀ ਫੈਕਟਰੀ। ਰਾਜਵਿੰਦਰ ਦੇ ਨਾ ਪੜ੍ਹ ਸਕਣ ਦਾ ਦੋਸ਼ ਉਹ ਆਪਣੇ ਸਿਰ ਲੈਣ ਲੱਗਦਾ ਹੈ ਕਿ ਨਾ ਉਹ ਇੰਡੀਆ ਜਾਂਦਾ ਤੇ ਨਾ ਮੁੰਡੇ ਦੇ ਦੋ ਸਾਲ ਖਰਾਬ ਹੁੰਦੇ। ਉਹ ਰਾਜਵਿੰਦਰ ਨੂੰ ਫੈਕਟਰੀ ਲੈ ਜਾਂਦਾ ਹੈ। ਰਾਜਵਿੰਦਰ ਚਲੇ ਤਾਂ ਜਾਂਦਾ ਹੈ ਪਰ ਕਿਸੇ ਕੰਮ ਨੂੰ ਹੱਥ ਨਹੀਂ ਲਾਉਂਦਾ। ਦਫਤਰ ਵਿਚ ਬੈਠ ਕੇ ਮੁੜ ਆਉਂਦਾ ਹੈ। ਪ੍ਰਦੁੱਮਣ ਸਿੰਘ ਸੋਚਦਾ ਹੈ ਕਿ ਕਿਉਂ ਨਾ ਉਸ ਨੂੰ ਡਰਾਈਵਿੰਗ ਟੈਸਟ ਪਾਸ ਕਰ ਦਿੱਤਾ ਜਾਵੇ ਤਾਂ ਜੋ ਉਹ ਡਲਿਵਰੀ ਦਾ ਕੰਮ ਹੀ ਕਰਨ ਲੱਗ ਪਵੇ।

ਗਿਆਨ ਕੌਰ ਸਵੇਰੇ ਘਰ ਦੀ ਸਫਾਈ ਕਰਕੇ ਆ ਜਾਂਦੀ ਹੈ। ਬਲਰਾਮ ਤੇ ਦੋਵੇਂ ਕੁੜੀਆਂ ਉਠ ਕੇ ਸਕੂਲ ਚਲੇ ਜਾਂਦੇ ਹਨ। ਸਭ ਕੋਲ ਆਪਣੀ ਆਪਣੀ ਚਾਬੀ ਹੈ। ਸਕੂਲੋਂ ਮੁੜਦੇ ਵੀ ਆਪੋ ਆਪਣਾ ਬਣਾ ਕੇ ਖਾ ਲੈਂਦੇ ਹਨ। ਗਿਆਨ ਕੌਰ ਨੂੰ ਉਨ੍ਹਾਂ ਦੀ ਬਹੁਤੀ ਚਿੰਤਾ ਨਹੀਂ ਹੁੰਦੀ। ਉਸ ਨੂੰ ਵੱਡੇ ਮੁੰਡੇ ਦਾ ਜ਼ਿਆਦਾ ਫਿਕਰ ਰਹਿੰਦਾ ਹੈ। ਇਕ ਦਿਨ ਉਹ ਪਤੀ ਨੂੰ ਆਖਦੀ ਹੈ,

"ਕਿਉਂ ਨਾ ਆਪਾਂ ਰਾਜ ਨੂੰ ਵਿਆਹ ਲਈਏ, ਹੈਲਪ ਹੋ ਜਾਊ।"

ਪਰਦੁੱਮਣ ਸਿੰਘ ਹੱਸਣ ਲੱਗਦਾ ਹੈ ਤੇ ਕਹਿੰਦਾ ਹੈ,

"ਉਹ ਤਾਂ ਹਾਲੇ ਅਠਾਰਾਂ ਦਾ ਵੀ ਨਹੀਂ ਹੋਇਆ।"

"ਤਾਂ ਕੀ ਹੋਇਆ, ਸਗਾਂ ਤੇ ਵਿਗੜੂ ਨਾ।"

"ਵਿਗੜ ਕੇ ਵੀ ਇਹ ਕੇਹਦੀ ਲੱਤ ਭੰਨ ਲਊ। ਵੱਧ ਤੋਂ ਵੱਧ ਗਰਲ ਫਰੈਂਡ ਰੱਖ ਲਊ, ਏਹਦਾ ਕਾਹਦਾ ਫਿਕਰ ! ਇਹ ਕਿਹੜੀ ਕੁੜੀ ਐ।"

"ਫੇਰ ਵੀ ਸੋਚੋ, ਕੋਈ ਇੰਡੀਆ ਤੋਂ ਲੈ ਆਉਨੇ ਆਂ।"

"ਪਹਿਲਾਂ ਏਹਨੂੰ ਟਿਕ ਕੇ ਕੰਮ ਤਾਂ ਕਰਨ ਦੇ, ਮੈਨੂੰ ਤਾਂ ਲੱਗਦੈ ਇਹਨੇ ਬਹੁਤਾ ਹੀ ਨਿਕੰਮਾ ਨਿਕਲ ਜਾਣੈ। ਆਹ ਜਿਹੜੇ ਇਨਕਮ ਸਪੋਰਟ ਵਾਲਿਆਂ ਚਾਲੀ ਪੌਂਡ ਏਹਨੂੰ ਦੇਣੇ ਸ਼ੁਰੂ ਕਰ ਦਿੱਤੇ ਏਹਦੇ ਕਾਰਨ ਤਾਂ ਇਹ ਮੂਲੋਂ ਈ ਗਿਆ ਲੱਗਦਾ।"

ਰਾਜਵਿੰਦਰ ਕਾਰ ਦਾ ਟੈਸਟ ਵੀ ਪਾਸ ਕਰ ਲੈਂਦਾ ਹੈ ਪਰ ਫੈਕਟਰੀ ਫਿਰ ਵੀ ਮਨਮਰਜ਼ੀ ਨਾਲ ਹੀ ਜਾਂਦਾ ਹੈ। ਜੇ ਕੋਈ ਕਹੇ ਤਾਂ ਬਹਾਨਾ ਬਣਾ ਛਡਦਾ ਹੈ। ਡਲਿਵਰੀ 'ਤੇ ਦੋ ਕੁ ਵਾਰ ਉਹ ਪਰਦੁੱਮਣ ਸਿੰਘ ਨਾਲ ਜਾਂਦਾ ਹੈ ਪਰ ਰਾਹ ਵਿਚੋਂ ਹੀ ਲੜ ਕੇ ਮੁੜ ਆਉਂਦਾ ਹੈ। ਅੰਤ ਵਿਚ ਪਰਦੁੱਮਣ ਸਿੰਘ ਕੁਝ ਕਹਿਣੋਂ ਹਟ ਜਾਂਦਾ ਹੈ। ਗਿਆਨ ਕੌਰ ਪੁਚਕਾਰ ਕੇ ਆਪਣੇ ਨਾਲ ਲੈ ਆਉਂਦੀ ਹੈ ਪਰ ਉਹ ਮੌਕਾ ਲੱਗਦੇ ਹੀ ਯੂਨਿਟ ਵਿਚੋਂ ਇਹ ਕਹਿੰਦਾ ਨਿਕਲ ਜਾਂਦਾ ਹੈ ਕਿ ਤੇਲ ਦੇ ਮੁਸ਼ਕ ਨਾਲ ਉਸ ਨੂੰ ਅਲਰਜੀ ਹੋਰ ਰਹੀ ਹੈ।

ਵੱਡੀ ਸਤਿੰਦਰ ਤੇ ਛੋਟੀ ਪਵਨ, ਦੋਵੇਂ ਹੀ ਛੁੱਟੀ ਵਾਲੇ ਦਿਨ ਯੂਨਿਟ ਵਿਚ ਆ ਜਾਂਦੀਆਂ ਹਨ। ਕੰਮ ਵਿਚ ਹੱਥ ਵੀ ਵੰਡਾਉਂਦੀਆਂ ਹਨ। ਛੋਟਾ ਬਲਰਾਮ ਵੀ ਕੁਝ ਨਾ ਕੁਝ ਕਰਦਾ ਰਹਿੰਦਾ ਹੈ ਪਰ ਪਰਦੁੱਮਣ ਉਨ੍ਹਾਂ ਨੂੰ ਆਪੋ ਆਪਣੀ ਪੜ੍ਹਾਈ ਵਿਚ ਲੱਗੇ ਰਹਿਣ ਲਈ ਕਹਿੰਦਾ ਹੈ। ਉਹ ਸਮਝਦਾ ਹੈ ਕਿ ਪੜ੍ਹਾਈ ਜ਼ਿਆਦਾ ਜ਼ਰੂਰੀ ਹੈ। ਕੰਮ ਤਾਂ ਸਾਰੀ ਉਮਰ ਕਰਨਾ ਹੀ ਕਰਨਾ ਹੈ।

ਪਰਦੁੱਮਣ ਮਹਿਸੂਸ ਕਰਨ ਲੱਗਦਾ ਹੈ ਕਿ ਰਾਜਵਿੰਦਰ ਨਾਲ ਉਹ ਬਹੁਤ ਨੇੜ ਨਹੀਂ ਰੱਖ ਸਕਿਆ। ਜਦੋਂ ਦਾ ਉਹ ਇੰਡੀਆ ਤੋਂ ਮੁੜਿਆ ਹੈ, ਬੱਚਿਆਂ ਵਿਚ ਕਦੇ ਬੈਠ ਕੇ ਵੀ ਨਹੀਂ ਦੇਖਿਆ। ਇੰਡੀਆ ਵਿਚ ਹੁੰਦੇ ਸਨ ਤਾਂ ਸਾਰਾ ਟੱਬਰ ਸ਼ਾਮ ਦੀ ਰੋਟੀ ਇਕੱਠੇ ਖਾਇਆ ਕਰਦੇ ਸਨ। ਇਥੇ ਉਸ ਦੀ ਜੀਵਨ-ਸ਼ੈਲੀ ਹੀ ਬਦਲ ਗਈ ਹੈ। ਬਹਤਾ ਸਮਾਂ ਭੱਜ ਦੌੜ ਵਿਚ ਨਿਕਲ ਰਿਹਾ ਹੈ। ਉਹ ਫੈਸਲਾ ਕਰਦਾ ਹੈ ਕਿ ਹਰ ਸ਼ਾਮ ਉਹ ਪਹਿਲਾਂ ਵਾਂਗ ਬੱਚਿਆਂ ਨਾਲ ਬਿਤਾਇਆ ਕਰੇਗਾ।

ਉਹ ਫੈਕਟਰੀ ਖੋਲ੍ਹਣ ਦਾ ਵਕਤ ਸਵੇਰੇ ਛੇ ਵਜੇ ਦਾ ਕਰ ਲੈਂਦਾ ਹੈ ਤਾਂ ਜੋ ਦੁਪਹਿਰ ਤੱਕ ਕੰਮ ਖਤਮ ਕਰਕੇ ਸ਼ਾਮ ਵਿਹਲੀ ਰੱਖ ਸਕੇ। ਸਵੇਰੇ ਪੰਜ ਵਜੇ ਉਹ ਉਠਦੇ ਤੇ ਤਿਆਰ ਹੁੰਦੇ ਕਰਦੇ ਛੇ ਵਜੇ ਤੋਂ ਪਹਿਲਾਂ ਘਰੋਂ ਨਿਕਲਦੇ ਹਨ। ਰਾਹ ਵਿਚੋਂ ਅਜੈਬ ਕੌਰ ਨੂੰ ਲੈ ਲੈਂਦੇ ਹਨ ਤੇ ਫੈਕਟਰੀ ਖੋਲ੍ਹ ਲੈਂਦੇ ਹਨ। ਜਿਹੜੇ ਕੱਲ੍ਹ ਦੇ ਸਮੋਸੇ ਬਣੇ ਪਏ ਹੁੰਦੇ ਹਨ ਉਨ੍ਹਾਂ ਨੂੰ ਲੈ ਕੇ ਪਰਦੁੱਮਣ ਸਿੰਘ ਡਲਿਵਰ ਕਰਨ ਚਲੇ ਜਾਂਦਾ ਹੈ ਅਤੇ ਮਗਰੋਂ ਗਿਆਨ ਕੌਰ ਤੇ ਅਜੈਬ ਕੌਰ ਆਪਣੇ ਕੰਮ ਲੱਗ ਜਾਂਦੀਆਂ ਹਨ। ਦੁਪਹਿਰ ਤੱਕ ਪਰਦੁੱਮਣ ਸਿੰਘ ਮੁੜ ਆਉਂਦਾ ਹੈ। ਆ ਕੇ ਸ਼ੌਪਿੰਗ ਦਾ ਕੰਮ ਨਿਪਟਾ ਲੈਂਦਾ ਹੈ। ਦੋ ਵਜੇ ਦੇ ਕਰੀਬ ਉਹ ਫੈਕਟਰੀ ਬੰਦ ਕਰ ਦਿੰਦੇ ਹਨ। ਜੇ ਕਦੇ ਕੰਮ ਪੂਰਾ ਨਾ ਨਿੱਬੜੇ ਤਾਂ ਕੁਝ ਦੇਰ ਹੋਰ ਖੋਲ੍ਹ ਰੱਖਦੇ ਹਨ। ਪਰਦੁੱਮਣ ਸਿੰਘ ਕਾਹਲੀ ਕਾਹਲੀ ਹੱਥ ਮਾਰਦਾ ਉਨ੍ਹਾਂ ਦੀ ਮੱਦਦ ਕਰਨ ਲੱਗਦਾ ਹੈ ਤਾਂ ਜੋ ਕੰਮ ਜਲਦੀ ਨਿੱਬੜੇ। ਉਸ ਨੂੰ ਦੇਖਦਿਆਂ ਅਜੈਬ ਕੌਰ ਵੀ ਤੇਜ਼ ਹੋਣ ਦੀ ਕੋਸ਼ਿਸ਼ ਕਰਦੀ ਹੈ ਪਰ ਉਹ ਉਮਰ ਦੀ ਸੱਠ ਟੱਪ ਚੁੱਕੀ ਹੈ ਇਸ ਲਈ ਉਹ ਫੁਰਤੀ ਨਹੀਂ ਹੈ। ਪਰਦੁੱਮਣ ਸਿੰਘ ਨੂੰ ਹੁੰਦਾ ਹੈ ਕਿ ਕੁੜੀਆਂ ਦੇ ਸਕੂਲੋਂ ਮੁੜਨ ਤੋਂ ਪਹਿਲਾਂ ਪਹਿਲਾਂ ਉਹ ਘਰ ਪੁਜ ਜਾਣ।

ਕੈਨਾਲ ਇੰਡਸਟਰੀਅਲ ਇਸਟੇਟ ਵਿਚ ਯੂਨਿਟਾਂ ਦੀਆਂ ਲਾਈਨਾਂ ਹਨ ਜਿਵੇਂ ਕਿ ਏ.ਬੀ.ਸੀ. ਆਦਿ। ਉਸ ਵਿਚ ਅੱਗੇ ਯੂਨਿਟਾਂ ਦੀ ਗਿਣਤੀ ਸ਼ੁਰੂ ਹੁੰਦੀ । ਜਿਵੇਂ ਕਿ ਇਹ ਯੂਨਿਟ ਬੀ ਲਾਈਨ ਵਿਚ ਨੰਬਰ ਦਸ ਹੈ। ਇਸੇ ਕਰਕੇ ਦਸ ਬੀ ਕਹਿਲਾਉਂਦਾ ਹੈ। ਗਿਆਰਾਂ ਬੀ ਦੀ ਮਾਲਕ ਟੋਬੀ ਮਿਲਟਨ ਹੈ ਜੋ ਕਿ ਛਪਾਈ ਦਾ ਕੰਮ ਕਰਦਾ ਹੈ। ਪਰਦੁੱਮਣ ਦੀ ਉਸ ਨਾਲ ਪਹਿਲੇ ਦਿਨ ਤੋਂ ਹੀ ਨਹੀਂ ਬਣਦੀ। ਵੈਨ ਦੀ ਪਾਰਕਿੰਗ ਬਦਲੇ ਝਗੜਾ ਹੁੰਦਾ ਰਿਹਾ ਹੈ। ਟੋਬੀ ਮਿਲਟਨ ਕੋਲ ਤਿੰਨ ਗੱਡੀਆਂ ਹਨ। ਦੋ ਵੈਨਾਂ ਤੇ ਇਕ ਕਾਰ। ਯੂਨਿਟ ਸਾਹਮਣੇ ਦੋ ਵਾਹਨਾਂ ਦੀ ਜਗ੍ਹਾ ਹੀ ਹੈ। ਬਾਕੀ ਦੋ ਵਾਧੂ ਵਾਹਨਾਂ ਦੇ ਲਈ ਥੋੜ੍ਹਾ ਹਟਵਾਂ ਕਾਰ ਪਾਰਕ ਹੈ ਪਰ ਟੋਬੀ ਤੀਜਾ ਵਾਹਨ ਵੀ ਪਰਦੁੱਮਣ ਦੀ ਜਗ੍ਹਾ ਵਿਚ ਹੀ ਖੜਾ ਕਰ ਦਿੰਦਾ ਹੈ ਜਿਸ ਕਰਕੇ ਝਗੜਾ ਹੁੰਦਾ ਹੈ। ਪਹਿਲਾਂ ਟੋਬੀ ਸੋਚਦਾ ਹੈ ਕਿ ਪਰਦੁੱਮਣ ਏਸ਼ੀਅਨ ਹੀ ਹੈ ਤੇ ਡਰ ਜਾਵੇਗਾ ਪਰ ਪਰਦੁੱਮਣ ਲੜਾਈ ਕਰਨ ਤੱਕ ਜਾਂਦਾ ਹੈ। ਟੋਬੀ ਨੂੰ ਆਪਣੀ ਕਾਰ ਪਾਰਕ ਵਿਚ ਖੜੀ ਕਰਨੀ ਪੈਂਦੀ ਹੈ। ਉਸ ਤੋਂ ਬਾਅਦ ਟੋਬੀ ਪਰਦੁੱਮਣ ਨੂੰ ਦੇਖਦਾ ਹੀ ਚਿਹਰਾ ਹੋਰ ਤਰ੍ਹਾਂ ਦਾ ਕਰ ਲੈਂਦਾ ਹੈ ਤੇ ਮੂੰਹ ਵਿਚ ਬੁੜ ਬੁੜ ਕਰਦਾ ਆਖਦਾ ਹੈ – ਪਾਕੀ ਬਾਸਟਰਡ! ਪਰਦੁੱਮਣ ਉਸ ਵੱਲ ਦੇਖਦਾ ਹੀ ਸਮਝ ਜਾਂਦਾ ਹੈ ਕਿ ਟੋਬੀ ਨੇ ਮਨ ਵਿਚ ਉਸ ਨੂੰ ਕੋਈ ਨਸਲਵਾਦੀ ਗਾਲ੍ਹ ਕੱਢੀ ਹੈ ਕਿਉਂਕਿ ਏਨੇ ਸਾਲਾਂ ਤੋਂ ਗੋਰਿਆਂ ਨਾਲ ਵਾਹ ਪੈਣ ਕਰਕੇ ਉਨ੍ਹਾਂ ਦੇ ਮਨ ਵਿਚਲੇ ਨਸਲਵਾਦ ਦਾ ਅੰਦਾਜ਼ਾ ਲਗਾਣਾ ਸੌਖਾ ਹੋ ਚੁੱਕਾ ਹੈ। ਨੌਂ ਬੀ ਯੂਨਿਟ ਕਿਸੇ ਗੋਰੇ ਦਾ ਹੀ ਹੈ ਪਰ ਉਸ ਦਾ ਵਰਤਾਵ ਨਸਲਵਾਦੀ ਨਹੀਂ ਹੈ। ਉਹ ਪਰਦੁੱਮਣ ਨੂੰ ਦੂਰੋਂ ਦੇਖਦਾ ਹੀ ਹੱਥ ਹਿਲਾਉਂਦਾ – 'ਹੈਲੋ ਮਿਸਟਰ ਸਿੰਘ' ਕਹਿਣ ਲੱਗਦਾ ਹੈ।

ਸਵੇਰੇ ਪਰਦੁੱਮਣ ਅਜੈਬ ਕੌਰ ਦੇ ਘਰ ਮੂਹਰੇ ਕਾਰ ਰੋਕਦਾ ਹੈ। ਉਹ ਦੇਖਦਾ ਹੈ ਕਿ ਅਜੈਬ ਕੌਰ ਦੇ ਮਗਰੇ ਹੀ ਤੀਹ ਕੁ ਸਾਲ ਦੀ ਜਵਾਨ ਔਰਤ ਵੀ ਨਿਕਲਦੀ ਹੈ। ਗਿਆਨ ਕੌਰ ਪਰਦੁੱਮਣ ਨੂੰ ਆਖਦੀ ਹੈ,

"ਇਹੋ ਐ ਕੁਲਜੀਤ, ਜਿਹਦੀ ਗੱਲ ਕੀਤੀ ਸੀ।"

"ਠੀਕ ਐ, ਕੰਮ ਕਰਾ ਕੇ ਦੇਖ ਲੈ, ਜੇ ਕੰਮ ਪਸੰਦ ਹੋਇਆ ਤਾਂ ਰੱਖ ਲੀਂ।"

ਕੰਮ ਕੁਝ ਕੁ ਹੋਰ ਵਧਿਆ ਹੈ ਤੇ ਇਕ ਕਾਮੀ ਔਰਤ ਹੋਰ ਦੀ ਲੋੜ ਪੈ ਰਹੀ ਹੈ। ਪਰਦੁੱਮਣ ਉਨ੍ਹਾਂ ਨੂੰ ਫੈਕਟਰੀ ਉਤਾਰਦਾ, ਵੈਨ ਵਿਚ ਸਮੋਸੇ ਰੱਖ ਆਪਣੇ ਕੰਮ 'ਤੇ ਨਿਕਲ ਜਾਂਦਾ ਹੈ। ਪਹਿਲਾਂ ਉਹ ਮਜ਼ੇ ਨਾਲ ਫੈਕਟਰੀ ਵਿਚੋਂ ਨਿਕਲਿਆ ਕਰਦਾ ਸੀ ਤੇ ਸ਼ਾਮ ਤਕ ਮੁੜ ਆਉਂਦਾ ਪਰ ਜਦੋਂ ਦੀ ਉਸ ਨੇ ਸਵੇਰ ਦੀ ਸ਼ਿਫਟ ਸ਼ੁਰੂ ਕੀਤੀ ਹੈ ਤਾਂ ਉਹ ਵੇਲੇ ਸਿਰ ਨਿਕਲਦਾ ਹੈ ਤੇ ਉਸ ਆਪਣਾ ਰੂਟ ਵੀ ਬਦਲਣਾ ਪੈਂਦਾ ਹੈ। ਸਵੇਰੇ ਅੱਠ ਤੋਂ ਨੌਂ ਤੱਕ ਦਾ ਸਮਾਂ ਟਰੈਫਿਕ ਦਾ ਹੈ। ਪਹਿਲਾਂ ਉਹ ਕੰਮ 'ਤੇ ਨੌਂ ਵਜੇ ਨਿਕਲਿਆ ਕਰਦਾ ਪਰ ਹੁਣ ਟਰੈਫਿਕ ਵਿਚ ਫਸਣ ਦੇ ਡਰੋਂ 'ਏ ਟੂ ਜ਼ੈਡ' ਮੂਹਰੇ ਰੱਖ ਕੇ ਆਪਣਾ ਰੂਟ ਇਵੇਂ ਬਣਾ ਲੈਂਦਾ ਹੈ ਕਿ ਟਰੈਫਿਕ ਦੇ ਉਲਟ ਚੱਲੇ। ਪਹਿਲਾਂ ਉਹ ਦੁਕਾਨਾਂ ਮੁਕਾਏ ਜਿਹੜੀਆਂ ਜਲਦੀ ਖੁੱਲ੍ਹਦੀਆਂ ਹਨ। ਲੇਟ ਖੁੱਲ੍ਹਦੀਆਂ ਦੁਕਾਨਾਂ ਵੀ ਇਵੇਂ ਕਰੇ ਕਿ ਉਹ ਟਰੈਫਿਕ ਤੋਂ ਉਲਟੀ ਦਿਸ਼ਾ ਵੱਲ ਜਾ ਰਿਹਾ

ਹੋਵੇ। ਲੰਡਨ ਦੇ ਟਰੈਫਿਕ ਨੂੰ ਦੇਖਦਾ ਉਹ ਸੋਚਣ ਲਗਦਾ ਹੈ ਕਿ ਇਕ ਗੱਲੋਂ ਤਾਂ ਪੀਟਰ ਠੀਕ ਹੈ ਕਿ ਉਹ ਆਪਣਾ ਮਾਲ ਲੰਡਨ ਤੋਂ ਬਾਹਰੋ ਬਾਹਰ ਵੇਚਦਾ ਹੈ। ਲੰਡਨ ਵਿਚ ਤਾਂ ਵਕਤ ਹੀ ਬਹੁਤ ਖਰਾਬ ਹੁੰਦਾ ਹੈ। ਚਾਰ ਘੰਟੇ ਦੇ ਕੰਮ ਨੂੰ ਅੱਠ ਘੰਟੇ ਲਗ ਜਾਂਦੇ ਹਨ।

ਕੰਮ ਤੋਂ ਪਰਤ ਕੇ ਯੂਨਿਟ ਵਿਚ ਵੜਦਿਆਂ ਹੀ ਉਸ ਦੀ ਨਿਗ੍ਹਾ ਕੁਲਜੀਤ ਉਪਰ ਪੈਂਦੀ ਹੈ। ਇਕਹਰੇ ਜਿਹੇ ਸਰੀਰ ਦੀ ਖੂਬਸੂਰਤ ਕੁੜੀ ਉਸ ਨੂੰ ਬਹੁਤ ਪਿਆਰੀ ਲੱਗਦੀ ਹੈ। ਉਹ ਨੂੰ ਦੇਖਦਿਆਂ ਹੀ ਮਨ ਵਿਚ ਤਾਰ ਜਿਹੀ ਫਿਰਦੀ ਹੈ। ਉਹ ਪੱਗ ਦਾ ਲੜ ਠੀਕ ਕਰਨ ਲੱਗਦਾ ਹੈ। ਕੁਲਜੀਤ ਉਸ ਵੱਲ ਦੇਖਦੀ ਹੈ ਤੇ ਫਿਰ ਨੀਵੀਂ ਪਾ ਕੇ ਆਪਣੇ ਕੰਮ ਨੂੰ ਲੱਗ ਜਾਂਦੀ ਹੈ। ਗਿਆਨ ਕੌਰ ਪਤੀ ਵੱਲ ਦੇਖ ਰਹੀ ਹੈ। ਪਰਦੁੱਮਣ ਸਿੰਘ ਝਿਪਦਾ ਜਿਹਾ ਉਪਰ ਦਫਤਰ ਵਿਚ ਚਲੇ ਜਾਂਦਾ ਹੈ। ਅੱਜ ਸੋਮਵਾਰ ਹੈ। ਪੈਸੇ ਇਕੱਠੇ ਕਰਨ ਦਾ ਦਿਨ ਹੋਣ ਕਰਕੇ ਉਸ ਨੂੰ ਹਿਸਾਬ ਕਿਤਾਬ ਕਰਨਾ ਹੁੰਦਾ ਹੈ। ਦਫਤਰ ਵਿਚ ਜਾ ਕੇ ਉਹ ਸ਼ੀਸ਼ਾ ਦੇਖਦਾ ਹੈ। ਦਾਹੜੀ ਵਿਚੋਂ ਕੁਝ ਚਿੱਟੇ ਵਾਲ ਝਾਕ ਰਹੇ ਹਨ। ਕੁਝ ਦੇਰ ਖੜਾ ਦਾਹੜੀ ਰੰਗ ਲੈਣ ਬਾਰੇ ਸੋਚਦਾ ਰਹਿੰਦਾ ਹੈ। ਪਹਿਲਾਂ ਵੀ ਕਈ ਵਾਰ ਉਸ ਨੇ ਦਾਹੜੀ ਰੰਗਣ ਬਾਰੇ ਸੋਚਿਆ ਹੈ ਪਰ ਫਿਰ ਸੋਚਦਾ ਹੈ ਕਿ ਹਾਲੇ ਇੰਨੇ ਵਾਲ ਚਿੱਟੇ ਨਹੀਂ ਹਨ ਪਰ ਅਜ ਉਸ ਨੂੰ ਲਗਦਾ ਹੈ ਜਿਵੇਂ ਚਿੱਟੇ ਵਾਲਾਂ ਦੀ ਗਿਣਤੀ ਇਕ ਦਮ ਵਧ ਗਈ ਹੋਵੇ। ਗਿਆਨ ਕੌਰ ਉਪਰ ਆ ਜਾਂਦੀ ਹੈ। ਪੁੱਛਦੀ ਹੈ,

‘‘ਹੋ ਗਈ ਕੁਲੈਕਸ਼ਨ ?’’

‘‘ਹਾਂ, ਹੋ ਗਈ, ਇਹ ਕੁੜੀ ਕਿੱਦਾਂ ਕੰਮ ਨੂੰ ?’’

‘‘ਤੇਜ਼ ਐ, ਓਦਾਂ ਵੀ ਬੀਬੀ ਐ, ਅਜੈਬ ਕੌਰ ਦੀ ਰਿਸ਼ਤੇਦਾਰ ਈ ਐ, ਏਹਦੇ ਪਤੀ ਨੇ ਏਹਨੂੰ ਕਿਸੇ ਗੱਲੋਂ ਛੱਡ ਦਿੱਤੈ, ਵਿਚਾਰੀ ਦੁਖੀ ਐ।’’

‘‘ਆਪਾਂ ਕਿਹੜਾ ਸੁਖੀ ਆਂ, ਤੂੰ ਏਹਦਾ ਕੰਮ ਦੇਖ।’’

ਗੱਲ ਕਰਦਾ ਪਰਦੁੱਮਣ ਪਤਨੀ ਨਾਲ ਅੱਖ ਨਹੀਂ ਮਿਲਾ ਰਿਹਾ। ਉਸ ਨੂੰ ਨੀਰੂ ਯਾਦ ਆ ਰਹੀ ਹੈ। ਗਿਆਨ ਕੌਰ ਆਖਦੀ ਹੈ,

‘‘ਏਹਦੀ ਵਿਚਾਰੀ ਦੀ ਕਹਾਣੀ ਹੋਰ ਐ, ਏਹਨੂੰ ਇੰਡੀਆ ਤੋਂ ਵਿਆਹ ਲਿਆਂਦਾ ਤੇ ਹੁਣ ਮੁੰਡਾ ਤੇ ਉਹਦੇ ਮਾਪੇ ਕਹਿੰਦੇ ਆ ਕਿ ਸਾਨੂੰ ਪਸੰਦ ਨਹੀਂ ਤੇ ਛੱਡ ਦਿੱਤਾ ਤੇ ਪੱਕੀ ਵੀ ਨਹੀਂ ਕਰਾ ਰਹੇ, ਕਹਿੰਦੀ ਸੀ ਕਿ ਅੰਕਲ ਨਾਲ ਸਲਾਹ ਕਰਨੀ ਐ।’’

ਅੰਕਲ ਸ਼ਬਦ ਉਸ ਨੂੰ ਪਲ ਕੁ ਲਈ ਤੰਗ ਕਰਦਾ ਹੈ। ਉਹ ਆਖਦਾ ਹੈ,

‘‘ਮੇਰੇ ਨਾਲ ਕੀ ਸਲਾਹ ਕਰਨੀ ਐ ?’’

‘‘ਆਪਣਾ ਜਗਮੋਹਣ ਐ ਨਾ, ਉਹਨੂੰ ਬਥੇਰਾ ਪਤੈ ਏਦਾਂ ਦੀਆਂ ਗੱਲਾਂ ਦਾ।’’

‘‘ਫੇਰ ਜਗਮੋਹਨ ਕੋਲ ਭੇਜੋ ਏਹਨੂੰ।’’

ਪਰਦੁੱਮਣ ਗਿਆਨ ਕੌਰ ਵੱਲ ਹਾਲੇ ਵੀ ਨਹੀਂ ਦੇਖ ਰਿਹਾ। ਉਹ ਕਹਿੰਦੀ ਹੈ,

‘‘ਤੁਸੀਂ ਤਾਂ ਐਵੇਂ ਭਾਰੇ ਹੋਈ ਜਾਨੇ ਆਂ ਅਗਲੀ ਨੇ ਤਾਂ ਮਾਣ ਨਾਲ ਕਿਹੈ, ਤੁਸੀਂ ਵਿਚਾਰੀ ਨਾਲ ਗੱਲ ਤਾਂ ਕਰ ਕੇ ਦੇਖ ਲਓ।’’

‘‘ਜਾਹ, ਭੇਜ ਦੇ ਉਪਰ।’’

ਉਹ ਫੱਟ ਦੇਣੀ ਆਖਦਾ ਹੈ। ਗਿਆਨ ਕੌਰ ਝਿਜਕਦੀ ਹੈ। ਉਸ ਨੂੰ ਕੁਲਜੀਤ ਨੂੰ ਉਪਰ ਭੇਜਣ ਵਾਲੀ ਗੱਲ ਪਸੰਦ ਨਹੀਂ ਹੈ ਪਰ ਉਸ ਨੇ ਆਪ ਹੀ ਇੰਨੇ ਜ਼ੋਰ ਨਾਲ ਉਸ ਨੂੰ ਕੁਲਜੀਤ ਨਾਲ ਗੱਲ ਕਰਨ ਲਈ ਆਖਿਆ ਹੈ।

ਗਿਆਨ ਕੌਰ ਹੇਠਾਂ ਉਤਰ ਜਾਂਦੀ ਹੈ। ਪਰਦੁੱਮਣ ਸਿੰਘ ਦਾ ਧਿਆਨ ਪੌੜੀਆਂ ਵੱਲ ਨੂੰ ਹੈ। ਉਹ ਪਹਿਲਾਂ ਹੀ ਕੁਲਜੀਤ ਨਾਲ ਗੱਲ ਕਰਨ ਲਈ ਮੌਕਾ ਪੈਦਾ ਕਰਨ ਲਈ ਸੋਚ ਰਿਹਾ ਹੈ। ਗਿਆਨ ਕੌਰ ਉਸ ਲਈ ਸੌਖ ਕਰ ਦਿੰਦੀ ਹੈ। ਪੌੜੀਆਂ ਚੜ੍ਹਨ ਦੀ ਠੱਕ ਠੱਕ ਸੁਣਾਈ ਦਿੰਦੀ ਹੈ। ਇਹ ਠੱਕ ਠੱਕ ਜਿਵੇਂ ਉਸ ਦੇ ਦਿਲ ਉਪਰ ਵੱਜ ਰਹੀ ਹੋਵੇ। ਫੇਰ ਆਹਿਸਤਾ ਜਿਹਾ ਦਰਵਾਜ਼ਾ ਖੋਲ੍ਹ ਕੇ ਕੁਲਜੀਤ ਅੰਦਰ ਵੜਦੀ ਹੈ। ਸਤਿ ਸ੍ਰੀ ਅਕਾਲ ਬੁਲਾਉਂਦੀ ਹੈ। ਪਰਦੁੱਮਣ ਸਿੰਘ ਪੁੱਛਦਾ ਹੈ,

‘‘ਕੀ ਨਾਂ ਐ ਕੁੜੀਏ ਤੇਰਾ ?’’

‘‘ਅੰਕਲ ਜੀ, ਕੁਲਜੀਤ।’’

‘‘ਨਾਂ ਵੀ ਸੋਹਣਾ, ਤੂੰ ਵੀ ਸੁਹਣੀ ਫੇਰ ਤੇਰੇ ਸਹੁਰੇ ਕਿਉਂ ਔਖੇ ਫਿਰਦੇ ਆ।’’

‘‘ਬਸ ਕਿਸਮਤ ਦੀਆਂ ਗੱਲਾਂ ਅੰਕਲ ਜੀ।’’

‘‘ਕਿਸਮਤ ਦੀ ਕੋਈ ਗੱਲ ਨਈਂ, ਏਹ ਲੋਕ ਜੁੱਤੀ ਦੇ ਯਾਰ ਐ। ਤੂੰ ਫਿਕਰ ਨਾ ਕਰ, ਮੈਂ ਤੇਰੀ ਪੂਰੀ ਮੱਦਦ ਕਰੂੰ।’’

‘‘ਅੰਕਲ ਜੀ, ਡਰਦੀ ਆਂ ਕਿ ਪਿੱਛੇ ਇੰਡੀਆ ਨੂੰ ਈ ਨਾ ਮੋੜ ਦੇਣ।’’

‘‘ਉਨ੍ਹਾਂ ਦੇ ਘਰ ਦਾ ਰਾਜ ਐ।’’

‘‘ਅੰਕਲ ਜੀ, ਜੇ ਮੈਂ ਮੁੜ ਗਈ ਤਾਂ ਪਿੰਡ ਵਿਚ ਬਹੁਤ ਬੇਇੱਜ਼ਤੀ ਹੋਣੀ ਐਂ।’’

ਕਹਿੰਦੀ ਕੁਲਜੀਤ ਅੱਖਾਂ ਭਰ ਲੈਂਦੀ ਹੈ। ਉਹ ਬੋਲਦਾ ਹੈ,

‘‘ਜਦ ਤੱਕ ਮੈਂ ਬੈਠਾਂ ਤੈਨੂੰ ਕੋਈ ਇੰਡੀਆ ਨਹੀਂ ਭੇਜ ਸਕਦਾ, ਫਿਕਰ ਨਾ ਕਰ।’’

ਕਿਸੇ ਦੇ ਪੌੜੀਆਂ ਚੜ੍ਹਨ ਦੀ ਅਵਾਜ਼ ਆਉਂਦੀ ਹੈ। ਪਰਦੁੱਮਣ ਸਿੰਘ ਸਮਝ ਜਾਂਦਾ ਹੈ ਕਿ ਗਿਆਨ ਕੌਰ ਹੀ ਹੋਵੇਗੀ। ਕੁਲਜੀਤ ਉਸ ਕੋਲ ਇਕੱਲੀ ਬੈਠੀ ਝੱਲੀ ਨਹੀਂ ਜਾਂਦੀ ਹੋਵੇਗੀ। ਗਿਆਨ ਕੌਰ ਅੰਦਰ ਆਉਂਦੀ ਹੈ। ਪਰਦੁੱਮਣ ਸਿੰਘ ਕੁਲਜੀਤ ਨੂੰ ਸਵਾਲ ਪੁੱਛਦਾ ਰਹਿੰਦਾ ਹੈ,

"ਕਿਹੜੇ ਸ਼ਹਿਰ ਰਹਿੰਦੇ ਆ ਤੇਰੇ ਸਹੁਰੇ ?"

"ਜੀ ਲੂਟਨ।"

"ਮੈਂ ਤੇਰੇ ਸਹੁਰਿਆਂ ਨਾਲ ਗੱਲ ਕਰਕੇ ਦੇਖਾਂ ਕਿ ਘੱਟੋ ਘੱਟ ਤੈਨੂੰ ਪੱਕੀ ਈ ਕਰਾ ਦੇਣ।"

"ਸਾਡੇ ਰਿਸ਼ਤੇਦਾਰ ਉਨ੍ਹਾਂ ਦੀਆਂ ਬਥੇਰੀਆਂ ਮਿੰਨਤਾਂ ਕਰ ਚੁੱਕੇ ਆ। ਉਹ ਨਹੀਂ ਚਾਹੁੰਦੇ ਕਿ ਮੈਂ ਏਸ ਮੁਲਕ ਵਿਚ ਰਹਾਂ।"

ਗਿਆਨ ਕੌਰ ਆਖਣ ਲੱਗਦੀ ਹੈ,

"ਜੀ, ਤੁਸੀਂ ਅੱਜ ਈ ਜਗਮੋਹਣ ਨਾਲ ਗੱਲ ਕਰੋ। ਮਨਦੀਪ ਦੱਸਦੀ ਸੀ ਕਿ ਤਕਾਲਾਂ ਨੂੰ ਕਿਤੇ ਸਲਾਹ ਦੇਣ ਬੈਠਦਾ ਉਹ। ਨਾਲੇ ਫਰੀ 'ਚ ਕੰਮ ਕਰਦੈ।"

ਪਰਦੁੱਮਣ ਸਿੰਘ ਕੁਝ ਸੋਚਦਾ ਹੋਇਆ ਕਹਿੰਦਾ ਹੈ,

"ਤੂੰ ਹੀ ਚਲੇ ਜਾਹ ਕੁਲਜੀਤ ਨਾਲ ਜਗਮੋਹਣ ਕੋਲ।"

"ਨਹੀਂ ਜੀ, ਮੈਂ ਕਿਥੇ ਤੁਰੀ ਫਿਰੂੰਗੀ।"

"ਅੱਛਾ ਮੈਂ ਦੇਖਦਾਂ, ਹੁਣ ਟਾਈਮ ਵੀ ਤਾਂ ਹੈ ਨਹੀਂ।"

ਪਰਦੁੱਮਣ ਸਿੰਘ ਭਾਰ ਜਿਹਾ ਫੜਦਾ ਆਖਦਾ ਹੈ। ਕੁਲਜੀਤ ਜਾਣ ਲੱਗਦੀ ਹੈ। ਪਰਦੁੱਮਣ ਉਸ ਨੂੰ ਕਹਿੰਦਾ ਹੈ,

"ਕੁੜੀਏ, ਤੂੰ ਹੁਣ ਚਿੰਤਾ ਛੱਡ ਦੇਹ, ਇਹ ਫਿਕਰ ਹੁਣ ਸਾਡਾ ਐ।"

ਸੁਣਦੀ ਹੋਈ ਕੁਲਜੀਤ ਦਾ ਚਿਹਰਾ ਖੁਸ਼ੀ ਨਾਲ ਖਿੜ ਜਾਂਦਾ ਹੈ। ਉਹ ਚਲੇ ਜਾਂਦੀ ਹੈ ਤਾਂ ਪਰਦੁੱਮਣ ਸਿੰਘ ਗਿਲਾ ਕਰਨ ਦੇ ਲਹਿਜੇ ਵਿਚ ਪਤਨੀ ਨੂੰ ਬੋਲਦਾ ਹੈ,

"ਤੂੰ ਮੱਲੋਮੱਲੀ ਏਹਨੂੰ ਮੇਰੇ ਗਲ ਪਾਈ ਜਾਨੀਆਂ, ਮੇਰੇ ਕੋਲ ਭਲਾ ਏਨਾ ਟਾਈਮ ਕਿਥੇ ਐ ਕਿ ਏਹਨੂੰ ਮੈਂ ਲਈ ਫਿਰਾਂ।"

"ਏਹਨੂੰ ਲੈ ਕੇ ਭਲਾ ਤੁਸੀਂ ਕਿਥੇ ਜਾਣਾ, ਜਗਮੋਹਣ ਨੂੰ ਫੋਨ ਕਰੋ ਆਪੇ ਆ ਜਾਊ ਉਹ।"

"ਉਹ ਭਲਾ ਕਿੱਦਾਂ ਆ ਜਾਊ, ਆਪਣਾ ਉਹ ਰਿਸ਼ਤੇ ਵਿਚ ਜਵਾਈ ਲੱਗਦੈ।"

"ਜਵਾਈਆਂ ਵਾਲੀ ਬੋਅ ਤਾਂ ਹੈ ਨਈ ਉਹਦੇ ਵਿਚ।"

"ਦਿੱਸਦੀ ਈ ਨਹੀਂ, ਅੰਦਰੋਂ ਪੂਰਾ ਕਾਂਟਾ ਐ ਉਹ, ਤੇਰੇ ਸਾਹਮਣੇ ਈ ਆਂ ਵੜੇ ਭਾਈ ਵਲ ਕਿੰਨੀ ਕੁ ਵਾਰ ਜਾਂਦੈ।"

ਪਰਦੁੱਮਣ ਥੋੜ੍ਹਾ ਖਿੱਝ ਕੇ ਕਹਿੰਦਾ ਹੈ ਤਾਂ ਜੋ ਗਿਆਨ ਕੌਰ ਇਥੇ ਹੀ ਗੱਲ ਖਤਮ ਕਰ ਦੇਵੇ। ਉਸ ਨੂੰ ਡਰ ਹੈ ਕਿ ਉਹ ਆਪ ਹੀ ਜਗਮੋਹਣ ਨੂੰ ਜਾਂ ਮਨਦੀਪ ਨੂੰ ਫੋਨ ਕਰਨ ਨਾ ਬੈਠ ਜਾਵੇ। ਉਹ ਤਾਂ ਕੁਲਜੀਤ ਨੂੰ ਆਪ ਖੁਦ ਲੈ ਕੇ ਜਾਣਾ ਚਾਹੁੰਦਾ ਹੈ। ਕੁਲਜੀਤ ਉਸ ਦੇ ਮਨ ਵਿਚ ਉਤਰਦੀ ਜਾ ਰਹੀ ਹੈ। ਉਹ ਕੁਲਜੀਤ ਨੂੰ ਜਿੱਤਣਾ ਚਾਹੁੰਦਾ ਹੈ ਉਸ ਦੀ ਮੱਦਦ ਕਰਕੇ। ਉਸ ਨੂੰ ਪਤਾ ਹੈ ਕਿ ਜਗਮੋਹਣ ਕਾਮਰੇਡ ਇਕਬਾਲ ਦੇ ਘਰ ਤਕਾਲਾਂ ਨੂੰ ਦੋ ਕੁ ਘੰਟੇ ਲਈ ਬੈਠਿਆ ਕਰਦਾ ਹੈ। ਉਹ ਸੋਚ ਰਿਹਾ ਹੈ ਕਿ ਸਾਰੀ ਗੱਲ ਨੂੰ ਕਿਵੇਂ ਸਿਰੇ ਚੜ੍ਹਾਵੇ। ਸੋਚਦਾ ਹੋਇਆ ਉਹ ਦਫਤਰ ਵਿਚੋਂ ਉਠ ਕੇ ਹੇਠਾਂ ਆ ਜਾਂਦਾ ਹੈ। ਅਜੈਬ ਕੌਰ ਸਮੋਸੇ ਤਲ ਰਹੀ ਹੈ। ਕੁਲਜੀਤ ਸਫਾਈ ਕਰ ਰਹੀ ਹੈ। ਫੈਕਟਰੀ ਬੰਦ ਕਰਨ ਦਾ ਵਕਤ ਹੋ ਰਿਹਾ ਹੈ। ਉਹ ਕਹਿੰਦਾ ਹੈ,

"ਕੁਲਜੀਤ, ਮੈਂ ਅੱਜ ਜਗਮੋਹਣ ਨੂੰ ਮਿਲਦਾਂ ਤੇ ਤੇਰੇ ਕੇਸ ਬਾਰੇ ਗੱਲ ਕਰਦਾਂ, ਤੂੰ ਆਪਣੇ ਪੇਪਰ ਤਿਆਰ ਰੱਖੀਂ, ਆਪਾਂ ਮਿਲ ਕੇ ਕਰਦੇ ਆਂ ਕੁਸ਼।"

ਕੁਲਜੀਤ ਹਾਂ ਵਿਚ ਸਿਰ ਮਾਰਦੀ ਹੈ ਜਿਵੇਂ ਕਹਿ ਰਹਿ ਹੋਵੇ ਕਿ ਸਤ ਬਚਨ। ਫਿਰ ਉਹ ਗਿਆਨ ਕੌਰ ਨੂੰ ਪੁੱਛਦਾ ਹੈ,

"ਅੱਜ ਆਪਾਂ ਕੁਲਜੀਤ ਨੂੰ ਮਨਦੀਪ ਵਲਾਂ ਲੈ ਜਾਵਾਂਗੇ ਤਕਾਲ੍ਹਾਂ ਨੂੰ।"

"ਮੈਂ ਤਾਂ ਘਰ ਦਾ ਕੰਮ ਕਰਨਾ ਹੁੰਦਾ, ਅਗਲੇ ਦੇ ਘਰ ਗਿਐਂ ਟੈਮ ਲੱਗ ਜਾਂਦੈ, ਤੁਸੀਂ ਵੀ ਉਥੇ ਈ ਜਾਇਓ ਜਿਥੇ ਉਹ ਬੈਠਦਾ ਹੁੰਦੈ।"

ਘਰ ਆ ਕੇ ਪਰਦੁੱਮਣ ਸਭ ਤੋਂ ਪਹਿਲਾਂ ਦਾਹੜੀ ਰੰਗਦਾ ਹੈ। ਟਾਈ ਲਾ ਕੇ ਸੂਟ ਪਾਉਂਦਾ ਹੈ। ਸੂਟ ਪਾਉਣ ਦਾ ਉਸ ਨੂੰ ਬਹੁਤ ਸ਼ੌਕ ਹੁੰਦਾ ਸੀ। ਉਸ ਦੇ ਸਾਰੇ ਸੂਟ ਇੰਡੀਆ ਹੀ ਰਹਿ ਗਏ ਹਨ। ਇਥੇ ਆ ਕੇ ਇਕ ਸੂਟ ਖਰੀਦਿਆ ਹੈ ਉਸ ਨੂੰ ਢੰਗ ਨਾਲ ਕਏ ਨਹੀਂ ਪਹਿਨ ਸਕਿਆ। ਕੰਮ ਵਿਚ ਹੀ ਬਹੁਤ ਰੁੱਝ ਗਿਆ ਹੈ। ਅਨਾਭੀ ਰੰਗ ਦੀ ਪੱਗ ਬੰਨ ਕੇ ਜਦ ਉਹ ਗਿਆਨ ਕੌਰ ਦੇ ਸਾਹਮਣੇ ਆਉਂਦਾ ਹੈ ਤਾਂ ਉਹ ਹੈਰਾਨ ਹੁੰਦੀ ਪੁੱਛਦੀ ਹੈ,

"ਇਹ ਚੜ੍ਹਾਈ ਕਿਧਰ ਨੂੰ?"

"ਇੰਨੇ ਚਿਰ ਬਾਅਦ ਜਗਮੋਹਨ ਨੂੰ ਮਿਲਣੈਂ ਫਿਰ ਵੀ ਜਵਾਈ ਭਾਈ ਐ।"

"ਅੱਗੇ ਤਾਂ ਜੱਗੇ ਨੂੰ ਮਿਲਣ ਲਈ ਇੰਨੀ ਸੁਕੀਨੀ ਕੀਤੀ ਨਹੀਂ ਕਦੇ !"

‘‘ਅਗੇ ਮੇਰੀ ਹਾਲਤ ਠੀਕ ਹੁੰਦੀ ਸੀ ਹੁਣ ਆਹ ਕੰਮ ਨੇ ਜਿਉਂ ਦੱਬ ਲਿਐ, ਕਪੜਿਆਂ ‘ਚੋਂ ਤੇਲ ਦਾ ਮੁਸ਼ਕ ਆਈ ਜਾਂਦਾ।’’

ਉਹ ਸੋਚਦਾ ਹੈ ਕਿ ਚੰਗੇ ਮੌਕੇ ਤੇ ਗੱਲ ਔੜ ਗਈ ਨਹੀਂ ਤਾਂ ਗਿਆਨ ਕੌਰ ਦਾ ਸ਼ੱਕ ਕੁਲਜੀਤ ਵੱਲ ਜਾਣਾ ਸੀ। ਉਹ ਪਤਨੀ ਨੂੰ ਆਖਦਾ ਹੈ,

‘‘ਚੱਲ, ਕੁਲਜੀਤ ਨੂੰ ਫੋਨ ਕਰ ਕਿ ਬਾਹਰ ਆ ਜਾਵੇ ਮੈਂ ਦੋ ਮਿੰਟ ਵਿਚ ਪਹੁੰਚ ਜਾਣਾਂ।’’

ਉਹ ਕਾਰ ਕੁਲਜੀਤ ਦੀ ਰਿਹਾਇਸ਼ ਮੁਹਰੇ ਰੋਕਦਾ ਡਰ ਰਿਹਾ ਹੈ ਕਿ ਅਜੈਬ ਕੌਰ ਵੀ ਕਿਧਰੇ ਨਾਲ ਹੀ ਤਿਆਰ ਨਾ ਹੋ ਜਾਵੇ ਪਰ ਕੁਲਜੀਤ ਇਕੱਲੀ ਹੀ ਬਾਹਰ ਨਿਕਲਦੀ ਹੈ। ਉਹ ਅੰਦਰੋਂ ਹੀ ਕਾਰ ਦਾ ਦਰਵਾਜ਼ਾ ਖੋਲ੍ਹਦਾ ਹੈ। ਕੁਲਜੀਤ ਕਮੀਜ਼ ਨੂੰ ਪਿੱਛਿਉਂ ਠੀਕ ਕਦੇ ਬਰਾਬਰ ਆ ਬੈਠਦੀ ਹੈ। ਕਾਲੇ ਸੂਟ ਉਪਰ ਚਿੱਟੇ ਫੁੱਲ ਬਹੁਤ ਸਜ ਰਹੇ ਹਨ। ਪਰਦੁੱਮਣ ਸਿੰਘ ਕਹਿੰਦਾ ਹੈ,

‘‘ਕੁਲਜੀਤ, ਤੂੰ ਤਾਂ ਬਹੁਤ ਸੁਹਣੀ ਲੱਗਦੀ ਐਂ।’’

‘‘ਥੈਂਕਿਊ ਅੰਕਲ ਜੀ।’’

‘‘ਇਹ ਅੰਕਲ ਏਨਾ ਘਰੋੜ ਕੇ ਨਾ ਕਿਹਾ ਕਰ। ਮੇਰੇ ਵੱਲ ਵੇਖ ਮੈਂ ਅੰਕਲ ਲੱਗਦਾਂ।’’

ਕੁਲਜੀਤ ਉਸ ਵੱਲ ਦੇਖਦੀ ਤੇ ਹੱਸਦੀ ਹੈ। ਉਹ ਫਿਰ ਆਖਦਾ ਹੈ,

‘‘ਤੂੰ ਤਾਂ ਹੱਸਦੀ ਵੀ ਬਹੁਤ ਸੁਹਣਾ ਐਂ, ਏਦਾਂ ਈ ਖੁਸ਼ ਰਿਹਾ ਕਰ, ਬਾਕੀ ਸਾਰੇ ਫਿਕਰ ਮੇਰੇ ਲਈ ਛੱਡ ਦੇ।’’

‘‘ਥੈਂਕਿਊ।’’

ਉਹ ਨਖਰੇ ਜਿਹੇ ਨਾਲ ਬੋਲਦੀ ਹੈ।

ਇਕਬਾਲ ਦਾ ਘਰ ਜਿਸ ਵਿਚ ਜਗਮੋਹਣ ਨੇ ਆਪਣੇ ਸਾਥੀਆਂ ਨਾਲ ਬੈਠਣਾ ਸ਼ੁਰੂ ਕੀਤਾ ਹੈ, ਲੇਡੀ ਮਾਰਗਰੇਟ ਰੋਡ ਉਪਰ ਹੀ ਹੈ। ਤੁਰ ਕੇ ਜਾਣ ਲਈ ਵੀ ਦੂਰ ਨਹੀਂ ਹੈ। ਪਰ ਪਰਦੁੱਮਣ ਦਾ ਤੁਰ ਕੇ ਜਾਣ ਦਾ ਕੋਈ ਇਰਾਦਾ ਨਹੀਂ ਹੈ। ਉਹ ਕੁਲਜੀਤ ਨੂੰ ਉਸ ਦੇ ਪਤੀ ਤੇ ਸੱਸ ਬਾਰੇ ਪੁੱਛਦਾ ਹੈ ਪਰ ਜਵਾਬ ਸੁਣਨ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਹੈ। ਉਹ ਤਾਂ ਕੁਲਜੀਤ ਨੂੰ ਗੱਲ ਕਰਦੀ ਨੂੰ ਦੇਖਦੇ ਰਹਿਣਾ ਚਾਹੁੰਦਾ ਹੈ।

ਉਹ ਇਕਬਾਲ ਦੇ ਘਰ ਕੋਲ ਜਗ੍ਹਾ ਲੱਭ ਕੇ ਕਾਰ ਖੜੀ ਕਰਦਾ ਹੈ। ਇਥੇ ਉਹ ਪਹਿਲਾਂ ਵੀ ਆਇਆ ਹੋਇਆ ਹੈ। ਕਾਮਰੇਡ ਇਕਬਾਲ ਆਪ ਤਾਂ ਹੇਜ਼ ਰਹਿੰਦਾ ਹੈ ਜਿਥੇ ਉਸ ਦਾ ਹੋਰ ਘਰ ਹੈ। ਇਸ ਨੂੰ ਉਹ ਸਾਂਝੇ ਕੰਮਾਂ ਲਈ ਵਰਤਦਾ ਹੈ। ਕਾਫੀ ਦੇਰ ਤੋਂ ਇਹ ਜਗ੍ਹਾ ਇਵੇਂ ਹੀ ਵਰਤੀ ਜਾਂਦੀ ਹੈ। ਕਾਮਰੇਡ ਇਕਬਾਲ ਨੂੰ ਵੀ ਪਰਦੁੱਮਣ ਜਾਣਦਾ ਹੈ। ਕਾਮਰੇਡ ਇਕਬਾਲ ਨੂੰ ਤਾਂ ਸਾਰਾ ਸਾਊਥਾਲ ਜਾਣਦਾ ਹੈ। ਐਮਰਜੈਂਸੀ ਵੇਲੇ ਭਾਰਤ ਸਰਕਾਰ ਵਿਰੁੱਧ ਇਥੇ ਜ਼ਬਰਦਸਤ ਮੁਜ਼ਾਹਰੇ ਕੀਤੇ ਗਏ ਸਨ ਤੇ ਕਾਮਰੇਡ ਇਕਬਾਲ ਉਨ੍ਹਾਂ ਮੁਜ਼ਾਹਰਿਆਂ ਦਾ ਮੋਹਰੀ ਹੋਇਆ ਕਰਦਾ ਸੀ। ਭਾਰਤ ਦੀ ਹਰ ਉਥਲ ਪੁਥਲ ਵਿਚ ਕਾਮਰੇਡ ਮੋਹਰੀ ਰਹੇ ਹਨ ਪਰ ਖਾਲਿਸਤਾਨ ਦੀ ਲਹਿਰ ਚੱਲੀ ਤਾਂ ਸਾਰੇ ਚੁੱਪ ਕਰ ਗਏ ਹਨ। ਕਈ ਵਾਰ ਪਰਦੁੱਮਣ ਮਨ ਹੀ ਮਨ ਗਿਲਾ ਵੀ ਕਰਦਾ ਹੈ। ਘਰ ਦੇ ਮੂਹਰੇ ਪਹੁੰਚਦਾ ਹੈ। ਘਰ ਦੇ ਬਾਹਰ ਲਿਖਿਆ ਹੈ ‘‘ਰੈੱਡ ਹਾਊਸ’’ ਦਰਵਾਜ਼ਾ ਖੁੱਲ੍ਹਾ ਹੈ। ਅੰਦਰ ਵੜਦਿਆਂ ਆਮ ਘਰਾਂ ਵਾਂਗ ਰਸੋਈ ਦਿੱਸਦੀ ਹੈ। ਦੋ ਲੌਂਜਾਂ ਹਨ। ਇਕ ਖੱਬੇ ਪਾਸੇ ਤੇ ਇਕ ਸੱਜੇ ਪਾਸੇ। ਦੋਨਾਂ ਵਿਚ ਹੀ ਕੁਰਸੀਆਂ ਇਵੇਂ ਲੱਗੀਆਂ ਹਨ ਕਿ ਦਫਤਰ ਜਿਹੇ ਜਾਪਦੇ ਹਨ। ਪਰ ਅੰਦਰ ਕੋਈ ਨਹੀਂ ਹੈ। ਉਹ ਦੋਵੇਂ ਪਾਸੇ ਹੀ ਜਾਂਦੇ ਹਨ ਜੋ ਖਾਲੀ ਪਏ ਹਨ। ਪਰਦੁੱਮਣ ਹੈਰਾਨ ਹੁੰਦਾ ਕੁਲਜੀਤ ਨੂੰ ਕਹਿੰਦਾ ਹੈ,

‘‘ਇਹ ਕਿਹੋ ਜਿਹੀ ਜਗ੍ਹਾ ਹੋਈ ਜਿਥੇ ਕੋਈ ਬੰਦਾ ਨਹੀਂ ਤੇ ਦਰਵਾਜ਼ਾ ਖੁੱਲ੍ਹਾ ਪਿਐ।’’

ਉਹ ਮੁੜਨ ਲੱਗਦੇ ਹਨ ਤਾਂ ਇਕ ਬਜ਼ੁਰਗ ਜਿਹਾ ਉਪਰੋਂ ਉਤਰਦਾ ਹੈ। ਉਹ ਪਰਦੁੱਮਣ ਨੂੰ ਪੁੱਛਦਾ ਹੈ,

‘‘ਲੀਗਲ ਏਡ ਵਾਲੇ ਮੁੰਡਿਆਂ ਨੂੰ ਮਿਲਣਾ ?’’

‘‘ਜਗਮੋਹਣ ਨੂੰ।’’

‘‘ਉਹ ਤਾਂ ਸੱਤ ਕੁ ਵਜੇ ਆਉਂਦੇ ਆ ਵੀਕ ਡੇਅ 'ਚ। ਵੀਕਐਂਡ 'ਤੇ ਜਲਦੀ ਆ ਜਾਂਦੇ ਆ। ਤੁਸੀਂ ਬੈਠ ਕੇ ਵੇਟ ਕਰ ਲਓ।’’

ਉਹ ਦਸਦਾ ਹੈ। ਪਰਦੁੱਮਣ ਸਿੰਘ ਵਕਤ ਦੇਖਦਾ ਹੈ। ਹਾਲੇ ਤਾਂ ਛੇ ਵੀ ਨਹੀਂ ਵੱਜੇ। ਉਹ ਕੁਲਜੀਤ ਨੂੰ ਕਹਿੰਦਾ ਹੈ,

''ਆ ਜਾ ਚੱਲਦੇ ਆਂ, ਸੱਤ ਵਜੇ ਆਵਾਂਗੇ।''

ਕੁਲਜੀਤ ਉਸ ਦੇ ਮਗਰ ਤੁਰ ਪੈਂਦੀ ਹੈ। ਉਹ ਬਾਹਰ ਨਿਕਲ ਕੇ ਮੁੜ ਕਾਰ ਵਿਚ ਬੈਠ ਜਾਂਦੇ ਹਨ। ਪਰਦੁੱਮਣ ਸਿੰਘ ਕੁਲਜੀਤ ਨੂੰ ਉਸ ਬਾਰੇ ਨਿੱਕੇ ਨਿੱਕੇ ਸਵਾਲ ਪੁੱਛਦਾ ਹੈ। ਉਸਦੇ ਪਰਿਵਾਰ ਬਾਰੇ, ਉਸ ਦੀ ਪੜ੍ਹਾਈ ਬਾਰੇ । ਸਹੇਲੀਆਂ ਤੇ ਸ਼ੌਕਾਂ ਬਾਰੇ। ਕੁਲਜੀਤ ਹੱਸ ਹੱਸ ਕੇ ਜਵਾਬ ਦੇ ਰਹੀ ਹੈ। ਪਰਦੁੱਮਣ ਸਿੰਘ ਨੂੰ ਸਮਝ ਜਾਂਦਾ ਹੈ ਕਿ ਉਸ ਦਾ ਸੁਨੇਹਾ ਕੁਲਜੀਤ ਤਕ ਪੁੱਜ ਚੁੱਕਾ ਹੈ। ਉਸ ਦੇ ਮਨ ਅੰਦਰ ਲੱਡੂ ਭੁਰਨ ਲਗਦੇ ਹਨ।

ਸਤਾਰਾਂ

ਸ਼ਾਮ ਨੂੰ ਪਰਦੁੱਮਣ ਰੈੱਡ ਹਾਊਸ ਵਿਚ ਜਾਂਦਾ ਹੈ। ਸਾਹਮਣੇ ਓਪਰਾ ਜਿਹਾ ਬੰਦਾ ਬੈਠਾ ਦਿੱਸਦਾ ਹੈ। ਉਸ ਨੂੰ ਪਛਾਣਦਾ ਹੋਇਆ ਉਹ ਕਹਿੰਦਾ ਹੈ,

''ਤੁਸੀਂ ਆਈ.ਡਬਲਯੂ.ਏ. ਵਿਚ ਵੀ ਕੰਮ ਕੀਤਾ ?''

''ਹਾਂ, ਲੀਗਲ ਐਡਵਾਈਜ਼ਰ ਰਿਹਾਂ ਸ਼ਰਮੇ ਤੋਂ ਬਾਅਦ।''

''ਮੈਂ ਵੀ ਕਹਾਂ ਕਿ ਤੁਹਾਨੂੰ ਦੇਖਿਆ ਕਿਧਰੇ।''

''ਹੁਣ ਅਸੀਂ ਇਥੋਂ ਇਮੀਗਰੇਸ਼ਨ ਦੇ ਮਸਲਿਆਂ ਲਈ ਸਲਾਹ ਦੇਣੀ ਸ਼ੁਰੂ ਕੀਤੀ ਐ।''

''ਮੈਨੂੰ ਲੱਗਿਆ ਪਤਾ, ਜਗਮੋਹਣ ਸਾਡਾ ਰਿਸ਼ਤੇਦਾਰ ਐ, ਕਿਧਰ ਗਿਆ ਉਹ ?''

''ਅੱਜ ਨਹੀਂ ਮਿਲਦਾ ਉਹ ਤੁਹਾਨੂੰ, ਘਰੇ ਈ ਹੋਊ ਅੱਜ ਤਾਂ। ਫਰਾਈਡੇ ਹੋਏਗਾ ਇਥੇ, ਅਸੀਂ ਕੁਸ਼ ਏਦਾਂ ਹੀ ਐਡਜਸਟ ਕੀਤਾ ਹੋਇਐ, ਪਰ ਦੱਸੋ ਕੀ ਕੰਮ ਐ, ਮੈਂ ਵੀ ਕਰ ਸਕਦਾਂ।''

''ਇਕ ਕੇਸ ਜਿਹਾ ਐ, ਵਾਕਫ ਕੁੜੀ ਐ, ਸਹੁਰੇ ਪੱਕੀ ਨਹੀਂ ਹੋਣ ਦੇ ਰਹੇ, ਇੰਡੀਆ ਜਾ ਕੇ ਵਿਆਹ ਕੇ ਲਿਆਏ ਸੀ, ਹੁਣ ਕਹਿੰਦੇ ਪਸੰਦ ਨਹੀਂ।''

''ਹੋਮ ਆਫਿਸ ਤੋਂ ਲੈਟਰ ਆ ਗਈ ?''

''ਲੈਟਰ ਆ ਗਈ ਅਪੀਲ ਕਰਨ ਦੇ ਤੀਹ ਦਿਨ ਦਿੱਤੇ ਆ।''

''ਬਸ ਤੁਸੀਂ ਲੈ ਆਓ ਲੈਟਰ, ਅਪੀਲ ਕਰ ਦਿੰਨੇ ਆਂ।''

''ਠੀਕ ਐ।''

ਕਹਿੰਦਾ ਪਰਦੁੱਮਣ ਸਿੰਘ ਉਥੋਂ ਤੁਰ ਪੈਂਦਾ ਹੈ। ਉਹ ਕਾਰ ਨੂੰ ਇਕ ਸੁੰਨੀ ਜਿਹੀ ਸੜਕ ਤੇ ਲੈ ਆਉਂਦਾ ਹੈ ਤੇ ਇਕ ਪਾਸੇ ਰੋਕ ਲੈਂਦਾ ਹੈ।

''ਤੂੰ ਮੈਨੂੰ ਏਨੀ ਚੰਗੀ ਲਗਣ ਲਗ ਪਈ ਐਂ ਕਿ ਮੈਂ ਤੇਰੇ ਲਈ ਕੁਝ ਵੀ ਕਰ ਸਕਦਾਂ।''

''ਥੈਂਕਿਊ ਅੰਕਲ ਜੀ।''

''ਫੇਰ ਅੰਕਲ! ਅਜ ਤਾਂ ਮੈਂ ਦੇਖ ਕਿੱਦਾਂ ਤਿਆਰ ਹੋ ਕੇ ਆਇਆਂ।''

''ਬਿਲਕੁਲ, ਤੁਸੀਂ ਵੀ ਬਹੁਤ ਸੁਹਣੇ ਲਗ ਰਹੇ ਓ।''

ਕੁਲਜੀਤ ਗੱਲ ਕਰਕੇ ਟੇਡੀ ਅੱਖ ਨਾਲ ਉਸ ਦੇਖਦੀ ਹੈ। ਪਰਦੁੱਮਣ ਸਿੰਘ ਇਕ ਦਮ ਉਸ ਦਾ ਹੱਥ ਫੜ ਲੈਂਦਾ ਹੈ। ਕੁਲਜੀਤ ਆਖਣ ਲਗਦੀ ਹੈ,

''ਬੜੇ ਆਸ਼ਕ ਮਜ਼ਾਜ਼ ਓ ਅੰਕਲ ਜੀ।''

''ਤੇਰੇ ਵਰਗੀ ਸੁਹਣੀ ਰੰਨ ਸਾਹਮਣੇ ਹੋਵੇ ਤਾਂ ਮਰਦ ਆਸ਼ਕ ਨਾ ਹੋ ਜਾਏ ਤਾਂ ਫਿੱਟੇ ਮੂੰਹ ਮਰਦ ਹੋਣ ਦੇ।''

''ਕੀ ਖਾਸੀਅਤ ਐ ਮੇਰੇ ਵਿਚ! ਮੈਂ ਤਾਂ ਵਕਤਾਂ ਦੀ ਮਾਰੀ ਹੋਈ ਆਂ।''

''ਤੈਨੂੰ ਕਿਹਾ ਨਾ ਇਹ ਗੱਲ ਭੁੱਲ ਜਾ।''

''ਚੇਤੇ ਕੀ ਰੱਖਾਂ?''

''ਇਕ ਤੂੰ ਐਂ ਤੇ ਇਕ ਮੈਂ ਆਂ।''

ਕਹਿੰਦਾ ਪਰਦੁੱਮਣ ਸਿੰਘ ਉਸ ਦੀ ਠੋਡੀ ਫੜ ਕੇ ਉਸ ਦੇ ਬੁਲ੍ਹ ਚੁੰਮ ਲੈਂਦਾ ਹੈ। ਕੁਲਜੀਤ ਕੋਈ ਉਜਰ ਨਹੀਂ ਕਰਦੀ। ਫਿਰ ਉਹ ਕੁਲਜੀਤ ਨੂੰ ਉਸ ਦੇ ਘਰ ਲਾਹ ਦਿੰਦਾ ਹੈ।

ਹੁਣ ਉਹ ਸਤਵੇਂ ਅਸਮਾਨ 'ਤੇ ਹੈ। ਅਜੀਬ ਖੁਮਾਰ ਦਾ ਭਰਿਆ ਹੋਇਆ। ਉਸ ਨੇ ਇਕ ਜਵਾਨ ਕੁੜੀ ਜਿੱਤ ਲਈ ਹੈ। ਉਸ ਨੂੰ ਚੌਗਿਰਦੇ ਵਿਚੋਂ ਉਹੋ ਖੁਸ਼ਬੂ ਆਉਣ ਲਗਦੀ ਹੈ ਜਿਹੜੀ ਨੀਰੂ ਨਾਲ ਮਿਲਣ ਸਮੇਂ ਆਇਆ ਕਰਦੀ ਸੀ। ਹੁਣ ਉਹ ਸੋਚ ਰਿਹਾ ਹੈ ਕਿ ਜਿਵੇਂ ਵੀ ਹੋਵੇ ਕੁਲਜੀਤ ਦਾ ਕੰਮ ਕਰੇ। ਉਹ ਜਗਮੋਹਣ ਨਾਲ ਸਾਰੀ ਗੱਲ ਕਰਨੀ ਚਾਹੁੰਦਾ ਹੈ। ਜਗਮੋਹਣ ਨਾਲ ਉਹ ਦਿਲ ਦੀ ਗੱਲ ਕਰ ਸਕਦਾ ਹੈ। ਭਾਵੇਂ ਉਹ ਉਸ ਦੇ ਭਰਾ ਹਰਕੇਵਲ ਸਿੰਘ ਦਾ ਜਵਾਈ ਹੈ ਪਰ ਉਸ ਨਾਲ ਉਹ ਦੋਸਤਾਂ ਵਾਂਗ ਹੀ ਵਰਤਦਾ ਹੈ। ਉਹ ਉਸ ਨੂੰ ਕੁਲਜੀਤ ਨਾਲ ਬਣੇ ਆਪਣੇ ਸਬੰਧਾਂ ਦਾ ਰਾਜ਼ਦਾਰ ਬਣਾਉਣਾ ਚਾਹੁੰਦਾ ਹੈ। ਹੁਣ ਮਸਲਾ ਹੈ ਕਿ ਉਹ ਜਗਮੋਹਨ ਨੂੰ ਮਿਲੇ ਕਿਵੇਂ। ਸ਼ੁਕਰਵਾਰ ਹਾਲੇ ਦੂਰ ਹੈ। ਘਰ ਉਹ ਜਾਣਾ ਨਹੀਂ ਚਾਹੁੰਦਾ ਉਸ ਨੂੰ ਹੈ ਕਿ ਹਰਕੇਵਲ ਸਿੰਘ ਇਹ ਨਾ ਸੋਚੇ ਕਿ ਉਸ ਤੋਂ ਬਾਹਰਾ ਹੋ ਕੇ ਉਸ ਜਵਾਈ ਨਾਲ ਰਿਸ਼ਤੇਦਾਰੀ ਗੂੜ੍ਹੀ ਕਰਦਾ ਫਿਰ ਰਿਹਾ ਹੈ। ਫਿਰ ਘਰ ਗਿਆ ਤਾਂ ਖੁਲ੍ਹ ਕੇ ਗੱਲ ਵੀ ਤਾਂ ਨਹੀਂ ਹੋ ਸਕਣੀ। ਉਹ ਚਾਹੁੰਦਾ ਹੈ ਕਿ ਜਗਮੋਹਨ ਕੁਲਜੀਤ ਨੂੰ ਯਕੀਨ ਦਵਾਈ ਜਾਵੇ ਕਿ ਉਸ ਨੇ ਪੱਕੀ ਤਾਂ ਹਰ ਹਾਲਤ ਵਿਚ ਹੋ ਜਾਣਾ ਹੈ

ਪਰ ਹੋਣਾ ਅੰਕਲ ਰਾਹੀਂ ਹੀ ਹੈ। ਉਸ ਨੂੰ ਪਤਾ ਹੈ ਕਿ ਉਹ ਕੋਈ ਨਾ ਕੋਈ ਬਹਾਨਾ ਘੜ ਕੇ ਦਿਨੇ ਹੀ ਕੁਲਜੀਤ ਨੂੰ ਲੈ ਜਾਇਆ ਕਰੇਗਾ। ਬੱਚਿਆਂ ਦੇ ਸਕੂਲ ਜਾਣ ਤੋਂ ਬਾਅਦ ਘਰ ਖਾਲੀ ਹੀ ਹੁੰਦਾ ਹੈ। ਰਾਜਵਿੰਦਰ ਵੀ ਘਰ ਨਹੀਂ ਹੁੰਦਾ। ਉਹ ਫੈਕਟਰੀ ਨਾ ਹੋਵੇ ਤਾਂ ਦੋਸਤਾਂ ਨਾਲ ਕਿਸੇ ਪਾਸੇ ਨਿਕਲ ਜਾਂਦਾ ਹੈ। ਘਰ ਨਾ ਵੀ ਸਹੀ 'ਬੈਡ ਐਂਡ ਬ੍ਰੇਕਫਾਸਟ' ਵੀ ਮਹਿੰਗਾ ਨਹੀਂ ਪੈਂਦਾ। ਉਸ ਨੂੰ ਯਕੀਨ ਨਹੀਂ ਹੋ ਰਿਹਾ ਕਿ ਕੁਲਜੀਤ ਇੰਨੀ ਜਲਦੀ ਮੰਨ ਜਾਵੇਗੀ। ਕੁਲਜੀਤ ਨੂੰ ਵੀ ਪੱਕੀ ਹੋਣ ਦੇ ਬਦਲੇ ਵਿਚ ਇਹ ਸੌਦਾ ਮਹਿੰਗਾ ਨਹੀਂ ਲਗਦਾ।

ਪਰਦੁੱਮਣ ਸਿੰਘ ਆਪਣੇ ਘਰ ਪਹੁੰਚ ਕੇ ਗਿਆਨ ਕੌਰ ਤੋਂ ਜਗਮੋਹਣ ਦੇ ਘਰ ਫੋਨ ਕਰਾਉਂਦਾ ਹੈ। ਮਨਦੀਪ ਚੁੱਕਦੀ ਹੈ। ਉਹ ਅੱਗੇ ਜਗਮੋਹਣ ਨੂੰ ਸੱਦਦੀ ਹੈ ਤੇ ਗਿਆਨ ਕੌਰ ਪਰਦੁੱਮਣ ਸਿੰਘ ਨੂੰ ਫੜਾ ਦਿੰਦੀ । ਉਹ ਕਹਿੰਦਾ ਹੈ,

"ਯੰਗ ਮੈਨ, ਕਿਧਰ ਲੁਕਿਆਂ ਫਿਰਦਾਂ ਬਈ ?"

"ਲੁਕਣਾ ਕਿਥੇ ਐ, ਡਾਢੇ ਸਮੇਂ ਵਿਚ ਆਪਾ ਸੰਭਾਲਦਾ ਫਿਰਦਾਂ।"

"ਬੜੇ ਫਿਲਮੀ ਡਾਇਲਾਗ ਮਾਰ ਰਿਹੈਂ ਬਈ।"

"ਅੰਕਲ ਜੀ, ਡਾਇਲਾਗ ਮੈਂ ਕੀ ਮਾਰਨੇ ਆਂ। ਤੁਸੀਂ ਦੱਸੋ ਕੀ ਹਾਲ ਐ ?"

"ਕੰਮ ਐ ਤੇਰੇ ਤਾਈਂ ਇਮੀਗਰੇਸ਼ਨ ਦਾ।"

"ਹੁਕਮ ਕਰੋ।"

"ਕਿਤੇ ਮਿਲੇਂ ਤਾਂ ਗੱਲ ਕਰਾਂ, ਅੱਜ ਮੈਂ ਰੈੱਡ ਹਾਊਸ ਗਿਆ ਸੀ ਪਰ ਤੂੰ ਹੈਨਾ ਸੀ।"

"ਪਰ ਉਥੇ ਸ਼ਾਮ ਭਾਰਦਵਾਜ ਤਾਂ ਹੋਏਗਾ ਈ।"

"ਹਾਂ, ਪਰ ਸਾਡਾ ਵਕੀਲ ਤਾਂ ਤੂੰ ਈ ਐਂ, ਦੱਸ ਕਦੋਂ ਮਿਲੇਂਗਾ।"

"ਤੁਸੀਂ ਦੱਸੋ, ਹੁਣੇ ਈ ਆ ਜਾਓ।"

"ਹੁਣ ! ਅੱਠ ਵੱਜੇ ਆ, ਪੱਬ ਵਿਚ ਆ ਸਕਦੈਂ ?"

"ਪੱਬ ਵਿਚ !.. ਚਲੋ ਆ ਜਾਨਾਂ, ਕਿਹੜੇ ਵਿਚ ?"

"ਦਾ ਗਲੌਸਟਰ ਵਿਚ ਈ।"

"ਨਹੀਂ ਅੰਕਲ ਜੀ, ਉਥੇ ਮੇਰੇ ਕਈ ਵਾਕਫ ਮਿਲ ਜਾਣੇ ਆਂ, ਕੋਈ ਗੱਲ ਨਹੀਂ ਕਰ ਹੋਣੀ, ਤੁਸੀਂ ਲੇਡੀ ਮੈਗੀ ਵਿਚ ਆ ਜਾਓ, ਉਥੇ ਮਿਲਦੇ ਆਂ।"

ਕਹਿੰਦਾ ਹੋਇਆ ਜਗਮੋਹਣ ਫੋਨ ਰੱਖ ਦਿੰਦਾ ਹੈ। ਉਹ ਇਸ ਵੇਲੇ ਬਾਹਰ ਜਾਣ ਦੇ ਮੂਡ ਵਿਚ ਬਿਲਕੁਲ ਨਹੀਂ ਹੈ। ਰੋਟੀ ਖਾ ਚੁੱਕਾ ਹੈ ਪਰ ਪਰਦੁੱਮਣ ਸਿੰਘ ਨੇ ਕਿਹਾ ਹੈ, ਰਿਸ਼ਤੇਦਾਰੀ ਹੈ, ਜਾਣਾ ਹੀ ਪਵੇਗਾ। ਉਹ ਤਿਆਰ ਹੋਣ ਲਗਦਾ ਹੈ। ਉਸ ਦੀ ਆਪਣੇ ਸੁਹਰੇ ਨਾਲ ਤਾਂ ਬਹੁਤੀ ਨਹੀਂ ਬਣਦੀ ਪਰ ਪਰਦੁੱਮਣ ਸਿੰਘ ਨਾਲ ਸਬੰਧ ਬਹੁਤ ਹੀ ਦੋਸਤਾਨਾ ਹਨ। ਉਹ ਉਸ ਦੇ ਸਾਹਮਣੇ ਸਿਗਰਟ ਤਕ ਪੀ ਲੈਂਦਾ ਹੈ ਨਹੀਂ ਤਾਂ ਆਪਣੀ ਸਮੋਕ ਕਰਨ ਦੀ ਆਦਤ ਕਾਫੀ ਲਕੋ ਕੇ ਰੱਖੀ ਹੋਈ ਹੈ। ਉਹ ਵੀਹ ਕੁ ਮਿੰਟਾਂ ਵਿਚ ਲੇਡੀ ਮੈਗੀ ਵਿਚ ਪੁੱਜ ਜਾਂਦਾ ਹੈ। ਸਾਊਥਾਲ ਦੇ ਪੱਬਾਂ ਵਿਚੋਂ ਇਹ ਰਵਾਇਤੀ ਜਿਹਾ ਪੱਬ ਹੈ ਜਿਹੜਾ ਬਹੁਤਾ ਭਰਦਾ ਵੀ ਨਹੀਂ ਤੇ ਖਾਲੀ ਜਿਹਾ ਵੀ ਨਹੀਂ ਹੁੰਦਾ। ਆਮ ਤੌਰ ਤੇ ਲੋਕਲ ਗੋਰੇ ਹੀ ਇਥੇ ਹੁੰਦੇ ਹਨ ਤੇ ਇਸੇ ਲਈ ਖੁਲ੍ਹ ਕੇ ਗੱਲਬਾਤ ਕਰ ਸਕਣ ਦੇ ਮੌਕੇ ਜ਼ਿਆਦਾ ਹੁੰਦੇ ਹਨ। ਪਰਦੁੱਮਣ ਸਿੰਘ ਉਸ ਤੋਂ ਪਹਿਲਾਂ ਹੀ ਆਇਆ ਬੈਠਾ ਹੈ। ਉਸ ਨੇ ਬੀਅਰ ਦੇ ਗਲਾਸ ਵੀ ਭਰਾਏ ਹੋਏ ਹਨ। ਜਗਮੋਹਨ ਹੱਥ ਮਿਲਾ ਕੇ ਬੈਠਦਾ ਕਹਿੰਦਾ ਹੈ,

"ਅੰਕਲ, ਮੈਂ ਤੁਹਾਡੇ ਵਿਚ ਕੋਈ ਬਹੁਤ ਵੱਡੀ ਚੇਂਜ ਮਹਿਸੂਸ ਕਰ ਰਿਹਾਂ ਪਰ ਕੀ ਸਮਝ ਨਹੀਂ ਲਗ ਰਹੀ।"

"ਕਈ ਗੱਲਾਂ ਐਸੀਆਂ ਹੁੰਦੀਆਂ ਕਿ ਨਾ ਸਮਝੋ ਤਾਂ ਚੰਗੀਆਂ, ਤੂੰ ਆਪਣਾ ਗਲਾਸ ਚੁੱਕ।"

ਅਣਮੰਨੇ ਮਨ ਨਾਲ ਗਲਾਸ ਚੁੱਕਦਾ ਜਗਮੋਹਨ ਬੋਲਦਾ ਹੈ,

"ਮੈਂ ਤਾਂ ਰੋਟੀ ਖਾ ਚੁੱਕਾ ਸੀ।"

"ਇੰਨੀ ਜਲਦੀ ?"

"ਨਿਆਣਿਆਂ ਨਾਲ ਈ ਖਾ ਲੈਨਾਂ, ਪੱਬ ਵੀ ਮੈਂ ਵੀਕ ਐਂਡ ਤੇ ਈ ਆਉਨਾਂ, ਗਲਾਸੀ ਵੀ ਘੱਟ ਵਧ ਈ।"

"ਚੰਗੀ ਗੱਲ ਐ, ਮੈਨੂੰ ਤਾਂ ਗਲਾਸੀ ਬਿਨਾਂ ਨੀਂਦ ਨਹੀਂ ਆਉਂਦੀ ਪਰ ਮੈਂ ਪੀਂਦਾ ਇਕ ਜਾਂ ਵਧ ਤੋਂ ਵਧ ਦੋ।"

"ਦੱਸੋ ਆਪਣਾ ਕੀ ਕੇਸ ਐ।"

"ਕੇਸ ਉਹੀ, ਕੁੜੀ ਆਈ ਵਿਆਹ ਲਈ, ਵਸੀ ਨਹੀਂ, ਅਗਲੇ ਪੱਕੀ ਨਹੀਂ ਕਰਾਉਂਦੇ।"

"ਰਿਫਿਊਜ਼ਲ ਲੈਟਰ ਆ ਗਈ ?"

"ਹਾਂ, ਬਸ ਅਪੀਲ ਕਰਨੀ ਆਂ।"

"ਕੁੜੀ ਹੈ ਕੌਣ ?"

"ਇਹ ਤਾਂ ਸੀਕਰਟ ਐ।"

"ਪਰ ਡਾਕਟਰ ਕੋਲ ਤਾਂ ਨੰਗੇ ਹੋਣਾ ਈ ਪੈਂਦੈ।"

ਉਸ ਦੇ ਕਹਿਣ 'ਤੇ ਪਰਦੁੱਮਣ ਸਿੰਘ ਹੱਸਣ ਲੱਗਦਾ ਹੈ। ਉਸ ਦੇ ਹਾਸੇ ਵਿਚੋਂ ਝਲਕਦੇ ਅੱਲ੍ਹੜਪਨ ਤੋਂ ਜਗਮੋਹਣ ਸਮਝ ਜਾਂਦਾ ਹੈ ਕਿ ਗੱਲ ਕੁਝ ਹੋਰ ਹੈ। ਉਹ ਪੁੱਛਦਾ ਹੈ,

“ਸਾਡੀ ਆਂਟੀ ਤਾਂ ਸੇਫ ਐ ਨਾ ?”
“ਤੁਹਾਡੀ ਆਂਟੀ ਤਾਂ ਅਜਿਹਾ ਥੰਮ ਐ ਜਿਹਦੇ 'ਤੇ ਨਾ ਕਿਸੇ ਤੂਫਾਨ ਦਾ ਅਸਰ, ਨਾ ਭੂਚਾਲ ਦਾ, ਇਹ ਤਾਂ ਕੋਈ ਪਾਰਟ ਟਾਈਮ ਜਿਹੀ ਜੌਬ ਐ।”
“ਫੇਰ ਲੈ ਆਓ ਕਿਸੇ ਵੇਲੇ।”
“ਲਿਆਉਣ ਤੋਂ ਬਿਨਾਂ ਗੱਲ ਨਹੀਂ ਬਣਦੀ ?”
“ਅਪੀਲ ਲਈ ਗਰਾਊਂਡ ਤਾਂ ਲੱਭਣੀ ਈ ਪੈਂਦੀ ਐਂ ਤੇ ਅਪੀਲ ਉਹਦੀ ਕਹਾਣੀ ਵਿਚ ਪਈ ਐ, ਤੇ ਕਹਾਣੀ ਉਹਦੇ ਕੋਲ ਈ ਐ ਫਸਟ ਹੈਂਡ, ਜਿਹੜੀ ਤੁਸੀਂ ਦੱਸਣੀ ਐ ਉਹ ਤਾਂ ਸੈਕਿੰਡ ਹੈਂਡ ਐ।”
“ਇਹ ਤਾਂ ਬਈ ਸੌਦਾ ਘਾਟੇ ਦਾ ਲੱਗਦੈ।”
“ਕਿੱਦਾਂ ?”
“ਕਿਤੇ ਕੁਝ ਪਾਉਣ ਦੇ ਚੱਕਰ ਵਿਚ ਗੁਆ ਈ ਨਾ ਬੈਠਾਂ।”
“ਤੁਸੀਂ ਫਿਕਰ ਨਾ ਕਰੋ ਅੰਕਲ ਜੀ, ਤੁਹਾਡੀ ਚੀਜ਼ ਤੁਹਾਡੀ ਰਹੇਗੀ।”
“ਪਰੌਮਿਜ਼ ?”
“ਪਰੌਮਿਜ਼।”

ਕਹਿ ਕੇ ਜਗਮੋਹਣ ਆਪਣੇ ਵੱਲ ਵਧੇ ਪਰਦੁੱਮਣ ਸਿੰਘ ਦੇ ਹੱਥ ਨਾਲ ਹੱਥ ਮਿਲਾਉਂਦਾ ਹੈ। ਆਪਣਾ ਗਲਾਸ ਖਤਮ ਕਰਦਾ ਪਰਦੁੱਮਣ ਸਿੰਘ ਕਹਿੰਦਾ ਹੈ,

“ਮੈਂ ਤੈਨੂੰ ਗੱਲ ਦੱਸਦਾ ਡਰਦਾ ਵੀ ਸੀ ਕਿ ਤੂੰ ਵੂਮੈਨ ਲਿਬਰੇਸ਼ਨ ਦੀ ਬਹੁਤੀ ਈ ਗੱਲ ਕਰਨ ਲੱਗਦਾਂ।”
“ਨਹੀਂ, ਐਡੀ ਵੀ ਕੋਈ ਗੱਲ ਨਹੀਂ।”
“ਮੈਂ ਤਾਂ ਸੁਣਿਆ ਸੀ ਕਿ ਸਾਧੂ ਸੂੰਹ ਨੇ ਕੁੜੀ ਸੋਧੀ ਸੀ ਤਾਂ ਤੂੰ ਬਹੁਤ ਦੁਖੀ ਹੋਇਆ ਸੈਂ।”
“ਉਹ ਤਾਂ ਉਹਨੇ ਗਲਤ ਕੀਤਾ ਸੀ ਪਰ ਉਹਨੂੰ ਸਜ਼ਾ ਮਿਲ ਗਈ, ਹੁਣ ਸਾਰੀ ਉਮਰ ਅੰਦਰ ਈ ਰਹੂ, ਇਹ ਔਨਰ ਕਿਲਿੰਗ ਤਾਂ ਬਹੁਤ ਗਲਤ ਐ।”
“ਪਰ ਕੀ ਤੂੰ ਭਾਰਤੀ ਜਾਂ ਪੰਜਾਬੀ ਕਲਚਰ ਵਿਚ ਨਹੀਂ ਜੰਮਿਆ? ਕੁੜੀ ਜਦੋਂ ਗਲਤ ਕਦਮ ਚੁੱਕਦੀ ਐ ਤਾਂ ਉਹਦਾ ਇਹੋ ਨਤੀਜਾ ਹੁੰਦਾ ਐ, ਇਹੋ ਈ ਹੋਣਾ ਚਾਹੀਦੈ।”
“ਇਥੇ ਮੈਂ ਤੁਹਾਡੇ ਨਾਲ ਐਗਰੀ ਨਹੀਂ ਕਰਦਾ। ਦੇਖੋ ਜਿਸ ਸਮਾਜ ਨੂੰ ਆਪਾਂ ਅਪਣਾਇਆ ਉਸ ਵਿਚ ਇਹ ਮਮੂਲੀ ਗੱਲ ਐ, ਇਸ ਸਮਾਜ ਨੂੰ ਅਪਣਾਉਣ ਦੀ ਸਾਨੂੰ ਕੋਈ ਮਜਬੂਰੀ ਤਾਂ ਨਹੀਂ ਸੀ, ਸਾਡੀ ਆਪਣੀ ਮਰਜ਼ੀ ਸੀ, ਹੁਣ ਦੇਖੋ ਕੀ ਹੋ ਰਿਹੈ, ਸਾਨੂੰ ਕੁਝ ਸਬਰ ਤੋਂ ਕੰਮ ਲੈਣ ਦੀ ਲੋੜ ਐ, ਕੁੜੀਆਂ ਮਾਰਨ ਨਾਲ ਕੋਈ ਸਮੱਸਿਆ ਹੱਲ ਨਹੀਂ ਹੋਣੀ।”
“ਜੱਗਿਆ, ਆਪਾਂ ਮਰਦ ਲੋਕ ਆਂ, ਆਪਾਂ ਨਹੀਂ ਸਹਿ ਸਕਦੇ, ਸਾਡਾ ਖੂਨ ਹਾਲੇ ਸਫੈਦ ਨਹੀਂ ਹੋਇਆ, ਪਰ ਸਾਧੂ ਸੂੰਹ ਦੀ ਕੁੜੀ ਤੈਨੂੰ ਇੰਨਾ ਹਾਂਟ ਕਿਉਂ ਕਰਦੀ ਰਹੀ? ਕੋਈ ਚੱਕਰ ਤਾਂ ਨਹੀਂ ?”
“ਮੈਂ ਉਹ ਕੁੜੀ ਦੇਖੀ ਸੀ, ਰੋਜ਼ ਦੇਖਦਾ ਸੀ।”
“ਤੇ ਤੂੰ ਦੇਖਦਾ ਵੀ ਸਵਿਮਿੰਗ ਪੂਲ ਵਿਚ ਸੀ।”
“ਹਾਂ, ਪਰ ਕੋਈ ਏਦਾਂ ਦੀ ਗੱਲ ਨਹੀਂ ਸੀ।”
“ਚੱਲ, ਮੰਨ ਲੈਨੇ ਆਂ, ਹੁਣ ਧਿਆਨ ਰੱਖੀਂ ਕੁਲਜੀਤ ਨਾ ਤੈਨੂੰ ਹਾਂਟ ਕਰਨ ਲਗ ਪਵੇ, ਤੂੰ ਸਿਰਫ ਮੱਦਦ ਕਰਨੀ ਐ।”

ਜਗਮੋਹਣ ਜ਼ਰਾ ਕੁ ਹਸਦਾ ਹੈ ਤੇ ਕਹਿੰਦਾ ਹੈ,

“ਤੁਸੀਂ ਫਿਕਰ ਨਾ ਕਰੋ, ਆਪਾਂ ਪਹਿਲਾਂ ਅਪੀਲ ਤਾਂ ਕਰੀਏ, ਅਪੀਲ ਦਾ ਟਾਈਮ ਨਾ ਲੰਘਾ ਦੇਈਏ, ਤੁਸੀਂ ਮੈਨੂੰ ਉਹਦੇ ਪੇਪਰ, ਪਾਸਪੋਰਟ ਦਿਓ ਜਾਂ ਉਥੇ ਰੈੱਡ ਹਾਊਸ ਈ ਦੇ ਆਓ।”
“ਰੈੱਡ ਹਾਊਸ ਨਾਲੋਂ ਤਾਂ ਮੈਂ ਸੰਧੂ ਕੋਲ ਜਾਂਦਾ, ਪੁਰਾਣਾ ਵਾਕਫ ਐ ਪਰ ਮੈਨੂੰ ਤਾਂ ਤੇਰੇ 'ਤੇ ਈ ਭਰੋਸਾ ਐ।”
“ਸੰਧੂ ਅੰਕਲ ਵੀ ਬੋਤਲ ਪੀ ਕੇ ਟੇਢਾ ਹੋਇਆ ਪਿਆ ਹੋਣਾ, ਏਨਾ ਟੇਲੰਟੱਡ ਬੰਦਾ ਤੇ ਟੇਲੰਟ ਭੰਗ ਦੇ ਭਾੜੇ ਖਰਾਬ ਕਰ ਰਿਹੈ।”
“ਛੱਡ ਓਹਨੂੰ, ਤੂੰ ਦੱਸ ਤੈਨੂੰ ਕੁਲਜੀਤ ਕਿਥੇ ਤੇ ਕਦੋਂ ਮਿਲਾਵਾਂ।”
“ਜਿਥੇ ਮਰਜ਼ੀ ਪਰ ਘਰ ਨਾ ਲਿਆਇਓ।”
“ਮੈਂ ਏਨਾ ਕਮਲਾ ਵੀ ਨਹੀਂ ! ਤੈਨੂੰ ਕਾਰ ਵਿਚ ਈ ਮਿਲਾ ਦਊਂ ਕੱਲ ਨੂੰ।”
“ਏਨੀ ਵੀ ਚੋਰੀ ਕੀ ਕਹਿ।”
“ਚੱਲ, ਜਿਥੇ ਕਹੇਂ ਮਿਲਾ ਦੇਊਂ ਪਰ ਮੇਰਾ ਇਕ ਇੰਪੌਰਟੈਂਟ ਕੰਮ ਐ।”
“ਉਹ ਵੀ ਦੱਸ ਦਿਓ।”
“ਦੇਖ ਸਿੱਧੀ ਗੱਲ ਕਿ ਇਹ ਕੁਲਜੀਤ ਵੀ ਆਪਣੀ ਲੋੜ ਨੂੰ ਮੇਰੇ ਨਾਲ ਜੁੜੀ ਐ, ਜਿੱਦਣ ਪੱਕੀ ਹੋ ਗਈ ਤਾਂ ਇਹਨੇ ਪੱਤਰਾ ਵਾਚ ਜਾਣੈ, ਸੋ ਆਪਾਂ ਕੰਮ ਸਲੋਅਲੀ ਸਲੋਅਲੀ ਕਰਨੈਂ।”
“ਅੰਕਲ ਜੀ! ਏਨੇ ਖੁਦਗਰਜ਼ ਵੀ ਨਾ ਬਣੋ, ਇਹਨੂੰ ਵਿਚਾਰੀ ਨੂੰ ਪੱਕੀ ਹੁੰਦੀ ਐ ਤਾਂ ਹੋਣ ਦਿਓ, ਇਹ ਪੂਰਾ ਸਾਊਥਾਲ ਈ ਕੁਲਜੀਤਾਂ ਨਾਲ ਭਰਿਆ ਪਿਐ। ਤੁਸੀਂ ਫਿਕਰ ਕਾਹਦਾ ਕਰਦੇ ਓ ਕੋਈ ਹੋਰ ਮਿਲ ਜਾਊ।”

ਅਠਾਰਾਂ

ਜਿਵੇਂ ਕਿ ਸ਼ਾਮ ਭਾਰਦਵਾਜ ਉਲੀਕਦਾ ਹੈ ਫਰੀ ਲੀਗਲ ਸਰਵਿਸ ਦਾ ਕੰਮ ਚੱਲ ਪੈਂਦਾ ਹੈ। ਲੋਕਾਂ ਨੂੰ ਉਨ੍ਹਾਂ ਬਾਰੇ ਪਤਾ ਚੱਲ ਜਾਂਦਾ ਹੈ। ਉਨ੍ਹਾਂ ਨੇ ਬਰਾਡਵੇਅ ਉਪਰ ਖੜ ਕੇ ਲੀਫਲੈੱਟਸ ਵੰਡੇ ਹਨ। ਉਹ ਲੋਕਲ ਪ੍ਰੈਸ ਵਿਚ ਅਤੇ ਦੇਸੀ ਪ੍ਰੈਸ ਵਿਚ ਵੀ ਇਸ਼ਤਿਹਾਰ ਦੇਣਾ ਚਾਹੁੰਦੇ ਹਨ ਪਰ ਅਜਿਹੇ ਇਸ਼ਤਿਹਾਰ ਲਈ ਪੈਸੇ ਚਾਹੀਦੇ ਹਨ ਅਤੇ ਉਨ੍ਹਾਂ ਕੋਲ ਪੈਸੇ ਨਹੀਂ ਹਨ। ਗੁਰਚਰਨ ਸਲਾਹ ਦਿੰਦਾ ਵੀ ਹੈ ਕਿ ਜਿਹੜੇ ਲੋਕ ਆਪਣੀ ਮਰਜ਼ੀ ਨਾਲ ਫੀਸ ਦੇਣੀ ਚਾਹੁਣ ਉਹ ਲੈ ਲਿਆ ਕਰੀਏ ਤਾਂ ਜੋ ਉਨ੍ਹਾਂ ਕੋਲ ਕੁਝ ਫੰਡ ਜਮ੍ਹਾਂ ਹੋ ਜਾਣ ਪਰ ਸ਼ਾਮ ਨਹੀਂ ਮੰਨ ਰਿਹਾ। ਉਹ ਲੋਕਾਂ ਵਿਚ ਮੁਫਤ ਕੰਮ ਕਰ ਕੇ ਹਰਮਨ ਪਿਆਰਾ ਹੋਣਾ ਚਾਹੁੰਦਾ ਹੈ।

ਪਹਿਲੇ ਕੁਝ ਦਿਨਾਂ ਵਿਚ ਹੀ ਬਾਰਾਂ ਕੇਸ ਉਨ੍ਹਾਂ ਕੋਲ ਆ ਜਾਂਦੇ ਹਨ। ਸਲਾਹ ਲੈਣ ਵਾਲੇ ਤਾਂ ਪੰਦਰਾਂ-ਵੀਹ ਬੰਦੇ ਵੀ ਰੋਜ਼ਾਨਾ ਦੇ ਹੋ ਜਾਂਦੇ ਹਨ। ਦਿਲਜੀਤ ਦੀ ਹਿੰਮਤ ਨਾਲ 'ਨਵੇਂ ਅਕਸ' ਵਿਚ ਸ਼ਾਮ ਭਾਰਦਵਾਜ ਦੀ ਪੂਰੀ ਇੰਟਰਵਿਊ ਲੱਗ ਜਾਂਦੀ ਹੈ ਜਿਸ ਕਾਰਨ ਉਹ ਬਹੁਤ ਖੁਸ਼ ਹੈ। ਉਹ ਕੰਮ ਕਰਾਉਣ ਆਏ ਲੋਕਾਂ ਨਾਲ ਭਰਵਾਂ ਹੱਥ ਮਿਲਾਉਂਦਾ ਹੈ। ਇਕ ਮੁਸਕਰਾਹਟ ਜਿਹੀ ਹਰ ਵੇਲੇ ਚਿਹਰੇ 'ਤੇ ਜਮਾਈ ਰੱਖਦਾ ਹੈ। ਗੁਰਚਰਨ ਤੇ ਜਗਮੋਹਣ ਤਾਂ ਵਾਰੀ ਵਾਰੀ ਹੀ ਰੈੱਡ ਹਾਊਸ ਆਉਂਦੇ ਹਨ ਪਰ ਸ਼ਾਮ ਲੱਗਪੱਗ ਹਰ ਰੋਜ਼ ਹੀ ਆ ਜਾਂਦਾ ਹੈ। ਇਕ ਦਿਨ ਉਹ ਸੋਚਦਾ ਕਿ ਸਲਾਹ ਲੈਣ ਵਾਲਿਆਂ ਦਾ ਜਾਂ ਕੰਮ ਕਰਾਉਣ ਵਾਲਿਆਂ ਦਾ ਸਿਰਨਾਵਾਂ ਡਾਇਰੀ ਵਿਚ ਨੋਟ ਕਰ ਲਿਆ ਜਾਵੇ ਤਾਂ ਜੋ ਭਵਿੱਖ ਵਿਚ ਕੰਮ ਆ ਸਕੇ। ਹਫਤੇ ਦੇ ਅਖੀਰ ਵਿਚ ਉਹ ਦੇਖਦਾ ਹੈ ਕਿ ਅੱਧੇ ਤੋਂ ਵੱਧ ਲੋਕ ਤਾਂ ਸਾਊਥਾਲ ਤੋਂ ਬਾਹਰ ਦੇ ਆਉਂਦੇ ਹਨ। ਕਈ ਤਾਂ ਈਲਿੰਗ ਦੇ ਵੀ ਨਹੀਂ ਹੁੰਦੇ। ਉਹ ਗੁਰਚਰਨ ਨੂੰ ਕਹਿੰਦਾ ਹੈ,

"ਇਹ ਯਾਰ ਵਧੀਆ ਤਰੀਕਾ ਨਹੀਂ ਲੱਗਦਾ ਲੋਕਾਂ ਵਿਚ ਜਾਣ ਦਾ।"

"ਕਿਉਂ ?"

"ਕਿਉਂਕਿ ਇਹ ਲੋਕ ਮੇਰੀਆਂ ਵੋਟਾਂ ਨਹੀਂ ਬਣਨ ਲੱਗੇ, ਇਹ ਤਾਂ ਸਾਰੇ ਭਾਂਤ ਭਾਂਤ ਦੀ ਲੱਕੜੀ ਇਕੱਠੀ ਹੋ ਕੇ ਪਹੁੰਚ ਰਹੀ ਐ ਮੇਰੇ ਕੋਲ।"

"ਪਰ ਮੈਨੂੰ ਤਾਂ ਕੰਮ ਕਰਨ ਵਿਚ ਮਜ਼ਾ ਆ ਰਿਹੈ, ਕੋਈ ਮਕਸਦ ਜਿਹਾ ਬਣਿਆ ਹੋਇਆ, ਇਕ ਆਹਰ ਐ, ਪੱਬ ਵਿਚ ਟਾਈਮ ਖਰਾਬ ਕਰਨ ਨਾਲੋਂ ਠੀਕ ਜਾਪਦੈ।"

ਸ਼ਾਮ ਭਾਰਦਵਾਜ ਉਸ ਦੀ ਗੱਲ ਸੁਣ ਕੇ ਚੁੱਪ ਰਹਿੰਦਾ ਹੈ। ਉਹ ਸੋਚ ਰਿਹਾ ਹੈ ਕਿ ਉਸ ਦਾ ਮਕਸਦ ਸਿਰਫ ਆਹਰ ਬਣਾਉਣ ਤੋਂ ਨਹੀਂ, ਵੋਟਾਂ ਬਣਾਉਣ ਤੋਂ ਹੈ। ਈਲਿੰਗ ਕੌਂਸਲ ਦੇ ਕਿੰਨੇ ਹੀ ਕੌਂਸਲਰ ਹਨ। ਕੋਈ ਧਰਮ ਦੇ ਨਾਂ 'ਤੇ ਵੋਟਾਂ ਲੈ ਰਿਹਾ ਹੈ, ਕੋਈ ਇਲਾਕੇ ਦੇ ਨਾਂ 'ਤੇ। ਜਿਨ੍ਹਾਂ ਲੋਕਾਂ ਤੱਕ ਇਹ ਕੌਂਸਲਰ ਪਹੁੰਚ ਕਰਦੇ ਹਨ ਘੱਟੋ ਘੱਟ ਉਹ ਲੋਕਲ ਤਾਂ ਹੁੰਦੇ ਹਨ ਜਿਨ੍ਹਾਂ ਨੇ ਉਨ੍ਹਾਂ ਦੇ ਵੋਟਰ ਬਣਨਾ ਹੁੰਦਾ ਹੈ ਪਰ ਉਹ ਤਾਂ ਜਿਵੇਂ ਅੱਕੀ ਪਲਾਹੀਂ ਹੀ ਹੱਥ ਮਾਰਦਾ ਜਾ ਰਿਹਾ ਹੈ। ਕਿੰਨਾ ਕੁਝ ਸੋਚਦਾ ਉਹ ਦਾ ਗਲੌਸਟਰ ਵਿਚ ਫਿਰ ਮੀਟਿੰਗ ਰੱਖ ਲੈਂਦਾ ਹੈ। ਸਾਰੇ ਪਹੁੰਚ ਜਾਂਦੇ ਹਨ। ਜਗਮੋਹਣ ਪੁੱਛਦਾ ਹੈ,

"ਹਾਂ ਬਈ, ਦੋ ਮਹੀਨਿਆਂ ਵਿਚ ਹੀ ਅੱਕ ਗਿਆਂ! ਸਿਆਸਤ ਤਾਂ ਲੰਮੀ ਜੱਦੋਜਹਿਦ ਹੁੰਦੀ ਆ।"

"ਮੈਂ ਦੇਖਦਾਂ ਕਿ ਜਿਨ੍ਹਾਂ ਲੋਕਾਂ ਤਾਈਂ ਅਸੀਂ ਪਹੁੰਚ ਕਰ ਰਹੇ ਆਂ ਇਹ ਆਪਣੇ ਕੰਮ ਦੇ ਨਹੀਂ, ਇਹ ਤਾਂ ਦੂਰ ਦੂਰ ਤੋਂ ਆ ਜਾਂਦੇ ਆ।"

ਸ਼ਾਮ ਜਵਾਬ ਦਿੰਦਾ ਹੈ। ਸੋਹਣਪਾਲ ਉਸ ਦੀ ਗੱਲ 'ਤੇ ਜ਼ਰਾ ਗੁੱਸੇ ਵਿਚ ਆਉਂਦਾ ਕਹਿੰਦਾ ਹੈ,

"ਜਿੱਦਾਂ ਜੱਗਾ ਕਹਿੰਦਾ ਐ ਇਹ ਲੰਮੀ ਰੇਸ ਐ, ਜ਼ਿੰਦਗੀ ਭਰ ਦੀ ਰੇਸ। ਸ਼ਾਮ, ਸਭ ਤੋਂ ਪਹਿਲਾਂ ਤੇਰਾ ਪਬਲਿਕ ਫਿਗਰ ਬਣਨੈ ਜ਼ਰੂਰੀ ਐ, ਫੇਰ ਤੂੰ ਜਿਹੜੀ ਵਾਰਡ ਦਾ ਮੈਂਬਰ ਬਣਨਾ ਚਾਹੇਂ ਉਥੇ ਜਾ ਕੇ ਕੰਮ ਕਰਨਾ ਪਏਗਾ। ਅਸਲ ਵਿਚ ਕੰਮ ਤਾਂ ਸਮੁੱਚੀ ਕੁਮਿਨਟੀ ਲਈ ਕਰਕੇ ਈ ਤੇਰਾ ਨਾਂ ਹੋਏਗਾ।"

"ਪਰ ਆਹ ਜਿਹੜੇ ਮੰਦਿਰਾਂ, ਗੁਰਦਵਾਰਿਆਂ, ਮਸਜਦਾਂ ਦੇ ਸਿਰਾਂ 'ਤੇ ਕੌਂਸਲਰ ਬਣੀ ਫਿਰਦੇ ਆ, ਇਹ ਕਿੱਦਾਂ ?"

"ਸ਼ਾਮ, ਤੂੰ ਸਿਆਸਤ ਤੋਂ ਬਾਹਰ ਖੜਾ ਬਿਆਨ ਦੇਈ ਜਾਨੈਂ, ਜ਼ਰਾ ਹੋਰ ਇਨਵੌਲਵ ਹੋ, ਇਹਦੇ ਹੋਰ ਅੰਦਰ ਜਾਹ, ਇਹ ਜੋ ਤੈਨੂੰ ਬਾਹਰੋਂ ਦਿੱਸਦਾ ਐ ਗੱਲ ਏਦਾਂ ਨਹੀਂ, ਇਹ ਠੀਕ ਐ ਪੰਜਾਬ ਦੇ ਬਦਲੇ ਹਾਲਾਤਾਂ ਕਾਰਨ ਲੋਕ ਆਪੋ ਆਪਣੇ ਧਰਮ ਨਾਲ ਜ਼ਿਆਦਾ ਜੁੜ ਗਏ ਆ ਪਰ ਚੋਣਾਂ ਜਿੱਤਣ ਦਾ ਅਧਾਰ ਹਾਲੇ ਵੀ ਇਹ ਗੱਲਾਂ ਨਹੀਂ ਬਣੀਆਂ।"

"ਆਹ ਜਿਹੜੇ ਹਿੰਦੂ ਲੀਡਰ ਘਰ ਸਿੱਖਾਂ ਦੇ ਗਰੰਥ ਤੋਂ ਪਾਠ ਕਰਾਉਂਦੇ ਆ ਇਹ ਕੀ ਐ?"

"ਸਿਖ ਵੀ ਤਾਂ ਹਿੰਦੂਆਂ ਦੀ ਮੰਤਰ ਪੂਜਾ ਕਰਾਉਂਦੇ ਆ, ਸਿਆਸਤ ਵਿਚ ਏਦਾਂ ਈ ਕਰਨਾ ਪੈਂਦਾ, ਇਹ ਸਿਆਸਤ ਦੀ ਹੀ ਇਕ ਚਾਲ ਐ ਪਰ ਤੂੰ ਤਾਂ ਦੋ ਮਹੀਨੇ ਵਿਚ ਈ ਭੱਜ ਤੁਰਿਆਂ।"

ਜਗਮੋਹਣ ਆਖਦਾ ਹੈ। ਸ਼ਾਮ ਭਾਰਦਵਾਜ ਦੀ ਸੋਹਣਪਾਲ ਜਾਂ ਜਗਮੋਹਣ ਦੀ ਕਿਸੇ ਗੱਲ ਨਾਲ ਤਸੱਲੀ ਨਹੀਂ ਹੁੰਦੀ ਪਰ ਉਹ ਚੁੱਪ ਰਹਿੰਦਾ ਹੈ। ਗੁਰਚਰਨ ਤੇ ਦਿਲਜੀਤ ਕੁਝ ਨਹੀਂ ਬੋਲ ਰਹੇ। ਜਗਮੋਹਣ ਫਿਰ ਆਖਦਾ ਹੈ,

"ਕੁਮਿਨਟੀ ਵਿਚ ਕੰਮ ਕੀਤੇ ਬਿਨਾਂ ਤੇਰੇ ਪੈਰ ਨਹੀਂ ਲੱਗਣੇ, ਇਹ ਤਾਂ ਤੂੰ ਖੁਸ਼ਕਿਸਮਤ ਐਂ ਕਿ ਇਕ ਤਰੀਕਾ ਤੇਰੇ ਹੱਥ ਲੱਗ ਗਿਐ, ਲੀਗਲ ਸਰਵਿਸ ਤੈਨੂੰ ਬਹੁਤ ਕੁਸ਼ ਦੇ ਸਕਦੈ ਸ਼ਾਮ।"

"ਤੂੰ ਏਦਾਂ ਕਰ ਜੱਗਿਆ, ਇਹਨੂੰ ਪ੍ਰੋਫੈਸ਼ਨ ਦੇ ਤੌਰ 'ਤੇ ਅਡੌਪਟ ਕਰ ਲੈ, ਮੈਂ ਤੇਰੀ ਵਿਚ ਵਿਚ ਹੈਲਪ ਕਰਦਾ ਰਹੂੰ।"

"ਸ਼ਾਮ, ਜੇ ਮੈਂ ਏਦਾਂ ਕਰਨੀ ਹੁੰਦੀ ਤਾਂ ਸੰਧੂ ਅੰਕਲ ਨਾਲ ਹੀ ਕੰਮ ਕਰਦੇ ਜਾਣਾ ਸੀ, ਅਸਲ ਵਿਚ ਗੱਲ ਤਾਂ ਇਹ ਐ ਕਿ ਮੇਰੇ ਤੋਂ ਵਿੰਗੇ ਤੇ ਗਲਤ ਕੇਸ ਨਹੀਂ ਕੀਤੇ ਜਾਣੇ, ਆਹ ਜਿਹੜੇ ਤੂੰ ਖਾਲਿਸਤਾਨੀ ਬਣਾ ਕੇ ਪੱਕੇ ਕਰਾਉਣ ਵਾਲੇ ਕੇਸ ਫੜ ਲਏ ਮੈਂ ਤਾਂ ਕਦੇ ਨਾ ਫੜਾਂ।"

"ਜੱਗਿਆ, ਐਵੇਂ ਧਰਮ ਪੁੱਤਰ ਨਾ ਬਣੀ ਜਾਹ।"

ਗੁਰਚਰਨ ਟਾਂਚ ਕਰਦਾ ਆਖਦਾ ਹੈ। ਜਗਮੋਹਨ ਉਤਰ ਦਿੰਦਾ ਹੈ,

"ਆਪਾਂ ਨੂੰ ਕਾਮਰੇਡ ਇਕਬਾਲ ਨੇ ਮੁਫਤ ਵਿਚ ਜਗ੍ਹਾ ਦਿੱਤੀ ਐ ਤੇ ਉਸ ਦਾ ਫੋਨ ਵੀ ਫਰੀ ਫੰਡ ਦਾ ਐ ਘੱਟੋ ਘੱਟ ਆਪਾਂ ਨੂੰ ਕਾਮਰੇਡ ਦੀ ਸੁਹਿਰਦਤਾ ਦਾ ਤਾਂ ਧਿਆਨ ਰੱਖਣਾ ਚਹੀਦੈ, ਆਪਾਂ ਮਕਸਦ ਵੀ ਇਹੋ ਲੈ ਕੇ ਤੁਰੇ ਆਂ ਕਿ ਸਿੱਧੇ ਕੰਮ ਕਰਨੇ ਆਂ, ਜਿਹੜੇ ਲੋਕਾਂ ਨੇ ਟੇਢੀ ਖੀਰ ਖਾਣੀ ਐ ਉਨ੍ਹਾਂ ਲਈ ਸੰਧੂ ਵਰਗੇ ਬਥੇਰੇ ਹੈਗੇ ਆ, ਅਗਲੇ ਠੋਕ ਵਜਾ ਕੇ ਪੈਸੇ ਲੈਂਦੇ ਆ।"

ਉਹ ਪੱਬ ਵਿਚ ਦੋ ਘੰਟੇ ਬੈਠੇ ਰਹਿੰਦੇ ਹਨ। ਗੱਲ ਕਿਸੇ ਕੰਢੇ ਨਹੀਂ ਲੱਗਦੀ। ਸ਼ਾਮ ਭਾਰਦਵਾਜ ਨੂੰ ਗਿਲਾ ਹੈ ਕਿ ਉਸ ਦੇ ਦੋਸਤ ਉਸ ਦੇ ਕਹਿਣੇ ਮੁਤਾਬਿਕ ਨਹੀਂ ਚੱਲ ਰਹੇ।

ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਹਾਲਾਤਾਂ ਨੇ ਇਥੇ ਦੀ ਸਿਆਸਤ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਖਾਲਿਸਤਾਨ ਦੀ ਚੜ੍ਹਾਈ ਨਾਲ ਇਥੋਂ ਦੇ ਲੋਕਾਂ ਦੇ ਮੂਡ ਵੀ ਬਦਲੇ ਹਨ। ਬਹੁਤਿਆਂ ਨੂੰ ਜਾਪਦਾ  ਕਿ ਖਾਲਿਸਤਾਨ ਕੁਝ ਦਿਨਾਂ ਵਿਚ ਬਣਿਆ ਹੀ ਖੜਾ ਹੈ। ਬਹੁਤ ਸਾਰੇ ਲੋਕ ਵਾਲ ਰੱਖ ਸਿੰਘ ਸਜ ਜਾਂਦੇ ਹਨ। ਲੋਕ ਪੀਲੀਆਂ ਪੱਗਾਂ ਪਹਿਨਦੇ ਹਨ। ਹੁਣ ਖਾਲਿਸਤਾਨ ਦੀ ਲਹਿਰ ਵਿਚ ਉਤਰਾਅ ਆ ਰਿਹਾ ਹੈ ਤੇ ਲੋਕ ਵੀ ਇਕਦਮ ਮੁੱਖ ਮੋੜਨ ਲੱਗ ਪਏ ਹਨ। ਜਿਥੇ ਗੁਰਦੁਆਰਿਆਂ ਵਿਚ ਗਰਮਦਲੀਆਂ ਦੇ ਕਬਜ਼ੇ ਹੋ ਗਏ ਸਨ ਉਹ ਹੁਣ ਟੁੱਟਣ ਲੱਗੇ ਹਨ। ਗੁਰਦੁਆਰਿਆਂ ਵਿਚ ਸੰਗਤ ਦੀ ਗਿਣਤੀ ਇਕ ਵਾਰ ਫਿਰ ਵੱਧਣ ਲੱਗੀ ਹੈ।

## ਉਂਨੀ

ਇਕ ਦਿਨ ਸਿਸਟਰਜ਼ ਇਨਹੈਂਡਜ਼ ਦੇ ਦਫਤਰੋਂ ਕੁਲਵਿੰਦਰ ਨਾਂ ਦੀ ਕੁੜੀ ਰੈੱਡ ਹਾਊਸ ਆਉਂਦੀ ਹੈ। ਉਹ ਜਗਮੋਹਨ ਨੂੰ ਪੁੱਛਦੀ ਹੈ,

"ਤੁਸੀਂ ਫਰੀ ਲੀਗਲ ਏਡ ਦੇ ਰਹੇ ਓ, ਕੋਰਟ ਵਿਚ ਵੀ ਜਾਂਦੇ ਓ ?"

"ਨਹੀਂ ਅਸੀਂ ਤਾਂ ਐਡਵਾਈਸ ਈ ਦਿੰਦੇ ਜਾਂ ਅਪੀਲ ਕਰਦੇ ਆਂ।"

"ਸਾਡੇ ਦਫਤਰ ਤੁਹਾਡਾ ਲੀਫਲੈੱਟ ਪਿਆ ਤਾਂ ਮੈਂ ਸੋਚਿਆ ਕਿ ਅਸੀਂ ਵੀ ਤੁਹਾਡੀ ਮੱਦਦ ਲੈ ਲਈਏ।"

"ਤੁਹਾਡੀ ਮੱਦਦ ਲਈ ਮੈਂ ਤਿਆਰ ਆਂ, ਪਰ ਅਸੀਂ ਸਿਰਫ ਇਮੀਗਰੇਸ਼ਨ ਦੇ ਕੇਸ ਈ ਕਰਦੇ ਆਂ, ਅਸੀਂ ਫੁਲ ਫਲੈਜਡ ਵਕੀਲ ਨਹੀਂ ਆਂ ਸਿਰਫ ਐਡਵਾਈਜ਼ਰ ਆਂ। ਹਾਂ, ਜੇ ਕੋਈ ਇਮੀਗਰੇਸ਼ਨ ਨਾਲ ਸਬੰਧਤ ਕੇਸ ਹੋਵੇ ਤਾਂ ਆ ਜਾਣਾ। ਵੈਸੇ ਮੈਨੂੰ ਇਕ ਗੱਲ ਮੈਨੂੰ ਤੁਹਾਡੀ ਚੰਗੀ ਵੀ ਲਗਦੀ ਐ ਕਿ ਹੋਰ ਸਾਰੇ ਕੰਮ ਛੱਡ ਕੇ ਤੁਸੀਂ ਇਹ ਸੰਸਥਾ ਚਲਾ ਰਹੀਆਂ ਓ।"

"ਬਸ, ਇਕ ਭੁਸ ਜਿਹਾ ਈ ਐ।"

ਉਹ ਦੋਵੇਂ ਹਲਕਾ ਜਿਹਾ ਹਸਦੇ ਹਨ। ਕੁਝ ਸੋਚਦੇ ਹੋਏ ਉਹ ਪੁੱਛਦਾ ਹੈ,

"ਇਕ ਪ੍ਰੀਤੀ ਨਾਂ ਦੀ ਕੁੜੀ ਤੁਹਾਡੇ ਨਾਲ਼ ਹੋਇਆ ਕਰਦੀ ਸੀ।"

"ਸਾਡੀਆਂ ਮੈਂਬਰ ਆਉਂਦੀਆਂ ਜਾਂਦੀਆਂ ਰਹਿੰਦੀਆਂ, ਕਿਸੇ ਦੀ ਕੰਮ ਦੀ ਮਜਬੂਰੀ ਹੋ ਜਾਂਦੀ ਐ ਤੇ ਕਿਸੇ ਦੀ ਫੈਮਲੀ ਦੀ। ਮੈਨੂੰ ਕਿਸੇ ਪ੍ਰੀਤੀ ਬਾਰੇ ਕੁਝ ਨਹੀਂ ਪਤਾ।"

ਕੁਲਵਿੰਦਰ ਦੇ ਜਾਣ ਤੋਂ ਬਾਅਦ ਉਹ ਪ੍ਰੀਤੀ ਬਾਰੇ ਸੋਚਣ ਲਗਦਾ ਹੈ। ਉਸ ਨੇ ਮੁੜ ਕੇ ਪ੍ਰੀਤੀ ਨੂੰ ਕਦੇ ਨਹੀਂ ਦੇਖਿਆ। ਉਵੇਂ ਤਾਂ ਕਹਿੰਦੀ ਸੀ ਕਿ ਆਪਣੇ ਕੰਮ ਦੀ ਵੀਡਿਓ ਦੇਵੇਗੀ ਪਰ ਜਾਂਦੀ ਹੋਈ ਇਵੇਂ ਅਪੇਖਿਆ ਕਰ ਕੇ ਗਈ ਕਿ ਜਿਵੇਂ ਮੁੜ ਕੇ ਮਿਲਣਾ ਹੀ ਨਹੀਂ ਹੋਵੇ। ਟੈਲੀਫੋਨ ਨੰਬਰ ਤਾਂ ਕੀ ਦੇਣਾ ਸੀ। ਉਹ ਸੋਚਦਾ ਹੈ ਕਿ ਪ੍ਰੀਤੀ ਨੂੰ ਵੀ ਉਸ ਵਾਂਗ ਐਕਟਿੰਗ ਦਾ ਭੁਸ ਜਿਹਾ ਹੀ ਹੋਵੇਗਾ, ਉਹ ਬਹੁਤੀ ਗੰਭੀਰ ਨਹੀਂ ਹੋਵੇਗੀ ਜਾਂ ਫਿਰ ਘਰ ਵਾਲੇ ਨੇ ਆਉਣੋ ਰੋਕ ਦਿਤੀ ਹੋਵੇਗੀ। ਜਗਮੋਹਨ ਨੂੰ ਹੁਣ ਇਹ ਕਨੂੰਨੀ ਸਲਾਹ ਦੇਣ ਵਿਚ ਅਨੰਦ ਆਉਣ ਲਗਦਾ ਹੈ।

ਸ਼ਾਮ ਹੁਣ ਰੈੱਡ ਹਾਊਸ ਵਿਚ ਬਹੁਤ ਘੱਟ ਆਉਂਦਾ ਹੈ। ਗੁਰਚਰਨ ਵੀ ਨਹੀਂ ਆਉਂਦਾ ਪਰ ਜਗਮੋਹਣ ਹਰ ਰੋਜ਼ ਛੇ ਵਜੇ ਤੋਂ ਲੈ ਕੇ ਅੱਠ ਵਜੇ ਤੱਕ ਆ ਬੈਠਦਾ ਹੈ। ਕਦੇ ਕਦੇ ਉਸ ਨੂੰ ਲੱਗਦਾ ਹੈ ਕਿ ਉਹ ਇਕੱਲਾ ਰਹਿ ਗਿਆ ਹੈ ਪਰ ਉਸ ਦਾ ਹੌਸਲਾ ਬੁਲੰਦ ਰਹਿੰਦਾ ਹੈ। ਕਾਮਰੇਡ ਇਕਬਾਲ ਆਉਂਦਾ ਹੈ ਤਾਂ ਪੁੱਛਣ ਲੱਗਦਾ ਹੈ,

"ਜੱਗਿਆ ਕਿੰਨੇ ਕੁ ਕੇਸ ਐ ਕੋਲ ?"

"ਪੰਜ ਕੁ ਆ ਏਸ ਵੇਲੇ, ਸਿਗੇ ਤਾਂ ਜ਼ਿਆਦਾ ਪਰ ਲੋਕ ਆਪਣੀਆਂ ਫਾਈਲਾਂ ਚੁੱਕ ਕੇ ਲੈ ਗਏ।"

"ਇਨ੍ਹਾਂ ਲੋਕਾਂ ਨੂੰ ਪੈਸੇ ਦਿੱਤੇ ਬਿਨਾਂ ਤਸੱਲੀ ਜਿਉਂ ਨਹੀਂ ਹੁੰਦੀ।"

"ਇਹ ਉਨ੍ਹਾਂ ਦੀ ਮਰਜ਼ੀ ਐ, ਆਪਾਂ ਤਾਂ ਜਿੰਨਾ ਚਿਰ ਲੋਕ ਆਉਂਦੇ ਆ ਦੁਕਾਨਦਾਰੀ ਖੋਲ੍ਹ ਰੱਖਣੀ ਐ।"

"ਤੁਹਾਡਾ ਮੌਕਾਪ੍ਰਸਤ ਮੋਹਰੀ ਕਿਥੇ ਗਿਐ ?"

"ਪੱਤਰਾਵਾਚ ਗਿਆ।"

"ਮੈਂ ਇਕ ਗੱਲ ਦੱਸਾਂ, ਅਸੀਂ ਹਰ ਖੇਤਰ ਵਿਚ ਈ ਲੀਡਰਸ਼ਿੱਪ ਹੱਥੋਂ ਮਾਰ ਖਾ ਜਾਂਦੇ ਆਂ, ਤੁਹਾਡਾ ਮੋਹਰੀ ਵੀ ਲੀਡਰ ਬਣਨ ਤੁਰਿਆ ਸੀ, ਇਹ ਲੋਕ ਹੱਥ ਤੇ ਸਰੋਂ ਜਮਾਉਣੀ ਚਾਹੁੰਦੇ ਆ।"

ਕਾਮਰੇਡ ਸ਼ਾਮ ਭਾਰਦਵਾਜ ਬਾਰੇ ਗੱਲ ਕਰ ਰਿਹਾ ਹੈ। ਭਾਵੇਂ ਕੰਮ ਉਹਨਾਂ ਕੋਲ ਬਹੁਤਾ ਨਹੀਂ ਹੈ ਪਰ ਉਹਨਾਂ ਦਾ ਨਾਂ ਤੁਰ ਪਿਆ ਹੈ। ਪਹਿਲੇ ਛੇ ਮਹੀਨੇ ਹੀ ਕੰਮ ਬਹੁਤ ਠੀਕ ਚੱਲਦਾ ਹੈ ਪਰ ਹੁਣ ਉਹ ਗੱਲ ਨਹੀਂ ਹੈ। ਹੁਣ ਸਲਾਹਾਂ ਲੈਣ ਵਾਲੇ ਵਧੇਰੇ ਆਉਂਦੇ ਹਨ। ਸਲਾਹ ਲੈਣ ਵਾਲੇ ਵੀ ਉਹ ਜਿਨ੍ਹਾਂ ਦੇ ਕੇਸ ਕਿਤੇ ਹੋਰ ਚੱਲਦੇ ਹੁੰਦੇ ਹਨ ਉਹ ਬਸ ਮਨ ਦੀ ਤਸੱਲੀ ਲਈ ਹੀ ਆ ਜਾਂਦੇ ਹਨ। ਮਨਦੀਪ ਕਹਿਣ ਲੱਗਦੀ ਹੈ,

"ਜੇ ਕੁਸ਼ ਹੋਰ ਨਹੀਂ ਤਾਂ ਆਰਾਮ ਨਾਲ ਘਰ ਬੈਠੋ।"

"ਭੁਸ ਜਿਹਾ ਪੈ ਗਿਆ ਹੁਣ ਮੈਨੂੰ।"

ਉਹ ਹੱਸਦਾ ਹੋਇਆ ਕਹਿੰਦਾ ਹੈ। ਮਨਦੀਪ ਫਿਰ ਮਜ਼ਾਹੀਆ ਲਹਿਜ਼ੇ ਵਿਚ ਆਖਦੀ ਹੈ,

"ਡਰਾਮਿਆਂ ਦਾ ਭੂਤ ਤਾਂ ਹੁਣ ਕਾਬੂ ਵਿਚ ਲਗਦੈ।"

"ਮੈਂ ਭੁਪਿੰਦਰ ਨੂੰ ਉਡੀਕ ਰਿਹਾਂ, ਬਸ, ਜਿੰਨ ਬੋਤਲ 'ਚੋਂ ਬਾਹਰ ਆਇਆ ਦੇਖ।"

ਉਹ ਕਹਿੰਦਾ ਹੈ ਪਰ ਸੋਚਣ ਲੱਗਦਾ ਹੈ ਕਿ ਇਹ ਜਿੰਨ ਕਿਤੇ ਵੀ ਨਹੀਂ ਵੀ ਨਹੀਂ ਪਹੁੰਚਾ ਸਕਦਾ। ਉਸ ਦਾ ਇਹ ਇਕ ਮਹਿਜ਼ ਭੁਸ ਹੈ ਤੇ ਭੁਸ ਕਦੀ ਵੀ ਜਨੂੰਨ ਨਹੀਂ ਬਣ ਸਕਿਆ। ਉਸ ਦਿਨ ਕੁਲਵਿੰਦਰ ਵੀ ਇਹੋ ਆਖਦੀ ਹੈ ਕਿ ਸਿਸਟਰਜ਼ ਇਨ ਹੈਂਡਜ਼ ਲਈ ਕੰਮ ਕਰਨਾ ਵੀ ਭੁਸ ਹੀ ਹੈ। ਜਗਮੋਹਣ ਪੁੱਛਦਾ ਹੈ ਕਿ ਹਿਊਮਨ ਰਾਈਟਸ ਦੀ ਕੋਈ ਕਿਤਾਬ ਵੀ ਪੜ੍ਹਦੇ ਹੋ ਤਾਂ ਹੀ ਉਹ ਆਖਦੀ ਹੈ ਕਿ ਜ਼ਿੰਦਗੀ ਦੀ ਕਿਤਾਬ ਪੜਦੀ ਹਾਂ ਬਸ ਔਰਤਾਂ ਦੇ ਦੁੱਖ ਵਿਚ ਸ਼ਰੀਕ ਹੋਣ ਦਾ ਸ਼ੌਕ ਹੈ। ਉਹ ਸੋਚਦਾ ਹੈ ਕਿ ਨਿਰੇ ਸ਼ੌਕ ਚੰਗੇ ਨਹੀਂ ਹੁੰਦੇ ਕੁਝ ਨਿੱਠ ਕੇ ਕਰਨਾ ਚਾਹੀਦਾ ਹੈ ਪਰ ਕਰ ਨਹੀਂ ਹੁੰਦਾ।

ਇਕ ਦਿਨ ਕਾਮਰੇਡ ਇਕਬਾਲ ਨਾਲ ਇਕ ਗੋਲ ਪੱਗ ਵਾਲਾ ਬੰਦਾ ਆਉਂਦਾ ਹੈ ਜਿਵੇਂ ਕੋਈ ਧਰਮ ਪ੍ਰਚਾਰਕ ਹੁੰਦਾ ਹੈ। ਨਾਲ ਇਕ ਔਰਤ ਵੀ ਹੈ। ਕਾਮਰੇਡ ਕਹਿੰਦਾ ਹੈ,

"ਇਹ ਭੈਰੋ ਸਿੰਘ ਐ ਤੇ ਇਹ ਇਹਨਾਂ ਦੀ ਮਿਸਜ਼, ਇਥੇ ਤਬਲਾ ਸਿਖਾਇਆ ਕਰਨਗੇ। ਇਹਨਾਂ ਰਹਿਣਾ ਵੀ ਉਪਰ ਈ ਐ।"

ਜਗਮੋਹਣ ਪਹਿਲਾਂ ਖੁਸ਼ ਹੁੰਦਾ ਹੈ ਤੇ ਫਿਰ ਉਦਾਸ ਹੋ ਜਾਂਦਾ ਹੈ। ਕਾਮਰੇਡ ਇਕਬਾਲ ਭੈਰੋਂ ਸਿੰਘ ਨੂੰ ਉਸ ਦਾ ਕਮਰਾ ਵਿਖਾ ਕੇ ਜਗਮੋਹਣ ਕੋਲ ਆ ਕੇ ਆਖਦਾ ਹੈ,

"ਤੇਰੇ ਕੰਮ ਵਿਚ ਕੋਈ ਖਲਲ ਨਹੀਂ ਪੈਂਦਾ ਤੂੰ ਦਰਵਾਜ਼ਾ ਬੰਦ ਰੱਖਿਆ ਕਰੀਂ। ਤੈਨੂੰ ਤਾਂ ਫਾਇਦਾ ਈ ਹੋਊ ਕਿ ਬਿਨਾਂ ਬਹੁਤੀ ਕੋਸ਼ਿਸ਼ ਦੇ ਤਬਲਾ ਸਿੱਖ ਸਕਦੈਂ।"

"ਕਾਮਰੇਡ, ਕੋਈ ਸਾਜ਼ ਸਿਖਣ ਨੂੰ ਤਾਂ ਮੇਰਾ ਦਿਲ ਕਰਦੈ ਪਰ ਤਬਲਾ ਨਹੀਂ। ਜੇ ਹੋ ਸਕਦੈ ਤਾਂ ਕੋਈ ਹੋਰ ਸੰਗੀਤ ਮਾਸਟਰ ਲਿਆਓ ਜਿਹੜਾ ਕਿਸੇ ਅਹਿਮ ਸਾਜ਼ ਨੂੰ ਸਿਖਾਵੇ, ਤਬਲਾ ਤਾਂ ਗੁਰਦੁਆਰੇ ਵਿਚ ਬੱਚੇ ਵੀ ਸਿੱਖੀ ਜਾਂਦੇ ਆ।"

ਕਾਮਰੇਡ ਬੋਲਦਾ ਨਹੀਂ। ਉਹ ਜਗਮੋਹਣ ਵਲ ਬੁਰੀ ਜਿਹੀ ਨਜ਼ਰ ਨਾਲ ਦੇਖਦਾ ਰਸੋਈ ਵਿਚ ਜਾ ਵੜਦਾ ਹੈ ਜਿਥੇ ਭੈਰੋਂ ਸਿੰਘ ਦੀ ਪਤਨੀ ਚਾਹ ਬਣਾਉਣ ਲਗਦੀ ਹੈ। ਕਾਮਰੇਡ ਉਸ ਨਾਲ ਘਿਓ ਖਿਚੜੀ ਹੋ ਕੇ ਗੱਲਾਂ ਕਰ ਰਿਹਾ ਹੈ। ਉਸ ਦਿਨ ਤੋਂ ਬਾਅਦ ਕਾਮਰੇਡ ਦਾ ਇਸ ਪਾਸੇ ਦਾ ਗੇੜਾ ਵਧ ਜਾਂਦਾ ਹੈ। ਜਗਮੋਹਣ ਜਦ ਵੀ ਆਵੇ ਤਾਂ ਉਹ ਇਥੇ ਹੀ ਹੁੰਦਾ ਹੈ। ਇਵੇਂ ਹੀ ਹੱਸ ਹੱਸ ਕੇ ਭੈਰੋਂ ਸਿੰਘ ਦੀ ਪਤਨੀ ਨਾਲ ਗੱਲਾਂ ਕਰ ਰਿਹਾ ਹੁੰਦਾ ਹੈ।

ਇਕ ਸ਼ਾਮ ਇਕ ਔਰਤ ਅੰਦਰ ਆਉਂਦੀ ਹੈ। ਨਾਲ ਉਸ ਦੇ ਅੱਠ ਕੁ ਸਾਲ ਦਾ ਮੁੰਡਾ ਹੈ। ਉਹ ਕੁਝ ਬੋਲੇ ਬਿਨਾਂ ਹੀ ਕੁਰਸੀ ਉਪਰ ਬੈਠ ਜਾਂਦੀ ਹੈ ਜਿਵੇਂ ਬਹੁਤ ਥੱਕੀ ਹੋਈ ਹੋਵੇ। ਜਗਮੋਹਣ ਸੋਚਣ ਲੱਗਦਾ ਹੈ ਕਿ ਜੇ ਇਹ ਮੁੰਡਾ ਇਥੇ ਦਾ ਜੰਮਿਆ ਹੋਇਆ ਤਾਂ ਇਸ ਨੂੰ ਪੱਕੀ ਹੋਣ ਵਿਚ ਕੋਈ ਮੁਸ਼ਕਲ ਨਹੀਂ ਆਉਣੀ ਚਾਹੀਦੀ। ਕੁਝ ਪਲ ਸਾਹ ਲੈ ਕੇ ਉਹ ਪੁੱਛਦੀ ਹੈ,

"ਤੁਸੀਂ ਸ਼ਾਮ ਭਰਦਵਾਜ਼ ਓ ?"

"ਨਹੀਂ, ਮੈਂ ਉਹ ਨਹੀਂ।"

"ਫੇਰ ਤੁਸੀਂ ਕਾਮਰੇਡ ਓ ?"

"ਨਹੀਂ, ਮੈਂ ਉਹ ਵੀ ਨਹੀਂ, ਦੱਸੋ ਕੀ ਕੰਮ ਐ ? ਮੈਂ ਤੁਹਾਡੀ ਕੀ ਮੱਦਦ ਕਰ ਸਕਦਾਂ।"

"ਤੁਸੀਂ ਲੀਗਲ ਹੈਲਪ ਦਿੰਦੇ ਓ ?"

"ਬਿਲਕੁਲ, ਦੱਸੋ।"

"ਮੈਨੂੰ ਮੰਦਿਰ ਵਿਚੋਂ ਕਿਸੇ ਨੇ ਦੱਸਿਆ ਕਿ ਕਾਮਰੇਡ ਦੇ ਘਰ ਸ਼ਾਮ ਭਾਰਦਵਾਜ ਬੈਠਦਾ।"

"ਹਾਂ ਹਾਂ, ਤੁਸੀਂ ਆਪਣੀ ਪਰੌਬਲਮ ਦੱਸੋ, ਜੇ ਮੈਂ ਕੁਸ਼ ਕਰ ਸਕਦਾ ਹੋਇਆ ਤਾਂ...।"

"ਇਹ ਮੇਰਾ ਸੱਨ ਐ, ਦਸ ਦਾ ਹੋ ਚੱਲਿਐ, ਮੈਂ ਇਕੱਲੀ ਹੁੰਦੀ ਤਾਂ ਸ਼ਾਇਦ ਏਨਾ ਪ੍ਰੇਸ਼ਾਨ ਨਾ ਹੁੰਦੀ, ਦੱਸੋ ਤੁਸੀਂ ਮੇਰੀ ਕਿੰਨੀ ਕੁ ਮੱਦਦ ਕਰ ਸਕਦੇ ਓ।"

"ਅਸੀਂ ਫਰੀ ਲੀਗਲ ਐਡਵਾਈਸ ਦੇ ਸਕਦੇ ਆਂ।"

ਜਗਮੋਹਣ ਦੱਸਦਾ ਹੈ। ਉਹ ਔਰਤ ਇਕਦਮ ਚੁੱਪ ਕਰ ਜਾਂਦੀ ਹੈ। ਬੁੱਲ੍ਹ ਇਵੇਂ ਘੁੱਟ ਲੈਂਦੀ ਹੈ ਜਿਵੇਂ ਕਿ ਮੁੜ ਬੋਲਣਾ ਹੀ ਨਾ ਹੋਵੇ। ਜਗਮੋਹਣ ਫਿਰ ਕਹਿੰਦਾ ਹੈ,

''ਤੁਸੀਂ ਆਪਣੀ ਪਰੌਬਲਮ ਦੱਸੋ, ਤੁਹਾਡੀ ਸਾਰੀ ਗੱਲ ਸੀਕਰੇਟ ਰੱਖੀ ਜਾਵੇਗੀ।''
''ਮੈਂ ਪਤੀ ਦੀ ਸਤਾਈ ਹੋਈ ਘਰ ਛੱਡ ਤੁਰੀ ਤੇ ਇਕ ਦੁਕਾਨ ਵਿਚ ਕੰਮ ਕਰਨ ਲੱਗੀ ਸੀ। ਦੁਕਾਨ ਦਾ ਮਾਲਕ ਇਕ ਮੁਸਲਮਾਨ ਐ, ਮੈਨੂੰ ਗਲਤ ਰਾਹ ਤੋਰਨਾ ਚਾਹੁੰਦੈ, ਮੈਨੂੰ ਹੈਲਪ ਚਾਹੀਦੀ ਐ, ਮੈਂ ਗੁਰਦੁਆਰੇ ਵੀ ਗਈ ਸੀ।''
''ਦੱਸੋ, ਅਸੀਂ ਏਹਦੇ ਵਿਚ ਕੀ ਕਰ ਸਕਦੇ ਆਂ ?''
''ਮੈਂ ਮੰਦਿਰ ਵੀ ਗਈ ਸੀ, ਉਥੋਂ ਈ ਇਸ ਜਗ੍ਹਾ ਦਾ ਪਤਾ ਲੱਗਿਆ, ਮੇਰੇ ਰਹਿਣ ਦਾ ਕੋਈ ਇੰਤਜ਼ਾਮ ਕਰ ਦਿਓ, ਤੁਹਾਡਾ ਭਲਾ ਹੋਏਗਾ।''
''ਕੀ ਨਾਂ ਐ ਤੁਹਾਡਾ ?''
''ਬੌਬੀ... ਬਲਵਿੰਦਰ।''
''ਬੌਬੀ ਜੀ, ਅਸੀਂ ਫਰੀ ਐਡਵਾਈਸ ਦੇ ਸਕਦੇ ਆਂ, ਅਸੀਂ ਕੋਈ ਗੌਰਮਿੰਟ ਦਾ ਹਿੱਸਾ ਨਹੀਂ, ਦੋਸਤਾਂ ਦੀ ਚੈਰਟੀਏਬਲ ਐਸੋਸੀਏਸ਼ਨ ਈ ਆਂ, ਰਹਿਣ ਦੀ ਤਾਂ ਸਾਨੂੰ ਖੁਦ ਪਰੌਬਲਮ ਐ।''
''ਦੇਖੋ, ਮੈਨੂੰ ਫਰੀ ਐਡਵਾਈਸ ਨਹੀਂ ਚਾਹੀਦੀ, ਅਕੱਮੋਡੇਸ਼ਨ ਚਾਹੀਦੀ ਐ, ਐਡਵਾਈਸ ਲਈ ਤਾਂ ਗੌਰਮਿੰਟ ਦੇ ਵੀ ਥਾਂ ਥਾਂ ਬਿਓਰੋ ਹਨ।''
''ਇਹ ਕੰਮ ਤੁਹਾਡਾ ਅਸੀਂ ਨਹੀਂ ਕਰ ਸਕਦੇ, ਤੁਸੀਂ ਸਿਸਟਰਜ਼-ਇਨਹੈਂਡਜ਼ ਦੇ ਦਫਤਰ ਜਾਣਾ ਸੀ, ਆਹ ਨਾਲ ਦੀ ਰੋਡ ਉਪਰ ਤਾਂ ।''
''ਉਥੇ ਸਾਰੀਆਂ ਖੁਦਗਰਜ਼ ਔਰਤਾਂ ਬੈਠੀਆਂ ਜਿਹੜੀਆਂ ਆਪਣੇ ਬਾਰੇ ਹੀ ਸੋਚ ਰਹੀਆਂ, ਏਡੀ ਵੱਡੀ ਜਗ੍ਹਾ ਐ ਇਕ ਰਾਤ ਲਈ ਇਕ ਕਮਰਾ ਨਹੀਂ ਦੇ ਸਕਦੀਆਂ, ਮੈਂ ਜਾਂ ਆਈ ਆਂ ਉਥੇ ਵੀ, ਤਾਂ ਹੀ ਤਾਂ ਆਹ ਟੈਮ ਹੋ ਗਿਆ।''
''ਬੌਬੀ ਜੀ, ਇਸ ਮਾਮਲੇ ਵਿਚ ਮੈਂ ਤੁਹਾਡੀ ਕੋਈ ਮੱਦਦ ਨਹੀਂ ਕਰ ਸਕਦਾ।''
''ਪਲੀਜ਼ ਕਰੋ ਕੁਸ਼, ਇਨਸਾਨੀਅਤ ਦੇ ਨਾਤੇ, ਮੈਂ ਇਕੱਲੀ ਔਰਤ, ਬੇਗਾਨਾ ਮੁਲਕ, ਨਾਲ ਮੇਰੇ ਇਹ ਬੱਚਾ, ਦੱਸ ਕਿਥੇ ਜਾਵਾਂਗੀ, ਮੈਂ ਸਾਊਥਾਲ ਆਈ ਸੀ ਕਿ ਇਥੇ ਸਾਰੇ ਆਪਣੇ ਲੋਕ ਰਹਿੰਦੇ ਆ।''
''ਕਿਹੜੇ ਇਲਾਕੇ ਵਿਚ ਰਹਿੰਦੇ ਓ ਤੁਸੀਂ ?''
''ਨੌਰਥ ਵਿਚ।''
''ਫੇਰ ਉਧਰ ਈ ਅਕੱਮੋਡੇਸ਼ਨ ਦੀ ਕੌਂਸਲ ਤੋਂ ਟਰਾਈ ਕਰਨੀ ਸੀ।''
''ਦੇਖੋ ਮਿਸਟਰ, ਮੈਂ ਬਹੁਤੀਆਂ ਸਲਾਹਾਂ ਨਹੀਂ ਮੰਗਦੀ, ਮੱਦਦ ਮੰਗਦੀ ਆਂ।''
''ਬੌਬੀ ਜੀ, ਪੰਦਰਾਂ-ਵੀਹ ਪੌਂਡ ਮੈਂ ਤੁਹਾਨੂੰ ਦੇ ਸਕਦਾਂ, ਬਸ।''
''ਪੈਸੇ ਤਾਂ ਮੇਰੇ ਕੋਲ ਹੈਨ, ਕੱਲ ਨੂੰ ਡਾਕਖਾਨੇ ਵਿਚੋਂ ਹੋਰ ਵੀ ਮਿਲ ਜਾਣੇ ਆਂ, ਮੇਰਾ ਮਸਲਾ ਤਾਂ ਇਹ ਐ ਕਿ ਅੱਜ ਦੀ ਰਾਤ ਕਿਥੇ ਰਹਾਂ, ਰਾਤ ਤੇ ਉਪਰੋਂ ਇਹ ਮੌਸਮ।''

ਜਗਮੋਹਣ ਸੋਚਾਂ ਵਿਚ ਪੈ ਜਾਂਦਾ ਹੈ। ਉਹ ਉਸੇ ਵੇਲੇ ਹੀ ਕਾਮਰੇਡ ਇਕਬਾਲ ਨੂੰ ਫੋਨ ਕਰਕੇ ਬੌਬੀ ਦੇ ਉਥੇ ਰਾਤ ਰਹਿਣ ਲਈ ਪੁੱਛਦਾ ਹੈ ਤਾਂ ਕਾਮਰੇਡ ਅੱਗਿਉਂ ਝਹੀ ਲੈ ਕੇ ਪੈਂਦਾ ਨਾਂਹ ਕਰ ਦਿੰਦਾ ਹੈ। ਬੌਬੀ ਸਮਝ ਜਾਂਦੀ ਹੈ ਤੇ ਰੋਣ ਲੱਗਦੀ ਹੈ, ਉਸ ਨੂੰ ਦੇਖ ਕੇ ਉਸ ਦਾ ਮੁੰਡਾ ਵੀ ਰੋ ਪੈਂਦਾ ਹੈ। ਜਗਮੋਹਣ ਦੇ ਦਿਲ ਵਿਚ ਕੁਝ ਹੋਣ ਲੱਗਦਾ ਹੈ। ਉਹ ਘਰ ਨੂੰ ਫੋਨ ਕਰਦਾ ਹੈ,

''ਮਨੀ, ਇਥੇ ਦਫਤਰ ਵਿਚ ਇਕ ਔਰਤ ਆਈ ਹੋਈ ਐ, ਰਾਤ ਰਹਿਣਾ ਚਾਹੁੰਦੀ ਐ, ਨਾਲ ਉਹਦਾ ਮੁੰਡਾ ਵੀ ਐ।''
''ਕੋਈ ਡਰਾਮਿਆਂ ਵਾਲੀ ਐ ?''
''ਨਹੀਂ, ਕੋਈ ਪੂਅਰ ਵੋਮੈਨ ਆ, ਸੱਮ ਫੈਮਲੀ ਪ੍ਰੌਬਲਮ।''
''ਆਏ ਡੌਂਟ ਨੋਅ.. ਮੇਰੀ ਦਾਲ਼ ਸੜਦੀ ਐ।''

ਕਹਿ ਕੇ ਉਹ ਫੋਨ ਰੱਖ ਦਿੰਦੀ ਹੈ। ਬੌਬੀ ਆਖਦੀ ਹੈ,

''ਮੈਨੂੰ ਇਕ ਵਾਰ ਘਰ ਲੈ ਚੱਲੋ, ਭੈਣ ਜੀ ਨੂੰ ਮੈਂ ਮਨਾ ਲਵਾਂਗੀ।''

ਜਗਮੋਹਣ ਅਣਮੰਨੇ ਮਨ ਨਾਲ ਬੋਲਦਾ ਹੈ,

''ਜੇ ਮੇਰੀ ਵਾਈਫ ਨੇ ਨਾਂਹ ਕਰ ਦਿੱਤੀ ਤਾਂ ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ।''
''ਤੁਸੀਂ ਮੈਨੂੰ ਇਕ ਵਾਰ ਉਹਦੇ ਕੋਲ ਲੈ ਚੱਲੋ।''

ਉਹ ਪੂਰੇ ਯਕੀਨ ਨਾਲ ਕਹਿ ਰਹੀ ਹੈ।

ਮਨਦੀਪ ਬੌਬੀ ਵੱਲ ਗਹੁ ਨਾਲ ਤਕਦੀ ਹੈ। ਉਹ ਜਗਮੋਹਣ ਦੇ ਪਿੱਛੇ ਗਲ ਵਿਚ ਬੈਗ ਪਾਈ ਮੁੰਡੇ ਨੂੰ ਉਂਗਲ ਨਾਲ ਲਾਈ ਖੜੀ ਹੈ। ਮਨਦੀਪ ਨੂੰ ਲੱਗਦਾ ਹੈ ਕਿ ਜਿਵੇਂ ਕੋਈ ਉਸ ਨੂੰ ਲੁੱਟਣ ਆਇਆ ਹੋਵੇ। ਉਹ ਬੌਬੀ ਦੀ ਹੈਲੋ ਦਾ ਠੰਡਾ ਜਿਹਾ ਉਤਰ ਦੇ ਕੇ ਰਸੋਈ ਵਿਚ ਜਾ ਵੜਦੀ ਹੈ। ਜਗਮੋਹਣ ਬੌਬੀ ਤੇ ਮੁੰਡੇ ਨੂੰ ਲੌਂਜ ਵਿਚ ਬੈਠਾ ਕੇ ਮਨਦੀਪ ਮਗਰ ਕਿਚਨ ਵਿਚ ਆ ਜਾਂਦਾ ਹੈ, ਕਹਿੰਦਾ ਹੈ,

''ਲੁਕ ਡਾਰਲਿੰਗ, ਇਹ ਮੇਰੀ ਪਰੌਬਲਮ ਨਹੀਂ।''
''ਹੁਣ ਚੁੜੇਲਾਂ ਘਰ ਵੀ ਆਉਣ ਲਗ ਪਈਆਂ!''
''ਦੇਖ, ਮੈਨੂੰ ਗੁਨਾਹਗਾਰ ਨਾ ਬਣਾ, ਚੱਲ, ਇਹਨੂੰ ਗੁਰਦਵਾਰੇ ਛੱਡ ਆਈਏ।''

ਮਨਦੀਪ ਚੁੱਪ ਹੈ। ਜਗਮੋਹਣ ਉਸ ਦੀ ਚੁੱਪ ਤੋਂ ਡਰ ਰਿਹਾ ਹੈ। ਉਨ੍ਹਾਂ ਦੇ ਮਗਰ ਹੀ ਬੌਬੀ ਆ ਖੜਦੀ ਹੈ। ਉਹ ਮਨਦੀਪ ਨੂੰ ਕਹਿੰਦੀ ਹੈ,

"ਭੈਣ ਜੀ, ਮੈਂ ਸਵੇਰੇ ਈ ਚਲੇ ਜਾਊਂ, ਮੈਨੂੰ ਨਹੀਂ ਸੀ ਪਤਾ ਕਿ ਸਾਊਥਾਲ ਵਿਚ ਵੀ ਕੋਈ ਆਪਣਾ ਨਹੀਂ, ਮੈਂ ਤਾਂ ਗਟਰ ਵਿਚ ਡਿੱਗਣੋਂ ਡਰਦੀ ਆ ਗਈ ਸੀ।"

ਮਨਦੀਪ ਬੌਬੀ ਵੱਲ ਧਿਆਨ ਨਾਲ ਦੇਖਦੀ ਹੈ। ਉਸ ਦਾ ਗੋਲ ਚਿਹਰਾ ਉਸ ਭੋਲਾ ਜਿਹਾ ਚਿਹਰਾ ਉਸ ਨੂੰ ਇੰਨਾ ਖਤਰਨਾਕ ਨਹੀਂ ਜਾਪ ਰਿਹਾ। ਉਸਦਾ ਮੁੰਡਾ ਵੀ ਉਸ ਦੇ ਮਗਰ ਹੀ ਖੜਾ ਹੈ, ਲੁਕਦਾ ਜਿਹਾ ਜਿਵੇਂ ਕੋਈ ਅਪਰਾਧੀ ਹੋਵੇ। ਮਨਦੀਪ ਨੂੰ ਆਪਣੇ ਮੁੰਡਿਆਂ ਜਿਹਾ ਹੀ ਦਿੱਸਦਾ ਹੈ। ਉਹ ਮੁੰਡੇ ਨੂੰ ਆਪਣੇ ਕੋਲ ਬੁਲਾਉਂਦੀ ਹੈ। ਉਸ ਦੇ ਸਿਰ 'ਤੇ ਹੱਥ ਫੇਰਦੀ ਪੁੱਛਦੀ ਹੈ,

"ਵੱਟ'ਸ ਯੋਅਰ ਨੇਮ ?"

ਮੁੰਡਾ ਚੁੱਪ ਹੈ। ਬੌਬੀ ਕਹਿੰਦੀ ਹੈ,

"ਸੇ ਵਰੁਣ।"

ਮੁੰਡਾ ਹਾਲੇ ਵੀ ਚੁੱਪ ਹੈ। ਮਨਦੀਪ ਆਖਦੀ ਹੈ,

"ਮੈਂ ਤੁਹਾਡਾ ਬੈੱਡ ਲਾ ਦਿੰਨੀ ਆਂ।"

ਜਗਮੋਹਨ, ਜੀਵਨ ਤੇ ਕਿਰਨ ਵਿਚਕਾਰ ਟੈਲੀ ਮੂਹਰੇ ਜਾ ਬੈਠਦਾ ਹੈ। ਅੱਜ ਉਸ ਦਾ ਦਿਲ ਇਕ ਬੀਅਰ ਪੀਣ ਲਈ ਜਾਂ ਇਕ ਪੈੱਗ ਪੀਣ ਨੂੰ ਕਰ ਰਿਹਾ ਹੈ। ਬੌਬੀ ਵਾਲੀ ਕਹਾਣੀ ਨੇ ਥੋੜੇ ਹੀ ਮਿੰਟਾ ਵਿਚ ਉਸ ਨੂੰ ਦਿਮਾਗੀ ਤੌਰ 'ਤੇ ਥਕਾ ਦਿੱਤਾ ਹੈ। ਉਸ ਨੇ ਕਦੇ ਵੀ ਇੰਨਾ ਪਰੈਸ਼ਰ ਨਹੀਂ ਲਿਆ ਕਦੇ। ਉਸ ਨੂੰ ਬੌਬੀ ਨਾਲ ਹਮਦਰਦੀ ਵੀ ਹੈ। ਉਸ ਦੇ ਚਿਹਰੇ ਤੋਂ ਹੀ ਦਿੱਸਦਾ ਹੈ ਕਿ ਢੇਰ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕਰ ਰਹੀ ਹੈ। ਮਨਦੀਪ ਦੇ ਡਰੋਂ ਉਹ ਬੌਬੀ ਨੂੰ ਘਰੋਂ ਲਿਆਉਣੋਂ ਡਰਦਾ ਹੈ। ਉਸ ਦੇ ਤੇ ਮਨਦੀਪ ਦੇ ਵਿਚਕਾਰ ਹੇਠਲੀਆਂ ਤੈਹਾਂ ਵਿਚ ਕੁਝ ਵੀ ਹੋਵੇ ਪਰ ਉਹ ਕਿਸੇ ਵੀ ਕੀਮਤ ਤੇ ਆਪਣੀ ਗ੍ਰਹਿਸਥੀ ਵਿਚ ਗੜਬੜ ਪੈਦਾ ਕਰਨ ਵਿਚ ਪਹਿਲ ਨਹੀਂ ਕਰਨਾ ਚਾਹੁੰਦਾ।

ਉਹ ਉਠਦਾ ਹੈ। ਅਲਮਾਰੀ ਵਿਚੋਂ ਵਿਸਕੀ ਦੀ ਬੋਤਲ ਚੁੱਕਦਾ ਹੈ। ਅੱਧਾ ਗਲਾਸ ਭਰ ਲੈਂਦਾ ਹੈ। ਪਾਣੀ ਪਾਉਣ ਲਈ ਰਸੋਈ ਵਿਚ ਜਾਂਦਾ ਹੈ। ਬੌਬੀ ਪਤੀਲੇ ਵਿਚ ਕੜਛੀ ਫੇਰ ਰਹੀ ਹੈ। ਮਨਦੀਪ ਉਪਰ ਬੈੱਡਰੂਮ ਵਿਚ ਹੈ। ਜਗਮੋਹਣ ਬੌਬੀ ਨੂੰ ਹੱਥ ਵਿਚ ਫੜੇ ਵਿਸਕੀ ਦੇ ਪੈੱਗ ਬਾਰੇ ਸੁਲਾਹ ਮਾਰਨਾ ਚਾਹੁੰਦਾ ਹੈ। ਉਸ ਨੂੰ ਪਤਾ ਹੈ ਕਿ ਭਾਰਤੀ ਔਰਤ ਨੂੰ ਸ਼ਰਾਬ ਆਦਿ ਪੇਸ਼ ਕਰਨੀ ਸਦਾਚਾਰਕ ਤੌਰ 'ਤੇ ਬਹੁਤ ਗਲਤ ਹੈ। ਫਿਰ ਵੀ ਉਹ ਆਪਣੇ ਪੈੱਗ ਵਲ ਇਸ਼ਾਰ ਕਰਦਾ ਪੁੱਛਦਾ ਹੈ,

"ਬੌਬੀ ਜੀ, ਇਹ ਲਓਗੇ ਕਿ ਵਾਈਨ ਜਾ ਕੁਝ ਹੋਰ?"

"ਵਿਸਕੀ ਹੀ ਲੈ ਲਵਾਂਗੀ।"

ਉਹ ਉਸ ਦੇ ਹੱਥ ਵਿਚ ਫੜੇ ਗਲਾਸ ਵਲ ਦੇਖਦਾ ਬੋਲਦੀ ਹੈ। ਜਗਮੋਹਣ ਜ਼ਰਾ ਕੁ ਹੈਰਾਨ ਹੁੰਦਾ ਵਿਸਕੀ ਵਿਚ ਪਾਣੀ ਪਾਉਣ ਲੱਗਦਾ ਹੈ। ਬੌਬੀ ਉਸ ਨੂੰ ਰੋਕਦੀ ਹੋਈ ਕਹਿੰਦੀ ਹੈ,

"ਨਹੀਂ, ਨੀਟ ਈ ਚੱਲੂ, ਪਾਣੀ ਨਾਲ ਵੀਕ ਹੋ ਜਾਂਦੀ ਐ।"

ਵੀਹ

ਮੌਸਮ ਜ਼ਰਾ ਕੁ ਵੀ ਠੀਕ ਹੋਵੇ ਤਾਂ ਸਾਊਥਾਲ ਪਾਰਕ ਵਿਚ ਲੋਕ ਆਉਣ ਲੱਗਦੇ ਹਨ। ਧੁੱਪ ਦੀ ਤਾਂ ਲੋਕ ਉਡੀਕ ਕਰਦੇ ਹੀ ਹਨ ਪਰ ਬੱਦਲਵਾਈ ਜਾਂ ਠੰਡ ਵਿਚ ਵੀ ਲੋਕ ਇਧਰ ਆ ਜਾਂਦੇ ਹਨ। ਬੈਂਚ ਮੱਲ ਕੇ ਬੈਠ ਜਾਂਦੇ ਹਨ। ਕਈ ਕਿਸਮ ਦੀਆਂ ਢਾਣੀਆਂ ਹਨ। ਸ਼ਰਾਬੀਆਂ ਦੇ ਹੀ ਕਈ ਗਰੁੱਪ ਹਨ। ਬੀਅਰ ਪੀਣ ਵਾਲੇ, ਵਿਸਕੀ ਜਾਂ ਵੋਦਕੇ ਵਾਲੇ ਜਾਂ ਫਿਰ ਅਲਕੋਹਲਕ। ਇਕ ਗਰੁੱਪ ਜੋ ਨਵਾਂ ਖੜਾ ਹੋਇਆ ਉਸ ਨੂੰ ਸਾਰੇ ਗਰੀਨ ਰੋਡ ਗੈਂਗ ਕਹਿੰਦੇ ਹਨ। ਗਰੀਨ ਰੋਡ ਗੈਂਗ ਵਿਚ ਕਿਸ਼ੋਰ ਸਭ ਦਾ ਮੋਹਰੀ ਹੈ। ਉਸ ਨੂੰ ਮਾਣ ਹੈ ਕਿ ਉਹ ਸਭ ਤੋਂ ਸੀਨੀਅਰ ਹੈ। ਉਹ ਉਨ੍ਹਾਂ ਦਿਨਾਂ ਵਿਚ ਹੀ ਇਥੇ ਆ ਕੇ ਬੈਠਣ ਲੱਗਿਆ ਸੀ ਜਦੋਂ ਸਿਸਟਰਜ਼ ਇਨਹੈਂਡਜ਼ ਦਾ ਦਫਤਰ ਉਨ੍ਹਾਂ ਦੀ ਰੋਡ 'ਤੇ ਨਵਾਂ ਨਵਾਂ ਖੁੱਲ੍ਹਿਆ ਸੀ। ਉਸ ਨੂੰ ਜ਼ਰਾ ਕੁ ਪੁੱਛੋ ਤਾਂ ਦੱਸਣ ਲੱਗਦਾ ਹੈ,

"ਤੀਵੀਂ ਬਹੁਤ ਖਰਾਬ ਸੀ ਮੇਰੀ ਭਾਜੀ, ਇਹ ਤੀਵੀਆਂ ਖਰਾਬ ਈ ਹੁੰਦੀਆਂ। ਘਰ ਮੈਂ ਲਿਆ, ਨਿਆਣੇ ਮੈਂ ਪਾਲ਼ੇ, ਕੰਮ ਮੈਂ ਕਰਦਾ ਰਿਹਾਂ ਤੇ ਉਹ ਮੁਫਤ ਵਿਚ ਮਾਲਕਣ ਆ ਬਣੀ। ਉਪਰੋਂ ਦੀ ਉਹਦੀ ਮਾਂ ਵਿਚ ਆ ਕੇ ਰਹਿਣ ਲੱਗ ਪਈ, ਇੰਡੀਆ ਤੋਂ ਆਈ ਸੀ, ਉਥੇ ਕਿਸੇ ਪਾਰਟੀ ਦੀ ਪ੍ਰਧਾਨ ਸੀ ਤੇ ਮੇਰੇ ਘਰ ਦੀ ਪ੍ਰਧਾਨਗੀ ਕਰਨ ਲੱਗੀ। ਉਹ ਚਾਹੁੰਦੀ ਸੀ ਕਿ ਕੰਮ ਮੈਂ ਕਰਾਂ ਤੇ ਪੈਸੇ ਭੇਜੇ ਉਹ ਇੰਡੀਆ ਨੂੰ, ਆਪਣੇ ਨਿਕੰਮੇ ਪੁੱਤ ਨੂੰ, ਬਸ ਝਗੜਾ ਹੋ ਗਿਆ। ਪਹਿਲਾਂ ਤਾਂ ਗੱਲ ਕਾਬੂ ਵਿਚ ਈ ਸੀ, ਤੀਵੀਂ ਏਨੀ ਮਾੜੀ ਨਹੀਂ ਸੀ ਪਰ ਮਾਂ ਨੇ ਚੁੱਕ ਦੇ ਦੇ ਕੇ ਵਿਗਾੜ ਦਿੱਤੀ, ਉਪਰੋਂ ਦੀ ਆਹ ਇਲਤਾਂ ਨੇ ਸਾਡੇ ਰੋਡ 'ਤੇ ਦਫਤਰ ਆ ਖੋਲ੍ਹਿਆ।"

ਨਾਲ ਬੈਠਾ ਅਲੀ ਦੱਸਣ ਲੱਗੇਗਾ,

"ਇਹ ਔਰਤਾਂ ਆਪ ਤਾਂ ਘਰੀਂ ਵਸੀਆਂ ਨਹੀਂ ਕਿਸੇ ਹੋਰ ਨੂੰ ਵਸਣ ਨਹੀਂ ਦੇਣਾ ਚਾਹੁੰਦੀਆਂ, ਘਰ ਵਿਚ ਮਾੜਾ ਮੋਟਾ ਝਗੜਾ ਤਾਂ ਹੁੰਦਾ ਈ ਰਹਿੰਦੈ ਤੇ ਇਹ ਜਾ ਪਹੁੰਚਦੀਆਂ ਤੇ ਪੂਰੀ ਪਾ ਕੇ ਮੁੜਦੀਆਂ।"

“ਓ ਅਲੀ ਭਾਈ, ਇਨ੍ਹਾਂ ਛੁੱਟੜਾਂ ਨੇ ਆਪਣੀ ਗਿਣਤੀ ਵੀ ਤਾਂ ਵਧਾਉਣੀ ਹੋਈ, ਇਨ੍ਹਾਂ ਨੇ ਆਪਣੀਆਂ ਜੌਬਾਂ ਬਣਾਈਆਂ ਹੋਈਆਂ, ‘ਕੱਠੀਆਂ ਹੋ ਕੇ ਚਾਰ ਨਾਹਰੇ ਮਾਰਦੀਆਂ, ਫੋਟੋ ਅਖਬਾਰਾਂ ਵਿਚ ਦੇ ਕੇ ਆਪਣੇ ਆਪ ਨੂੰ ਪਤਾ ਨਹੀਂ ਕੀ ਸਮਝਣ ਲੱਗਦੀਆਂ।”

“ਮੈਂ ਤਾਂ ਕਈ ਵਾਰ ਸੋਚਦਾਂ ਕਿ ਇਨ੍ਹਾਂ ਦਾ ਦਫਤਰ ਈ ਢਾਹ ਦਿਆਂ ਕਿਸੇ ਤਰ੍ਹਾਂ।”

“ਨਾ ਓਏ ਏਦਾਂ ਨਾ ਕਰੀਂ, ਥਾਂ ਥਾਂ ਕੈਮਰੇ ਲੱਗੇ ਹੋਏ ਆ।”

“ਕੀ ਕਰ ਦੇਣਗੇ ! ਵੱਧ ਤੋਂ ਵੱਧ ਅੰਦਰ ਈ ਕਰ ਦੇਣਗੇ, ਅੰਦਰ ਆਹ ਬਾਹਰ ਨਾਲੋਂ ਤਾਂ ਚੰਗਾ ਈ ਹੋਊ, ਰੋਟੀ ਤਾਂ ਮਿਲੂ।”

“ਦਾਰੂ ਨਹੀਂ ਮਿਲਣੀ।”

ਦਾਰੂ ਨਾ ਮਿਲਣ ਦੇ ਨਾਂ 'ਤੇ ਗੱਲ ਕਰਨ ਵਾਲਾ ਫਿਕਰਮੰਦ ਹੁੰਦਾ ਚੁੱਪ ਕਰ ਜਾਂਦਾ ਹੈ। ਕੋਈ ਫਿਰ ਕਹਿ ਉਠਦਾ ਹੈ,

“ਕਿਤੇ ਸਾਧੂ ਸਿੰਘ ਵਾਲੀ ਤਲਵਾਰ ਹੀ ਮਿਲ ਜਾਵੇ ਤਾਂ ਦੱਸ ਦੇਈਏ ਕਿ ਮਰਦ ਕੀ ਹੁੰਦੈ।”

“ਇਹ ਦੱਸਣਾ ਏਨਾ ਸੌਖਾ ਨਹੀਂ ਨਈਂ।”

“ਆਹ ਮਿੰਦਰ ਤਾਂ ਐਵੇਂ ਈ ਘਰ ਆਲੀ ਨੇ ਪੁਲਿਸ ਨੂੰ ਚੁਕਾ ‘ਤਾ, ਇਹ ਤਾਂ ਗਊ ਅਰਗਾ ਬੰਦਾ ਵਿਚਾਰਾ।”

“ਖਬਰੇ ਅਗਲੀ ਨੇ ਤਾਂਹੀ ਚੁਕਾਇਆ ਹੋਊ। ਇਥੋਂ ਦੀਆਂ ਔਰਤਾਂ ਗਊਆਂ ਵਰਗੇ ਬੰਦਿਆਂ ਨੂੰ ਵੀ ਪਸੰਦ ਨਹੀਂ ਕਰਦੀਆਂ ਨਾ।”

ਹਰ ਕੋਈ ਆਪੋ ਆਪਣੇ ਵਿਚਾਰ ਰੱਖਣ ਲੱਗੇਗਾ। ਕਿਸ਼ੋਰ ਦੱਸੇਗਾ,

“ਜਦ ਮੈਨੂੰ ਘਰ ਵਾਲੀ ਨੇ ਘਰੋਂ ਕੱਢਿਆ ਤਾਂ ਮੈਂ ਸਮਝ ਗਿਆ ਕਿ ਇਹ ਸਿਸਟਰਜ਼ ਇਨਹੈਂਡਜ਼ ਦਾ ਕੰਮ ਐ, ਇਕ ਗੁਜਰਾਤਣ ਜਿਹੀ ਬਾਹਰ ਖੜੀ ਮੇਰੀ ਵਾਈਫ ਨਾਲ ਗੱਲਾਂ ਜਿਉਂ ਕਰਦੀ ਸੀ। ਜਿੱਦਣ ਮੈਨੂੰ ਕੱਢਿਆ ਮੈਂ ਸੋਚਦਾ ਸੀ ਕਿ ਆਹ ਅਲੀ ਰੋਜ਼ ਤੀਵੀਂ ਨੂੰ ਸੋਧਦੈ, ਇਹ ‘ਰਾਮ ਨਾਲ ਘਰ ਬੈਠਾ ਤੇ ਫੇਰ ਉਹ ਗੁਰਜੀ ਦੀ ਤੀਵੀਂ ਵੀ ਤਾਂ ਦੂਜੇ ਦਿਨ ਮੂੰਹ ਸੁਜਾਈ ਫਿਰਦੀ ਹੁੰਦੀ ਐ ਤੇ ਆਹ ਜੌਹਨ ਵੀ ਕੈਥਰੀਨ ਨਾਲ ਘੱਟ ਨਹੀਂ ਕਰਦਾ, ਇਨ੍ਹਾਂ ਔਰਤਾਂ ਨੇ ਮੈਨੂੰ ਹੀ ਕਿਉਂ ਚੁਣਿਆ। ਮੈਂ ਓਦਣ ਬੋਤਲ ਲੈ ਕੇ ਹਾਲੇ ਬੈਂਚ 'ਤੇ ਬੈਠਾ ਹੀ ਸੀ ਕਿ ਸਾਹਮਣੇ ਅਲੀ ਨੀਵੀਂ ਪਾਈ ਤੁਰਿਆ ਆਉਂਦਾ ਦਿਸਿਆ। ਮੈਂ ਦੋ ਘੁੱਟ ਪਿਲਾ ਕੇ ਏਹਦਾ ਮਨ ਖੜਾ ਕੀਤਾ, ਜਿੰਨੀ ਕੁ ਮੱਦਦ ਹੋ ਸਕਦੀ ਸੀ ਕੀਤੀ। ਦੋ ਕੁ ਦਿਨਾਂ ਬਾਅਦ ਗੁਰਜੀ ਵੀ ਆ ਪਹੁੰਚਾ। ਫਿਰ ਜੌਹਨ ਵੀ ਆ ਗਿਆ ਪਰ ਉਹ ਸਾਡੀ ਪੰਜਾਬੀ ਤੋਂ ਡਰਦਾ ਗਰੀਨਫੋਰਡ ਜਾ ਵੜਿਆ। ਉਥੇ ਵੀ ਪਾਰਕ ਹੈਗਾ ਤੇ ਪਾਰਕ ਵਿਚ ਬੈਂਚ ਵੀ ਤੇ ਸਾਡੇ ਵਰਗੇ ਯੋਧੇ ਵੀ।”

ਗਰੀਨ ਰੋਡ ਗੈਂਗ ਵਿਚ ਨਵੀਂ ਭਰਤੀ ਦਿਨੇਸ਼ ਸ਼ਰਮੇ ਦੀ ਹੈ। ਦਿਨੇਸ਼ ਡਾਕਖਾਨੇ ਵਿਚ ਕਲਰਕ ਰਿਹਾ ਹੈ। ਟਾਈ ਸੂਟ ਦੀ ਆਦਤ ਹੈ। ਪਤਨੀ ਨਾਲ ਝਗੜਾ ਹੋਇਆ। ਘਰੋਂ ਨਿਕਲਿਆ। ਪਤਨੀ ਨੇ ਖਰਚੇ ਲਈ ਕਲੇਮ ਕੀਤਾ ਤਾਂ ਨੌਕਰੀ ਛੱਡ ਆਇਆ। ਪਹਿਲਾਂ ਟਾਈ ਲਾ ਕੇ ਹੀ ਆਇਆ ਕਰਦਾ। ਬੜੀਆਂ ਅਕਲ ਦੀਆਂ ਗੱਲਾਂ ਕਰਦਾ। ਜਿਵੇਂ ਨਵੇਂ ਪਾਗਲ ਹੋਏ ਲੋਕ ਜ਼ਿਆਦਾ ਰੌਲਾ ਪਾਉਂਦੇ ਹਨ ਉਹ ਕੁਝ ਜ਼ਿਆਦਾ ਹੀ ਦਿਖਾਵਾ ਕਰਦਾ। ਪਹਿਲੀਆਂ ਵਿਚ ਤਾਂ ਉਸ ਨੂੰ ਸ਼ਰਾਬ ਵੀ ਪੀਣੀ ਨਹੀਂ ਸੀ ਆਉਂਦੀ। ਇਕੋ ਵਾਰ ਰੱਜ ਕੇ ਡਿਗ ਪੈਂਦਾ। ਹੁਣ ਸ਼ਰਾਬ ਪੀਣੀ ਸਿੱਖ ਗਿਆ ਹੈ। ਪਾਰਕਾਂ ਵਿਚ ਬੈਠੇ ਦਿਲਜਲਿਆਂ ਦੇ ਸ਼ਰਾਬ ਪੀਣ ਦੇ ਆਪਣੇ ਤਰੀਕੇ ਹਨ। ਥੋੜ੍ਹੀ ਥੋੜ੍ਹੀ ਪੀਣੀ ਤੇ ਹਰ ਵੇਲੇ ਨਸ਼ੇ ਵਿਚ ਰਹਿਣਾ, ਇੰਨੇ ਕੁ ਨਸ਼ੇ ਵਿਚ ਕਿ ਆਲਾ ਦੁਆਲਾ ਭੁੱਲਿਆ ਰਹੇ।

ਸਾਊਥਾਲ ਪਾਰਕ ਵਿਚ ਇਕ ਗਰੁੱਪ ਉਨ੍ਹਾਂ ਬਜ਼ੁਰਗਾਂ ਦਾ ਵੀ ਹੈ ਜਿਨ੍ਹਾਂ ਦੀ ਪੈਨਸ਼ਨ ਉਨ੍ਹਾਂ ਦੇ ਮੁੰਡੇ ਜਾਂ ਜਵਾਈ ਖਾਂਦੇ ਹਨ। ਉਹ ਅੰਦਰੋਂ ਦੁਖੀ ਪਰ ਇਕ ਦੂਜੇ ਨੂੰ ਛੇੜਨ ਵੀ ਲੱਗਦੇ ਹਨ। ਕੋਈ ਪੁੱਛਦਾ ਹੈ,

“ਬੰਤਾ ਸਿਆਂ, ਭਾਂਡੇ ਧੋ ਆਇਆ ਸੀ ?”

ਬੰਤਾ ਸਿੰਘ ਜਵਾਬ ਦੇਵੇ ਜਾਂ ਨਾ ਦੇਵੇ ਕੋਲ ਬੈਠਾ ਚਿੰਤਾ ਸਿੰਘ ਦੱਸਣ ਲੱਗੇਗਾ,

“ਭਾਂਡੇ ਧੋ ਕੇ, ਹੂਵਰ ਕਰਕੇ, ਨੂੰਹ ਦੇ ਕੱਪੜੇ ਪਰੈਸ ਕਰਕੇ ਫੇਰ ਆਇਆ ਇਹ।”

“ਚਿੰਤਾ ਸਿਆਂ, ਤੈਨੂੰ ਟਿੱਚਰਾਂ ਔਂਦੀਆਂ, ਤੇਰੀ ਘਰ ਵਾਲੀ ਹਾਲੇ ਹੈਗੀ ਆ ਕਰਕੇ।”

“ਘਰ ਆਲੀ ਨੂੰ ਮਾਰ ਗੋਲੀ, ਤੂੰ ਵੀ ਜ਼ਰਾ ਤੜੀ ਫੜ ਆਹ ਗੇਂਦਾ ਰਾਮ ਵਾਂਗੂੰ, ਆਪਣਾ ਫਲੈਟ ਲੈ ਲੈ, ਆਪਣੀ ਪੈਨਸ਼ਨ ਨੂੰ ਆਪਣੀ ਮਰਜ਼ੀ ਨਾਲ ਖਰਚ, ਗੌਰਮਿੰਟ ਪੈਸੇ ਤੈਨੂੰ ਦਿੰਦੀ ਆ ਨਾ ਕਿ ਤੇਰੇ ਨੂੰਹ-ਪੁੱਤ ਨੂੰ!”

“ਪਰ ਲੋਕ ਕੀ ਕਹਿਣਗੇ।”

“ਮਾਰ ਗੋਲੀ ਯਾਰ ਲੋਕਾਂ ਨੂੰ, ਅਸੀਂ ਇੰਡੀਅਨ ਲੋਕ ਲੋਕਾਂ ਬਾਰੇ ਜ਼ਿਆਦਾ ਸੋਚਦੇ ਆਂ, ਗੋਰੇ ਸਾਡੇ ਨਾਲੋਂ ਲੱਖ ਦਰਜੇ ਚੰਗੇ ਆ।”

“ਗੋਰੇ ਤਾਂ ਸਾਡੇ ਨਾਲੋਂ ਚੰਗੇ ਹੈ ਹੀ, ਨਾ ਤਾਂ ਉਨ੍ਹਾਂ ਨੂੰ ਆਪਣੀ ਔਲਾਦ ਦੀ ਚਿੰਤਾ ਹੁੰਦੀ ਐ ਤੇ ਨਾ ਹੀ ਲੋਕਾਂ ਦੀ।”

“ਉਨ੍ਹਾਂ ਦੀ ਕਿਹੜੀ ਗੱਲ ਐ, ਨਾ ਉਨ੍ਹਾਂ ਆਪਣੀ ਹੱਥੀਂ ਧੀ ਵਿਆਹੁਣੀ ਐ ਤੇ ਨਾ ਨੂੰਹ ਲਿਆਉਣੀ ਐ, ਅਸੀਂ ਤਾਂ ਏਦਾਂ ਦੀਆਂ ਰਸਮਾਂ ਵਿਚ ਫਸੇ ਰਹਿੰਦੇ ਆਂ।”

“ਇਹੋ ਤਾਂ ਸਾਡੀ ਸੁਸਾਇਟੀ ਦੀ ਸੁੰਦਰਤਾ ਐ।”

“ਬਸ ਇਹੋ ਸੁੰਦਰਤਾ ਬੰਤਾ ਸਿੰਘ ਭੁਗਤ ਰਿਹੈ, ਸਲੇਵਰੀ ਵਰਗੀ ਜ਼ਿੰਦਗੀ।”

ਕਈ ਲੋਕ ਭਾਰਤ ਦੀ ਸਿਆਸਤ ਬਾਰੇ ਵੀ ਗੱਲਾਂ ਕਰਦੇ ਹਨ ਬਲਕਿ ਹਰ ਕੋਈ ਉਥੋਂ ਦੀਆਂ ਖਬਰਾਂ ਦੱਸਣ–ਸੁਣਨ ਲਈ ਉਤਸੁਕਤ ਰਹਿੰਦਾ ਹੈ।

ਇਕ ਦਿਨ ਗੁਰਨਾਮ ਆ ਜਾਂਦਾ ਹੈ। ਉਹ ਪਾਰਕ ਵਿਚ ਅੰਦਰ ਵੜਦਾ ਹੀ ਸੋਚ ਰਿਹਾ ਹੈ ਕਿ ਕਿਹੜੇ ਗਰੁੱਪ ਵਿਚ ਜਾਵਾਂ। ਉਸ ਨੂੰ ਗੇਲੋ ਤੇ ਸ਼ਿੰਦਾ ਬੈਠੇ ਦਿਸ ਪੈਂਦੇ ਹਨ। ਉਹ ਉਸ ਵੱਲ ਨੂੰ ਤੁਰ ਪੈਂਦਾ ਹੈ। ਗੇਲੋ ਪੁੱਛਦਾ ਹੈ,

''ਤੂੰ ਕਿਧਰ ਰਹਿੰਨਾ ਬਈ ?''

''ਬਸ ਏਧਰ ਓਧਰ ਈ।''

''ਯੂ ਲੁਕ ਵੈੱਲ! ਕਿਸੇ ਪਾਰਕ ਵਿਚ ਤਾਂ ਨਹੀਂ ਨਾ ਬੈਠਦਾ ?''

''ਨਹੀਂ ਬਈ, ਛੱਡ ਦਿੱਤਾ ਸਭ।''

ਸੋਨੂੰ ਆਪਣਾ ਬੀਅਰ ਵਾਲਾ ਡੱਬਾ ਉਸ ਨੂੰ ਪੇਸ਼ ਕਰਦਾ ਹੈ। ਗੁਰਨਾਮ ਕਹਿੰਦਾ ਹੈ,

''ਨਾ ਬਈ, ਦਿਨੇ ਨਹੀਂ ਤਕਾਲਾਂ ਨੂੰ ਈ।''

''ਅੱਛਾ! ਬਚ ਗਿਆਂ ਬੱਚੂ ਨਹੀਂ ਤਾਂ ਇਹਨਾਂ ਬੈਂਚਾਂ ਤੋਂ ਵਾਪਸ ਮੁੜ ਕੇ ਘਰ ਵਲ ਨੂੰ ਕੋਈ ਨਹੀਂ ਜਾਂਦਾ।''

''ਬਸ ਬਚ ਗਿਆ ਈ ਸਮਝ ਲਓ, ਸਮਾਨ ਤਾਂ ਏਦਾਂ ਦਾ ਤਿਆਰ ਸੀ ਕਿ ਲਾਈਟਾਂ 'ਤੇ ਖੜ ਕੇ ਬੀਅਰ ਲਈ ਪੈਸੇ ਮੰਗ ਰਿਹਾ ਹੁੰਦਾ।''

''ਕੋਈ ਸਾਧ ਸੰਤ ਮਿਲ ਗਿਆ ?''

''ਏਦਾਂ ਈ ਸਮਝ ਲਓ, ਜਾਂ ਕਹਿ ਲਓ ਕਿ ਆਪੇ ਦੀ ਪਛਾਣ ਆ ਗਈ।''

''ਸਾਨੂੰ ਵੀ ਦੱਸ ਯਾਰ ਕੋਈ ਗੁਰ।''

''ਕੋਈ ਗੱਲ ਨੀ, ਹੌਲੀ ਹੌਲੀ ਦੱਸੂੰ।''

ਕਹਿ ਕੇ ਗੁਰਨਾਮ ਹੱਸਦਾ ਹੋਇਆ ਦੂਰ ਕਿਧਰੇ ਦੇਖਦਾ ਹੈ। ਕਾਮਯਾਬੀ ਜਿਵੇਂ ਉਸ ਨਾਲ ਹੱਥ ਮਿਲਾ ਰਹੀ ਹੈ। ਉਹ ਹਰ ਵੇਲੇ ਖੁਸ਼ ਰਹਿੰਦਾ ਹੈ ਤੇ ਅਜਕਲ ਉਹ ਘੁੰਮਦਾ ਫਿਰਦਾ ਰਹਿੰਦਾ ਹੈ। ਪ੍ਰੀਤੀ ਹੁਣ ਘਰ ਰਹਿਣਾ ਹੀ ਪਸੰਦ ਕਰਦੀ ਹੈ ਤੇ ਬੁੱਕ ਭਰ ਕੇ ਗੋਲੀਆਂ ਖਾਣ ਲੱਗੀ ਹੈ। ਗੁਰਨਾਮ ਉਸ ਨੂੰ ਕਹਿੰਦਾ ਹੈ ਕਿ ਗੋਲੀਆਂ ਸਿਹਤ ਲਈ ਬਹੁਤ ਫਾਇਦੇਵੰਦ ਹਨ। ਸਰੀਰ ਵਿਚ ਸੰਤੁਲਨ ਰਖਦੀਆਂ ਹਨ।

ਉਹ ਸਵੇਰੇ ਉਠਦਾ ਹੀ ਪ੍ਰੀਤੀ ਨੂੰ ਪੁੱਛਦਾ ਹੈ,

''ਅੱਜ ਕੀ ਬਣਾਏਂਗੀ ਖਾਣ ਨੂੰ ?''

''ਪਰੌਂਠੇ ਬਣਾ ਦਿਆਂ ?''

''ਨਹੀਂ, ਪਰੌਂਠੇ ਨਹੀਂ ਤੈਨੂੰ ਆਉਂਦੇ।''

''ਪੂਰੀਆਂ ਛੋਲੇ।''

''ਉਹ ਵੀ ਤੈਨੂੰ ਕਿਥੋਂ ਆਉਂਦੇ ਆ, ਤੂੰ ਦਾਲ ਰੋਟੀ ਈ ਬਣਾ ਲੈ।''

ਪ੍ਰੀਤੀ ਕੁਝ ਨਹੀਂ ਕਹਿੰਦੀ। ਗੁਰਨਾਮ ਫਿਰ ਆਖਦਾ ਹੈ,

''ਤੂੰ ਰੋਟੀ ਬਣਾਉਣੀ ਕਿਉਂ ਨਹੀਂ ਸਿੱਖਦੀ।''

''ਹੁਣ ਦੱਸ, ਤੈਨੂੰ ਤਾਂ ਮੇਰੀ ਹਰ ਚੀਜ਼ ਬੁਰੀ ਦਿੱਸਦੀ ਐ, ਪਹਿਲਾਂ ਤਾਂ ਨਹੀਂ ਸੀ ਲੱਗਦੀ।''

''ਅੱਗੇ ਮੈਂ ਕੁਸ਼ ਖਾਂਦਾ ਈ ਕਦੋਂ ਸੀ, ਸ਼ਰਾਬੀ ਰਹਿੰਦਾ ਸੀ ਜੋ ਮਰਜ਼ੀ ਖਲ੍ਹਾਈ ਜਾਵੇਂ, ਪਤਾ ਈ ਕਦੋਂ ਚੱਲਦਾ ਸੀ।''

ਪ੍ਰੀਤੀ ਕੁਝ ਬਣਾਉਂਦੀ ਹੈ ਤਾਂ ਉਹ ਉਸ ਤੋਂ ਕੜਛੀ ਫੜ ਆਪ ਬਣਾਉਣ ਲੱਗਦਾ ਹੈ। ਪ੍ਰੀਤੀ ਬੁੜ ਬੁੜ ਕਰਦੀ ਇਕ ਪਾਸੇ ਬੈਠ ਜਾਂਦੀ ਹੈ। ਗੁਰਨਾਮ ਆਪ ਬਣਾ ਕੇ ਖਾਂਦਾ ਹੈ ਤੇ ਨਾਲੇ ਬੱਚਿਆਂ ਨੂੰ ਖਵਾਉਂਦਾ ਹੈ। ਬੱਚੇ ਹੁਣ ਗੁਰਨਾਮ ਨਾਲ ਜ਼ਿਆਦਾ ਖੇਡਦੇ ਹਨ। ਕੁਝ ਖਾਣਾ ਹੋਵੇ ਤਾਂ ਗੁਰਨਾਮ ਤੋਂ ਹੀ ਮੰਗਦੇ ਹਨ। ਇਕ ਦਿਨ ਉਹ ਵੱਡੀ ਕੁੜੀ ਮੀਨਾ ਨੂੰ ਆਖਦਾ ਹੈ,

''ਮੈਨੂੰ ਫੀਲ ਹੁੰਦੈ ਕਿ ਤੁਹਾਡੀ ਮੰਮੀ ਟੁਆਇਲਟ ਜਾ ਕੇ ਹੱਥ ਨਹੀਂ ਧੋਂਦੀ।''

ਉਸ ਦਿਨ ਤੋਂ ਬਾਅਦ ਤਾਂ ਬੱਚੇ ਪ੍ਰੀਤੀ ਦੇ ਹੱਥ ਦੀ ਰੋਟੀ ਖਾਣ ਤੋਂ ਹੀ ਹਟ ਜਾਂਦੇ ਹਨ। ਪ੍ਰੀਤੀ ਰੋਂਦੀ ਹੋਈ ਬੱਚਿਆਂ ਨੂੰ ਮਨਾਉਂਦੀ ਫਿਰਦੀ ਹੈ। ਉਸ ਦਾ ਸਿਰ ਦੁੱਖਦਾ ਰਹਿੰਦਾ ਹੈ। ਸਮੇਂ ਤੋਂ ਪਹਿਲਾਂ ਹੀ ਮੇਨੋਪਾਜ਼ ਸ਼ੁਰੂ ਹੋ ਜਾਂਦਾ ਹੈ ਜਿਸ ਕਾਰਨ ਹੋਰ ਵੀ ਉਲਝਣਾਂ ਵਧ ਜਾਂਦੀਆਂ ਹਨ। ਉਸ ਦੇ ਕੰਨਾਂ ਵਿਚ ਸਾਂ ਸਾਂ ਹੋਣ ਲੱਗਦੀ ਹੈ ਤੇ ਸਿਰ ਹਰ ਵੇਲੇ ਭਾਰੀ ਭਾਰੀ ਰਹਿਣ ਲੱਗਿਆ ਹੈ। ਉਹ ਡਾਕਟਰ ਕੋਲ ਜਾਂਦੀ ਹੈ। ਡਾਕਟਰ ਦਵਾਈ ਮਿਕਦਾਰ ਹੋਰ ਵਧਾ ਦਿੰਦੇ ਹਨ। ਕੁਝ ਕੁ ਮਹੀਨਿਆਂ ਵਿਚ ਹੀ ਪ੍ਰੀਤੀ ਲਈ ਕਿੰਨਾ ਕੁਝ ਬਦਲ ਜਾਂਦਾ ਹੈ। ਉਸ ਨੂੰ ਹਰ ਵੇਲੇ ਸੁੱਤੇ ਰਹਿਣਾ ਚੰਗਾ ਲੱਗਣ ਲੱਗਦਾ ਹੈ। ਕਈ ਵਾਰ ਉਸ ਦਾ ਤਿਆਰ ਹੋਣ ਨੂੰ ਵੀ ਦਿਲ ਨਹੀਂ ਕਰਦਾ। ਵਾਲ ਵੀ ਨਹੀਂ ਵਾਹੁੰਦੀ।

ਭੁਪਿੰਦਰ ਇੰਡੀਆ ਤੋਂ ਵਾਪਸ ਮੁੜ ਕੇ ਪ੍ਰੀਤੀ ਦੇ ਘਰ ਫੋਨ ਕਰਦਾ ਹੈ ਤਾਂ ਗੁਰਨਾਮ ਅੱਗਿਉਂ ਕਹਿੰਦਾ ਹੈ,

''ਦੇਖ ਮਿਸਟਰ, ਇਥੇ ਮੁੜ ਕੇ ਫੋਨ ਨਾ ਕਰੀਂ, ਇਹ ਕੰਜਰਾਂ ਦਾ ਘਰ ਨਹੀਂ, ਸ਼ਰੀਫ ਲੋਕ ਰਹਿੰਦੇ ਆ।''

''ਭਾਈ ਸਾਬ੍ਹ, ਪ੍ਰੀਤੀ ਬਹੁਤ ਵਧੀਆ ਕਲਾਕਾਰ ਐ।''

''ਤੇਰੀ ਤੀਵੀਂ ਮਾੜੀ ਕਲਾਕਾਰ ਐ ? ਜੇ ਮਾੜੀ ਐ ਤਾਂ ਉਹਨੂੰ ਮੇਰੇ ਕੋਲ ਭੇਜ, ਮੈਂ ਉਹਨੂੰ ਉਹ ਕੁਸ਼ ਸਿਖਾ ਦੇਊਂ ਜਿਹੜਾ ਤੈਨੂੰ ਨਹੀਂ ਆਉਂਦਾ.. ਸਮਝ ਗਿਐਂ ਕਿ ਹੋਰ ਸਮਝਾਵਾਂ,.. ਜੇ ਨਹੀਂ ਸਮਝਿਆ ਤਾਂ ਮੈਂ ਆ ਕੇ ਸਮਝਾ ਦਿੰਨਾਂ, ਮੈਨੂੰ ਪਤਾ ਤੂੰ ਕਿਥੇ ਰਹਿੰਨਾਂ।''

ਭੁਪਿੰਦਰ ਤੋਂ ਬਾਅਦ ਉਹ ਸੂਰਜ ਆਰਟ ਵਾਲਿਆਂ ਨੂੰ ਵੀ ਫੋਨ ਕਰਦਾ ਹੈ ਤੇ ਗਾਲ੍ਹਾਂ ਕੱਢ ਕੇ ਧਮਕੀਆਂ ਦਿੰਦਾ ਹੈ। ਸੂਰਜ ਆਰਟਸ ਵਾਲਿਆਂ ਦਾ ਫੋਨ ਮੁੜ ਕੇ ਤਾਂ ਆਉਣਾ ਹੀ ਕੀ ਹੈ। ਭੁਪਿੰਦਰ ਨੂੰ ਵੀ ਆਪਣਾ ਡਰ ਪੈ ਜਾਂਦਾ ਹੈ ਕਿ ਇਹ ਤਾਂ ਨਵੀਂ ਹੀ ਮੁਸੀਬਤ ਗਲ ਪੈ ਚੱਲੀ।

ਉਸ ਦੇ ਬੱਚੇ ਜਦ ਵੀ ਬਾਹਰ ਜਾਂਦੇ ਹਨ ਤਾਂ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਦੇ ਹਨ। ਉਹ ਪੁੱਛਦੇ ਹਨ,

"ਡੈਡ, ਤੈਨੂੰ ਮੰਮੀ ਦੀ ਐਕਟਿੰਗ ਕਿਉਂ ਨਹੀਂ ਲਾਈਕ ਹੁੰਦੀ ?"

"ਇਸ ਕਰਕੇ ਕਿ ਮੈਨੂੰ ਵਾਈਫ ਚਾਹੀਦੀ ਐ ਤੇ ਤੁਹਾਨੂੰ ਮਾਂ।"

"ਕੀ ਐਕਟਿੰਗ ਕਰਨ ਨਾਲ ਕੀ ਹੈਪਨ ਹੁੰਦਾ ?"

"ਹਾਂ, ਉਨ੍ਹਾਂ ਦੀਆਂ ਫੀਲਿੰਗਜ਼ ਮਰ ਜਾਂਦੀਆਂ।"

"ਹਾਓ ?"

"ਇਕ ਇਕ ਐਕਟ੍ਰੈਸ ਪੰਜਾਹ ਬੰਦਿਆਂ ਨਾਲ ਕਿੱਸ ਕਰਦੀ ਐ। ਜਦ ਉਹ ਆਪਣੇ ਅਸਲੀ ਪਤੀ ਕੋਲ ਪੁੱਜਦੀ ਐ ਤਾਂ ਉਹ ਪਤਨੀ ਨਹੀਂ ਕਿੱਸ ਕਰਨ ਦੀ ਮਸ਼ੀਨ ਹੁੰਦੀ ਐ, ਉਹਦੇ ਅੰਦਰ ਪਤਨੀ ਹੋਣ ਦਾ ਕੁਦਰਤੀ ਮਾਦਾ, ਨੈਚੁਰਲ ਇੰਨਸਟਿੰਕਟ ਮਰ ਜਾਂਦੈ। ਇਵੇਂ ਈ ਇਕ ਐਕਟਰੈਸ ਕਿਸੇ ਬੱਚੇ ਨੂੰ ਚੁੱਕੀ ਫਿਰਦੀ ਹੋਵੇ ਤਾਂ ਘਰ ਆ ਤਾਂ ਉਹ ਇਕ ਮਸ਼ੀਨ ਵਾਂਗ ਹੀ ਵਰਤੇਗੀ।"

ਬੱਚਿਆਂ ਨੂੰ ਇਹ ਗੱਲ ਕਲਿੱਕ ਕਰ ਜਾਂਦੀ ਹੈ। ਉਹ ਜਾ ਕੇ ਮਾਂ ਨਾਲ ਗੱਲ ਕਰਦੇ ਹਨ। ਗੁਰਨਾਮ ਵਾਲੀ ਦਲੀਲ ਦਿੰਦੇ ਰਹਿੰਦੇ ਹਨ,

"ਮੰਮੀ, ਐਕਟਿੰਗ ਦਾ ਪ੍ਰੋਫੈਸ਼ਨ ਬਹੁਤ ਰੌਂਗ ਐ, ਅਸੀਂ ਨਹੀਂ ਪਸੰਦ ਕਰਦੇ।"

"ਤੁਹਾਡਾ ਡੈਡੀ ਰੌਂਗ ਐ, ਤੁਹਾਨੂੰ ਝੂਠ ਸਿਖਾ ਰਿਹੈ, ਮੈਂ ਕਦੇ ਕਿਸੇ ਨੂੰ ਕਿੱਸ ਨਹੀਂ ਕਰਦੀ।"

ਪ੍ਰੀਤੀ ਗੁਰਨਾਮ ਨਾਲ ਝਗੜਦੀ ਆਖਦੀ ਹੈ,

"ਤੂੰ ਮੈਨੂੰ ਏਨੀ ਬੁਰੀ ਕਿਉਂ ਬਣਾ ਰਿਹਾਂ ?"

"ਮੈਂ ਤਾਂ ਇਨ੍ਹਾਂ ਦੇ ਸਵਾਲ ਦਾ ਜਵਾਬ ਦੇ ਰਿਹਾਂ।"

"ਮੈਂ ਕਦੇ ਕਿਸੇ ਨੂੰ ਕਿੱਸ ਨਹੀਂ ਕਰਦੀ। ਤੂੰ ਝੂਠ ਕਿਉਂ ਕਹਿ ਰਿਹਾਂ।"

"ਕਿੱਸ ਦੀ ਤਾਂ ਇਕ ਉਧਾਹਰਣ ਐ, ਇਕ ਔਰਤ ਕਿਸੇ ਓਪਰੇ ਮਰਦ ਨੂੰ ਜੱਫੀ ਵੀ ਪਾ ਲੈਂਦੀ ਐ ਤਾਂ ਉਹਨੂੰ ਆਪਣਾ ਮਰਦ ਐਵੇਂ ਲੱਗਣ ਲੱਗਦਾ ਐ।"

"ਝੂਠ ਆ ਇਹ।"

"ਝੂਠ ਕਿੱਦਾਂ ਐ ! ਤੂੰ ਆਪ ਦੱਸ, ਜੇ ਡਰਾਮਾ ਖੇਡਦੀ ਤੂੰ ਕਿੰਨੇ ਹੀ ਮਰਦਾਂ ਦੇ ਸਪਰਸ਼ ਵਿਚ ਆਵੇਂਗੀ ਤੇ ਫਿਰ ਸ਼ਾਮ ਨੂੰ ਤੈਨੂੰ ਮੇਰਾ ਸਪਰਸ਼ ਤਾਂ ਉਤੇਜਿਤ ਨਹੀਂ ਕਰੇਗਾ ਨਾ, ਪੰਜਾਹ ਸਪਰਸ਼ਾਂ ਬਾਅਦ ਇਕਵੰਜਵਾਂ ਸਪਰਸ਼ ਕੀ ਮੈਹਨੇ ਰਖਵਾਉਂਦੈ।"

"ਗੁਰਨਾਮ ਤੂੰ ਬਹੁਤ ਗਲਤ ਬੋਲ ਰਿਹੈਂ, ਇਹ ਕਿੱਸਾਂ ਜਾਂ ਬੈੱਡਰੂਮ ਦੇ ਸੀਨ ਫਿਲਮਾਂ 'ਚ ਈ ਹੁੰਦੇ ਐ, ਨਾਟਕਾਂ ਵਿਚ ਨਹੀਂ।"

"ਕਿਉਂ ਨਹੀਂ ਹੁੰਦੇ, ਨਾਟਕਾਂ ਵਿਚ ਫਿਲਮਾਂ ਵਾਲਾ ਈ ਸਭ ਕੁਝ ਹੁੰਦੈ।"

"ਇਹ ਤਾਂ ਕਰਨ ਵਾਲੇ ਦੀ ਮਰਜ਼ੀ ਉਪਰ ਐ ਕਿ ਕਿਥੇ ਕੁ ਤੱਕ ਕਰਨੈ।"

"ਕਲਾ ਦੇ ਨਾਂ 'ਤੇ ਸਭ ਕੁਸ਼ ਹੋ ਰਿਹੈ, ਮਰਦ ਔਰਤਾਂ ਸਭ ਕੁਝ ਕਰੀ ਜਾ ਰਹੇ ਆ।"

"ਯੂ ਸ਼ੱਟ ਅੱਪ !"

ਕਹਿੰਦੀ ਪ੍ਰੀਤੀ ਆਪਣੇ ਬੈਗ ਵਿਚੋਂ ਦਵਾਈ ਕੱਢਣ ਲਗਦੀ ਹੈ।

ਇੱਕੀ

ਜਿਸ ਦਿਨ ਦੀ ਨਸੀਬ ਕੌਰ ਪੂਰੀ ਹੋਈ ਹੈ ਜਗਮੋਹਨ ਹਰ ਰੋਜ਼ ਹੀ ਪਾਲਾ ਸਿੰਘ ਕੋਲ ਜਾ ਬੈਠਦਾ ਹੈ। ਲੋਕ ਆਉਂਦੇ ਜਾਂਦੇ ਰਹਿੰਦੇ ਹਨ ਪਰ ਜਗਮੋਹਨ ਘਰ ਦੇ ਜੀਆਂ ਵਾਂਗ ਹਾਜ਼ਰ ਰਹਿੰਦਾ ਹੈ। ਜਿਵੇਂ ਪਾਲਾ ਸਿੰਘ ਉਸ ਦੇ ਪਿਓ ਨਾਲ ਫੌਜ ਵਿਚ ਰਿਹਾ ਹੈ ਇਵੇਂ ਹੀ ਜਗਮੋਹਨ ਦੀ ਮਾਂ ਤੇ ਨਸੀਬ ਕੌਰ ਵੀ ਆਪਸ ਵਿਚ ਸਹੇਲੀਆਂ ਰਹੀਆਂ ਹਨ। ਜਦ ਜਗਮੋਹਨ ਇੰਗਲੈਂਡ ਆਇਆ ਸੀ ਤਾਂ ਇਸ ਘਰੋਂ ਉਸ ਨੂੰ ਆਪਣੇ ਘਰ ਵਰਗਾ ਹੀ ਮੋਹ ਮਿਲਿਆ ਸੀ ਇਸ ਲਈ ਅਫਸੋਸ ਦੇ ਮੌਕੇ ਤੇ ਉਹ ਉਹਨਾਂ ਦੇ ਨਾਲ ਰਹਿਣਾ ਚਾਹੁੰਦਾ ਹੈ। ਅਜ ਜਦ ਉਹ ਪਾਲਾ ਸਿੰਘ ਦੇ ਘਰ ਆਉਂਦਾ ਹੈ ਤਾਂ ਪਰਦੁੱਮਣ ਸਿੰਘ ਸਾਹਮਣੇ ਬੈਠਾ ਮਿਲਦਾ ਹੈ। ਨਸੀਬ ਕੌਰ ਅਚਾਨਕ ਗੁਜ਼ਰ ਗਈ ਹੈ। ਲੋਕਾਂ ਲਈ ਅਚਾਨਕ ਗੁਜ਼ਰਦੀ ਹੈ ਪਰ ਕਾਫੀ ਦੇਰ ਤੋਂ ਬਿਮਾਰ ਹੈ। ਅੰਤੜੀਆਂ ਦੀ ਕੋਈ ਬਿਮਾਰੀ ਰਹੀ ਹੈ। ਡਾਕਟਰ ਕਹਿੰਦੇ ਹਨ ਕਿ ਕਿਸੇ ਵੇਲੇ ਅੰਤੜੀਆਂ ਗੁਲਝ ਖਾ ਗਈਆਂ ਹਨ। ਪਾਲਾ ਸਿੰਘ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਹੋਣ ਕਰਕੇ ਕਿਸੇ ਨੂੰ ਦੱਸਦਾ ਤੱਕ ਵੀ ਨਹੀਂ। ਪਤਨੀ ਦੀ ਮੌਤ ਨੂੰ ਖਿੜੇ ਮੱਥੇ ਵਾਹਿਗੁਰੂ ਦੀ ਮਰਜ਼ੀ ਕਹਿ ਕੇ ਮਨਜ਼ੂਰ ਕਰਦਾ ਹੈ। ਅਫਸੋਸ ਕਰਨ ਆਇਆਂ ਨਾਲ ਵੀ ਬਹੁਤੇ ਦੁੱਖ ਦੀ ਗੱਲ ਨਹੀਂ ਕਰਦਾ। ਵੈਸੇ ਵੀ ਲੌਂਜ ਵਿਚੋਂ ਸੋਫੇ ਚੁੱਕ ਕੇ ਹੇਠਾਂ ਦਰੀ ਉਪਰ ਚਾਦਰਾਂ ਨਹੀਂ ਵਿਛਾਉਂਦਾ ਜਿਵੇਂ ਕਿ ਅਜਿਹੇ ਮੌਕਿਆਂ ਉਪਰ ਰਿਵਾਜ ਹੈ। ਉਹ ਕੁਰਸੀਆਂ ਕੁਝ ਹੋਰ ਲਿਆ ਕੇ ਰੱਖ

ਦਿੰਦਾ ਹੈ ਤਾਂ ਕਿ ਅਫਸੋਸ ਨੂੰ ਆਏ ਔਰਤਾਂ ਤੇ ਮਰਦ ਇਕੋ ਥਾਂ ਹੀ ਬੈਠ ਜਾਣ। ਵੀਹ ਕੁ ਵਿਅਕਤੀ ਤਾਂ ਸਹਿਜੇ ਹੀ ਬੈਠ ਜਾਂਦੇ ਹਨ। ਜ਼ਿਆਦਾ ਹੋਣ ਤਾਂ ਕੁਰਸੀਆਂ ਹੋਰ ਵੀ ਪਈਆਂ ਹਨ ਪਰ ਕਦੇ ਲੋੜ ਨਹੀਂ ਪੈਂਦੀ। ਉਸ ਨੂੰ ਅਫਸੋਸ ਦੀਆਂ ਗੱਲਾਂ ਇਸ ਲਈ ਵੀ ਚੰਗੀਆਂ ਨਹੀਂ ਲੱਗ ਰਹੀਆਂ ਕਿ ਉਸ ਦੇ ਬੱਚੇ ਹਾਲੇ ਪੂਰੇ ਜ਼ਿੰਮੇਵਾਰ ਨਹੀਂ ਹੋਏ, ਘੱਟੋ ਘੱਟ ਓਨੇ ਕੁ ਜਿੰਨਾ ਉਹ ਸਮਝਦਾ ਹੈ ਕਿ ਹੋਣੇ ਚਾਹੀਦੇ ਹਨ। ਕੋਈ ਵਿਆਹਿਆ ਨਹੀਂ ਹੈ। ਵੱਡਾ ਮੋਹਣਦੇਵ ਹਾਲੇ ਇਸੇ ਸਾਲ ਕੰਮ 'ਤੇ ਲੱਗਾ ਹੈ ਤੇ ਛੋਟਾ ਅਮਰਦੇਵ ਡਿਗਰੀ ਕਰਕੇ ਹਟਿਆ ਹੈ ਤੇ ਮਨਿੰਦਰ ਹਾਲੇ ਯੂਨੀਵਰਸਿਟੀ ਵਿਚ ਹੈ। ਇਸ ਲਈ ਉਹ ਸੋਚ ਰਿਹਾ ਹੈ ਕਿ ਜਲਦੀ ਤੋਂ ਜਲਦੀ ਫਿਊਨਰਲ ਦੀ ਰਸਮ ਹੋਵੇ ਤੇ ਜ਼ਿੰਦਗੀ ਮੁੜ ਨਾਰਮਲ ਹੋ ਕੇ ਤੁਰਨ ਲੱਗੇ। ਉਸ ਦੀ ਧੀ ਮਨਿੰਦਰ ਹਾਲੇ ਅਫਸੋਸ ਕਰਨ ਜੋਗੀ ਵੀ ਨਹੀਂ। ਔਰਤਾਂ ਆ ਆ ਕੇ ਉਸ ਨੂੰ ਰੁਆਉਣ ਲੱਗਦੀਆਂ ਹਨ। ਪਾਲਾ ਸਿੰਘ ਨੂੰ ਖਿੱਝ ਚੜ੍ਹਨ ਲੱਗਦੀ ਹੈ।

ਅਫਸੋਸ ਦੀਆਂ ਸੀਮਤ ਜਿਹੀਆਂ ਗੱਲਾਂ ਪਰਦੁੱਮਣ ਕੋਲ ਮੁੱਕ ਜਾਂਦੀਆਂ ਹਨ ਤਾਂ ਉਹ ਪਾਲਾ ਸਿੰਘ ਤੋਂ ਉਸ ਦੀ ਕਾਰ ਬਾਰੇ ਕੁਝ ਪੁੱਛਣ ਲੱਗਦਾ ਹੈ। ਇਕ ਪਲ ਲਈ ਤਾਂ ਉਸ ਨੂੰ ਲਗਦਾ ਹੈ ਕਿ ਉਹ ਵਿਵਹਾਰਕ ਤੌਰ ਤੇ ਬਹੁਤ ਗਰੀਬ ਹੋ ਗਿਆ ਹੈ, ਇੰਨਾ ਗਰੀਬ ਕਿ ਅਫਸੋਸ ਕਰਨ ਲਈ ਉਸ ਕੋਲ ਸ਼ਬਦ ਹੀ ਮੁੱਕ ਗਏ ਹਨ। ਜਗਮੋਹਣ ਦੇ ਆਉਣ 'ਤੇ ਉਸ ਨੂੰ ਕੁਝ ਹੌਸਲਾ ਹੁੰਦਾ ਹੈ ਕਿ ਉਹ ਹੀ ਕੋਈ ਗੱਲ ਕਰੇਗਾ। ਜਗਮੋਹਣ ਨੂੰ ਆਮ ਅਫਸੋਸ ਕਰਨ ਵਾਲਿਆਂ ਨਾਲੋਂ ਵਧੇਰੇ ਦੁੱਖ ਹੈ। ਗੱਲ ਕਰਦੇ ਸਮੇਂ ਉਸ ਨੂੰ ਕੁਝ ਹੋਣ ਲਗਦਾ ਹੈ ਜਿਵੇਂ ਕਿ ਉਹ ਆਪਣੀ ਹੀ ਮਾਂ ਬਾਰੇ ਗੱਲ ਕਰ ਰਿਹਾ ਹੋਵੇ। ਪਰਦੁੱਮਣ ਉਸ ਨੂੰ ਹੌਲੇ ਜਿਹੇ ਪੁੱਛਦਾ ਹੈ,

''ਹੋਮ ਆਫਿਸ ਤੋਂ ਕੋਈ ਜਵਾਬ ਆਇਆ ?''

''ਤੁਹਾਨੂੰ ਈ ਆਊ, ਮੇਰਾ ਮਤਲਬ ਕੁਲਜੀਤ ਨੂੰ ਈ ਆਊ, ਆਪਣਾ ਐਡਰੈਸ ਤਾਂ ਅਸੀਂ ਕਦੇ ਦਿੰਦੇ ਨਹੀਂ।''

''ਬੈਠਦੇ ਹੁੰਨੇ ਆਂ ਹਾਲੇ ਵੀ ?''

''ਮੈਂ ਇਕੱਲਾ ਹੀ ਹੁੰਨਾ, ਵੀਕਐਂਡ 'ਤੇ ਜਾਨਾਂ ਪਰ ਕੋਈ ਘੱਟੇ ਈ ਔਂਦਾ।''

ਜਗਮੋਹਣ ਆਖਦਾ ਹੈ। ਪਾਲਾ ਸਿੰਘ ਉਸ ਦੀ ਗੱਲ ਸੁਣਦਾ ਆਖਦਾ ਹੈ,

''ਐਡਵਾਈਜ਼ ਬਿਓਰੋ ਦੀ ਗੱਲ ਕਰਦੇ ਆਂ ?''

''ਹਾਂ, ਇਨ੍ਹਾਂ ਮੁੰਡਿਆਂ ਨੇ ਹਿੰਮਤ ਤਾਂ ਮਾਰੀ ਸੀ ਪਰ ਕਾਮਯਾਬੀ ਨਹੀਂ ਮਿਲੀ।''

''ਕਾਮਯਾਬੀ ਇਨ੍ਹਾਂ ਨੂੰ ਸੁਆਹ ਮਿਲਣੀ ਸੀ ਇਕ ਤਾਂ ਇਹ ਪੈਸੇ ਨਹੀਂ ਸੀ ਲੈਂਦੇ ਤੇ ਦੂਜਾ ਇਹ ਗਲਤ ਕੇਸ ਨਹੀਂ ਸੀ ਫੜਦੇ ਅਖੇ ਲੋਕ ਝੂਠੇ ਖਾਲਿਸਤਾਨੀ ਬਣ ਕੇ ਸਟੇਅ ਮੰਗਦੇ ਆ।''

''ਤੁਹਾਨੂੰ ਭਲਾ ਖਾਲਿਸਤਾਨ ਦੰਦੀ ਵਵਦਾ ਐ!''

''ਅੰਕਲ ਜੀ, ਤੁਹਾਨੂੰ ਚਹੀਦੈ ਖਾਲਿਸਤਾਨ?''

''ਅਸੀਂ ਕੀ ਕਰਨੈ!''

''ਅੰਕਲ ਜੀ, ਫਿਰ ਗਲਤ ਗੱਲ ਤਾਂ ਗਲਤ ਐ ਨਾ।''

''ਓ ਜੁਆਨਾ, ਇਹ ਲੋਕ ਕੋਈ ਵੱਡਾ ਗੁਨਾਹ ਨਹੀਂ ਕਰ ਰਹੇ, ਜੇ ਸਾਡਾ ਮੁਲਕ ਸਾਨੂੰ ਨੌਕਰੀ ਦੇ ਸਕਦਾ ਹੁੰਦਾ ਤਾਂ ਅਸੀਂ ਅਜਿਹੇ ਗਲਤ ਸਹਾਰੇ ਕਿਉਂ ਲਬਦੇ, ਸਾਰੀ ਦੁਨੀਆ ਈ ਗਲਤ ਆਈ ਐ ਇਥੇ, ਇਲਲੀਗਲ, ਇਹ ਕੋਈ ਨਵੀਂ ਗੱਲ ਤਾਂ ਹੈ ਨਾ ਸੀ ਕਿ ਪੱਕੇ ਹੋਣ ਲਈ ਝੂਠ ਬੋਲਣਾ ਜਾਂ ਬੈਕ ਡੋਰ ਵਰਤਣੇ।''

''ਅੰਕਲ ਜੀ, ਮੇਰੀ ਆਤਮਾ ਨਹੀਂ ਮੰਨਦੀ ਗਲਤ ਕੰਮ ਕਰਨ ਲਈ।''

''ਤੂੰ ਵੱਡਾ ਧਰਮ ਪੁੱਤਰ ਬਣਿਐ ਫਿਰਦੈਂ। ਵਕੀਲ ਪਤਾ ਨਹੀਂ ਤੈਨੂੰ ਕਿਹਨੇ ਬਣਾ ਦਿੱਤਾ, ਉਦੋਂ ਸਾਧੂ ਸੂੰਹ ਦੇ ਕੇਸ ਵੇਲੇ ਵੀ ਕਮਲਾ ਹੋਇਆ ਫਿਰੇ। ਏਹਦਾ ਡੈਡੀ ਏਨਾ ਬਹਾਦਰ ਬੰਦਾ ਐ, ਅਸੀਂ ਆਰਮੀ 'ਚ ਇਕੱਠੇ ਰਹੇ ਆਂ, ਉਹ ਚੁਣ ਚੁਣ ਕੇ ਦੁਸ਼ਮਣ ਮਾਰਦਾ ਹੁੰਦਾ ਸੀ, ਕਦੇ ਸੀਅ ਨਹੀਂ ਸੀ ਕਰਦਾ।''

''ਉਹ ਦੁਸ਼ਮਣ ਹੋਣਗੇ ਪਰ ਇਹ ਤਾਂ ਸਾਧੂ ਸਿੰਘ ਦੀ ਆਪਣੀ ਧੀ ਸੀ ਜਿਹੜੀ ਉਹਨੇ ਮਾਰੀ ਸੀ।''

''ਜਦੋਂ ਬੰਦਾ ਦੁਸ਼ਮਣ ਈ ਹੋ ਜਾਵੇ ਤਾਂ ਰਿਸ਼ਤੇ ਖਤਮ ਹੋ ਜਾਂਦੇ ਆ, ਕੁੜੀ ਨੇ ਦੁਸ਼ਮਣੀ ਕੀਤੀ ਤੇ ਸਾਧੂ ਸਿੰਘ ਨੇ ਪੁਗਾ ਦਿੱਤੀ, ਮੁੱਛ ਨੀਵੀਂ ਨਹੀਂ ਹੋਣ ਦਿੱਤੀ।''

ਕਹਿੰਦਾ ਪਾਲਾ ਸਿੰਘ ਮੁੱਛਾਂ ਨੂੰ ਵਟਾ ਦੇਣ ਲੱਗਦਾ ਹੈ। ਮਨਿੰਦਰ ਆ ਕੇ ਪੁੱਛਦੀ ਹੈ,

''ਡੈਡ, ਚਾਹ ਤਾਂ ਨਹੀਂ ਚਾਹੀਦੀ ?''

''ਨਹੀਂ ਬੇਟਾ, ਜੂਸ ਲਿਆ ਦੇ ਇਨ੍ਹਾਂ ਨੂੰ।''

ਫਿਰ ਉਹ ਬੰਦੇ ਗਿਣਦਾ ਕਹਿੰਦਾ ,

''ਪੁੱਤਰ, ਪੰਜ ਗਲਾਸ ਲਿਆਈਂ।''

ਵੱਡਾ ਪੁੱਤਰ ਮੋਹਣ ਦੇਵ ਵੀ ਕੰਮ ਤੋਂ ਮੁੜ ਆਉਂਦਾ ਹੈ। ਉਹ ਸਭ ਨਾਲ ਹੱਥ ਮਿਲਾ ਕੇ ਬੈਠ ਜਾਂਦਾ ਹੈ। ਸਾਰੇ ਉਸ ਕੋਲ ਵੀ ਅਫਸੋਸ ਕਰਦੇ ਹਨ। ਮੋਹਣ ਦੇਵ ਉਨ੍ਹਾਂ ਦੇ ਅਫਸੋਸ ਦਾ ਉਤਰ ਦੇ ਰਿਹਾ ਹੈ। ਪਾਲਾ ਸਿੰਘ ਦਾ ਇਕ ਹੱਥ ਮੁੱਛਾਂ ਉਪਰ ਹੈ। ਦੋ ਮਰਦ ਤੇ ਇਕ ਔਰਤ ਹੋਰ ਆ ਜਾਂਦੇ ਹਨ। ਔਰਤ ਮਨਿੰਦਰ ਦੇ ਗਲ ਲੱਗ ਕੇ ਰੋਣ ਲੱਗਦੀ ਹੈ। ਦੋਵੇਂ ਮਰਦ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਕਹਿੰਦੇ ਸੈਟੀ 'ਤੇ ਬੈਠ ਜਾਂਦੇ ਹਨ। ਇਕ ਪੁੱਛਦਾ ਹੈ,

''ਨਾ ਭਰਜਾਈ ਨੂੰ ਬਿਮਾਰੀ ਕੀ ਸੀ ?''

''ਬਸ ਅੰਦਰੋ ਅੰਦਰ ਬਿਮਾਰੀ ਸੀ। ਡਾਕਟਰਾਂ ਨੂੰ ਵੀ ਸਮਝ ਨਹੀਂ ਲੱਗੀ, ਅਸੀਂ ਵੀ ਆਸਵੰਦ ਸਿਗੇ ਪਰ ਉਦੋਂ ਈ ਪਤਾ ਚੱਲਿਆ ਜਦੋਂ ਉਹ ਸਾਨੂੰ ਛੱਡ ਕੇ ਤੁਰ ਗਈ।''

''ਬਹੁਤ ਮਾੜਾ ਹੋਇਆ।''

''ਚਲੋ ਜੀ ਓਹਦੀ ਮਰਜ਼ੀ।''

''ਚੱਲ ਪਾਲਾ ਸਿਆਂ ਹੁਣ ਹੌਸਲਾ ਰੱਖ, ਤੂੰ ਹੀ ਇਨ੍ਹਾਂ ਦੀ ਮਾਂ ਐਂ ਤੇ ਤੂੰ ਹੀ ਪਿਓ।''

ਪਾਲਾ ਸਿੰਘ ਹਾਂ ਵਿਚ ਸਿਰ ਮਾਰ ਰਿਹਾ ਹੈ ਤੇ ਹਾਲੇ ਵੀ ਇਕ ਹੱਥ ਉਸ ਦਾ ਮੁੱਛ 'ਤੇ ਹੈ। ਜਦ ਸਾਰੇ ਗੱਲ ਕਰ ਹਟਦੇ ਹਨ ਤਾਂ ਉਹ ਕਹਿੰਦਾ ਹੈ,

''ਜਨਮ ਮਰਨ ਤਾਂ ਉਪਰ ਵਾਲੇ ਦੇ ਹੱਥ ਐ, ਅਸਲ ਗੱਲ ਤਾਂ ਇਹ ਐ ਕਿ ਜਿੰਨੇ ਦਿਨ ਜੀਉਣਾ ਚੰਗੀ ਤਰ੍ਹਾਂ ਜੀਓ, ਇੱਜ਼ਤ ਨਾਲ।''

ਪਰਦੁੱਮਣ ਸਿੰਘ ਜਗਮੋਹਣ ਨੂੰ ਉਠਣ ਲਈ ਇਸ਼ਾਰਾ ਕਰਦਾ ਹੈ। ਜਗਮੋਹਨ ਹਾਲੇ ਬੈਠਣਾ ਚਾਹੁੰਦਾ ਹੈ ਪਰ ਪਰਦੁੱਮਣ ਸਿੰਘ ਦੇ ਕਹਿਣ ਤੇ ਉਸ ਨੂੰ ਉਠਣਾ ਪੈਂਦਾ ਹੈ। ਪਰਦੁੱਮਣ ਸਿੰਘ ਆਖਦਾ ਹੈ,

''ਚੰਗਾ ਬਈ ਪਾਲਾ ਸਿਆਂ, ਮੇਰੇ ਗੋਚਰੇ ਕੋਈ ਕੰਮ ਹੋਇਆ ਤਾਂ ਦੱਸ ਦੇਵੀਂ।''

''ਦੁੱਮਣਾ, ਤੂੰ ਈ ਕਰਨਾ ਸਭ।''

''ਫਿਊਨਰਲ ਕਿੱਦਣ ਐ ?''

''ਇਹਤੋਂ ਅਗਲੇ ਟਿਊਜ਼ਡੇਅ ! ਗਿਆਰਾਂ ਵਜੇ ਬੌਡੀ ਘਰ ਆਉਣੀ ਐ, ਇਕ ਵਜੇ ਹੈਨਵਰਥ ਕਰੈਟੋਰੀਅਮ ਵਿਚ ਐ ਸੰਸਕਾਰ ਤੇ ਦੋ ਵਜੇ ਆਪਾਂ ਸਾਰਿਆਂ ਵੱਡੇ ਗੁਰਦੁਆਰੇ ਪੁੱਜਣਾ।''

''ਆਵਾਂਗੇ, ਪਹਿਲਾਂ ਵੀ ਗੇੜਾ ਮਾਰਾਂਗੇ।''

ਪਰਦੁੱਮਣ ਸਿੰਘ ਤੁਰਦਾ ਹੋਇਆ ਕਹਿੰਦਾ ਹੈ। ਜਗਮੋਹਣ ਵੀ ਪਾਲਾ ਸਿੰਘ ਤੋਂ ਅਲਵਿਦਾ ਲੈ ਲੈਂਦਾ ਹੈ। ਬਾਹਰ ਨਿਕਲਦਿਆਂ ਹੀ ਪਾਲਾ ਸਿੰਘ ਦਾ ਛੋਟਾ ਮੁੰਡਾ ਅਮਰਦੇਵ ਮਿਲਦਾ ਹੈ। ਉਹ ਉਸ ਨਾਲ ਹੱਥ ਮਿਲਾਉਂਦੇ ਬਾਹਰ ਨਿਕਲ ਆਉਂਦੇ ਹਨ। ਪਰਦੁੱਮਣ ਸਿੰਘ ਪੁੱਛਦਾ ਹੈ,

''ਅੱਜ ਜੌਗਿੰਗ ਕਰਨ ਨਹੀਂ ਗਿਆ ?''

''ਸਵੇਰੇ ਸਵੇਰੇ ਗਿਆ ਸੀ, ਜੌਗਿੰਗ ਬਿਨਾਂ ਤਾਂ ਟਿਕਾਅ ਜਿਹਾ ਨਹੀਂ ਆਉਂਦਾ ਤੇ ਦੂਜਾ ਸਵਿਮਿੰਗ ਜ਼ਰੂਰੀ ਹੁੰਦਾ ਸੀ, ਹੁਣ ਕੁਸ਼ ਘਟਿਐ।''

ਸਵਿਮਿੰਗ ਵਾਲੀ ਗੱਲ ਉਹ ਇਕਦਮ ਮੁਕਾ ਜਾਂਦਾ ਹੈ ਜਿਵੇਂ ਕਿ ਉਸ ਦਾ ਮਤਲਬ ਹੀ ਨਾ ਹੋਵੇ। ਸੁੱਖੀ ਦੀ ਮੌਤ ਤੋਂ ਬਾਅਦ ਉਹ ਤੈਰਨ ਲਈ ਬਹੁਤ ਘੱਟ ਜਾਇਆ ਕਰਦਾ ਹੈ। ਕਦੇ ਕਦੇ ਆਪਣੇ ਮੁੰਡਿਆਂ ਨੂੰ ਹੇਜ਼ ਲੈ ਜਾਇਆ ਕਰਦਾ ਹੈ। ਉਹ ਸੋਚਦਾ ਹੈ ਕਿ ਹੁਣ ਨਿਰੰਤਰ ਜਾਣਾ ਸ਼ੁਰੂ ਕਰ ਦੇਵੇਗਾ। ਤੈਰਨਾ ਸਰੀਰ ਲਈ ਵਧੀਆ ਵਰਜਿਸ਼ ਹੈ। ਫਿਰ ਜਗਮੋਹਣ ਮਜ਼ਾਕ ਦੇ ਮੂਡ ਵਿਚ ਆਉਂਦਾ ਆਖਦਾ ਹੈ,

''ਤੁਹਾਡਾ ਅੰਕਲ ਜੀ ਸੂਤ ਐ।''

''ਉਹ ਕਿੱਦਾਂ ?''

''ਜੇ ਅੰਟੀ ਫੈਕਟਰੀ ਹੋਵੇ ਤਾਂ ਘਰ ਵਿਹਲਾ, ਜੇ ਅੰਟੀ ਘਰ ਹੋਵੇ ਤਾਂ ਫੈਕਟਰੀ ਖਾਲੀ ਪਈ ਹੁੰਦੀ ਐ।''

''ਤੂੰ ਬਈ ਜੱਗਿਆ ਸ਼ੈਤਾਨ ਹੋਈ ਜਾਨਾਂ, ਆਪਾਂ ਤਾਂ ਅਗਲੇ ਦੀ ਹੈਲਪ ਕਰਦੇ ਆਂ।''

''ਮੈਂ ਕਿਹੜਾ ਕਹਿੰਨਾ ਕਿ ਤੁਸੀਂ ਅਗਲੇ ਨੂੰ ਲੁੱਟਦੇ ਓ।''

''ਮੈਂ ਤਾਂ ਸਭ ਦਾ ਭਲਾ ਸੋਚਦਾਂ, ਮੈਂ ਚਾਹੁੰਨਾ ਕਿ ਕੁਲਜੀਤ ਪੱਕੀ ਹੋ ਜਾਵੇ ਤੇ ਆਪਣੇ ਘਰ ਵਸੇ, ਤੇਰਾ ਕਹਿਣਾ ਉਹ ਸੱਚ ਐ ਕਿ ਹੋਰ ਬਥੇਰੀਆਂ, ਇਥੇ ਸਾਊਥਾਲ ਵਿਚ ਏਦਾਂ ਦੀਆਂ ਤੀਵੀਆਂ ਦਾ ਘਾਟਾ ਨਹੀਂ ਪਰ ਜਿੰਨਾ ਚਿਰ ਖਾ ਪੀ ਹੁੰਦੈ ਖਾਈ ਜਾਨੇ ਆਂ, ਸੱਚ ਗੱਲ ਤਾਂ ਇਹੋ ਐ।''

''ਜੋ ਵੀ ਸੱਚ ਹੋਵੇ ਜਦ ਕੁੜੀ ਨੂੰ ਏਦਾਂ ਚਾਟੇ ਲਾ ਲੈਣਾ ਤਾਂ ਮੁੜ ਵਸਣ ਜੋਗੀ ਕਿਥੋਂ ਰਹਿਣੈ।''

''ਮੈਂ ਬੁੱਢਾ ਬੰਦਾ ਭਲਾ ਉਹਨੂੰ ਕਿਧਰੋਂ ਚਾਟੇ ਲਾ ਲਊਂ। ਉਹਦੀ ਕਿਹੜੀ ਆਦਤ ਵਿਗਾੜ ਦੇਊ।''

''ਜੋ ਵੀ ਹੋਵੇ ਉਹਨੇ ਪੱਕੀ ਹੋ ਜਾਣੈ, ਉਹਦੇ ਕੇਸ ਵਿਚ ਦਮ ਹੈਗਾ, ਉਹਦੇ ਸਹੁਰਿਆਂ ਦੀ ਜ਼ਿਆਦਤੀ ਸਾਫ ਦਿੱਸਦੀ ਐ। ਪਰ ਟਾਈਮ ਲੱਗ ਜਾਣੈ।''

''ਕਿੰਨੇ ਕੁ ਟਾਈਮ ਵਿਚ ਬਣ ਜਾਊ ਗੱਲ ?''

''ਸਾਲ ਜਾਂ ਹੋ ਸਕਦੈ ਛੇ ਮਹੀਨੇ ਵਿਚ ਈ।''

ਆਖਦਾ ਜਗਮੋਹਣ ਆਪਣੀ ਕਾਰ ਵਲ ਨੂੰ ਤੁਰ ਪੈਂਦਾ ਹੈ।

ਪਰਦੁੱਮਣ ਮੁੜ ਕਾਰ ਤੋਰਦਾ ਸੋਚਣ ਲੱਗਦਾ ਹੈ ਕਿ ਛੇ ਮਹੀਨੇ ਤਾਂ ਆਏ ਕਿ ਆਏ। ਉਸ ਦੇ ਮਨ ਵਿਚ ਆਉਂਦਾ ਹੈ ਕਿ ਕਿਉਂ ਨਾ ਕੁਲਜੀਤ ਨੂੰ ਉਹ ਕਿਸੇ ਦਿਨ ਕਾਰੇ ਨੂੰ ਮਿਲਾ ਲਿਆਵੇ। ਕਾਰੇ ਨੇ ਉਸ ਦਿਨ ਉਸ ਨੂੰ ਪੱਬ ਵਿਚ ਸੱਦਿਆ ਸੀ ਤਾਂ ਉਸ ਨਾਲ ਜੁਆਨ ਜਿਹੀ ਔਰਤ ਵੀ ਸੀ ਜਿਸ ਦਾ ਕਾਰਾ ਉਸ ਉਪਰ ਰੋਹਬ ਪਾ ਰਿਹਾ ਸੀ। ਉਹ ਬੁੜਬੁੜਾਉਂਦਾ ਕਹਿੰਦਾ ਹੈ,

''ਕਾਰਿਆ, ਮੈਂ ਆਇਆ ਆਪਣੇ ਬਰਡ ਨੂੰ ਲੈ ਕੇ ਤੇਰੇ ਕੋਲ।''

ਬਾਈ

ਜਿੰਨੇ ਦਿਨ ਮਹਿਮਾਨ ਆਉਂਦੇ ਰਹਿੰਦੇ ਹਨ ਤਾਂ ਪਾਲਾ ਸਿੰਘ ਦਾ ਦਿਲ ਲੱਗਿਆ ਰਹਿੰਦਾ ਹੈ। ਸਾਰੀਆਂ ਰਸਮਾਂ ਖਤਮ ਹੋਣ ਤੋਂ ਬਾਅਦ ਉਹ ਇਕੱਲਾ ਰਹਿ ਜਾਂਦਾ ਹੈ। ਭਾਵੇਂ ਮਰਨ ਤੋਂ ਪਹਿਲਾਂ ਕਈ ਹਫਤੇ ਨਸੀਬ ਕੌਰ ਦੇ ਹਸਪਤਾਲ ਰਹਿਣ ਕਾਰਣ ਉਹ ਇਕੱਲਾ ਰਿਹਾ ਹੈ ਪਰ ਹੁਣ ਉਹ ਜ਼ਿਆਦਾ ਇਕੱਲਾ ਰਹਿ ਗਿਆ ਮਹਿਸੂਸ ਕਰਦਾ ਹੈ। ਨਸੀਬ ਕੌਰ ਦਾ ਹਸਪਤਾਲ ਪਈ ਦਾ ਹੀ ਆਸਰਾ ਸੀ। ਫਿਰ ਉਹ ਸੋਚਦਾ ਹੈ ਕਿ ਉਹ ਫੌਜੀ ਆਦਮੀ ਹੈ ਤੇ ਫੌਜੀ ਨੂੰ ਕੀ ਕਹਿ ਇਕੱਲਤਾ। ਉਹ ਸਿਰ ਨੂੰ ਛੰਡਦਾ ਹੈ ਤੇ ਜਿਵੇਂ ਤਾਜ਼ਾ ਹੋ ਗਿਆ ਹੋਵੇ। ਉਹ ਆਪਣੀ ਟਰਾਊਜ਼ਰ ਤੇ ਕਮੀਜ਼ ਪ੍ਰੈਸ ਕਰਦਾ ਹੈ ਤੇ ਤਿਆਰ ਹੋਣ ਲੱਗਦਾ ਹੈ। ਤਿਆਰ-ਬਰ-ਤਿਆਰ ਰਹਿਣ ਦੀ ਉਸ ਨੂੰ ਪਹਿਲੇ ਦਿਨ ਤੋਂ ਹੀ ਆਦਤ ਹੈ। ਆਪਣਾ ਆਪ ਬਿਸਤਰਾ ਵਿਛਾਉਂਦਾ ਤੇ ਇਕੱਠਾ ਕਰਦਾ ਹੈ। ਆਪਣੇ ਕੱਪੜੇ ਆਪ ਪ੍ਰੈਸ ਕਰਦਾ ਹੈ। ਮਸ਼ੀਨ ਵਿਚ ਵੀ ਆਪ ਹੀ ਪਾ ਦਿੰਦਾ ਹੈ। ਉਸ ਨੂੰ ਘਰ ਦੇ ਕਿਸੇ ਕੰਮ ਵਿਚ ਨਸੀਬ ਕੌਰ ਦੀ ਜ਼ਰੂਰਤ ਨਹੀਂ ਹੈ ਤੇ ਬਸ ਸਾਹਮਣੇ ਦਿੱਸਦੀ ਰਹਿਣ ਦੀ ਭੁੱਖ ਹੈ। ਨਸੀਬ ਕੌਰ ਦੇ ਅਲੋਪ ਜਾਣ ਤੇ ਇਹ ਭੁੱਖ ਕਦੇ ਕਦੇ ਜ਼ਿਆਦਾ ਤੰਗ ਕਰਨ ਲਗਦੀ ਹੈ।

ਘਰ ਦੇ ਸਾਰੇ ਕੰਮ ਮੁਕਾ ਕੇ ਉਹ ਸੋਚ ਰਿਹਾ ਹੈ ਕਿ ਕਿਧਰ ਜਾਵੇ। ਬਹੁਤੀ ਦੇਰ ਘਰ ਬੈਠਣਾ ਉਸ ਨੂੰ ਚੰਗਾ ਨਹੀਂ ਲਗ ਰਿਹਾ। ਕਿਸੇ ਨਾਲ ਗੱਲਾਂ ਕਰਨ ਦਾ ਮਨ ਹੈ ਉਸ ਦਾ। ਪਾਰਕਾਂ ਵਿਚ ਕੋਈ ਨਾ ਕੋਈ ਮਿਲ ਜਾਂਦਾ ਹੈ। ਉਹ ਸੋਚ ਰਿਹਾ ਹੈ ਵਕਤ ਨਾਲ ਨਿਪਟਣ ਲਈ ਕਿਧਰ ਜਾਵੇ। ਕਈ ਵਾਰ ਉਹ 'ਬੁਢਾਪਾ ਘਰ' ਵਿਚ ਵੀ ਚਲੇ ਜਾਇਆ ਕਰਦਾ ਹੈ ਪਰ ਉਸ ਨੂੰ ਲਗਦਾ ਹੈ ਕਿ ਇਹ ਉਸ ਦੀ ਮੰਜ਼ਲ ਨਹੀਂ ਹੈ। ਉਹ ਹਾਲੇ ਇੰਨਾ ਬੁੱਢਾ ਨਹੀਂ ਹੈ ਕਿ ਕਿਸੇ ਦੇ ਆਸਰੇ ਦੀ ਲੋੜ ਪਵੇ। ਉਹ ਕਿਸੇ ਅਜਿਹੀ ਜਗਾਹ ਜਾਣਾ ਚਹੁੰਦਾ ਹੈ ਜਿਥੇ ਜ਼ਿੰਦਗੀ ਧੜਕਦੀ ਹੈ। ਉਹ ਪਾਰਕ ਵਿਚ ਹੀ ਜਾਵੇਗਾ ਪਰ ਸੋਚ ਰਿਹਾ ਹੈ ਕਿ ਪਾਰਕ ਜਾਵੇ ਤਾਂ ਕਿਹੜੇ ਜਾਵੇ। ਸਪਾਈਕਸ ਪਾਰਕ ਤੇ ਸਾਊਥਾਲ ਪਾਰਕ ਦੋਵੇਂ ਹੀ ਉਸ ਦੇ ਘਰੋਂ ਇਕੋ ਜਿੰਨੀ ਦੂਰੀ 'ਤੇ ਹਨ। ਸਾਊਥਾਲ ਪਾਰਕ ਉਸ ਨੂੰ ਇਸ ਲਈ ਬਹੁਤਾ ਪਸੰਦ ਨਹੀਂ ਕਿ ਉਥੇ ਸ਼ਰਾਬੀ ਬਹੁਤੇ ਹੁੰਦੇ ਹਨ। ਸ਼ਰਾਬੀ ਉਸ ਨੂੰ ਇੰਨੇ ਬੁਰੇ ਨਹੀਂ ਲੱਗਦੇ ਜਿੰਨੇ ਕਿ ਡਿਪਰੈਸ਼ਨ ਦੇ ਮਰੀਜ਼। ਪੂਰੇ ਸਾਊਥਾਲ ਵਿਚ ਹੁਣ ਡਿਪਰੈਸ਼ਨ ਵਿਚ ਗ੍ਰੱਸੇ ਲੋਕ ਦੀ ਗਿਣਤੀ ਵਧ ਰਹੀ ਹੈ। ਸਾਊਥਾਲ ਪਾਰਕ ਵਿਚ ਅਧਿੱਕਤਰ ਅਜਿਹੇ ਲੋਕ ਹੀ ਹੁੰਦੇ ਹਨ। ਫਿਰ ਵੀ ਉਥੇ ਜਾਵੋ ਤਾਂ ਕੁਝ ਕੁ ਬੁੜ੍ਹੇ ਗੱਪਾਂ ਮਾਰਨ ਲਈ ਮਿਲ ਹੀ ਜਾਂਦੇ ਹਨ। ਵੈਸੇ ਸਪਾਈਕਸ ਪਾਰਕ ਵਿਚ ਜਾਣਾ ਉਸ ਨੂੰ ਚੰਗਾ ਲੱਗਦਾ ਹੈ ਪਰ ਉਥੇ ਨੌਜਵਾਨ ਤਬਕਾ ਹੀ ਜ਼ਿਆਦਾ ਹੁੰਦਾ ਹੈ ਜੋ ਆਪਸ ਵਿਚ ਗੱਲਾਂ ਕਰਦਾ ਹਿੜ ਹਿੜ ਕਰਦਾ ਹਸਦਾ ਰਹਿੰਦਾ ਹੈ। ਕਈ ਵਾਰ ਉਸ ਵਾਂਗ ਹੀ ਪਿਆਰਾ ਸਿੰਘ, ਗੁਲਜ਼ਾਰਾ ਸਿੰਘ, ਫਤਹਿ ਮੁਹੰਮਦ ਜਾਂ ਤਰਸੇਮ ਲਾਲ ਆ ਜਾਂਦੇ ਹਨ। ਜਦ ਕਦੇ ਵੀ ਇਵੇਂ ਇਕੱਠੇ ਹੋ ਜਾਣ ਤਾਂ ਵਾਹਵਾ ਗੱਪ ਸ਼ੱਪ ਹੋ ਜਾਂਦੀ ਹੈ। ਘਰੋਂ ਬਾਹਰ ਨਿਕਲਦਾ ਹੈ ਤਾਂ ਮੀਂਹ ਪੈਣ ਲੱਗਦਾ ਹੈ। ਪਾਰਕਾਂ ਵਿਚ ਤਾਂ ਕਿਸੇ ਨੇ ਹੋਣਾ ਹੀ ਨਹੀਂ। ਬਰਨ ਰੋਡ ਤੋਂ ਨਿਕਲ ਉਹ ਲੇਡੀ ਮਾਰਗਰੇਟ ਰੋਡ ਉਪਰ ਆ ਪੈਂਦਾ ਹੈ। ਇਥੇ ਦੁਕਾਨਾਂ ਦੀ ਪ੍ਰੇਡ ਹੈ ਜਿਸ ਵਿਚ ਸੁੱਖਾ ਸਿੰਘ ਦਾ ਡਾਕਖਾਨਾ ਵੀ ਹੈ ਜਿਥੋਂ ਉਹ ਪੈਨਸ਼ਨ ਲੈਂਦਾ ਹੈ। ਉਥੇ ਵੀ ਸੁੱਖਾ ਸਿੰਘ ਕੋਲ ਕਈ ਵਾਰ ਉਹ ਜਾ ਖੜਿਆ ਕਰਦਾ ਹੈ। ਡਾਕਖਾਨਾ ਤਾਂ ਉਸ ਦੇ ਨੂੰਹ ਪੁੱਤਰ ਚਲਾਉਂਦੇ ਹਨ। ਸੁੱਖਾ ਸਿੰਘ ਕਾਊਂਟਰ 'ਤੇ ਬੈਠਾ ਸਵੀਟਾਂ-ਚਾਕਲੇਟ ਵੇਚਿਆ ਕਰਦਾ ਹੈ। ਪਾਲਾ ਸਿੰਘ ਇਕ ਪਾਸੇ ਟੇਬਲ ਉਪਰ ਬੈਠਾ ਮੁੱਛਾਂ ਨੂੰ ਵਟਾ ਦਿੰਦਾ ਫੌਜ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ ਹੈ। ਜੇ ਉਹ ਸੁੱਖਾ ਸਿੰਘ ਕੋਲ ਨਾ ਜਾਵੇ ਤਾਂ ਗੁਰਦਿਆਲ ਸਿੰਘ ਕੋਲ ਕਿੰਗ ਸਟਰੀਟ ਚਲੇ ਜਾਇਆ ਜਾਂਦਾ ਹੈ।

ਲੇਡੀ ਮਾਰਗਰੇਟ ਰੋਡ ਉਪਰ ਪਹੁੰਚਦਾ ਹੈ ਤਾਂ ਉਸ ਨੂੰ ਇਕ ਸੌ ਵੀਹ ਨੰਬਰ ਬੱਸ ਆਉਂਦੀ ਦਿੱਸਦੀ । ਉਹ ਜੇਬ ਵਿਚ ਹੱਥ ਮਾਰਦਾ ਬੱਸ ਪਾਸ ਟਟੋਲਣ ਲੱਗਦਾ ਹੈ। ਬੱਸ ਸਟੌਪ 'ਤੇ ਪਹੁੰਚਦਾ ਹੈ ਤਾਂ ਨਾਲ ਦੇ ਘਰ ਵਾਲਾ ਮੁੰਡਾ ਜਿਹੜਾ ਕਿ ਉਚੀ ਜਿਹੀ ਪੱਗ ਬੰਨ੍ਹਦਾ ਹੈ, ਫਤਹਿ ਬੁਲਾਉਂਦਾ ਹੈ। ਇਹ ਮੁੰਡਾ ਉਸ ਨੂੰ ਰੋਜ਼ ਗੁਰਦੁਆਰੇ ਮਿਲਿਆ ਕਰਦਾ ਹੈ ਪਰ ਉਹ ਬਹੁਤਾ ਧਿਆਨ ਨਹੀਂ ਦਿੰਦਾ। ਉਹ ਸੋਚ ਰਿਹਾ ਹੈ ਕਿ ਨਸੀਬ ਕੌਰ ਦੇ ਹਸਪਤਾਲ ਹੁੰਦਿਆਂ ਉਸ ਨੂੰ ਦੇਖਣ ਜਾਣ ਦਾ ਹੀ ਵੱਡਾ ਆਹਰ ਹੁੰਦਾ ਸੀ।

ਗੁਰਦਿਆਲ ਸਿੰਘ ਉਸ ਦਾ ਪੇਂਡੂ ਹੈ, ਦੋਸਤ ਤੇ ਇੱਜ਼ਤ ਅਤੇ ਦੁੱਖ-ਸੁੱਖ ਦਾ ਸਾਂਝੀ ਵੀ । ਉਸ ਦੀ ਇਹ ਬਹੁਤ ਪੁਰਾਣੀ ਟ੍ਰੈਵਲ ਏਜੰਸੀ ਹੈ। ਕੋਈ ਵੇਲਾ ਸੀ ਜਦੋਂ 'ਵਾਸ ਪ੍ਰਵਾਸ' ਵਿਚ ਪੂਰੇ ਸਫੇ ਦਾ ਉਸ ਦੀ ਏਜੰਸੀ ਦਾ ਇਸ਼ਤਿਹਾਰ ਆਇਆ ਕਰਦਾ ਸੀ। ਹੁਣ ਤਾਂ ਉਸ ਦੀ ਵਾਕਫੀ ਹੀ ਏਨੀ ਹੈ ਕਿ ਕਿਸੇ ਕਿਸਮ ਦੀ ਮਸ਼ਹੂਰੀ ਦੀ ਜ਼ਰੂਰਤ ਨਹੀਂ। ਉਹ ਹੁਣ ਬੌਸ ਵਾਂਗ ਪਿੱਛੇ ਬੈਠਿਆ ਕਰਦਾ ਹੈ, ਵੱਡੇ ਸਾਰੇ ਦਫਤਰ ਵਿਚ। ਮੂਹਰੇ ਉਸ ਦਾ ਮੁੰਡਾ ਸ਼ਿਵਰਾਜ ਤੇ ਨੂੰਹ ਬੈਠਦੇ ਹਨ, ਨਾਲ ਤਿੰਨ-ਚਾਰ ਹੋਰ ਕੰਮ ਕਰਨ ਵਾਲੇ ਮੁੰਡੇ ਕੁੜੀਆਂ ਵੀ ਹਨ। ਗੁਰਦਿਆਲ ਸਿੰਘ ਦੇ ਮੁੰਡੇ ਨੇ ਕੰਮ ਪੂਰੀ ਤਰ੍ਹਾਂ ਸੰਭਾਲਿਆ ਹੋਇਆ ਹੈ। ਪੜ੍ਹਾਈ ਵਿਚ ਮੁੰਡਾ ਫਾਡੀ ਹੀ ਸੀ। ਜਦ ਪਾਲਾ ਸਿੰਘ ਦੇ ਮੁੰਡੇ ਵਧੀਆ ਗਰੇਡਾਂ ਨਾਲ ਅਗਲੀ ਕਲਾਸ ਵਿਚ ਹੁੰਦੇ ਤਾਂ ਸ਼ਿਵਰਾਜ ਮਸਾਂ ਹੀ ਅੱਗੇ ਤੁਰਿਆ ਹੁੰਦਾ। ਹਾਈ ਸਕੂਲ ਤੋਂ ਬਾਅਦ ਅੱਗੇ ਪੜ੍ਹਨੋਂ ਉਸ ਨੇ ਜਵਾਬ ਦੇ ਦਿੱਤਾ। ਪਾਲਾ ਸਿੰਘ ਤੇ ਨਸੀਬ ਕੌਰ ਉਸ ਉਪਰ ਹੱਸਿਆ ਕਰਦੇ ਸਨ ਪਰ ਸ਼ਿਵਰਾਜ ਬਿਜ਼ਨਸ ਨੂੰ ਹੁਸ਼ਿਆਰ ਨਿਕਲਿਆ। ਗੁਰਦਿਆਲ ਸਿੰਘ ਉਸ ਨੂੰ ਪਿੰਡ ਲੈ ਕੇ ਗਿਆ ਤੇ ਗੱਜ ਵੱਜ ਕੇ ਉਸ ਦਾ ਵਿਆਹ ਕਰਕੇ ਲਿਆਇਆ। ਨੂੰਹ ਵੀ ਏਨੀ ਲਾਈਕ ਮਿਲੀ ਕਿ ਸ਼ਿਵਰਾਜ ਦੇ ਬਰਾਬਰ ਬੈਠ ਬਿਜ਼ਨਸ ਸੰਭਾਲਦੀ ਹੈ। ਸ਼ਿਵਰਾਜ ਪੜ੍ਹਨ ਵਿਚ ਕਮਜ਼ੋਰ ਚੱਲ ਰਿਹਾ ਸੀ ਪਰ ਜਦ ਸ਼ਿਵਰਾਜ ਨੇ ਕੰਮ ਚੁੱਕ ਲਿਆ ਤਾਂ ਸਾਰੇ ਹੈਰਾਨ ਹੋ ਹੋ ਜਾਂਦੇ। ਸ਼ਿਵਰਾਜ ਕਿੰਨਾ ਵੀ ਕਾਮਯਾਬ ਹੋ ਜਾਵੇ ਪਰ ਪੜ੍ਹਾਈ ਬਿਨਾਂ ਅਧੂਰਾ ਹੈ, ਇਹ ਗੱਲ ਪਾਲਾ ਸਿੰਘ ਸਦਾ ਹੀ ਸੋਚਦਾ ਹੈ। ਉਸ ਨੂੰ ਮਾਣ ਹੈ ਕਿ ਉਸ ਦੇ ਮੁੰਡੇ ਵੱਡੀਆਂ ਡਿਗਰੀਆਂ ਕਰ ਗਏ ਹਨ।

ਉਹ ਬੱਸ ਵਿਚ ਚੜ੍ਹ ਜਾਂਦਾ ਹੈ। ਡਰਾਈਵਰ ਨੂੰ ਪਾਸ ਦਿਖਾ ਕੇ ਬੈਠ ਜਾਂਦਾ ਹੈ। ਬੱਸ ਵਿਚ ਕਈ ਜਾਣੂ ਚਿਹਰੇ ਹਨ। ਬੱਸਾਂ ਵਿਚ ਸਫਰ ਕਰਨ ਵਾਲਿਆਂ ਦੀ ਵੀ ਵੱਖਰੀ ਜਿਹੀ ਦੁਨੀਆਂ ਹੈ। ਇਕ ਦੂਜੇ ਦੇ ਚਿਹਰਿਆਂ ਤੋਂ ਹੀ ਵਾਕਫ ਹੁੰਦੇ ਹਨ। ਇਹ ਲੋਕ ਆਪਸ ਵਿਚ ਕੋਈ ਬੋਲ ਸਾਂਝੇ ਨਾ ਵੀ ਕਰਨ ਪਰ ਫਿਰ ਵੀ ਇਕ ਦੂਜੇ ਨੂੰ ਆਪਣਾ ਆਪਣਾ ਸਮਝਦੇ ਹਨ। ਉਸ ਨੂੰ ਬੱਸ ਵਿਚ ਸਫਰ ਕਰਨਾ ਚੰਗਾ ਲਗਦਾ ਹੈ। ਹਾਲੇ ਵੀ ਕਾਰ ਘਰੇ ਖੜੀ ਹੈ। ਉਹ ਬਹੁਤ ਘੱਟ ਵਰਤਦਾ ਹੈ। ਉਹ ਪੈਦਲ ਤੁਰ ਕੇ ਵੀ ਖੁਸ਼ ਰਹਿੰਦਾ ਹੈ। ਉਹ ਸਮਝਦਾ ਹੈ ਕਿ ਤੁਰਨਾ ਸਿਹਤ ਲਈ ਵਧੀਆ ਗੱਲ ਹੈ। ਕਾਰ ਕਦੇ ਮਨਿੰਦਰ ਚਲਾ ਲੈਂਦੀ ਹੈ ਜਾਂ ਅਮਰਦੇਵ। ਮੋਹਨਦੇਵ ਕੋਲ ਤਾਂ ਆਪਣੀ ਕਾਰ ਹੈ। ਨਸੀਬ ਕੌਰ ਜੀਉਂਦੀ ਤੇ ਉਹ ਟੈਸਕੋ ਆਦਿ ਸ਼ੌਪਿੰਗ ਕਰਨ ਜਾਇਆ ਕਰਦੇ ਸਨ ਪਰ ਹੁਣ ਤਾਂ ਉਹ ਸੀਰੇ ਵਾਲਿਆਂ ਦਿਓਂ ਹੀ ਆਟਾ ਵਗੈਰਾ ਲੈ ਲੈਂਦਾ ਹੈ। ਉਹ ਘਰੇ ਛੱਡ ਜਾਂਦੇ ਹਨ। ਸ਼ੌਪਿੰਗ ਹੁੰਦੀ ਵੀ ਕਿਤੇ ਕਿੰਨੀ ਕੁ ਹੈ। ਉਹ ਇਕੱਲਾ ਹੀ ਹੈ ਰੋਟੀ ਖਾਣ ਵਾਲਾ। ਬਾਕੀ ਸਾਰੇ ਤਾਂ ਬਾਹਰ ਹੀ ਖਾ ਆਉਂਦੇ ਹਨ। ਜਾਂ ਫਿਰ ਪੀਜ਼ਾ ਜਾਂ ਕੋਈ ਹੋਰ ਜੰਕ ਫੂਡ ਮੰਗਵਾ ਲੈਂਦੇ ਹਨ। ਜੇਕਰ ਉਹ ਕਾਰ ਨਾ ਵੀ ਰੱਖੇ ਤਾਂ ਵੀ ਸਰ ਸਕਦਾ ਹੈ ਪਰ ਉਸ ਨੂੰ ਘਰ ਮੂਹਰੇ ਖੜੀ ਕਾਰ ਚੰਗੀ ਲਗਦੀ ਹੈ। ਗੁਰਦਵਾਰੇ ਜਾਣਾ ਹੋਵੇ ਤਾਂ ਕਈ ਵਾਰ ਉਹ ਪੈਦਲ ਹੀ ਵਗ ਜਾਂਦਾ ਹੈ। ਮੌਸਮ ਠੀਕ ਹੋਵੇ ਤਾਂ ਬੱਸ ਲੈਣ ਦਾ ਕੀ ਫਾਇਆ।

ਉਹ ਸਿੱਧਾ ਗੁਰਦਿਆਲ ਸਿੰਘ ਦੇ ਦਫਤਰ ਵਿਚ ਪਿੱਛੇ ਹੀ ਚਲੇ ਜਾਂਦਾ ਹੈ। ਉਹ ਉਸ ਨੂੰ ਦੇਖ ਕੇ ਖੁਸ਼ ਹੋ ਜਾਂਦਾ ਹੈ ਤੇ ਆਖਦਾ ਹੈ,

''ਮੈਂ ਸੋਚਦਾ ਸੀ ਕਿ ਬੈਂਕ ਕੇਹਨੂੰ ਭੇਜਾਂ, ਲੈ ਤੂੰ ਆ ਗਿਐਂ।''

''ਲਿਆ, ਬੈਂਕ ਜਾ ਆਉਨੇ ਆਂ, ਆਹ ਨਾਲ ਤਾਂ ਬੈਂਕ ਐ।''

ਪਾਲਾ ਸਿੰਘ ਆਖਦਾ ਹੈ। ਗੁਰਦਿਆਲ ਸਿੰਘ ਉਸ ਨੂੰ ਇਕ ਲਿਫਾਫਾ ਦਿੰਦਾ ਹੈ ਜਿਸ ਵਿਚ ਪੈਸੇ ਜਮ੍ਹਾਂ ਕਰਾਉਣ ਵਾਲੀ ਬੁੱਕ ਹੈ ਤੇ ਕੁਝ ਚੈੱਕ ਹਨ।

ਬੈਂਕ ਤੋਂ ਵਿਹਲਾ ਹੋ ਕੇ ਪਾਲਾ ਸਿੰਘ ਢਿੱਲਾ ਜਿਹਾ ਹੋ ਕੇ ਬੈਠ ਜਾਂਦਾ ਹੈ। ਗੁਰਦਿਆਲ ਸਿੰਘ ਆਖਦਾ ਹੈ,

''ਬੜੇ ਨੂੰ ਵਿਆਹ ਲੈ ਪਾਲਾ ਸਿਆਂ।''

''ਜੇ ਉਹ ਨਾ ਮਰਦੀ ਤਾਂ ਵਿਆਹ ਈ ਲੈਣਾ ਸੀ, ਹੁਣ ਤਾਂ ਆਹ ਸਾਲ ਠਹਿਰਨਾ ਪੈਣਾ।''

''ਸਾਲ ਠਹਿਰਨ ਵਾਲੀ ਕਿਹੜੀ ਗੱਲ ਐ, ਤੈਨੂੰ ਲੋੜ ਅੱਜ ਐ।''

''ਲੋਕ ਕੀ ਕਹਿਣਗੇ।''

''ਲੋਕਾਂ ਨੂੰ ਨਈਂ ਦਿੱਸਦਾ ਕਿ ਤੈਨੂੰ ਘਰ ਵਿਚ ਨੂੰਹ ਦੀ ਲੋੜ ਐ ਜਿਹੜੀ ਘਰ ਸੰਭਾਲੇ।''

ਗੁਰਦਿਆਲ ਸਿੰਘ ਆਖਦਾ ਹੈ ਤੇ ਸ਼ੀਸ਼ੇ ਰਾਹੀਂ ਆਪਣੀ ਨੂੰਹ ਵੱਲ ਦੇਖਣ ਲੱਗਦਾ ਹੈ। ਉਹ ਫਿਰ ਆਖਦਾ ਹੈ,

''ਜੇ ਕੁੜੀ ਇੰਡੀਆ ਤੋਂ ਮਿਲ ਜਾਵੇ ਤਾਂ ਕੀ ਕਹਿਣੇ ਆਂ।''

''ਕਿਸਮਤ ਦੀਆਂ ਗੱਲਾਂ ਐ ਗੁਰਦਿਆਲ ਸਿਆਂ, ਇੰਡੀਆ ਵਾਲੀਆਂ ਵੀ ਘੱਟ ਨਈਂ, ਪਹਿਲਾਂ ਈ ਕਿਸੇ ਨਾਲ ਅੱਟੀ ਸੱਟੀ ਲਾ ਆਉਂਦੀਆਂ ਕਿ ਪੱਕੀ ਹੋ ਕੇ ਮੰਗਾਊਂ, ਬਸ ਕਿਸਮਤ ਸਹੀ ਹੋਵੇ ਤਾਂ....।''

''ਖਾਨਦਾਨ ਦੀ ਕੁੜੀ ਹੋਵੇ ਤਾਂ ਕਾਹਨੂੰ ਏਦਾਂ....। ਫੇਰ ਮੋਹਣਦੇਵ ਵਿਚ ਕਿਹੜਾ ਨੁਕਸ ਐ, ਸੁਹਣਾ ਐ, ਜਵਾਨ ਐ, ਨੌਕਰੀ 'ਤੇ ਐ।''

''ਗੱਲ ਤਾਂ ਤੇਰੀ ਠੀਕ ਐ, ਅੱਜ ਗੱਲ ਕਰੂੰ ਉਹਦੇ ਨਾਲ ਜੇ ਆ ਗਿਆ ਤਾਂ।''

''ਰੋਜ਼ ਨਹੀਂ ਆਉਂਦਾ ?''

''ਕਈ ਵਾਰ ਨਹੀਂ ਵੀ ਆਉਂਦਾ, ਇਲਫੋਰਡ ਤੋਂ ਕਿਹੜਾ ਆਵੇ।''

ਪਾਲਾ ਸਿੰਘ ਕਹਿੰਦਾ ਹੈ ਤੇ ਮਨ ਹੀ ਮਨ ਮੁੰਡੇ ਦੇ ਵਿਆਹ ਬਾਰੇ ਸੋਚਦਾ ਖੁਸ਼ ਹੋਣ ਲੱਗਦਾ ਹੈ। ਨਾਲ ਹੀ ਉਸ ਦੇ ਮਨ ਵਿਚ ਇਹ ਵਿਚਾਰ ਵੀ ਉਠਦਾ ਹੈ ਕਿ ਇਲਫੋਰਡ ਤੋਂ ਆਉਣ ਲਈ ਕਿਹੜਾ ਦਰਿਆ ਪੈਂਦਾ ਹੈ ਜੇ ਆਉਣਾ ਚਾਹੇ ਤਾਂ ਆ ਹੀ ਸਕਦਾ ਹੈ ਪਰ ਉਹ ਇਸ ਸੋਚ ਨੂੰ ਸਥਿਗਤ ਕਰਦਾ ਮੁੰਡੇ ਦੇ ਵਿਆਹ ਦੀਆਂ ਸਕੀਮਾਂ ਹੀ ਬਣਾਉਂਣ ਲਗਦਾ ਹੈ। ਉਹ ਇੰਡੀਆ ਜਾਵੇਗਾ, ਮੁੰਡੇ ਦਾ ਵਿਆਹ ਕਰੇਗਾ। ਪੈਸਿਆਂ ਦੀਆਂ ਮੁੱਠਾਂ ਭਰ ਭਰ ਕੇ ਮੁੰਡੇ ਦੇ ਉਪਰ ਦੀ ਸੁੱਟੇਗਾ। ਸਾਰੇ ਪਿੰਡ ਨੂੰ ਬਰਾਤੇ ਲੈ ਜਾਵੇਗਾ। ਰਿਸ਼ਤੇਦਾਰਾਂ ਨੂੰ ਸੱਦੇਗਾ। ਉਸ ਦੀ ਬੱਲੇ ਬੱਲੇ ਹੋ ਜਾਵੇਗੀ। ਛੇਤੀ ਹੀ ਉਹ ਬਾਬਾ ਬਣ ਜਾਵੇਗਾ। ਪੋਤੇ ਨੂੰ ਖਿਲਾਵੇਗਾ। ਉਹ ਮੁੱਛਾਂ ਨੂੰ ਵਟਾ ਦੇਣ ਲੱਗਦਾ ਹੈ। ਉਸ ਦੀ ਉਮਰ ਤਾਂ ਬਾਬਾ ਬਣਨ ਦੀ ਕਦੋਂ ਦੀ ਹੋ ਚੁੱਕੀ ਹੈ।

ਉਹ ਬੱਸ ਵਿਚੋਂ ਉਤਰਦਾ ਹੈ। ਉੱਚੀ ਪੱਗ ਵਾਲਾ ਮੁੰਡਾ ਉਸ ਨੂੰ ਫਿਰ ਮਿਲਦਾ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਉਹ ਤਾਂ ਸੇਮਾ ਹੈ ਜੋ ਉਸ ਨੂੰ ਸਵੇਰੇ ਗੁਰਦੁਆਰੇ ਮਿਲਦਾ ਹੈ। ਕਈ ਵਾਰ ਉਸ ਨਾਲ ਤੁਰ ਕੇ ਵੀ ਜਾਇਆ ਕਰਦਾ ਹੈ। ਉਹ ਪੁੱਛਦਾ ਹੈ,

''ਤੂੰ ਬਈ ਯੰਗ ਮੈਨ ਇਥੇ ਰਹਿੰਨਾ ?''

''ਹਾਂ ਅੰਕਲ ਜੀ, ਕੌਂਸਲ ਨੇ ਘਰ ਦਿੱਤਾ ਮੈਨੂੰ, ਮੇਰੀ ਮਦਰ ਵੀ ਆ ਗਈ ਸੀ ਨਾ।''

''ਚੱਲ ਵਧੀਆ ਹੋ ਗਿਆ, ਬਸ ਹੁਣ ਟਿਕ ਕੇ ਕੰਮ ਕਰੀਂ, ਏਸ ਮੁਲਕ ਵਿਚ ਕੰਮ ਬਿਨਾਂ ਕੁਸ਼ ਨਈਂ।''

ਉਹ ਘਰ ਪਹੁੰਚਦਾ ਹੈ। ਇਕੱਲਾ ਘਰ ਖਾਣ ਨੂੰ ਪੈਂਦਾ ਹੈ। ਉਹ ਮੁੱਛਾਂ ਨੂੰ ਵਟਾ ਦੇਣ ਲੱਗਦਾ ਹੈ। ਰਸੋਈ ਵਿਚ ਜਾ ਕੇ ਦੇਖਦਾ ਹੈ। ਦਾਲ ਸਵੇਰ ਦੀ ਬਣੀ ਪਈ ਹੈ। ਆਟਾ ਵੀ ਗੁੱਝਾ ਪਿਆ ਹੈ। ਪੀਟਾ ਬਰੈੱਡ ਵੀ ਹੈ ਜਿਸ ਨੂੰ ਉਹ

ਅਕਸਰ ਰੋਟੀਆਂ ਥਾਵੇਂ ਖਾ ਲੈਂਦਾ ਹੈ। ਮਨਿੰਦਰ ਰੋਟੀ ਬਣਾ ਵੀ ਦਿੰਦੀ ਹੈ ਪਰ ਪਾਲਾ ਸਿੰਘ ਨੂੰ ਫਰਕ ਨਹੀਂ। ਰੋਟੀ ਹੋਵੇ ਜਾਂ ਪੀਟਾ ਬਰੈਡ।

ਸ਼ਾਮ ਨੂੰ ਜਦ ਮਨਿੰਦਰ ਵਾਪਸ ਘਰ ਮੁੜਦੀ ਹੈ। ਉਹ ਉਸ ਨਾਲ ਸਲਾਹ ਕਰਨ ਲੱਗਦਾ ਹੈ,

"ਪੁੱਤ, ਜੇ ਆਪਾਂ ਮੋਹਨਦੇਵ ਨੂੰ ਵਿਆਹ ਲਈਏ ਤਾਂ ਘਰ ਦਾ ਕੰਮ ਸੰਭਾਲ ਲਏਗੀ ਉਹਦੀ ਵਾਈਫ।"

"ਮੋਹਨ ਨੂੰ ਪੁੱਛੋ, ਮੈਂ ਕੀ ਦੱਸ ਸਕਦੀ ਆਂ।"

"ਅੱਜ ਆਵੇ ਤਾਂ ਗੱਲ ਕਰਦੇ ਆਂ।"

"ਅੱਜ ਨਹੀਂ, ਵੀਕਐਂਡ 'ਤੇ ਆਉਣਾ ਉਹਨੇ।"

ਸੁਣ ਕੇ ਪਾਲਾ ਸਿੰਘ ਖਿੱਝ ਜਾਂਦਾ ਹੈ। ਹਫਤਾਂਤ ਦੀ ਉਡੀਕ ਕਰਨ ਲੱਗਦਾ ਹੈ। ਹਫਤਾਂਤ ਆਉਂਦਾ ਹੈ। ਮੋਹਨਦੇਵ ਦੀ ਕਾਰ ਬਾਹਰ ਆ ਕੇ ਰੁਕਦੀ ਹੈ। ਉਹ ਸਭ ਨੂੰ ਹੈਲੋ ਕਰਦਾ ਆਪਣੇ ਕਮਰੇ ਵਿਚ ਚਲੇ ਜਾਂਦਾ ਹੈ। ਪਾਲਾ ਸਿੰਘ ਉਸ ਨਾਲ ਜਲਦੀ ਗੱਲ ਕਰਨੀ ਚਾਹੁੰਦਾ ਹੈ। ਉਸ ਨੂੰ ਪਤਾ ਹੈ ਕਿ ਥੋੜੀ ਦੇਰ ਬਾਅਦ ਉਹ ਦੋਸਤਾਂ ਨਾਲ ਕਿਸੇ ਪਾਸੇ ਨਿਕਲ ਜਾਵੇਗਾ। ਉਹ ਮਨਿੰਦਰ ਨੂੰ ਭੇਜ ਕੇ ਮੋਹਨਦੇਵ ਨੂੰ ਹੇਠਾਂ ਲੌਂਜ ਵਿਚ ਸੱਦਦਾ ਹੈ। ਆਖਦਾ ਹੈ,

"ਪੁੱਤਰਾ, ਮੈਂ ਇਕ ਡਰੀਮ ਦੇਖ ਰਿਹਾਂ।"

"ਡੈਡ, ਮੌਮ ਦੀ ਡੈੱਥ ਬਾਅਦ ਡਰੀਮ ਦੇਖਦਾਂ!.. ਚੰਗੀ ਗੱਲ ਨਹੀਂ।"

"ਓ ਕੰਜਰਾ, ਮੈਂ ਤਾਂ ਤੇਰੇ ਲਈ ਦੇਖਦਾਂ।"

"ਡੈਡ, ਮੇਰੇ ਹਿੱਸੇ ਦੇ ਡਰੀਮ ਮੈਨੂੰ ਦੇਖਣ ਦੇ।"

ਕਹਿ ਕੇ ਮੋਹਨਦੇਵ ਹੱਸਣ ਲੱਗਦਾ ਹੈ। ਪਾਲਾ ਸਿੰਘ ਵੀ ਹੱਸਦਾ ਹੈ ਤੇ ਆਖਦਾ ਹੈ,

"ਇਹ ਡਰੀਮ ਜ਼ਰੂਰ ਤੇਰਾ ਐ, ਪਰ ਹਿੱਸੇ ਮੇਰੇ ਦਾ ਈ ਐ।"

"ਸਰਪਰਾਈਜ਼ ! ਅਜਿਹਾ ਕਿਹੜਾ ਡਰੀਮ ਐ ?"

"ਦੇਖ, ਹੁਣ ਤੈਨੂੰ ਜੌਬ ਮਿਲ ਗਈ ਹੁਣ ਤੂੰ ਵਿਆਹ ਕਰਾ ਲੈ।"

"ਹਾਲੇ ਨਹੀਂ ਡੈਡ, ਜ਼ਰਾ ਠਹਿਰ ਕੇ, ਮੈਂ ਪਰਮੋਸ਼ਨ ਦੀ ਵੇਟ ਕਰ ਰਿਹਾਂ।"

"ਉਹ ਵੇਟ ਵੀ ਕਰੀ ਚੱਲ, ਵਿਆਹ ਕਿਹੜਾ ਧਰਿਆ ਪਿਐ ਕਿ ਕੱਲ ਨੂੰ ਈ ਹੋ ਜਾਊ, ਪਹਿਲਾਂ ਕੁੜੀ ਲੱਭਾਂਗੇ, ਤੂੰ ਪਸੰਦ ਕਰੀਂ ਫੇਰ ਵਿਆਹ ਦੀ ਤਰੀਕ ਰੱਖਾਂਗੇ, ਇੰਡੀਆ ਚੱਲਾਂਗੇ, ਟਾਈਮ ਤਾਂ ਲੱਗ ਈ ਜਾਣਾ।"

"ਇੰਡੀਆ ਵਿਆਹ ਕਰਨੈ ਮੇਰਾ ?"

"ਹੋਰ ਕੀ।"

"ਨੋ ਵੇਅ ਡੈਡ, ਮੈਂ ਇੰਡੀਆ ਨਹੀਂ ਜਾਣਾ, ਉਹ ਵੀ ਵਿਆਹ ਕਰਨ। ਹਾਂ ਛੁੱਟੀਆਂ 'ਤੇ ਜਾਊਂਗਾ ਕਦੇ।"

"ਕੁੜੀ ਪਸੰਦ ਕਰਨ ਤਾਂ ਜਾਏਂਗਾ ਈ, ਚੱਲ ਵਿਆਹ ਏਧਰ ਕਰ ਲਵਾਂਗੇ।"

"ਡੈਡ, ਨੋ ਸ਼ਿਟੀ ਗਰਲ ਫਰੌਮ ਇੰਡੀਆ। ਨੋ ਫਰੈਸ਼ੀ ਪਲੀਜ਼!"

ਮੋਹਨਦੇਵ ਕਹਿੰਦਾ ਹੈ। ਪਾਲਾ ਸਿੰਘ ਨੂੰ ਆਪਣੀ ਮੁੱਛ ਹੇਠਾਂ ਨੂੰ ਸਰਕਦੀ ਲੱਗਦੀ ਹੈ। ਉਹ ਮੂੜ ਵਟਾ ਦਿੰਦਾ ਬੋਲਦਾ ਹੈ,

"ਨਾ ਸਹੀ ਇੰਡੀਆ ਤੋਂ, ਇਥੋਂ ਈ ਲੱਭ ਲੈਨੇ ਆਂ, ਦੱਸ ਕਿੱਦਾਂ ਦੀ ਕੁੜੀ ਚਾਹੀਦੀ ਐ ਤੈਨੂੰ।"

"ਡੈਡ, ਤੂੰ ਵੱਰੀ ਨਾ ਕਰ, ਮੈਂ ਵਿਆਹ ਕਰਨਾ ਤੇ ਕੁੜੀ ਵੀ ਮੈਂ ਫਾਈਂਡ ਕਰ ਲੈਣੀ ਆਂ।"

## ਤੇਈ

ਗੁਰਮੁਖ ਸੰਧੂ ਨੂੰ ਸਾਰਾ ਸਾਊਥਾਲ ਜਾਣਦਾ ਹੈ। ਲੋਕ ਉਸ ਨੂੰ ਸੰਧੂ ਵਕੀਲ ਹੀ ਕਹਿੰਦੇ ਹਨ। ਰੋਜ਼ਡੇਲ ਰੋਡ ਉਪਰ ਰਹਿੰਦਾ ਹੈ ਜਿਹੜੀ ਕਿ ਬਰਾਡਵੇਅ ਤੋਂ ਨਿਕਲਦੀ ਹੈ ਤੇ ਬੀਕਨਜ਼ਫੀਲਡ ਰੋਡ ਵੱਲ ਨੂੰ ਜਾ ਮਿਲਦੀ ਹੈ। ਸੰਧੂ ਵਕੀਲ ਪ੍ਰਸਿੱਧ ਤਾਂ ਆਪਣੀ ਇਮਾਨਦਾਰੀ ਅਤੇ ਕੰਮ ਦੀ ਲਗਨ ਕਾਰਨ ਹੈ ਪਰ ਉਸ ਤੋਂ ਵੀ ਵੱਧ ਪ੍ਰਸਿੱਧ ਉਹ ਆਪਣੀ ਸ਼ਰਾਬ ਕਰਕੇ ਹੈ। ਸ਼ਰਾਬ ਕਾਰਨ ਕਈਆਂ ਦੇ ਕੇਸ ਖਰਾਬ ਵੀ ਹੋ ਸਕਦੇ ਹਨ। ਸੰਧੂ ਇੰਡੀਆ ਵਿਚ ਵਕੀਲ ਸੀ। ਇਥੇ ਆ ਕੇ ਪ੍ਰੈਕਟਿਸ ਕਰਨ ਲਈ ਕੁਝ ਹੋਰ ਕੋਰਸ ਕਰਨੇ ਪੈਣੇ ਸਨ। ਅਜਿਹੇ ਚੱਕਰਾਂ ਵਿਚ ਉਹ ਪੈਣਾ ਨਹੀਂ ਸੀ ਚਾਹੁੰਦਾ। ਇਸ ਲਈ ਇਮੀਗਰੇਸ਼ਨ ਦਾ ਕੰਮ ਸ਼ੁਰੂ ਕਰ ਲਿਆ। ਇਮੀਗਰੇਸ਼ਨ ਦੇ ਕੇਸ ਕਰਵਾਉਣ ਲਈ ਕਿਸੇ ਡਿਗਰੀ ਦੀ ਜ਼ਰੂਰਤ ਨਹੀਂ ਹੁੰਦੀ। ਬਿਨਾਂ ਡਿਗਰੀਆਂ ਤੋਂ ਬਹੁਤ ਸਾਰੇ ਏਜੰਟ ਇਹ ਕੰਮ ਕਰ ਰਹੇ ਹਨ।

ਘਰ ਦੇ ਫਰੰਟ ਵਿਚ ਹੀ ਉਸ ਨੇ ਆਪਣਾ ਦਫਤਰ ਬਣਾਇਆ ਹੋਇਆ ਹੈ। ਸੈਟੀ ਪਈ ਹੈ, ਕੌਫੀ ਟੇਬਲ ਹੈ ਜਿਵੇਂ ਕਿ ਆਮ ਫਰੰਟ ਰੂਮਾਂ ਵਿਚ ਹੁੰਦਾ ਹੀ ਹੈ। ਉਸ ਨੇ ਬਸ ਕੁਝ ਕੁਰਸੀਆਂ ਵਾਧੂ ਲਿਆ ਰੱਖੀਆਂ ਹਨ। ਕਾਨੂੰਨ ਦੀਆਂ ਵੱਡੀਆਂ ਵੱਡੀਆਂ ਕਿਤਾਬਾਂ ਅਤੇ ਫਾਈਲ ਕੈਬਨਿਟ ਤੋਂ ਤੁਸੀਂ ਇਸ ਨੂੰ ਦਫਤਰ ਕਹਿ ਸਕਦੇ ਹੋ। ਫਾਈਲ ਕੈਬਨਿਟ ਵਿਚ ਓਹਲੇ ਜਿਹੇ ਇਕ ਬੋਤਲ ਪਈ ਹੁੰਦੀ ਹੈ। ਇਹ ਬੋਤਲ ਉਸ ਦੀ ਰਿਜ਼ਰਵ ਪਈ ਰਹਿੰਦੀ ਹੈ। ਜਦੋਂ ਮੁੰਡਾ-ਕੁੜੀ ਜਾਂ ਪਤਨੀ ਜ਼ਿਆਦਾ ਹੀ ਰੋਕਣ ਤਾਂ ਹੀ ਇਸ ਬੋਤਲ ਨੂੰ ਉਹ ਛੇੜਦਾ ਹੈ ਨਹੀਂ ਤਾਂ ਅਸਲ ਬੋਤਲ ਉਸ ਦੀ ਰਸੋਈ ਵਿਚ ਹੀ ਹੁੰਦੀ ਹੈ। ਸਾਲਾਂ ਤੋਂ ਉਹ ਟੀਚਰ ਪੀਂਦਾ ਆ ਰਿਹਾ ਹੈ। ਟੀਚਰ ਵਿਸਕੀ ਨੂੰ ਪੰਜਾਬੀ ਲੋਕ ਪਸੰਦ ਨਹੀਂ ਕਰਦੇ ਭਾਵੇਂ ਮੁਫਤ ਦੀ ਕਿਉਂ ਨਾ ਹੋਵੇ ਪਰ ਉਸ ਨੂੰ ਇਹ ਰਾਸ ਆ ਗਈ ਹੈ। ਉਹ ਕਹਿੰਦਾ ਹੈ ਕਿ ਠੀਕ ਹੀ ਇਹੋ

ਬੈਠਦੀ ਹੈ। ਇਕ ਇਕ ਪੈੱਗ ਸਾਰਾ ਦਿਨ ਪੀਂਦਾ ਰਹਿੰਦਾ ਹੈ। ਜਦੋਂ ਕਦੇ ਦੋ ਪੈੱਗ ਵਧ ਪੀ ਹੋ ਗਏ ਤਾਂ ਉਹ ਸੌਂ ਜਾਂਦਾ ਹੈ। ਸ਼ਰਾਬ ਕਾਰਨ ਹੀ ਉਸ ਕੋਲ ਬਹੁਤੇ ਕੇਸ ਨਹੀਂ ਆਉਂਦੇ। ਜਿਹੜੇ ਆਉਂਦੇ ਵੀ ਹਨ ਕਈ ਵਾਰ ਉਸ ਦੀ ਕਾਬਲੀਅਤ ਉਪਰ ਸ਼ੱਕ ਕਰਦੇ ਹੋਏ ਆਪਣੀ ਫਾਈਲ ਚੁੱਕ ਲੈ ਜਾਂਦੇ ਹਨ ਪਰ ਉਹ ਹਰ ਕੇਸ ਵਿਚ ਆਪਣਾ ਪੂਰਾ ਤਾਣ ਲਾ ਦਿੰਦਾ ਹੈ ਤੇ ਫਿਰ ਲੈਂਦਾ ਵੀ ਸਿਰਫ ਸੌ ਪੌਂਡ ਹੈ ਜਦ ਕਿ ਹੋਰ ਵਕੀਲ ਜਾਂ ਏਜੰਟ ਕਈ ਕਈ ਸੌ ਲੈ ਜਾਂਦੇ ਹਨ। ਇਸੇ ਕਰਕੇ ਜਿਹੜੇ ਉਸ ਕੋਲ ਆਉਂਦੇ ਹਨ ਕਿਧਰੇ ਹੋਰ ਨਹੀਂ ਜਾਂਦੇ।

ਪਰਦੁੱਮਣ ਸਿੰਘ ਨੂੰ ਸੰਧੂ ਵਕੀਲ ਦੀ ਕਾਬਲੀਅਤ ਉਪਰ ਪੂਰਾ ਭਰੋਸਾ ਹੈ। ਉਹ ਉਸਦਾ ਪੁਰਾਣਾ ਵਾਕਫ ਹੈ। ਪਹਿਲੀਆਂ ਵਿਚ ਕਈ ਕੇਸ ਉਸ ਤੋਂ ਕਰਵਾਏ ਸਨ। ਪਰਦੁੱਮਣ ਸਿੰਘ ਨੂੰ ਜਗਮੋਹਣ ਉਪਰ ਵੀ ਯਕੀਨ ਹੈ ਕਿ ਕੰਮ ਸਹੀ ਢੰਗ ਨਾਲ ਕਰੇਗਾ ਪਰ ਉਹ ਕੰਮ ਛੱਡੀ ਬੈਠਾ ਹੈ ਤੇ ਫਿਰ ਉਹ ਗਲਤ ਕੰਮ ਕਰਨ ਲਈ ਨਹੀਂ ਮੰਨਦਾ। ਸੰਧੂ ਨੂੰ ਉਹ ਜਿਵੇਂ ਕਹੇਗਾ ਮੰਨ ਜਾਣਾ ਹੈ ਉਸ ਨੇ। ਉਸ ਨੇ ਸੰਧੂ ਨਾਲ ਸਵੇਰ ਦੀ ਅਪਾਇੰਟਮੈਂਟ ਬਣਾਈ ਹੈ ਤਾਂ ਕਿ ਉਹ ਉਸ ਨੂੰ ਬਹੁਤਾ ਸ਼ਰਾਬੀ ਨਾ ਮਿਲੇ। ਉਹ ਸੰਧੂ ਦੇ ਘਰ ਦੀ ਡੋਰ ਬੈੱਲ ਕਰਦਾ ਹੈ। ਸੰਧੂ ਆਪ ਡੋਰ ਖੋਲ੍ਹਦਾ ਹੈ। ਦੋਹਾਂ ਵਿਚਕਾਰ ਹੈਲੋ ਹੈਲੋ ਹੁੰਦੀ ਹੈ। ਦੋਵੇਂ ਵਾਕਫਕਾਰ ਤਾਂ ਹਨ ਹੀ। ਸੰਧੂ ਪੁੱਛਦਾ ਹੈ,

''ਹਾਂ ਜੀ, ਪਰਦੁੱਮਣ ਸਿੰਘ ਜੀ, ਕੀ ਕਰੀਏ ਤੁਹਾਡੇ ਲਈ ?''

''ਦੋ ਮੁੰਡਿਆਂ ਦੇ ਪੁਲੀਟੀਕਲ ਸਟੇਅ ਦੇ ਕੇਸ ਕਰਵਾਉਣੇ ਆਂ।''

''ਕਰ ਦਿੰਨੇ ਆਂ, ਏਸ ਮੁਲਕ ਵਿਚ ਐਂਟਰ ਹੋਣ ਦਾ ਪਰੂਫ ਹੈਗਾ ?''

''ਹਾਂ ਜੀ, ਇਕ ਤਾਂ ਸੈਰ ਲਈ ਆਇਆ ਸੀ ਤੇ ਦੂਜਾ ਵਿਆਹ ਉਪਰ, ਪ੍ਰੌਪਰ ਹੀਥਰੋ ਰਾਹੀਂ ਐਂਟਰ ਹੋਏ ਆ।''

''ਸਿੰਘ ਸਜੇ ਹੋਏ ਆ ਕੇ ਮੋਨੇ ਆ ?''

''ਹੈ ਤਾਂ ਮੋਨੇ ਈ, ਬਗੈਰ ਪੱਗੜੀ ਤੋਂ।''

''ਦਾੜ੍ਹੀ ਰਖਾ ਕੇ ਪੱਗ ਬਨ੍ਹਾ ਦਿਓ, ਹੋ ਸਕੇ ਤਾਂ ਦਾੜ੍ਹੀ ਲੰਮੀ ਹੋਵੇ ਸਿੰਘਾਂ ਵਰਗੀ।''

''ਇਹ ਸਲਾਹ ਮੇਰੇ ਲਈ ਮੁਸ਼ਕਲ ਐ।''

''ਮੁਸ਼ਕਲ ਕਾਹਦੀ, ਤੁਸੀਂ ਆਪ ਸਿੰਘ ਓ ?''

''ਮੈਂ ਤਾਂ ਹੁਣ ਜੋ ਹੈਗਾਂ ਸੋ ਹੈਗਾਂ ਪਰ ਉਹ ਕੰਮ ਕੇਟਰਿੰਗ ਦਾ ਕਰਦੇ ਆ ਤੇ ਕੇਟਰਿੰਗ ਦੇ ਕੰਮ ਵਿਚ ਵਾਲਾਂ ਦੀ ਬਹੁਤ ਪ੍ਰੌਬਲਮ ਐ।''

''ਇਹਦਾ ਕੋਈ ਹੱਲ ਤਾਂ ਹੋਏਗਾ ਹੀ, ਨੈੱਟ ਆਦਿ ਲਾ ਕੇ, ਕੰਮ ਕਰੀ ਜਾਣ।''

''ਹੈ ਤਾਂ ਸਹੀ, ਕੇਟਰਿੰਗ ਦਾ ਕੰਮ ਮੇਰਾ ਈ ਐ, ਮੈਂ ਚਾਹੁੰਨਾ ਕਿ ਮੇਰੇ ਲਈ ਮੁਸੀਬਤਾਂ ਨਾ ਵਧਣ, ਚਲੋ ਦੇਖਾਂਗੇ, ਹੋਰ ਦੱਸੋ ?''

''ਪੜ੍ਹੇ ਲਿਖੇ ਆ ?''

''ਥੋੜ੍ਹਾ ਬਹੁਤ।''

''ਗੁਰੂਆਂ ਬਾਰੇ ਤਾਂ ਪਤਾ ਹੋਊ ਕਿ ਨਹੀਂ ?''

''ਲਓ ਸੰਧੂ ਜੀ, ਕੀ ਗੱਲ ਕਰਦੇ ਓ, ਸਿੱਖਾਂ ਦੇ ਘਰਾਂ ਦੇ ਮੁੰਡੇ ਭਲਾ ਗੁਰੂਆਂ ਬਾਰੇ ਨਾ ਪਤਾ ਹੋਵੇ।''

''ਇਹ ਗੱਲ ਤੁਸੀਂ ਭੁੱਲ ਜਾਓ ਪ੍ਰਦੁੱਮਣ ਸਿੰਘ ਜੀ, ਕਈਆਂ ਨੂੰ ਕੁਸ਼ ਨਈਂ ਪਤਾ, ਪਿਛਲੇ ਹਫਤੇ ਮੈਂ ਇਕ ਕੇਸ ਕਰਾਉਣ ਗਿਆ, ਅਫਸਰ ਪੁੱਛਦੇ ਕਿ ਸਿੱਖਾਂ ਦੇ ਕਿੰਨੇ ਗੁਰੂ ਐ, ਮੁੰਡਾ ਕਹਿੰਦਾ ਕਿ ਹੋਣਗੇ ਬਾਰਾਂ ਚੌਦਾਂ। ਅਫਸਰ ਹੱਸ ਪਿਆ। ਮੈਂ ਮੌਕਾ ਸੰਭਾਲਦਿਆਂ ਕਿਹਾ ਕਿ ਇਹ ਅੱਜ ਕੱਲ ਦੇ ਲੀਡਰਾਂ ਨੂੰ ਵੀ ਗੁਰੂ ਹੀ ਸਮਝੀ ਜਾਂਦੈ।''

''ਨਹੀਂ ਸੰਧੂ ਸਾਹਿਬ, ਏਦੂੰ ਚੰਗੇ ਆ।''

''ਸਮਝਾਏ ਹੋਏ ਬਿਆਨ ਤਾਂ ਸਮਝ ਲੈਣਗੇ ਨਾ ?''

''ਬਿਲਕੁਲ।''

''ਫਿਰ ਲੈ ਆਓ ਉਹਨਾਂ ਨੂੰ।''

''ਦੱਸੋ, ਕੀ ਸੇਵਾ ਕਰੀਏ ?''

''ਆਪਣਾ ਤਾਂ ਰੰਡੀਆਂ ਵਾਂਗੂ ਫਿਕਸ ਰੇਟ ਐ ਸੌ ਪੌਂਡ। ਸੌ ਪੌਂਡ ਪਹਿਲਾਂ ਤੇ ਸੌ ਪੌਂਡ ਕੰਮ ਹੋਣ 'ਤੇ।''

''ਦੋ ਕੇਸਾਂ ਦਾ ਘੱਟ ਨਹੀਂ ਕਰ ਲੈਂਦੇ ?''

''ਤੁਸੀਂ ਨਾ ਦਿਓ ਤਾਂ ਵੀ ਕਿਹੜੀ ਗੱਲ ਐ।''

''ਕਦੋਂ ਲਿਆਵਾਂ ਉਨ੍ਹਾਂ ਨੂੰ ?''

''ਕਿਸੇ ਵੇਲੇ ਸ਼ਾਮ ਨੂੰ।''

''ਸ਼ਾਮ ਨੂੰ ਤਾਂ ਤੁਸੀਂ ਸਵਾਰ ਹੋ ਜਾਂਦੇ ਓ।''

''ਸਵਾਰ ਤਾਂ ਮੈਂ ਸਵੇਰੇ ਚਾਹ ਵੇਲੇ ਹੀ ਹੋ ਜਾਨਾਂ।''

ਸੰਧੂ ਥੋੜ੍ਹਾ ਖਿੱਝ ਕੇ ਆਖਦਾ ਹੈ। ਪਰਦੁੱਮਣ ਸਿੰਘ ਬੋਲਦਾ ਹੈ,

''ਮੈਂ ਤਾਂ ਹੱਸਦਾਂ ਸੰਧੂ ਸਾਹਿਬ, ਸਾਨੂੰ ਤਾਂ ਤੁਹਾਡੀ ਵਕਾਲਤ ਦਾ ਸਦਾ ਈ ਫਾਇਦਾ ਰਿਹੈ। ਸਾਡਾ ਰਿਸ਼ਤੇਦਾਰ ਐ ਇਕ, ਉਹਨੇ ਤਾਂ ਵਕਾਲਤ ਕਰਕੇ ਈ ਖੂਹ ਵਿਚ ਪਾ 'ਤੀ।''

"ਮੇਰੇ ਨਾਲ ਬਹੁਤ ਵਕੀਲ ਇੰਡੀਆ ਤੋਂ ਆਏ ਸੀ ਇਥੇ ਪਰ ਜਲਦੀ ਪੈਸੇ ਕਮਾਉਣ ਦੇ ਲਾਲਚ ਹਿੱਤ ਫੈਕਟਰੀਆਂ, ਡਾਕਖਾਨਿਆਂ ਆਦਿ ਵਿਚ ਜਾ ਵੜੇ।"
"ਜਗਮੋਹਣ ਓਹਨੇ ਵੀ ਏਦਾਂ ਈ ਕੀਤੀ।"
"ਜਗਮੋਹਣ ਨੂੰ ਤਾਂ ਮੈਂ ਕਿਹਾ ਸੀ ਕਿ ਆ ਜਾ ਮੇਰੇ ਨਾਲ ਰਲ ਕੇ ਕੰਮ ਕਰ ਪਰ ਉਹ ਬੰਦਾ ਈ ਕੁਝ ਹੋਰ ਢੰਗ ਦਾ ਐ, ਥੋੜ੍ਹਾ ਚਿਰ ਲਾਇਆ ਵੀ ਮੇਰੇ ਨਾਲ।"
"ਉਹਨੇ ਲੀਗਲ ਐਡਵਾਈਜ਼ ਬਿਓਰੋ ਵੀ ਖੋਲ੍ਹਿਆ ਸੀ ਪਰ ਬੰਦ ਕਰ ਦਿੱਤਾ।"
"ਉਹ ਤਾਂ ਸਾਰਾ ਭਾਰਦਵਾਜ ਦਾ ਸਟੰਟ ਸੀ, ਏਹ ਕੰਮ ਤਾਂ ਬਹੁਤ ਮਿਹਨਤ ਮੰਗਦੈ, ਲਾਅ ਲਈ ਹਰ ਵੇਲੇ ਅਪ ਟੂ ਡੇਟ ਰਹਿਣਾ ਪੈਂਦੈ।"
"ਮੁੰਡੇ ਆਉਣਗੇ, ਪੈਸੇ ਲੈ ਲਿਓ।"

ਉਹ ਚਲੇ ਜਾਂਦਾ ਹੈ। ਸੰਧੂ ਰਸੋਈ ਵਿਚ ਜਾ ਕੇ ਇਕ ਪੈੱਗ ਬਣਾ ਲਿਆਉਂਦਾ ਹੈ। ਫਿਰ ਕੁਝ ਫਾਈਲਾਂ ਕੱਢ ਲੈਂਦਾ ਹੈ। ਇਕ ਫਾਈਲ ਖੋਲ੍ਹ ਕੇ ਦੇਖਦਾ ਖਿੱਝ ਉਠਦਾ ਹੈ। ਉਹ ਬੁੜਬੁੜ ਕਰ ਰਿਹਾ ਹੈ,
"ਕੱਲ ਨੂੰ ਏਹਦੀ ਡੇਟ ਐ ਤੇ ਪੇਪਰ ਵੀ ਪੂਰੇ ਨਹੀਂ।"

ਉਹ ਫਾਈਲ ਉਪਰੋਂ ਫੋਨ ਨੰਬਰ ਦੇਖ ਕੇ ਫੋਨ ਕਰਦਾ ਹੈ। ਕੋਈ ਨਹੀਂ ਚੁੱਕ ਰਿਹਾ। ਉਸ ਨੂੰ ਬਹੁਤ ਗੁੱਸਾ ਆ ਰਿਹਾ ਹੈ ਕਿ ਕਲਾਇੰਟ ਕਿੰਨਾ ਅਲਗਰਜ਼ ਹੈ ਕਿ ਮੁੜ ਕੇ ਪਤਾ ਹੀ ਨਹੀਂ ਕੀਤਾ। ਫੋਨ ਮੂਹਰਿਉਂ ਡੈੱਡ ਹੈ। ਉਸ ਨੂੰ ਹੋਰ ਵੀ ਤਕਲੀਫ ਮਹਿਸੂਸ ਹੋਣ ਲੱਗਦੀ ਹੈ। ਜੇ ਕਲਾਇੰਟ ਕੱਲ ਨੂੰ ਤਰੀਕ 'ਤੇ ਨਾ ਗਿਆ ਤਾਂ ਅਗਲਿਆਂ ਨੇ ਸਿੱਧੇ ਈ ਚੁੱਕ ਕੇ ਡਿਪੋਰਟ ਕਰ ਦੇਣਾ ਹੈ ਜਦ ਕਿ ਉਸ ਦੇ ਕੇਸ ਵਿਚ ਦਮ ਹੈ। ਜੇ ਹਾਲੇ ਪੱਕਾ ਵੀ ਨਾ ਹੋਇਆ ਤਾਂ ਦੋ ਕੁ ਸਾਲ ਦੀ ਸਟੇਅ ਮਿਲ ਹੀ ਜਾਣੀ ਹੈ। ਉਹ ਸੋਚਦਾ ਹੈ ਕਿ ਕਲਾਇੰਟ ਨੂੰ ਕਿਥੋਂ ਲੱਭੇ। ਉਸ ਨੂੰ ਕੁਝ ਨਹੀਂ ਸੁਝ ਰਿਹਾ। ਉਹ ਹਥਲਾ ਪੈਗ ਪੀ ਕੇ ਇਕ ਹੋਰ ਬਣਾ ਲੈਂਦਾ ਹੈ।

ਸ਼ਾਮ ਨੂੰ ਮੀਕਾ ਤੇ ਤਾਰਾ ਆ ਘੰਟੀ ਖੜਕਾਉਂਦੇ ਹਨ। ਸੰਧੂ ਦਰਵਾਜ਼ਾ ਖੋਲ੍ਹਦਾ ਹੈ। ਤਾਰਾ ਕਹਿੰਦਾ ਹੈ,
"ਆ ਜਾਈਏ ਜੀ ?"
"ਆ ਜਾਓ।"
"ਇਹ ਆ ਜੀ ਮੀਕਾ, ਏਹਦਾ ਕੇਸ ਆ।"
"ਠੀਕ ਆ, ਮੀਕਿਆ, ਤੂੰ ਕਿੱਦਾਂ ਆਇਆਂ, ਸੈਰ ਲਈ ਜਾਂ ਲੁਕ ਕੇ ?"
"ਮੈਂ ਸ਼ਿੱਪ 'ਚ ਆਇਆ ਸੀ ਜੀ, ਗੋਰਿਆਂ ਦੀ ਵੈਨ ਸੀ, ਪੈਸੇ ਦਿੱਤੇ ਤੇ ਉਹ ਲੈ ਆਏ, ਪਰ ਲਾਲਚੀ ਬਹੁਤ ਸੀ...।"
"ਕਿੰਨੀ ਦੇਰ ਹੋ ਗਈ ਆਏ ਨੂੰ ?"
"ਚਾਰ ਸਾਲ ਹੋ ਗਏ।"
"ਕਿਤੇ ਕੰਮ ਕਰਨ ਦਾ ਪਰੂਫ ਹੋਵੇ ?"
"ਕੰਮ ਕੀਤਾ ਮੈਂ ਭਰਾ ਨਾਲ। ਉਹਦਾ ਰੈਸਟੋਰੈਂਟ ਚਲਾਇਆ ਪਰ ਸਾਲੇ ਮੇਰੇ ਨੇ ਇਕ ਪੈਨੀ ਨਹੀਂ ਦਿੱਤੀ, ਤਨਖਾਹ ਮੰਗੀ ਤਾਂ ਕਹਿੰਦਾ ਕਿ ਤੂੰ ਨਾਲ ਦੀ ਨਾਲ ਪੀ ਗਿਆਂ, ਮੈਂ ਕਿਹਾ ਕਿ ਪੂਰੀ ਦੀ ਪੂਰੀ ਤਨਖਾਹ ਕਿੱਦਾਂ ਪੀ ਗਿਆਂ, ਵੱਧ ਤੋਂ ਵੱਧ ਬੰਦਾ ਰੋਜ਼ ਦੀ ਬੋਤਲ ਪੀ ਲਊ, ਹੁਣ ਤੁਸੀਂ ਪੀਨੇ ਈ ਆਂ ਤੁਹਾਨੂੰ ਵੀ ਪਤਾ ਈ ਐ।"

ਮੀਕਾ ਕਹਿੰਦਾ ਹੈ। ਸੰਧੂ ਥੋੜ੍ਹਾ ਝਿਪਦਾ ਬੋਲਦਾ ਹੈ,
"ਤੂੰ ਆਪਣੀ ਗੱਲ ਦੱਸ।"
"ਮੈਂ ਜ਼ਿਆਦਾ ਕਿਹਾ ਤਾਂ ਉਹਨੇ ਪੁਲਿਸ ਬੁਲਾ ਲਈ। ਸੰਧੂ ਸਾਹਿਬ, ਇਕ ਵਾਰ ਪੱਕਾ ਹੋ ਜਾਵਾਂ ਮੈਂ ਭਰਾ ਦੀ ਭੈਣ ਯੈਹਣੀ ਆਂ।"
"ਮੀਕਿਆ, ਤੈਨੂੰ ਪੱਕਾ ਕਰਾਉਣਾ ਮੇਰੇ ਵੱਸ ਦਾ ਕੰਮ ਨਹੀਂ।"
"ਮੈਂ ਤਾਂ ਜੀ ਤੁਹਾਡਾ ਬੜਾ ਨਾਂ ਸੁਣਿਆ, ਤੁਸੀਂ ਸੌ ਪੌਂਡ ਹੋਰ ਲੈ ਲਿਓ, ਮੈਨੂੰ ਪੱਕਾ ਕਰਾ ਦਿਓ, ਮੈਂ ਇਕ ਵਾਰੀ ਭਰਾ ਸਿੱਧਾ ਕਰਨਾ ਤੇ ਕਰਨਾ ਤੁਹਾਡੇ ਸਿਰ 'ਤੇ ਐ।"
"ਤੂੰ ਭਰਾ ਬਾਰੇ ਸੋਚਣਾ ਹਾਲੇ ਛੱਡ ਦੇ ਤੇ ਆਪਣੀ ਏਸ ਮੁਲਕ ਵਿਚ ਹਾਜ਼ਰੀ ਦੇ ਸਬੂਤ ਇਕੱਠੇ ਕਰ।"
"ਜੇ ਮੈਂ ਇਹ ਕੰਮ ਕਰ ਸਕਦਾ ਤਾਂ ਤੁਹਾਡੇ ਕੋਲ ਕੀ ਕਰਨ ਔਣਾ ਸੀ।"

ਮੀਕਾ ਮੂੰਹ ਫੱਟ ਹੈ। ਤਾਰੇ ਨੂੰ ਪਤਾ ਹੈ। ਉਸਦੇ ਸਾਰੇ ਦੋਸਤਾਂ ਨੂੰ ਹੀ ਪਤਾ ਹੈ। ਉਹ ਕਹਿੰਦਾ ਹੈ,
"ਮੀਕਿਆ, ਆਪਣੀ ਜ਼ੁਬਾਨ ਨੂੰ ਜ਼ਰਾ ਬਰੇਕਾਂ ਲਾ, ਜਿੱਦਾਂ ਸੰਧੂ ਸਾਹਿਬ ਕਹਿੰਦੇ ਆ, ਓਦਾਂ ਈ ਕਰ, ਤੇਰੀ ਜ਼ੁਬਾਨ ਨੇ ਹੀ ਅੱਗੇ ਸਾਰੇ ਕੰਮ ਖਰਾਬ ਕੀਤੇ ਆ।"
"ਜ਼ੁਬਾਨ ਨੂੰ ਯਾਰ ਮੈਂ ਕੇਹਦੀ ਕੁੜੀ ਛੇੜ 'ਤੀ। ਸੰਧੂ ਸਾਹਿਬ, ਤੁਸੀਂ ਮੈਨੂੰ ਪੱਕਾ ਕਰਾਓ ਜੀ, ਮੈਂ ਤੁਹਾਡੇ ਪੈਰ ਧੋ ਧੋ ਕੇ ਪੀਊਂ, ਤੁਹਾਡਾ ਕੂਕਰ ਬਣ ਕੇ ਰਹੂੰਗਾ ਸਾਰੀ ਉਮਰ।"

ਮੀਕਾ ਤਰਲਾ ਪਾਉਂਦਾ ਹੈ। ਸੰਧੂ ਪਹਿਲਾਂ ਖਿੱਝਦਾ ਹੈ ਪਰ ਫਿਰ ਨਰਮ ਪੈਂਦਾ ਪੁੱਛਦਾ ਹੈ,
"ਜਦੋਂ ਦਾ ਆਇਆਂ ਕੋਈ ਕੇਸ ਵੀ ਕੀਤਾ ਸੀ ਜਿਹਦੀ ਕੋਈ ਰੈਫਰੈਂਸ ਹੋਵੇ ?"
"ਇਹ ਤਾਂ ਭਰਾ ਨੂੰ ਈ ਪਤਾ ਹੋਊ, ਓਹਨੇ ਮਾਂ ਦੇ ਯਾਰ ਨੇ ਕਦੇ ਕੁਸ਼ ਦੱਸਿਆ ਹੀ ਨਹੀਂ।"
"ਕਦੇ ਕੋਰਟ ਬਗੈਰਾ ਵਿਚ ਅਪੀਅਰ ਹੋਇਆ ਹੋਵੇਂ ? ਪਾਸਪੋਰਟ ਕੋਈ ?"

''ਕੁਸ਼ ਨਹੀਂ ਜੀ, ਫਾਂਗ ਈ ਆਂ।''
''ਫੇਰ ਤੇਰਾ ਕੁਸ਼ ਨਹੀਂ ਹੋਣਾ। ਮੈਂ ਸੌਰੀ ਆਂ।''
''ਜੇ ਵਿਆਹ ਕਰਾ ਲਵਾਂ ਤਾਂ ?''
''ਕੋਈ ਕੁੜੀ ਹੈ?''
''ਇਕ ਮਾਤਾ ਜਿਹੀ ਹੈਗੀ ਆ ਜੇ ਮੰਨ ਗਈ ਤਾਂ।''

ਮੀਕੇ ਦੇ ਕਹਿਣ 'ਤੇ ਸਾਰੇ ਹੱਸਦੇ ਹਨ। ਸੰਧੂ ਵੀ ਹੱਸਦਾ ਹੈ ਤੇ ਉਸ ਦਾ ਗੁੱਸਾ ਠੰਡਾ ਪੈ ਜਾਂਦਾ ਹੈ। ਉਸ ਨੂੰ ਮੀਕੇ ਦਾ ਅੰਦਾਜ਼ ਚੰਗਾ ਲਗਣ ਲਗਦਾ ਹੈ। ਉਹ ਆਖਦਾ ਹੈ,

''ਮੀਕਿਆ, ਤੇਰੇ ਬਾਰੇ ਸੋਚਣਾ ਪਊ ਪਰ ਮੈਨੂੰ ਲੱਗਦੈ ਕਿ ਮੇਰੇ ਵੱਸ ਦੀ ਗੱਲ ਨਹੀਂ।''
''ਏਹਨੂੰ ਵੱਸ 'ਚ ਕਰੋ ਜੀ, ਜੇ ਮੈਂ ਪੱਕਾ ਨਾ ਹੋਇਆ ਤਾਂ ਤੁਹਾਡੇ ਨਾਂ ਨੂੰ ਲਾਜ ਲੱਗ ਜਾਣੀ ਆਂ।''
''ਤੂੰ ਮੇਰੇ ਨਾਂ ਦਾ ਫਿਕਰ ਨਾ ਕਰ ਬਥੇਰੀ ਲਾਜ ਲੱਗੀ ਹੋਈ ਆ, ਤੇਰਾ ਕੇਸ ਈ ਬਹੁਤ ਟੇਢਾ ਐ।''
''ਏਹਨੂੰ ਸਿੱਧਾ ਕਰੋ ਜੀ ਕਿਸੇ ਤਰ੍ਹਾਂ, ਕਿਸੇ ਤਰ੍ਹਾਂ ਭਰਾ ਨੂੰ ਸਬਕ ਸਿਖਾਉਣ ਜੋਗਾ ਕਰ ਦਿਓ।''
''ਏਦਾਂ ਨਾ ਹੋਵੇ ਕਿ ਭਰਾ ਤੋਂ ਬਾਅਦ ਮੇਰਾ ਨੰਬਰ ਲਾ ਦੇਵੇਂ।''

ਸੰਧੂ ਹੱਸਦਾ ਹੋਇਆ ਆਖਦਾ ਹੈ। ਮੀਕਾ ਵਿਚਾਰਾ ਜਿਹਾ ਬਣਦਾ ਬੋਲਦਾ ਹੈ,

''ਨਾ ਜੀ ਨਾ, ਤੁਸੀਂ ਤਾਂ ਫੇਰੇ ਮੇਰੇ ਮਾਪੇ ਹੋ ਗਏ।''
''ਜੇ ਤੂੰ ਪੱਕਾ ਨਾ ਹੋਇਆ ਤਾਂ ਫੇਰ ਮਾਪੇ ਕੁਮਾਪੇ ਆਪੇ ਈ ਹੋ ਜਾਣੇ ਆਂ।''
''ਜੇ ਮੈਂ ਪੱਕਾ ਨਾ ਹੋਇਆ ਤਾਂ ਤੁਸੀਂ ਮੈਨੂੰ ਇਥੇ ਆਪਣੇ ਕੋਲ ਹੀ ਰੱਖ ਲਿਓ, ਆਪਣੇ ਵਾਂਗੂੰ ਈ ਘੁੱਟ ਘੁੱਟ ਮੈਨੂੰ ਦੇਈ ਜਾਇਓ।''

ਚੌਵੀ

ਸਾਊਥਾਲ ਦੀ ਕੈਸਲ ਰੋਡ। ਪੱਚੀ ਨੰਬਰ ਘਰ। ਰਸੋਈ ਵਿਚੋਂ ਮੀਟ ਨੂੰ ਲੱਗਦੇ ਤੁੜਕੇ ਦੀ ਖੁਸ਼ਬੂ ਸਭ ਨੂੰ ਭੁੱਖ ਲਗਾ ਰਹੀ ਹੈ। ਬਿੱਲਾ ਮੀਟ ਵਿਚ ਕੜਛੀ ਫੇਰ ਰਿਹਾ ਹੈ ਤੇ ਕੋਲ ਖੜਾ ਨਿੱਕੇ ਨਿੱਕੇ ਘੁੱਟ ਵਿਸਕੀ ਦੇ ਵੀ ਭਰ ਰਿਹਾ ਹੈ। ਹਰ ਵੀਕਐਂਡ ਵਾਂਗ ਮਹਿਫਲ ਚੱਲ ਰਹੀ ਹੈ। ਸਾਰੇ ਤਾਰੇ ਦੇ ਕਮਰੇ ਵਿਚ ਬੈਠੇ ਹਨ। ਮੋਹਰਲਾ ਕਮਰਾ ਤਾਰੇ ਕੋਲ ਤੇ ਪਿਛਲਾ ਬਿੱਲੇ ਕੋਲ। ਉਪਰਲੇ ਤਿੰਨ ਕਮਰਿਆਂ ਵਿਚੋਂ ਇਕ ਵਿਚ ਮਾਈਕਲ ਰਹਿੰਦਾ ਹੈ। ਦੂਜੇ ਦੋ ਮਿੰਦੀ ਤੇ ਨਿੰਮੇ ਕੋਲ ਹਨ। ਕਦੇ ਕੋਈ ਕਮਰਾ ਛੱਡ ਜਾਵੇ ਤਾਂ ਇਹਨਾਂ ਵਰਗਾ ਫੌਜੀ ਹੋਰ ਆ ਜਾਂਦਾ ਹੈ। ਕਈ ਵਾਰ ਇਕ ਕਮਰੇ ਵਿਚ ਦੋ ਜਾਂ ਤਿੰਨ ਜਾਣੇ ਵੀ ਰਹਿਣ ਲਗਦੇ ਹਨ। ਕੁਝ ਦੇਰ ਤਾਂ ਜੋਧ ਸਿੰਘ ਦੀ ਨਜ਼ਰ ਤੋਂ ਓਹਲਾ ਰੱਖ ਸਕਦੇ ਹਨ ਪਰ ਜਦ ਪਤਾ ਚਲ ਜਾਵੇ ਤਾਂ ਉਹ ਕਿਰਾਇਆ ਵਧਾ ਦਿੰਦਾ ਹੈ। ਜੋਧ ਸਿੰਘ ਨੂੰ ਵੱਧ ਤੋਂ ਵੱਧ ਕਿਰਾਇਆ ਚਾਹੀਦਾ ਹੈ ਬੰਦੇ ਇਸ ਘਰ ਵਿਚ ਭਾਵੇਂ ਪੰਜਾਹ ਰਹੀ ਜਾਣ। ਕਦੇ ਕਦੇ ਮੀਕਾ ਤੇ ਦੇਬੂ ਵੀ ਆ ਜਾਇਆ ਕਰਦੇ ਹਨ। ਪਹਿਲਾਂ ਤਾਂ ਉਹ ਰਹਿਣ ਹੀ ਉਥੇ ਲੱਗ ਪਏ ਸਨ ਪਰ ਫਿਰ ਮਾਲਕ ਮਕਾਨ ਜੋਧ ਸਿੰਘ ਨੂੰ ਪਤਾ ਚੱਲ ਗਿਆ ਤਾਂ ਉਨ੍ਹਾਂ ਨੂੰ ਜਾਣਾ ਪਿਆ। ਜੋਧ ਸਿੰਘ ਦਾ ਅਸੂਲ ਹੈ ਕਿ ਰਹਿਣਾ ਹੈ ਤਾਂ ਕਿਰਾਇਆ ਦਿਓ। ਮੁਫਤਖੋਰਿਆਂ ਨੂੰ ਉਹ ਲਾਗੇ ਨਹੀਂ ਲੱਗਣ ਦਿੰਦਾ। ਹਫਤਾਂਤ 'ਤੇ ਇਵੇਂ ਇਕੱਠੇ ਹੋਇਆਂ ਨੂੰ ਉਹ ਬਹੁਤਾ ਬੁਰਾ ਨਹੀਂ ਮਨਾਉਂਦਾ। ਕਦੇ ਕਦੇ ਜੋਧ ਸਿੰਘ ਆਪ ਵੀ ਇਨ੍ਹਾਂ ਵਿਚ ਸ਼ਾਮਿਲ ਹੋ ਕੇ ਮੀਟ ਖਾ ਜਾਂਦਾ ਹੈ, ਸ਼ਰਾਬ ਵੀ ਪੀ ਜਾਂਦਾ ਹੈ ਤੇ ਨਾਲੇ ਕਿਰਾਇਆ ਕਢਵਾ ਲੈਂਦਾ ਹੈ। ਉਸ ਦਾ ਤਰੀਕਾ ਹੈ ਕਿ ਮਿੱਠੇ ਹੋ ਕੇ ਕਿਰਾਇਆ ਲੈ ਲਓ ਜੇ ਨਹੀਂ ਤਾਂ ਫਿਰ ਡਰਾਵਾ ਤਾਂ ਹੈ ਹੀ। ਇਹਨਾਂ ਵਿਚੋਂ ਬਹੁਤੇ ਕਿਰਾਏਦਾਰ ਸਾਊਥਾਲ ਵਿਚ ਗੈਰਕਨੂੰਨੀ ਹੀ ਹਨ। ਬਹੁਤਿਆਂ ਕੋਲ ਇਸ ਮੁਲਕ ਵਿਚ ਰਹਿਣ ਲਈ ਕਾਗਜ਼ ਪਤਰ ਨਹੀਂ ਹਨ।

ਬਾਕੀ ਸਾਰੇ ਕਿਰਾਏਦਾਰ ਤਾਂ ਨਕਦੀ ਕਿਰਾਏ ਵਾਲੇ ਹਨ ਪਰ ਮਾਈਕਲ ਦਾ ਕਿਰਾਇਆ ਸੋਸ਼ਲ ਸਕਿਉਰਿਟੀ ਤੋਂ ਆਉਂਦਾ ਹੈ। ਕਈ ਵਾਰ ਮਾਈਕਲ ਬੰਦ ਕਰਵਾ ਦਿੰਦਾ ਹੈ ਤੇ ਦੋ ਚਾਰ ਹਫਤੇ ਦੀ ਹੇਰਾਫੇਰੀ ਵੀ ਕਰ ਜਾਂਦਾ ਹੈ। ਜੋਧ ਸਿੰਘ ਨਾਲ ਉਹ ਕਈ ਵਾਰ ਲੜ ਵੀ ਪੈਂਦਾ ਹੈ। ਪਾਕੀ ਬਾਸਟਰਡ ਤਕ ਵੀ ਕਹਿ ਜਾਂਦਾ ਹੈ। ਪਰ ਉਸ ਦਾ ਕਿਰਾਇਆ ਕਾਫੀ ਆ ਰਿਹਾ ਹੈ ਇਸ ਲਈ ਜੋਧ ਸਿੰਘ ਮਾਈਕਲ ਦੀ ਵਧ ਘਟ ਗੱਲ ਵੀ ਸਹਿ ਲੈਂਦਾ ਹੈ। ਉਸ ਨੂੰ ਪਤਾ ਹੈ ਮਾਈਕਲ ਆਇਰਸ਼ ਹੋਣ ਕਰਕੇ ਨਸਲਵਾਦੀ ਨਹੀਂ ਹੈ ਵੈਸੇ ਹੀ ਹੇਰਾਫੇਰੀ ਦੀ ਤਾਕ ਵਿਚ ਰਹਿੰਦਾ ਹੈ। ਜੇਕਰ ਦੋ ਚਾਰ ਹਫਤਿਆਂ ਦੇ ਕਿਰਾਏ ਦੀ ਗੜਬੜ ਕਰ ਵੀ ਜਾਵੇ ਫਿਰ ਵੀ ਮਾਈਕਲ ਵਲੋਂ ਦੋ ਕਮਰਿਆਂ ਜਿੰਨਾ ਕਿਰਾਇਆ ਆ ਰਿਹਾ ਹੈ। ਮਾਈਕਲ ਜੋਧ ਸਿੰਘ ਨੂੰ ਭਾਵੇਂ ਕੁਝ ਵੀ ਕਹਿ ਲੈਂਦਾ ਹੋਵੇ ਪਰ ਬਾਕੀਆਂ ਮੂਹਰੇ ਨਹੀਂ ਬੋਲਦਾ। ਉਸ ਨੂੰ ਪਤਾ ਹੈ ਕਿ ਉਹ ਕੁੱਟ ਵੀ ਧਰਨਗੇ। ਸਗੋਂ ਮਾਈਕਲ ਉਨ੍ਹਾਂ ਨਾਲ ਬਣਾ ਕੇ ਰੱਖਦਾ ਹੈ। ਕੁਝ ਨਾ ਕੁਝ ਖਾਣ ਪੀਣ ਨੂੰ ਜਿਉਂ ਮਿਲ ਜਾਂਦਾ ਹੈ। ਮਾਈਕਲ ਨੂੰ ਕਦੇ ਕਦੇ ਕੋਈ ਮਿਲਣ ਵਾਲਾ ਆ ਜਾਂਦਾ ਹੈ। ਉਹ ਉਹਦੇ ਵਰਗਾ ਹੀ ਗੰਦਾ ਜਿਹਾ ਹੁੰਦਾ ਹੈ। ਉਲਝੇ ਵਾਲਾਂ ਵਾਲਾ ਤੇ ਪੁਰਾਣੇ ਗੰਦੇ ਕੱਪੜਿਆਂ ਵਾਲਾ। ਇਕ ਔਰਤ ਵੀ ਉਸ ਨੂੰ ਮਿਲਣ ਆਇਆ ਕਰਦੀ ਹੈ ਪਰ ਉਹ ਸਭ ਕਿਸੇ ਦੇ ਅਨੰਦ ਵਿਚ ਦਖਲ ਨਹੀਂ ਦਿੰਦੇ।

ਉਹ ਸਾਰੇ ਤਾਰੇ ਦੇ ਕਮਰੇ ਵਿਚ ਬੈਠੇ ਹਨ। ਤੀਜੀ ਬੋਤਲ ਚੱਲ ਰਹੀ ਹੈ। ਪੰਜਾਂ ਬੰਦਿਆਂ ਨੂੰ ਦੋ ਬੋਤਲਾਂ ਨੇ ਕੁਝ ਨਹੀਂ ਕਿਹਾ। ਇਨ੍ਹਾਂ ਵਿਚ ਇਕ ਤਾਰਾ ਹੀ ਜਿਸ ਕੋਲ ਇਸ ਮੁਲਕ ਕਨੂੰਨੀ ਰਿਹਾਇਸ਼ ਦਾ ਹੱਕ ਹੈ ਪਰ ਉਹ ਵੀ ਹਾਲੇ ਪੱਕਾ ਨਹੀਂ ਹੋਇਆ। ਕੇਸ ਚੱਲ ਰਿਹਾ ਹੈ। ਪਤਾ ਨਹੀਂ ਵਾਪਸ ਹੀ ਮੋੜ ਦਿੱਤਾ ਜਾਵੇ। ਜੋਧ ਸਿੰਘ ਨੇ ਤਾਰੇ ਦੀ ਡਿਊਟੀ

ਲਗਾਈ ਹੋਈ ਹੈ ਕਿ ਸਭ ਤੋਂ ਕਿਰਾਇਆ ਲੈ ਲਿਆ ਕਰੇ। ਉਪਰਲੇ ਕਮਰਿਆਂ ਦਾ ਪੈਂਤੀ ਪੈਂਤੀ ਪੌਂਡ ਕਿਰਾਇਆ ਹੈ ਤੇ ਹੇਠਲਿਆਂ ਦਾ ਚਾਲੀ ਚਾਲੀ। ਕਿਰਾਇਆ ਇਕੱਠੇ ਕਰਨ ਦੇ ਬਦਲੇ ਵਿਚ ਤਾਰਾ ਵੀ ਪੈਂਤੀ ਪੌਂਡ ਹਫਤੇ ਦੇ ਹੀ ਦਿੰਦਾ। ਉਹ ਸਭ ਨੂੰ ਕਹਿੰਦਾ ਹੈ,

''ਲਓ ਬਈ, ਸ਼ਰਾਬੀ ਹੋਣ ਤੋਂ ਪਹਿਲਾਂ ਪਹਿਲਾਂ ਕਿਰਾਇਆ ਦੇ ਦਿਓ।''

''ਤੂੰ ਸਾਲਿਆ, ਜੋਧੇ ਦਾ ਮੁਨਸ਼ੀ ਐਂ !''

ਆਪਣਾ ਹਾੜ੍ਹਾ ਚੁੱਕਦਾ ਮੀਕਾ ਆਖਦਾ ਹੈ। ਤਾਰਾ ਥੋੜੇ ਹਿਰਖ ਵਿਚ ਬੋਲਦਾ ਹੈ,

''ਮੀਕਿਆ, ਤੂੰ ਬਾਹਰਲਾ ਬੰਦਾ ਐਂ, ਸਾਡਾ ਗੈਸਟ, ਤੂੰ ਨਾ ਬੋਲ ਸਾਡੇ ਵਿਚ।''

''ਬੋਲਾਂ ਕਿੱਦਾਂ ਨਾ, ਹਰੇਕ ਵੀਕਐਂਡ 'ਤੇ ਜਦੋਂ ਮੂਡ ਬਣਦੈ ਤੂੰ ਕਿਰਾਇਆ ਮੰਗਣ ਬਹਿ ਜਾਨਾਂ, ਇਕ ਅੱਧਾ ਹਫਤਾ ਛੱਡ ਲਿਆ ਕਰ।''

''ਆਹੋ, ਖੋਤੀ ਨੂੰ ਹੱਥ ਲੱਗਿਆ ਹੋਇਆ ਨਾ।''

''ਨਹੀਂ ਲੱਗਿਆ ਤਾਂ ਲਾ ਲੈ।''

''ਮੈਂ ਤੁਹਾਨੂੰ ਮਾਲਕ ਮਕਾਨ ਦਾ ਹੁਕਮ ਸੁਣਾ 'ਤਾ, ਕਿਰਾਇਆ ਦੇਣਾ ਜਾਂ ਨਾ ਦੇਣਾ ਤੁਹਾਡੀ ਮਰਜ਼ੀ।''

ਤਾਰੇ ਨੂੰ ਪਤਾ ਹੈ ਕਿ ਮੀਕਾ ਐਵੇਂ ਹੀ ਲੱਤ ਅੜਾ ਰਿਹਾ ਹੈ, ਕਿਰਾਇਆ ਦੇਣ ਵਾਲਿਆਂ ਨੇ ਦੇ ਹੀ ਦੇਣਾ ਹੈ। ਹੁਣ ਨਾ ਦਿੱਤਾ ਤਾਂ ਸਵੇਰੇ ਦੇ ਦੇਣਗੇ। ਸਵੇਰੇ ਐਤਵਾਰ ਹੈ। ਐਤਵਾਰ ਨੂੰ ਜੋਧ ਸਿੰਘ ਆਪ ਹੀ ਇਧਰ ਦਾ ਗੇੜਾ ਮਾਰ ਹੀ ਲਿਆ ਕਰਦਾ ਹੈ। ਤਾਰੇ ਵਲੋਂ ਗੱਲ ਨੂੰ ਮਰੋੜੀ ਦੇ ਕੇ ਛੱਡ ਦੇਣਾ ਮੀਕੇ ਨੂੰ ਰੜਕਣ ਲਗਦਾ ਹੈ। ਉਹ ਕਹਿਣ ਲਗਦਾ ਹੈ,

''ਤਾਰਿਆ, ਮੈਂ ਦੇਖੀ ਜਾਨਾਂ ਜਿੱਦਣ ਦਾ ਤੂੰ ਕੇਸ ਅਪਲਾਈ ਕੀਤਾ, ਬਦਲ ਗਿਐਂ, ਇਕ ਤੇਰਾ ਆਹ ਧੁੰਨੀ ਤੱਕ ਦਾੜ੍ਹੀ ਵਾਲਾ ਜੋਧ ਸੂੰਹ ਤੇ ਦੂਜਾ ਉਹ ਅਲਕੋਹਲਕ ਸੰਧੂ, ਇਨ੍ਹਾਂ ਦੇ ਸਿਰ 'ਤੇ ਈ ਤੂੰ ਠਾਣੇਦਾਰ ਬਣਿਆ ਫਿਰਦੈਂ। ਜਿੱਦਣ ਮੈਂ ਪੱਕਾ ਹੋ ਗਿਆ ਤੁਹਾਨੂੰ 'ਕੱਲੇ 'ਕੱਲੇ ਨੂੰ ਦੇਖ ਲਊਂ।''

ਮੀਕਾ ਇਵੇਂ ਗੰਭੀਰ ਹੈ ਜਿਵੇਂ ਕਿ ਹੁਣ ਕੁਝ ਕਰ ਦੇਵੇਗਾ। ਬਿੱਲਾ ਬੋਲਦਾ ਹੈ,

''ਮੀਕਿਆ, ਤੂੰ ਕਰਨਾ ਛਣਕੰਗਣ ਵੀ ਨਈਂ, ਗੱਲਾਂ ਏਦਾਂ ਮਾਰਦਾ ਜਿੱਦਾਂ ਰਾਮਗੜ੍ਹੀਆ ਬਦਮਾਸ਼ ਹੋਵੇਂ।''

''ਏਹਦੀ ਇਸੇ ਜ਼ੁਬਾਨ ਨੇ ਏਹਨੂੰ ਭਰਾ ਦੇ ਘਰੋਂ ਕਢਾਇਐ। ਗੱਪ ਮਾਰੂ ਜਿੱਦਾਂ ਪਹਾੜ ਹਿਲਾ ਦੇਣਾ ਹੋਵੇ। ਕਦੇ ਕੀੜੀ ਮਾਰੀ ਨਹੀਂ ਹੋਣੀ।''

''ਮਿੰਦੀ ਸਾਲਿਆ, ਤੂੰ ਮੇਰੀ ਉਹ ਸਾਈਡ ਨਹੀਂ ਦੇਖੀ... ਮੈਂ ਦੁਨੀਆ ਏਧਰ ਦੀ ਉਧਰ ਕਰ ਦੇਊਂ।''

''ਹਾਲ ਦੀ ਘੜੀ ਆਹ ਟੇਬਲ ਨਾ ਹਿਲਾ, ਮੀਟ ਵਾਲ਼ੀ ਕੌਲੀ ਨਾ ਸਿਟ ਦੇਈਂ ਉਤੋਂ।''

''ਅਸਲ ਵਿਚ ਮੀਕੇ ਨੂੰ ਰਣਜੀਤ ਕੌਰ ਕੋਲ ਗਏ ਨੂੰ ਦੇਰ ਹੋ ਗਈ, ਤਾਂ ਹੀ..।''

ਰਣਜੀਤ ਕੌਰ ਦਾ ਨਾਂ ਸੁਣ ਕੇ ਮੀਕੇ ਦਾ ਚਿਹਰਾ ਖਿੜ ਉਠਦਾ ਹੈ। ਉਹ ਆਪਣਾ ਪੈਗ ਮੁਕਾਉਂਦਾ ਕਹਿੰਦਾ ਹੈ,

''ਓਹਨੇ ਤਾਂ ਬਈ ਰੇਟ ਵਧਾ 'ਤਾ।''

''ਅਗਲੀ ਨੇ ਮਰਸਡੀ ਖਰੀਦੀ ਐ, ਨਾਲ਼ੇ ਬਿੰਦੀ ਸੁਰਖੀ ਵੀ ਹੁਣ ਮਹਿੰਗੀਆਂ ਹੋ ਗਈਆਂ, ਰੇਟ ਤਾਂ ਵਧਾਉਣਾ ਈ ਸੀ, ਨਾਲੇ ਗੁਰਦੁਆਰੇ ਦੇ ਬਿਲਡਿੰਗ ਫੰਡ ਵਿਚ ਵੀ ਓਹਨੇ ਵਾਹਵਾ ਪੈਸੇ ਦਿੱਤੇ ਆ।''

''ਓਦਣ ਗਿਆਨੀ ਕਹਿੰਦਾ ਸੀ ਕਿ ਮੁੰਡਿਓ ਕੁਸ਼ ਹੋਰ ਦੇਵੋ ਏਸ ਫੰਡ ਲਈ, ਦੇਖੋ ਰਣਜੀਤ ਕੌਰ ਨੇ ਹਜ਼ਾਰ ਪੌਂਡ ਦੇ ਦਿੱਤਾ। ਮੈਂ ਕਿਹਾ ਗਿਆਨੀ ਜੀ ਏਹ ਵੀ ਸਾਡੇ ਈ ਐ, ਬਸ ਆਏ ਓਹਦੇ ਰਾਹੀਂ ਆ।''

ਨਿੰਮਾ ਦੱਸਦਾ ਹੈ। ਉਹ ਸਾਰੇ ਹੱਸਦੇ ਹਨ। ਰਣਜੀਤ ਕੌਰ ਸਾਊਥਾਲ ਦੀ ਜਾਣੀ ਪਛਾਣੀ ਕਾਲ ਗਰਲ ਹੈ। ਇਨ੍ਹਾਂ ਵਰਗੇ ਛੜਿਆਂ ਵਿਚ ਉਹ ਬਹੁਤ ਹਰਮਨ ਪਿਆਰੀ ਹੈ ਤੇ ਸਸਤੀ ਵੀ। ਇਕੋ ਟਾਈਮ 'ਤੇ ਜ਼ਿਆਦਾ ਗਾਹਕ ਹੋਣ ਤਾਂ ਕੁਝ ਰਿਆਇਤ ਵੀ ਕਰ ਦਿੰਦੀ ਹੈ। ਪਹਿਲਾਂ ਉਸ ਕੋਲ ਹੌਂਡਾ ਕਾਰ ਹੁੰਦੀ ਸੀ। ਕਾਰ ਤੋਂ ਹੀ ਪਤਾ ਚੱਲ ਜਾਂਦਾ ਕਿ ਕਿਸ ਨੇ ਉਸ ਨੂੰ ਸੱਦਿਆ ਹੋਇਆ ਹੈ। ਮਤਲਵ ਕਿ ਜਿਸ ਦੇ ਦਰਵਾਜ਼ੇ ਮੂਹਰੇ ਇਹ ਹੌਂਡਾ ਕਾਰ ਖੜ੍ਹੀ ਹੁੰਦੀ ਉਸੇ ਦੀ ਜ਼ੇਬ ਹਲਕੀ ਹੋ ਰਹੀ ਹੁੰਦੀ। ਹੁਣ ਉਸ ਨੇ ਮਰਸਡੀਜ਼ ਖਰੀਦ ਲਈ ਹੈ। ਮਰਸਡੀਜ਼ ਹੈ ਤਾਂ ਪੁਰਾਣੀ ਜਿਹੀ ਪਰ ਇਹ ਨਾਂ ਵੱਡਾ ਹੈ। ਉਹ ਚਾਹੁੰਦੀ ਹੈ ਕਿ ਵੱਡੀ ਕਾਰ ਨਾਲ ਵੱਡਾ ਗਾਹਕ ਲੱਭੇ ਤੇ ਰੇਟ ਵੀ ਕੁਝ ਕੁ ਵਧਾ ਦੇਵੇ। ਜਦੋਂ ਦਾ ਉਸ ਨੇ ਮੋਬਾਈਲ ਲਿਆ ਹੈ ਤਾਂ ਕੰਮ ਕਰਨਾ ਹੋਰ ਸੌਖਾ ਹੋ ਗਿਆ ਹੈ। ਘਰ ਬੈਠ ਕੇ ਕਿਸੇ ਦੇ ਫੋਨ ਦੀ ਉਡੀਕ ਨਹੀਂ ਕਰਨੀ ਪੈਂਦੀ। ਸਭ ਨਾਲ ਘੁੰਮਦਿਆਂ ਫਿਰਦਿਆਂ ਹੀ ਗੱਲਬਾਤ ਹੋ ਜਾਂਦੀ ਹੈ। ਉਹ ਸਾਰੇ ਰਣਜੀਤ ਦੀਆਂ ਗੱਲਾਂ ਕਰਦੇ ਹਨ। ਮਿੰਦੀ ਕਹਿੰਦਾ ਹੈ,

''ਰਣਜੀਤ ਕੌਰ ਦੀ ਮਾਈਲੇਜ ਭਾਵੇਂ ਹਾਈ ਐ ਪਰ ਸਾਫ ਐ ਪਰ ਆਹ ਜਿਹੜੀ ਛਿੰਦੋ, ਰਾਣੀ ਤੇ ਰਤਨੀ ਟਰੈਫਿਕ ਲਾਈਟਾਂ 'ਤੇ ਖੜੀਆਂ ਹੁੰਦੀਆਂ ਇਹ ਤੀਵੀਆਂ ਠੀਕ ਨਹੀਂ ਹੈਗੀਆਂ।''

''ਬੜਾ ਤਜਰਬਾ ਬਈ ਤੇਰਾ ਤਾਂ।''

''ਮੀਕਿਆ, ਤਜਰਬਾ ਤਾਂ ਹੋਣਾ ਈ ਐ, ਤੁਰ ਫਿਰ ਕੇ ਮੇਲਾ ਦੇਖੀਦੈ, ਮੈਂ ਕਿਹੜਾ ਪਿੱਛੇ ਵਿਆਹਿਆ ਹੋਇਆਂ।''

ਉਨ੍ਹਾਂ ਵਿਚੋਂ ਮੀਕਾ ਅਤੇ ਤਾਰਾ ਭਾਰਤ ਵਿਚ ਵਿਆਹੇ ਹੋਏ ਹਨ। ਪਤਨੀਆਂ ਉਥੇ ਹੀ ਰਹਿੰਦੀਆਂ ਹਨ। ਮੀਕਾ ਕਾਫੀ ਦੇਰ ਤੱਕ ਆਪਣੇ ਵਿਆਹੇ ਹੋਣ ਵਾਲੀ ਗੱਲ ਦਾ ਓਹਲਾ ਰੱਖਦਾ ਰਿਹਾ ਹੈ ਪਰ ਪਤਾ ਚੱਲ ਹੀ ਜਾਂਦਾ ਹੈ ਅਜਿਹੀਆਂ ਗੱਲਾਂ ਦਾ। ਵਿਆਹੇ ਹੋਣ ਦੀ ਗੱਲ ਸੁਣ ਕੇ ਮੀਕਾ ਅਕਸਰ ਚੁੱਪ ਹੋ ਜਾਂਦਾ ਹੈ। ਬਿੱਲਾ ਉਸ ਨੂੰ ਛੇੜਨ ਲੱਗਦਾ ਹੈ,

"ਮੀਕਿਆ, ਜੇ ਬਾਹਰ ਹੀ ਆਉਣਾ ਸੀ ਤਾਂ ਉਹਨੂੰ ਵਿਚਾਰੀ ਨੂੰ ਫਾਹੇ ਕਾਹਨੂੰ ਲਾਉਣਾ ਸੀ, ਵਿਆਹ ਨਾ ਕਰਾਉਂਦਾ।"
"ਘਰ ਦੇ ਨਹੀਂ ਹਟੇ, ਆਹ ਸਾਲਾ ਮਾਊਂ ਜਿਹਾ ਮੇਰਾ ਭਰਾ ਇੰਡੀਆ ਗਿਆ ਹੋਇਆ ਸੀ ਜਿਹੜਾ ਹੁਣ ਪੈਰ ਨਹੀਂ ਲੱਗਣ ਦੇ ਰਿਹਾ ਮੇਰੇ।"

ਮੀਕਾ ਜ਼ਰਾ ਕੁ ਨਿੰਮੋਝੂਣਾ ਹੋ ਕੇ ਆਖਦਾ ਹੈ। ਗੱਲ ਕਰਦਿਆਂ ਉਸ ਦੀ ਪਤਨੀ ਦੀ ਤਸਵੀਰ ਉਸ ਦੀਆਂ ਅੱਖਾਂ ਸਾਹਮਣੇ ਘੁੰਮਣ ਲਗਦੀ ਹੈ। ਇਕ ਪਲ ਲਈ ਉਹ ਆਪਣੇ ਪਿੰਡ ਜਾ ਪੁੱਜਦਾ ਹੈ।

ਤਾਰਾ ਇਕ ਵਾਰ ਫਿਰ ਕਿਰਾਇਆ ਮੰਗਦਾ ਹੈ। ਬਿੱਲਾ ਤੇ ਮਿੰਦੀ ਉਸ ਨੂੰ ਦੇ ਦਿੰਦੇ ਹਨ। ਨਿੰਮਾ ਸਵੇਰੇ ਦੇਣ ਦਾ ਵਾਅਦਾ ਕਰਦਾ ਕਹਿੰਦਾ ਹੈ,
"ਇਹ ਜੋਧ ਸੂੰਹ ਵੀ ਮਾਈਕਲ ਤੋਂ ਈ ਠੀਕ ਰਹਿੰਦੈ। ਸਾਨੂੰ ਤਾਂ ਇਹ ਐਵੇਂ ਕੀੜੇ ਮਕੌੜੇ ਈ ਸਮਝਦਾ।"
"ਉਹਦੇ ਕੋਲ ਤਾਂ ਇਹ ਡਰਦਾ ਈ ਨਹੀਂ ਜਾਂਦਾ ਕਿ ਦਾੜ੍ਹੀ ਨਾ ਫੜ ਲਵੇ।"
"ਫੜ ਲਵੇ ਤਾਂ ਫੜ ਲਵੇ, ਇਹਨੂੰ ਕੋਈ ਪ੍ਰਵਾਹ ਨਹੀਂ, ਏਹ ਤਾਂ ਪੈਸੇ ਦਾ ਪੁੱਤ ਐ।"

ਉਹ ਸਾਰੇ ਜੋਧ ਸਿੰਘ ਬਾਰੇ ਬੁਰਾ ਭਲਾ ਬੋਲਦੇ ਹਨ। ਮੀਕਾ ਉਨ੍ਹਾਂ ਨੂੰ ਰੋਕਦਾ ਕਹਿੰਦਾ ਹੈ,
"ਬੰਦਾ ਜਿੰਦਾਂ ਦਾ ਮਰਜ਼ੀ ਹੋਵੇ, ਸਾਧੂ ਸੂੰਹ ਦੇ ਕੇਸ ਲੜਨ ਲਈ ਏਹਨੇ ਪੈਸੇ ਇਕੱਠੇ ਕੀਤੇ ਆ।"
"ਉਹਨੂੰ ਤਾਂ ਪਾਗਲ ਲੋਕ ਹੱਸ ਹੱਸ ਕੇ ਦੇਈ ਜਾਂਦੇ ਸੀ ਜਿੱਦਾਂ ਸਾਲੇ ਨੇ ਕੋਈ ਦੇਸ਼ ਭਗਤੀ ਦਾ ਕੰਮ ਕੀਤਾ ਹੋਵੇ, ਕੁੜੀ ਮਾਰ ਕੇ ਸੂਰਮਾ ਬਣਿਆ ਫਿਰਦੈ।"
"ਨਹੀਂ ਬਈ, ਓਹਦੇ ਤੋਂ ਆਪਣੀ ਬੇਇੱਜ਼ਤੀ ਨਹੀਂ ਦੇਖ ਹੋਈ।"
"ਤੇ ਹੁਣ ਸਾਰੀ ਦੁਨੀਆ ਨੂੰ ਪਤਾ ਲੱਗਿਆ।"
"ਯਾਰ ਕੁੜੀ ਨਹੀਂ ਸੀ ਮਾਰਨੀ ਚਾਹੀਦੀ, ਗਲਤ ਕੀਤਾ ਉਹਨੇ, ਪਾਪ ਕੀਤਾ।"
"ਮਾਰਨ ਨਾਲੋਂ ਤਾਂ ਸਾਡੇ ਵਰਗੇ ਨਾਲ ਵਿਆਹ ਦਿੰਦਾ, ਪੱਕੇ ਤਾਂ ਹੋ ਜਾਂਦੇ।"

ਨਿੰਮਾ ਆਖਦਾ ਹੈ। ਬਿੱਲਾ ਉਦਾਸ ਹੁੰਦਾ ਕਹਿੰਦਾ ਹੈ,
"ਮੈਨੂੰ ਤਾਂ ਉਹਦੀ ਫੋਟੋ ਆਪਣੇ ਵੱਲ ਝਾਕਦੀ ਲੱਗਦੀ ਰਹਿੰਦੀ ਐ।"
"ਤੂੰ ਤਾਂ ਬਿੱਲਿਆ ਮੁਫਤ 'ਚ ਈ ਆਸ਼ਕ ਬਣ ਬੈਠਦੈਂ।"

ਤਾਰਾ ਕਹਿੰਦਾ ਹੈ। ਮੀਕੇ ਦੇ ਮੋਬਾਈਲ ਦੀ ਘੰਟੀ ਵੱਜਦੀ ਹੈ। ਜਦ ਉਹ ਔਨ ਕਰਦਾ ਹੈ ਤਾਂ ਫੋਨ ਬੰਦ ਹੋ ਜਾਂਦਾ ਹੈ। ਫੋਨ ਉਪਰ ਕੋਈ ਨੰਬਰ ਨਹੀਂ ਆ ਰਿਹਾ। ਉਹ ਕਹਿੰਦਾ ਹੈ,
"ਬਾਹਰਲਾ ਲੱਗਦੈ।"
"ਇੰਡੀਆ ਤੋਂ ਹੋਊ ਘਰਵਾਲੀ ਦਾ।"

ਨਿੰਮਾ ਆਖਦਾ ਹੈ। ਮੀਕਾ ਟਾਈਮ ਦੇਖਦਾ ਹੈ ਤੇ ਫਿਰ ਹਿਸਾਬ ਲਾਉਂਦਾ ਹੈ ਕਿ ਇਸ ਵਕਤ ਇੰਡੀਆ ਵਿਚ ਕਿੰਨੇ ਵੱਜੇ ਹੋਣਗੇ ਤੇ ਫਿਰ ਆਖਦਾ ਹੈ,
"ਏਸ ਵੇਲੇ ਤਾਂ ਸਾਰੇ ਸੁੱਤੇ ਪਏ ਹੋਣਗੇ।"
"ਕੀ ਪਤਾ ਕਿਸੇ ਨੇ ਜਗਾਈ ਹੋਈ ਹੋਵੇ।"

ਤਾਰਾ ਕਹਿੰਦਾ ਹੈ। ਉਸ ਦੇ ਕਹਿਣ ਤੇ ਸਾਰੇ ਹੱਸਦੇ ਹਨ। ਮੀਕਾ ਜੋਸ਼ ਵਿਚ ਆ ਕੇ ਬੋਲਦਾ ਹੈ,
"ਮੇਰੀ ਨੂੰ ਜਗਾਉਣ ਵਾਲਾ ਕੋਈ ਨਹੀਂ ਜੰਮਿਆਂ, ਤੂੰ ਆਪਣੀ ਬਾਰੇ ਸੋਚ, ਮੇਰੇ ਤਾਂ ਦਸ ਕੀਲੇ ਆ ਉਹਦੇ ਖਾਣ ਲਈ।"
"ਜ਼ਨਾਨੀ ਨੂੰ ਦਸ ਕੀਲੇ ਨਹੀਂ ਚਾਹੀਦੇ, ਇਕੋ ਹੀ ਚਾਹੀਦੈ ਹੁੰਦੈ ਪਰ ਜੇ ਕੋਲ ਹੋਵੇ।"
"ਨਿੰਮਿਆ, ਤੀਵੀਂ ਤੀਵੀਂ ਦਾ ਫਰਕ ਐ, ਤੇਰੇ ਵਾਂਗੂੰ ਮੈਨੂੰ ਭਰਾ ਨੂੰ ਬਦਾਮਾਂ ਲਈ ਜੁਦੇ ਪੈਸੇ ਨਹੀਂ ਭੇਜਣੇ ਪੈਂਦੇ।"

ਮੀਕਾ ਬਾਂਹ ਕੱਢ ਕੇ ਆਖਦਾ ਹੈ। ਸਾਰੇ ਹੀ ਠਹਾਕੇ ਮਾਰ ਕੇ ਹੱਸ ਰਹੇ ਹਨ। ਬਾਹਰੋਂ ਕਿਸੇ ਦੇ ਆਉਣ ਦੀ ਆਵਾਜ਼ ਵਿਚ ਦਰਵਾਜ਼ਾ ਖੜਕਦਾ ਹੈ। ਨਿੰਮਾ ਬੋਲਦਾ ਹੈ,
"ਮਾਈਕਲ ਹੋਵੇਗਾ।"
"ਅੱਜ ਮਾਈਕਲ ਈ ਠੋਕ ਦੇਈਏ, ਸਾਲ਼ਾ ਮੂਡ ਜਿਹਾ ਬਣਿਆ ਹੋਇਐ।"

ਮੀਕਾ ਉਭਰਦਾ ਹੋਇਆ ਕਹਿੰਦਾ ਹੈ।
"ਆਪਾਂ ਨੂੰ ਕੀ ਕਹਿੰਦਾ ਵਿਚਾਰਾ।"
"ਆਪਾਂ ਨੂੰ ਤਾਂ ਨਹੀਂ ਜੋਧ ਸੂੰਹ ਨੂੰ ਤਾਂ ਪਾਕੀ ਕਹਿੰਦਾ ਈ ਹੁੰਦੈ।"
"ਜੋਧ ਸੂੰਹ ਦੀ ਗੱਲ ਜੋਧ ਸੂੰਹ ਨਾਲ ਗਈ।"
"ਬਾਕੀ ਗੱਲ ਤਾਂ ਗਈ ਪਰ ਪਾਕੀ ਵਾਲੀ ਗੱਲ ਕਿੱਦਾਂ ਚਲੇ ਜਾਊ, ਇਹ ਗਾਲ੍ਹ ਤਾਂ ਸਾਰਿਆਂ ਨੂੰ ਐ।"
"ਮੀਕਿਆ, ਤੂੰ ਤਾਂ ਪੰਗਾ ਪਾ ਕੇ ਚਲੇ ਜਾਣੈ ਪਰ ਸਾਨੂੰ ਬਿਪਤਾ ਪਾ ਜਾਵੇਂਗਾ।"
"ਤੁਸੀਂ ਸੌਂ ਜਾਓ ਯਾਰ, ਮੈਂ ਸਵੇਰੇ ਕੰਮ 'ਤੇ ਵੀ ਜਾਣੈ।"

ਤਾਰਾ ਆਖਦਾ ਹੈ। ਉਸ ਨੂੰ ਐਤਵਾਰ ਨੂੰ ਵੀ ਕੰਮ ਉਪਰ ਜਾਣਾ ਪੈਂਦਾ ਹੈ। ਆਮ ਤੌਰ ਤੇ ਸੱਤੇ ਦਿਨ ਹੀ ਕੰਮ ਚੱਲਦਾ ਹੈ। ਉਹ ਜੋਧ ਸਿੰਘ ਨਾਲ ਹੀ ਕੰਮ ਕਰਦਾ ਹੈ। ਜੋਧ ਸਿੰਘ ਦਾ ਡਬਲ ਗਲੇਜ਼ਿੰਗ ਦਾ ਕੰਮ ਹੈ। ਤਾਰਾ ਪਹਿਲਾਂ ਉਸ ਨਾਲ ਵਿੰਡੋ ਤਿਆਰ ਕਰਵਾਉਂਦਾ ਹੈ ਤੇ ਫਿਰ ਆਰਡਰ ਦੇ ਹਿਸਾਬ ਨਾਲ ਫਿੱਟ ਕਰਕੇ ਆਉਂਦਾ ਹੈ। ਜੋਧ ਸਿੰਘ

ਦਾ ਉਹ ਖਾਸ ਜਕੀਨ ਵਾਲਾ ਕਾਮਾ ਹੈ ਬਾਕੀ ਕਾਮਿਆਂ ਨਾਲੋਂ ਤਾਰੇ ਨੂੰ ਰੇਟ ਵੀ ਕੁਝ ਜ਼ਿਆਦਾ ਮਿਲਦਾ ਹੈ ਇਸ ਲਈ ਵੀ ਤਾਰਾ ਉਸ ਪ੍ਰਤੀ ਕਾਫੀ ਵਫਾਦਾਰ ਹੈ।

ਸਵੇਰੇ ਉਠਦਿਆਂ ਬਾਕੀ ਸਾਰੇ ਘੂਕ ਸੁੱਤੇ ਪਏ ਹਨ। ਤਾਰਾ ਕੰਮ 'ਤੇ ਤੁਰ ਜਾਦਾ ਹੈ। ਅੱਜ ਉਨ੍ਹਾਂ ਨੇ ਹੈਰੋ ਵਿਚ ਕਿਸੇ ਦੇ ਘਰ ਦੀਆਂ ਵਿੰਡੋ ਬਦਲਣੀਆਂ ਹਨ। ਉਸ ਦੇ ਫੈਕਟਰੀ ਵਿਚ ਪੁੱਜਦਿਆਂ ਜੋਧ ਸਿੰਘ ਵੈਨ ਲੈ ਕੇ ਤਿਆਰ ਬੈਠਾ ਹੈ। ਪਹਿਲੀ ਗੱਲ ਉਹ ਤਾਰੇ ਨੂੰ ਕਿਰਾਏ ਬਾਰੇ ਪੁੱਛਦਾ ਹੈ। ਉਹ ਆਪਣਾ, ਬਿੱਲੇ ਦਾ ਤੇ ਮਿੰਦੀ ਵਾਲਾ ਕਿਰਾਇਆ ਦੇ ਦਿੰਦਾ ਹੈ ਤੇ ਕਹਿੰਦਾ ਹੈ,

"ਨਿੰਮਾ ਅੱਜ ਦੇਵੇਗਾ।"

"ਓਹਦੇ ਵਲਾਂ ਪਿਛਲੇ ਵੀਕ ਦਾ ਵੀ ਰਹਿੰਦਾ ਸੀ।"

"ਓਹ ਵੀ ਦੇ ਦੇਊ।"

"ਆਹ ਬਿੱਲਾ ਵੀ ਇਕ ਹਫਤੇ ਦੇ ਪੈਸੇ ਮਾਰਨ ਦੀ ਟਰਾਈ ਕਰ ਚੁੱਕੈ, ਏਦਾਂ ਮੈਂ ਨਹੀਂ ਕਰਨ ਦੇਣਾ ਕਿਸੇ ਨੂੰ, ਸਾਨੂੰ ਫੌਜੀ ਈ ਤੰਗ ਕਰਨ ਲੱਗ ਪੈਣ ਤਾਂ ਵੀ ਕਾਹਦਾ ਜੀਣਾ ਹੋਇਆ।"

ਪੱਚੀ

ਪਰਦੁੱਮਣ ਸਿੰਘ ਦਾ ਕੰਮ ਬਹੁਤ ਰੁਕ ਸਿਰ ਚੱਲ ਨਿਕਲਿਆ ਹੈ। ਹੁਣ ਦਸ-ਬਾਰਾਂ ਮਰਦ-ਔਰਤਾਂ ਤਾਂ ਅੰਦਰ ਹੀ ਕੰਮ ਕਰਦੇ ਹਨ। ਦੋ ਡਰਾਈਵਰ ਮਾਲ ਦੇਣ ਲਈ ਹਨ। ਆਪ ਉਹ ਉਪਰਲੇ ਕੰਮਾਂ 'ਤੇ ਰਹਿੰਦਾ ਹੈ। ਕਦੇ ਐਪਰਨ ਜਾਂ ਓਵਰਆਲ ਪਾ ਕੇ ਤੇ ਦਾਹੜੀ ਨੂੰ ਜਾਲੀ ਚਾੜ੍ਹ ਕੇ ਆਪ ਵੀ ਕੰਮ ਕਰਨ ਆ ਲੱਗਦਾ ਹੈ ਤੇ ਕਦੇ ਕਾਰ ਜਾਂ ਵੈਨ ਚੁੱਕ ਕੇ ਸ਼ੌਪਿੰਗ ਕਰਨ ਚਲੇ ਜਾਂਦਾ ਹੈ। ਜੇ ਕੋਈ ਡਰਾਈਵਰ ਛੁੱਟੀ 'ਤੇ ਹੋਵੇ ਤਾਂ ਡਲਿਵਰੀ ਆਪ ਕਰ ਆਉਂਦਾ ਹੈ। ਕੁੜੀਆਂ ਨੂੰ ਛੁੱਟੀ ਹੋਵੇ ਤਾਂ ਫੈਕਟਰੀ ਆ ਜਾਂਦੀਆਂ ਹਨ। ਬਲਰਾਮ ਹੁਣ ਯੂਨੀਵਰਸਿਟੀ ਜਾਂਦਾ ਹੈ। ਵੱਡੀ ਸਤਿੰਦਰ ਗਰੀਨਫੋਰਡ ਹਾਈ ਸਕੂਲ ਵਿਚ ਏ ਲੈਵਲ ਕਰਦੀ ਹੈ। ਛੋਟੀ ਪਵਨਦੀਪ ਜੀ.ਸੀ.ਐਸ.ਈ. ਕਰ ਰਹੀ ਹੈ। ਰਾਜਵਿੰਦਰ ਹਾਲੇ ਵੀ ਵਿਹਲਾ ਹੀ ਹੈ। ਘਰ ਦੇ ਕੰਮ ਨਾਲ ਉਸ ਨੂੰ ਨਫਰਤ ਜਿਹੀ ਹੈ ਤੇ ਕਿਤੇ ਹੋਰ ਕੰਮ ਲੱਭਣ ਦੀ ਉਸ ਨੇ ਕਦੇ ਕੋਸ਼ਿਸ਼ ਹੀ ਨਹੀਂ ਕੀਤੀ।

ਕੁਝ ਸਾਲਾਂ ਵਿਚ ਹੀ ਪਰਦੁੱਮਣ ਸਿੰਘ ਨੇ ਆਪਣੇ ਪੈਰ ਪੱਕੀ ਤਰ੍ਹਾਂ ਬੰਨ੍ਹ ਲਏ ਹਨ। ਦੋ ਰਾਊਂਡ ਖੜੇ ਕਰ ਲਏ ਹਨ। ਹਰ ਰੋਜ਼ ਕੰਮ ਵਧਾਉਂਦਾ ਚਲਿਆ ਜਾਂਦਾ ਹੈ। ਕਈ ਹੋਰ ਲੋਕ ਲੰਡਨ ਵਿਚ ਸਮੋਸੇ ਡਿਲਿਵਰ ਕਰਨ ਲਗੇ ਹਨ ਤੇ ਉਹ ਮਾਲ ਪਰਦੁੱਮਣ ਸਿੰਘ ਤੋਂ ਚੁੱਕਦੇ ਹਨ। ਵੱਡੇ ਵੱਡੇ ਰੈਸਟੋਰੈਂਟ ਵੀ ਉਸ ਤੋਂ ਸਮੋਸੇ ਲੈਣ ਲਗ ਪਏ ਹਨ। ਸਮੋਸਿਆਂ ਨਾਲ ਉਸ ਨੇ ਪਕੌੜੇ ਵੀ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਪਕੌੜਿਆਂ ਨੂੰ ਓਨੀਅਨ ਭਾਜੀ ਦਾ ਨਾਂ ਦੇ ਦਿੱਤਾ ਹੈ ਜਿਹੜਾ ਕਿ ਮਸ਼ਹੂਰ ਹੋ ਗਿਆ ਹੈ। ਨਾਲ ਨਾਲ ਸਪਰਿੰਗ ਰੋਲ ਅਤੇ ਕਰੀ ਰੋਲ ਵੀ ਬਣਾਉਣ ਲੱਗਿਆ ਹੈ। ਹੁਣ ਉਹ ਹਰ ਚੀਜ਼ ਨੂੰ ਪੈਕਟ ਵਿਚ ਬੰਦ ਕਰਨ ਲਗ ਪਿਆ ਹੈ। ਹਰ ਪੈਕਟ ਉਪਰ ਪੂਰਾ ਲੇਬਲ ਲੱਗਿਆ ਹੁੰਦਾ ਹੈ। ਵੇਚ ਸਕਣ ਦੀ ਤਰੀਕ ਹੁੰਦੀ ਹੈ। ਲੇਬਲ ਉਪਰ ਉਸ ਦੀ ਕੰਪਨੀ ਦਾ ਨਾਂ 'ਹੈਵ ਏ ਬਾਈਟ' ਹੁੰਦਾ ਹੈ। ਉਸ ਦਾ ਇਹ ਨਾਂ ਹੁਣ ਸਥਾਪਤ ਹੋ ਚੁੱਕਾ ਹੈ। ਲੇਬਲ ਬਣਾਉਣ ਲਈ ਉਸ ਨੇ ਕੰਪਿਊਟਰ ਖਰੀਦ ਲਿਆ ਹੈ। ਇਵੇਂ ਹੀ ਬਿਲ ਵੀ ਹੁਣ ਉਹ ਕੰਪਿਊਟਰ ਰਾਹੀਂ ਹੀ ਕੱਢਦਾ ਹੈ। ਸਮੇਂ ਦੇ ਬਦਲਾਅ ਨਾਲ ਉਸ ਨੇ ਫੈਕਟਰੀ ਵਿਚ ਕੰਪਿਊਟਰ ਵਰਤਣੇ ਸ਼ੁਰੂ ਕਰ ਦਿਤੇ ਹਨ। ਕੰਪਿਊਟਰ 'ਤੇ ਕੰਮ ਕਰਨ ਲਈ ਆਰਜ਼ੀ ਤੌਰ ਤੇ ਇਕ ਕੁੜੀ ਰੱਖ ਲੈਂਦਾ ਹੈ ਪਰ ਫਿਰ ਉਸ ਨੇ ਆਪ ਹੀ ਗੁਜ਼ਾਰੇ ਜੋਗਾ ਕੰਪਿਊਟਰ ਚਲਾਉਣਾ ਸਿਖ ਲੈਂਦਾ ਹੈ। ਕੰਪਿਊਟਰ ਦੇ ਕੰਮ ਲਈ ਬਲਰਾਮ ਜਾਂ ਕੁੜੀਆਂ ਵੀ ਆ ਜਾਂਦੀਆਂ ਹਨ।

ਬਲਬੀਰ ਅਤੇ ਗੁਰਮੀਤ, ਦੋ ਡਰਾਈਵਰ ਹਨ ਉਸ ਕੋਲ। ਪੰਜ ਦਿਨ ਸਮੋਸੇ ਡਲਿਵਰ ਕਰਦੇ ਹਨ ਤੇ ਦੋ ਦਿਨ ਫੈਕਟਰੀ ਵਿਚ ਕੰਮ ਕਰਵਾਉਂਦੇ ਹਨ। ਇਹ ਦੋਵੇਂ ਹੀ ਫੌਜੀ ਹਨ। 'ਫੌਜੀ' ਸ਼ਬਦ ਗੈਰਕਨੂੰਨੀ ਪ੍ਰਵਾਸੀਆਂ ਲਈ ਵਰਤਿਆ ਜਾਣ ਲਗਿਆ ਹੈ। ਇਨ੍ਹਾਂ ਦੋਨਾਂ ਦੇ ਕੇਸ ਉਸ ਨੇ ਸੁਰਮੁਖ ਸੰਧੂ ਤੋਂ ਕਰਵਾਏ ਹੋਏ ਹਨ। ਉਸ ਦੀ ਕੋਸ਼ਿਸ਼ ਹੈ ਕਿ ਕੇਸਾਂ ਦੀ ਕਾਰਵਾਈ ਜਾਂ ਇਨ੍ਹਾਂ ਦੀ ਸਟੇਜ ਬਾਰੇ ਉਨ੍ਹਾਂ ਦੋਨਾਂ ਨੂੰ ਬਹੁਤਾ ਪਤਾ ਨਾ ਚੱਲੇ। ਉਹ ਅਹਿਸਾਨ ਥੱਲੇ ਦੱਬੇ ਜੀਅ ਜਾਨ ਨਾਲ ਕੰਮ ਕਰ ਰਹੇ ਹਨ। ਕੇਸ ਚੱਲਦੇ ਹੋ ਜਾਣ ਨਾਲ ਕਨੂੰਨਨ ਤੌਰ 'ਤੇ ਡਰਾਈਵਿੰਟ ਟੈਸਟ ਪਾਸ ਕਰਕੇ ਵੈਨਾਂ ਵੀ ਚਲਾ ਸਕਦੇ ਹਨ। ਉਨ੍ਹਾਂ ਨੂੰ ਭੱਜ ਭੱਜ ਕੇ ਕੰਮ ਕਰਦਿਆਂ ਨੂੰ ਦੇਖ ਕੇ ਪਰਦੁੱਮਣ ਸਿੰਘ ਸੋਚਣ ਲੱਗਦਾ ਹੈ ਕਿ ਜੇ ਉਸ ਦਾ ਆਪਣਾ ਮੁੰਡਾ ਰਾਜਵਿੰਦਰ ਕਿਸੇ ਕੰਮ ਜੋਗਾ ਹੁੰਦਾ ਤਾਂ ਉਸ ਨੂੰ ਕਿੰਨੀ ਮਦਦ ਹੋ ਜਾਂਦੀ।

ਬਲਬੀਰ ਤੇ ਗੁਰਮੀਤ ਕਿੰਨਾ ਵੀ ਇਮਾਨਦਰੀ ਨਾਲ ਕੰਮ ਕਰਦੇ ਹਨ ਪਰ ਪਰਦੁੱਮਣ ਸਿੰਘ ਉਨ੍ਹਾਂ ਉਪਰ ਯਕੀਨ ਨਹੀਂ ਕਰਦਾ। ਡਲਿਵਰੀ ਦੇ ਕੰਮ ਵਿਚ ਕਾਫੀ ਸਾਰੀ ਨਕਦ ਰਕਮ ਇਕੱਠੀ ਕਰਨੀ ਹੁੰਦੀ ਹੈ। ਕੁਝ ਦੁਕਾਨਦਾਰ ਹਫਤੇ ਬਾਅਦ ਬਿਲ ਦਿੰਦੇ ਹਨ ਤੇ ਕੁਝ ਰੋਜ਼ ਦੀ ਰੋਜ਼। ਹਫਤੇ ਬਾਅਦ ਵਾਲੇ ਬਿਲ ਵਿਚ ਹੇਰਾਫੇਰੀ ਦੇ ਮੌਕੇ ਘੱਟ ਹੁੰਦੇ ਹਨ ਪਰ ਕੈਸ਼ ਡਲਿਵਰੀ ਵਿਚ ਡਰਾਈਵਰ ਹੇਰਾਫੇਰੀ ਕਰ ਸਕਦੇ ਹਨ। ਗੁਰਮੀਤ ਤੇ ਬਲਬੀਰ ਹੇਰਾਫੇਰੀ ਕਰਦੇ ਹਨ ਜਾਂ ਨਹੀਂ ਪਰ ਪਰਦੁੱਮਣ ਸਿੰਘ ਨੂੰ ਹਰ ਵੇਲੇ ਸ਼ੱਕ ਰਹਿੰਦੀ ਹੈ। ਕਈ ਵਾਰ ਤਾਂ ਇੰਨਾ ਸ਼ੱਕ ਕਰਨ ਲੱਗਦਾ ਹੈ ਕਿ ਉਨ੍ਹਾਂ ਦੀਆਂ ਜੇਬਾਂ ਫਰੋਲਣ ਤੱਕ ਜਾਂਦਾ ਹੈ। ਜੇ ਉਹ ਗੁੱਸੇ ਹੋ ਜਾਣ ਤਾਂ ਫਿਰ ਪੁੱਤ ਪੁੱਤ ਕਰਦਾ ਫਿਰਦਾ ਹੈ। ਉਸ ਨੂੰ ਪਤਾ ਕਿ ਉਨ੍ਹਾਂ ਬਿਨਾਂ ਉਸ ਦਾ ਕੰਮ ਨਹੀਂ ਚੱਲਣਾ। ਡਰਾਈਵਰ ਵੀ ਉਸ ਦੇ ਇਵੇਂ ਆਦੀ ਹੋ ਚੁੱਕੇ ਹਨ ਕਿ ਛੋਟੀ ਮੋਟੀ ਗੱਲ

ਦਾ ਗੁੱਸਾ ਕਰਨੋਂ ਹਟ ਗਏ ਹਨ ਪਰ ਦਾਅ ਲਗੇ ਤਾਂ ਹੇਰਾ ਫੇਰੀ ਕਰਨ ਤੋਂ ਨਹੀਂ ਝਿਜਕਦੇ। ਫਿਰ ਬਾਅਦ ਵਿਚ ਵਡਿਆਈਆਂ ਮਾਰਦੇ ਦਸਦੇ ਹਨ ਕਿ ਅਜ ਮੈਂ ਇੰਨੇ ਕੱਢੇ ਤੇ ਅਜ ਫਲਾਨੇ ਨੇ ਇੰਨੇ ਕੱਢੇ। ਸ਼ਾਮ ਨੂੰ ਇਕੱਠੇ ਹੋ ਕੇ ਬੋਤਲ ਵੀ ਖਰੀਦਦੇ ਹਨ ਤੇ ਹੱਸਦੇ ਹੋਏ ਆਖਣ ਲਗਦੇ ਹਨ ਕਿ ਮਜ਼ੇ ਲੈ ਕੇ ਪੀਓ ਇਹ ਅੰਕਲ ਦੀ ਸ਼ਰਾਬ ਹੈ ਭਾਵ ਕੇ ਚੋਰੀ ਕੱਢੇ ਪੌਂਡਾਂ ਦੀ ਖਰੀਦੀ ਹੋਈ। ਸ਼ਾਮ ਨੂੰ ਇਕ ਦੂਜੇ ਨੂੰ ਮਜ਼ਾਕ ਕਰਦੇ ਪੁਛਦੇ ਹਨ ਕਿ ਅਜ ਅੰਕਲ ਕੀ ਪਿਲਾ ਰਿਹਾ ਹੈ ਵਿਸਕੀ ਜਾਂ ਬਰਾਂਡੀ।

ਫੈਕਟਰੀ ਵਿਚ ਕੰਮ ਕਰਦੀਆਂ ਔਰਤਾਂ ਉਪਰ ਗਿਆਨ ਕੌਰ ਪੂਰਾ ਰੋਅਬ ਰੱਖਦੀ ਹੈ। ਬ੍ਰੇਕਾਂ ਬਹੁਤ ਸਾਵੀਆਂ ਦਿੰਦੀ ਹੈ। ਕਿਸੇ ਨੂੰ ਇਕ ਮਿੰਟ ਲਈ ਵੀ ਵਾਧੂ ਨਹੀਂ ਬੈਠਣ ਦਿੰਦੀ। ਵੈਸੇ ਤਾਂ ਹੁਣ ਸਾਊਥਾਲ ਵਿਚ 'ਗੁਡ ਮੌਰਨਿੰਗ ਰੇਡੀਓ' ਸ਼ੁਰੂ ਹੋ ਚੁੱਕਾ ਜੋ ਕਿ ਸਾਰਾ ਦਿਨ ਚੱਲਦਾ ਰਹਿੰਦਾ ਹੈ ਪਰ ਵਿਚ ਵਿਚ ਉਹ ਟੇਪ ਵੀ ਚਲਾ ਲੈਂਦੇ ਹਨ। ਜੇਕਰ ਕਾਮੀਆਂ ਔਰਤਾਂ ਕੰਮ ਨੂੰ ਢਿੱਲੀਆਂ ਪੈਣ ਲੱਗਣ ਤਾਂ ਉਹ ਸੰਗੀਤ ਬੰਦ ਕਰ ਦਿੰਦੀ ਹੈ ਜਿਹੜਾ ਕਿ ਸਭ ਨੂੰ ਤਕਲੀਫਦੇਹ ਜਾਪਦਾ ਹੈ।

ਕੁਲਜੀਤ ਪਰਦੁੱਮਣ ਨੂੰ ਹਾਲੇ ਵੀ ਚੇਤੇ ਆਉਂਦੀ ਹੈ। ਕੁਲਜੀਤ ਗਈ ਤੇ ਉਸ ਨੂੰ ਨੀਰੂ ਮੁੜ ਯਾਦ ਆਉਣ ਲੱਗਦੀ ਹੈ। ਉਹ ਕਦੇ ਕਦੇ ਨੀਰੂ ਨੂੰ ਫੋਨ ਕਰ ਲਿਆ ਕਰਦਾ ਹੈ ਪਰ ਉਸ ਕੋਲੋਂ ਭਾਰਤ ਨਹੀਂ ਜਾਇਆ ਜਾਂਦਾ। ਗਿਆਨ ਕੌਰ ਇੰਡੀਆ ਜਾ ਆਈ ਹੈ। ਜਿੰਨਾ ਚਿਰ ਕੁਲਜੀਤ ਉਸ ਨਾਲ ਫਿਰਦੀ ਰਹੀ ਹੈ ਉਹ ਜਿਵੇਂ ਹਵਾ ਵਿਚ ਉਡਿਆ ਫਿਰਦਾ ਰਿਹਾ ਹੋਵੇ। ਜਵਾਨ ਕੁੜੀ ਨੂੰ ਕਾਰ ਵਿਚ ਬੈਠਾ ਕੇ ਸਾਊਥਾਲ ਦਾ ਚਕਰ ਲਾਉਣਾ ਉਸ ਨੂੰ ਚੰਗਾ ਲਗਦਾ ਹੈ। ਕੁਲਜੀਤ ਨੂੰ ਲੈ ਕੇ ਕਈ ਵਾਰ ਕਾਰੇ ਨੂੰ ਮਿਲਣ ਵੀ ਚਲੇ ਜਾਂਦਾ। ਕੁਲਜੀਤ ਪੱਕੀ ਹੁੰਦੀ ਹੈ ਤਾਂ ਬਦਲ ਜਾਂਦੀ ਹੈ। ਇਕ ਦਿਨ ਉਹ ਉਸ ਨੂੰ ਆਖਦੀ ਹੈ,

''ਅੰਕਲ, ਹੁਣ ਮੈਂ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰਨੀ ਐ, ਤੁਸੀ ਮੇਰੀ ਕੀ ਮੱਦਦ ਕਰ ਸਕਦੇ ਓ?''

''ਦੱਸ ਮੈਂ ਕੀ ਕਰਾਂ?''

''ਮੈਂ ਇਕ ਫਲੈਟ ਦੇਖਿਆ ਬਹੁੱਤ ਸਸਤਾ ਵਿਕ ਰਿਹੈ।''

''ਕੁਲਜੀਤ ਕੁਰੇ, ਮੈਂ ਫਲੈਟ ਵਾਲ ਬੰਦਾ ਨਹੀਂ, ਮੈਂ ਤੈਨੂੰ ਸ਼ੁਭ ਇਛਾਵਾਂ ਈ ਦੇ ਸਕਦਾਂ।''

''ਇੰਨੇ ਚਿਰ ਦੀ ਦੋਸਤੀ ਤੇ ਢਿਡ ਘਸਾਈ ਕਿਹੜੇ ਕੰਮ ਆਈ!''

''ਇਹ ਮੁਹੱਬਤ ਸੀ ਜਾਂ ਸਹੂਲਤ ਸੀ, ਤੂੰ ਹੀ ਦੱਸ?''

''ਤੁਹਾਡੀ ਪੂਰੀ ਇਜ਼ਤ ਇਹਦੇ ਤੇ ਖੜੀ ਐ।''

ਇਕ ਮਿੰਟ ਲਈ ਪਰਦੁੱਮਣ ਸਿੰਘ ਡੋਲਦਾ ਹੈ ਤੇ ਫਿਰ ਆਖਦਾ ਹੈ,

''ਇਸ਼ਕ ਵਿਚ ਬਲੈਕਮੇਲ ਨਹੀਂ ਕਰੀਦਾ।''

''ਤੁਸੀਂ ਮੈਨੂੰ ਬਲੈਕਮੇਲ ਕੀਤਾ ਇੰਨਾ ਚਿਰ, ਮੈਂ ਤਾਂ ਸਿਰਫ ਮਦਦ ਈ ਮੰਗੀ ਐ, ਜੇ ਅੰਟੀ ਨੂੰ ਤੁਹਾਡੇ ਬਾਰੇ ਪਤਾ ਚਲ ਜਾਵੇ ਤਾਂ ਕੀ ਹੋਵੇ!''

ਪਰਦੁੱਮਣ ਸਿੰਘ ਥੋੜਾ ਕੁ ਹਸਦਾ ਹੈ ਤੇ ਬੋਲਦਾ ਹੈ,

''ਕੁਲਜੀਤ ਕੋਰੇ ਮੈਂ ਤਾਂ ਕਿਹਾ ਤੂੰ ਸਿਆਣੀ ਕੁੜੀ ਹੋਵੇਂਗੀ, ਤੂੰ ਤਾਂ ਇੰਨਾ ਵੀ ਨਹੀਂ ਸੋਚ ਸਕਦੀ ਕਿ ਮੈਂ ਤੈਨੂੰ ਸ਼ਰੇਆਮ ਲਈ ਫਿਰਦਾਂ ਤੇ ਉਹਨੂੰ ਹਾਲੇ ਤਕ ਪਤਾ ਈ ਨਹੀਂ ਹੋਊ! ਜੇ ਹਾਲੇ ਵੀ ਸਿਆਣਪ ਵਰਤਦੀ ਐਂ ਤਾਂ ਇਹ ਡਰਾਵੇ ਛੱਡ ਤੇ ਮੇਰੇ ਨਾਲ ਦੋਸਤੀ ਰੱਖ, ਕਿਸੇ ਵੇਲੇ ਕੰਮ ਆਵਾਂਗਾ।''

ਪਰਦੁੱਮਣ ਸਿੰਘ ਗਲ ਕਰਦਾ ਸੋਚਦਾ ਹੈ ਕਿ ਕੀ ਇਹ ਤਾਂ ਬਹੁਤ ਖਤਰਨਾਕ ਕੁੜੀ ਹੈ। ਇਕ ਦਿਨ ਉਹ ਗਿਆਨ ਕੌਰ ਦੇ ਮੋਢ੍ਹੇ ਤੇ ਰੱਖ ਕੇ ਚਲਾ ਦਿੰਦਾ ਹੈ। ਕੁਲਜੀਤ ਨੂੰ ਕੰਮ ਤੋਂ ਹਟਾ ਦਿੰਦਾ ਹੈ।

ਕੁਲਜੀਤ ਨਾਲ ਉਹ ਅੰਦਰ ਹੀ ਅੰਦਰ ਪਿਆਰ ਕਰਨ ਲਗਦਾ ਹੈ। ਉਸ ਨਾਲੋਂ ਟੁੱਟਣ ਤੇ ਕੁਝ ਕੁ ਦਿਨ ਉਸ ਦਾ ਮਨ ਬਹੁਤ ਉਦਾਸ ਰਹਿੰਦਾ ਹੈ ਪਰ ਉਸ ਨੂੰ ਤਸੱਲੀ ਵੀ ਹੈ ਕਿ ਪਿਛਿਓਂ ਲੱਥੀ, ਕਿਸੇ ਵੇਲੇ ਮੁਸੀਬਤ ਵਿਚ ਵੀ ਪਾ ਸਕਦੀ ਸੀ। ਕੁਝ ਦਿਨਾਂ ਬਾਅਦ ਨਵੀਂ ਆਈ ਕਾਮੀ ਸ਼ਿੰਦਰ ਕੌਰ ਨਾਲ ਦੋਸਤੀ ਗੰਢ ਲੈਂਦਾ ਹੈ ਪਰ ਇਕ ਵਿਥ ਰੱਖਦਾ ਹੈ। ਹੋਰ ਵੀ ਲੋੜਵੰਦ ਔਰਤਾਂ ਉਪਰ ਉਸ ਦੀ ਨਜ਼ਰ ਘੁੰਮਦੀ ਰਹਿੰਦੀ ਹੈ।

ਵੈਸੇ ਤਾਂ ਪਰਦੁੱਮਣ ਸਿੰਘ ਕਾਫੀ ਖੁਸ਼ ਰਹਿੰਦਾ ਹੈ ਪਰ ਵੱਡੇ ਮੁੰਡੇ ਦਾ ਫਿਕਰ ਉਸ ਦੇ ਮਨ ਵਿਚ ਰੋੜ ਵਾਂਗ ਰੜਕਦਾ ਰਹਿੰਦਾ ਹੈ ਹਰ ਵੇਲੇ। ਪੜ੍ਹਾਈ ਵਿਚ ਵੀ ਉਹ ਕਿਸੇ ਕੰਢੇ ਨਹੀਂ ਲੱਗਿਆ। ਕੰਮ ਕਰਨ ਦਾ ਵੀ ਉਸ ਦਾ ਕੋਈ ਇਰਾਦਾ ਨਹੀਂ ਹੈ। ਰਾਜਵਿੰਦਰ ਪੂਰਾ ਡਰਾਈਵਰ ਹੈ ਪਰ ਕੋਈ ਵੈਨ ਕਦੇ ਨਹੀਂ ਚਲਾਉਂਦਾ। ਕਾਰ ਨੂੰ ਵੀ ਜਦ ਲੋੜ ਹੋਵੇ ਤਾਂ ਲੈ ਜਾਦਾ ਹੈ। ਜੇਕਰ ਪਰਦੁੱਮਣ ਝਿੜਕ ਦਿੰਦਾ ਹੈ ਤਾਂ ਉਹ ਰੁੱਸ ਕੇ ਘਰੋਂ ਚਲੇ ਜਾਂਦਾ ਹੈ ਤੇ ਇਕ ਦੋ ਦਿਨ ਬਾਹਰ ਰਹਿ ਕੇ ਮੁੜ ਆਉਂਦਾ ਹੈ। ਹੁਣ ਉਸ ਨੂੰ ਇਹ ਵੀ ਨਹੀਂ ਕਿ ਰਾਜਵਿੰਦਰ ਨੇ ਪੜ੍ਹਾਈ ਵਿਚਕਾਰ ਹੀ ਛੱਡ ਦਿੱਤੀ। ਉਹ ਸੋਚਦਾ ਹੈ ਕਿ ਕਿਹੜੀ ਸਾਰੀ ਦੁਨੀਆ ਡਿਗਰੀਆਂ ਹੀ ਲਈ ਫਿਰਦੀ ਹੈ। ਕਾਰਾ ਅਨਪੜ੍ਹ ਜਿਹਾ ਹੀ ਹੈ ਤੇ ਏਡਾ ਵੱਡਾ ਇੰਸ਼ੋਰੰਸ ਦਾ ਕੰਮ ਚਲਾਈ ਫਿਰਦਾ ਹੈ। ਇੰਨਾ ਜ਼ਰੂਰ ਹੈ ਕਿ ਪੜ੍ਹਾਈ ਬਿਨਾਂ ਅੱਜ ਕੱਲ ਕੰਮ ਘੱਟ ਮਿਲਦੇ ਹਨ ਪਰ ਰਾਜਵਿੰਦਰ ਤਾਂ ਘਰ ਦਾ ਕੰਮ ਹੀ ਨਹੀਂ ਕਰ ਰਿਹਾ ਬਾਹਰ ਤਾਂ ਉਸ ਨੇ ਕੀ ਕਰਨਾ ਹੈ। ਗਿਆਨ ਕੌਰ ਵੀ ਰਾਜਵਿੰਦਰ ਨੂੰ ਸਮਝਾਉਣ ਲੱਗਦੀ ਹੈ ਪਰ ਉਹ ਨਹੀਂ ਸਮਝਦਾ।

ਇਕ ਦਿਨ ਪਰਦੁੱਮਣ ਸਿੰਘ ਕਹਿਣ ਲੱਗਦਾ ਹੈ,

“ਵਿਹਲਾ ਬੈਠ ਕੇ ਟਾਈਮ ਨਾ ਖਰਾਬ ਕਰ, ਜਾਂ ਤਾਂ ਫੈਕਟਰੀ ਆ ਕੇ ਸਾਡੀ ਹੈਲਪ ਕਰ, ਤੈਨੂੰ ਪੂਰੀ ਤਨਖਾਹ ਦੇਵਾਂਗੇ।”
“ਮੈਂ ਮੰਮੀ ਨੂੰ ਟੈੱਲ ਕੀਤਾ ਮੈਨੂੰ ਕੁਕਿੰਗ ਤੋਂ ਅਲਰਜੀ ਆ।”
“ਡਰਾਈਵਿੰਗ ਕਰ ਲੈ।”
“ਡਰਾਈਵਿੰਗ ਮੈਨੂੰ ਪਰੈਸ਼ਰ ਦਿੰਦੀ ਆ।”
“ਕੋਈ ਹੋਰ ਜੌਬ ਲਭ ਲੈ।”
“ਮੇਰੇ ਮਾਈਂਡ ਦੀ ਜੌਬ ਮਿਲੂ ਤਾਂ ਈ ਕਰੂੰ।”
“ਮਾਈਂਡ ਦੀ ਜੌਬ ਨੂੰ ਹੁਣ ਬੈਂਕ ਮੈਨੇਜਰ ਲੱਗਣੈ।”
“ਡੈਡ, ਯੂ ਆਲਵੇਅਜ਼ ਅੰਡਰਐਸਟੀਮੇਟ ਮੀ।”
“ਐਸਟੀਮੇਟ ਤਾਂ ਮੈਂ ਤੈਨੂੰ ਠੀਕ ਕਰ ਰਿਹਾਂ, ਤੇਰਾ ਘਰੋਂ ਕੋਈ ਪੈਸਾ ਮਿਲਣਾ ਬੰਦ, ਡੋਲ ਮਨੀ ਦੇ 'ਤੇ ਈ ਗੁਜ਼ਾਰਾ ਕਰ।”
“ਪਹਿਲਾਂ ਵੀ ਡੈਡ ਤੂੰ ਕਦੇ ਨਹੀਂ ਕੁਸ਼ ਦਿੰਦਾ, ਮੌਮ ਵੀ ਪੂਰਾ ਨਹੀਂ ਦਿੰਦੀ, ਦੈਸ'ਸ ਇਟ।”

ਪਰਦੁੱਮਣ ਸਿੰਘ ਗਿਆਨ ਕੌਰ ਨੂੰ ਵੀ ਸਮਝਾਉਂਦਾ ਹੈ ਕਿ ਉਸ ਨੂੰ ਜੇਬ ਖਰਚ ਦੇਣਾ ਬੰਦ ਕਰੇ। ਗਿਆਨ ਕੌਰ ਪੁੱਤਰ ਨੂੰ ਕਹਿਣ ਲੱਗਦੀ ਹੈ,
“ਕਾਕਾ, ਕੰਮ ਕਰੇਂਗਾ ਤਾਂ ਚੰਗੀ ਜਗ੍ਹਾ ਵਿਆਹਿਆ ਜਾਏਂਗਾ।”

ਗਿਆਨ ਕੌਰ ਨੂੰ ਹੁਣ ਉਸ ਦੇ ਵਿਆਹ ਦਾ ਫਿਕਰ ਪੈ ਗਿਆ ਹੈ। ਉਹ ਆਪਣੇ ਪਤੀ ਨੂੰ ਆਖਦੀ ਹੈ,
“ਮੈਂ ਤਾਂ ਸੋਚਦੀ ਆਂ ਕਿ ਏਹਨੂੰ ਵਿਆਹ ਦੇਈਏ, ਬੇਗਾਨੀ ਕੁੜੀ ਨੇ ਆਪੇ ਈ ਸਿੱਧਾ ਕਰ ਲੈਣਾ ਏਹਨੂੰ।”
“ਪਹਿਲਾਂ ਤਾਂ ਆਪਾਂ ਏਹਦਾ ਭਾਰ ਚੁੱਕਦੇ ਆਂ ਫੇਰ ਓਸ ਕੁੜੀ ਦਾ ਵੀ ਚੁੱਕਾਂਗੇ।”
“ਕੀ ਪਤਾ ਠੀਕ ਈ ਹੋ ਜਾਊ।”
“ਥੋੜ੍ਹਾ ਕੁ ਤਾਂ ਲੱਗੇ ਕਿ ਇਹ ਕੰਮ ਕਰਨਾ ਚਾਹੁੰਦਾ, ਸਾਲਾ ਸਵੇਰੇ ਈ ਨਿਕਲ ਜਾਂਦੈ ਤੇ ਅੱਧੀ ਰਾਤ ਨੂੰ ਮੁੜਦਾ, ਅਵਾਰਾ ਤੁਰਿਆ ਫਿਰਦਾ।”
“ਕਿਤੇ ਕੋਈ ਗੋਰੀ, ਕਾਲੀ ਈ ਨਾ ਲੈ ਆਵੇ।”

ਗਿਆਨ ਕੌਰ ਡਰਦੀ ਹੋਈ ਆਖਦੀ ਹੈ।

ਪਰਦੁੱਮਣ ਸਿੰਘ ਨੂੰ ਵੀ ਇਸ ਗੱਲ ਦੀ ਚਿੰਤਾ ਹੈ ਕਿ ਜੇਕਰ ਉਸ ਨੇ ਗਲਤ ਕਦਮ ਚੁੱਕ ਲਿਆ ਕਿ ਕੋਈ ਗਰਲ ਫਰਿੰਡ ਰੱਖ ਲਈ ਤਾਂ ਇਸ ਦਾ ਅਸਰ ਕੁੜੀਆਂ ਉਪਰ ਵੀ ਪੈ ਸਕਦਾ ਹੈ ਤੇ ਬਲਰਾਮ ਉਪਰ ਵੀ। ਫਿਰ ਜਦ ਉਹ ਧਿਆਨ ਨਾਲ ਸੋਚਦਾ ਹੈ ਤਾਂ ਦੇਖਦਾ ਹੈ ਕਿ ਇੰਨਾ ਚਿਰ ਹੋ ਗਿਆ ਉਸ ਨੂੰ ਇਵੇਂ ਤੁਰਿਆਂ ਫਿਰਦਿਆਂ, ਅੱਜ ਤੱਕ ਵੀ ਉਸ ਨਾਲ ਕੋਈ ਕੁੜੀ ਨਹੀਂ ਦੇਖੀ ਗਈ। ਉਸ ਨੂੰ ਇਕਦਮ ਖਿਆਲ ਆਉਂਦਾ ਹੈ ਕਿ ਕਿਤੇ ਉਹ ਗੇਅ ਹੀ ਨਾ ਬਣ ਜਾਵੇ। ਉਸ ਨੂੰ ਪਤਾ ਹੈ ਕਿ ਅਜਕਲ ਗੇਅ ਬਣਨ ਦੀ ਪ੍ਰਵਿਰਤੀ ਬਹੁਤ ਫੈਲ ਰਹੀ ਹੈ। ਗੇਅ ਬਣਨ ਦੀ ਪਰਵਿਰਤੀ ਪਿਛੇ ਕਾਰਨ ਇਹੋ ਹਨ ਕਿ ਇਕ ਤਾਂ ਔਰਤ ਦੀ ਬਹੁਤਲਤਾ ਤੇ ਦੂਜਾ ਔਰਤ ਦਾ ਨਾ ਮਿਲਣਾ। ਕਈ ਵਾਰ ਬੁਰੇ ਸਾਥ ਦਾ ਵੀ ਅਸਰ ਹੋ ਜਾਂਦਾ ਹੈ। ਉਸ ਨੂੰ ਹੈ ਕਿ ਰਾਜਵਿੰਦਰ ਸਾਰਾ ਦਿਨ ਮੁੰਡਿਆਂ ਵਿਚ ਰਹਿੰਦਾ ਹੈ ਤੇ ਕੋਈ ਗੇਅ ਰੁਝਾਨ ਦਾ ਮੁੰਡਾ ਹੀ ਉਸ ਨੂੰ ਇਸ ਪਾਸੇ ਲਾ ਸਕਦਾ ਹੈ। ਇਸ ਸਭ ਕੁਝ ਸੋਚਦਿਆਂ ਉਹ ਰਾਜਵਿੰਦਰ ਬਾਰੇ ਹੋਰ ਹੀ ਫਿਕਰਮੰਦ ਹੋਣ ਲਗਦਾ ਹੈ।

ਉਸ ਦਿਨ ਰਾਜਵਿੰਦਰ ਲੇਟ ਘਰ ਮੁੜਦਾ ਹੈ। ਪਰਦੁੱਮਣ ਸਿੰਘ ਬੈਠਾ ਉਸ ਨੂੰ ਉਡੀਕ ਰਿਹਾ ਹੈ। ਨਹੀਂ ਤਾਂ ਇੰਨੀ ਦੇਰ ਤੱਕ ਉਹ ਜਾਗਿਆ ਨਹੀਂ ਕਰਦਾ। ਸਵੇਰੇ ਜਲਦੀ ਉਠਣਾ ਹੋਣ ਕਰਕੇ ਸੌਂ ਗਿਆ ਹੁੰਦਾ ਹੈ। ਉਹ ਰਾਜ ਨੂੰ ਆਪਣੇ ਕੋਲ ਸੱਦਦਾ ਹੈ। ਬੈਠਣ ਲਈ ਆਖਦਾ ਹੈ ਤੇ ਪੁੱਛਦਾ ਹੈ,
“ਡਰਿੰਕ ਲਏਂਗਾ ਇਕ ?”
“ਨਹੀਂ ਡੈਡ, ਮੈਂ ਤਾਂ ਸੌਣਾ ਮੰਗਦਾਂ।”
“ਗੱਲ ਸੁਣ, ਤੇਰੇ ਕੋਲ ਗਰਲ ਫਰਿੰਡ ਕਿਉਂ ਨਹੀਂ ਕੋਈ।”
“ਡੈਡ, ਤੇਰੇ ਕੋਲ ਜਿਉਂ ਹੈਗੀ ਆ, ਫੇਰ ਮੈਂ ਕੀ ਕਰਨੀ ਆਂ।”

ਰਾਜਵਿੰਦਰ ਕਹਿੰਦਾ ਹੈ। ਪਰਦੁੱਮਣ ਸਿੰਘ ਡਰਦਾ ਹੋਇਆ ਰਸੋਈ ਵੱਲ ਦੇਖਣ ਲੱਗਦਾ ਹੈ ਜਿਥੇ ਗਿਆਨ ਕੌਰ ਭਾਂਡੇ ਸੰਭਾਲ ਰਹੀ ਹੈ। ਪਰਦੁੱਮਣ ਸਿੰਘ ਫਿਰ ਆਖਦਾ ਹੈ,
“ਮੈਂ ਚਾਹੁੰਨਾਂ ਕਿ ਤੂੰ ਕੋਈ ਕੁੜੀ ਲੱਭੇਂ।”
“ਡੈਡ, ਕੁੜੀਆਂ ਪੈਸੇ ਨਾਲ ਲੱਭਦੀਆਂ ਤੇ ਪੈਸੇ ਮੇਰੇ ਕੋਲ ਹੈ ਨਹੀਂ।”
“ਪੈਸਿਆਂ ਲਈ ਕੋਈ ਕੰਮ ਕਰ, ਕੋਈ ਜੌਬ ਲੱਭ।”
“ਮੈਂ ਤਾਂ ਬਹੁਤ ਟਰਾਈ ਕਰਦਾਂ, ਆਪਣੇ ਫਰਿੰਡ ਨਾਲ ਏਅਰਪੋਰਟ 'ਤੇ ਵੀ ਗਿਆ ਸੀ ਪਰ ਮਿਲੀ ਨਹੀਂ।”
“ਤੂੰ ਕਾਰੇ ਨਾਲ ਇੰਸ਼ੋਰੰਸ ਦਾ ਕੰਮ ਕਿਉਂ ਨਹੀਂ ਸਿੱਖਣ ਲੱਗ ਜਾਂਦਾ।”
“ਨੋ ਡੈਡ, ਕਾਰਾ ਅੰਕਲ ਟੌਕ ਫਨੀ।”
“ਕੰਮ ਵੀ ਲੱਭ ਤੇ ਗਰਲ ਫਰਿੰਡ ਵੀ ਲੱਭ।”

''ਗਰਲ ਫਰਿੰਡ ਤਾਂ ਮਨੀ ਨਾਲ ਲੱਭਣੀ ਆਂ।''
''ਤੈਨੂੰ ਕੌਣ ਕਹਿੰਦੈ, ਆਹ ਜਿੰਨੇ ਮੁੰਡੇ ਕੁੜੀਆਂ ਲਈ ਫਿਰਦੇ ਆ ਇਨ੍ਹਾਂ ਕੋਲ ਕਿਤੇ ਮਨੀ ਈ ਹੁੰਦੀ ਐ।''
''ਹੋਰ ਕਿਤੇ ਨਾ ਵੀ, ਡੈਡ ਲੁਕ ਐਟ ਯੋਅਰ ਸੈਲਫ, ਯੂ ਹੈਵ ਮਨੀ ਦੈਟ'ਸ ਵਾਈ ਵੂਮਿਨ ਕਮਿੰਗ ਟੂ ਯੂ।''
''ਤੈਨੂੰ ਕੌਣ ਕਹਿੰਦਾ ਇਹ ਗੱਲ ?''
''ਮੈਂ ਤਾਂ ਕਿੰਨੀ ਵਾਰ ਤੇਰੇ ਨਾਲ ਔਰਤਾਂ ਦੇਖਦਾਂ।''
''ਉਹ ਤਾਂ ਕਿਸੇ ਨੂੰ ਕੰਮ ਤੋਂ ਘਰ ਛੱਡਣ ਜਾਨਾਂ ਜਾਂ ਲੈਣ ਜਾਣਾ ਹੁੰਦਾ।''
''ਆਈ ਨੋਅ, ਬੱਟ ਦਾ ਵੇਅ ਯੂ ਬੀਹੇਵ, ਦੇਅ ਬੀਹੇਵ, ਯੂ ਕੈਨ ਟੈਲ...।''
''ਤੂੰ ਮੇਰੀ ਗੱਲ ਛੱਡ, ਅਗਲੀ ਵਾਰ ਤੇਰੇ ਨਾਲ ਕੋਈ ਕੁੜੀ ਹੋਣੀ ਚਾਹੀਦੀ ਐ। ਮੈਂ ਬਹੁਤ ਵੱਰੀਡ ਆਂ ਤੇਰੇ ਲਈ।''
''ਕਾਹਦੀ ਵੱਰੀ ਐ ਡੈਡ ?''
''ਕਿ ਤੂੰ ਗੇਅ ਨਾ ਹੋ ਜਾਵੇਂ।''
''ਡੌਂਟ ਟੌਕ ਰੱਬਿੱਸ਼ ਡੈਡ!''

ਛੱਬੀ

ਪਰਦੁੱਮਣ ਸਿੰਘ ਦੇਖਦਾ ਹੈ ਕਿ ਬਲਬੀਰ ਕੁਝ ਵੱਟਿਆ ਵੱਟਿਆ ਰਹਿਣ ਲੱਗਿਆ ਹੈ। ਪਿਛਲੇ ਮਹੀਨੇ ਉਸ ਦਾ ਵਿਆਹ ਹੋਇਆ ਹੈ। ਰਿਸ਼ਤੇਦਾਰਾਂ ਨੇ ਕੁੜੀ ਲੱਭੀ ਤੇ ਇਹ ਕਾਰਜ ਕਰ ਦਿੱਤਾ ਹੈ। ਵਿਆਹ ਕਾਰਨ ਉਸ ਦੇ ਪੱਕੇ ਹੋਣ ਦੇ ਮੌਕੇ ਵੱਧ ਗਏ ਹਨ। ਵੈਸੇ ਤਾਂ ਸਾਰੇ ਕਹਿੰਦੇ ਹਨ ਕਿ ਇਮੀਗਰੇਸ਼ਨ ਕਾਨੂੰਨ ਇਕ ਡਰਟੀ ਗੇਮ ਹੈ, ਪਤਾ ਨਹੀਂ ਇਸ ਨੇ ਕਿਧਰ ਨੂੰ ਤੁਰ ਪੈਣਾ ਹੈ। ਉਹ ਸੋਚਦਾ ਹੈ ਕਿ ਸ਼ਾਇਦ ਉਸ ਨੇ ਹੀ ਬਲਬੀਰ ਨੂੰ ਕੁਝ ਕਹਿ ਦਿੱਤਾ ਹੋਵੇ। ਜਾਂ ਫਿਰ ਤਨਖਾਹ ਵਧਵਾਉਣ ਦਾ ਕੋਈ ਬਹਾਨਾ ਲੱਭ ਰਿਹਾ ਹੋਵੇ। ਕਈ ਕਾਮੇ ਆਪਣਾ ਮੁੱਲ ਪਵਾਉਣ ਲਈ ਅਕਸਰ ਇਵੇਂ ਕਰਦੇ ਹਨ ਕਿ ਕਹਿਣ ਲੱਗਦੇ ਹਨ ਕਿ ਉਹ ਕੰਮ ਛੱਡ ਰਹੇ ਹਨ। ਉਹ ਸੋਚਣ ਲੱਗਦਾ ਹੈ ਕਿ ਬਲਬੀਰ ਵਧੀਆ ਡਰਾਈਵਰ ਹੈ। ਜੇ ਜ਼ਿਆਦਾ ਕਹੇਗਾ ਤਾਂ ਹਫਤੇ ਦੇ ਦਸ ਪੌਂਡ ਵਧਾ ਦੇਵੇਗਾ। ਇਹਦੇ ਨਾਲੋਂ ਕਿ ਨਵਾਂ ਡਰਾਈਵਰ ਲੱਭਿਆ ਜਾਵੇ, ਫਿਰ ਟਰੇਂਡ ਕੀਤਾ ਜਾਵੇ, ਦਸ ਪੌਂਡ ਵਧਾਉਣੇ ਸੌਖੇ ਹਨ। ਬਲਬੀਰ ਪੂਰੇ ਕੰਮ ਨੂੰ ਬਾਖੂਬੀ ਨਾਲ ਸੰਭਾਲ ਰਿਹਾ ਹੈ। ਇਕ ਦੋ ਦਿਨ ਦੇਖ ਕੇ ਉਹ ਬਲਬੀਰ ਨੂੰ ਆਪ ਹੀ ਪੁੱਛਦਾ ਹੈ,
''ਪੁੱਤਰਾ, ਠੀਕ ਐਂ ?''
''ਆਹੋ ਅੰਕਲ, ਬਿਲਕੁਲ ਠੀਕ ਆਂ।''
''ਫੇਰ ਮੂੰਹ ਕਿਉਂ ਬਰੂ ਖਾਧੀ ਮੱਝ ਵਾਂਗ ਕੀਤਾ ਹੋਇਆ ?''
''ਅਸਲ 'ਚ ਗੱਲ ਇਹ ਐ ਅੰਕਲ, ਮੈਂ ਆਪਣਾ ਕੰਮ ਸ਼ੁਰੂ ਕਰਨਾ ਚਾਹੁੰਨਾਂ।''
''ਅੱਛਾ ! ਕਾਹਦਾ ?''
''ਆਹੀ, ਸਮੋਸਿਆਂ ਦਾ। ਮੇਰੀ ਵਾਈਫ ਵੀ ਤੇਜ਼ ਐ, ਸੱਸ ਨੇ ਵੀ ਇਹ ਕੰਮ ਕੀਤਾ ਹੋਇਐ, ਉਨ੍ਹਾਂ ਦੀ ਗੈਰਜ ਕਾਫੀ ਵੱਡੀ ਐ, ਖਾਲੀ ਪਈ ਐ।''

ਗੱਲ ਸੁਣ ਕੇ ਪਰਦੁੱਮਣ ਸਿੰਘ ਦੀ ਖਾਨਿਉਂ ਗਈ ਹੋ ਜਾਂਦੀ ਹੈ। ਘਰ ਵਿਚ ਹੀ ਸ਼ਰੀਕ ਜੰਮ ਰਿਹਾ ਹੈ। ਉਸ ਤੋਂ ਸਿੱਖ ਕੇ ਉਸ ਦੇ ਬਰਾਬਰ ਹੀ ਖੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਆਪਣੇ ਸਮੋਸੇ ਬਣਾਵੇਗਾ, ਫਿਰ ਉਸ ਦੀਆਂ ਦੁਕਾਨਾਂ ਉਪਰ ਜਾ ਕੇ ਰੱਖਣ ਦੀ ਕੋਸ਼ਿਸ਼ ਕਰੇਗਾ। ਦੁਕਾਨਦਾਰ ਨੂੰ ਸਮੋਸੇ ਮਗਰ ਦੋ ਤਿੰਨ ਪੈਨੀਆਂ ਘੱਟ ਕਰਕੇ ਮਗਰ ਲਾ ਸਕਦਾ ਹੈ। ਇਹ ਮੁੰਡਾ ਭਾਵੇਂ ਚੁੱਪ ਜਿਹਾ ਹੈ ਪਰ ਅੰਦਰੋਂ ਤੇਜ਼ ਹੈ। ਬਲਬੀਰ ਚਲੇ ਜਾਂਦਾ ਹੈ ਪਰ ਪਰਦੁੱਮਣ ਸਿੰਘ ਸੋਚਾਂ ਵਿਚ ਪੈ ਜਾਂਦਾ ਹੈ ਕਿ ਕੀ ਕੀਤਾ ਜਾਵੇ। ਬਲਬੀਰ ਨੂੰ ਕਿਵੇਂ ਰੋਕਿਆ ਜਾਵੇ।

ਅਗਲੇ ਦਿਨ ਉਹ ਚਿਹਰੇ 'ਤੇ ਖੁਸ਼ੀ ਲਿਆਉਂਦਿਆਂ ਬਲਬੀਰ ਨੂੰ ਆਖਦਾ ਹੈ,
''ਇਹ ਤਾਂ ਚੰਗੀ ਗੱਲ ਐ ਬਈ ਤੂੰ ਆਪਣਾ ਕੰਮ ਸ਼ੁਰੂ ਕਰਨ ਬਾਰੇ ਸੋਚ ਰਿਹੈਂ।''
''ਅੱਛਾ! ਅੰਕਲ ਮੈਂ ਤਾਂ ਡਰਦਾ ਸੀ ਕਿ ਤੁਸੀਂ ਗੁੱਸਾ ਕਰੋਂਗੇ।''
''ਗੁੱਸਾ ਕਾਹਦਾ ਬਈ, ਪੁੱਤ ਜਵਾਨ ਹੋ ਕੇ ਪਿਓ ਬਰਾਬਰ ਖੜਦੇ ਈ ਹੁੰਦੇ ਆ। ਸਗਾਂ ਤੈਨੂੰ ਕਿਸੇ ਹੈਲਪ ਦੀ ਲੋੜ ਹੋਈ ਤਾਂ ਦੱਸੀਂ।''
''ਠੀਕ ਐ ਅੰਕਲ।''
''ਪਰ ਇਕ ਗੱਲ ਹੋਰ ਐ ਬਲਬੀਰ।''
''ਕਿਹੜੀ ?''
''ਤੂੰ ਰਾਊਂਡ ਆਪਣਾ ਖੜਾ ਕਰ ਲੈ। ਸਮੋਸੇ ਤੈਨੂੰ ਮੈਂ ਕੌਸਟ ਪਰਾਈਸ 'ਤੇ ਦੇਈ ਜਾਨਾਂ। ਤੂੰ ਐਵੇਂ ਭੱਠੀਆਂ ਬਗੈਰਾ 'ਤੇ ਖਰਚ ਕਰਦਾ ਫਿਰੇਂਗਾ।''
''ਕਿੰਨੇ ਦਾ ਸਮੋਸਾ ਦੇਵੋਂਗੇ ?''

''ਇਹ ਤਾਂ ਮੈਂ ਤੈਨੂੰ ਪੂਰੀ ਤਰ੍ਹਾਂ ਕੈਲਕੁਲੇਟ ਕਰ ਕੇ ਦੱਸੂੰ, ਅੱਜ ਕੱਲ ਆਪਾਂ ਦੁਕਾਨਦਾਰ ਨੂੰ ਪੰਜਤਾਲੀ ਪੈਂਸ ਦਾ ਦਿੰਨੇ ਆਂ, ਆਪਾਂ ਨੂੰ ਅੰਦਾਜ਼ਨ ਕੌਸਟ ਪੱਚੀ ਕੁ ਪੈਂਸ ਕਰੇਗਾ ਤੇ ਦੋ ਕੁ ਪੈਨੀਆਂ ਮੈਂ ਕਮਾਊਂ ਤੈਨੂੰ ਅੱਠਾਈ ਪੈਂਸ ਦਾ ਦੇਈ ਜਾਊਂ, ਪਰ ਮੈਨੂੰ ਹਿਸਾਬ ਕਰਕੇ ਦੇਖ ਲੈਣ ਦੇ।''

ਸ਼ਾਮ ਨੂੰ ਪਰਦੁੱਮਣ ਸਿੰਘ ਹਿਸਾਬ ਲਾ ਕੇ ਦੇਖਣ ਲਗਦਾ ਹੈ ਕਿ ਇਕ ਸਮੋਸਾ ਕਿੰਨੇ ਦਾ ਪੈਂਦਾ ਹੈ। ਪਹਿਲਾਂ ਤਾਂ ਇਹ ਸਸਤਾ ਹੀ ਸੀ। ਉਹ ਦੁਕਾਨਦਾਰਾਂ ਨੂੰ ਵੀ ਤੀਹ ਪੈਂਸ ਦਾ ਵੇਚਦਾ ਰਿਹਾ ਸੀ ਪਰ ਹੁਣ ਪੰਜਤਾਲੀ ਦਾ ਦਿੰਦਾ ਹੈ। ਹੁਣ ਸਮੋਸਾ ਪੈਕਟ ਵਿਚ ਬੰਦ ਅਤੇ ਲੇਬਲ ਲੱਗਿਆ ਹੋਣ ਕਰਕੇ ਖਰਚਾ ਵੱਧ ਚੁੱਕਾ ਹੈ। ਉਹ ਹਿਸਾਬ ਲਾਉਂਦਾ ਹੈ। ਸਮੋਸਾ ਹਾਲੇ ਵੀ ਵੀਹ ਪੈਨੀਆਂ ਦੇ ਅੰਦਰ ਅੰਦਰ ਹੀ ਪੈਂਦਾ ਹੈ।

ਅਗਲੇ ਦਿਨ ਉਸਦੀ ਗੱਲਬਾਤ ਬਲਬੀਰ ਨਾਲ ਅੱਠਾਈ ਪੈਨੀ ਦੇ ਹਿਸਾਬ ਨਾਲ ਪੱਕੀ ਹੋ ਜਾਂਦੀ ਹੈ। ਬਲਬੀਰ ਨੂੰ ਵੀ ਇਹ ਸੌਦਾ ਗਲਤ ਨਹੀਂ ਜਾਪਦਾ। ਇੰਨੇ ਦਿਨ ਘੁੰਮ ਕੇ ਆਪਣਾ ਕੰਮ ਸ਼ੁਰੂ ਕਰਨ ਦੇ ਰਾਹ ਵਿਚ ਆਉਂਦੀਆਂ ਤਕਲੀਫਾਂ ਉਸ ਨੇ ਦੇਖ ਹੀ ਲਈਆਂ ਹਨ। ਸਭ ਤੋਂ ਵੱਡਾ ਚੱਕਰ ਤਾਂ ਹੈਲਥ ਵਾਲਿਆਂ ਦਾ ਪੈਂਦਾ ਹੈ। ਉਹ ਬਹੁਤ ਚੈਕ ਕਰਦੇ ਹਨ। ਹੁਣ ਜੇਕਰ ਸਮੋਸੇ ਉਹ ਪਰਦੁੱਮਣ ਸਿੰਘ ਕੋਲੋਂ ਲੈਂਦਾ ਰਹੇ ਤਾਂ ਜ਼ਿੰਮੇਵਾਰੀ ਵੀ ਉਸੇ ਦੀ ਹੋਵੇਗੀ। ਬਲਬੀਰ ਕਹਿੰਦਾ ਹੈ,

''ਪਰ ਅੰਕਲ ਜੇ ਕੱਲ ਨੂੰ ਤੂੰ ਸਮੋਸੇ ਦੇਣੇ ਬੰਦ ਕਰ ਦੇਵੇਂ ਤਾਂ ?''

''ਏਦਾਂ ਕਦੇ ਨਾ ਹੋਊ ਪਰ ਸ਼ਰਤ ਇਕੋ ਐ ਕਿ ਤੂੰ ਸਾਡੀ ਦੁਕਾਨ ਜਾਂ ਸਟੋਰ ਆਦਿ 'ਤੇ ਨਾ ਜਾਈਂ, ਨਵੀਂ ਜਗ੍ਹਾ ਲੱਭੀਂ, ਤੈਨੂੰ ਪਤੈ ਲੰਡਨ ਤਾਂ ਸਮੁੰਦਰ ਐ ਜਿੰਨੀਆਂ ਮਰਜ਼ੀ ਮੱਛੀਆਂ ਫੜੀ ਜਾਵੋ।''

''ਠੀਕ ਐ, ਫੇਰ ਡਰਾਈਵਰ ਦਾ ਇੰਤਜ਼ਾਮ ਕਰ ਲਓ।''

ਬਲਬੀਰ ਖੁਸ਼ ਹੈ। ਪਰਦੁੱਮਣ ਸਿੰਘ ਵੀ ਖੁਸ਼ ਹੈ। ਉਸ ਨੂੰ ਪਤਾ ਹੈ ਕਿ ਮਾਲ ਸਪਲਾਈ ਕਰਨਾ ਜਾਂ ਸੇਲਜ਼ਮੈਨਸ਼ਿੱਪ ਕਰਨੀ ਬਹੁਤ ਔਖੀ ਹੈ। ਮਾਲ ਤਿਆਰ ਕਰਨ ਦਾ ਕੀ ਹੈ, ਕੋਈ ਵੀ ਕਰ ਕਰਾ ਸਕਦਾ ਹੈ। ਉਹ ਸੋਚ ਰਿਹਾ ਹੈ ਕਿ ਬਲਬੀਰ ਜਿੰਨਾ ਵੀ ਕੰਮ ਵਧਾਏਗਾ, ਓਨਾ ਈ ਉਹ ਵੀ ਕਮਾਏਗਾ। ਜੇ ਬਲਬੀਰ ਵਰਗੇ ਇਕ ਦੋ ਬੰਦੇ ਹੋਰ ਉਸ ਕੋਲੋਂ ਮਾਲ ਲੈ ਕੇ ਅਗੇ ਸਪਲਾਈ ਕਰਨ ਲੱਗ ਪੈਣ ਤਾਂ ਉਸ ਦੇ ਵਾਰੇ ਨਿਆਰੇ ਹੀ ਹੋ ਜਾਣ। ਕੰਮ ਬਹੁਤ ਵੱਧ ਜਾਵੇ। ਹੁਣ ਉਸ ਨੂੰ ਨਵਾਂ ਡਰਾਈਵਰ ਭਾਲਣ ਦੀ ਚਿੰਤਾ ਹੈ। ਉਹ ਹਰ ਮਿਲਣ ਵਾਲੇ ਨੂੰ ਪੁੱਛ ਦੱਸ ਕਰਨ ਲੱਗਦਾ ਹੈ ਕਿ ਉਸ ਨੂੰ ਡਰਾਈਵਰ ਦੀ ਲੋੜ ਹੈ। ਬਹੁਤੀ ਵਾਰ ਤਾਂ ਲੋਕ ਕੰਮ ਦੀ ਭਾਲ ਵਿਚ ਉਸ ਦੀ ਫੈਕਟਰੀ ਤਕ ਹੀ ਆ ਪੁੱਜਦੇ ਹਨ ਪਰ ਡਰਾਈਵਰ ਮਿਲਣੇ ਥੋੜੇ ਮੁਸ਼ਕਲ ਹੋ ਜਾਂਦੇ ਹਨ। ਡਰਾਈਵਰ ਦੀ ਤਲਾਸ਼ ਵਿਚ ਉਹ ਸੰਧੂ ਵਕੀਲ ਨਾਲ ਵੀ ਗੱਲ ਕਰਦਾ ਹੈ। ਸੰਧੂ ਅਗੇ ਮੀਕੇ ਨੂੰ ਦੱਸਦਾ ਹੈ ਜਿਸ ਨੇ ਡਰਾਈਵਿੰਗ ਟੈਸਟ ਪਾਸ ਕਰਕੇ ਲਾਇਸੰਸ ਲੈ ਲਿਆ ਹੈ। ਮੀਕਾ ਇਕ ਦਿਨ ਆ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ। ਕਹਿੰਦਾ ਹੈ,

''ਮੈਨੂੰ ਸ਼ਰਾਬੀ ਵਕੀਲ ਨੇ ਦੱਸਿਆ ਕਿ ਤੁਹਾਨੂੰ ਡਰੈਵਰ ਚਾਹੀਦੈ।''

ਪਰਦੁੱਮਣ ਸਿੰਘ ਮੀਕੇ ਨੂੰ ਪੈਰਾਂ ਤੋਂ ਸਿਰ ਤੱਕ ਦੇਖਦਾ ਹੈ ਤੇ ਪੁੱਛਦਾ ਹੈ,

''ਲਾਇਸੰਸ ਹੈਗਾ?''

''ਤੇ ਹੋਰ ਮੈਂ ਮੂੰਹ ਦਿਖਾਉਣ ਆਇਆਂ।''

''ਆਪਣਾ ਈ ਆ ?''

''ਨਹੀਂ ਬਿਨ ਵਿਚੋਂ ਲੱਭਿਆ ਸੀ।''

ਕਹਿ ਕੇ ਮੀਕਾ ਹੱਸਣ ਲੱਗਦਾ ਹੈ। ਪਰਦੁੱਮਣ ਸਿੰਘ ਵੀ ਹੱਸਦਾ ਹੈ। ਮੀਕਾ ਜੇਬ ਵਿਚੋਂ ਲਾਇਸੰਸ ਕੱਢ ਕੇ ਦਿਖਾਉਂਦਾ ਆਖਦਾ ਹੈ,

''ਅੰਕਲਾ, ਤੈਨੂੰ ਟਿੱਚਰਾਂ ਬਹੁਤ ਔਂਦੀਆਂ।''

''ਪੁੱਛ ਪੜਤਾਲ ਤਾਂ ਕਰਨੀ ਈ ਪੈਣੀ ਆਂ। ਲੋਕ ਇਕ ਦੂਜੇ ਦਾ ਲਾਇਸੰਸ ਵੀ ਵਰਤੀ ਜਾਂਦੇ ਆ। ਕੀ ਨਾਂ ਬਈ ਤੇਰਾ?''

''ਮੀਕਾ।''

''ਮੀਕਾ ਕੀ? ਪੂਰਾ ਕੀ ਐ ?''

''ਮੀਕੇ ਨਾਲ ਈ ਕੰਮ ਚਲਾਈ ਚੱਲੋ।''

ਮੀਕਾ ਹੱਸਦਾ ਹੋਇਆ ਕਹਿੰਦਾ ਹੈ। ਪਰਦੁੱਮਣ ਸਿੰਘ ਲਾਇਸੰਸ ਤੋਂ ਉਸ ਦਾ ਨਾਂ ਤੇ ਐਡਰੈਸ ਪੜ੍ਹਨ ਲੱਗਦਾ ਤੇ ਫਿਰ ਕਹਿੰਦਾ ਹੈ,

''ਤੀਹ ਪੌਂਡ ਦਿਹਾੜੀ ਦੇ ਹਿਸਾਬ ਨਾਲ ਦੇਵਾਂਗੇ, ਜਿੰਨਾ ਚਿਰ ਕੰਮ ਸਿੱਖਣਾ ਓਨਾ ਚਿਰ ਪੱਚੀ ਪੌਂਡ, ਪੰਜ ਦਿਨ ਡਰਾਈਵਰੀ ਤੇ ਦੋ ਦਿਨ ਅੰਦਰ ਜੇ ਲਾਉਣੇ ਹੋਏ ਤਾਂ।''

''ਮੈਂ ਤਾਂ ਸੋਚਦਾ ਜੀ ਕਿ ਰੱਬ ਨੇ ਦਿਨ ਸੱਤ ਕਿਉਂ ਬਣਾਏ ਹਫਤੇ, ਦਸ ਬਣਾ ਦਿੰਦਾ ਭਾਵੇਂ, ਆਪਾਂ ਨੂੰ ਕੋਈ ਫਰਕ ਨਹੀਂ।''

ਮੀਕਾ ਬਲਬੀਰ ਨਾਲ ਰਾਊਂਡ ਸਿੱਖਣ ਲੱਗ ਪੈਂਦਾ ਹੈ। ਬਲਬੀਰ ਸਿਟੀ ਵੱਲ ਨੂੰ ਨਿਕਲਦਾ ਹੈ ਤੇ ਗੁਰਮੀਤ ਦਰਿਆ ਟੱਪ ਕੇ ਵਾਟਰਲੂ ਦੇ ਏਰੀਏ ਵਿਚ ਸਮੋਸੇ ਦੇਣ ਜਾਂਦਾ ਹੈ। ਬਲਬੀਰ ਮੀਕੇ ਨੂੰ ਕਹਿੰਦਾ ਹੈ,

''ਦੋ ਹਫਤੇ ਲੱਗ ਜਾਣੇ ਆਂ ਤੈਨੂੰ ਕੰਮ ਸਿੱਖਣ ਨੂੰ।''

''ਲੰਡਨ ਮੇਰੀ ਦੋ ਦਿਨ ਦੀ ਮਾਰ ਐ ਯਾਰ, ਏਸ ਕੰਕਰੀਟ ਦੇ ਜੰਗਲ ਦੀ ਤਾਂ ਮੈਨੂੰ ਵਾਹਵਾ ਥਾਹ ਐ।''

''ਜੇ ਬਹੁਤਾ ਨਹੀਂ ਤਾਂ ਹਫਤੇ ਵਿਚ ਤਾਂ ਸਿੱਖ ਜਾਏਂਗਾ।''
''ਯਾਰਾ, ਤੇਰੀ ਮੈਂ ਦੋ ਦਿਨ ਵਿਚ ਤਸੱਲੀ ਕਰਾ ਦੇਊਂ।''
''ਮੇਰੀ ਨਹੀਂ ਅੰਕਲ ਦੀ ਤਸੱਲੀ ਚਾਹੀਦੀ ਐ।''
''ਅੰਕਲ ਦੀ ਤਸੱਲੀ ਵੀ ਕਰਾ ਦੇਊਂ, ਜੇ ਏਦਾਂ ਨਾ ਹੋਊ ਤਾਂ ਸਾਨੂੰ ਦੂਜੇ ਤਰ੍ਹਾਂ ਵੀ ਕਰਾਉਣੀ ਆਉਂਦੀ ਐ।''

ਮੀਕਾ ਗੱਲ ਕਰਦਾ ਕਮੀਜ਼ ਦੇ ਕਾਲਰ ਖੜੇ ਕਰ ਲੈਂਦਾ ਹੈ। ਬਲਬੀਰ ਥੋੜ੍ਹਾ ਕੁ ਉਸ ਨੂੰ ਜਾਣਦਾ ਹੈ ਕਿ ਉਹ ਗੱਪੀ ਹੈ। ਬਲਬੀਰ ਆਖਦਾ ਹੈ,

''ਮੈਨੂੰ ਲੱਗਦਾ, ਤੇਰਾ ਕੰਮ ਕਰਨ ਦਾ ਇਰਾਦਾ ਨਹੀਂ।''
''ਕੰਮ ਤਾਂ ਮੈਂ ਕਰਨਾਂ, ਕੰਮ ਦੀ ਲੋੜ ਐ। ਜਿਥੇ ਵੀ ਕੰਮ ਕਰਾਂ ਕੋਈ ਨਾ ਕੋਈ ਪੰਗਾ ਪੈ ਜਾਂਦਾ ਸਾਲਾ।''
''ਇਥੇ ਵੀ ਪਾ ਲਏਂਗਾ ਜੇ ਜੀਭ 'ਤੇ ਕਾਬੂ ਨਾ ਰੱਖਿਆ ਤਾਂ।''
''ਨਹੀਂ, ਇਥੇ ਨਹੀਂ ਪੈਂਦਾ, ਏਸ ਅੰਕਲ ਨੂੰ ਮੈਂ ਸੋਧ ਕੇ ਰੱਖੂੰ, ਮੈਨੂੰ ਏਹਦਾ ਸਾਰਾ ਪਤਾ, ਇਹ ਤੀਵੀਆਂ ਦਾ ਸ਼ੌਕੀਨ ਐ ਤੇ ਮੈਂ ਇਹਨੂੰ ਰਣਜੀਤ ਕੌਰ ਦਾ ਪਤਾ ਦੇ ਦੇਊਂ, ਨਹੀਂ ਤਾਂ ਕਿਸੇ ਹੋਰ ਤਰੀਕੇ ਨਾਲ ਕਾਣਾ ਕਰ ਲਊਂ।''

ਮੀਕਾ ਹੁੱਬ ਕੇ ਕਹਿੰਦਾ ਹੈ। ਉਸ ਨੇ ਦੋ ਦਿਨ ਵਿਚ ਤਾਂ ਰਾਊਂਡ ਕੀ ਸਿੱਖਣਾ ਹੈ ਦੋ ਹਫਤੇ ਵਿਚ ਵੀ ਨਹੀਂ ਸਿੱਖ ਸਕਦਾ। ਬਹਾਨਾ ਕਰਦਾ ਆਖਦਾ ਹੈ,

''ਅਸਲ 'ਚ ਗੱਲ ਇਹ ਆ ਕਿ ਲੰਡਨ ਦੀਆਂ ਗੋਰੀਆਂ ਬਹੁਤ ਖ਼ੂਬਸੂਰਤ ਐ, ਕਾਲੀਆਂ ਵੀ ਘੱਟ ਨਹੀਂ, ਗੋਰੀਆਂ ਦਾ ਅੱਗਾ ਤੇ ਕਾਲੀਆਂ ਦਾ ਪਿੱਛਾ, ਬਸ ਇਹੋ ਦੇਖਣ ਲੱਗ ਪੈਨਾਂ ਤੇ ਰਾਹ ਚੇਤੇ ਨਹੀਂ ਹੋ ਰਿਹਾ।''

ਕਰਦਾ ਕਰਾਉਂਦਾ ਮੀਕਾ ਤਿੰਨ ਹਫਤੇ ਰਾਊਂਡ ਸਿੱਖਣ ਨੂੰ ਲਗਾ ਦਿੰਦਾ ਹੈ। ਵੈਸੇ ਮੀਕਾ ਕੰਮ ਤੋਂ ਟਲ਼ਦਾ ਨਹੀਂ ਹੈ। ਕੁਝ ਇਕ ਵਾਰ ਤਾਂ ਪਰਦੁੱਮਣ ਸਿੰਘ ਨੂੰ ਉਸ ਦਾ ਵਿਵਹਾਰ ਬਹੁਤ ਬੁਰਾ ਲੱਗਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਹਟਾ ਦੇਵੇ। ਪਰ ਫਿਰ ਉਸ ਦਾ ਕੰਮ ਦੇਖਦਾ ਸੋਚਣ ਲੱਗਦਾ ਹੈ ਕਿ ਉਸ ਦਾ ਕੌਅ ਪਾ ਲਵੇ ਤੇ ਉਸ ਤੋਂ ਵੱਧ ਤੋਂ ਵੱਧ ਕੰਮ ਲਵੇ। ਅਜਿਹੇ ਬੰਦੇ ਵਡਿਆਏ ਹੋਏ ਬਹੁਤਾ ਕੰਮ ਕਰਦੇ ਹਨ ਤੇ ਇਵੇਂ ਹੀ ਹੁੰਦਾ ਹੈ। ਉਹ ਮੀਕੇ ਨੂੰ ਥੋੜ੍ਹੀ ਜਿਹੀ ਫੂਕ ਦੇ ਦਿੰਦਾ ਹੈ ਤੇ ਮੀਕਾ ਕੰਮ ਨੂੰ ਉਡਿਆ ਫਿਰਦਾ ਹੈ।

ਡਲਿਵਰੀ ਦੇ ਕੰਮ ਨੂੰ ਮੀਕਾ ਠੀਕ ਚੱਲ ਪੈਂਦਾ ਹੈ। ਫੈਕਟਰੀ ਅੰਦਰ ਵੀ ਦੋ ਦਿਨ ਲਾ ਲੈਂਦਾ ਹੈ। ਆਪਣੇ ਵੱਡੇ ਖੁਲ੍ਹੇ ਮੂੰਹ ਕਾਰਨ ਕਈਆਂ ਨੂੰ ਨਰਾਜ਼ ਵੀ ਕਰ ਲੈਂਦਾ ਹੈ ਤੇ ਸਭ ਦਾ ਦਿਲ ਵੀ ਲਾਈ ਰੱਖਦਾ ਹੈ। ਕੋਈ ਔਰਤ ਹੌਲੀ ਕੰਮ ਕਰਦੀ ਹੋਵੇ ਤਾਂ ਕਹਿ ਦਿੰਦਾ ਹੈ,

''ਕਿਉਂ ਬੀਬੀ, ਦਿਹਾੜੀ 'ਤੇ ਕਪਾਹ ਚੁਗਣ ਆਈ ਹੋਈ ਐਂ ਜਿਹੜੀ ਹੌਲੀ ਹੌਲੀ ਲੱਗੀ ਹੋਈ ਐਂ ?''
''ਕੋਈ ਪੈਰਾਂ ਪਰਨੇ ਬੈਠੀ ਹੋਵੇ ਤਾਂ ਕਹਿ ਦਿੰਦਾ ,
''ਬੀਬੀ, ਜੰਗਲ ਲਈ ਟੁਆਇਲਟ ਓਧਰ ਐ।''

ਕਈ ਵਾਰ ਆਪਣੇ ਖਾਣ ਲਈ ਪਕੌੜੇ ਵੀ ਕਢਵਾ ਲੈਂਦਾ ਹੈ। ਇਕ ਦਿਨ ਕਿਧਰੋਂ ਭੰਗ ਲੱਭ ਲਿਆਉਂਦਾ ਹੈ ਤੇ ਪਕੌੜਿਆਂ ਵਿਚ ਪਾ ਕੇ ਆਪਣੇ ਨਾਲ ਨਾਲ ਔਰਤਾਂ ਨੂੰ ਵੀ ਖਵਾ ਦਿੰਦਾ ਹੈ। ਕਦੇ ਕੋਈ ਪੁੱਛਦੀ ਹੈ,

''ਵੇ ਮੀਕਿਆ, ਤੇਰਾ ਪੂਰਾ ਨਾਂ ਕੀ ਐ ?''
''ਕਿਉਂ ਬੀਬੀ ? ਮੀਕੇ ਨਾਲ ਕੰਮ ਨਹੀਂ ਚੱਲਦਾ ?''
''ਚੱਲਦਾ ਤਾਂ  ਪਰ ਫੇਰ ਵੀ ?''
''ਹਾਲੇ ਮੈਂ ਬੀਜ਼ੀ ਆਂ ਬੀਬੀ, ਹਾਲੇ ਮੀਕੇ ਨਾਲ ਈ ਕੰਮ ਚਲਾਈ ਚੱਲੋ।''

ਸਤਾਈ

ਈਲਿੰਗ ਕੌਂਸਲ ਦੀਆਂ ਚੋਣਾ ਆ ਰਹੀਆਂ ਹਨ। ਸਾਰੀਆਂ ਪਾਰਟੀਆਂ ਨੇ ਆਪੋ ਆਪਣੀ ਪਾਰਟੀ ਵਲੋਂ ਕੌਂਸਲਰ ਖੜੇ ਕਰਨੇ ਹਨ। ਪਹਿਲਾਂ ਆਪਣੇ ਆਪਣੇ ਉਮੀਦਵਾਰ ਨਾਮਜ਼ੱਦ ਕਰਨੇ ਹਨ। ਭਾਰਦਵਾਜ ਸਰਗਰਮ ਹੋ ਜਾਂਦਾ ਹੈ। ਸੋਹਣਪਾਲ ਉਸ ਦੇ ਨਾਲ ਹੈ। ਜਗਮੋਹਣ ਤੇ ਗੁਰਚਰਨ ਵੀ ਹਨ। ਦਿਲਜੀਤ ਪਰਾਂਹ ਰਹਿੰਦਾ ਹੈ, ਸਿਆਸਤ ਤੋਂ ਇਕ ਪਾਸੇ। ਸੋਹਣਪਾਲ ਨੇ ਉਸ ਲਈ ਹਿੱਲਸਾਈਡ ਵਾਰਡ ਚੁਣੀ ਹੈ। ਇਥੋਂ ਦਾ ਕੌਂਸਲਰ ਪ੍ਰੀਤਮ ਫੁੱਲ ਅਨਪੜ੍ਹ ਜਿਹਾ ਬੰਦਾ ਹੈ। ਲੋਕਾਂ ਵਿਚ ਉਸ ਦਾ ਵੱਡਾ ਨਾਂ ਨਹੀਂ ਹੈ। ਕੁਝ ਕੁ ਹੇਰਾਫੇਰੀ ਨਾਲ ਪਿਛਲੀ ਵੇਰ ਨਾਮਜ਼ੱਦਗੀ ਜਿੱਤ ਗਿਆ ਸੀ, ਵੈਸੇ ਕਾਬਲ ਨਹੀਂ ਹੈ। ਉਸ ਦੇ ਮੁਕਾਬਲੇ ਸ਼ਾਮ ਭਾਰਦਵਾਜ ਜ਼ਿਆਦਾ ਪੜ੍ਹਿਆ ਲਿਖਿਆ ਹੈ ਤੇ ਸਪੀਕਰ ਵੀ ਵਧੀਆ ਹੈ।

ਹਰ ਵਾਰਡ ਦੇ ਪਾਰਟੀ ਮੈਂਬਰਾਂ ਨੇ ਉਮੀਦਵਾਰ ਨਾਮਜ਼ੱਦ ਕਰਨੇ ਹਨ। ਉਹ ਤਰੀਕ ਆ ਜਾਂਦੀ ਹੈ। ਸ਼ਾਮ ਭਾਰਦਵਾਜ਼ ਨੇ ਆਪਣੇ ਕਾਫੀ ਸਾਰੇ ਨਵੇਂ ਮੈਂਬਰ ਜੋ ਕਿ ਇਸ ਵਾਰਡ ਵਿਚ ਰਹਿੰਦੇ ਹਨ, ਲੇਬਰ ਪਾਰਟੀ ਵਿਚ ਭਰਤੀ ਕੀਤੇ ਹਨ। ਦੋਸਤਾਂ ਨਾਲ ਵੈਨਾਂ ਭਰ ਕੇ ਲੇਬਰ ਪਾਰਟੀ ਦੇ ਐਕਟਨ ਵਾਲੇ ਦਫਤਰ ਵਕਤ ਸਿਰ ਪੁੱਜ ਜਾਂਦਾ ਹੈ। ਸਿਲੈਕਸ਼ਨ ਕਮੇਟੀ ਦੇ ਤਿੰਨ ਵਿਅਕਤੀ ਹਨ। ਸਭ ਤੋਂ ਪਹਿਲਾਂ ਤਾਂ ਚੇਅਰਮੈਨ ਨਵੇਂ ਮੈਂਬਰਾਂ ਨੂੰ ਪਾਰਟੀ ਜੁਆਇਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹੈ, ਸਵਾਗਤ ਕਰਦਾ ਹੈ ਤੇ ਏਡੀ ਹਾਜ਼ਰੀ ਉਪਰ ਹੈਰਾਨ ਵੀ ਹੈ। ਉਹ ਅਰਜ਼ੀਆਂ ਦੇਖਦਾ ਵਾਰੀ ਵਾਰੀ ਸੰਭਵ ਉਮੀਦਵਾਰਾਂ ਨੂੰ ਸਟੇਜ 'ਤੇ ਬੁਲਾਉਂਦਾ ਹੈ। ਹਰ ਇਕ ਆਪਣਾ ਪਰੀਚੈ ਕਰਾਉਂਦਾ ਹੈ ਤੇ ਦੱਸਦਾ ਹੈ ਕਿ ਉਹ ਕੌਂਸਲਰ ਕਿਉਂ ਬਣਨਾ ਚਾਹੁੰਦਾ ਹੈ। ਸਾਰੇ ਆਪੋ ਆਪਣੀਆਂ ਸਮਾਜਿਕ ਤੇ

ਰਾਜਨੀਤਕ ਗਤੀਵਿਧੀਆਂ ਬਾਰੇ ਚਾਨਣਾ ਪਾਉਂਦੇ ਕੌਂਸਲਰ ਬਣਨ ਦੀ ਆਪਣੀ ਯੋਗਤਾ ਬਾਰੇ ਦਾਅਵੇ ਕਰਦੇ ਹਨ। ਫਿਰ ਹਾਜ਼ਰ ਮੈਂਬਰ ਉਨ੍ਹਾਂ ਨੂੰ ਭਾਂਤ ਭਾਂਤ ਦੇ ਸਵਾਲ ਪੁੱਛਦੇ ਹਨ। ਇਹ ਪੰਜ ਅਰਜ਼ੀਕਾਰ ਹਨ ਤਿੰਨ ਏਸ਼ੀਅਨ ਤੇ ਦੋ ਗੋਰੇ। ਏਸ਼ੀਅਨਾਂ ਵਿਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਭਾਸ਼ਣ ਮੁਖਤਿਆਰ ਸਿੰਘ ਗਰੇਵਾਲ ਦਾ ਹੈ। ਉਹ ਕਾਲਜ ਦਾ ਅਧਿਆਪਕ ਹੈ। ਉਹ ਸਾਊਥਾਲ ਵਿਚ ਬੱਚਿਆਂ ਦੀ ਪੜ੍ਹਾਈ ਤੇ ਔਰਤਾਂ ਦੇ ਹੱਕਾਂ ਉਪਰ ਜ਼ੋਰ ਦੇਣਾ ਚਾਹੁੰਦਾ ਹੈ ਤੇ ਨਾਲ ਹੀ ਉਹ ਸਾਓਥਾਲ ਵਿਚ ਘਰਾਂ ਦੀ ਬਹੁਤਾਤ ਨਾਲ ਹੋ ਰਹੇ ਭੀੜ-ਭੜੱਕੇ ਬਾਰੇ ਵੀ ਫਿਕਰਵੰਦ ਹੈ। ਸ਼ਾਮ ਭਾਰਦਵਾਜ ਦਾ ਭਾਸ਼ਣ ਆਮ ਮਸਲਿਆਂ ਬਾਰੇ ਹੈ ਜਿਵੇਂ ਕਿ ਸਾਊਥਾਲ ਦੀ ਗੰਦਗੀ, ਵੱਧਦਾ ਟਰੈਫਿਕ ਤੇ ਭਾਈਚਾਰੇ ਦੇ ਚੰਗੇ ਸਬੰਧ। ਇਵੇਂ ਪ੍ਰੀਤਮ ਫੁੱਲ ਨੇ ਰਟੀਆਂ ਰਟਾਈਆਂ ਗੱਲਾਂ ਕਰਦਾ ਹੈ। ਦੋਨੋਂ ਗੋਰੇ ਕੁਝ ਠੀਕ ਗੱਲਾਂ ਕਰਦੇ ਹਨ ਪਰ ਹਾਲ ਵਿਚ ਗੋਰਿਆਂ ਦੀ ਗਿਣਤੀ ਘੱਟ ਹੈ।

ਵੋਟਾਂ ਪੈਂਦੀਆਂ ਹਨ। ਸ਼ਾਮ ਭਾਰਦਵਾਜ ਦੀਆਂ ਇੱਕੀ, ਪ੍ਰੀਤਮ ਫੁੱਲ ਦੀਆਂ ਉੱਨੀ, ਪੀਟਰ ਐਂਡਰਸਨ ਦੀਆਂ ਸਤਾਰਾਂ, ਆਰਥਰ ਮਿੱਲਰ ਦੀਆਂ ਸੋਲਾਂ ਤੇ ਗਰੇਵਾਲ ਦੀਆਂ ਸੱਤ ਵੋਟਾਂ ਹਨ। ਸ਼ਾਮ ਭਾਰਦਵਾਜ ਖੁਸ਼ ਹੈ। ਉਹ ਹੁਣ ਤੋਂ ਹੀ ਆਪਣੇ ਆਪ ਨੂੰ ਕੌਂਸਲਰ ਬਣਿਆ ਸਮਝ ਰਿਹਾ ਹੈ। ਲੇਬਰ ਪਾਰਟੀ ਦੇ ਉਮੀਦਵਾਰ ਨੇ ਸਾਊਥਾਲ ਵਿਚੋਂ ਤਾਂ ਜਿੱਤਣਾ ਹੀ ਹੈ। ਇਸ ਪਾਰਟੀ ਦਾ ਹੀ ਇਥੇ ਜ਼ੋਰ ਹੈ। ਬਹੁਤੇ ਏਸ਼ੀਅਨ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਘਰ ਕਰੀ ਬੈਠੀ ਹੈ ਕਿ ਉਹ ਮਜ਼ਦੂਰ ਕਲਾਸ ਲੋਕ ਹਨ ਤੇ ਲੇਬਰ ਪਾਰਟੀ ਹੀ ਉਹਨਾਂ ਲਈ ਚੰਗੀ ਹੈ। ਇਸ ਲਈ ਉਹ ਸਾਰੇ ਲੇਬਰ ਪਾਰਟੀ ਨੂੰ ਹੀ ਵੋਟ ਪਾਉਂਦੇ ਹਨ। ਸ਼ਾਮ ਭਾਰਦਵਾਜ ਨੂੰ ਲਗਦਾ ਹੈ ਕਿ ਉਹ ਜਿੱਤਿਆ ਕਿ ਜਿੱਤਿਆ। ਉਹ ਹੁਣੇ ਹੀ ਸਭ ਤੋਂ ਵਧਾਈਆਂ ਲੈ ਰਿਹਾ ਹੈ। ਜਗਮੋਹਣ ਉਸ ਨੂੰ ਦੂਰੋਂ ਹੱਥ ਹਿਲਾਉਂਦਾ ਵਧਾਈ ਦਿੰਦਾ ਹੈ। ਪ੍ਰੀਤਮ ਫੁੱਲ ਆਪਣੇ ਸਾਥੀਆਂ ਨਾਲ ਮੂੰਹ ਲਟਕਾਈ ਖੜਾ ਹੈ। ਕੁਝ ਕੁ ਲੋਕ ਹੌਲੀ ਹੌਲੀ ਕਹਿ ਰਹੇ ਹਨ ਕਿ ਇਹ ਤਾਂ ਸਿੱਧੀ ਹੇਰਾਫੇਰੀ ਹੈ। ਇਵੇਂ ਅਚਾਨਕ ਮੈਂਬਰਾਂ ਦੀਆਂ ਗੱਡੀਆਂ ਭਰ ਕੇ ਲੈ ਆਉਣੀਆਂ ਇਹ ਤਾਂ ਘਟੀਆ ਸਿਆਸਤ ਹੈ। ਪ੍ਰੀਤਮ ਫੁੱਲ ਨੂੰ ਲਗਦਾ ਨਹੀਂ ਸੀ ਕਿ ਉਹ ਨਾਮਜ਼ਦਗੀ ਤੋਂ ਇਵੇਂ ਹੱਥ ਧੋ ਬੈਠੇਗਾ।

ਜਗਮੋਹਣ ਸਭ ਉਮੀਦਵਾਰਾਂ ਦੇ ਭਾਸ਼ਨ ਧਿਆਨ ਨਾਲ ਵਾਚਦਾ ਹੈ। ਉਸਨੂੰ ਸਭ ਤੋਂ ਵਧੀਆ ਗੱਲਾਂ ਗਰੇਵਾਲ ਦੀਆਂ ਲੱਗਦੀਆਂ ਹਨ। ਉਹ ਇਕ ਪਾਸੇ ਖੜਾ ਲੋਕਾਂ ਵੱਲ ਦੇਖ ਰਿਹਾ ਹੈ। ਜਗਮੋਹਣ ਉਸ ਕੋਲ ਜਾ ਕੇ ਲੋ ਬੁਲਾਉਂਦਾ ਆਖਦਾ ਹੈ,

''ਮੈਨੂੰ ਤੁਹਾਡੀਆਂ ਗੱਲਾਂ ਬਹੁਤ ਚੰਗੀਆਂ ਲੱਗੀਆਂ ਪਰ ਜਾਪਦੈ ਕਿ ਤੁਸੀਂ ਆਪਣਾ ਹੋਮ ਵਰਕ ਪੂਰਾ ਨਹੀਂ ਕੀਤਾ ਜਿਹੜੀ ਕਿ ਨੌਮੀਨੇਸ਼ਨ ਨਹੀਂ ਮਿਲੀ।''

ਗਰੇਵਾਲ ਹੱਸਦਾ ਹੋਇਆ ਕਹਿਣ ਲੱਗਦਾ ਹੈ,

''ਨੌਮੀਨੇਸ਼ਨ ਮਿਲਣੀ ਤਾਂ ਦੂਰ ਦੀ ਗੱਲ ਐ, ਆਹ ਜਿਹੜੀਆਂ ਛੇ-ਸੱਤ ਵੋਟਾਂ ਮਿਲੀਆਂ ਇਹ ਵੀ ਲੋਕ ਧੋਖੇ ਵਿਚ ਈ ਪਾ ਗਏ ਆ।''

ਕਹਿ ਕੇ ਉਹ ਫਿਰ ਉਚੀ ਦੇਣੀ ਹੱਸਦਾ ਹੈ। ਜਗਮੋਹਣ ਕਹਿੰਦਾ ਹੈ,

''ਸਿਲੈਕਸ਼ਨ ਦਾ ਤਰੀਕਾ ਈ ਇਹ ਗਲਤ ਐ।''

''ਸਿਲੈਕਸ਼ਨ ਦਾ ਤਰੀਕਾ ਤਾਂ ਠੀਕ ਐ ਪਰ ਅਸੀਂ ਲੋਕ ਹੇਰਾਫੇਰੀ ਕਰਨੋਂ ਨਹੀਂ ਟਲਦੇ।''

ਗਰੇਵਾਲ ਦੇ ਕਹਿਣ 'ਤੇ ਜਗਮੋਹਣ ਕੁਝ ਕੁ ਝਿਪ ਜਾਂਦਾ ਹੈ ਕਿ ਉਸ ਨੂੰ ਲੱਗਦਾ ਹੈ ਕਿ ਗਰੇਵਾਲ ਉਸ ਬਾਰੇ ਹੀ ਕਹਿ ਰਿਹਾ ਹੈ ਕਿ ਉਹ ਸ਼ਮ ਭਾਰਦਵਾਜ ਦੀ ਵੋਟ ਬਣ ਕੇ ਆਇਆ ਹੋਇਆ ਹੈ। ਗਰੇਵਾਲ ਫਿਰ ਆਖਦਾ ਹੈ,

''ਮੈਂ ਤਾਂ ਇਹ ਤਜਰਬਾ ਹੀ ਕੀਤਾ ਹੈ, ਵੈਸੇ ਮੇਰਾ ਫੀਲਡ ਨਹੀਂ ਇਹ।''

''ਤੁਹਾਡਾ ਕਿਹੜਾ ਫੀਲਡ ਐ ?''

''ਮੈਂ ਯੂਨੀਵਰਸਿਟੀ ਟੀਚਰ ਯੂਨੀਅਨ ਵਿਚ ਕੰਮ ਕਰ ਰਿਹਾਂ, ਲੋਕਲ ਪੌਲੇਟਿਕਸ ਵਿਚ ਇਨਵੌਲਵ ਹੋਣ ਦੀ ਟਰਾਈ ਮਾਰੀ ਸੀ ਪਰ ਮੇਰੇ ਵੱਸ ਦੀ ਗੱਲ ਨਹੀਂ।''

ਇਥੋਂ ਹੀ ਜਗਮੋਹਣ ਦੀ ਗਰੇਵਾਲ ਨਾਲ ਵਾਕਫੀ ਪੈਂਦੀ ਹੈ ਜੋ ਕਿ ਜਾਣਕਾਰੀ ਵੱਲ ਵੱਧਦੀ ਹੈ। ਇਕ ਦਿਨ ਉਹ ਈਲਿੰਗ ਸ਼ੌਪਿੰਗ ਸੈਂਟਰ ਵਿਚ ਮਿਲਦੇ ਹਨ ਤੇ ਫਿਰ ਇਕ ਦਿਨ ਦਾ ਗਲੌਸਟਰ ਵਿਚ। ਵਿਚਾਰ ਵਟਾਂਦਰੇ ਹੋਣ ਲੱਗਦੇ ਹਨ। ਸਬੰਧ ਦੋਸਤੀ ਵਿਚ ਬਦਲਣ ਲਗਦੇ ਹਨ। ਇਕ ਦੂਜੇ ਨੂੰ ਆਪਣਾ ਫੋਨ ਨੰਬਰ ਦਿੰਦੇ ਹਨ। ਗਰੇਵਾਲ ਆਪਣੇ ਬਾਰੇ ਦਸਦਾ ਹੋਇਆ ਆਖਦਾ ਹੈ ਕਿ ਕਿਸੇ ਵੇਲੇ ਉਸ ਨੂੰ ਕਵਿਤਾ ਲਿਖਣ ਦਾ ਸ਼ੌਕ ਰਿਹਾ ਹੈ। ਸਾਊਥਾਲ ਦੀ ਕਿਸੇ ਲਿਖਾਰੀ ਸਭਾ ਦਾ ਮੈਂਬਰ ਵੀ ਰਿਹਾ ਹੈ। ਉਹ ਕਾਮਰੇਡ ਇਕਬਾਲ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹੈ। ਉਹ ਜਗਮੋਹਣ ਨੂੰ ਸਾਊਥਾਲ ਦੇ ਲਿਖਾਰੀਆਂ ਬਾਰੇ ਕਿੰਨਾ ਕੁਝ ਦੱਸਦਾ ਹੈ ਪਰ ਜਗਮੋਹਣ ਨੂੰ ਬਹੁਤੀ ਦਿਲਚਸਪੀ ਨਹੀਂ ਹੈ। ਉਹ 'ਵਾਸ ਪਰਵਾਸ' ਵਿਚੋਂ ਕਦੇ ਕੋਈ ਲੇਖ ਆਦਿ ਪੜ ਲੈਂਦਾ ਹੈ ਨਹੀਂ ਤਾਂ ਪੜਨ ਦਾ ਉਸ ਨੂੰ ਬਹੁਤਾ ਸ਼ੌਂਕ ਨਹੀ ਹੈ। ਹਾਂ ਅੰਗਰੇਜ਼ੀ ਦੀ ਅਖਬਾਰ ਉਹ ਲਗਾਤਾਰ ਪੜਦਾ ਹੈ ਭਾਵੇਂ ਕੋਈ ਹੱਥ ਆ ਜਾਵੇ। 'ਦਾ ਸੰਨ' ਦੀਆਂ ਮਸਾਲੇਦਾਰ ਖਬ਼ਰਾਂ ਤਾਂ ਉਹ ਵਕਤ ਲੰਘਾਉਣ ਲਈ ਪੜਨ ਲਗਦਾ ਹੈ।

ਇਕ ਦਿਨ ਅੰਗਰੇਜ਼ੀ ਦੀ ਅਖਬਾਰ 'ਦਾ ਟਾਈਮਜ਼' ਵਿਚ ਸਾਊਥਾਲ ਦੀ ਔਰਤਾਂ ਦੀ ਜਥੇਬੰਦੀ ਸਿਸਟਰਜ਼ ਇਨ ਹੈਂਡਜ਼ ਬਾਰੇ ਆਰਟੀਕਲ ਆਉਂਦਾ ਹੈ। ਗਰੇਵਾਲ ਪੜ੍ਹਦਾ ਹੈ ਤੇ ਇਕਦਮ ਜਗਮੋਹਣ ਨੂੰ ਫੋਨ ਕਰਦਾ ਹੈ। ਆਖਦਾ ਹੈ,

''ਅੱਜ ਦਾ ਟਾਈਮਜ਼ ਦੇਖਿਐ ?''

''ਨਹੀਂ ਤਾਂ।''

''ਦੇਖ ਫੇਰ ਤੇ ਪੜ੍ਹ, ਇਨ੍ਹਾਂ ਬੀਬੀਆਂ ਬਾਰੇ ਕਿਸੇ ਨੇ ਬੜਾ ਲੰਮਾ ਚੌੜਾ ਆਰਟੀਕਲ ਲਿਖ ਮਾਰਿਐ।''
''ਅੱਛਾ !''

ਇਕ ਦਿਨ ਜਗਮੋਹਣ ਟਾਈਮਜ਼ ਖਰੀਦਦਾ ਹੈ। ਖਬਰ ਪੜ ਕੇ ਉਹ ਗਰੇਵਾਲ ਨੂੰ ਫੋਨ ਘੁਮਾਉਂਦਾ ਹੈ। ਕਹਿਣ ਲੱਗਦਾ ਹੈ,

''ਸਰ ਜੀ, ਇਹ ਤਾਂ ਕਿਸੇ ਨੇ ਇਨ੍ਹਾਂ ਦੀ ਬਹੁਤੀ ਈ ਫੇਵਰ ਕਰ ਦਿੱਤੀ, ਏਨੀ ਪਾਇਆਂ ਇਨ੍ਹਾਂ ਦੀ ਹੈ ਨਹੀਂ।''

''ਮੇਰਾ ਤਾਂ ਦਿਲ ਕਰ ਰਿਹੈ ਕਿ ਟਾਈਮਜ਼ ਨੂੰ ਲੈਟਰ ਲਿਖਾਂ ਤੇ ਕਹਾਂ ਕਿ ਕਿਸੇ ਜਥੇਬੰਦੀ ਬਾਰੇ ਲਿਖਣ ਤੋਂ ਪਹਿਲਾਂ ਉਹਦੇ ਕੰਮਾਂ ਬਾਰੇ ਪੂਰੀ ਇਨਕੁਆਰੀ ਤਾਂ ਕਰ ਲਿਆ ਕਰੋ।''

''ਗੱਲ ਤਾਂ ਤੁਹਾਡੀ ਠੀਕ ਐ ਸਰ ਜੀ, ਇਹ ਔਰਤਾਂ ਕੰਮ ਏਨਾ ਨਹੀਂ ਕਰਦੀਆਂ। ਬਸ ਖਬਰਾਂ ਵਿਚ ਰਹਿਣ ਦੇ ਚੱਕਰ 'ਚ ਰਹਿੰਦੀਆਂ, ਏਦਾਂ ਈ ਟਾਈਮਜ਼ ਦਾ ਕੋਈ ਰਿਪੋਰਟਰ ਪੱਟ ਲਿਆ ਹੋਊ।''

''ਵੈਸੇ ਤਾਂ ਅਖਬਾਰਾਂ ਵਾਲਿਆਂ ਵੀ ਸਾਰੀਆਂ ਕੁਮਿਨਟੀਜ਼ ਨੂੰ ਪ੍ਰਤੀਨਿਧਤਾ ਦੇਣੀ ਹੁੰਦੀ ਐ, ਏਸ਼ੀਅਨ ਔਰਤਾਂ ਦੀ ਹੋਰ ਕੋਈ ਢੰਗ ਦੀ ਜਥੇਬੰਦੀ ਹੈ ਵੀ ਤਾਂ ਨਹੀਂ।''

''ਸਰ ਜੀ, ਇਹ ਸਭ ਛੋਟੇ ਜਿਹੇ ਸਰਕਲ ਵਿਚ ਈ ਘੁੰਮਦੀਆਂ ਫਿਰਦੀਆਂ, ਬਸ।''

ਜਗਮੋਹਣ ਗਰੇਵਾਲ ਨੂੰ ਸਦਾ ਸਰ ਜੀ ਕਹਿ ਕੇ ਹੀ ਬੁਲਾਉਂਦਾ ਹੈ। ਸਰ ਜੀ ਮਜ਼ਾਕ ਵਿਚ ਕਹਿਣਾ ਸ਼ੁਰੂ ਕੀਤਾ ਸੀ ਕਿ ਇੰਡੀਅਨ ਲੋਕ ਅੰਕਲ ਦੇ ਨਾਲ ਵੀ ਜੀ ਲਗਾ ਦਿੰਦੇ ਹਨ ਤੇ ਡੈਡੀ ਨਾਲ ਵੀ ਤੇ ਇਵੇਂ ਹੀ ਸਰ ਨਾਲ ਵੀ। ਜਗਮੋਹਣ ਹੱਸਿਆ ਕਰਦਾ ਹੈ ਕਿ ਇੰਡੀਆ ਵਿਚ ਲੋਕਾਂ ਨੂੰ ਇਹ ਵੀ ਨਹੀਂ ਪਤਾ ਕਿ ਸ਼ਬਦ ਮਿਸਟਰ ਸਰਨੇਮ ਦੇ ਨਾਲ ਲਗਾਈਦਾ ਹੈ ਜਾਂ ਮੂਹਰਲੇ ਨਾਂ ਦੇ ਨਾਲ। ਉਸ ਨੇ ਸਰ ਜੀ ਕਹਿਣਾ ਅਰੰਭਿਆ ਤੇ ਹੁਣ ਵੀ ਸਰ ਜੀ ਹੀ ਕਿਹਾ ਕਰਦਾ ਹੈ। ਇਹੋ ਪੱਕ ਗਿਆ ਹੈ। ਗਰੇਵਾਲ ਭਾਵੇਂ ਉਸ ਨਾਲੋਂ ਉਮਰ ਵਿਚ ਅਠਾਰਾਂ ਵੀਹ ਸਾਲ ਵੱਡਾ ਹੈ ਪਰ ਦੋਸਤਾਂ ਵਾਂਗ ਹੀ ਵਰਤਦਾ ਹੈ। ਦੋਸਤਾਂ ਵਾਂਗ ਹੀ ਖੁੱਲ੍ਹੀਆਂ ਗੱਲਾਂ ਕਰ ਲਿਆ ਕਰਦਾ ਹੈ। ਇਕ ਦਿਨ ਜਗਮੋਹਨ ਉਸ ਦੇ ਸਾਹਮਣੇ ਬੈਠ ਕੇ ਸਿਗਰਟ ਪੀਣ ਲਗਦਾ ਹੈ ਤਾਂ ਗਰੇਵਾਲ ਕਹਿੰਦਾ ਹੈ,

''ਲਿਆ ਯਾਰ ਲਵਾ ਇਕ ਮੈਨੂੰ ਵੀ।''

ਜਗਮੋਹਣ ਜ਼ਰਾ ਕੁ ਹੈਰਾਨੀ ਹੁੰਦੀ ਹੈ ਤੇ ਪੁੱਛਦਾ ਹੈ,

''ਸਰ ਜੀ, ਤੁਸੀਂ ਵੀ!''

''ਨਹੀਂ ਯਾਰ, ਮੈਂ ਕਿਥੇ, ਇਹ ਤਾਂ ਤੈਨੂੰ ਦੇਖ ਕੇ ਹੁੜਕ ਜਿਹੀ ਜਾਗ ਪਈ। ਕਦੇ ਪੀਂਦਾ ਹੁੰਦਾ ਸੀ, ਹੁਣ ਮਸਾਂ ਇਹ ਆਦਤ ਤੋਂ ਨਜਾਤ ਪਾਈ ਆ।''

ਹੁਣ ਉਹ ਅਕਸਰ ਇਕੱਠੇ ਹੁੰਦੇ ਰਹਿੰਦੇ ਹਨ। ਬਹੁਤੀ ਵਾਰ ਗਰੇਵਾਲ ਦੇ ਘਰ ਹੀ ਬੈਠਦੇ ਹਨ। ਗਰੇਵਾਲ ਆਪਣੇ ਘਰ ਵਿਚ ਇਕੱਲਾ ਰਹਿੰਦਾ ਹੈ। ਸਿਸਟਰਜ਼ ਇਨਹੈਂਡਜ਼ ਉਹਨਾਂ ਦੀ ਗੱਲ ਬਾਤ ਵਿਚ ਆਮ ਹਾਜ਼ਰ ਰਹਿੰਦੀਆਂ ਹਨ। ਗਰੇਵਾਲ ਜਗਮੋਹਣ ਨੂੰ ਪੁੱਛਣ ਲਗਦਾ ਹੈ,

''ਤੂੰ ਇਸ ਜਥੇਬੰਦੀ ਵਲ ਨੂੰ ਇੰਨਾ ਫੈਸੀਨੇਟਿਡ ਕਿਉਂ ਏਂ?''

ਇਸ ਦਾ ਜਵਾਬ ਜਗਮੋਹਨ ਕੋਲ ਨਹੀਂ ਹੈ। ਇਕ ਦਿਨ ਉਸ ਦੇ ਮਨ ਵਿਚ ਕੁਝ ਅਜਿਹਾ ਆਉਂਦਾ ਹੈ ਕਿ ਉਹ ਗਰੀਨ ਰੋਡ ਪੰਦਰਾਂ ਨੰਬਰ ਦਾ ਦਰਵਾਜ਼ਾ ਜਾ ਖੜਕਾਉਂਦਾ ਹੈ। ਉਸ ਦੇ ਮਨ ਵਿਚ ਕਿ ਇਹ ਸਿਸਟਰਜ਼ ਇਨ ਹੈਂਡਜ਼ ਵਾਲੀਆਂ ਔਰਤਾਂ ਓਨਾ ਕੁਝ ਨਹੀਂ ਕਰ ਰਹੀਆਂ ਜਿੰਨੇ ਦੀ ਲੋੜ ਹੈ ਤੇ ਜਿੰਨਾ ਕੁਝ ਉਹ ਕਰ ਸਕਦੀਆਂ ਹਨ, ਉਹਨਾਂ ਨੂੰ ਆਪਣਾ ਕਾਰਜ ਖੇਤਰ ਹੋਰ ਫੈਲਾਉਣਾ ਚਾਹੀਦਾ ਹੈ। ਇਕ ਔਰਤ ਦਰਵਾਜ਼ਾ ਖੋਲ੍ਹਦੀ ਹੈ। ਉਹ ਕੁਝ ਕੁ ਡਰੀ ਜਿਹੀ ਹੈ। ਉਹ ਪੁੱਛਦੀ ਹੈ,

''ਦੱਸੋ, ਮੈਂ ਕੀ ਕਰ ਸਕਦੀ ਆਂ ਤੇਰੇ ਲਈ ?''

''ਮੈਂ ਕੁਲਵਿੰਦਰ ਨੂੰ ਮਿਲਣਾ।''

''ਉਹ ਤਾਂ ਹੈ ਨਹੀਂ।''

''ਵੈਸੇ ਹੁੰਦੀ ਤਾਂ ਇਥੇ ਈ ਐ ਨਾ ?''

''ਨਹੀਂ, ਉਹ ਹੁਣ ਨਹੀਂ ਆਇਆ ਕਰਦੀ।''

''ਤੇ ਪ੍ਰੀਤੀ ?''

''ਪ੍ਰੀਤੀ ਕੌਣ ? ਮੈਂ ਨਹੀਂ ਜਾਣਦੀ।''

ਉਹ ਔਰਤ ਨਾਂਹ ਵਿਚ ਸਿਰ ਹਿਲਾਉਂਦੀ ਹੈ। ਜਗਮੋਹਣ ਤਾਂ ਉਥੇ ਸਿਰਫ ਕੁਲਵਿੰਦਰ ਨੂੰ ਹੀ ਜਾਣਦਾ ਹੈ ਜਿਹੜੀ ਕਿ ਉਸ ਕੋਲ ਸਲਾਹ ਲੈਣ ਆਈ ਸੀ। ਫਿਰ ਇਧਰ ਉਧਰ ਵੀ ਮਿਲੀ ਸੀ ਇਕ ਦੋ ਵਾਰ। ਪ੍ਰੀਤੀ ਦਾ ਨਾਂ ਤਾਂ ਅਚਾਨਕ ਹੀ ਉਸ ਦੇ ਮਨ ਵਿਚ ਆ ਜਾਂਦਾ ਹੈ। ਪ੍ਰੀਤੀ ਨੇ ਉਸ ਨੂੰ ਦਸਿਆ ਸੀ ਕਿ ਉਹ ਵੀ ਇਸ ਸੰਸਥਾ ਨਾਲ ਜੁੜੀ ਹੋਈ ਹੈ। ਪ੍ਰੀਤੀ ਤਾਂ ਉਸ ਨੂੰ ਬਹੁਤ ਦੇਰ ਤੋਂ ਮਿਲੀ ਹੀ ਨਹੀਂ ਹੈ। ਉਸ ਨੂੰ ਕਦੇ ਕਦੇ ਉਸ ਦੀ ਯਾਦ ਵੀ ਆਉਂਦੀ ਹੈ। ਇਕ ਵਾਰ ਭੁਪਿੰਦਰ ਤੋਂ ਵੀ ਉਸ ਬਾਰੇ ਪੁੱਛਿਆ ਸੀ। ਭੁਪਿੰਦਰ ਕਹਿੰਦਾ ਹੈ ਕਿ ਪ੍ਰੀਤੀ ਦਾ ਪਤੀ ਉਸ ਨੂੰ ਨਾਟਕਾਂ ਵਿਚ ਕੰਮ ਨਹੀਂ ਕਰਨ ਦੇ ਰਿਹਾ। ਇਸ ਗੱਲ ਦਾ ਤਾਂ ਉਸ ਨੂੰ ਪਹਿਲਾਂ ਹੀ ਪਤਾ ਹੈ। ਹੁਣ ਇਸ ਦਾ ਮਤਲਬ ਹੈ ਕਿ ਪ੍ਰੀਤੀ ਦਾ ਇਸ ਸੰਸਥਾ ਨਾਲ ਵੀ ਕੋਈ ਵਾਹ ਨਹੀਂ ਹੈ। ਉਹ ਉਥੋਂ ਤੁਰ ਪੈਂਦਾ ਹੈ। ਕੁਝ ਕੁ ਕਦਮ ਹੀ ਤੁਰਦਾ ਹੈ ਤਾਂ ਪਿੱਛਿਉਂ ਆਵਾਜ਼ ਆਉਂਦੀ ਹੈ,

''ਐਕਸਕਿਊਜ਼ ਮੀ।''

ਉਹ ਘੁੰਮ ਕੇ ਦੇਖਦਾ ਹੈ। ਦਰਵਾਜ਼ੇ ਵਿਚ ਇਕ ਹੋਰ ਔਰਤ ਖੜੀ ਹੈ। ਉਹ ਪੁੱਛਦੀ ਹੈ,

''ਕੋਈ ਕੰਮ ?''

''ਨਹੀਂ, ਖਾਸ ਨਹੀਂ, ਕੁਲਵਿੰਦਰ ਨੂੰ ਹੀ ਮਿਲਣਾ ਸੀ।''

''ਉਹ ਤਾਂ ਇਥੋਂ ਜਾ ਚੁੱਕੀ ਐ, ਜੇ ਕੋਈ ਕੰਮ ਐ ਸਾਡੇ ਕਰਨ ਵਾਲਾ ਤਾਂ ਦੱਸੋ।''

''ਨਹੀਂ, ਮੈਂ ਟਾਈਮਜ਼ ਵਿਚ ਤੁਹਾਡੀ ਆਰਗੇਨਾਈਜ਼ੇਸ਼ਨ ਬਾਰੇ ਲੇਖ ਪੜ੍ਹਿਆ ਹੇ, ਉਹਦੇ ਬਾਰੇ ਈ ਡਿਸਕਸ ਕਰਨਾ ਸੀ ਕੁਝ।''

''ਆਓ, ਮੇਰੇ ਨਾਲ ਕਰੋ, ਮੈਂ ਇਥੋਂ ਦੀ ਕਨਵੀਨਰ ਆਂ।''

ਜਗਮੋਹਣ ਉਸ ਦੇ ਪਿੱਛੇ ਪਿੱਛੇ ਅੰਦਰ ਚਲੇ ਜਾਂਦਾ ਹੈ। ਫਰੰਟ ਰੂਮ ਵਿਚ ਕੁਝ ਕੁਰਸੀਆਂ ਪਈਆਂ ਹਨ। ਇਕ ਵੱਡਾ ਸਾਰਾ ਮੇਜ਼ ਲਗਿਆ ਹੋਇਆ ਹੈ। ਉਹ ਔਰਤ ਉਸ ਨੂੰ ਉਥੇ ਬੈਠਣ ਦਾ ਇਸ਼ਾਰਾ ਕਰਦੀ ਹੈ ਤੇ ਆਪ ਵੀ ਬੈਠ ਜਾਂਦੀ ਹੈ ਤੇ ਪੁੱਛਦੀ ਹੈ,

''ਤੁਸੀਂ ਹੀ ਉਥੇ ਲੀਗਲ ਐਡਵਾਈਜ਼ ਸੈਂਟਰ ਖੋਲ੍ਹਿਆ ਹੈ, ਲੇਡੀ ਮਾਰਗਰੇਟ ਰੋਡ 'ਤੇ।''

''ਹਾਂ, ਪਰ ਬੰਦ ਕਰਨਾ ਪਿਆ।''

''ਕਿਉਂ ?''

''ਕੋਈ ਆਉਂਦਾ ਨਹੀਂ ਸੀ।''

''ਅਸੀਂ ਤਾਂ ਤੁਹਾਡੇ ਤੱਕ ਅਪਰੋਚ ਕੀਤੀ ਸੀ ਪਰ ਤੁਸੀਂ ਨਾਂਹ ਕਰ ਦਿੱਤੀ।''

''ਕਿਉਂਕਿ ਮੈਂ ਤਾਂ ਇਮੀਗਰੇਸ਼ਨ ਦੇ ਕੇਸ ਈ ਕਰਦਾ ਸੀ, ਦੂਜੇ ਲਾਅ ਦਾ ਮੈਨੂੰ ਬਹੁਤਾ ਪਤਾ ਨਹੀਂ।''

''ਦੱਸੋ, ਕਿਹੜੀ ਗੱਲ ਕਰਨੀ ਐ ?... ਬਾਈ ਦਾ ਵੇਅ, ਮਾਈ ਨੇਮ ਇਜ਼ ਲਕਸ਼ਮੀ।''

''ਆਏ'ਮ ਜਗਮੋਹਣ।''

''ਆਏ ਨੋਅ ! ਬਸ ਗੱਲ ਦੱਸੋ।''

''ਮੈਂ ਤਾਂ ਇਹ ਕਹਿਣਾ ਕਿ ਜਿੰਨੀ ਤੁਹਾਡੀ ਕੈਪੇਸਟੀ ਐ ਤੁਸੀਂ ਓਨਾ ਕੰਮ ਨਹੀਂ ਕਰ ਰਹੇ।''

''ਤੁਸੀਂ ਆਰਟੀਕਲ ਪੜ੍ਹਿਆ ਨਹੀਂ ? ਸਾਡੀਆਂ ਪ੍ਰਾਪਤੀਆਂ ਬਾਰੇ ਨਹੀਂ ਪੜ੍ਹਿਆ ਤੁਸੀਂ ਏਸ ਆਰਟੀਕਲ ਵਿਚ ?''

''ਦੇਖੋ, ਇਹ ਆਰਟੀਕਲ ਦਾ ਕੀ ਮਕਸਦ ਐ ਜਾਂ ਏਹਦੇ ਰਾਹੀਂ ਏਹਦਾ ਰਾਈਟਰ ਕੀ ਕਹਿਣਾ ਚਾਹੁੰਦੈ, ਇਹ ਇਕ ਵੱਖਰਾ ਸਵਾਲ ਐ, ਮੈਂ ਤਾਂ ਇਹ ਕਹਿਣਾ ਕਿ ਤੁਸੀਂ ਔਰਤਾਂ ਦੀ ਮੈਰੀਡ ਲਾਈਫ ਦੀਆਂ ਪਰੋਬਲਮਜ਼ ਨੂੰ ਈ ਕਵਰ ਕਰ ਰਹੇ ਓ, ਜਦ ਕਿ ਔਰਤਾਂ ਦੀਆਂ ਹੋਰ ਵੀ ਤਕਲੀਫਾਂ ਨ।''

''ਫਾਰ ਐਗਜ਼ੰਪਲ ?''

''ਫਾਰ ਐਗਜ਼ੈਂਪਲ ਆਹ ਜ਼ਬਰਦਸਤੀ ਦੇ ਵਿਆਹ, ਆਹ ਔਨਰ ਕਿਲਿੰਗ ਤੇ ਇੰਡੀਆ, ਪਾਕਿਸਤਾਨ ਵਿਚ ਔਰਤਾਂ ਨਾਲ ਕਿੰਨੀਆਂ ਜ਼ਿਆਦਤੀਆਂ ਹੋ ਰਹੀਆਂ।''

''ਦੇਖੋ, ਸਾਡੀ ਕੈਪੇਸਟੀ ਬਹੁਤ ਲਿਮਟਿਡ ਐ, ਸਾਨੂੰ ਪਤੈ ਔਰਤਾਂ ਦੀਆਂ ਬਹੁਤ ਪਰੋਬਲਮਜ਼ ਐ ਪਰ ਇਸ ਵੇਲੇ ਵੱਡਾ ਮਸਲਾ ਔਰਤ ਉਪਰ ਹੁੰਦੀ ਵੁਆਇਲੰਸ ਦਾ ਐ। ਭਾਰਤੀਆਂ ਵਿਚੋਂ ਪੰਜਾਬੀ ਮਰਦ ਆਪਣੀਆਂ ਪਤਨੀਆਂ ਦੀ ਬਹੁਤੀ ਕੁੱਟਮਾਰ ਕਰ ਰਹੇ ਆ, ਇਹ ਲੋਕ ਸ਼ਰਾਬ ਪੀਂਦੇ ਆ ਤੇ ਸ਼ਰਾਬ ਪੀ ਕੇ ਔਰਤ ਉਪਰ ਹੱਥ ਚੁੱਕਦੇ ਆ ਤੇ ਦੂਜਾ ਅਸੀਂ ਬਜ਼ੁਰਗ ਔਰਤਾਂ ਦੀਆਂ ਪਰੋਬਲਮ ਨੂੰ ਵੀ ਡੀਲ ਕਰਦੇ ਆਂ।''

''ਇਹ ਮੈਨੂੰ ਪਤੈ, ਮੈਂ ਕਹਿੰਨਾ ਕਿ ਇਹ ਏਰੀਆ ਵਧਾਓ, ਹੋਰ ਕੰਮ ਕਰੋ।''

''ਸਾਡੇ ਕੋਲ ਗਰਾਂਟਾਂ ਦੀ ਘਾਟ ਐ, ਫਿਰ ਵੀ ਅਸੀਂ ਸੁੱਖੀ ਕਤਲ ਕਾਂਡ ਵਿਚ ਆਵਾਜ਼ ਉਠਾਈ ਸੀ।''

''ਸਿਰਫ ਇਕ ਮੁਜ਼ਾਹਰਾ ਕੀਤਾ ਸੀ।''

''ਤੇ ਇਕੋ ਮੁਜ਼ਾਹਰਾ ਹੀ ਕੰਮ ਕਰ ਗਿਆ, ਕਾਤਲ ਨੂੰ ਸਜ਼ਾ ਹੋ ਗਈ, ਸੱਚ ਤਾਂ ਇਹ ਹੈ ਕਿ ਇਕ ਮੁਜ਼ਾਹਰਾ ਵੀ ਬਹੁਤ ਮੁਸ਼ਕਲ ਨਾਲ ਕਰ ਹੁੰਦੈ। ਸਾਰੀਆਂ ਔਰਤਾਂ ਕੰਮ ਕਰਦੀਆਂ ਤੇ ਜਲੂਸ ਵਿਚ ਆਉਣ ਲਈ ਹਸਬੈਂਡ ਦੀ ਇਜਾਜ਼ਤ ਚਾਹੀਦੀ ਐ। ਤੁਸੀਂ ਸ਼ਾਇਦ ਸਾਡੀ ਪਰੋਬਲਮ ਨੂੰ ਏਸ ਐਂਗਲ ਤੋਂ ਨਹੀਂ ਸਮਝ ਸਕਦੇ। ਹੁਣ ਪਿਛਲੇ ਦਿਨੀਂ ਇਕ ਆਪਣੇ ਪੰਜਾਬੀ ਬੰਦੇ ਨੇ ਕਿਸੇ ਤੋਂ ਆਪਣੇ ਘਰ ਨੂੰ ਅੱਗ ਲਗਵਾ ਦਿੱਤੀ ਜਿਹਦੇ ਵਿਚ ਉਹਦੀਆਂ ਤਿੰਨ ਧੀਆਂ ਤੇ ਪਤਨੀ ਸੜ ਕੇ ਮਰ ਗਈਆਂ। ਉਸ ਨੇ ਅੱਗ ਇਸ ਕਰਕੇ ਲਗਵਾਈ ਐ ਕਿ ਉਸ ਦੀ ਪਤਨੀ ਮੁੰਡਾ ਜੰਮਣ ਦੇ ਕਾਬਲ ਨਹੀਂ ਸੀ।''

''ਮੈਨੂੰ ਪਤਾ ਕਹਾਣੀ ਦਾ, ਮੈਂ 'ਵਾਸ ਪ੍ਰਵਾਸ' ਵਿਚ ਪੜ੍ਹਿਆ ਸੀ।''

''ਅਸੀਂ ਏਸ ਇਸ਼ੂ ਨੂੰ ਲੈ ਕੇ ਜਲੂਸ ਕੱਢਣਾ ਚਾਹੁੰਦੀਆਂ ਪਰ ਔਰਤਾਂ ਇਕੱਠੀਆਂ ਨਹੀਂ ਹੋ ਰਹੀਆਂ। ਔਰਤਾਂ ਨੇ ਕੰਮਾਂ ਤੋਂ ਆ ਕੇ ਘਰ ਸੰਭਾਲਣਾ ਹੁੰਦਾ, ਬੱਚੇ ਵੀ ਤੇ ਪਤੀ ਦੇ ਹੁਕਮ ਵੀ ਸੁਣਨੇ ਹੁੰਦੇ ਆ। ਸੱਚੀ ਗੱਲ ਤਾਂ ਜਗਮੋਹਣ ਜੀ ਇਹ ਐ ਕਿ ਇਹ ਲਫਜ਼ ਪਤਨੀ ਗਲਤ ਐ ਅਸਲੀ ਸ਼ਬਦ ਤਾਂ ਸਲੇਵ ਐ। ਜਦੋਂ ਅਸੀਂ ਕਹਿੰਦੇ ਹਾਂ ਕਿ ਉਹ ਔਰਤ ਇਸ ਆਦਮੀ ਦੀ ਪਤਨੀ ਐ, ਸਾਨੂੰ ਕਹਿਣਾ ਇਹ ਚਾਹੀਦਾ ਐ ਕਿ ਉਹ ਔਰਤ ਇਸ ਆਦਮੀ ਦੀ ਗੁਲਾਮ ਐ।''

ਅਠਾਈ

ਪਰਦੁੱਮਣ ਸਿੰਘ ਕਈ ਵਾਰ ਸੋਚਣ ਲੱਗਦਾ ਹੈ ਕਿ ਗਿਆਨ ਕੌਰ ਠੀਕ ਕਹਿ ਰਹੀ ਹੈ ਕਿ ਰਾਜਵਿੰਦਰ ਦਾ ਵਿਆਹ ਕਰ ਦਿੱਤਾ ਜਾਵੇ। ਇਹ ਤਾਂ ਠੀਕ ਹੈ ਕਿ ਜਿਸ ਕੁੜੀ ਨੂੰ ਵੀ ਉਹ ਵਿਆਹ ਕੇ ਲਿਆਵੇਗਾ ਉਸ ਦੀ ਜ਼ਿੰਦਗੀ ਖਰਾਬ ਹੀ ਹੋਵੇਗੀ ਪਰ ਇਵੇਂ ਉਸ ਦੇ ਮੁੰਡੇ ਦੀ ਜ਼ਿੰਦਗੀ ਤਾਂ ਬਚ ਸਕਦੀ ਹੈ। ਆਪਣੇ ਮੁੰਡੇ ਦੇ ਨਾਲ ਨਾਲ ਛੋਟਿਆਂ ਉਪਰ ਵੀ ਗਲਤ ਅਸਰ ਪੈਣੋਂ ਬਚੇਗਾ, ਕੁੜੀਆਂ ਦਾ ਉਸ ਨੂੰ ਖਾਸ ਫਿਕਰ ਹੈ। ਇਸ ਮੁਲਕ 'ਚ ਜਿਵੇਂ ਬੱਚੇ ਵਿਗੜ ਜਾਂਦੇ ਹਨ ਇਸ ਤੋਂ ਤਾਂ ਉਹ ਸਦਾ ਹੀ ਚਿੰਤਾਤੁਰ ਰਹਿੰਦਾ ਹੈ। ਇਸੇ ਲਈ ਇੰਡੀਆ ਸੈਟਲ ਹੋਇਆ ਸੀ ਕਿ ਹੋਰ ਨਹੀਂ ਤਾਂ ਬੱਚਿਆਂ ਨੂੰ ਤਾਂ ਮਨਮਰਜ਼ੀ ਦੀ ਜਗ੍ਹਾ ਵਿਆਹੇਗਾ ਪਰ ਹਲਾਤ ਨੇ ਉਸ ਨੂੰ ਮੁੜ ਉਸ ਜਗਾਹ ਲਿਆ ਖੜਾ ਕੀਤਾ ਹੈ ਜਿਸ ਤੋਂ ਉਹ ਡਰਦਾ ਹੈ। ਹਾਲੇ ਤੱਕ ਉਸ ਦੇ ਬੱਚੇ ਠੀਕ ਹਨ। ਇਹ ਰਾਜਵਿੰਦਰ ਹੀ ਵਿਗੜਿਆ ਹੋਇਆ ਹੈ। ਉਹ ਪਤਨੀ ਨੂੰ ਕਹਿੰਦਾ ਹੈ,

"ਜਾਹ ਕਰ ਲੈ ਮੁੰਡੇ ਦਾ ਵਿਆਹ, ਲੱਭ ਲੈ ਕੁੜੀ, ਪਰ ਕਾਹਲੀ ਨਾ ਕਰੀਂ, ਖਾਨਦਾਨੀ ਕੁੜੀ ਚਾਹੀਦੀ ਐ, ਭੁੱਖੇ ਘਰ ਦੀ ਨਹੀਂ।"

"ਲਾਣੇ ਦੀ ਕੁੜੀ ਤਾਂ ਇੰਡੀਆ ਤੋਂ ਈ ਮਿਲੂ।"

"ਇੰਡੀਆ ਜਾਇਆ ਫੇਰ।"

"ਕ੍ਰਿਸਮਸ 'ਤੇ ਦੇਖਦੇ ਆਂ। ਤੁਸੀਂ ਵੀ ਨਾਲ ਚੱਲਿਓ।"

"ਮੈਂ ਨਹੀਂ ਜਾਣਾ ਮੁੜ ਉਥੇ।"

"ਹੁਣ ਤਾਂ ਸਭ ਠੀਕ ਐ, ਅੱਤਵਾਦ ਤਾਂ ਹੁਣ ਮੁੱਕ ਚੁੱਕੈ।"

"ਮੁੱਕ ਚੁੱਕਾ ਹੋਵੇਗਾ ਪਰ ਮੇਰੇ ਜ਼ਖਮ ਹਾਲੇ ਰੜਕਦੇ ਆ।"

ਕਹਿਣ ਨੂੰ ਤਾਂ ਉਹ ਕਹਿ ਜਾਂਦਾ ਹੈ ਪਰ ਨੀਰੂ ਨੂੰ ਮਿਲਣ ਨੂੰ ਉਸ ਦਾ ਦਿਲ ਕਰਦਾ ਹੈ। ਹੁਣ ਤਾਂ ਕਾਫੀ ਦਿਨ ਹੋ ਗਏ ਹਨ ਨੀਰੂ ਨੂੰ ਫੋਨ ਕੀਤਿਆਂ ਵੀ। ਕਾਰਾ ਠੀਕ ਕਹਿੰਦਾ ਹੈ ਕਿ ਇੰਨੀ ਦੇਰ ਕੋਈ ਔਰਤ ਮੇਰੀ ਉਡੀਕ ਵਿਚ ਤਾਂ ਨਹੀਂ ਬੈਠੀ ਰਹਿ ਸਕਦੀ। ਜਿਵੇਂ ਵੀ ਹੋਵੇ ਜਦੋਂ ਉਹ ਇੰਡੀਆ ਗਿਆ ਕੁਝ ਦਿਨ ਤਾਂ ਜਸ਼ਨ ਜਿਹੇ ਲੰਘਣਗੇ ਹੀ। ਪਰ ਜਾਵੇਗਾ ਕਦੋਂ। ਕਏ ਜਾਵੇਗਾ ਵੀ ਕਿ ਨਹੀਂ ਜਾਂ ਫਿਰ ਇਵੇਂ ਸੋਚਦਾ ਹੀ ਰਹੇਗਾ।

ਅਜ ਕਲ ਕਾਰਾ ਉਸ ਨੂੰ ਘੱਟ ਮਿਲਦਾ ਹੈ। ਕਾਰੇ ਦਾ ਹਫਤਾਂਤ ਤਾਂ ਵਿਹਲਿਆਂ ਵਰਗਾ ਹੀ ਹੁੰਦਾ ਹੈ। ਖਾਸ ਤੌਰ 'ਤੇ ਐਤਵਾਰ। ਪਰ ਪਰਦੁੱਮਣ ਸਿੰਘ ਕਿਸੇ ਦਿਨ ਵੀ ਖਾਲੀ ਨਹੀਂ ਹੁੰਦਾ। ਕੋਈ ਨਾ ਕੋਈ ਕੰਮ ਸਿਰ ਚੜ੍ਹਿਆ ਖੜਾ ਹੁੰਦਾ ਹੈ। ਉਸ ਦਿਨ ਉਹ ਪ੍ਰਤਾਪ ਖੈਹਰੇ ਦੇ ਰੈਸਟੋਰੈਂਟ 'ਤੇ ਹੀ ਮਿਲਦਾ ਹੈ। ਕਿੰਨੇ ਦਿਨਾਂ ਬਾਅਦ। ਪ੍ਰਤਾਪ ਖੈਹਰੇ ਦਾ ਬਰਾਡਵੇਅ ਉਪਰ ਬਹੁਤ ਪੁਰਾਣਾ ਰੈਸਟੋਰੈਂਟ ਹੈ। ਬਹੁਤ ਮਸ਼ਹੂਰ ਹੈ। ਸਾਊਥਾਲ ਦੇ ਸਭ ਤੋਂ ਪੁਰਾਣੇ ਰੈਸਟੋਰੈਂਟਾਂ ਵਿਚੋਂ ਹੈ। ਉਸ ਦੇ ਸਾਹਮਣੇ ਹੀ ਚੌਧਰੀ ਮੁਸ਼ਤਾਕ ਅਲੀ ਦਾ ਚੌਧਰੀ ਤੰਦੂਰੀ ਹੈ। ਉਹ ਵੀ ਕਾਫੀ ਪੁਰਾਣਾ ਹੈ। ਕੋਈ ਵੇਲਾ ਸੀ ਕਿ ਸਾਊਥਾਲ ਦੇ ਇਹ ਦੋਨੋਂ ਹੀ ਮੰਨੇ ਪ੍ਰਮੰਨੇ ਰੈਸਟੋਰੈਂਟ ਹੁੰਦੇ ਸਨ। ਹੁਣ ਤਾਂ ਪੂਰਾ ਸਾਊਥਾਲ ਹੀ ਰੈਸਟੋਰੈਂਟਾਂ ਨਾਲ ਭਰ ਚੁੱਕਾ ਹੈ। ਹੁਣ ਇਨ੍ਹਾਂ ਦੀ ਪਹਿਲਾਂ ਵਰਗੀ ਪੁੱਛ ਪ੍ਰਤੀਤ ਨਹੀਂ ਹੈ। 'ਗੁੱਡ ਮਾਰਨਿੰਗ' ਰੇਡੀਓ ਉਪਰ ਅਨਾਊਂਸਰ ਹਾਕਾਂ ਮਾਰ ਮਾਰ ਨਿੱਤ ਨਵੇਂ ਨਵੇਂ ਰੈਸਟੋਰੈਂਟਾਂ ਦੀ ਮਸ਼ਹੂਰੀ ਕਰਨ ਲੱਗੇ ਹਨ। ਫਿਰ ਵੀ ਖੈਹਰਾ ਅਤੇ ਚੌਧਰੀ ਸਾਊਥਾਲ ਦੇ ਪੁਰਾਣੇ ਬੰਦੇ ਹੋਣ ਕਰਕੇ ਲੋਕ ਇਹਨਾਂ ਨੂੰ ਜਾਣਦੇ ਹਨ ਤੇ ਇਹਨਾਂ ਦੀ ਟੱਕਰ ਹਾਲੇ ਵੀ ਪਹਿਲਾਂ ਵਾਂਗ ਹੀ ਚੱਲ ਰਹੀ ਹੈ। ਜਿਵੇਂ ਆਹਮੋ ਸਾਹਮਣੇ ਰੈਸਟੋਰੈਂਟਾਂ ਵਿਚ ਹੋ ਹੀ ਜਾਇਆ ਕਰਦੀ ਹੈ। ਜਦੋਂ ਦੋਵੇਂ ਰੈਸਟੋਰੈਂਟ ਭਰੇ ਰਹਿੰਦੇ ਸਨ ਤਾਂ ਇਹ ਤਣਾਅ ਘੱਟ ਸੀ। ਹੁਣ ਕੰਮ ਘਟ ਚੁੱਕੇ ਹਨ। ਨਵੇਂ ਰੈਸਟੋਰੈਂਟਾਂ ਨੇ ਗਾਹਕ ਖਿੱਚ ਲਏ ਹਨ। ਆਪਣੇ ਘਟੇ ਕੰਮ ਦਾ ਦੋਸ਼ ਇਹ ਇਕ ਦੂਜੇ ਨੂੰ ਦੇਣ ਲੱਗਦੇ ਹਨ। ਹੁਣ ਤਾਂ ਤਣਾਅ ਇੰਨਾ ਵੱਧ ਚੁੱਕਾ ਹੈ ਕਿ ਤਲਵਾਰਾਂ ਕਦੇ ਵੀ ਨਿਕਲ ਸਕਦੀਆਂ ਹਨ। ਪ੍ਰਤਾਪ ਖਹਿਰਾ ਸਿੱਖਾਂ ਦੇ ਮੁੰਡਿਆਂ ਨੂੰ ਹਵਾ ਦੇ ਕੇ ਰੱਖਦਾ ਹੈ ਤੇ ਚੌਧਰੀ ਮੁਸਲਮਾਨਾਂ ਦੇ ਮੁੰਡਿਆਂ ਨੂੰ ਵਰਤਦਾ ਹੈ। ਇਸ ਲਈ ਮੁਸਲਮਾਨਾਂ ਤੇ ਸਿੱਖਾਂ ਦੇ ਮੁੰਡਿਆਂ ਵਿਚ ਤਣਾਵ ਰਹਿੰਦਾ ਹੈ। ਦੋਨਾਂ ਨੇ ਰੈਸਟੋਰੈਂਟਾਂ ਦੀਆਂ ਬੇਸਮਿੰਟਾਂ ਵਿਚ ਸਨੂਕਰ ਕਲੱਬ ਬਣਾਏ ਹਨ ਜੋ ਕਿ ਇਹਨਾਂ ਮੁੰਡਿਆਂ ਨੂੰ ਇਕੱਠੇ ਹੋਣ ਦਾ ਕਾਰਨ ਦਿੰਦੇ ਹਨ।

ਪ੍ਰਤਾਪ ਖੈਹਰਾ ਸਿੱਖ ਤੇ ਹਿੰਦੂ ਕਮਿਉਨਿਟੀ ਦੇ ਮੋਹਤਬਰ ਲੋਕਾਂ ਨੂੰ ਆਪਣੇ ਰੈਸਟੋਰੈਂਟ ਵਿਚ ਸੱਦਦਾ ਹੈ। ਬਹਾਨਾ ਤਾਂ ਹੈ ਰੈਸਟੋਰੈਂਟ ਦੀ ਪੱਚੀਵੀਂ ਵਰ੍ਹੇਗੰਢ ਮਨਾਉਣ ਦਾ। ਸਾਊਥਾਲ ਦੇ ਮੋਹਤਬਰ ਬੰਦਿਆਂ ਵਿਚ ਕਾਰਾ ਵੀ ਆਉਂਦਾ ਹੈ ਤੇ ਹੁਣ ਪਰਦੁੱਮਣ ਵੀ। ਕਈ ਦਿਨਾਂ ਬਾਅਦ ਮਿਲਣ ਕਰਕੇ ਉਹ ਦੋਵੇਂ ਆਪਸ ਵਿਚ ਹੀ ਗੱਲਾਂ ਕਰੀ ਜਾ ਰਹੇ ਹਨ। ਪ੍ਰਤਾਪ ਖੈਹਰੇ ਦੇ ਸੱਦੇ ਦਾ ਉਨ੍ਹਾਂ ਨੂੰ ਬਹੁਤਾ ਫਿਕਰ ਨਹੀਂ ਹੈ। ਕਾਰਾ ਉਸ ਨੂੰ ਕਹਿੰਦਾ ਹੈ,

"ਇਹ ਖੈਹਰਾ ਵੀ ਸਿਆਸੀ ਬੰਦਾ ਐ, ਥੋੜ੍ਹੇ ਕੀਤੇ ਤਾਂ ਕਿਸੇ ਨੂੰ ਚਾਹ ਨਹੀਂ ਪਿਆਉਂਦਾ ਤੇ ਇਹ ਪਾਰਟੀ ਐਵੇਂ ਨਹੀਂ ਕਰ ਰਿਹਾ।"

"ਏਹਦਾ ਹੁਣ ਚੌਧਰੀ ਨਾਲ ਪੰਗਾ ਵੀ ਤਾਂ ਪਿਆ ਹੋਇਐ, ਸ਼ਾਇਦ ਆਪਣੇ ਨਾਲ ਜੁੜੇ ਬੰਦਿਆਂ ਦਾ ਦਿਖਾਵਾ ਕਰਨਾ ਚਾਹੁੰਦਾ ਹੋਵੇ ਉਹਨੂੰ।"

ਪਰਦੁੱਮਣ ਆਖਦਾ ਹੈ। ਉਸ ਨੂੰ ਕੁਝ ਯਾਦ ਆਉਂਦਾ ਹੈ ਤੇ ਉਹ ਕਹਿਣ ਲੱਗਦਾ ਹੈ,

"ਮੈਨੂੰ ਤਾਂ ਇਕ ਦਿਨ ਚੌਧਰੀ ਦਾ ਫੋਨ ਆਇਆ ਸੀ, ਸਮੋਸਿਆਂ ਬਾਰੇ ਕੁਝ ਪੁੱਛਦਾ ਸੀ, ਮੈਂ ਕਿਹਾ ਸੀ ਕਿ ਕਦੇ ਆ ਜਾਹ ਬੈਠ ਕੇ ਗੱਲ ਕਰਾਂਗੇ।"

"ਮੇਰਾ ਤੇ ਆਪਣਾ ਚੌਧਰੀ ਕਲਾਇੰਟ ਐ, ਉਹਦੀਆਂ ਸਾਰੀਆਂ ਕਾਰਾਂ-ਵੈਨਾਂ ਦੀ ਇੰਸ਼ੋਰੰਸ ਮੈਂ ਕਰ ਰਿਹਾਂ, ਕਦੇ ਰੋਟੀ ਖਾਣ ਵੀ ਆ ਜਾਈਏ ਤਾਂ ਉਹ ਪੈਸੇ ਨਹੀਂ ਲੈਂਦਾ।"

"ਚਲੋ ਹੁਣ ਆਏ ਆਂ ਤਾਂ ਦੇਖ ਲੈਨੇ ਆਂ ਕਿ ਖੈਹਰਾ ਟੋਪੀ 'ਚੋਂ ਕਿਹੋ ਜਿਹਾ ਕਬੂਤਰ ਕੱਢਦੈ।"

ਗੱਲਾਂ ਕਰਦੇ ਉਹ ਕੁਰਸੀਆਂ ਉਪਰ ਬੈਠ ਜਾਂਦੇ ਹਨ। ਕੁਝ ਗੋਰੀਆਂ ਕੁੜੀਆਂ ਸ਼ਰਾਬ, ਜੂਸ ਤੇ ਕੋਕ ਆਦਿ ਵਰਤਾ ਰਹੀਆਂ ਹਨ। ਕਾਰਾ ਆਦਤ ਮੁਜਬ ਬਹੁਤੀ ਨਹੀਂ ਪੀਂਦਾ ਪਰ ਪਰਦੁੱਮਣ ਸਿੰਘ ਇਕ ਪੈੱਗ ਜ਼ਿਆਦਾ ਪੀ ਜਾਂਦਾ ਹੈ। ਇਹ ਰੈਸਟੋਰੈਂਟ ਦਾ ਬੇਸਮੈਂਟ ਹੈ ਜਿਥੇ ਉਹ ਸਾਰੇ ਬੈਠੇ ਹਨ ਜੋ ਕਿ ਸਨੂਕਰ ਕਲੱਬ ਹੈ। ਨੌਜਵਾਨ ਮੁੰਡੇ ਇਥੇ ਸਨੂਕਰ ਖੇਡਣ ਆਉਂਦੇ ਹਨ। ਅੱਜ ਕੁਰਸੀਆਂ ਤੇ ਮੇਜ਼ ਲਾ ਕੇ ਇਕ ਪਾਸੇ ਮੰਚ ਵੀ ਬਣਾਇਆ ਹੋਇਆ ਹੈ। ਕੁਝ ਦੇਰ ਬਾਅਦ ਜਸਪਾਲ ਸਿੰਘ ਦਾੜ੍ਹੀ 'ਤੇ ਹੱਥਾ ਫੇਰਦਾ ਮੰਚ 'ਤੇ ਚੜ੍ਹਦਾ ਹੈ ਤੇ ਕਹਿਣ ਲੱਗਦਾ ਹੈ,

"ਦੋਸਤੋ, ਅੱਜ ਆਪਾਂ ਖੈਹਰਾ ਤੰਦੂਰੀ ਦੀ ਸਿਲਵਰ ਜੁਬਲੀ ਉਪਰ ਇਕੱਠੇ ਹੋਏ ਹਾਂ। ਇਨ੍ਹਾਂ ਨੂੰ ਸਾਡੀਆਂ ਸਭ ਦੀਆਂ ਵਧਾਈਆਂ ਤਾਂ ਹੈਨ ਹੀ ਕਿ ਇੰਨੇ ਸਾਲ ਤੋਂ ਇੰਨੀ ਕਾਮਯਾਬੀ ਨਾਲ ਇਹ ਕਾਰੋਬਾਰ ਚਲਾ ਰਹੇ ਹਨ। ਨਾਲ ਨਾਲ ਆਪਾਂ ਇਨ੍ਹਾਂ ਦੇ ਵਿਚਾਰ ਵੀ ਸੁਣਨੇ ਹਨ। ਸਭ ਤੋਂ ਪਹਿਲਾਂ ਮੈਂ ਸ. ਸੁੰਦਰ ਸਿੰਘ ਅਤੇ ਸ. ਮੀਹਾਂ ਸਿੰਘ ਨੂੰ ਬੇਨਤੀ ਕਰਦਾ ਹਾਂ ਕਿ ਮੰਚ 'ਤੇ ਆ ਸੁਸ਼ੋਭਤ ਹੋਣ। ਇਹ ਦੋਵੇਂ ਸਾਡੇ ਬਜ਼ੁਰਗ ਸਾਊਥਾਲ ਦੇ ਸਭ ਤੋਂ ਪੁਰਾਣੇ ਪੰਜਾਬੀ ਹਨ। ਇਵੇਂ ਕਹਿ ਲਓ ਕਿ ਸਾਊਥਾਲ ਇਨ੍ਹਾਂ ਨੇ ਹੀ ਵਸਾਇਆ ਹੈ।"

ਦੋ ਬਜ਼ੁਰਗ ਉਠ ਕੇ ਮੰਚ ਵੱਲ ਜਾਂਦੇ ਹਨ ਤੇ ਉਸ ਤੋਂ ਬਾਅਦ ਪ੍ਰਤਾਪ ਖੈਹਰਾ ਵੀ ਉਪਰ ਜਾ ਬੈਠਦਾ ਹੈ। ਫਿਰ ਜਸਪਾਲ ਸਿੰਘ ਕੇਵਲ ਸਿੰਘ ਭੰਵਰਾ ਨੂੰ ਆਪਣੇ ਵਿਚਾਰ ਰੱਖਣ ਲਈ ਬੁਲਾਉਂਦਾ ਹੈ। ਕੇਵਲ ਸਿੰਘ ਭੰਵਰਾ ਦੀ ਕੀਨੀਆ ਤੋਂ ਆਏ ਸਿੰਘਾਂ ਵਾਲੀ ਪੱਗ ਤੋਂ ਉਸ ਦੇ ਪਿਛੋਕੜ ਦਾ ਪਤਾ ਚੱਲ ਜਾਂਦਾ ਹੈ। ਗੱਲ ਕਰਨ ਦੇ ਅੰਦਾਜ਼ ਤੋਂ ਹੰਢਿਆ ਵਰਤਿਆ ਬੰਦਾ ਜਾਪਦਾ ਹੈ। ਉਹ ਪ੍ਰਤਾਪ ਖੈਹਰੇ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਰਿਹਾ ਹੈ। ਖੈਹਰਾ ਤੰਦੂਰੀ ਦੀ ਸਾਊਥਾਲ ਦੀ ਸੱਭਿਆਚਾਰਕ ਜ਼ਿੰਦਗੀ ਵਿਚ ਮਹੱਤਤਾ ਦਾ ਜ਼ਿਕਰ ਕਰਦਾ ਹੈ ਤੇ ਫਿਰ ਕਹਿਣਾ ਆਰੰਭਦਾ ਹੈ,

"ਦੋਸਤੋ, ਕੁਝ ਗੱਲਾਂ ਹੋਰ ਵੀ ਹਨ ਤੁਹਾਡੇ ਨਾਲ ਕਰਨ ਵਾਲੀਆਂ। ਸ਼ਾਇਦ ਤੁਸੀਂ ਖਬਰਾਂ ਵਿਚ ਪੜ੍ਹਿਆ ਸੁਣਿਆ ਵੀ ਹੋਵੇਗਾ ਕਿ ਮੁਸਲਿਮ ਧਰਮ ਦੇ ਕੁਝ ਲੋਕ ਸਿੱਖ ਧਰਮ ਨੂੰ ਢਾਅ ਲਾਉਣ 'ਤੇ ਤੁਲੇ ਹੋਏ ਹਨ। ਮੈਂ ਸਾਰੇ ਮੁਸਲਮਾਨਾਂ ਨੂੰ ਦੋਸ਼ ਨਹੀਂ ਦੇ ਰਿਹਾ। ਚੰਦ ਇਕ ਲੋਕ ਜਿਹੜੇ ਕਿ ਈਰਖਾ ਦੇ ਸ਼ਿਕਾਰ ਹੋ ਕੇ ਅਜਿਹਾ ਕਰ ਰਹੇ ਹਨ ਤੇ ਯੰਗਸਟਰ ਨੂੰ ਉਕਸਾ ਰਹੇ ਹਨ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਜਿਵੇਂ ਪੂਰਾ ਪਾਕਿਸਤਾਨ ਇੰਡੀਆ ਲਈ ਫੈਸੀਨੇਟਿਡ ਹੈ ਏਦਾਂ ਹੀ ਪੰਜਾਬੀ ਮੁਸਲਮਾਨ ਸਿੱਖਾਂ ਪ੍ਰਤੀ ਫੈਸੀਨੇਟਿਡ ਹਨ। ਨਹੀਂ ਤਾਂ ਸਾਊਥਾਲ ਵਿਚ ਮੁਸਲਮਾਨ ਸਨ ਹੀ ਕਿੰਨੇ! ਸਾਰੀਆਂ ਬਰਾਡਵੇਅ ਦੀਆਂ ਦੁਕਾਨਾਂ ਪੰਜਾਬੀਆਂ ਦੀਆਂ ਸਨ ਭਾਵ ਕਿ ਸਾਡੀਆਂ। ਹੁਣ ਦਿਨੋ ਦਿਨ ਉਹ ਇਥੇ ਘੁਸਪੈਠ ਕਰ ਰਹੇ ਹਨ। ਅੱਧੀਆਂ ਦੁਕਾਨਾਂ ਇਨ੍ਹਾਂ ਦੀਆਂ ਹੋ ਚੱਲੀਆਂ ਹਨ। ਹਲਾਲ ਮੀਟ ਦੀਆਂ ਦੁਕਾਨਾਂ ਝਟਕੇ ਦੀਆਂ ਨਾਲੋਂ ਵੱਧ ਹੋ ਗਈਆਂ ਹਨ। ਇਹ ਅਜਿਹੀਆਂ ਗੱਲਾਂ ਤਾਂ ਵਾਪਰ ਰਹੀਆਂ ਹਨ ਬੀਕੌਜ ਵੀ ਆਰ ਨੌਟ ਕਿਅਰਫੁਲ ਟੁਵਾਰਡ ਅਵਰ ਰਿਲੀਜ਼ਨ ਐਂਡ ਕਮਿਉਨਿਟੀ। ਪਰ ਹੁਣ ਵੱਡਾ ਖਤਰਾ ਆਪਣੇ ਸਾਹਮਣੇ ਹੈ। ਆਹ ਇਕ ਪਾਸੇ ਕੁਝ ਲੀਫਲੈਟ ਪਏ ਹਨ ਮੁਸਲਿਮ ਮੁੰਡਿਆਂ ਵਿਚ ਵੰਡੇ ਜਾ ਰਹੇ ਹਨ। ਇਹਦੇ ਵਿਚ ਦੱਸਿਆ ਗਿਆ ਹੈ ਕਿ ਸਿੱਖ ਧਰਮ ਮਾੜਾ ਹੈ। ਸਿੱਖਾਂ ਨੂੰ ਸਬਕ ਸਿਖਾਉਣ ਦਾ ਤਰੀਕਾ ਇਕੋ ਹੈ ਕਿ ਉਨ੍ਹਾਂ ਦੀਆਂ ਕੁੜੀਆਂ ਨੂੰ ਫਸਾਓ ਤੇ ਮੁਸਲਮਾਨ ਬਣਾਓ। ਏਸ ਕੰਮ ਲਈ ਮੁੰਡਿਆਂ ਨੂੰ ਮੁਸਲਿਮ ਕਮਿਉਨਿਟੀ ਦੇ ਲੀਡਰਾਂ ਦੀ ਸਰਪ੍ਰਸਤੀ ਹਾਸਲ ਹੈ। ਸਾਨੂੰ ਇਹਦਾ ਮੁਕਾਬਲਾ ਕਰਨਾ ਚਾਹੀਦਾ ਹੈ। ਘੱਟੋ ਘੱਟ ਆਪਣਾ ਬਚਾਅ ਤਾਂ ਕਰਨਾ ਚਾਹੀਦਾ ਹੀ ਹੈ। ਪਹਿਲੀ ਗੱਲ ਤਾਂ ਕੁੜੀਆਂ ਨੂੰ ਇਹ ਸਿਖਿਆ ਦੇਈਏ ਕਿ ਮੁਸਲਮਾਨ ਕਿੰਨੇ ਮਾੜੇ ਹਨ, ਇਹਨਾਂ ਦੇ ਇਰਾਦੇ ਕੀ ਹਨ। ਸਾਡੀਆਂ ਕੁੜੀਆਂ ਨਾਲ ਦੋਸਤੀ ਦਾ ਮਤਲਬ ਉਨ੍ਹਾਂ ਦੀ ਜ਼ਿੰਦਗੀ ਖਰਾਬ ਕਰਨਾ ਹੈ। ਕਿੰਨੀਆਂ ਹੀ ਕੁੜੀਆਂ ਨੂੰ ਇਹ ਲੋਕ ਵਰਗਲਾ ਕੇ ਪਾਕਿਸਤਾਨ ਲੈ ਗਏ ਹਨ ਤੇ ਉਥੇ ਕੋਠਿਆਂ ਉਪਰ ਬੈਠਾ ਆਏ ਹਨ। ਫਿਰ ਆਪਣੇ ਮੁੰਡਿਆਂ ਨੂੰ ਵੀ ਸਿੱਖਿਆ ਦੇਣ ਦੀ ਲੋੜ ਹੈ ਕਿ ਆਪਣੀਆਂ ਸਿਖ ਕੁੜੀਆਂ ਦੀ ਰਾਖੀ ਕਰੋ। ਹਰ ਸਿੱਖ ਮੁੰਡੇ ਜ਼ਿੰਮੇ ਫਰਜ਼ ਲਾਓ, ਜ਼ਿੰਮੇਵਾਰੀ ਲਾਓ ਕਿ ਹਰ ਸਿੱਖ ਕੁੜੀ ਦੇ ਦੋਸਤ ਬਣ ਕੇ, ਭਰਾ ਬਣ ਕੇ ਹਿਫਾਜ਼ਤ ਕੀਤੀ ਜਾਵੇ ਤੇ ਸਾਡਾ ਵੱਡਿਆਂ ਦਾ ਕੰਮ ਹੈ ਕਿ ਮੁਸਲਮਾਨਾਂ ਵਾਂਗ ਹੀ ਇਨ੍ਹਾਂ ਆਪਣੇ ਮੁੰਡਿਆਂ ਨੂੰ ਸਰਪ੍ਰਸਤੀ ਦੇਈਏ ਤਾਂ ਕਿ ਸਾਨੂੰ ਸਰਦਾਰ ਸਾਧੂ ਸਿੰਘ ਨਾ ਬਣਨਾ ਪਵੇ।"

ਕੇਵਲ ਸਿੰਘ ਭੰਵਰੇ ਦਾ ਭਾਸ਼ਣ ਹਾਲੇ ਚੱਲ ਹੀ ਰਿਹਾ ਹੈ ਕਿ ਸਾਧੂ ਸਿੰਘ ਦਾ ਨਾਂ ਸੁਣਦੇ ਹੀ ਕੁਝ ਲੋਕ ਜੋਸ਼ ਵਿਚ ਆ ਜਾਂਦੇ ਹਨ। ਇਕ ਆਦਮੀ ਉਠ ਕੇ ਬਾਂਹ ਉਲਾਰਦਾ ਪੁਕਾਰਦਾ ਹੈ – "ਸਰਦਾਰ ਸਾਧੂ ਸਿੰਘ।" ਕੁਝ ਆਵਾਜ਼ਾਂ ਬੋਲਦੀਆਂ ਹਨ – "ਜ਼ਿੰਦਾਬਾਦ।" ਰੌਲਾ ਜਿਹਾ ਪੈ ਜਾਂਦਾ ਹੈ। ਕੇਵਲ ਸਿੰਘ ਭੰਵਰਾ ਮਾਹੌਲ ਦੇਖ ਕੇ ਸਟੇਜ ਤੋਂ ਉਤਰ ਆਉਂਦਾ ਹੈ। ਜਸਪਾਲ ਸਿੰਘ ਫਿਰ ਮਾਈਕ ਸੰਭਾਲਦਾ ਆਖਣ ਲੱਗਦਾ ਹੈ,

"ਭਰਾਵੋ ! ਭੰਵਰਾ ਸਾਹਿਬ ਦੀਆਂ ਗੱਲਾਂ ਸੋਲ੍ਹਾਂ ਆਨੇ ਸੱਚ ਹਨ। ਸਾਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। ਇਹ ਸਾਧੂ ਸਿੰਘ ਵਾਲੀ ਮੰਦਭਾਗੀ ਘਟਨਾ ਮੁੜ ਵਾਪਰਨ ਤੋਂ ਰੋਕਣੀ ਹੈ ਆਪਾਂ। ਹਾਂ ਜੀ... ਜੇ ਕਿਸੇ ਹੋਰ ਭਰਾ ਨੇ ਬੋਲਣਾ ਹੋਵੇ।"

ਉਹ ਬੈਠੇ ਲੋਕਾਂ ਵਿਚੋਂ ਬੁਲਾਰਾ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਕੋਈ ਨਹੀਂ ਉਠ ਰਿਹਾ। ਉਹ ਫਿਰ ਆਖਦਾ ਹੈ,

"ਏਸ ਕੰਮ ਲਈ ਪ੍ਰਤਾਪ ਖੈਹਰਾ ਜੀ ਅੱਗੇ ਆਏ ਹਨ, ਆਪਾਂ ਨੂੰ ਇਨ੍ਹਾਂ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ।"

ਉਸ ਦੀ ਗੱਲ ਦੇ ਵਿਚਕਾਰ ਹੀ ਇਕ ਹੱਥ ਖੜ੍ਹਾ ਹੁੰਦਾ ਹੈ। ਜਸਪਾਲ ਸਿੰਘ ਇਸ਼ਾਰੇ ਨਾਲ ਹੀ ਉਸ ਹੱਥ ਵਾਲੇ ਨੂੰ ਉਠ ਕੇ ਸਟੇਜ 'ਤੇ ਆਉਣ ਲਈ ਆਖਦਾ ਹੈ। ਇਹ ਸੁਰਮੁਖ ਸੰਧੂ ਹੈ। ਵਕੀਲ ਸੰਧੂ। ਉਹ ਆਪਣੀ ਡਰਿੰਕ ਪੀ ਕੇ ਗਲਾਸੀ ਇਕ ਪਾਸੇ ਰੱਖਦਾ ਕਹਿੰਦਾ ਹੈ,

''ਜੇ ਭਰਾਵੋ ਇਜਾਜ਼ਤ ਦਿਓ ਤਾਂ ਦੋ ਗੱਲਾਂ ਕਹਾਂ, ਪਰ ਹੈਨ ਕੌੜੀਆਂ।''
''ਘੁੱਟ ਪੀ ਕੇ ਤਾਂ ਬੰਦੇ ਨੂੰ ਮਿੱਠੀਆਂ ਗੱਲਾਂ ਕਰਨੀਆਂ ਚਾਹੀਦੀਆਂ।''

ਕੋਈ ਆਖਦਾ ਹੈ ਤੇ ਸਾਰੇ ਹੱਸਦੇ ਹਨ। ਸੰਧੂ ਫਿਰ ਆਖਦਾ ਹੈ,

''ਇਹ ਵੀ ਠੀਕ ਐ ਪਰ ਜਿੱਦਾਂ ਕਹਿੰਦੇ ਆ ਕਿ ਮਿੱਤਰਾਂ ਦੀ ਲੂਣ ਦੀ ਡਲੀ ਮਿਸ਼ਰੀ ਬਰੋਬਰ ਜਾਣਿਓ, ਪਹਿਲੀ ਗੱਲ ਤਾਂ ਇਹ ਕਿ ਸਾਊਥਾਲ ਸਿੱਖਾਂ ਨੇ ਬੈਅ ਤਾਂ ਨਹੀਂ ਕਰਾਇਆ ਹੋਇਆ, ਕੋਈ ਵੀ ਇਥੇ ਆ ਕੇ ਰਹਿ ਸਕਦੈ, ਇਹ ਫਰੀ ਕੰਟਰੀ ਐ, ਦੂਜਾ ਜਿਹੜਾ ਆਹ ਮੁਸਲਮਾਨ ਤੇ ਸਿੱਖ ਮੁੰਡੇ ਟੋਲੇ ਬਣਾ ਕੇ ਆਪਸ ਵਿਚ ਲੜ ਰਹੇ ਆ ਏਹਦਾ ਕਾਰਨ ਧਰਮ ਨਹੀਂ ਕੁੜੀਆਂ ਹੈਗੀਆਂ। ਇਹ ਠੀਕ ਐ ਕਿ ਮੁਸਲਮਾਨ ਮੁੰਡੇ ਕੜੇ ਪਾ ਕੇ ਸਿੱਖ ਜ਼ਾਹਰ ਕਰਕੇ ਸਿੱਖ ਕੁੜੀਆਂ ਨਾਲ ਦੋਸਤੀਆਂ ਗੰਢਣ ਦੇ ਚੱਕਰ ਵਿਚ ਹੋਣਗੇ, ਹੋ ਸਕਦਾ ਹੈ ਪਰ ਦੋਸਤੀ ਵਰਗੇ ਰਿਸ਼ਤੇ ਨੂੰ ਕੋਈ ਮਜਬੂਰੀ ਨਹੀਂ ਹੁੰਦੀ। ਆਹ ਜਿਹੜੀ ਗੱਲ ਤੁਸੀਂ ਸਿੱਖ ਕੁੜੀਆਂ ਨੂੰ ਪਾਕਿਸਤਾਨ ਲੈ ਜਾ ਕੇ ਕੋਠਿਆਂ 'ਤੇ ਬੈਠਾਉਣ ਦੀਆਂ ਗੱਲਾਂ ਕਰਦੇ ਓ, ਦੱਸੋ ਕਿੰਨੇ ਕੇਸ ਹੋਏ ਹਨ ? ਮੈਂ ਕਈ ਕੁੜੀਆਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਮੁਸਲਮਾਨਾਂ ਨਾਲ ਵਿਆਹ ਕਰਾਇਆ, ਪਾਕਿਸਤਾਨ ਜਾ ਕੇ ਵੀ ਆਈਆਂ ਤੇ ਖੁਸ਼ ਹਨ। ਮੇਰਾ ਖਿਆਲ ਆਪਾਂ ਗੱਲ ਨੂੰ ਵਧਾ ਚੜ੍ਹਾ ਕੇ ਕਰ ਰਹੇ ਆਂ। ਇਹ ਗੱਲ ਵੀ ਚੇਤੇ ਰੱਖਣ ਦੀ ਲੋੜ ਐ ਕਿ ਜਿਹੜਾ ਰੁੱਖ ਆਪਾਂ ਲੈ ਰਹੇ ਆਂ ਇਸ ਨਾਲ ਇਥੇ ਸਿੱਖ-ਮੁਸਲਮ ਫਸਾਦ ਵੀ ਹੋ ਸਕਦੇ ਆ। ਮੈਂ ਤਾਂ ਇਹ ਕਹਿੰਨਾਂ ਕਿ ਗੱਲ ਨੂੰ ਹੋਰ ਸੋਚ ਸਮਝ ਕੇ ਵਧੀਆ ਢੰਗ ਨਾਲ ਹੈਂਡਲ ਕੀਤਾ ਜਾਵੇ। ਹਾਂ, ਜੇ ਸਾਡੇ ਮਿੱਤਰ ਪ੍ਰਤਾਪ ਖੈਹਰੇ ਦੀ ਕੋਈ ਪਰੌਬਲਮ ਐ ਤਾਂ ਹੈਲਪ ਕਰ ਦਿਓ। ਆਪਾਂ ਨੂੰ ਪਤਾ ਕਿ ਇਨ੍ਹਾਂ ਦੀ ਬਿਜ਼ਨਸ ਰਾਈਵਲਰੀ ਐ। ਆਪਾਂ ਕੋਈ ਅਜਿਹਾ ਕੰਮ ਨਾ ਕਰੀਏ ਕਿ ਕੱਲ ਨੂੰ ਆਪਾਂ ਨੂੰ ਪਛਤਾਉਣਾ ਪਵੇ। ਸ਼ੁਗਲ ਦੀ ਗੱਲ ਇਹ ਵੀ ਐ ਕਿ ਪ੍ਰਤਾਪ ਖੈਹਰੇ ਦੀ ਸ਼ਰਾਬ ਪੀ ਕੇ ਤੇ ਚਿਕਨ ਖਾ ਕੇ ਏਦੂੰ ਵੱਧ ਮੈਂ ਕਹਿ ਵੀ ਨਹੀਂ ਸਕਦਾ।''

ਸਾਰੇ ਹੱਸਣ ਲੱਗਦੇ ਹਨ। ਸੰਧੂ ਬੈਠ ਜਾਂਦਾ ਹੈ। ਕਾਰਾ ਪਰਦੁੱਮਣ ਦੇ ਕੰਨ ਵਿਚ ਬੋਲਦਾ ਹੈ,

''ਸ਼ਰਾਬੀ ਵਕੀਲ ਤਾਂ ਛਾ ਗਿਆ, ਏਹਦੀ ਗੱਲ ਵਿਚ ਸੱਚ ਐ, ਖੈਹਰੇ ਨੇ ਤਾਂ ਸਨੂਕਰ ਕਲੱਬ ਦੇ ਬਹਾਨੇ ਏਦਾਂ ਦੇ ਮੁੰਡਿਆਂ ਦਾ ਗੈਂਗ ਬਣਾਇਆ ਹੋਇਐ। ਓਧਰ ਚੌਧਰੀ ਵੀ ਮੁਸਲਮਾਨ ਮੁੰਡਿਆਂ ਨੂੰ ਹਵਾ ਦੇ ਕੇ ਰੱਖਦੈ, ਪੈਸੇ ਵੀ ਖਰਚਦੈ ਉਨ੍ਹਾਂ 'ਤੇ।''

''ਮੈਂ ਤਾਂ ਸੁਣਦਾਂ ਕਿ ਦੋਨੋ ਦੇ ਈ ਹੋਰ ਧੰਦੇ ਵੀ ਹੈਗੇ ਆ।''

ਕਹਿੰਦਾ ਹੋਇਆ ਪਰਦੁੱਮਣ ਘੜੀ ਦੇਖਦਾ ਹੈ। ਫਿਰ ਆਖਦਾ ਹੈ,

''ਕਾਰਿਆ, ਮੈਂ ਛੇਤੀ ਚਲੇ ਜਾਣਾ, ਸਵੇਰੇ ਜਲਦੀ ਉਠਣਾ ਹੁੰਦੈ ਤੇ ਜਾਂਦੇ ਹੋਏ ਸ਼ਾਇਦ ਚੌਧਰੀ ਸਮੋਸਿਆਂ ਦਾ ਆਰਡਰ ਈ ਦੇ ਦੇਵੇ।''

## ਉਣੱਤੀ

ਚੌਧਰੀ ਮੁਸ਼ਤਾਕ ਅਲੀ ਪਰਦੁੱਮਣ ਸਿੰਘ ਨੂੰ ਪੰਜ ਸੌ ਸਮੋਸੇ ਦਾ ਆਰਡਰ ਦੇ ਦਿੰਦਾ ਹੈ ਪਰ ਉਸ ਨੂੰ ਕੱਚੇ ਸਮੋਸੇ ਚਾਹੀਦੇ ਹਨ ਕਿ ਇਹਨਾਂ ਨੂੰ ਆਪ ਤਲ਼ੇਗਾ। ਚੌਧਰੀ ਕਹਿੰਦਾ ਹੈ,

''ਸਰਦਾਰ ਜੀ, ਤੁਸੀਂ ਇੰਨੇ ਬਣਾ ਕੇ ਦਿਓ, ਜੇ ਚਲਸਣ ਤਾਂ ਖਤਮ ਹੁੰਦਿਆਂ ਈ ਅਗਲਾ ਆਰਡਰ ਦੇ ਸਾਂ, ਮੇਰੇ ਪਾਸ ਟਾਈਮ ਈ ਨਹੀਂ ਜੇ ਸਮੋਸੇ ਬਣਾਉਣ ਜੋਗਾ, ਫਿਰ ਇਹ ਵਿਕਦੇ ਵੀ ਕਿੰਨੇ ਕੁ ਹੋਸਣ! ਏਨਾ ਹੋਰ ਸਮਾਨ ਜੇ ਖਾਣ ਵਾਲਾ, ਸਮੋਸਿਆਂ ਦਾ ਕਰੇਜ਼ ਗੋਰਿਆਂ ਨੂੰ ਹੋਸੀ, ਜਦੋਂ ਕੋਈ ਪੁੱਛੇ ਤਾਂ ਅਸੀਂ ਫਰੀਜ਼ਰ 'ਚੋਂ ਕੱਢ ਕੇ ਤਲ਼ ਦਿੰਨੇ ਆਂ, ਮੈਂ ਦੇਖਿਆ ਕਿ ਤੁਹਾਡੇ ਸਮੋਸੇ ਦਾ ਸਾਈਜ਼ ਕੁਝ ਵੱਡਾ ਐ ਸਾਨੂੰ ਜ਼ਰਾ ਛੋਟੇ ਲੋੜੀਂਦੇ ਹੋਸਣ।''

ਨਮੂਨੇ ਦੇ ਤੌਰ ਤੇ ਚੌਧਰੀ ਇਕ ਸਮੋਸਾ ਪਰਦੁੱਮਣ ਸਿੰਘ ਨੂੰ ਦਿੰਦਾ ਹੈ। ਉਹ ਸਮੋਸੇ ਨੂੰ ਤੋਲ ਕੇ ਦੇਖਦਾ ਹੈ। ਸਮੋਸੇ ਦਾ ਭਾਰ ਨੱਬੇ ਗਰਾਮ ਹੈ। ਉਹ ਸਮਝ ਜਾਂਦਾ ਹੈ ਕਿ ਚੋਧਰੀ ਨੂੰ ਕੀ ਚਾਹੀਦਾ ਹੈ। ਚੌਧਰੀ ਦੇ ਇਸ ਆਰਡਰ ਨਾਲ ਉਸ ਲਈ ਇਕ ਨਵਾਂ ਰਾਹ ਖੁਲ੍ਹ ਜਾਂਦਾ ਹੈ। ਉਹ ਅਗਲੇ ਦਿਨ ਇਕ ਵੱਡਾ ਫਰੀਜ਼ਰ ਖਰੀਦ ਲੈਂਦਾ ਹੈ ਤੇ ਸਾਰੇ ਸਟਾਫ ਤੋਂ ਦੋ ਘੰਟੇ ਵਧ ਲੁਆ ਕੇ ਫਰੀਜ਼ਰ ਕੱਚੇ ਸਮੋਸਿਆਂ ਨਾਲ ਭਰ ਲੈਂਦਾ ਹੈ। ਉਸੇ ਸ਼ਾਮ ਚੌਧਰੀ ਦਾ ਆਰਡਰ ਵੀ ਪਹੁੰਚਦਾ ਕਰ ਦਿੰਦਾ ਹੈ। ਉਹ ਵਿਉਂਤ ਬਣਾਉਣ ਲਗਦਾ ਹੈ ਕਿ ਕੱਚੇ ਸਮੋਸਿਆਂ ਦਾ ਇਕ ਅਲੱਗ ਰਾਊਂਡ ਖੜਾ ਕਰੇਗਾ। ਉਸ ਦਾ ਇਹ ਮਾਲ ਫਿਸ਼ ਐਂਡ ਚਿਪਸ ਦੀਆਂ ਦੁਕਾਨਾਂ ਜਾਂ ਕੈਫੀਆਂ ਤੇ ਖਪਤ ਹੋ ਸਕੇਗਾ। ਹੁਣ ਉਸ ਨੂੰ ਇਕ ਹੋਰ ਡਰਾਈਵਰ ਦੀ ਲੋੜ ਹੋਵੇਗੀ। ਵੈਸੇ ਵੀ ਹੁਣ ਉਹ ਥੋੜਾ ਧਿਆਨ ਨਾਲ ਚਲਣਾ ਚਾਹੁੰਦਾ ਹੈ। ਬਲਬੀਰ ਨੇ ਆਪਣਾ ਰਾਉਂਡ ਬਣਾ ਲਿਆ ਹੈ। ਉਸ ਦੇ ਮਗਰ ਹੀ ਗੁਰਮੀਤ ਵੀ ਪੱਕਾ ਹੋ ਕੇ ਆਪਣਾ ਕੰਮ ਖੜਾ ਕਰਨ ਦੀ ਕੋਸ਼ਿਸ਼ ਕਰੇਗਾ। ਫਿਰ ਇਕਦਮ ਡਰਾਈਵਰ ਲੱਭਣਾ ਮੁਸ਼ਕਲ ਪੈ ਸਕਦਾ ਹੈ। ਕਿਉਂ ਨਾ ਕਿਸੇ ਡਰਾਈਵਰ ਨੂੰ ਹੁਣੇ ਹੀ ਲੱਭ ਲਵੇ ਤੇ ਕੰਮ 'ਤੇ ਰੱਖ ਲਵੇ। ਹਾਲ ਦੀ ਘੜੀ ਅੰਦਰ ਕੰਮ ਕਰਦਾ ਰਹੇ। ਕਦੇ ਕਦੇ ਰਾਊਂਡ 'ਤੇ ਵੀ ਜਾਂਦਾ ਹੋਵੇ ਤੇ ਲੋੜ ਪੈਣ 'ਤੇ ਕੰਮ ਕਰ ਸਕੇ ਪੂਰੇ ਡਰਾਈਵਰ ਦਾ।

ਇਕ ਦਿਨ ਇਕ ਔਰਤ ਕੰਮ ਪੁੱਛਣ ਆਉਂਦੀ ਹੈ। ਜਿਵੇਂ ਕਿ ਕਈ ਵਾਰ ਲੋਕ ਕੰਮ ਦੀ ਭਾਲ ਵਿਚ ਨਿਕਲਦੇ ਹਨ ਤੇ ਫੈਕਟਰੀ ਤੋਂ ਫੈਕਟਰੀ ਕੰਮ ਪੁੱਛਦੇ ਜਾਂਦੇ ਹਨ। ਹੁਣ ਤੱਕ ਪਰਦੁੱਮਣ ਦੀ ਇਸ ਫੈਕਟਰੀ ਦੀ ਆਲੇ ਦੁਆਲੇ ਕਾਫੀ ਚਰਚਾ ਹੈ। ਜੇ ਕੋਈ ਕੰਮ ਛੱਡਦਾ ਹੈ ਤਾਂ ਉਸ ਦੀ ਜਗ੍ਹਾ ਭਰਨ ਨੂੰ ਵਕਤ ਨਹੀਂ ਲੱਗਦਾ। ਕੰਮ ਪੁੱਛਣ ਆਈ ਔਰਤ ਪਾਕਿਸਤਾਨਣ ਹੈ। ਪਰਦੁੱਮਣ ਸਿੰਘ ਅਜਿਹੀ ਪਛਾਣ ਦਾ ਮਾਹਿਰ ਹੈ। ਪਾਕਿਸਤਾਨਣ ਔਰਤਾਂ ਦੇ ਪਹਿਰਾਵੇ

ਵਿਚ ਵੀ ਕੁਝ ਕੁ ਫਰਕ ਹੈ। ਚੁੰਨੀਆਂ ਭਾਰੀਆਂ ਹੁੰਦੀਆਂ ਹਨ ਤੇ ਸਲਵਾਰ ਦੇ ਵਲ਼ ਵੀ ਬਹੁਤੇ ਜਿਵੇਂ ਕਿ ਪਟਿਆਲਾਸ਼ਾਹੀ ਸੂਟਾਂ ਦੇ ਹੋਇਆ ਕਰਦੇ ਹਨ। ਇਕ ਹੋਰ ਖਾਸ ਫਰਕ ਹੁੰਦਾ ਹੈ ਕਿ ਉਨ੍ਹਾਂ ਦੀ ਸਲਵਾਰ ਗਿੱਟਿਆਂ ਤੋਂ ਉਚੀ ਹੁੰਦੀ ਹੈ। ਉਨ੍ਹਾਂ ਦੀ ਮੇਕਅੱਪ ਵੀ ਕੁਝ ਭਾਰੀ ਹੁੰਦੀ ਹੈ ਤੇ ਤੱਕਣੀ ਵਿਚ ਅਜੀਬ ਕਿਸਮ ਦੀ ਝਿਜਕ ਹੁੰਦੀ ਹੈ। ਮਰਦ ਵੱਲ ਦੇਖਦੀਆਂ ਹਨ ਤਾਂ ਦੇਖਦੀਆਂ ਹੀ ਰਹਿੰਦੀਆਂ ਹਨ। ਉਹ ਔਰਤ ਫੈਕਟਰੀ ਅੰਦਰ ਵੜਦੀ ਹੀ ਮੈਨੇਜਰ ਬਾਰੇ ਪੁੱਛਦੀ ਹੈ। ਕੋਈ ਗਿਆਨ ਕੌਰ ਵੱਲ ਨੂੰ ਇਸ਼ਾਰਾ ਕਰ ਦਿੰਦਾ ਹੈ। ਉਹ ਗਿਆਨੋ ਕੋਲ ਜਾ ਕੇ ਪੁੱਛਣ ਲੱਗਦੀ ਹੈ,

''ਜੀ, ਤੁਹਾਨੂੰ ਕੰਮ ਲਈ ਕਿਸੇ ਦੀ ਜ਼ਰੂਰਤ ਹੋਸੀ ?''

ਗਿਆਨ ਕੌਰ ਪਰ੍ਹਾਂ ਖੜੇ ਪਰਦੁੱਮਣ ਸਿੰਘ ਵੱਲ ਦੇਖਦੀ ਹੈ। ਉਸ ਦੀ ਤਾਂ ਪਹਿਲਾਂ ਹੀ ਨਿਗ੍ਹਾ ਉਸ ਔਰਤ ਵਿਚ ਹੈ। ਉਹ ਕੋਲ ਆਉਂਦਾ ਪੁੱਛਦਾ ਹੈ,

''ਦੱਸੋ, ਕੀ ਖਿਦਮਤ ਕਰ ਸਕਦਾਂ ?''

''ਜੀ ਕੰਮ ਹੋਸੀ ?''

''ਕੀ ਨਾਂ ਐ ਤੁਹਾਡਾ ?''

''ਜੀ ਫਰੀਦਾ।''

''ਫਰੀਦਾ ਜੀ, ਸਾਨੂੰ ਡਰਾਈਵਰ ਦੀ ਜ਼ਰੂਰਤ ਐ, ਫੈਕਟਰੀ ਵਿਚ ਤਾਂ ਹਾਲੇ ਸਾਡੇ ਕੰਮ ਚੱਲ ਰਿਹੈ, ਦੋ ਕੁ ਵੀਕ ਤੱਕ ਪਤਾ ਕਰ ਲਿਓ।''

ਕਹਿ ਕੇ ਉਹ ਗਿਆਨ ਕੌਰ ਵੱਲ ਦੇਖਦਾ ਹੈ ਜਿਵੇਂ ਪੁੱਛ ਰਿਹਾ ਹੋਵੇ ਕਿ ਠੀਕ ਕਿਹਾ ਨਾ। ਫਿਰ ਉਹ ਫਰੀਦਾ ਵੱਲ ਦੇਖਦਾ ਹੈ ਜਿਵੇਂ ਕਹਿ ਰਿਹਾ ਹੋਵੇ ਕਿ ਮੇਰੇ ਬੋਲਾਂ 'ਤੇ ਯਕੀਨ ਨਾ ਕਰੀਂ। ਫਰੀਦਾ ਦਾ ਭਰਵਾਂ ਜਿਸਮ ਤੇ ਬਹੁਤ ਕੁਝ ਕਹਿੰਦੇ ਨੈਣ ਉਸ ਦੇ ਅੰਦਰ ਧੂ ਪਾ ਰਹੇ ਹਨ। ਉਹ ਗਿਆਨ ਕੌਰ ਨੂੰ ਪੁੱਛਦਾ ਹੈ,

''ਦੇਖ ਲੈ, ਜੇ ਲੋੜ ਐ ਜਾਂ ਐਡਜਸਟ ਕਰ ਸਕਦੀ ਐ ਤਾਂ।''

''ਹਾਲੇ ਤਾਂ ਆਪਾਂ ਨੂੰ ਲੋੜ ਨਹੀਂ।''

''ਤੂੰ ਕਹਿੰਦੀ ਸੀ ਕਿ ਗਿੱਲਣੀ ਕੰਮ ਛੱਡ ਰਹੀ ਐ।''

''ਉਹਨੇ ਵਾਪਸ ਇੰਡੀਆ ਜਾਣੈ ਪਰ ਪਤਾ ਨਹੀਂ ਕਦੋਂ।''

ਪਤਨੀ ਦੀ ਗੱਲ ਵੱਲ ਧਿਆਨ ਦਿੱਤੇ ਬਿਨਾਂ ਪਰਦੁੱਮਣ ਫਰੀਦਾ ਨੂੰ ਪੁੱਛਣ ਲੱਗਦਾ ਹੈ,

''ਕੀ ਕੀ ਬਣਾ ਲੈਂਦੇ ਓ ?''

''ਮੈਂ ਰਸੋਈ ਦੀ ਬਹੁਤ ਮਾਹਰ ਆਂ ਜੀ।''

''ਤੰਦੂਰੀ ਚਿਕਨ ਬਣਾ ਲੈਂਦੇ ਓ ?''

''ਜੇ ਖਾਣ ਵਾਲਾ ਆਪਣੀਆਂ ਉਂਗਲੀਆਂ ਵੀ ਨਾ ਖਾ ਜਾਵੇ ਤਾਂ ਮੈਨੂੰ ਫਰੀਦਾ ਨਾ ਜੇ ਕਹਿਣਾ।''

''ਇਹ ਤਾਂ ਕਦੇ ਖਾਵਾਂਗੇ ਤਾਂ ਦੱਸਾਂਗੇ।''

ਫਿਰ ਉਹ ਹੌਲੇ ਜਿਹੇ ਗਿਆਨ ਕੌਰ ਨੂੰ ਆਖਦਾ ਹੈ,

''ਕਈ ਦੁਕਾਨਾਂ ਵਾਲੇ ਤੰਦੂਰੀ ਚਿਕਨ ਦੀ ਮੰਗ ਕਰਦੇ ਆ ਤੇ ਕਬਾਬਾਂ ਦੀ ਵੀ।''

ਅਸਲ ਵਿਚ ਤਾਂ ਉਹ ਕਬਾਬ ਸ਼ੁਰੂ ਕਰਨ ਬਾਰੇ ਕਈ ਵਾਰ ਸਲਾਹਾਂ ਕਰ ਚੁੱਕੇ ਹਨ ਪਰ ਬਣਾਉਣ ਵਾਲਾ ਨਹੀਂ ਮਿਲ ਰਿਹਾ। ਮਾੜੀ ਚੀਜ਼ ਬਣਾ ਕੇ ਉਹ ਆਪਣਾ ਬਣਿਆ ਬਣਾਇਆ ਨਾਂ ਖਰਾਬ ਨਹੀਂ ਕਰਨਾ ਚਾਹੁੰਦਾ। ਉਸ ਨੂੰ ਪਤਾ ਕਿ ਮੁਸਲਮਾਨ ਮੀਟ ਬਣਾਉਣ ਵਿਚ ਬਹੁਤ ਗੁਣੀ ਹੁੰਦੇ ਹਨ। ਪਰਦੁੱਮਣ ਸਿੰਘ ਗਿਆਨ ਕੌਰ ਦਾ ਜਵਾਬ ਉਡੀਕੇ ਬਿਨਾਂ ਹੀ ਕਹਿਣ ਲੱਗਦਾ ਹੈ,

''ਫਰੀਦਾ ਜੀ, ਤੁਸੀਂ ਟੈਂਪਰੇਰੀ ਆ ਜਾਓ, ਪਾਰਟ ਟਾਈਮ, ਅਸੀਂ ਦੇਖਾਂਗੇ ਕਿ ਤੁਸੀਂ ਕਿਹੋ ਜਿਹਾ ਚਿਕਨ ਬਣਾਉਂਦੇ ਓ ਤੇ ਕਬਾਬ ਵੀ।''

''ਸਰਦਾਰ ਜੀ, ਇਕ ਮੌਕਾ ਦੇ ਕੇ ਦੇਖੋ।''

''ਕੱਲ ਸਵੇਰੇ ਆ ਜਾਓ।''

''ਕੀ ਰੇਟ ਹੋਸੀ ਜੀ, ਘੰਟੇ ਦਾ ?''

ਪਰਦੁੱਮਣ ਸਿੰਘ ਗਿਆਨ ਕੌਰ ਵੱਲ ਦੇਖਣ ਲੱਗਦਾ ਹੈ ਕਿਉਂਕਿ ਫਰੀਦਾ ਦੇ ਇਸ ਸਵਾਲ ਦਾ ਜਵਾਬ ਉਸ ਕੋਲੋਂ ਦੇ ਨਹੀਂ ਹੋਣਾ। ਗਿਆਨ ਕੌਰ ਬੋਲਦੀ ਹੈ,

''ਅਸੀਂ ਦੋ ਪੌਂਡ ਘੰਟੇ ਦੇ ਦਿੰਦੇ ਆਂ।''

''ਸਿਰਫ ਦੋ।''

''ਲੋਕ ਤਾਂ ਡੇਢ ਜਾਂ ਇਕ ਪਝੱਤਰ ਈ ਦਿੰਦੇ ਆ।''

''ਨਹੀਂ ਜੀ ਦੋ ਬਹੁਤ ਥੋੜ੍ਹੇ ਆ।''

''ਦੇਖ ਲਓ ਤੁਹਾਡੀ ਮਰਜ਼ੀ ਐ, ਸਾਨੂੰ ਤਾਂ ਕੰਮ ਦੀ ਲੋੜ ਵੀ ਨਹੀਂ, ਇਹ ਤਾਂ ਐਵੇਂ ਈ ਤੰਦੂਰੀ ਚਿਕਨ ਦੀ ਗੱਲ ਚੁੱਕੀ ਜਾਂਦੇ ਆ, ਪਤਾ ਨਹੀਂ ਵਿਕੇਗਾ ਵੀ ਕਿ ਨਹੀਂ।''

ਗਿਆਨ ਕੌਰ ਗੱਲ ਮੁਕਾਉਣ ਵਾਂਗ ਕਹਿੰਦੀ ਹੈ।

ਫਰੀਦਾ ਕੁਝ ਮਿੰਟ ਲਈ ਸੋਚਦੀ ਆਖਦੀ ਹੈ,

“ਬਹੁਤ ਘੱਟ ਹੋਸੀ ਦੋ ਪੌਂਡ ਘੰਟੇ ਦੇ ਪਰ ਮੈਨੂੰ ਕੰਮ ਦੀ ਲੋੜ ਜੇ, ਕੱਲ ਸੁਭਾਹ ਆ ਜਾਸਾਂ, ਕਿੰਨੇ ਵਜੇ ?”
“ਛੇ ਵਜੇ ਸ਼ੁਰੂ ਕਰਦੇ ਆਂ ਪਰ ਤੁਸੀਂ ਅੱਠ ਵਜੇ ਆ ਜਾਇਓ ਭਾਵੇਂ।”
ਪਰਦੁੱਮਣ ਸਿੰਘ ਕਹਿੰਦਾ ਹੈ। ਫਰੀਦਾ ਆਖਦੀ ਹੈ,
“ਸਰਦਾਰ ਜੀ, ਮੈਂ ਤਾਂ ਛੇ ਵਜੇ ਈ ਆ ਜਾਸਾਂ, ਉਠਣ ਦੀ ਪਰੌਬਲਮ ਨਾ ਹੋਸੀ।”
ਗੱਲ ਕਰਦੀ ਉਹ ਪਰਦੁੱਮਣ ਸਿੰਘ ਦੀ ਪੱਗ ਵੱਲ ਦੇਖਦੀ ਹੈ।
ਅਗਲੇ ਦਿਨ ਛੇ ਵਜੇ ਉਹ ਫੈਕਟਰੀ ਪਹੁੰਚ ਜਾਂਦੀ ਹੈ। ਕੁਝ ਮਸਾਲੇ ਉਹ ਆਪਣੇ ਨਾਲ ਲਿਆਈ ਹੈ। ਮਸਾਲਿਆਂ ਵਾਲਾ ਬੈਗ ਗਿਆਨ ਕੌਰ ਨੂੰ ਦਿਖਾਉਂਦੀ ਆਖਦੀ ਹੈ,
“ਬਾਜੀ, ਏਹ ਕੁਝ ਸ਼ੈਵਾਂ ਨੇ ਜੋ ਅਸੀਂ ਕਬਾਬ ਬਣਾਉਣ ਵਿਚ ਵਰਤ ਸਾਂ।”
“ਜਿੱਦਾਂ ਮਰਜ਼ੀ ਕਰ ਲੈ ਪਰ ਪਹਿਲਾਂ ਬਣਾ ਕੇ ਦਖਾ ਕੁਸ਼ ਨਾ ਕੁਸ਼, ਹਾਲੇ ਅਸੀਂ ਸਪਲਾਈ ਨਹੀਂ ਕਰਨੇ।”
“ਸਪਲਾਈ ਕਰ ਸੋ ਤਾਂ ਧੜਾ ਧੜ ਵਿਕ ਸੀ।”
“ਨਹੀਂ, ਸਪਲਾਈ ਲਈ ਜਿਹੜਾ ਮਾਲ ਮਾਰਕੀਟ ਵਿਚ ਜਾਣਾ ਉਹਦੇ ਸਵਾਦ ਦਾ ਸਾਨੂੰ ਧਿਆਨ ਰੱਖਣਾ ਪੈਂਦਾ।”
“ਇਹ ਤਾਂ ਬਾਜੀ ਠੀਕ ਏ, ਤੁਸੀਂ ਇਕ ਵੇਰ ਮੇਰਾ ਕੰਮ ਦੇਖੋ ਫੇਰ ਫੈਸਲਾ ਕਰਸੀ।”
ਗਿਆਨ ਕੌਰ ਫਰੀਦਾ ਨੂੰ ਫਰਿੱਜ ਵਿਚੋਂ ਚਿਕਨ ਕੱਢ ਕੇ ਦੇ ਦਿੰਦੀ ਹੈ। ਫਰੀਦਾ ਜ਼ਰਾ ਕੁ ਝੁਕ ਕੇ ਮਸਾਲੇ ਰਲ਼ਾ ਕੇ ਚਿਕਨ ਵਿਚ ਪਾਉਂਦੀ ਹੈ। ਵੱਡੇ ਸਾਰੇ ਪਤੀਲੇ ਉਪਰ ਝੁਕੀ ਫਰੀਦਾ ਦੀ ਨਜ਼ਰ ਸਾਹਮਣੇ ਖੜੇ ਪਰਦੁੱਮਣ ਸਿੰਘ 'ਤੇ ਪੈਂਦੀ ਹੈ ਜੋ ਉਸ ਦੀ ਕਮੀਜ਼ ਦੇ ਗਲਮੇ ਵਿਚ ਦੇਖ ਰਿਹਾ ਹੈ। ਉਹ ਇਕਦਮ ਖੜੀ ਹੋ ਜਾਂਦੀ ਹੈ। ਕੁਝ ਕੁ ਸ਼ਰਮਾਉਂਦੀ ਹੋਈ ਕਹਿੰਦੀ ਹੈ,
“ਤਿਆਰ ਹੋਵਣ ਦਿਓ ਸਰਦਾਰ ਜੀ, ਫੇਰ ਦੇਖਣਾ।”
ਪਰਦੁੱਮਣ ਸਿੰਘ ਝਿਪ ਜਾਂਦਾ ਹੈ ਤੇ ਉਪਰ ਦਫਤਰ ਵਿਚ ਚਲੇ ਜਾਂਦਾ ਹੈ। ਉਹ ਫਰੀਦਾ ਬਾਰੇ ਸੋਚਦਾ ਸੁਫਨੇ ਬੁਣਨ ਲਗਦਾ ਹੈ। ਕੁਝ ਦੇਰ ਬਾਅਦ ਫਰੀਦਾ ਉਪਰ ਆਉਂਦੀ ਹੈ। ਉਸ ਦੇ ਹੱਥ ਵਿਚ ਪਲੇਟ ਵਿਚ ਪਾਇਆ ਚਿਕਨ ਹੈ। ਲਾਲ ਰੰਗ ਦੀ ਚਿਕਨ ਲੈਗ ਮਹਿਕਾਂ ਛੱਡ ਰਹੀ ਹੈ। ਉਹ ਕਹਿੰਦੀ ਹੈ,
“ਧਿਆਨ ਰੱਖਣਾ ਜੇ, ਉਂਗਲਾਂ ਬਚਾਵਣੀਆਂ।”
ਕਹਿੰਦੀ, ਹੱਸਦੀ ਹੋਈ ਉਹ ਚਲੇ ਜਾਂਦੀ ਹੈ।
ਹਾਲੇ ਉਸ ਦਾ ਖਾਣ ਦਾ ਮੂਡ ਨਹੀਂ ਹੈ। ਵਕਤ ਵੀ ਨਹੀਂ ਹੋਇਆ ਪਰ ਚਿਕਨ ਦੀ ਖੁਸ਼ਬੋ ਨਾਲ ਉਸ ਨੂੰ ਭੁੱਖ ਲੱਗ ਆਉਂਦੀ ਹੈ। ਉਹ ਖਾਂਦਾ ਹੈ। ਸਵਾਦ ਹੈ। ਉਹ ਹੇਠਾਂ ਆ ਕੇ ਗਿਆਨ ਕੌਰ ਨੂੰ ਇਕ ਪਾਸੇ ਕਰਕੇ ਕਹਿੰਦਾ ਹੈ,
“ਬਹੁਤ ਵਧੀਆ ਬਣਾਇਆ ਚਿਕਨ, ਮਿਰਚ ਥੋੜੀ ਤੇਜ਼ ਐ, ਸਾਡੇ ਲਈ ਤਾਂ ਠੀਕ ਪਰ ਗੋਰਿਆਂ ਲਈ ਤੇਜ਼ ਐ, ਓਦਾਂ ਚਿਕਨ ਦਾ ਰੰਗ ਢੰਗ ਵਧੀਆ ਰੈਸਟੋਰੈਂਟ ਵਾਲਾ ਈ ਐ, ਸੋਚ ਲੈ ਤੇ ਜੇ ਦਿਲ ਕਰਦਾ ਤਾਂ ਕੰਮ ਤੇ 'ਤੇ ਰੱਖ ਲੈ, ਚਿਕਨ ਸਪਲਾਈ ਕਰਨ ਵਾਸਤੇ ਤਾਂ ਅਜੇ ਸੋਚਦੇ ਆਂ, ਹਾਲੇ ਬੇਸ਼ੱਕ ਹੋਰ ਕੰਮ 'ਤੇ ਲਾ ਲੈ।”
ਗਿਆਨ ਕੌਰ ਕੁਝ ਨਹੀਂ ਬੋਲਦੀ। ਉਸ ਨੂੰ ਫਰੀਦਾ ਬੋਝ ਜਿਹਾ ਜਾਪ ਰਹੀ ਹੈ। ਉਸ ਦੀ ਫੈਕਟਰੀ ਵਿਚ ਕੋਈ ਲੋੜ ਨਹੀਂ ਹੈ। ਪਰਦੁੱਮਣ ਸਿੰਘ ਮੁੜ ਦਫਤਰ ਵਿਚ ਚਲੇ ਜਾਂਦਾ ਹੈ। ਦੁਪਹਿਰ ਨੂੰ ਫਰੀਦਾ ਕਬਾਬ ਬਣਾ ਲਿਆਉਂਦੀ ਹੈ। ਨਾਲ ਦਹੀਂ ਦੀ ਚਟਣੀ ਹੈ। ਪਰਦੁੱਮਣ ਸਿੰਘ ਖਾਂਦਾ ਹੈ। ਉਹ ਪੁੱਛਦੀ ਹੈ,
“ਕਿਹੋ ਜਿਹਾ ਟੇਸਟ ਐ ?”
“ਬਹੁਤ ਵਧੀਆ। ਤੇਰਾ ਮੀਆਂ ਤਾਂ ਖਾ ਖਾ ਕੇ ਕੁੱਪਾ ਬਣ ਗਿਐ ਹੋਣਾ।”
“ਨਾ ਸਰਦਾਰ ਜੀ, ਉਹ ਤਾਂ ਸੁੱਕਾ ਪਿਆ ਜੇ।”
“ਕਿਉਂ ਖਾਂਦਾ ਨਹੀਂ ਇਹ ਸਭ ਜੋ ਤੂੰ ਬਣੌਂਦੀ ਐਂ ?”
“ਮੈਂ ਤਾਂ ਬਹੁਤ ਕੁਝ ਬਣਾ ਸਾਂ, ਮੇਰਾ ਮੀਆਂ ਵੀ ਬਣਾਉਣ ਵਿਚ ਪੂਰਾ ਮਾਹਰ ਹੋਸੀ, ਉਹ ਖੂਬ ਖਾਂਦਾ ਜੇ, ਪਰ ਸੁਕੜਾ ਹੋਸੀ, ਉਮਰ ਜਿਉਂ ਬਹੁਤ ਹੋਸੀ।”
“ਤੇਰੇ ਤੋਂ ਵੱਡਾ ਐ ?”
“ਜੀ, ਸਰਦਾਰ ਜੀ, ਪੂਰੇ ਵੀਹ ਸਾਲ, ਤੀਜੀ ਬੇਗਮ ਹੋਸਾਂ ਉਹਦੀ।”
ਕਹਿੰਦੀ ਫਰੀਦਾ ਅੱਖਾਂ ਭਰ ਲੈਂਦੀ ਹੈ। ਪਰਦੁੱਮਣ ਸਿੰਘ ਬੋਲਦਾ ਹੈ,
“ਫਰੀਦਾ, ਤੇਰੇ ਜਿਹੀ ਸੁਹਣੀ ਔਰਤ ਨਾਲ ਤਾਂ ਇਹ ਬਹੁਤ ਜ਼ਿਆਦਤੀ ਐ, ਇਹ ਤਾਂ ਬਹੁਤ ਗਲਤ ਗੱਲ ਐ।”
“ਮੇਰੇ ਨਸੀਬ! ਸਰਦਾਰ ਜੀ।”
“ਕੁਸ਼ ਵੀ ਕਹਿ ਲੈ, ਪਰ ਮੈਂ ਜੇ ਤੇਰੇ ਕਿਸੇ ਕੰਮ ਆ ਸਕਦਾ ਹੋਇਆ ਤਾਂ।”
“ਸ਼ੁਕਰੀਆ ਸਰਦਾਰ ਜੀ, ਹਾਲੇ ਤਾਂ ਮੈਨੂੰ ਕੰਮ ਈ ਲੋੜ ਸੀ।”
“ਕੰਮ ਤੇਰਾ ਪੱਕਾ।”
ਫਰੀਦਾ ਕੁਝ ਨਹੀਂ ਬੋਲਦੀ। ਅੱਖਾਂ ਰਾਹੀਂ ਹੀ ਉਸ ਦਾ ਧੰਨਵਾਦ ਕਰਦੀ ਹੈ। ਉਹ ਜਾਣ ਲੱਗਦੀ ਹੈ। ਪਰਦੁੱਮਣ ਸਿੰਘ ਕਹਿੰਦਾ ਹੈ,
“ਰੱਬ ਤੇਰਾ ਹੁਸਨ ਇਵੇਂ ਹੀ ਬਣਾਈ ਰੱਖੇ!”

ਤੀਹ

ਇਕ ਸ਼ਾਮ ਗਿਆਨ ਕੌਰ ਆਖਦੀ ਹੈ,
"ਜੀ, ਮੈਂ ਛੁੱਟੀ ਨਾ ਕਰ ਲਵਾਂ ਸਵੇਰੇ ?"
"ਕਿਉਂ ? ਸਿਹਤ ਠੀਕ ਨਹੀਂ ?"
"ਨਹੀਂ, ਸਿਹਤ ਤਾਂ ਠੀਕ ਐ, ਕੁੜੀਆਂ ਨੂੰ ਛੁੱਟੀਆਂ ਹੁਣ, ਮੈਂ ਕਿਹਾ ਇਨ੍ਹਾਂ ਵਿਚ ਵੀ ਬੈਠ ਕੇ ਦੇਖ ਲਵਾਂ। ਇਨ੍ਹਾਂ ਨੂੰ ਘਰ ਦੇ ਕੰਮਕਾਰ ਬਾਰੇ ਦੱਸਾਂ।"
"ਇਨ੍ਹਾਂ ਨੂੰ ਨਾਲ ਈ ਲੈ ਚੱਲ, ਫੈਕਟਰੀ ਵਿਚ ਹੀ ਜੋ ਦੱਸਣਾ ਉਥੇ ਦੱਸੀ ਚੱਲੀਂ।"
"ਇਹਨਾਂ ਨੂੰ ਫੈਕਟਰੀ ਈ ਲੈ ਚਲ, ਉਥੇ ਦੱਸੀ ਚੱਲੀਂ ਜੋ ਦੱਸਣਾ।"
"ਉਥੇ ਕਿਹੜਾ ਘਰ ਦਾ ਕੰਮ ਹੁੰਦੈ।"
"ਚੱਲ ਫਿਰ ਕਰਲੈ ਛੁੱਟੀ, ਅਜ ਮੈਂ ਵੀ ਕਿਤੇ ਨਹੀਂ ਜਾਣਾ।"

ਪਰਦੁੱਮਣ ਸਿੰਘ ਆਖਦਾ ਹੈ। ਵੈਸੇ ਉਹ ਨਹੀਂ ਚਾਹੁੰਦਾ ਕਿ ਕੁੜੀਆਂ ਫੈਕਟਰੀ ਜਾਣ ਕਿਉਂਕਿ ਜੇਕਰ ਕੁੜੀਆਂ ਹੋਣ ਤਾਂ ਉਸ ਨੂੰ ਆਪ ਵੀ ਗੰਭੀਰ ਰਹਿਣਾ ਪੈਂਦਾ ਹੈ ਨਹੀਂ ਤਾਂ ਉਹ ਪਰਦੇ ਜਿਹੇ ਨਾਲ ਕਿਸੇ ਨਾ ਕਿਸੇ ਔਰਤ ਨੂੰ ਟਿੱਚਰ ਕਰ ਲੈਂਦਾ ਹੈ। ਦੂਜੇ ਮੀਕਾ ਤੇ ਗੁਰਮੀਤ ਜਿਹੜੇ ਡਰੈਵਰ ਹਨ, ਫੈਕਟਰੀ ਹੁੰਦੇ ਹਨ ਤਾਂ ਕੁੜੀਆਂ ਵੱਲ ਅੱਖਾਂ ਪਾੜ ਪਾੜ ਕੇ ਦੇਖਦੇ ਰਹਿੰਦੇ ਹਨ। ਹੁਣ ਉਹ ਇਹ ਵੀ ਨਹੀਂ ਚਾਹੁੰਦਾ ਕਿ ਗਿਆਨ ਕੌਰ ਘਰ ਰਹੇ ਕਿਉਂਕਿ ਗਿਆਨ ਕੌਰ ਤੋਂ ਬਿਨਾਂ ਔਰਤਾਂ ਕੰਮ ਪੂਰਾ ਨਹੀਂ ਕਰਦੀਆਂ। ਉਸ ਤੋਂ ਕਾਮੀਆਂ ਨੂੰ ਬਹੁਤ ਸਖਤੀ ਨਾਲ ਨਹੀਂ ਕਿਹਾ ਜਾਂਦਾ। ਕੁਝ ਕੁ ਔਰਤਾਂ ਨਾਲ ਤਾਂ ਉਸ ਵੇਲੇ ਕੁਵੇਲੇ ਸਬੰਧ ਵੀ ਬਣਾ ਰੱਖੇ ਹਨ ਇਸ ਲਈ ਵੀ ਕੌੜਾ ਨਹੀਂ ਹੋਇਆ ਜਾਂਦਾ।

ਸਬੰਧ ਰੱਖਣ ਵਿਚ ਉਹ ਬਹੁਤ ਡੂੰਘਾ ਨਹੀਂ ਉਤਰਦਾ ਹੁਣ। ਕੁਲਜੀਤ ਉਸ ਨੂੰ ਬਲੈਕਮੇਲ ਕਰਨਾ ਚਾਹੁੰਦੀ ਸੀ। ਉਸ ਤੋਂ ਬਾਅਦ ਉਹ ਚੇਤੰਨ ਹੋ ਜਾਂਦਾ ਹੈ। ਹੁਣ ਉਹ ਸਬੰਧ ਸਿਰਫ ਵਿਆਹੀ ਔਰਤ ਨਾਲ ਹੀ ਜੋੜਦਾ ਹੈ। ਵਿਆਹੀ ਔਰਤ ਦੀ ਵੀ ਲੋੜ ਆਰਜ਼ੀ ਹੁੰਦੀ ਹੈ ਪਰਦੁੱਮਣ ਦੀ ਲੋੜ ਵਾਂਗ ਹੀ। ਹੁਣ ਫਰੀਦਾ ਉਸ ਨੂੰ ਬਹੁਤ ਢੁੱਕਵੀਂ ਔਰਤ ਜਾਪ ਰਹੀ ਹੈ। ਉਹ ਛਾਲ ਮਾਰ ਕੇ ਅੱਗੇ ਨਹੀਂ ਵੱਧਣਾ ਚਾਹੁੰਦਾ। ਹੌਲੀ ਹੌਲੀ ਵਕਤ ਲਗਾ ਕੇ ਫਰੀਦਾ ਨੇੜੇ ਜਾਣਾ ਚਾਹੁੰਦਾ ਹੈ। ਫਿਰ ਉਹ ਗਿਆਨ ਕੌਰ ਨੂੰ ਵੀ ਕਿਸੇ ਕਿਸਮ ਦੀ ਸ਼ੱਕ ਵਿਚ ਨਹੀਂ ਪੈਣ ਦੇਣਾ ਚਾਹੁੰਦਾ।

ਗਿਆਨ ਕੌਰ ਦਾ ਘਰ ਰਹਿ ਕੇ ਵੀ ਧਿਆਨ ਫੈਕਟਰੀ ਵਲ ਹੈ ਪਰ ਉਹ ਆਪਣੀਆਂ ਧੀਆਂ ਵਿਚ ਬੈਠ ਕੇ ਬਹੁਤ ਖੁਸ਼ ਹੈ। ਉਹਨਾਂ ਤੋਂ ਰੋਟੀ ਤੇ ਸਬਜ਼ੀ ਬਣਵਾਉਂਦੀ ਹੈ। ਦੁਪਿਹਰ ਨੂੰ ਪਰਦੁੱਮਣ ਸਿੰਘ ਵੀ ਰੋਟੀ ਖਾਣ ਘਰ ਹੀ ਆ ਜਾਂਦਾ ਹੈ। ਜਿਵੇਂ ਜਿਵੇਂ ਕੁੜੀਆਂ ਵੱਡੀਆਂ ਹੋ ਰਹੀਆਂ ਹਨ ਗਿਆਨ ਕੌਰ ਦਾ ਮਨ ਉਹਨਾਂ ਵਿਚ ਹੀ ਰਹਿਣ ਲਗਦਾ ਹੈ। ਉਹ ਘਰ ਹੋਣ ਤਾਂ ਫੋਨ ਕਰ ਕਰ ਕੇ ਉਨ੍ਹਾਂ ਦਾ ਹਾਲ ਚਾਲ ਪੁੱਛਦੀ ਰਹਿੰਦੀ ਹੈ। ਬਲਰਾਮ ਦਾ ਉਸ ਨੂੰ ਬਹੁਤ ਫਿਕਰ ਨਹੀਂ ਹੁੰਦਾ। ਰਾਜਵਿੰਦਰ ਬਾਰੇ ਸੋਚਣ ਲੱਗਦੀ ਹੈ ਪਰ ਜਦੋਂ ਦੀ ਇਹ ਗੱਲ ਤਹਿ ਹੋਈ ਹੈ ਕਿ ਉਸ ਦਾ ਵਿਆਹ ਕਰ ਦਿੱਤਾ ਜਾਵੇਗਾ ਤਾਂ ਉਸ ਨੂੰ ਕੁਝ ਕੁ ਤਸੱਲੀ ਹੈ ਤੇ ਮੁੰਡਾ ਵਿਆਹੁਣ ਦਾ ਚਾਅ ਜਿਹਾ ਵੀ ਹੈ। ਉਸ ਦੇ ਇੰਡੀਆ ਜਾਣ ਬਾਰੇ ਘਰ ਵਿਚ ਗੱਲਾਂ ਹੋਣ ਲਗੀਆਂ ਹਨ।

ਇਕ ਦਿਨ ਉਹ ਪਰਦੁੱਮਣ ਸਿੰਘ ਨੂੰ ਪੁੱਛਦੀ ਹੈ,
"ਫੇਰ ਕਿੰਨੀ ਕੁ ਦੇਰ ਲਈ ਇੰਡੀਆ ਜਾਵਾਂ ?"
"ਚਾਰ ਹਫਤੇ ਲਈ।"
"ਰਾਜਵਿੰਦਰ ਨੂੰ ਨਾਲ ਨਾ ਲੈ ਜਾਵਾਂ ?"
"ਲੈ ਜਾਵੀਂ, ਜੇ ਮੰਨਦਾ ਹੋਇਆ ਤਾਂ ਵਿਆਹ ਕਰ ਹੀ ਲਿਆਈਂ।"
"ਤੁਹਾਡੇ ਬਿਨਾਂ ਹੀ ?"
"ਬਾਕੀ ਸਾਰੇ ਓਥੇ ਈ ਆ, ਤੇਰੇ ਭਰਾ ਹੈਗੇ ਆ, ਦੇਖ ਲਈਂ ਜਿੱਦਾਂ ਤੈਨੂੰ ਚੰਗਾ ਲੱਗੇ।"
"ਫੇਰ ਮੇਰੇ ਬਿਨਾਂ ਏਥੇ ਕੰਮ ਕਿੱਦਾਂ ਚੱਲੂ ?"
"ਇਹਦਾ ਤਰੀਕਾ ਇਹ ਐ ਕਿ ਇਕ ਔਰਤ ਨੂੰ ਫੋਰਲੇਡੀ ਬਣਾ ਦੇ, ਸਾਰੀ ਜ਼ਿੰਮੇਵਾਰੀ ਉਹਨੂੰ ਦੇ ਦੇ, ਉਹਦੀਆਂ ਥੋੜ੍ਹੀਆਂ ਪੈਨੀਆਂ ਵਧਾ ਦੇ, ਦੇਖ ਆਪੇ ਕੰਮ ਕਰਾਊਗੀ। ਵੱਡੀਆਂ ਫੈਕਟਰੀਆਂ ਵਿਚ ਏਦਾਂ ਈ ਹੁੰਦਾ।"

ਉਸ ਰਾਤ ਰਾਜਵਿੰਦਰ ਘਰ ਆਉਂਦਾ ਹੈ ਤਾਂ ਗਿਆਨ ਕੌਰ ਬੈਠੀ ਉਸ ਨੂੰ ਉਡੀਕ ਰਹੀ ਹੈ। ਉਹ ਪੁੱਛਦਾ ਹੈ,
"ਕਿਉਂ ਮੌਮ, ਤੂੰ ਸੁੱਤੀ ਨਹੀਂ ਹਾਲੇ ?"
"ਜੇਹਦਾ ਪੁੱਤ ਏਦਾਂ ਤੁਰਿਆ ਫਿਰਦਾ ਹੋਵੇ ਮਾਂ ਕਿੱਦਾਂ ਸੌਂ ਜਾਊ।"
"ਮੌਮ, ਤੂੰ ਰੋਜ਼ ਸੌਨੀ ਐਂ, ਅੱਜ ਕੀ ਹੋਇਆ ?"
"ਮੈਨੂੰ ਤੇਰਾ ਫਿਕਰ ਐ।"
"ਆਏ ਡੌਂਟ ਥਿੰਕ ਸੋ, ਜੇ ਫਿਕਰ ਹੋਵੇ ਤਾਂ ਮੈਨੂੰ ਮਨੀ ਕਿਉਂ ਨਹੀਂ ਦਿੰਦੀ ?"
"ਮਨੀ ਤੂੰ ਜਿੰਨੀ ਮਰਜ਼ੀ ਲੈ ਲੈ ਪਰ ਫਜ਼ੂਲ ਖਰਚ ਲਈ ਨਹੀਂ।"
"ਖਰਚ ਤਾਂ ਖਰਚ ਹੁੰਦਾ ਮੌਮ, ਫਜ਼ੂਲ ਦਾ ਮੈਨੂੰ ਨਹੀਂ ਪਤਾ।"

"ਚੱਲ ਆਪਾਂ ਇੰਡੀਆ ਚੱਲੀਏ ਕ੍ਰਿਸਮਸ 'ਤੇ।"
"ਇੰਡੀਆ? ਨੋ, ਨੈਵਰ।"
"ਕਿਉਂ? ਆਪਣਾ ਮੁਲਕ ਐ।"
"ਨਹੀਂ, ਮੇਰਾ ਕੰਟਰੀ ਇਹ ਆ, ਆਏ'ਮ ਬ੍ਰਿਟਿਸ਼।"
"ਪਰ ਤੇਰੇ ਡੈਡੀ ਦਾ ਤੇ ਮੇਰਾ ਮੁਲਕ ਤਾਂ ਇੰਡੀਆ ਈ ਆ।"
"ਤਾਂ ਹੀ ਤਾਂ ਡੈਡੀ ਨੂੰ ਕਿੱਲ ਕਰਨਾ ਮੰਗਦੇ ਸੀ ਓਥੇ ਦੇ ਲੋਕ, ਮੈਂ ਨਹੀਂ ਜਾਂਦਾ ਇੰਡੀਆ।"
"ਪੁੱਤ ਉਹ ਟਾਈਮ ਲੰਘ ਗਿਆ ਹੁਣ ਉਥੇ ਸਭ ਠੀਕ ਆ।"
"ਨਹੀਂ ਮੈਂ ਨਹੀਂ ਜਾਣਾ, ਤੂੰ ਜਾਣਾ ਜਾਹ, ਡੈਡੀ ਜਾਵੇ, ਨੌਟ ਮੀ।"
"ਫੇਰ ਤੇਰਾ ਵਿਆਹ ਕਿੱਦਾਂ ਕਰਾਂਗੇ।"
"ਵੱਟ ਵਿਆਹ ?"
"ਤੂੰ ਵਿਆਹ ਨਹੀਂ ਕਰੌਣਾ ?"
"ਵਾਏ ?"
"ਤੇਰੀ ਉਮਰ ਹੋ ਗਈ, ਤੂੰ 'ਕੱਲਾ ਤੁਰਿਆ ਫਿਰਦਾਂ, ਤੇਰੀ ਵਾਈਫ ਹੋਊ ਤਾਂ ਤੇਰਾ ਫਿਕਰ ਕਰੂ ਤੂੰ ਉਹਦਾ ਫਿਕਰ ਕਰੇਂਗਾ।"
"ਲੁਕ ਮੌਮ, ਅੱਗੇ ਡੈਡ ਵੀ ਏਦਾਂ ਦੀਆਂ ਰੱਬਿਸ਼ ਗੱਲਾਂ ਕਰਦਾ ਸੀ, ਮੈਂ ਵਿਆਹ ਲਾਈਕ ਨਹੀਂ ਕਰਦਾ। ਮੇਰੇ 'ਤੇ ਪ੍ਰੈਸ਼ਰ ਨਹੀਂ ਪਾਉਣਾ ਹੋਊ, ਨਹੀਂ ਤਾਂ ਮੈਂ ਘਰੋਂ ਚਲੇ ਜਾਣਾ, ਕਿਸੇ ਫਰਿੰਡ ਨਾਲ ਰਹਿਣ ਲੱਗ ਪੈਣਾ।"

ਰਾਜਵਿੰਦਰ ਆਖਦਾ ਹੈ। ਗਿਆਨ ਕੌਰ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ ਕਿ ਮੁੰਡਾ ਕਿਤੇ ਸੱਚੀਂ ਹੀ ਘਰੋਂ ਨਾ ਚਲਾ ਜਾਵੇ ਤੇ ਕਿਤੇ ਬਾਹਰ ਰਹਿਣ ਲਗ ਪਵੇ। ਉਹ ਤਰੀਕੇ ਜਿਹੇ ਨਾਲ ਕਹਿੰਦੀ ਹੈ,
"ਨਾ ਬਾਬਾ, ਨਾ ਕਰਾ ਵਿਆਹ, ਮੈਂ ਤਾਂ ਤੇਰੇ ਫਾਇਦੇ ਲਈ ਹੀ ਕਹਿੰਦੀ ਸੀ।"

ਰਾਜਵਿੰਦਰ ਆਪਣੇ ਕਮਰੇ ਵਿਚ ਚਲੇ ਜਾਂਦਾ ਹੈ। ਗਿਆਨ ਕੌਰ ਵੀ ਥੱਕੀਆਂ ਲੱਤਾਂ ਨਾਲ ਪੌੜੀਆਂ ਚੜ੍ਹਦੀ ਆਪਣੇ ਕਮਰੇ ਵਿਚ ਜਾ ਪੈਂਦੀ ਹੈ। ਪਰਦੁੱਮਣ ਸਿੰਘ ਹਾਲੇ ਜਾਗਦਾ ਪਿਆ ਹੈ। ਗਿਆਨ ਕੌਰ ਕਹਿੰਦੀ ਹੈ,
"ਮੁੰਡਾ ਨਹੀਂ ਮੰਨਦਾ, ਕਹਿੰਦਾ ਘਰੋਂ ਚਲੇ ਜਾਣਾ।"
"ਜਾਣ ਦੇ ਜੇ ਜਾਂਦਾ ਤਾਂ।"
"ਲੋਕ ਕੀ ਕਹਿਣਗੇ ਕਿ ਇਨ੍ਹਾਂ ਨੇ ਮੁੰਡਾ ਘਰੋਂ ਕੱਢ ਦਿੱਤਾ।"
"ਮੁੰਡਾ ਈ ਐ ਕਿਹੜੀ ਕੁੜੀ ਐ।"

ਪਰਦੁੱਮਣ ਸਿੰਘ ਕਹਿੰਦਾ ਹੈ ਤੇ ਸੌਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਨੀਂਦ ਨਹੀਂ ਆਉਂਦੀ। ਬਹੁਤ ਦੇਰ ਤੱਕ ਪਾਸੇ ਮਾਰਦਾ ਰਹਿੰਦਾ ਹੈ। ਗਿਆਨ ਕੌਰ ਵੀ ਮਸਾਂ ਸੌਂ ਸਕਦੀ ਹੈ। ਸਵੇਰੇ ਉਠਦਿਆਂ ਹੀ ਪਰਦੁੱਮਣ ਸਿੰਘ ਪਤਨੀ ਨੂੰ ਕਹਿੰਦਾ ਹੈ,
"ਦੇਖ, ਏਹਦੇ ਬਾਰੇ ਸੋਚਣ ਵਿਚ ਟਾਈਮ ਨਾ ਖਰਾਬ ਕਰ, ਬਲਰਾਮ ਬਾਰੇ ਸੋਚ, ਉਹਨੂੰ ਵਿਆਹਵਾਂਗੇ ਫੇਰ ਕੁੜੀਆਂ ਵੱਲ ਧਿਆਨ ਦੇਈਏ।"
"ਪਹਿਲਾਂ ਵੀ ਏਹ ਗੱਲ ਕਿੰਨੀ ਵਾਰ ਸੋਚ ਚੁੱਕੇ ਆਂ ਪਰ ਕਰਨਾ ਸੌਖਾ ਨਹੀਂ।"
"ਛੱਡ ਏਸ ਗੱਲ ਨੂੰ, ਸਾਰਾ ਦਿਨ ਮੂਡ ਖਰਾਬ ਰਹੂਗਾ।"

ਕਹਿੰਦਾ ਹੋਇਆ ਪਰਦੁੱਮਣ ਸਿੰਘ ਫਰੀਦਾ ਬਾਰੇ ਸੋਚਣ ਲੱਗਦਾ ਹੈ। ਫਰੀਦਾ ਕੰਮ 'ਤੇ ਆਉਂਦੀ ਹੈ। ਉਸ ਨੇ ਰੋਜ਼ ਨਵਾਂ ਸੂਟ ਪਹਿਨਿਆ ਹੁੰਦਾ ਹੈ। ਵਾਲਾਂ ਵਿਚ ਚਿੜੀਆਂ ਕੱਢੀਆਂ ਹੁੰਦੀਆਂ ਹਨ। ਉਹ ਪਰਦੁੱਮਣ ਸਿੰਘ ਦੇ ਮੂਹਰ ਦੀ ਲੰਘਦੀ ਹੌਲੀ ਹੋ ਜਾਂਦੀ ਹੈ ਤਾਂ ਜੋ ਚੰਗੀ ਤਰ੍ਹਾਂ ਦੇਖ ਸਕੇ। ਪਰਦੁੱਮਣ ਸਿੰਘ ਵੀ ਥੋੜ੍ਹਾ ਬਣ ਠਣ ਕੇ ਰਹਿਣ ਲੱਗਾ ਹੈ। ਉਹ ਸਵੇਰੇ ਹੀ ਗਿਆਨ ਕੌਰ ਨੂੰ ਕਹਿ ਦਿੰਦਾ ਹੈ,
"ਕੱਪੜਾ ਜ਼ਰਾ ਚੰਗੀ ਤਰ੍ਹਾਂ ਪ੍ਰੈਸ ਕਰ ਦੇਵੀਂ ਅੱਜ ਬੈਂਕ ਮੈਨੇਜਰ ਨੂੰ ਮਿਲਣ ਜਾਣੈ।"

ਉਸ ਨੇ ਇਵੇਂ ਰੋਜ਼ ਹੀ ਕਿਸੇ ਨੂੰ ਮਿਲਣ ਜਾਣਾ ਹੁੰਦਾ ਹੈ ਜਾਂ ਫਿਰ ਉਸ ਨੂੰ ਕੋਈ ਮਿਲਣ ਆ ਰਿਹਾ ਹੁੰਦਾ ਹੈ। ਪੱਗ ਵੀ ਰੋਜ਼ ਬਦਲਣ ਲੱਗਿਆ ਹੈ। ਪਹਿਲਾਂ ਅਨਾਭੀ ਰੰਗ ਦੀ ਹੀ ਬੰਨ੍ਹਿਆ ਕਰਦਾ ਸੀ ਪਰ ਹੁਣ ਰੰਗ ਬਦਲਦਾ ਰਹਿੰਦਾ ਹੈ। ਇਕ ਦਿਨ ਸ਼ਿੰਦਰ ਕੌਰ ਪੁੱਛਦੀ ਹੈ,
"ਅੰਕਲ ਜੀ, ਸੁੱਲੀ ਨਾਲ ਪਹਿਲਾਂ ਗੱਲ ਕਰਕੇ ਪੱਗ ਬੰਨ੍ਹਦੇ ਹੁੰਦੇ ਓ ?"

ਸ਼ਿੰਦਰ ਕੌਰ ਕਦੇ ਕਦੇ ਉਸ ਨਾਲ ਬਾਹਰ ਚਲੇ ਜਾਇਆ ਕਰਦੀ ਹੈ। ਉਹ ਉਸ ਨਾਲ ਲੜ ਵੀ ਪੈਂਦੀ ਹੈ ਕਿ ਏਨੀਆਂ ਔਰਤਾਂ ਨਾਲ ਇਕੋ ਵੇਲੇ ਵਾਹ ਕਿਉਂ ਰੱਖਿਆ ਹੋਇਆ ਹੈ। ਪਰਦੁੱਮਣ ਸਿੰਘ ਕਹਿੰਦਾ ਹੈ,
"ਕਿਉਂ, ਤੂੰ ਇਹ ਗੱਲ ਕਿਉਂ ਕਹਿੰਦੀ ਐਂ ?"
"ਜਿਸ ਰੰਗ ਦੀ ਤੁਸੀਂ ਪੱਗ ਬੰਨ੍ਹੀ ਹੁੰਦੀ ਐ, ਉਸੇ ਰੰਗ ਦਾ ਉਹ ਸੂਟ ਪਾ ਕੇ ਆਉਂਦੀ ਐ।"
"ਨਹੀਂ, ਏਦਾਂ ਦੀ ਕੋਈ ਗੱਲ ਨਹੀਂ।"

ਕਹਿ ਕੇ ਪਰਦੁੱਮਣ ਸਿੰਘ ਫਰੀਦਾ ਬਾਰੇ ਸੋਚਣ ਲੱਗਦਾ ਹੈ। ਫਿਰ ਉਹ ਡਰ ਵੀ ਜਾਂਦਾ ਹੈ ਕਿ ਹਾਲੇ ਕੁਝ ਵਾਪਰਿਆ ਵੀ ਨਹੀਂ ਤੇ ਖਬਰ ਪਹਿਲਾਂ ਹੀ ਫੈਲ ਗਈ। ਫਰੀਦਾ ਦਫਤਰ ਵਿਚ ਮੁਸਕਰਾਉਂਦੀ ਹੋਈ ਦਾਖਲ ਹੁੰਦੀ ਹੈ, ਕਹਿੰਦੀ ਹੈ,

“ਸਰਦਾਰ ਜੀ, ਤੁਸੀਂ ਮੈਨੂੰ ਬਦਨਾਮ ਕਰ ਛੱਡਣਾ ਜੇ।”

“ਕਿਉਂ ਕੀ ਗੱਲ ਹੋ ਗਈ ?”

“ਸੁਆਣੀਆਂ ਕਹਿੰਦੀਆਂ ਕਿ ਸਰਦਾਰ ਦੀ ਪੱਗ ਤੇ ਮੇਰੇ ਸੂਟ ਦਾ ਰੰਗ ਇਕੋ ਹੋਸੀ।”

“ਇਹ ਤਾਂ ਕੋਈ ਦਿਲ ਦੀ ਦਿਲ ਨੂੰ ਰਾਹ ਹੋਏਗੀ।”

“ਹਾਏ ਅੱਲਾ! ਬੰਦ ਕਰੋ ਇਹ ਰਾਹ! ਮੇਰੇ ਮੀਏਂ ਨੂੰ ਪਤਾ ਚੱਲਿਆ ਤਾਂ ਉਹਨੇ ਮੈਨੂੰ ਮਾਰ ਘੱਤਣਾ ਏ। ਜੇ ਤੁਹਾਡੀ ਸਰਦਾਰਨੀ ਨੂੰ ਪਤਾ ਲੱਗ ਸੀ ਤਾਂ ਮੇਰੇ ਵਾਲ ਪੱਟ ਸੀ।”

“ਫਰੀਦਾ, ਤੂੰ ਬਹੁਤ ਸੁਹਣੀ ਏਂ, ਤੇਰੀ ਹਰ ਅਦਾ ਖ਼ੂਬਸੂਰਤ ਐ, ਮੈਂ ਤੈਨੂੰ ਇਕੱਲੀ ਨੂੰ ਮਿਲਣਾ ਚਾਹੁੰਨਾਂ, ਘਰੋਂ ਕਿੰਨੇ ਵਜੇ ਚੱਲਦੀ ਐਂ ?”

“ਇਹੋ ਪੰਦਰਾਂ ਮਿੰਟ ਦਾ ਤਾਂ ਰਾਹ ਹੋਸੀ।”

“ਕੱਲ ਨੂੰ ਇਕ ਘੰਟਾ ਲੇਟ ਆਵੀਂ, ਮੈਂ ਤੈਨੂੰ ਰਾਹ ਵਿਚ ਮਿਲਾਂਗਾ।”

“ਨਾ ਸਰਦਾਰ ਜੀ ਨਾ, ਰੱਬ ਰੱਬ ਕਰੋ ! ਮੈਂ ਇੰਝ ਨਾ ਕਰ ਸਾਂ।”

“ਤੂੰ ਤਾਂ ਨਾ ਕਰ ਸੈਂ ਪਰ ਮੈਂ ਤਾਂ ਕਰ ਸਾਂ... ਕੱਲ ਸਵੇਰੇ ਸਾਢੇ ਛੇ ਵਜੇ ਤੈਨੂੰ ਮੈਂ ਤੁਹਾਡੀ ਰੋਡ ਦੇ ਕੌਰਨਰ 'ਤੇ ਮਿਲਾਂਗਾ।”

“ਨਹੀਂ ਜੀ ਓਥੇ ਨਹੀਂ, ਤੁਸੀਂ ਮਿਲਣਾ ਜੇ ਤਾਂ ਲੇਡੀ ਮਾਰਗਰੇਟ ਰੋਡ 'ਤੇ ਖਲੋਣਾ।”

ਇਕੱਤੀ

ਇਕ ਦਿਨ ਜਗਮੋਹਣ ਕਿੰਗ ਸਟਰੀਟ ਜਾਂਦਾ ਹੈ। ਆਈ.ਡਬਲਯੂ.ਏ. ਦੇ ਦਫਤਰ ਵਿਚ ਉਸ ਨੂੰ ਕੋਈ ਕੰਮ ਹੈ। ਕੰਮ ਤੋਂ ਵਿਹਲਾ ਹੋ ਕੇ ਉਹ ਕਾਰ ਪਾਰਕ ਵੱਲ ਨੂੰ ਜਾ ਰਿਹਾ ਹੈ ਕਿ ਉਸ ਨੂੰ ਸਾਹਮਣੇ ਪ੍ਰੀਤੀ ਤੁਰੀ ਜਾਂਦੀ ਦਿੱਸਦੀ ਹੈ। ਉਹ ਉਸ ਵੱਲ ਨੂੰ ਤੁਰਨ ਲੱਗਦਾ ਹੈ। ਨਜ਼ਦੀਕ ਪੁੱਜਦਿਆਂ ਉਸ ਨੂੰ ਲੱਗਦਾ ਹੈ ਕਿ ਇਹ ਪ੍ਰੀਤੀ ਨਹੀਂ। ਉਹ ਹੋਰ ਨਜ਼ਦੀਕ ਪੁੱਜਦਾ ਹੈ। ਉਸ ਦੇ ਇਕਦਮ ਕੋਲ ਪੁੱਜ ਜਾਂਦਾ ਹੈ। ਉਹ ਔਰਤ ਵੀ ਉਸ ਵੱਲ ਦੇਖੀ ਜਾ ਰਹੀ ਹੈ। ਜਗਮੋਹਣ ਪੁੱਛਦਾ ਹੈ,

“ਇਜ਼ ਇਟ ਯੂ ਪ੍ਰੀਤੀ ?”

ਉਹ ਔਰਤ ਕੁਝ ਨਹੀਂ ਬੋਲਦੀ ਤੇ ਤੇਜ਼ ਤੁਰਨ ਲੱਗਦੀ ਹੈ। ਜਗਮੋਹਣ ਹੌਲੀ ਹੋ ਜਾਂਦਾ ਹੈ ਬਲਕਿ ਖੜੋ ਜਾਂਦਾ ਹੈ ਕਿ ਕਿਸੇ ਔਰਤ ਮਗਰ ਤੁਰੇ ਜਾਂਦੇ ਨੂੰ ਦੇਖ ਕੇ ਲੋਕ ਕੀ ਕਹਿਣਗੇ। ਔਰਤ ਪ੍ਰੀਤੀ ਵਾਂਗ ਹੀ ਤੁਰ ਰਹੀ ਹੈ। ਜਗਮੋਹਣ ਦੇਖਦਾ ਜਾ ਰਿਹਾ ਹੈ। ਉਹ ਔਰਤ ਕੁਝ ਅੱਗੇ ਜਾ ਕੇ ਮੋੜ ਉਪਰ ਰੁਕ ਜਾਂਦੀ ਹੈ ਤੇ ਜਗਮੋਹਣ ਵੱਲ ਦੇਖਣ ਲੱਗਦੀ ਹੈ। ਜਗਮੋਹਣ ਫਿਰ ਉਸ ਕੋਲ ਪਹੁੰਚ ਜਾਂਦਾ ਹੈ। ਪੁੱਛਦਾ ਹੈ,

“ਪ੍ਰੀਤੀ, ਤੈਨੂੰ ਕੀ ਹੋ ਗਿਆ ?”

“ਕੁਸ਼ ਵੀ ਨਹੀਂ।”

“ਤੇਰੀਆਂ ਖਾਲੀ ਅੱਖਾਂ, ਖੁਸ਼ਕ ਵਾਲ, ਚਿਹਰੇ ਦੀ ਚਮੜੀ ਵੀ ਅਜੀਬ ਜਿਹੀ ਜਾਪਦੀ ਐ, ਤੂੰ ਠੀਕ ਤਾਂ ਹੈਂ?”

“ਮੈਂ ਬਿਲਕੁਲ ਠੀਕ ਆਂ, ਤੂੰ ਕਿੱਦਾਂ ?”

“ਮੈਂ ਤਾਂ ਤੈਨੂੰ ਕਈ ਵਾਰ ਮਿਲਣਾ ਚਾਹਿਆ।”

“ਜੇ ਚਾਹਿਆ ਹੁੰਦਾ ਤਾਂ ਤੈਨੂੰ ਪਤਾ ਹੀ ਸੀ ਕਿ ਮੈਂ ਕਿਥੇ ਰਹਿੰਦੀ ਆਂ।”

“ਪਰ ਤੇਰਾ ਹਸਬੈਂਡ !.. ਮੈਂ ਨਹੀਂ ਚਾਹੁੰਦਾ ਸੀ ਕਿ ਤੇਰੇ ਲਈ ਕੋਈ ਔਖ ਹੋਵੇ।”

ਜਗਮੋਹਣ ਕਹਿ ਰਿਹਾ ਹੈ। ਪ੍ਰੀਤੀ ਕੁਝ ਨਹੀਂ ਬੋਲਦੀ। ਉਹ ਫਿਰ ਪੁੱਛਦਾ ਹੈ,

“ਘਰ ਵਿਚ ਤਾਂ ਸਭ ਠੀਕ ਐ ਨਾ ? ਤੇਰੇ ਬੱਚੇ ? ਤੇਰਾ ਪਤੀ ?”

“ਹਾਂ, ਸਭ ਠੀਕ ਐ।”

“ਤੇਰੀ ਐਕਟਿੰਗ ਕਿੱਦਾਂ ਚੱਲ ਰਹੀ ਐ।”

“ਐਕਟਿੰਗ ਤਾਂ ਮੈਂ ਛੱਡ ਦਿੱਤੀ।”

“ਕਿਉਂ ?”

“ਐਕਟਿੰਗ ਨਾਲ ਬੰਦੇ ਦੀਆਂ ਨੈਚਰਲ ਫੀਲਿੰਗਜ਼ ਫੇਡ ਆਊਟ ਹੋ ਜਾਂਦੀਆਂ।”

“ਵੱਟ ?”

“ਐਕਟਿੰਗ ਕਰਦੇ ਕਰਦੇ ਬੰਦੇ ਨੂੰ ਅਸਲ ਤੇ ਨਕਲ ਦੇ ਫਰਕ ਦੀ ਸਮਝ ਘੱਟ ਜਾਂਦੀ ਐ।”

“ਪ੍ਰੀਤੀ, ਕਿਹੋ ਜਿਹੀਆਂ ਗੱਲਾਂ ਕਰ ਰਹੀ ਐਂ, ਐਕਟਿੰਗ ਕਰਦਿਆਂ ਤਾਂ ਅਸਲ ਤੇ ਨਕਲ ਦੀ ਪਛਾਣ ਹੁੰਦੀ ਐ।”

"ਨਹੀਂ, ਜਿਹੜਾ ਅਸਲ ਤੇ ਨਕਲ ਵਿਚ ਮਹੀਨ ਜਿਹਾ ਪਰਦਾ ਹੁੰਦਾ ਐ ਉਹਦੀ ਖਾਸੀਅਤ ਖਤਮ ਹੋ ਜਾਂਦੀ ਐ ਐਕਟਿੰਗ ਨਾਲ।"
"ਅਜੀਬ ਜਿਹੇ ਵਿਚਾਰ ਬਣਾਈ ਬੈਠੀ ਆਂ ਤੂੰ।"
"ਨਹੀਂ ਜਗਮੋਹਣ ਇਹ ਸੱਚ ਐ, ਸਟੇਜ 'ਤੇ ਐਕਟਿੰਗ ਕਰਕੇ ਘਰ ਪਹੁੰਚੀਏ ਤਾਂ ਫੀਲਿੰਗਜ਼ ਵਿਚ ਉਹ ਓਰੈਜਨੈਲਟੀ ਨਹੀਂ ਰਹਿੰਦੀ।
"ਕੌਣ ਦੱਸਦੈ ਇਹ ਸਭ ਤੈਨੂੰ।"
"ਮੇਰਾ ਹਸਬੈਂਡ।"
"ਤੇ ਤੂੰ ਸੁਣਦੀ ਐਂ ?"
"ਹਾਂ, ਮੇਰੇ ਬੱਚੇ ਵੀ ਉਸ ਦੀ ਸੁਣਦੇ ਆ।"
"ਤੂੰ ਸਭ ਗਲਤ ਸੁਣੀ ਜਾਂਦੀ ਆਂ ਪ੍ਰੀਤੀ, ਕੀ ਤੂੰ ਆਪਣੇ ਦਿਲ ਦੀ ਗੱਲ ਸੁਣਨੀ ਭੁੱਲ ਗਈ ਐਂ ?"
"ਓ.ਕੇ. ਜਗਮੋਹਣ ਮੈਂ ਚੱਲਦੀ ਆਂ, ਕੋਈ ਦੇਖ ਲਊ ਮੇਰਾ ਹਸਬੈਂਡ ਗੁੱਸੇ ਹੋਏਗਾ, ਮੇਰਾ ਮਜ਼ਾਕ ਉਡਾਏਗਾ। ਮੇਰੇ ਬੱਚੇ ਮੇਰੇ 'ਤੇ ਹੱਸਣਗੇ।"

ਕਹਿੰਦੀ ਹੋਈ ਪ੍ਰੀਤੀ ਚਲੇ ਜਾਂਦੀ ਹੈ। ਜਗਮੋਹਣ ਹੈਰਾਨ ਹੋਇਆ ਖੜਾ ਉਸ ਨੂੰ ਜਾਂਦੀ ਨੂੰ ਦੇਖਦਾ ਰਹਿੰਦਾ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਇਕ ਵਾਰ ਪਹਿਲਾਂ ਵੀ ਪ੍ਰੀਤੀ ਨੂੰ ਉਸ ਨੇ ਉਸੇ ਮੋੜ 'ਤੇ ਹੀ ਲਾਹਿਆ ਸੀ। ਉਹ ਕਾਰ ਪਾਰਕ ਵਿਚ ਆ ਜਾਂਦਾ ਹੈ। ਆਪਣੀ ਕਾਰ ਵਿਚ ਬੈਠ ਜਾਂਦਾ ਹੈ। ਕਾਰ ਸਟਾਰਟ ਵੀ ਕਰ ਲੈਂਦਾ ਹੈ ਪਰ ਉਸ ਤੋਂ ਕਾਰ ਤੋਰੀ ਨਹੀਂ ਜਾਂਦੀ। ਉਹ ਸੋਚਦਾ ਜਾ ਰਿਹਾ ਹੈ ਕਿ ਕੀ ਹੋ ਗਿਆ ਪ੍ਰੀਤੀ ਨੂੰ। ਇਸ ਦਾ ਜਵਾਬ ਕਿਸ ਕੋਲ ਹੋਏਗਾ। ਸਿਸਟਰਜ਼ ਇਨਹੈਂਡਜ਼ ਦੇ ਦਫਤਰ ਤਾਂ ਉਹ ਜਾਂਦੀ ਹੀ ਨਹੀਂ। ਹੋਰ ਕੌਣ ਹੋਏਗਾ ਪ੍ਰੀਤੀ ਦਾ ਵਾਕਫ ਜਾਂ ਜਾਣੂੰ ਜਿਸ ਤੋਂ ਇਹ ਸਭ ਪਤਾ ਕਰ ਸਕੇ। ਉਸ ਨੂੰ ਭੁਪਿੰਦਰ ਦਾ ਖਿਆਲ ਆਉਂਦਾ ਹੈ। ਪਿਛਲੀ ਵਾਰੀ ਉਸ ਨੇ ਭੁਪਿੰਦਰ ਨਾਲ ਗੱਲ ਫੋਨ ਉਪਰ ਹੀ ਕੀਤੀ ਸੀ ਜਦ ਉਸ ਨੇ ਉਸ ਦੀ ਇਕ ਹਿੰਦੀ ਫਿਲਮ ਦੇਖੀ ਸੀ। ਹੁਣ ਭੁਪਿੰਦਰ ਨੂੰ ਫਿਲਮਾਂ ਵਿਚ ਛੋਟੇ ਮੋਟੇ ਰੋਲ ਮਿਲਣ ਲੱਗ ਪਏ ਹਨ। ਕਾਰਣ ਹੈ ਕਿ ਬੰਬਈ ਦੇ ਪ੍ਰੋਡਿਊਸਰ ਆਪਣੀਆਂ ਫਿਲਮਾਂ ਦੀ ਸ਼ੂਟਿੰਗ ਲੰਡਨ ਵਿਚ ਕਰਨ ਆਉਂਦੇ ਹਨ ਤੇ ਲੋਕਲ ਕਲਾਕਾਰਾਂ ਨੂੰ ਵੀ ਕੰਮ ਦੇ ਦਿੰਦੇ ਹਨ। ਭੁਪਿੰਦਰ ਦਾ ਨਾਂ ਤੁਰ ਪਿਆ ਹੈ। ਉਹ ਸੋਚਦਾ ਹੈ ਕਿ ਭੁਪਿੰਦਰ ਨੂੰ ਫੋਨ ਕਰਕੇ ਦੇਖੇ ਤੇ ਫੋਨ 'ਤੇ ਹੀ ਸਭ ਪੁੱਛ ਲਵੇ ਪਰ ਉਸ ਕੋਲ ਤਾਂ ਜਿਵੇਂ ਫੋਨ ਕਰਨ ਦਾ ਸਮਾਂ ਹੀ ਨਹੀਂ ਹੈ। ਉਹ ਕਾਰ ਨੂੰ ਭੁਪਿੰਦਰ ਦੇ ਘਰ ਵੱਲ ਭਜਾ ਲੈਂਦਾ ਹੈ। ਭੁਪਿੰਦਰ ਦੀ ਡੋਰ ਬੈੱਲ ਕਰਦਾ ਹੈ। ਭੁਪਿੰਦਰ ਹੀ ਦਰਵਾਜ਼ਾ ਖੋਲ੍ਹਦਾ ਹੈ। ਉਹ ਉਸ ਨੂੰ ਅਚਾਨਕ ਆਇਆ ਦੇਖ ਕੇ ਹੋਰਵੇਂ ਹੁੰਦਾ ਪੁੱਛਦਾ ਹੈ,
"ਜੱਗਿਆ, ਕੀ ਗੱਲ ਐ? ਤੇਰਾ ਚਿਹਰਾ ਏਦਾਂ ਦਾ ਕਿਉਂ ਐ ?"
"ਮੈਂ ਤੈਨੂੰ ਕੁਝ ਪੁੱਛਣ ਆਇਆਂ।"
"ਕੀ ?"
"ਪ੍ਰੀਤੀ ਨੂੰ ਮਿਲਿਆਂ ਕਦੇ ?"
"ਪਿੱਛੇ ਜਿਹੇ ਇਕ ਦਿਨ ਟੈਸਕੋ ਵਿਚ ਮਿਲਿਆ ਸੀ, ਉਸ ਦਾ ਹਸਬੈਂਡ ਨਾਲ ਸੀ ਪਰ ਕੀ ਗੱਲ ਹੋਈ ?"
"ਤੂੰ ਦੱਸ ਕਿ ਪ੍ਰੀਤੀ ਨੂੰ ਕੀ ਹੋਇਆ ?"
"ਅੰਦਰ ਆ ਪਹਿਲਾਂ।"

ਉਹ ਦੋਵੇਂ ਅੰਦਰ ਜਾਂਦੇ ਹਨ। ਫਰੰਟ ਰੂਮ ਵਿਚ ਬੈਠਦੇ ਹਨ। ਇਹੋ ਉਹ ਕਮਰਾ ਹੈ ਜਿਥੇ ਕਦੇ ਰੀਹਰਸਲਾਂ ਹੋਇਆ ਕਰਦੀਆਂ ਸਨ। ਜਗਮੋਹਣ ਦੱਸਣ ਲੱਗਦਾ ਹੈ,
"ਮੈਂ ਪ੍ਰੀਤੀ ਦੀ ਹਾਲਤ ਦੇਖ ਕੇ ਘਬਰਾ ਗਿਆਂ, ਉਹ ਤਾਂ ਜਿੱਦਾਂ ਮੈਂਟਲ ਹੋ ਗਈ ਹੋਵੇ।"
"ਏਨੀ ਬੁਰੀ ਤਾਂ ਮੈਨੂੰ ਨਹੀਂ ਲੱਗੀ। ਹਾਂ, ਔਡ ਜਿਹੀ ਜ਼ਰੂਰ ਜਾਪੀ ਸੀ। ਟੈਸਕੋ ਵਿਚ ਮੈਂ ਸ਼ੌਪਿੰਗ ਕਰਨ ਗਿਆ ਸੀ, ਉਹਦਾ ਪਤੀ ਨਾਲ ਸੀ। ਉਸ ਦਾ ਪਤੀ ਨਹੀਂ ਸੀ ਚਾਹੁੰਦਾ ਕਿ ਉਹ ਡਰਾਮਿਆਂ ਵਿਚ ਕੰਮ ਕਰੇ। ਉਹਨੇ ਇਕ ਵਾਰ ਮੈਨੂੰ ਵੀ ਫੋਨ ਉਪਰ ਗਾਲ੍ਹਾਂ ਕੱਢੀਆਂ ਸੀ ਤੇ ਸੂਰਜ ਆਰਟਸ ਵਾਲਿਆਂ ਨੂੰ ਵੀ ਪਰ ਫੇਰ ਵੀ ਮੈਂ ਉਨ੍ਹਾਂ ਨੂੰ ਬੁਲਾ ਲਿਆ। ਮੈਂ ਜਿੰਨੇ ਸਵਾਲ ਪੁੱਛੇ ਗੁਰਨਾਮ ਨੇ ਹੀ ਉਤਰ ਦਿੱਤੇ। ਪ੍ਰੀਤੀ ਮੇਰੇ ਵੱਲ ਟਿਕਟਿਕੀ ਲਗਾ ਕੇ ਦੇਖਦੀ ਰਹੀ ਸੀ।"
"ਭੁਪਿੰਦਰ, ਮੇਰੇ ਵੱਲ ਅੱਜ ਉਹ ਏਦਾਂ ਦੇਖਦੀ ਸੀ ਜਿੱਦਾਂ ਮੇਰੇ ਨਾਲ ਕੋਈ ਗਿਲਾ ਕਰ ਰਹੀ ਹੋਵੇ।"
"ਮੇਰੇ ਵੱਲ ਵੀ ਏਦਾਂ ਈ ਦੇਖਦੀ ਸੀ, ਉਸ ਦਾ ਪਤੀ ਐਕਟਰਾਂ ਤੇ ਐਕਟਿੰਗ ਨੂੰ ਬੁਰਾ ਭਲਾ ਬੋਲਦਾ ਰਿਹਾ। ਉਸ ਨੇ ਇਕ ਦੋ ਵਾਰ ਹਾਂ ਵਿਚ ਸਿਰ ਹਿਲਾਇਆ ਤੇ ਬਸ।"
"ਏਹਦਾ ਮਤਲਬ ਕਿ ਉਸ ਦਾ ਪਤੀ ਉਸ ਨੂੰ ਲੀਡ ਕਰ ਰਿਹੈ, ਕਿਸੇ ਨਾ ਕਿਸੇ ਤਰ੍ਹਾਂ ਉਹਦੇ ਮਨ ਵਿਚ ਇਹ ਸਭ ਪਾ ਰਿਹੈ। ਇਹਦਾ ਮਤਲਬ ਉਹਨੂੰ ਮਿਲਣ ਦੀ ਜ਼ਰੂਰਤ ਐ, ਵੀ ਸ਼ੁੱਡ ਮੀਟ ਹਰ।"
"ਯੈੱਸ ਯੂ ਕੈਨ, ਪਰ ਏਹਦੇ ਨਤੀਜੇ ਉਹਦੇ ਲਈ ਬਹੁਤ ਭੈੜੇ ਹੋਣਗੇ ਪਰ ਤੂੰ ਉਹਦੇ ਬਾਰੇ ਫਿਕਰ ਕਿਉਂ ਕਰੀ ਜਾਨੈ ਤੈਨੂੰ ਪਤੈ ਸ਼ੀ ਇਜ ਏ ਸਟਰੌਂਗ ਵੋਮੈਨ। ਉਹਨੇ ਆਪੇ ਹਾਲਾਤ ਨਾਲ ਡੀਲ ਕਰ ਲੈਣਾਂ।"
"ਮੈਨੂੰ ਤਾਂ ਨਹੀਂ ਲੱਗਦੀ ਕਿ ਸਟਰੌਂਗ ਹੋਵੇ, ਮੈਨੂੰ ਤਾਂ ਹਾਰੀ ਹੋਈ ਜਾਪਦੀ ਐ।"
"ਦੇਖ ਜੈਗ, ਆਪਾਂ ਕੁਝ ਨਹੀਂ ਕਰ ਸਕਦੇ, ਆਪਾਂ ਮਸਲੇ ਨੂੰ ਉਲਝਾ ਈ ਸਕਦੇ ਆਂ।"

ਭੁਪਿੰਦਰ ਕਹਿ ਰਿਹਾ ਹੈ। ਜਗਮੋਹਣ ਆਖਦਾ ਹੈ,

"ਸਿਸਟਰਜ਼ ਇਨ ਹੈਂਡਜ਼ ਤਾਂ ਜਾ ਸਕਦੀਆਂ ਉਹਦੇ ਕੋਲ। ਮੈਂ ਹੁਣੇ ਹੀ ਉਨ੍ਹਾਂ ਦੇ ਦਫਤਰ ਜਾਨਾਂ।"

ਉਹ ਗਰੀਨ ਰੋਡ 'ਤੇ ਆਉਂਦਾ ਹੈ। ਸਿਸਟਰਜ਼ ਇਨਹੈਂਡਜ਼ ਦੇ ਦਫਤਰ ਵਿਚ ਕੋਈ ਨਹੀਂ ਹੈ। ਸ਼ਾਮ ਨੂੰ ਫਿਰ ਚੱਕਰ ਮਾਰਨ ਬਾਰੇ ਸੋਚਦਾ ਹੈ ਪਰ ਉਸ ਨੂੰ ਟਿਕਾਅ ਨਹੀਂ ਹੈ। ਉਹ ਉਥੇ ਹੀ ਕਾਰ ਵਿਚ ਬੈਠ ਕੇ ਉਡੀਕਣ ਲੱਗਦਾ ਹੈ ਕਿ ਕੋਈ ਤਾਂ ਆਵੇਗਾ ਇਸ ਦਫਤਰ ਵਿਚ। ਉਹ ਸਿਗਰਟ ਤੇ ਸਿਗਰਟ ਫੂਕ ਰਿਹਾ ਹੈ। ਇੰਨੀਆਂ ਸਿਗਰਟਾਂ ਉਸ ਨੇ ਕਦੀ ਨਹੀਂ ਪੀਤੀਆਂ। ਕਾਫੀ ਦੇਰ ਤਕ ਕਾਰ ਵਿਚ ਬੈਠਾ ਰਹਿੰਦਾ ਹੈ। ਕੋਈ ਨਹੀਂ ਆਉਂਦਾ। ਹਾਰ ਕੇ ਉਹ ਘਰ ਨੂੰ ਆ ਜਾਂਦਾ ਹੈ। ਦੋਵੇਂ ਮੁੰਡੇ ਉਸ ਦੇ ਖੱਬੇ ਸੱਜੇ ਬੈਠ ਜਾਂਦੇ ਹਨ ਜਿਵੇਂ ਨਿੱਤ ਬੈਠਿਆ ਕਰਦੇ ਹਨ। ਉਸ ਦਾ ਉਖੜਿਆ ਮੂਡ ਦੇਖ ਕੇ ਮਨਦੀਪ ਆਖਦੀ ਹੈ,

"ਜਾਓ, ਜੌਗਿੰਗ ਕਰ ਆਓ।"

ਉਸਦੀ ਗੱਲ 'ਤੇ ਜਗਮੋਹਣ ਹੱਸ ਪੈਂਦਾ ਹੈ। ਉਸ ਨੂੰ ਪਤਾ ਹੈ ਕਿ ਜੇਕਰ ਕੁਝ ਦਿਨ ਉਹ ਜੌਗਿੰਗ ਨਾ ਕਰੇ ਤਾਂ ਉਸ ਦਾ ਸੁਭਾਅ ਚਿੜਚਿੜਾ ਹੋ ਜਾਇਆ ਕਰਦਾ ਹੈ। ਇਸੇ ਲਈ ਮਨਦੀਪ ਨੇ ਕਿਹਾ ਹੈ। ਉਹ ਆਖਣ ਲੱਗਦਾ ਹੈ,

"ਇਹ ਗੱਲ ਨਹੀਂ, ਇਹ ਤਾਂ ਪ੍ਰੀਤੀ ਦਾ ਮਸਲਾ ਐ।"

"ਕਿਹੜੀ ਪ੍ਰੀਤੀ ਦਾ ?"

ਉਹ ਪੁੱਛਦੀ ਹੈ ਤੇ ਜਗਮੋਹਣ ਪੂਰੀ ਕਹਾਣੀ ਸੁਣਾਉਂਦਾ ਹੈ। ਮਨਦੀਪ ਕਹਿੰਦੀ ਹੈ,

"ਤੁਹਾਨੂੰ ਤਾਂ ਚੁੜੇਲਾਂ ਈ ਚੁੰਬੜੀਆਂ ਰਹਿੰਦੀਆਂ। ਆਹ ਪ੍ਰੀਤੀ ਜੀਉਂਦੇ ਜੀ ਈ ਆ ਚੁੰਬੜੀ।"

"ਇਹ ਨਹੀਂ ਚੁੰਬੜਦੀ, ਮੈਂ ਸਾਰਾ ਕੇਸ ਵੱਡੀਆਂ ਚੁੜੇਲਾਂ ਨੂੰ ਦੇ ਦੇਣਾ।"

ਕਹਿ ਕੇ ਹੱਸਦਾ ਹੈ। ਮਨਦੀਪ ਫਿਰ ਆਖਦੀ ਹੈ,

"ਜੇ ਓਹਦਾ ਹਸਬੈਂਡ ਚਾਹੁੰਦਾ ਕਿ ਉਹ ਡਰਾਮੇ ਨਾ ਖੇਡੇ ਤਾਂ ਤੁਸੀਂ ਜ਼ਰੂਰੀ ਖਿਡਾਉਣੇ ਆਂ, ਇਹ ਤਾਂ ਅਗਲੇ ਦਾ ਘਰ ਪੱਟਣ ਵਾਲੀ ਗੱਲ ਹੋਈ।"

"ਇਥੇ ਗੱਲ ਡਰਾਮਿਆਂ ਦੀ ਨਹੀਂ ਉਸ ਦੀ ਹਾਲਤ ਦੀ ਐ, ਉਹ ਏਦਾਂ ਦੀ ਕਿਉਂ ਹੋ ਗਈ ਇਹ ਐ ਪਰੋਬਲਮ।"

"ਮੈਨੂੰ ਤਾਂ ਇਹੋ ਐ ਕਿ ਤੁਸੀਂ ਕੋਈ ਨਾ ਕੋਈ ਰਾਹ ਜਾਂਦੀ ਮੁਸੀਬਤ ਸਹੇੜ ਬਹਿੰਦੇ ਓ।"

"ਮੈਂ ਤੈਨੂੰ ਕਿਹਾ ਨਾ ਕਿ ਮੈਂ ਪ੍ਰੀਤੀ ਬਾਰੇ ਸਿਸਟਰਜ਼ ਇਨਹੈਂਡਜ਼ ਨਾਲ ਗੱਲ ਕਰਨੀ ਐ, ਆਪੇ ਓਹ ਦੇਖਣਗੀਆਂ।"

ਉਹ ਗਰੇਵਾਲ ਨੂੰ ਫੋਨ ਘੁੰਮਾਉਂਦਾ ਹੈ। ਸਾਰੀ ਗੱਲ ਉਸ ਨਾਲ ਕਰਦਾ ਹੈ। ਗਰੇਵਾਲ ਆਖਣ ਲੱਗਦਾ ਹੈ,

"ਮੈਨੂੰ ਲਗਦੈ ਕਿ ਉਸ ਦਾ ਪਤੀ ਸਾਕਿਲੌਜੀਕਲੀ ਉਸ ਨੂੰ ਡੌਮੀਨੇਟ ਕਰਨ ਦੀ ਕੋਸ਼ਿਸ਼ ਕਰ ਰਿਹੈ, ਹੋ ਸਕਦੈ ਉਸ ਦੇ ਮਨ ਵਿਚ ਹਰ ਵੇਲੇ ਹੀਣ ਭਾਵਨਾ ਭਰਨ ਦਾ ਯਤਨ ਕਰਦਾ ਰਹਿੰਦਾ ਹੋਵੇ। ਉਸ ਨੂੰ ਹਰ ਵਕਤ ਛੋਟੀ ਦਿਖਾ ਰਿਹਾ ਹੋਵੇ ਤੇ ਉਸ ਨੂੰ ਯਕੀਨ ਵੀ ਦਿਵਾ ਦਿੱਤਾ ਹੋਵੇ ਤੇ ਕਿਸੇ ਤਰੀਕੇ ਨਾਲ ਜੁਆਕ ਵੀ ਆਪਣੇ ਵਲ ਕਰ ਲਏ ਹੋਣ।"

## ਬੱਤੀ

ਜਗਮੋਹਣ ਬਹੁਤ ਖੁਸ਼ ਹੈ। ਲਕਸ਼ਮੀ ਪ੍ਰੀਤੀ ਨੂੰ ਮਿਲ ਕੇ ਆਈ ਹੈ ਤੇ ਪੂਰਾ ਹੌਸਲਾ ਦੇ ਕੇ ਆਈ ਹੈ। ਉਨ੍ਹਾਂ ਸਭ ਦਾ ਜਿਹੜਾ ਤੌਖਲਾ ਸੀ ਉਹ ਸੱਚਾ ਹੈ। ਗੁਰਨਾਮ ਉਸ ਉਪਰ ਵਖ ਵਖ ਤਰੀਕੇ ਨਾਲ ਮਾਨਸਿਕ ਦਬਾਅ ਪਾ ਰਿਹਾ ਹੈ ਤੇ ਇਸ ਮਾਨਸਿਕ ਦਬਾਅ ਹੇਠ ਦੱਬੀ ਪ੍ਰੀਤੀ ਬੌਂਦਲੀ ਪਈ ਹੈ। ਉਸ ਨੂੰ ਪਤਾ ਨਹੀਂ ਲਗ ਰਿਹਾ ਕਿ ਕੀ ਕਰੇ। ਲਕਸ਼ਮੀ ਜਗਮੋਹਨ ਨੂੰ ਯਕੀਨ ਦਵਾਉਂਦੀ ਹੈ ਕਿ ਪ੍ਰੀਤੀ ਨਾਲ ਲਗਾਤਾਰ ਰਾਬਤਾ ਰੱਖਿਆ ਜਾਵੇਗਾ ਪਰ ਇਕ ਗੱਲ ਜਿਹੜੀ ਠੀਕ ਨਹੀਂ ਹੈ ਉਹ ਇਹ ਹੈ ਕਿ ਪ੍ਰੀਤੀ ਆਪ ਕੋਈ ਸ਼ਿਕਾਇਤ ਨਹੀਂ ਕਰ ਰਹੀ। ਲਕਸ਼ਮੀ ਅਨੁਸਾਰ ਉਹ ਇਸ ਮਾਮਲੇ ਵਿਚ ਬਹੁਤਾ ਕੁਝ ਕਰ ਵੀ ਨਹੀਂ ਸਕਦੀਆਂ ਕਿਉਂਕਿ ਉਹਨਾਂ ਕੋਲ ਕੋਈ ਸ਼ਿਕਾਇਤ ਹੀ ਨਹੀਂ ਹੈ। ਗੁਰਨਾਮ ਉਸ ਨੂੰ ਕੁਝ ਕਹਿੰਦਾ ਨਹੀਂ ਹੈ। ਕੋਈ ਕੁੱਟਮਾਰ ਨਹੀਂ ਕਰਦਾ। ਕਿਸੇ ਸਹੂਲਤ ਤੋਂ ਵਾਂਝਿਆਂ ਨਹੀਂ ਰੱਖਦਾ। ਜਿਹੜਾ ਉਸ ਅੰਦਰ ਅਹਿਸਾਸੇ ਕਮਤਰੀ ਪੈਦਾ ਕਰ ਰਿਹਾ ਹੋਵੇਗਾ ਉਸ ਬਾਰੇ ਬਹੁਤਾ ਕੁਝ ਕੀਤਾ ਹੀ ਨਹੀਂ ਜਾ ਸਕਦਾ ਬਿਨਾਂ ਇਸ ਦੇ ਕਿ ਕੋਈ ਨਾ ਕੋਈ ਪ੍ਰੀਤੀ ਨੂੰ ਨਿਰੰਤਰ ਮਿਲਦਾ ਰਹੇ।

ਅੱਜ ਉਹ ਬਹੁਤ ਦਿਨਾਂ ਬਾਅਦ ਦਾ ਗਲੌਸਟਰ ਜਾਂਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਇਹ ਪ੍ਰੀਤੀ ਵਾਲੀ ਗੱਲ ਕਿਸੇ ਨਾਲ ਸਾਂਝੀ ਕਰੇ। ਗਰੇਵਾਲ ਕਿਧਰੇ ਗਿਆ ਹੋਇਆ ਹੈ। ਉਸ ਦੇ ਕਾਲਜ ਸ਼ਾਮ ਦੇ ਕਈ ਫੰਕਸ਼ਨ ਚੱਲਦੇ ਰਹਿੰਦੇ ਹਨ। ਉਹ ਉਧਰ ਨਿਕਲ ਗਿਆ ਹੋਵੇਗਾ। ਭੁਪਿੰਦਰ ਨੂੰ ਫੋਨ ਕਰਦਾ ਹੈ ਤਾਂ ਉਹ ਘਰ ਨਹੀਂ ਮਿਲਦਾ। ਭੁਪਿੰਦਰ ਨੂੰ ਪ੍ਰੀਤੀ ਵਿਚ ਕੋਈ ਦਿਲਚਸਪੀ ਵੀ ਨਹੀਂ ਹੈ। ਇਕ ਵਾਰ ਤਾਂ ਜਗਮੋਹਨ ਵੀ ਸੋਚਦਾ ਹੈ ਕਿ ਉਹ ਪ੍ਰੀਤੀ ਦੇ ਮਸਲੇ ਨੂੰ ਇੰਨਾ ਦਿਲ ਤੇ ਕਿਉਂ ਲਾ ਰਿਹਾ ਹੈ। ਉਹ ਪੱਬ ਵਿਚ ਆ ਕੇ ਦੇਖਦਾ ਹੈ ਕਿ ਸ਼ਾਇਦ ਕੋਈ ਵਾਕਫ ਮਿਲ ਪਵੇ। ਇਧਰ ਓਧਰ ਦੇਖਦਿਆਂ ਇਕ ਮੇਜ਼ ਦੁਆਲੇ ਬੈਠਾ ਪਾਲਾ ਸਿੰਘ ਮੁੱਛਾਂ ਨੂੰ ਵਟਾ ਦੇ ਰਿਹਾ ਹੈ। ਉਸ ਦੇ ਦੋ ਕੁ ਵਾਕਫ ਉਸ ਦੀਆਂ ਗੱਲਾਂ ਸੁਣ ਰਹੇ ਹਨ। ਉਹ ਉਸ ਕੋਲ ਕੁਝ ਦੇਰ ਲਈ ਬੈਠਦਾ ਹੈ। ਜਦ ਤਕ ਸੋਹਣਪਾਲ ਤੇ ਗੁਰਚਰਨ ਆ ਜਾਂਦੇ ਹਨ। ਉਹ ਉਠ ਕੇ ਉਹਨਾਂ ਵਿਚ ਜਾ ਰਲ਼ਦਾ ਹੈ। ਸ਼ਾਮ ਭਾਰਦਵਾਜ ਕੌਂਸਲਰ ਬਣਨ ਤੋਂ ਬਾਅਦ ਆਪਣੇ ਆਪ ਨੂੰ ਸਭ ਤੋਂ ਵੱਖਰਾ ਸਮਝਦਾ ਪੱਬ ਵਿਚ ਘੱਟ ਆਉਂਦਾ ਹੈ। ਸੋਹਣਪਾਲ ਤੇ ਗੁਰਚਰਨ ਵੀ ਪ੍ਰੀਤੀ ਦੀ ਕਹਾਣੀ ਵਿਚ ਕੋਈ ਦਿਲਚਸਪੀ ਨਹੀਂ ਦਿਖਾਉਂਦੇ। ਜਗਮੋਹਨ ਇਕ ਗਲਾਸ ਪੀ ਕੇ ਕੋਈ ਬਹਾਨਾ ਬਣਾ ਕੇ ਉਠ ਖੜਦਾ ਹੈ। ਬਾਹਰ

ਨਿਕਲਦੇ ਨੂੰ ਪ੍ਰਦੁੱਮਣ ਸਿੰਘ ਮਿਲ ਪੈਂਦਾ ਹੈ। ਉਹ ਉਸ ਨੂੰ ਵਾਪਸ ਪੱਬ ਵਿਚ ਚਲਣ ਲਈ ਆਖਦਾ ਹੈ ਪਰ ਜਗਮੋਹਣ ਰੁਕਦਾ ਨਹੀਂ। ਉਹ ਸੋਚ ਰਿਹਾ ਹੈ ਕਿ ਘਰ ਨੂੰ ਹੀ ਚੱਲੇ। ਘਰ ਜਾ ਕੇ ਮਨਦੀਪ ਨੂੰ ਦੱਸੇ ਕਿ ਲਕਸ਼ਮੀ ਪ੍ਰੀਤੀ ਨੂੰ ਮਿਲ ਕੇ ਆਈ ਹੈ। ਉਸ ਨੇ ਪ੍ਰੀਤੀ ਨੂੰ ਮਿਲਦੇ ਰਹਿਣ ਦਾ ਵਾਅਦਾ ਕੀਤਾ ਹੈ। ਭਾਵੇਂ ਉਹ ਔਰਤਾਂ ਦੀ ਇਸ ਜਥੇਬੰਦੀ ਦਾ ਆਲੋਚਕ ਰਿਹਾ ਹੈ ਪਰ ਹੁਣ ਉਸ ਨੂੰ ਇਹ ਜਥੇਬੰਦੀ ਕੁਝ ਕਰ ਰਹੀ ਪ੍ਰਤੀਤ ਹੋ ਰਹੀ ਹੈ।

ਉਹ ਘਰ ਪਹੁੰਚਦਾ ਹੈ। ਦੋਨੋਂ ਮੁੰਡੇ ਭੱਜ ਕੇ ਦਰਵਾਜ਼ਾ ਖੋਲ੍ਹਦੇ ਹਨ। ਨਵਜੀਵਨ ਆਖਦਾ ਹੈ,

"ਡੈਡ, ਸਮਬੌਡੀ ਲੁਕਿੰਗ ਫੋਰ ਯੂ।"

"ਕੌਣ ?"

"ਆਇ ਡੌਂਟ ਨੋਅ, ਸਮ ਸਟਰੇਂਜਰ।"

ਉਹ ਅੱਗੇ ਜਾ ਕੇ ਮਨਦੀਪ ਨੂੰ ਪੁੱਛਣਾ ਚਾਹੁੰਦਾ ਹੈ ਪਰ ਉਸੇ ਵਕਤ ਦਰਵਾਜ਼ਾ ਖੜਕਦਾ ਹੈ। ਉਹ ਦੇਖਦਾ ਹੈ ਕਿ ਇਕ ਓਪਰਾ ਜਿਹਾ ਆਦਮੀ ਖੜਾ ਹੈ। ਭਰਵੀਆਂ ਮੁੱਛਾਂ ਤੇ ਪੱਕਾ ਜਿਹਾ ਰੰਗ, ਲੰਮਾ ਪਤਲਾ ਸਰੀਰ।

"ਸਤਿ ਸ੍ਰੀ ਅਕਾਲ ਸਰਦਾਰ ਜੀ।"

ਉਹ ਬੰਦਾ ਆਖਦਾ ਹੈ। ਉਸ ਦੀ ਬੋਲੀ ਤੋਂ ਤੇ ਏਨੇ ਪਿਆਰ ਨਾਲ ਸਰਦਾਰ ਜੀ ਕਹਿਣ ਤੋਂ ਉਹ ਸਮਝ ਜਾਂਦਾ ਕਿ ਇਹ ਬੰਦਾ ਪਾਕਿਸਤਾਨੀ ਹੈ। ਉਹ ਬੋਲਦਾ ਹੈ,

"ਹਾਂ ਜੀ, ਦੱਸੋ, ਤੁਹਾਡੇ ਲਈ ਮੈਂ ਕੀ ਕਰ ਸਕਦਾਂ ?"

"ਇਕ ਗੱਲ ਕਰਨੀ ਐ ਜੀ।"

"ਕਰੋ।"

ਜਗਮੋਹਣ ਜ਼ਰਾ ਕੁ ਬੇਰੁਖੀ ਨਾਲ ਆਖਦਾ ਹੈ। ਉਹ ਬੰਦਾ ਏਧਰ ਓਧਰ ਦੇਖਦਾ ਕਹਿੰਦਾ ਹੈ,

"ਭਾਈ ਜਾਨ, ਜ਼ਰਾ ਕੁ ਪ੍ਰਾਈਵੇਟ ਗੱਲ ਐ, ਬਾਹਰ ਮੌਸਮ ਵੀ ਠੀਕ ਨਹੀਂ।"

ਕਹਿੰਦਾ ਉਹ ਇਕ ਕਦਮ ਅੰਦਰ ਵੱਲ ਨੂੰ ਪੁੱਟਦਾ ਹੈ। ਜਗਮੋਹਣ ਕਿਸੇ ਓਪਰੇ ਬੰਦੇ ਨੂੰ ਘਰ ਨਹੀਂ ਸੱਦਣਾ ਚਾਹੁੰਦਾ। ਉਹ ਆਖਦਾ ਹੈ,

"ਆਓ, ਕਾਰ ਵਿਚ ਬੈਠ ਕੇ ਗੱਲ ਕਰਦੇ ਹਾਂ।"

ਜਗਮੋਹਣ ਬਾਹਰ ਨਿਕਲ ਕੇ ਆਪਣੀ ਕਾਰ ਦਾ ਬੂਹਾ ਖੋਲ੍ਹਦਾ ਹੈ। ਉਸ ਬੰਦੇ ਦੇ ਚਿਹਰੇ ਤੋਂ ਪਤਾ ਚੱਲਦਾ ਹੈ ਕਿ ਘਰ ਅੰਦਰ ਨਾ ਵਾੜਨਾ ਉਸ ਨੂੰ ਪਸੰਦ ਨਹੀਂ ਆਇਆ। ਉਹ ਦੋਵੇਂ ਕਾਰ ਵਿਚ ਬੈਠ ਜਾਂਦੇ ਹਨ। ਜਗਮੋਹਣ ਕਹਿੰਦਾ ਹੈ,

"ਆਓ ਜੀ, ਰਿਲੈਕਸ ਹੋ ਕੇ ਬੈਠੋ ਤੇ ਦੱਸੋ ਕਿਹੜੀ ਗੱਲ ਕਰਨੀ ਐ ਤੇ ਤੁਸੀਂ ਕੌਣ ਓ ? ਮੇਰੇ ਤਾਈਂ ਕਿਹੜਾ ਕੰਮ ਪੈ ਗਿਐ ?"

"ਭਾਈ ਜਾਨ, ਮੇਰਾ ਨਾਂ ਯਾਕੂਬ ਅਲੀ ਵੇ ਜੀ, ਮੈਂ ਇਹ ਆਹ ਚਿੱਠੀ ਪੜ੍ਹਵਾਉਣੀ ਜੇ, ਗੁਰਮੁਖੀ ਵਿਚ ਜਿਉਂ ਹੋਈ।"

ਜਗਮੋਹਣ ਮਨ ਵਿਚ ਸੋਚਦਾ ਹੈ ਕਿ ਇਹ ਤਾਂ ਛੋਟਾ ਜਿਹਾ ਕੰਮ ਹੈ। ਚਿੱਠੀ ਖਾਤਰ ਤੱਕ ਇਹ ਬੰਦਾ ਉਸ ਕੋਲ ਨਹੀਂ ਆ ਸਕਦਾ। ਚਿੱਠੀ ਦੇਖਣ ਤੋਂ ਹੀ ਜਾਪਦਾ ਹੈ ਕਿ ਇਹ ਇੰਡੀਆ ਤੋਂ ਆਈ ਹੈ। ਚਿੱਠੀ ਪਹਿਲਾਂ ਹੀ ਖੁੱਲ੍ਹੀ ਹੈ। ਇਸ ਦਾ ਮਤਲਬ ਇਹ ਕਿ ਇਸ ਨੇ ਪੜ੍ਹਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਚਿੱਠੀ ਉਪਰ ਸਿਰਨਾਵਾਂ ਪੜ੍ਹਦਾ ਹੈ। ਕਿਸੇ ਬਲਵਿੰਦਰ ਕੌਰ ਦੇ ਨਾਂ ਦੀ ਚਿੱਠੀ ਹੈ। ਉਸ ਨੂੰ ਜ਼ਰਾ ਕੁ ਗੁੱਸਾ ਵੀ ਆਉਂਦਾ ਹੈ ਕਿ ਇਹ ਬੰਦਾ ਬੇਗਾਨੀ ਚਿੱਠੀ ਚੁੱਕੀ ਫਿਰਦਾ ਹੈ। ਕੌਣ ਹੋਈ ਬਲਵਿੰਦਰ ਕੌਰ। ਉਸ ਨੂੰ ਬੌਬੀ ਯਾਦ ਆਉਂਦੀ ਹੈ। ਕਿਤੇ ਉਸ ਦੀ ਚਿੱਠੀ ਤਾਂ ਨਹੀਂ। ਹਾਲੇ ਕੁਝ ਹਫਤੇ ਪਹਿਲਾਂ ਹੀ ਬੌਬੀ ਨੂੰ ਉਸ ਨੇ ਗੁਰਦੁਆਰੇ ਦੇਖਿਆ ਸੀ ਲੰਗਰ ਵਿਚ ਰੋਟੀ ਖਾਂਦਿਆਂ। ਉਸ ਦਾ ਮੁੰਡਾ ਵੀ ਨਾਲ ਸੀ। ਪਰ ਉਸ ਨੇ ਜਗਮੋਹਣ ਨੂੰ ਪਛਾਨਣੋਂ ਨਾਂਹ ਕਰ ਦਿੱਤੀ ਸੀ। ਉਹ ਉਸ ਵੱਲ ਬਹੁਤ ਮੇਰ ਨਾਲ ਵਧਿਆ ਸੀ ਪਰ ਉਸ ਨੇ ਮੂੰਹ ਫੇਰ ਲਿਆ ਸੀ।

ਜਗਮੋਹਣ ਨੂੰ ਸਮਝਣ ਨੂੰ ਦੇਰ ਨਹੀਂ ਲੱਗਦੀ ਕਿ ਬੌਬੀ ਇਸੇ ਪਾਕਿਸਤਾਨੀ ਦੀ ਗੱਲ ਕਰਦੀ ਸੀ ਕਿ ਇਸ ਦੀ ਚੁੰਗਲ ਵਿਚੋਂ ਭੱਜ ਕੇ ਆਈ ਸੀ। ਉਹ ਚਿੱਠੀ ਪੜ੍ਹਦਾ ਹੈ। ਯਾਕੂਬ ਅਲੀ ਆਖਦਾ ਹੈ,

"ਜ਼ਰਾ ਮੈਨੂੰ ਵੀ ਦੱਸਦੇ ਜਾਣੈ ਕਿ ਕੀ ਲਿਖਿਆ ਜੇ।"

ਜਗਮੋਹਣ ਕੋਈ ਜਵਾਬ ਦਿੱਤੇ ਬਿਨਾਂ ਚਿੱਠੀ ਪੜ੍ਹਦਾ ਜਾਂਦਾ ਹੈ। ਬੌਬੀ ਦੀ ਮਾਂ ਦੀ ਹੈ। ਜਿਸ ਵਿਚ ਠਾਣੇਦਾਰ ਦੇ ਪਿਓ ਦਾ ਜ਼ਿਕਰ ਹੈ ਕਿ ਸ਼ਾਇਦ ਉਹ ਕੋਠੀ ਮੁੰਡੇ ਦੇ ਨਾਂ ਕਰ ਦੇਵੇ। ਠਾਣੇਦਾਰ ਦਾ ਪਿਓ ਸਮਝੌਤਾ ਕਰਨ ਦੇ ਮੂਡ ਵਿਚ ਹੈ। ਕੁਝ ਹੋਰ ਰਾਜ਼ੀ ਖੁਸ਼ੀ ਦੀਆਂ ਗੱਲਾਂ ਹਨ। ਚਿੱਠੀ ਆਉਣ ਦੀ ਤਰੀਕ ਵੀ ਬਹੁਤੀ ਪੁਰਾਣੀ ਨਹੀਂ ਹੈ। ਦਸ ਕੁ ਦਿਨ ਦੀ ਹੈ। ਸਿਰਨਾਵਾਂ ਕਿਧਰੇ ਉਤਰੀ ਲੰਡਨ ਦਾ। ਜਗਮੋਹਣ ਪੁੱਛਦਾ ਹੈ,

"ਤੁਸੀਂ ਇਹ ਚਿੱਠੀ ਮੇਰੇ ਕੋਲ ਕਿਉਂ ਲੈ ਆਏ ?"

"ਸੌਰੀ ਭਾਈ ਜਾਨ, ਕੀ ਏਹਦੇ ਵਿਚ ਕੁਝ ਗਲਤ ਲਿਖਿਆ ਜੇ ?"

"ਗਲਤ ਤਾਂ ਕੁਸ਼ ਨਹੀਂ ਪਰ ਏਨੇ ਮੀਲ ਚੱਲ ਕੇ ਤੁਸੀਂ ਮੇਰੇ ਕੋਲ ਹੀ ਕਿਉਂ ਆਏ ?"

"ਕਿਉਂਕਿ ਬੌਬੀ ਨੂੰ ਤੁਸੀਂ ਵੀ ਆਸਰਾ ਦਿੱਤਾ ਹੋਸੀ, ਮੈਂ ਤਾਂ ਓਦੋਂ ਈ ਤੁਹਾਡਾ ਥੈਂਕਿਊ ਕਰਨ ਆਸਾਂ ਪਰ ਟਾਈਮ ਨਾ ਲੱਗ ਸੀ।"

ਜਗਮੋਹਣ ਨੂੰ ਸਮਝ ਲੱਗ ਜਾਂਦੀ ਹੈ ਕਿ ਜਦ ਬੌਬੀ ਨੂੰ ਕਿਧਰੇ ਕੋਈ ਸਹਾਰਾ ਨਹੀਂ ਲੱਭਾ ਹੋਵੇਗਾ ਤਾਂ ਉਹ ਵਾਪਸ ਇਸ ਬੰਦੇ ਪਾਸ ਚਲੇ ਗਈ ਹੋਵੇਗੀ। ਉਹ ਉਸ ਨੂੰ ਖਤ ਵਿਚ ਲਿਖੀਆਂ ਗੱਲਾਂ ਸੁਣਾ ਦਿੰਦਾ ਹੈ। ਯਾਕੂਬ ਅਲੀ ਦੱਸ ਰਿਹਾ ਹੈ,

''ਇਹ ਪਤਾ ਮੈਨੂੰ ਬੌਬੀ ਨੇ ਹੀ ਦਿੱਤਾ ਹੋਸੀ।''

''ਕੀ ਹਾਲ ਐ ਬੌਬੀ ਦਾ?''

''ਓ ਨਸੀਬਾਂ ਜਲੀ ਫੇਰ ਲਾਪਤਾ ਜੇ, ਮੈਂ ਕਮਲ਼ਿਆਂ ਵਾਂਗ ਭਾਲਦਾ ਫਿਰਸਾਂ।''

ਕਹਿੰਦਾ ਯਾਕੂਬ ਅਲੀ ਬਹੁਤ ਉਦਾਸ ਹੋ ਜਾਂਦਾ ਹੈ। ਜਗਮੋਹਣ ਉਸ ਬਾਰੇ ਵਧੀਆ ਨਹੀਂ ਸੋਚ ਰਿਹਾ। ਪਤਾ ਨਹੀਂ ਬੌਬੀ ਨੂੰ ਇਹ ਕਿਹੜੇ ਹਾਲ ਵਿਚ ਰੱਖਦਾ ਹੋਵੇਗਾ। ਬੌਬੀ ਦੀ ਸ਼ਰਾਬ ਪੀਣ ਦੀ ਆਦਤ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ। ਉਹ ਸੋਚ ਰਿਹਾ ਹੈ ਕਿ ਉਸ ਨੂੰ ਦੁਰਕਾਰ ਦੇਵੇ ਪਰ ਉਹ ਪਹਿਲਾਂ ਬੌਬੀ ਬਾਰੇ ਕੁਝ ਹੋਰ ਪੁੱਛ ਲੈਣਾ ਚਾਹੁੰਦਾ ਹੈ। ਉਹ ਚਿੱਠੀ ਵਾਪਸ ਦੇ ਕੇ ਪੁੱਛਦਾ ਹੈ,

''ਇਹ ਬੌਬੀ ਵਾਲੀ ਕੀ ਕਹਾਣੀ ਐ ?''

''ਸਰਦਾਰ ਜੀ, ਬੌਬੀ ਬਹੁਤ ਦੁਖੀ ਹੋਸੀ, ਏਸ ਦਾ ਠਾਣੇਦਾਰ ਖਾਵੰਦ ਫੌਤ ਹੋ ਗਿਆ ਜੇ, ਆਹ ਫਰਜੰਦ ਏ ਉਸੇ ਦਾ, ਏਹਦੇ ਸਹੁਰੇ ਨੇ ਏਹਦੇ ਉਪਰ ਮੈਲੀ ਅੱਖ ਰੱਖਣੀ ਸ਼ੁਰੂ ਕਰ ਦਿੱਤੀ, ਉਹ ਖਬੀਸ ਚਾਦਰ ਪਾਉਣ ਤੱਕ ਗਿਆ ਪਰ ਇਹ ਭੱਜ ਤੁਰੀ, ਕਿਸੇ ਨਾ ਕਿਸੇ ਤਰ੍ਹਾਂ ਜਰਮਨੀ ਪਹੁੰਚ ਜਾਸੀ, ਉਥੋਂ ਕਿਸੇ ਨੇ ਵਿਆਹ ਦਾ ਲਾਰਾ ਲਾ ਕੇ ਇਥੇ ਲਿਆ ਘੱਤਿਆ ਤੇ ਗਲਤ ਪਾਸੇ ਲੈ ਜਾਸੀ।''

''ਕੋਈ ਹੈ ਨਹੀਂ ਏਹਦਾ ਇਥੇ ?''

''ਭੈਣ ਹੋਸੀ ਪਰ ਭਣੋਈਆ ਹਰਾਮੀ ਜੇ। ਇਹ ਚੰਦਰੀ ਸੋਹਣੀ ਏਨੀ ਜੇ ਕਿ ਕਿਸੇ ਦਾ ਮਨ ਵੀ ਖਰਾਬ ਹੋ ਜਾਸੀ, ਭਣੋਈਏ ਦਾ ਰਵੱਈਆ ਦੇਖ ਕੇ ਭੈਣ ਨੇ ਏਹਨੂੰ ਘਰੋਂ ਕੱਢ ਛੱਡਿਆ ਜੇ, ਬਹੁਤ ਟ੍ਰੈਜਿਕ ਸਟੋਰੀ ਏ ਜੀ, ਪਹਿਲੀਆਂ ਵਿਚ ਭੈਣ ਨੇ ਕਈ ਮੁੰਡੇ ਵੀ ਦੇਖੇ ਹੋ ਸਨ, ਬੌਬੀ ਦੇ ਤਾਂ ਗਾਹਕ ਬਥੇਰੇ ਹੋਸਨ ਪਰ ਮੁੰਡੇ ਨੂੰ ਕੋਈ ਰੱਖਣ ਨੂੰ ਤਿਆਰ ਨਹੀਂ ਜੇ, ਬਸ ਦਰ-ਬ-ਦਰ ਠੋਕਰਾਂ ਖਾਂਦੀ ਫਿਰਦੀ ਜੇ।''

ਉਸ ਦੀ ਗੱਲ ਜਗਮੋਹਣ ਨੂੰ ਉਦਾਸ ਕਰ ਜਾਂਦੀ ਹੈ। ਉਹ ਪੁੱਛਦਾ ਹੈ,

''ਤੁਹਾਡਾ ਕੀ ਇਨਟਰੱਸਟ ਐ ਬੌਬੀ ਵਿਚ ?''

''ਭਾਈ ਜਾਨ, ਅੱਲ੍ਹਾ ਪਾਕ ਦੀ ਕਸਮ, ਨਿਕਾਹ ਕਰਾ ਸਾਂ, ਬੱਚੇ ਨੂੰ ਪੁੱਤਰ ਬਣਾ ਕੇ ਪਾਲ ਸਾਂ ਪਰ ਕੀ ਕਰਾਂ ਜਿਹੜਾ ਵੀ ਕੋਈ ਪੱਕੀ ਕਰਾਉਣ ਦਾ ਲਾਰਾ ਲਗਾ ਸੀ ਬਸ ਓਹਦੇ ਨਾਲ ਈ ਤੁਰ ਪੈਸੀ।''

ਗੱਲ ਕਰਦਿਆਂ ਯਾਕੂਬ ਅਲੀ ਦੀਆਂ ਅੱਖਾਂ ਭਰ ਆਉਂਦੀਆਂ ਹਨ। ਜਗਮੋਹਣ ਆਖਦਾ ਹੈ,

''ਪਰ ਉਹ ਤਾਂ ਕਹਿ ਰਹੀ ਸੀ ਕਿ ਉਹ ਪੱਕੀ ਐ ਤੇ ਸੋਸ਼ਲ ਸਕਿਉਰਿਟੀ ਮਿਲਦੀ ਐ।''

''ਝੂਠ ਬੋਲ ਸੀ, ਹੋਰ ਬੋਲੇ ਵੀ ਕੀ ਪਰ ਇੰਝ ਆਪਣੀ ਤੇ ਬੱਚੇ ਦੀ ਜ਼ਿੰਦਗੀ ਖਰਾਬ ਕਰਸੀ, ਬੱਚੇ ਨੂੰ ਪੜ੍ਹਨ ਨਾ ਦੇਸੀ। ਮੈਂ ਸਕੂਲ ਭੇਜਿਆ ਵੀ ਪਰ...।''

''ਯਾਕੂਬ ਅਲੀ ਜੀ, ਜਿਹੜੀ ਕਹਾਣੀ ਤੁਸੀਂ ਮੈਨੂੰ ਦੱਸੀ ਐ ਮੈਨੂੰ ਜਾਪਦੈ ਕਿ ਬੌਬੀ ਤਾਂ ਏਦੂੰ ਵੀ ਕਠਿਨ ਰਾਹਾਂ ਉਪਰ ਦੀ ਲੰਘ ਕੇ ਆਈ ਐ।''

''ਉਹ ਕਿਵੇਂ ਜੀ ?''

''ਉਹ ਤਾਂ ਸ਼ਰਾਬ ਦੀ ਸ਼ੌਕੀਨ ਐ ਉਹ ਵੀ ਨੀਟ ਸ਼ਰਾਬ ਦੀ। ਸ਼ਰਾਬ ਦੇ ਰਾਹ ਐਵੇਂ ਨਹੀਂ ਤੁਰਦੀਆਂ ਆਪਣੀਆਂ ਔਰਤਾਂ।''

''ਦੇਖੋ ਸਰਦਾਰ ਜੀ, ਮੈਂ ਪੱਕਾ ਮੁਸਲਮਾਨ ਹੋਸਾਂ, ਪੰਜ ਨਵਾਜੀ, ਹੁਣ ਪਤਾ ਨਹੀਂ ਉਹ ਕਿਥੇ ਕਿਥੇ ਤੁਰੀ ਫਿਰਦੀ ਹੋਸੀ ਕਿਸ ਕਿਸ ਨਾਲ..। ਸਰਦਾਰ ਜੀ ਮੈਂ ਤਾਂ ਨਿਕਾਹ ਕਰਾ ਕੇ ਰੱਖ ਸਾਂ ਤੇ ਮੁਸਲਮਾਨ ਬਣਾ ਸਾਂ, ਅੱਲ੍ਹਾ ਪਾਕ ਇਸਲਾਮ ਕਬੂਲ ਕਰੇ ਤਾ ਅੱਲਾ ਸਭ ਗੁਨਾਹ ਮੁਆਫ ਕਰ ਸੀ।''

ਕਹਿੰਦਾ ਯਾਕੂਬ ਅਲੀ ਕੰਨਾਂ ਨੂੰ ਹੱਥ ਲਾਉਂਦਾ ਹੈ। ਜਗਮੋਹਣ ਉਸ ਵੱਲ ਦੇਖਦਾ ਉਸ ਨੂੰ ਪਰਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਯਾਕੂਬ ਅਲੀ ਕਹਿੰਦਾ ਹੈ,

''ਸਰਦਾਰ ਜੀ, ਬੌਬੀ ਲਭਾਉਣ ਵਿਚ ਮੇਰੀ ਮੱਦਦ ਕਰੋ।''

''ਯਾਕੂਬ ਅਲੀ, ਸਾਊਥਾਲ ਤਾਂ ਬੌਬੀਆਂ ਲਈ ਸਮੁੰਦਰ ਨਿਆਈਂ ਐ, ਪਤਾ ਨਹੀਂ ਉਹ ਕਿਥੇ ਹੋਵੇਗੀ।''

ਕਹਿੰਦਾ ਜਗਮੋਹਣ ਸੋਚਣ ਲੱਗਦਾ ਹੈ ਕਿ ਮਨਦੀਪ ਨਾਲ ਬੌਬੀ ਬਾਰੇ ਕੋਈ ਗੱਲ ਨਹੀਂ ਕਰੇਗਾ ਨਹੀਂ ਤਾਂ ਉਹ ਕਹੇਗੀ ਕਿ ਤੈਨੂੰ ਇਕ ਚੁੜੇਲ ਹੋਰ ਚੁੰਬੜ ਗਈ।

ਤੇਤੀ

ਭੁਪਿੰਦਰ ਫਿਲਮਾਂ ਵਿਚ ਮਿਲਦੇ ਕੰਮ ਨਾਲ ਖੁਸ਼ ਹੈ। ਉਹ ਜਗਮੋਹਣ ਨੂੰ ਤੇ ਹੋਰਨਾਂ ਦੋਸਤਾਂ ਨੂੰ ਫੋਨ ਕਰਕੇ ਆਪਣੀ ਇਹ ਖੁਸ਼ੀ ਸਾਂਝੀ ਕਰਦਾ ਰਹਿੰਦਾ ਹੈ। ਹੁਣ ਸੰਗੀਤ ਦੇ ਵੀਡੀਓ ਅਜਿਹੇ ਬਣਨ ਲੱਗੇ ਹਨ ਕਿ ਭੁਪਿੰਦਰ ਜਿਹੇ ਐਕਟਰਾਂ ਦੀ ਮੰਗ ਵਧ ਗਈ ਹੈ। ਭੁਪਿੰਦਰ ਉਸ ਨੂੰ ਪੁੱਛਦਾ ਹੈ ਕਿ ਜੇ ਕਿਸੇ ਅਜਿਹੇ ਵੀਡਿਓ ਵਿਚ ਕੰਮ ਕਰਨਾ ਹੈ ਤਾਂ

ਦੱਸੇ ਪਰ ਜਗਮੋਹਨ ਦਾ ਇਹ ਸ਼ੌਂਕ ਹੁਣ ਪਹਿਲਾਂ ਜਿਹਾ ਨਹੀਂ ਹੈ। ਐਕਟਿੰਗ ਨਾਲੋਂ ਉਸ ਨੂੰ ਰੈਡ ਹਾਊਸ ਵਿਚ ਬੈਠ ਕੇ ਲੋਕਾਂ ਨੂੰ ਸਲਾਹਾਂ ਦੇਣੀਆਂ ਉਸ ਨੂੰ ਚੰਗਾ ਲੱਗਦਾ ਪਰ ਹੁਣ ਉਹ ਵੀ ਬੰਦ ਹੋ ਜਾਂਦਾ ਹੈ। ਕਿਸੇ ਨੂੰ ਕਨੂੰਨੀ ਸਲਾਹ ਦਿੰਦਿਆਂ ਜਾਪਦਾ ਹੈ ਕਿ ਜਿਵੇਂ ਉਹ ਕੁਝ ਹੋਵੇ। ਉਸ ਨੂੰ ਆਪਣੀ ਹੈਸੀਅਤ ਵੱਡੀ ਵੱਡੀ ਜਾਪਣ ਲਗਦੀ। ਉਸ ਨੂੰ ਦੁੱਖ ਹੈ ਕਿ ਇਹ ਸਭ ਬੰਦ ਕਰਨਾ ਪਿਆ। ਇਕ ਗੱਲ ਹੋਰ ਕਦੇ ਕਦੇ ਉਸ ਨੂੰ ਦੁਖੀ ਕਰਨ ਲਗਦੀ ਹੈ ਕਿ ਸ਼ਾਮ ਭਾਰਦਵਾਜ ਨੇ ਪੁਰਾਣੇ ਦੋਸਤਾਂ ਵਲੋਂ ਇਕ ਕਿਸਮ ਨਾਲ ਮੁੱਖ ਜਿਹਾ ਮੋੜ ਲਿਆ ਹੈ।

ਇਨ੍ਹਾਂ ਸਭ ਤੋਂ ਉਪਰ ਉਸ ਨੂੰ ਗਰੇਵਾਲ ਦੀ ਦੋਸਤੀ ਦਾ ਚਾਅ ਹੈ। ਗਰੇਵਾਲ ਭਾਵੇਂ ਉਮਰ ਵਿਚ ਉਸ ਤੋਂ ਵੱਡਾ ਹੈ ਪਰ ਦੋਸਤਾਂ ਵਾਂਗ ਵਰਤਦਾ ਹੈ। ਉਮਰ ਵਿਚਲੇ ਫਰਕ ਨੂੰ ਕਦੇ ਮਹਿਸੂਸ ਨਹੀਂ ਹੋਣ ਦਿੰਦਾ। ਉਸ ਨੂੰ ਗਰੇਵਾਲ ਨਾਲ ਬੈਠ ਕੇ ਸਿਗਰਟਾਂ ਪੀਣਾ ਚੰਗਾ ਲਗਦਾ ਹੈ। ਗਰੇਵਾਲ ਸੌਮਰਸੈਟ ਐਵੇਨਿਊ ਉਪਰ ਰਹਿੰਦਾ ਹੈ ਜਿਹੜੀ ਕਿ ਲੇਡੀ ਮਾਰਗਰੇਟ ਰੋਡ ਵਿਚੋਂ ਹੀ ਨਿਕਲਦੀ । ਉਹ ਇਕੱਲਾ ਰਹਿੰਦਾ ਹੈ। ਉਸ ਦੀ ਪਤਨੀ ਬਹੁਤ ਦੇਰ ਪਹਿਲਾਂ ਉਸ ਨੂੰ ਛੱਡ ਕੇ ਅਮਰੀਕਾ ਚਲੇ ਗਈ ਸੀ। ਜਗਮੋਹਣ ਕਈ ਵਾਰ ਪੁੱਛਣ ਲੱਗ ਜਾਂਦਾ ਹੈ,

"ਸਰ ਜੀ, ਏਡੀ ਪਹਾੜ ਜਿੱਡੀ ਜ਼ਿੰਦਗੀ ਇਕੱਲਿਆਂ ਕਿਵੇਂ ਕੱਟ ਲਈ ?"

"ਇਨ੍ਹਾਂ ਕਿਤਾਬਾਂ ਸਹਾਰੇ।"

"ਕਿਉਂ ? ਕਿਤਾਬਾਂ ਸਹਾਰੇ ਹੀ ਕਿਉਂ ? ਕਿਤਾਬਾਂ ਤੋਂ ਅਗਾਂਹ ਤੁਹਾਨੂੰ ਕੁਝ ਨਹੀਂ ਦਿਸ ਰਿਹਾ ?"

"ਕਿਉਂਕਿ ਕਿਤਾਬਾਂ ਤੁਹਾਡੇ ਨਾਲ ਹੋਰ ਤਰ੍ਹਾਂ ਝਗੜਦੀਆਂ ਨੇ, ਇਹ ਤੁਹਾਨੂੰ ਨੀਵਾਂ ਨਹੀਂ ਦਿਖਾਉਂਦੀਆਂ ਸਗੋਂ ਤੁਹਾਡੀ ਕਿਸੇ ਊਣ ਤੇ ਉਂਗਲ ਰੱਖ ਕੇ ਤੁਹਾਨੂੰ ਹੋਰ ਪੜ੍ਹਨ ਲਈ ਉਕਸਾਉਂਦੀ ਨੇ। ਕਿਤਾਬਾਂ ਜ਼ਖਮ ਦੇ ਜਾਂਦੀਆਂ ਪਰ ਇਨ੍ਹਾਂ ਵਿਚ ਮੰਦਭਾਵਨਾ ਨਹੀਂ ਹੁੰਦੀ ਪਰ ਇਨਸਾਨ ਤਾਂ ਪੁੱਛ ਨਾ ਕੁਝ....।"

ਗਰੇਵਾਲ ਦੀ ਪਤਨੀ ਜੁਗਿੰਦਰ ਕੌਰ ਉਸ ਨੂੰ ਸਿਰਫ ਇਸ ਕਰਕੇ ਛੱਡ ਗਈ ਸੀ ਕਿ ਉਹ ਆਪਣੀ ਸਾਰੀ ਕਮਾਈ ਭਰਾਵਾਂ ਨੂੰ ਭੇਜੀ ਜਾਂਦਾ ਸੀ। ਗਰੇਵਾਲ ਦੱਸਣ ਲੱਗਦਾ ਹੈ,

"ਪਿਓ ਮਰ ਗਿਆ ਸੀ ਤੇ ਮੈਂ ਵੱਡਾ ਸਾਂ। ਭਰਾਵਾਂ ਨੂੰ ਪੜ੍ਹਾਉਣ ਦਾ ਤੇ ਘਰ ਚਲਾਉਣ ਦਾ ਸਾਰਾ ਜ਼ਿੰਮਾ ਮੇਰਾ ਸੀ। ਜੁਗਿੰਦਰ ਕੌਰ ਹਰ ਵੇਲੇ ਲੜਦੀ ਰਹਿੰਦੀ ਸੀ। ਇੰਨਾ ਲੜਦੀ ਕਿ ਸਿਰ ਕੰਧਾਂ ਵਿਚ ਮਾਰਨ ਲੱਗਦੀ। ਦੁਕਾਨ ਸੀ ਸਾਡੀ, ਦੁਕਾਨ ਵਿਚੋਂ ਪੈਸੇ ਚੋਰੀ ਕਰ ਲੈਂਦੀ। ਸਿਰਫ ਮੈਨੂੰ ਸਬਕ ਦੇਣ ਲਈ। ਫਿਰ ਇਕ ਦਿਨ ਕੋਈ ਰਿਸ਼ਤੇਦਾਰ ਅਮਰੀਕਾ ਤੋਂ ਆਇਆ ਤੇ ਉਸ ਨਾਲ ਤੁਰ ਗਈ।"

"ਮੁੜ ਨਹੀਂ ਬਹੁੜੀ ?"

"ਕੀ ਬਹੁੜਨਾ ਸੀ, ਤਲਾਕ ਦੇ ਪੇਪਰ ਬਹੁੜੇ ਸੀ।"

ਕਹਿ ਕੇ ਗਰੇਵਾਲ ਹੱਸਦਾ ਹੈ।

"ਕੋਈ ਬੱਚਾ ਵੀ ਨਹੀਂ ਸੀ ?"

"ਬੱਚੇ ਤੋਂ ਪ੍ਰਹੇਜ਼ ਕਰਦੇ ਸੀ ਅਸੀਂ, ਥੋੜ੍ਹਾ ਸੈਟਲ ਹੋਣਾ ਚਾਹੁੰਦੇ ਸਾਂ, ਮੈਂ ਚਾਹੁੰਦਾ ਸਾਂ ਕਿ ਉਹ ਦੁਕਾਨ ਚਲਾਵੇ ਤੇ ਮੈਂ ਪੜ੍ਹਾਂ।"

"ਜੇ ਕੋਈ ਬੱਚਾ ਹੁੰਦਾ ਤਾਂ ਸ਼ਾਇਦ ਇਹ ਸਭ ਨਾ ਹੁੰਦਾ।"

"ਨਹੀਂ, ਉਸ ਦਾ ਉਡਾਰ ਸੁਭਾਅ ਸੀ, ਉਡ ਗਈ।"

"ਮੁੜ ਕੋਈ ਖਬਰ ਨਹੀਂ ?"

"ਇਕ ਵਾਰ ਪਹਿਲੀਆਂ ਵਿਚ ਵੀ ਹਵਾ ਉਡੀ ਸੀ ਕਿ ਉਸ ਕੋਲ ਮੇਰੀ ਬੱਚੀ ਸੀ ਪਰ ਮੈਂ ਸ਼ੋਅਰ ਸਾਂ ਕਿ ਜਦ ਇਥੋਂ ਗਈ ਤਾਂ ਏਦਾਂ ਦੀ ਕੋਈ ਗੱਲ ਨਹੀਂ ਸੀ ਪਰ ਇਹ ਤਾਂ ਹੁਣ ਹਿਸਟਰੀ ਐ। ਹਿਸਟਰੀ ਕਬਰਾਂ ਹੁੰਦੀ ਐ, ਕਬਰਿਸਤਾਨ ਨਾਲ ਮੈਨੂੰ ਨਫਰਤ ਐ।"

"ਆਪਾਂ ਸਾਰਿਆਂ ਕਬਰਸਤਾਨ ਈ ਜਾਣੈ।"

"ਹਾਂ, ਮਰ ਕੇ, ਜੀਉਂਦੇ ਜੀ ਕਿਉਂ ਜਾਈਏ!"

ਜਗਮੋਹਣ ਨੇ ਕੋਈ ਵੀ ਸਲਾਹ ਕਰਨੀ ਹੁੰਦੀ ਹੈ ਤਾਂ ਗਰੇਵਾਲ ਕੋਲ ਭੱਜਿਆ ਜਾਂਦਾ ਹੈ। ਪ੍ਰੀਤੀ ਬਾਰੇ, ਬੌਬੀ ਬਾਰੇ ਜਾਂ ਫਿਰ ਸੁੱਖੀ ਬਾਰੇ ਵੀ ਗੱਲਾਂ ਕਰਨ ਬਹਿ ਜਾਂਦਾ ਹੈ। ਗਰੇਵਾਲ ਕਹਿੰਦਾ ਹੈ,

"ਤੂੰ ਕਿਸੇ ਗੱਲ ਨੂੰ ਦਿਲ 'ਤੇ ਲਾ ਲੈਨਾਂ, ਇਹ ਗੱਲਾਂ ਦਿਲ 'ਤੇ ਨਹੀਂ ਦਿਮਾਗ ਵਿਚ ਰੱਖੀਦੀਆਂ। ਇਨ੍ਹਾਂ ਬਾਰੇ ਸੋਚੋ ਤੇ ਕਿਸੇ ਸਿੱਟੇ 'ਤੇ ਪੁੱਜੋ ਤੇ ਕੁਝ ਕਰੋ। ਜੇ ਕੁਝ ਨਹੀਂ ਕਰ ਸਕਦੇ ਤਾਂ ਮਨ ਵਿਚੋਂ ਡੀਲੀਟ ਕਰ ਦਿਓ। ਦਿਲ 'ਤੇ ਲਾਇਆਂ ਆਪਾਂ ਕਿਤੇ ਵੀ ਨਹੀਂ ਪਹੁੰਚ ਸਕਦੇ।"

"ਦਿਲ ਉਪਰ ਤਾਂ ਮੈਂ ਸਿਰਫ ਸੁੱਖੀ ਨੂੰ ਲਾ ਬੈਠਾ ਸੀ। ਅਸਲ ਵਿਚ ਸੁੱਖੀ ਸੁਹਣੀ ਸੀ, ਲੰਮੂਤਰਾ ਜਿਹਾ ਚਿਹਰਾ ਤੇ ਗੋਲ ਗੋਲ ਨਿੱਗਰ ਲੱਤਾਂ। ਉਸ ਦੀਆਂ ਲੱਤਾਂ ਦੀ ਇਕ ਖਾਸੀਅਤ ਸੀ ਕਿ ਉਸ ਦੀਆਂ ਪਿੰਨੀਆਂ ਵੀ ਨਿੱਗਰ ਸਨ, ਨਹੀਂ ਤਾਂ ਏਸ਼ੀਅਨ ਔਰਤਾਂ ਦੀਆਂ ਪਿੰਨੀਆਂ ਪਤਲੀਆਂ ਹੁੰਦੀਆਂ, ਤਾਂ ਹੀ ਸਕਰਟ ਪਾਈ ਵੀ ਚੰਗੀ ਨਹੀਂ ਲੱਗਦੀ ਕਈ ਵਾਰ।"

"ਇਸ ਗੱਲ ਦਾ ਕਦੇ ਇਜ਼ਹਾਰ ਵੀ ਕੀਤਾ ਓਹਦੇ ਕੋਲ?"

"ਨਹੀਂ, ਇਜ਼ਹਾਰ ਕੀ ਕਰਨਾ ਸੀ ਕਦੇ ਬੋਲ ਵੀ ਸਾਂਝਾ ਨਹੀਂ ਹੋਇਆ ਸਾਡਾ, ਜਦ ਮੱਛੀ ਵਾਂਗ ਭੱਜਦੀ ਪਾਣੀ ਵਿਚੋਂ ਨਿਕਲਦੀ ਤਾਂ ਇਕ ਵਾਰ ਮੇਰੇ ਵੱਲ ਜ਼ਰੂਰ ਦੇਖ ਲਿਆ ਕਰਦੀ ਪਰ ਉਸ ਵਿਚ ਉਸ ਦਾ ਗਰੂਰ ਹੁੰਦਾ ਕਿ ਮੈਂ ਹਾਂ ਪਰ ਆਹ ਜਿਹੜੀਆਂ ਓਹਦੇ ਲਈ ਫੀਲਿੰਗਜ਼ ਸੀ ਇਹ ਤਾਂ ਓਹਦੇ ਮਰਨ ਤੋਂ ਬਾਅਦ ਈ ਮੈਨੂੰ ਪਤਾ ਚੱਲੀਆਂ।"

"ਸ਼ਾਇਦ ਉਸ ਦੀ ਮੌਤ ਦਾ ਕਾਰਨ ਹੀ ਤੈਨੂੰ ਜ਼ਿਆਦਾ ਭਾਵੁਕ ਕਰ ਗਿਆ ਹੋਵੇ।"
"ਹੋ ਸਕਦੈ।"
"ਯੰਗ ਮੈਨ, ਭਾਵੁਕ ਹੋਣਾ ਮਰਦਾਂ ਦਾ ਕੰਮ ਨਹੀਂ, ਮਰਦ ਤਾਂ ਸਟੇਸ਼ਨ ਦੀ ਨਿਆਈਂ ਹੋਣਾ ਚਾਹੀਦੈ, ਗੱਡੀ ਆਵੇ, ਰੁਕੇ ਤੇ ਲੰਘ ਜਾਵੇ। ਸਟੇਸ਼ਨ ਉਥੇ ਦਾ ਉਥੇ ਈ ਰਹੇ।"
"ਸਟੇਸ਼ਨ ਤਾਂ ਤੁਹਾਡੇ ਵਰਗਾ ਇਕੱਲਾ ਮਰਦ ਈ ਬਣ ਸਕਦਾ ਜਿਹਦੇ ਕੋਲ ਕਿਸਮਤ ਨਾਲ ਜੌਬ ਵੀ ਅਜਿਹੀ ਹੋਵੇ ਕਿ ਸਵਾਰੀਆਂ ਆਉਂਦੀਆਂ ਜਾਂਦੀਆਂ ਰਹਿਣ।"

ਸੁਣ ਕੇ ਗਰੇਵਾਲ ਠੰਡਾ ਸਾਹ ਭਰਦਾ ਹੈ ਤੇ ਹੱਸਦਾ ਹੈ। ਜਗਮੋਹਣ ਪੁੱਛਦਾ ਹੈ,
"ਕੋਈ ਸਟੇਸ਼ਨ ਮਾਸਟਰ ਬਣਨ ਦੀ ਕੋਸ਼ਿਸ਼ ਵੀ ਕਰਦੀ ਸੀ ?"
"ਕਈਆਂ ਨੇ ਕੀਤੀ ਪਰ ਮੈਂ ਆਰਜ਼ੀ ਰਿਸ਼ਤਿਆਂ ਦੇ ਹੱਕ ਵਿਚ ਆਂ, ਇਸ ਮਾਮਲੇ ਵਿਚ ਗੋਰੀ ਔਰਤ ਸਪੱਸ਼ਟ ਗੱਲ ਕਰਦੀ ਐ, ਪਹਿਲਾਂ ਈ ਟੈਂਪਰੇਰੀ ਦੋਸਤੀ ਪਾਉਂਦੀ ਏ ਪਰ ਸਾਡੀਆਂ ਔਰਤਾਂ ਦਾ ਤਾਂ ਏਮ ਈ ਇਕ ਹੁੰਦੈ ਕਿ ਠਾਹ ਕਰਕੇ ਵਿਆਹ ਦੀ ਗੱਲ ਕਰਦੀਆਂ। ਮੈਂ ਗੁਰਦੁਆਰੇ ਲੈਕਚਰ ਕਰਨ ਜਾਵਾਂ ਤਾਂ ਉਥੇ ਬਹੁਤ ਸ਼ਿੱਟਾਂ ਮਿਲ ਜਾਂਦੀਆਂ।"

ਕਹਿੰਦਾ ਗਰੇਵਾਲ ਫਿਰ ਹੱਸਦਾ ਹੈ।

ਇਕ ਦਿਨ ਜਗਮੋਹਣ ਪੁੱਛਦਾ ਹੈ,
"ਸਰ ਜੀ, ਦਿਲੀ ਵਾਲੀ ਦਾ ਕੀ ਬਣਿਆ ?"
"ਕਿਹੜੀ ਦਿਲੀ ਵਾਲੀ ?"
"ਜੇਹਦੀ ਖਾਤਰ ਦਾੜ੍ਹੀ ਰੰਗਣੀ ਆਰੰਭੀ ਸੀ।"
"ਅੱਛਾ ਪਰਮਿੰਦਰ ਕੌਰ, ਉਹ ਤਾਂ ਫੋਕਾ ਫਾਇਰ ਸੀ, ਗਲ਼ ਪੈਣ ਨੂੰ ਫਿਰਦੀ ਸੀ। ਮੇਰਾ ਮਕਸਦ ਦੋਸਤੀ ਸੀ ਜਾਂ ਇਕ ਰਿਸ਼ਤਾ ਕਾਇਮ ਕਰਨਾ ਪਰ ਉਹ ਵਿਆਹ ਕਰਵਾਉਣ ਲਈ ਕਾਹਲੀ ਪੈਂਦੀ ਸੀ।"
"ਉਹਨੂੰ ਕੀ ਪਤਾ ਕਿ ਸਰ ਜੀ ਦੀ ਜ਼ਿੰਦਗੀ ਵੀ ਐਂਟਰੀ ਇੰਨੀ ਅਸਾਨ ਨਹੀਂ।"
"ਵੈਸੇ ਇਕ ਗੱਲ ਸੀ ਕਿ ਬੋਲਦੀ ਬਹੁਤ ਧੜੱਲੇ ਨਾਲ ਸੀ। ਉਹ ਗੁਰਦੁਆਰੇ ਦੀ ਸਟੇਜ ਤੋਂ ਆਪਣੇ ਮਨ ਦੀ ਗੱਲ ਕਹਿ ਜਾਂਦੀ ਸੀ, ਦਿੱਲੀ ਦੰਗਿਆਂ ਵਿਚ ਉਸ ਦਾ ਪਤੀ ਤੇ ਪੁੱਤਰ ਮਾਰੇ ਗਏ ਸਨ, ਇਥੋਂ ਦਿੱਲੀ ਦੰਗਿਆਂ ਲਈ ਹਜ਼ਾਰਾਂ ਪੌਂਡ ਇਕੱਠੇ ਹੋਏ ਪਰ ਸਹੀ ਬੰਦਿਆਂ ਤੱਕ ਕੁਝ ਨਹੀਂ ਸੀ ਪੁੱਜਾ, ਉਹ ਇਹ ਗੱਲ ਠੋਕ ਵਜਾ ਕੇ ਕਹਿ ਜਾਂਦੀ ਸੀ। ਕਈ ਵਾਰ ਖਾਲਿਸਤਾਨੀਆਂ ਦੀ ਸਟੇਜ ਤੋਂ ਉਹਨਾਂ ਦੀ ਈ ਅਲੋਚਨਾ ਕਰ ਜਾਂਦੀ ਸੀ।"
"ਅੱਜ ਕੱਲ ਕਿਥੇ ਐ ?"
"ਅੱਜ ਕੱਲ ਇਕ ਬੁੱਢੇ ਗ੍ਰੰਥੀ ਨਾਲ ਵਿਆਹ ਕਰਾ ਕੇ ਪੱਕੀ ਹੋ ਗਈ ਐ, ਕਿਸੇ ਗੁਰਦੁਆਰੇ ਵਿਚ ਪੰਜਾਬੀ ਪੜ੍ਹਾਉਂਦੀ ਐ।"

ਇਕ ਸ਼ਾਮ ਜਗਮੋਹਣ ਗਰੇਵਾਲ ਦੇ ਘਰ ਆਉਂਦਾ ਹੈ। ਉਸ ਦੇ ਹੱਥ ਵਿਚ ਇਸ ਹਫਤੇ ਦਾ 'ਵਾਸ ਪਰਵਾਸ' ਹੈ। ਉਹ ਗਰੇਵਾਲ ਦੇ ਸੂਟ, ਟਾਈ ਅਤੇ ਪੱਗੜੀ ਦੇਖ ਕੇ ਪੁੱਛਦਾ ਹੈ,
"ਸਰ ਜੀ, ਹੁਣੇ ਈ ਆਏ ਓ ?"
"ਨਹੀਂ, ਚਾਰ ਵਜੇ ਈ ਆ ਗਿਆ ਸੀ।"
"ਕਿਤੇ ਜਾਣ ਦੀ ਤਿਆਰੀ ਲੱਗਦੀ ਐ ?"
"ਨਹੀਂ, ਕਿਤੇ ਨਹੀਂ ਜਾਣਾ, ਹੁਣ ਤਾਂ ਖਾ ਪੀ ਕੇ ਸੌਣਾ ਈ ਐ।"
"ਫਿਰ ਇਹ ਘੋੜੇ ਵਾਂਗ ਤਿਆਰੀ ਕਿਉਂ ਕੱਸ ਰੱਖੀ ਐ ?"
"ਆ ਜਾ ਅੰਦਰ ਲੰਘ ਆ ਪਹਿਲਾਂ।"

ਜਗਮੋਹਣ ਉਸ ਦੇ ਮਗਰ ਫਰੰਟ ਰੂਮ ਵਿਚ ਆ ਜਾਂਦਾ ਹੈ। ਗਰੇਵਾਲ ਕਹਿੰਦਾ ਹੈ,
"ਇਹ ਤਾਂ ਮੈਂ ਸੋਚਿਆ ਹੀ ਨਹੀਂ। ਮੈਂ ਕਾਲਜੋਂ ਆ ਕੇ ਟੈਲੀ ਮੁਹਰੇ ਬੈਠ ਗਿਆਂ ਤੇ ਬਸ ਬੈਠਾ ਰਿਹਾਂ।"
"ਚਾਹ ਪੀਤੀ ਆ ਕੇ ?"
"ਨਹੀਂ, ਚਾਹ ਵੀ ਨਹੀਂ ਤੇ ਪਾਣੀ ਵੀ ਨਹੀਂ, ਮੈਨੂੰ ਤਾਂ ਜਾਪਦੈ ਕਿ ਮੈਂ ਟੈਲੀ ਔਨ ਕੀਤਾ ਤੇ ਇਵੇਂ ਈ ਚਲੀ ਜਾ ਰਿਹਾ ਏ। ਮੈਨੂੰ ਤਾਂ ਇਹ ਵੀ ਯਾਦ ਨਹੀਂ ਇੰਨੀ ਦੇਰ ਕਿਹੜਾ ਪ੍ਰੋਗਰਾਮ ਦੇਖਿਆ ਮੈਂ।"
"ਸਰ ਜੀ, ਤੁਸੀਂ ਗਏ ਕੰਮ ਤੋਂ ! ਦੇਖਿਓ ਕਿਤੇ ਏਦਾਂ 'ਕੱਲੇ ਈ ਬੈਠੇ ਰਹਿ ਜਾਣਾ।"
"ਹਾਂ ਯਾਰ, ਹੁਣ ਲੱਗਦੈ ਕਿ ਕੋਈ ਹੋਵੇ ਜਿਹੜਾ ਚਾਹ ਬਣਾ ਕੇ ਦੇਵੇ, ਪਾਣੀ ਦਾ ਗਲਾਸ ਫੜਾਵੇ। ਜਿਵੇਂ ਜਿਵੇਂ ਉਮਰ ਵਧ ਰਹੀ ਐ ਕਿਸੇ ਦੀ ਲੋੜ ਮਹਿਸੂਸ ਹੋਣ ਲਗਦੀ ਐ।"
"ਫੇਰ ਦੇਖੀਏ ਕੋਈ ?"
"ਹੁਣ ਤਾਂ ਅਗਲੀ ਦੁਨੀਆਂ ਵਿਚ ਈ ਦੇਖਾਂਗੇ ਕੋਈ।"

ਕਹਿ ਕੇ ਗਰੇਵਾਲ ਹੱਸਣ ਲਗਦਾ ਹੈ। ਜਗਮੋਹਣ 'ਵਾਸ ਪਰਵਾਸ' ਖੋਹਲਦਾ ਬੋਲਦਾ ਹੈ,
"ਮੈਂ ਤੁਹਾਡਾ ਲੇਖ ਪੜ੍ਹਿਆ – ਅਵਚੇਤਨ ਕਿਵੇਂ ਕੰਮ ਕਰਦਾ ਹੈ, ਮੈਂ ਖਬਰਾਂ ਤੇ ਚੁਟਕਲਿਆਂ ਤੋਂ ਬਿਨਾਂ ਕੁਸ਼ ਨਹੀਂ ਪੜ੍ਹਦਾ ਹੁੰਦਾ ਪਰ ਤੁਹਾਡਾ ਲੇਖ ਪੂਰਾ ਪੜ੍ਹ ਗਿਆਂ।"
"ਤੂੰ ਪੜ੍ਹਨ ਦੀ ਆਦਤ ਪਾ, ਇਹ ਬਹੁਤ ਚੰਗੀ ਆਦਤ ਏ, ਆਪਣੇ ਮੁੰਡਿਆਂ ਨੂੰ ਵੀ ਪੜ੍ਹਨ ਦੀ ਚੇਟਕ ਲਾ।"

ਕਹਿੰਦਾ ਹੋਇਆ ਗਰੇਵਾਲ ਉਠ ਕੇ ਉਸ ਨੂੰ ਇਕ ਕਿਤਾਬ ਦੇ ਕੇ ਆਖਦਾ ਹੈ,

"ਲੈ ਇਹਨੂੰ ਪੜ, ਇਹ ਰੋਜ਼ਾਨਾ ਜਿੰਦਗੀ ਬਾਰੇ ਏ, ਤੈਨੂੰ ਪਸੰਦ ਆਏਗੀ।"

"ਕਿਥੋਂ ਪੜੀ ਜਾਣੀ ਐ, ਤੁਹਾਡੀ ਕੋਈ ਲਿਖੀ ਹੋਈ ਹੈਗੀ ਐ ਤਾਂ ਦੇ ਦਿਓ।"

"ਮੈਂ ਇੰਨਾ ਕਿਥੋਂ ਲਿਖਦਾਂ, ਇਹ ਤਾਂ ਗਿਆਨ ਇੰਦਰ ਮੇਰਾ ਪੁਰਾਣਾ ਮਿੱਤਰ ਏ ਤੇ ਕਦੇ ਕਦੇ ਕੁਸ਼ ਲਿਖਣ ਦਾ ਹੁਕਮ ਚਾੜ ਦਿੰਦਾ ਏ।"

"ਤੁਹਾਡਾ ਮਿੱਤਰ ਤਾਂ ਖਾਲਿਸਤਾਨ ਦਾ ਮਾਊਥਪੀਸ ਬਣ ਕੇ ਰਹਿ ਗਿਐ।"

"ਮਾਊਥਪੀਸ ਨਹੀਂ ਕਿਸੇ ਦਾ, ਜਿਹੜੀ ਗੱਲ ਉਸ ਨੂੰ ਚੰਗੀ ਲਗੇ ਉਹੀ ਕਰਦਾ ਏ, ਹੁਣ ਉਸ ਨੇ ਖਾਲਿਸਤਾਨ ਤੋਂ ਵੀ ਮੂੰਹ ਮੋੜ ਲਿਆ ਏ, ਇਹਨਾਂ ਦੇ ਹੁਣ ਕਈ ਗਰੁੱਪ ਬਣ ਗਏ ਤੇ ਇਕ ਦੂਜੇ ਤੇ ਦੂਸ਼ਣਬਾਜ਼ੀ ਕਰੀ ਜਾਂਦੇ ਨੇ, ਗਿਆਨ ਇੰਦਰ ਵੀ ਇਹੋ ਜਿਹੀ ਦੂਸ਼ਣਬਾਜ਼ੀ ਦਾ ਸ਼ਿਕਾਰ ਹੋਈ ਬੈਠਾ ਏ। ਇਹ ਗਰੁੱਪ ਇਕ ਦੂਜੇ ਦੇ ਵੈਰੀ ਬਣੇ ਬੈਠੇ ਨੇ।"

ਗਰੇਵਾਲ ਹਾਲੇ ਗੱਲ ਕਰ ਹੀ ਰਿਹਾ ਹੈ ਕਿ ਟੈਲੀ ਤੇ ਖਬਰਾਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲੀ ਖਬਰ ਹੈ ਕਿ ਗਿਆਨ ਇੰਦਰ ਦਾ ਕਤਲ ਹੋ ਗਿਆ ਹੈ। ਉਹ ਦੋਵੇਂ ਇਕ ਦੂਜੇ ਦੇ ਮੂੰਹ ਵਲ ਦੇਖਣ ਲਗਦੇ ਹਨ।

ਚੌਤੀ

ਇਹ ਗੱਲ ਹੈ ਸਠਵਿਆਂ ਦੀ ਜਿਹਨਾਂ ਦਿਨਾਂ ਵਿਚ ਪੰਜਾਬੀ ਲੋਕ ਸਾਊਥਾਲ ਵਿਚ ਆ ਕੇ ਵਸਣੇ ਸ਼ੁਰੂ ਹੁੰਦੇ ਹਨ। ਸਾਊਥਾਲ ਵਿਚ ਵਸਣ ਦੇ ਕਈ ਕਾਰਨ ਹਨ। ਇਹ ਏਅਰ ਪੋਰਟ ਦੇ ਨਜ਼ਦੀਕ ਹੈ। ਇਕ ਸੌ ਪੰਜ ਨੰਬਰ ਬਸ ਸਿਧੀ ਜਾਂਦੀ ਹੈ। ਇਥੇ ਘਰ ਵੀ ਆਲੇ ਦੁਆਲੇ ਦੇ ਇਲਾਕਿਆਂ ਨਾਲੋਂ ਕੁਝ ਸਸਤੇ ਹਨ। ਇਥੇ ਕੰਮ ਵੀ ਅਸਾਨੀ ਨਾਲ ਮਿਲ ਜਾਂਦੇ ਹਨ। ਕੁਝ ਲੋਕ ਪਹਿਲਾਂ ਇਥੇ ਵਸਦੇ ਹਨ ਤੇ ਫਿਰ ਆਪਣਿਆਂ ਦੇ ਨੇੜੇ ਰਹਿਣ ਦੇ ਮਕਸਦ ਨਾਲ ਹੋਰ ਲੋਕ ਵੀ ਇਥੇ ਹੀ ਵਸੇਬਾ ਕਰਦੇ ਜਾਂਦੇ ਹਨ। ਇਹਨਾਂ ਦਿਨਾਂ ਵਿਚ ਲੋਕ ਹੇਰਵਾ ਗ੍ਰਸਤ ਹਨ। ਇਹਨਾਂ ਨੂੰ ਆਪਣੇ ਦੇਸ਼ ਤੇ ਆਪਣੇ ਪਰਿਵਾਰਾਂ ਤੋਂ ਵਿਛੜਨ ਦਾ ਹੇਰਵਾ ਹੈ। ਇਹ ਆਪਣੇ ਮੁਲਕ ਬਾਰੇ ਜਾਨਣਾ ਚਾਹੁੰਦੇ ਹਨ ਕਿ ਉਥੇ ਕੀ ਹੋ ਰਿਹਾ ਹੈ। ਇਹਨਾਂ ਦੇ ਜਜ਼ਬਾਤ ਨੂੰ ਸਹਿਲਾਉਣ ਲਈ ਗਿਆਨ ਇੰਦਰ ਪੰਜਾਬੀ ਦਾ ਇਕ ਪਰਚਾ ਕੱਢਣ ਦਾ ਸੁਫਨਾ ਲੈਂਦਾ ਹੈ। ਗਿਆਨ ਇੰਦਰ ਨੇ ਪਹਿਲਾਂ ਦੋ ਨਾਵਲ ਲਿਖੇ ਹਨ ਤੇ ਇਥੇ ਵੀ ਕੁਝ ਨਾ ਕੁਝ ਲਿਖਦਾ ਰਹਿੰਦਾ ਹੈ। ਇਸੇ ਦੁਰਮਿਆਨ ਭਾਰਤ ਤੋਂ ਆਏ ਲੇਖਕਾਂ ਨੂੰ ਆਪਣੇ ਨਾਲ ਜੋੜਦਾ ਦੋ ਸਫੇ ਦਾ ਸਾਈਕਲੋ ਸਟਾਈਲ ਪਰਚਾ ਕਢਦਾ ਹੈ, ਨਾਂ ਰੱਖਦਾ ਹੈ 'ਵਾਸ ਪਰਵਾਸ'। ਕੁਝ ਖਬਰਾਂ ਭਾਰਤ ਦੀਆਂ ਤੇ ਕੁਝ ਇਥੇ ਦੀਆਂ ਤੇ ਕੁਝ ਦਿਲਚਸਪ ਸਮੱਗਰੀ। ਪਰਚਾ ਹੌਲੀ ਹੌਲੀ ਮਕਬੂਲ ਹੋਣ ਲਗਦਾ ਹੈ। ਇਸ ਦੇ ਸਫੇ ਵੀ ਵਧ ਜਾਂਦੇ ਹਨ। ਦੋ ਸਫਿਆਂ ਤੋਂ ਦਸ, ਦਸਾਂ ਤੋਂ ਵੀਹ। ਗਿਆਨ ਇੰਦਰ ਦਾ ਖਬਰ ਲਿਖਣ ਦਾ ਤਰੀਕਾ ਬਹੁਤ ਦਿਲਚਸਪ ਤੇ ਮੌਲਿਕ ਹੈ। ਪੇਂਡੂ ਲੋਕਾਂ ਦੀ ਮਾਨਿਸਕਤਾ ਦੀ ਉਸ ਨੂੰ ਖੂਬ ਸਮਝ ਹੈ। ਜਿਵੇਂ ਜਿਵੇਂ ਪੰਜਾਬੀ ਲੋਕ ਸਾਊਥਾਲ ਵਿਚ ਵਧਦੇ ਜਾਂਦੇ ਹਨ 'ਵਾਸ ਪਰਵਾਸ' ਦੀ ਇਸ਼ਾਇਤ ਵੀ ਵਧਦੀ ਜਾਂਦੀ ਹੈ। 'ਵਾਸ ਪਰਵਾਸ' ਇਕੱਲੇ ਸਾਊਥਾਲ ਵਿਚ ਹੀ ਨਹੀਂ ਪੂਰੇ ਬਰਤਾਨੀਆਂ ਵਿਚ ਪੜਿਆ ਜਾਣ ਲਗ ਪੈਂਦਾ ਹੈ। ਗਿਆਨ ਇੰਦਰ ਦੀ ਸੰਪਾਦਕੀ ਦੀ ਸੁਰ ਜ਼ਰਾ ਕੁ ਵਿਦਰੋਹੀ ਹੁੰਦੀ ਹੈ ਤੇ ਲੋਕ ਇਸ ਸੰਪਾਦਕੀ ਨੂੰ ਚਾਹ ਕੇ ਪੜਦੇ ਹਨ। ਭਾਰਤ ਵਿਚ ਮੌਕੇ ਦੀ ਸਰਕਾਰ ਐਮਰਜੈਂਸੀ ਲਗਾ ਦਿੰਦੀ ਹੈ ਸਾਊਥਾਲ ਦੇ ਲੋਕਾਂ ਵਿਚ ਐਮਰਜੈਂਸੀ ਦੇ ਖਿਲਾਫ ਰੋਹ ਜਾਗ ਪੈਂਦਾ ਹੈ। 'ਵਾਸ ਪਰਵਾਸ' ਇਸ ਰੋਹ ਦੀ ਤਰਜਮਾਨੀ ਬਹੁਤ ਸ਼ਿਦੱਤ ਨਾਲ ਕਰਦਾ ਹੈ। ਇੰਨੀ ਸ਼ਿੱਦਤ ਨਾਲ ਕਿ ਉਹ ਭਾਰਤ ਸਰਕਾਰ ਦੀਆਂ ਨਜ਼ਰਾਂ ਵਿਚ ਆ ਜਾਂਦਾ ਹੈ ਤੇ ਉਸ ਦੀ ਭਾਰਤ ਜਾਣ ਤੇ ਪਬੰਦੀ ਲਗ ਜਾਂਦੀ ਹੈ। ਇਸ ਸਮੇਂ 'ਵਾਸ ਪਰਵਾਸ ਦਾ ਦਾਇਰਾ ਇੰਨਾ ਵਧ ਜਾਂਦਾ ਹੈ ਕਿ ਇਹ ਦੁਨੀਆਂ ਦੇ ਕੋਨੇ ਕੋਨੇ ਵਿਚ ਪੜਿਆ ਜਾਣ ਲਗਦਾ ਹੈ। ਇਸ ਵਿਚ ਸਿਰਫ ਖਬਰਾਂ ਜਾਂ ਸੰਪਾਦਕੀ ਹੀ ਨਹੀਂ ਹੋਰ ਵੀ ਬਹੁਤ ਸਮੱਗਰੀ ਹੁੰਦੀ ਹੈ ਜਿਵੇਂ ਕਿ ਕਵਿਤਾਵਾਂ, ਕਹਾਣੀਆਂ, ਨਾਵਲ ਦੇ ਹਿੱਸੇ, ਲਤੀਫੇ, ਸਵਾਲ ਜਵਾਬ ਜਾਂ ਹੋਰ ਬਹੁਤ ਸਾਰੇ ਲੇਖ। ਹੁਣ ਬਰਤਾਨੀਆਂ ਵਿਚ ਪੰਜਾਬੀ ਕੁਮਨਟੀ ਕਾਫੀ ਵੱਡੀ ਹੋ ਚੁੱਕੀ ਹੈ। ਤੀਜ ਤਿਉਹਾਰ ਪੰਜਾਬ ਵਾਂਗ ਹੀ ਮਨਾਏ ਜਾਣ ਲਗੇ ਹਨ। ਭਾਰਤ ਵਾਂਗ ਹੀ ਮੇਲੇ ਲਗਦੇ ਹਨ। ਕਬੱਡੀ ਦੇ ਟੂਰਨਾਮੈਂਟ ਹੁੰਦੇ ਹਨ, 'ਵਾਸ ਪਰਵਾਸ' ਇਹਨਾਂ ਸਭ ਨੂੰ ਕਵਰ ਕਰਦਾ ਹੈ। ਇਸ ਕਵਰੇਜ ਨੂੰ ਪੜਨ ਲਈ ਲੋਕ ਹੁਣ 'ਵਾਸ ਪਰਵਾਸ' ਨੂੰ ਘਰ ਦੀਆਂ ਜ਼ਰੂਰਤਾਂ ਵਿਚ ਸ਼ਾਮਲ ਕਰਨ ਲਗੇ ਹਨ, ਜਦੋਂ ਉਹ ਹਫਤਾਵਾਰ ਸ਼ੌਪਿੰਗ ਕਰਨ ਜਾਂਦੇ ਹਨ ਤਾਂ ਉਹਨਾਂ ਦੀ ਟੋਕਰੀ ਵਿਚ ਦੁੱਧ, ਮੱਖਣ, ਸਬਜ਼ੀਆਂ, ਦਾਲ਼ਾਂ ਆਦਿ ਦੇ ਨਾਲ ਨਾਲ 'ਵਾਸ ਪਰਵਾਸ' ਵੀ ਹੁੰਦਾ ਹੈ।

ਇਸ ਪਰਚੇ ਦੇ ਬਰਾਬਰ ਤੇ ਕਈ ਹੋਰ ਪਰਚੇ ਨਿਕਲਦੇ ਤੇ ਬੰਦ ਹੁੰਦੇ ਰਹਿੰਦੇ ਹਨ ਪਰ ਇਹ ਪਰਚਾ ਆਪਣੀ ਚਾਲੇ ਚਲਿਆ ਜਾ ਰਿਹਾ ਹੈ। ਭਾਰਤ ਤੋਂ ਆਇਆ ਹਰ ਲੀਡਰ 'ਵਾਸ ਪਰਵਾਸ' ਦੇ ਦਫਤਰ ਵਿਚ ਹਾਜ਼ਰੀ ਲਗਵਾਉਣੀ ਚਾਹੁੰਦਾ ਹੈ। ਗਿਆਨ ਇੰਦਰ ਆਪ ਲੇਖਕ ਹੈ ਇਸ ਲਈ ਪੰਜਾਬੀ ਦੇ ਲੇਖਕਾਂ ਦੀ ਖਾਸ ਇਜ਼ਤ ਕਰਦਾ ਹੈ। ਕੋਈ ਲੇਖਕ ਭਾਰਤ ਤੋਂ ਆ ਜਾਵੇ ਉਸ ਨੂੰ ਦਫਤਰ ਵਿਚ ਬੁਲਾ ਕੇ ਉਸ ਦਾ ਸਨਮਾਨ ਕਰਦਾ ਹੈ। ਮਾਇਕ ਤੌਰ ਤੇ ਵੀ ਮਦਦ ਕਰ ਦਿੰਦਾ ਹੈ। ਸਾਊਥਾਲ ਦੇ ਲੇਖਕਾਂ ਨੂੰ ਵੀ ਦਫਤਰ ਵਿਚ ਸੱਦ ਕੇ ਮਹਿਫਲ ਲਗਾ ਰੱਖਦਾ ਹੈ। ਹਰ ਲੇਖਕ ਇਸ ਵਿਚ ਛਪਣ ਵਿਚ ਮਾਣ ਮਹਿਸੂਸ ਕਰਦਾ ਹੈ। ਚਾਹੇ ਲੇਖਕ ਮਾਰਕਸਵਾਦੀ ਹੋਵੇ ਜਾਂ ਕਿਸੇ ਧਰਮ ਨਾਲ ਜੁੜਿਆ ਹੋਇਆ ਹਰ ਕੋਈ ਆਪਣੀ ਲਿਖਤ ਇਸ ਪਰਚੇ ਨੂੰ ਭੇਜਦਾ ਹੈ ਤੇ ਗਿਆਨ ਇੰਦਰ ਰਚਨਾ ਦਾ ਮਿਆਰ ਪਰਖਦੇ ਹੋਏ ਬੜੇ ਚਾਅ ਨਾਲ ਛਾਪਦਾ ਹੈ। ਇਵੇਂ ਹੀ ਉਹ ਗਾਉਣ ਵਾਲਿਆਂ ਤੇ ਖਿਡਾਰੀਆਂ ਨਾਲ ਵਰਤਦਾ ਹੈ। ਗਿਆਨ ਇੰਦਰ ਸਾਊਥਾਲ

ਦੀਆਂ ਖਾਸ ਸ਼ਖਸ਼ੀਅਤਾਂ ਵਿਚ ਸ਼ਾਮਲ ਹੈ। ਉਸ ਦਾ ਪਰਚਾ ਤਾਂ ਸਾਊਥਾਲ ਦਾ ਰੂਹੇ ਰਵਾਂ ਹੈ। 'ਵਾਸ ਪਰਵਾਸ' ਤੋਂ ਬਿਨਾਂ ਸਾਊਥਾਲ ਨੂੰ ਚਿਤਵਿਆ ਵੀ ਨਹੀਂ ਜਾ ਸਕਦਾ।

ਫਿਰ ਦੌਰ ਆਉਂਦਾ ਹੈ ਖਾਲਿਸਤਾਨ ਦੀ ਲਹਿਰ ਦਾ। ਪਹਿਲਾਂ ਤਾਂ ਗਿਆਨ ਇੰਦਰ ਸਾਵੇਂ ਤਵਾਜਨ ਵਾਲੀਆਂ ਖਬਰਾਂ ਛਾਪਦਾ ਹੈ ਕਿਸੇ ਦਾ ਪੱਖ ਲਏ ਬਿਨਾਂ ਪਰ ਜਦੋਂ ਫੌਜ ਹਰਮੰਦਰ ਸਾਹਿਬ ਵਿਚ ਦਾਖਲ ਹੁੰਦੀ ਹੈ ਤਾਂ ਉਹ ਇਕ ਦਮ ਖਾਲਿਸਤਾਸ ਦਾ ਪੱਖ ਲੈ ਲੈਂਦਾ ਹੈ। ਖਾਲਿਸਤਾਨ ਦਾ ਪੱਖ ਪੂਰਦੇ ਲੇਖ ਛਾਪਣ ਲਗਦਾ ਹੈ। ਆਪਣੀ ਸੰਪਾਦਕੀ ਵਿਚ ਖਾਲਿਸਤਾਨ ਦੀ ਜ਼ਰੂਰਤ ਦੀਆਂ ਗੱਲਾਂ ਕਰਦਾ ਹੈ। ਉਸ ਦੇ ਇਸ ਰੁੱਖ ਨਾਲ ਉਸ ਦੇ ਬਹੁਤ ਸਾਰੇ ਦੋਸਤ ਖਫਾ ਹੋ ਜਾਂਦੇ ਹਨ ਪਰ ਉਸ ਨੂੰ ਪਰਵਾਹ ਨਹੀਂ ਹੈ। ਉਹ ਆਪਣੇ ਦਿਲ ਦੀ ਗੱਲ ਕਹਿੰਦਾ ਜਾਂਦਾ ਹੈ। ਜਿਥੇ ਕੁਝ ਦੋਸਤ ਉਹ ਗੰਵਾ ਬੈਠਦਾ ਹੈ ਉਥੇ ਬਹੁਤ ਸਾਰੇ ਲੋਕ ਉਸ ਨਾਲ ਜੁੜਨ ਵੀ ਲਗਦੇ ਹਨ। ਲੇਖਕਾਂ ਵਿਚੋਂ ਮਾਰਕਸਵਾਦੀ ਲੇਖਕ ਉਸ ਦਾ ਸਾਥ ਛੱਡ ਜਾਂਦੇ ਹਨ ਪਰ ਹੋਰ ਖਾਲਿਸਤਾਨੀ ਵਿਚਾਰਧਾਰਾ ਵਾਲੇ ਲੇਖਕ ਉਸ ਨਾਲ ਆ ਖੜਦੇ ਹਨ।

ਗਰੇਵਾਲ ਗਾਹੇ ਵਗਾਹੇ 'ਵਾਸ ਪਰਵਾਸ' ਵਿਚ ਛਪਦਾ ਰਹਿੰਦਾ ਹੈ। ਮਾਰਕਸਵਾਦੀ ਲੇਖਕ ਗਰੇਵਾਲ ਨੂੰ ਕਈ ਵਾਰ ਕਹਿਣ ਲਗਦੇ ਹਨ ਕਿ ਇਸ ਪਰਚੇ ਵਿਚ ਕੇ ਇਸ ਦੀ ਮੂਲਵਾਦੀ ਨੀਤੀ ਦਾ ਸਾਥ ਨਾ ਦੇਵੇ ਪਰ ਗਿਆਨ ਇੰਦਰ ਨਾਲ ਉਸ ਦੀ ਪੁਰਾਣੀ ਦੋਸਤੀ ਹੈ ਫਿਰ ਉਹ ਲਿਖਦਾ ਵੀ ਕਿੰਨਾ ਕੁ ਹੈ। ਸਲਾਨਾ ਅੰਕ ਹੋਵੇ ਜਾਂ ਵਿਸ਼ੇਸ਼ ਅੰਕ ਹੋਵੇ ਤਾਂ ਗਿਆਨ ਇੰਦਰ ਦਾ ਉਸ ਨੂੰ ਫੋਨ ਆ ਜਾਂਦਾ ਹੈ ਕਿ ਲੇਖ ਚਾਹੀਦਾ ਹੈ। ਕੋਈ ਗੁਰਪੁਰਬ ਹੋਵੇ ਤਾਂ ਉਸ ਨਾਲ ਸਬੰਧਤ ਲੇਖ ਲਿਖ ਕੇ ਭੇਜ ਦਿੰਦਾ ਹੈ। ਇਕ ਦਿਨ ਗਿਆਨ ਇੰਦਰ ਦਾ ਫੋਨ ਆਉਂਦਾ ਹੈ,

''ਲੈ ਬਈ ਗਰੇਵਾਲ਼ਾ, ਲਿਖ ਇਕ ਗਰਮਾ ਗਰਮ ਲੇਖ ਖਾਲਿਸਤਾਨ ਦੀ ਰੂਪ ਰੇਖਾ ਖਿਚਦਾ ਹੋਇਆ।''

''ਨਾ ਬਈ ਬਾਈ ਸੰਪਾਦਕਾ, ਇਹ ਕੰਮ ਮੈਂ ਨਹੀਂ ਕਰ ਸਕਣਾ, ਮੈਨੂੰ ਨਹੀਂ ਚਾਹੀਦਾ ਖਾਲਿਸਤਾਨ।''

''ਮੈਨੂੰ ਵੀ ਨਹੀਂ ਚਾਹੀਦਾ ਪਰ ਤੂੰ ਲੇਖ ਤਾਂ ਲਿਖ।''

''ਨਹੀਂ, ਜਿਹੜੇ ਕੰਮ ਲਈ ਮੇਰੀ ਜ਼ਮੀਰ ਨਾ ਮੰਨੇ ਉਹ ਕੰਮ ਮੈਂ ਨਹੀਂ ਕਰਿਆ ਕਰਦਾ।''

ਗਰੇਵਾਲ ਦੀ ਇਸ ਨਾਂਹ ਦਾ ਗਿਆਨ ਇੰਦਰ ਗੁੱਸਾ ਨਹੀਂ ਕਰਦਾ। ਉਹ ਉਸ ਦੇ ਵਿਚਾਰਾਂ ਦੀ ਕਦਰ ਪਾਉਂਦਾ ਹੈ।

ਗਿਆਨ ਇੰਦਰ ਦੇ ਕਤਲ ਦੀ ਖਬਰ ਸੁਣ ਕੇ ਗਰੇਵਾਲ ਆਖਣ ਲਗਦਾ ਹੈ,

''ਇਹ ਤਾਂ ਬਈ ਬਹੁਤ ਮਾੜਾ ਹੋਇਆ, ਮੈਨੂੰ ਡਰ ਸੀ ਕਿ ਕੁਸ਼ ਨਾ ਕੁਸ਼ ਹੋਵੇਗਾ ਪਰ ਆਹ ਹੋਵੇਗਾ ਕਦੇ ਨਹੀਂ ਸੀ ਸੋਚਿਆ।''

''ਕੌਣ ਹੋ ਸਕਦੈ ਇਹਦੇ ਪਿੱਛੇ?''

ਜਗਮੋਹਣ ਪੁੱਛਦਾ ਹੈ। ਜਗਮੋਹਣ ਗਿਆਨ ਇੰਦਰ ਨੂੰ ਕਦੇ ਨਹੀਂ ਮਿਲਿਆ ਪਰ ਉਸ ਦੇ ਪਰਚੇ ਦਾ ਨਿਰੰਤਰ ਪਾਠਕ ਹੈ। ਉਹ ਵੀ ਇਸ ਖਬਰ ਨਾਲ ਅਚੰਭਿਤ ਹੋਇਆ ਬੈਠਾ ਹੈ। ਗਰੇਵਾਲ ਹੱਥ ਘੁਮਾਉਂਦਾ ਜਵਾਬ ਦਿੰਦਾ ਹੈ,

''ਕੁਸ਼ ਨਹੀਂ ਕਿਹਾ ਜਾ ਸਕਦਾ। ਇਹਨਾਂ ਬਾਬਿਆਂ ਦੇ ਵੀ ਕਈ ਗਰੁੱਪ ਬਣੇ ਹੋਏ ਨੇ, ਇਕ ਦੂਜੇ ਦੇ ਖਿਲਾਫ ਦੁਸ਼ਣਬਾਜ਼ੀ ਕਰਦੇ ਰਹਿੰਦੇ ਨੇ, ਗਿਆਨ ਇੰਦਰ ਵੀ ਅਜਿਹੀ ਦੂਸ਼ਣਬਾਜ਼ੀ ਵਿਚ ਸ਼ਾਮਲ ਸੀ ਪਰ ਇਹ ਕਾਰਣ ਸ਼ਾਇਦ ਨਾ ਹੋਵੇ, ਪਿਛੇ ਜਿਹੇ ਪੁਲੀਸ ਦੀ ਇਕ ਰਿਪੋਰਟ ਆਈ ਸੀ ਕਿ ਗਿਆਨ ਇੰਦਰ ਦੀ ਜਾਨ ਨੂੰ ਖਤਰਾ ਏ ਪਰ ਉਸ ਨੇ ਕਿਸੇ ਕਿਸਮ ਦੀ ਸਕਿਊਰਟੀ ਨਹੀਂ ਸੀ ਰੱਖੀ ਹੋਈ। ਜੋ ਵੀ ਹੋਇਆ ਬਹੁਤ ਮਾੜਾ ਹੋਇਆ।''

## ਪੈਂਤੀ

ਪਰਦੁੱਮਣ ਸਿੰਘ ਦੇ ਚੱਲਦੇ ਬਿਜ਼ਨਸ ਨਾਲ ਜੇ ਕਿਸੇ ਨੂੰ ਈਰਖਾ ਹੈ ਤਾਂ ਉਹ ਹੈ ਕਾਰਾ। ਕਾਰਾ ਪਹਿਲਾਂ ਤੋਂ ਹੀ ਸੈਟਲ ਹੈ। ਲੱਖਾਂ ਦੀ ਗੱਲ ਕਰਦਾ ਹੈ ਪਰ ਪਰਦੁੱਮਣ ਮੁੜ ਏ ਬੀ ਸੀ ਤੋਂ ਜ਼ਿੰਦਗੀ ਸ਼ੁਰੂ ਕਰਕੇ ਉਸ ਦੇ ਬਰਾਬਰ ਜਾ ਪੁੱਜਾ ਹੈ। ਉਸ ਨੂੰ ਚੰਗਾ ਨਹੀਂ ਲੱਗ ਰਿਹਾ। ਹੁਣ ਉਸ ਨੂੰ ਇਹ ਇੰਸ਼ੋਰੰਸ ਦਾ ਕੰਮ ਛੋਟਾ ਛੋਟਾ ਲੱਗਣ ਲੱਗ ਪਿਆ ਹੈ। ਇਸ ਕੰਮ ਵਿਚ ਉਸ ਦਾ ਮਨ ਟਿਕ ਨਹੀਂ ਰਿਹਾ। ਕਈ ਵਾਰ ਉਹ ਦਫਤਰ ਵੀ ਨਹੀਂ ਜਾਂਦਾ। ਦਫਤਰ ਦੇ ਕੰਮ ਲਈ ਇਕ ਗੋਰਾ ਮੈਨੇਜਰ ਰੱਖਿਆ ਹੋਇਆ ਹੈ। ਇਕ ਮੁੰਡਾ ਤੇ ਇਕ ਕੁੜੀ ਵੀ ਹਨ। ਫਿਰ ਉਸ ਦੀ ਪਤਨੀ ਸੁਰਜੀਤ ਵੀ ਆ ਜਾਂਦੀ ਹੈ। ਆਪ ਤਾਂ ਉਹ ਵਿਹਲਾ ਜਿਹਾ ਹੀ ਹੁੰਦਾ ਹੈ। ਸਾਊਥਾਲ ਦੀ ਅੰਦਰਲੀ ਸਿਆਸਤ ਵਿਚ ਸਰਗਰਮ ਰਹਿੰਦਾ ਹੈ ਪਰ ਉਭਰ ਕੇ ਬਾਹਰ ਨਹੀਂ ਆਉਂਦਾ।

ਜਦ ਕਦੇ ਪਰਦੁੱਮਣ ਸਿੰਘ ਕੋਈ ਔਰਤ ਨਾਲ ਬੈਠਾ ਕੇ ਉਸ ਨੂੰ ਮਿਲਦਾ ਤਾਂ ਉਸ ਦੀ ਈਰਖਾ ਹੋਰ ਵੱਧ ਜਾਂਦੀ ਹੈ। ਉਹ ਕਹਿਣ ਲੱਗਦਾ ਹੈ,

''ਦੁੱਮਣਾ, ਇਹ ਕੀ ਹਾਰੀਆਂ ਜਿਹੀਆਂ ਤੀਵੀਆਂ ਖਿੱਚੀ ਫਿਰਦੈਂ, ਜਾਹ, ਜਾ ਕੇ ਮਸਾਜ ਕਰਾ, ਕੋਈ ਨਵੀਂ ਦੁਨੀਆਂ ਦੇਖ।''

''ਨਾ ਬਈ ਕਾਰਿਆ, ਉਨ੍ਹਾਂ ਤੀਵੀਆਂ ਕੋਲ ਰੋਜ਼ ਦੇ ਪੰਜਾਹ ਬੰਦੇ ਆਉਂਦੇ ਆ।''

''ਆਹੋ, ਇਹ ਤਾਂ ਸਿਰਫ ਤੇਰੇ ਲਈ ਹੀ ਜੰਮੀਆਂ ਹੋਈਆਂ। ਦੁੱਮਣਾ, ਗੱਲ ਸਰਵਿਸ ਦੀ ਐ, ਪੈਸੇ ਖਰਚ ਤੇ ਵਧੀਆ ਸਰਵਿਸ ਲੈ, 'ਕੱਲੀ ਢਿੱਡ ਘਸਾਈ ਜ਼ਿੰਦਗੀ ਨਹੀਂ।''

ਪਰਦੁੱਮਣ ਹੱਸ ਛੱਡਦਾ ਹੈ। ਉਸ ਨੇ ਪੈਸੇ ਬਹੁਤ ਮਿਹਨਤ ਨਾਲ ਕਮਾਏ ਹਨ। ਇੰਨੀ ਮੁਸ਼ਕਲ ਨਾਲ ਕਮਾਏ ਪੈਸਿਆਂ ਨੂੰ ਅਜਾਈਂ ਕਿਵੇਂ ਜਾਣ ਦੇ ਸਕਦਾ ਹੈ। ਕਾਰੇ ਨੂੰ ਵੱਡੇ ਵੱਡੇ ਰੈਸਟੋਰੈਂਟਾਂ ਜਾਂ ਬੀਅਰ ਬਾਰਾਂ ਵਿਚ ਜਾਣ ਦਾ ਸ਼ੌਂਕ ਹੈ ਪਰ ਪਰਦੁੱਮਣ ਅਜਿਹੀਆਂ ਥਾਵਾਂ ਤੋਂ ਟਲ਼ਦਾ ਰਹਿੰਦਾ ਹੈ। ਉਹ ਵੈਸੇ ਵੀ ਕਾਰੇ ਦੇ ਦਾਇਰੇ ਦੇ ਦੋਸਤਾਂ ਵਿਚ ਜਾਣੋਂ ਝਿਜਕਦਾ ਰਹਿੰਦਾ ਹੈ। ਉਹ ਸਾਰੇ ਹੀ ਵੱਡੇ ਵੱਡੇ ਲੋਕ ਹਨ, ਵੱਡੀਆਂ ਗੱਲਾਂ ਕਰਨ ਵਾਲੇ।

ਕਾਰੇ ਦਾ ਇਕ ਦੋਸਤ ਹੈ ਮਨੀਸ਼ ਪਟੇਲ। ਉਹ ਇਕ ਦਿਨ ਕਹਿੰਦਾ ਹੈ,

''ਮਿਸਟਰ ਰਾਏ, ਏਕ ਹੋਟਲ ਵਿਕਾਊ ਹੈ, ਫਿਫਟੀ ਰੂਮਜ਼, ਬੇਅਜ਼ ਵੌਟਰ ਕੇ ਏਰੀਏ ਮੇਂ।''

''ਕਿਤਨੇ ਮੇਂ ?''

''ਏਕ ਮਿਲੀਅਨ।''

''ਬਹੁਤ ਜ਼ਿਆਦਾ ।''

''ਹਾਂ ਬੱਟ ਇਟ'ਸ ਔਪੋਜਿਟ ਟੂ ਹਾਈਡ ਪਾਰਕ। ਪਤਾ ਨਾ ਉਸ ਜਗਾਹ ਪਰ ਕਿਆ ਪਰਾਈਸਜ਼ ਹੈਂ ਪ੍ਰੌਪਰਟੀ ਕੀ ?''

''ਹਾਂ ਪਰ...।''

ਉਹ ਗੱਲ ਵਿਚਕਾਰ ਹੀ ਛੱਡ ਦਿੰਦਾ ਹੈ। ਹੋਟਲ ਖਰੀਦਣ ਬਾਰੇ ਤਾਂ ਉਹ ਕਾਫੀ ਦੇਰ ਤੋਂ ਸੋਚ ਰਿਹਾ ਹੈ। ਹੋਟਲ ਦੇ ਮਾਲਕ ਨੂੰ ਹੋਟਲੀਅਰ ਆਖਦੇ ਹਨ। ਉਸ ਦੀ ਤਮੰਨਾ ਰਹੀ ਹੈ ਕਿ ਲੋਕ ਕਹਿਣ – ''ਉਹ ਹੈ ਬਲਕਾਰ ਸਿੰਘ ਰਾਏ ਹੋਟਲੀਅਰ।'' ਇਸ ਹੋਟਲ ਦੀ ਕੀਮਤ ਉਸ ਦੀ ਪਹੁੰਚ ਤੋਂ ਬਾਹਰ ਦੀ ਹੈ ਪਰ ਉਹ ਅੰਦਰੋਂ ਬਹੁਤ ਉਤਸੁਕਤ ਬਲਕਿ ਉਤੇਜਿਤ ਹੈ। ਉਹ ਪੁੱਛਦਾ ਹੈ,

''ਪਟੇਲ, ਤੁਮ ਨੇ ਦੇਖਾ ਹੈ ਕਿਆ ?''

''ਦੇਖਾ ਹੈ, ਮੈਂ ਲੇਨਾ ਵੀ ਚਾਹਤਾ ਹੂੰ ਮਗਰ ਮੇਰੇ ਅਕੇਲੇ ਕੇ ਲੀਏ ਮੁਸ਼ਕਲ ।''

ਕਾਰੇ ਦਾ ਇਕਦਮ ਮਨ ਬਣ ਜਾਂਦਾ ਹੈ ਕਿ ਦੇਖੀ ਜਾਏਗੀ ਜੋ ਹੋਏਗੀ। ਉਹ ਕਹਿੰਦਾ ਹੈ,

''ਤੋ ਫਿਰ ਫਿਫਟੀ ਫਿਫਟੀ ?''

''ਡੱਨ।''

''ਚਲੋ ਹੋਟਲ ਦੇਖਤੇ ਹੈਂ, ਕਿਸੀ ਐਕਸਪਰਟ ਕੀ ਰਾਏ ਲੇਤੇ ਂ।''

''ਵੋ ਤੋ ਅਕਾਊਂਟਸ ਹੈਂ ਪਿਛਲੇ ਪਾਂਚ ਸਾਲ ਕੇ, ਆਮਦਨ ਕਾ ਪਤਾ ਚੱਲ ਜਾਏਗਾ।''

''ਠੀਕ ਐ ਅਕਾਊਂਟਸ ਤੋ ਅਕਾਊਂਟੈਂਟ ਨੂੰ ਦਿਖਾ ਦੇਂਗੇ। ਪਰ ਕਿਸੀ ਐਕਸਪਰਟ ਕੀ ਰਾਏ ਵੀ ਚਾਹੀਏ।''

ਅਗਲੇ ਦਿਨ ਹੀ ਉਹ ਏਜੰਟ ਨੂੰ ਜਾ ਮਿਲਦੇ ਹਨ। ਏਜੰਟ ਆਖਦਾ ਹੈ,

''ਮਿਸਟਰ ਰੌਏ, ਜਾ ਕੇ ਮਾਰਕਿਟ ਸਟੱਡੀ ਕਰੋ, ਇਹ ਹੋਟਲ ਹਾਫ ਮਿਲੀਅਨ ਸਸਤਾ ਐ।''

''ਸਸਤਾ ਕਿਉਂ ਐ ?''

''ਕਿਉਂਕਿ ਇਹ ਕੰਪਨੀ ਏਸ ਮੁਲਕ ਵਿਚਲੇ ਆਪਣੇ ਸਾਰੇ ਹੋਟਲ ਵੇਚ ਰਹੀ ਐ ਤੇ ਅਮਰੀਕਾ ਨੂੰ ਮੂਵ ਹੋ ਰਹੀ ਐ।''

ਮਨੀਸ਼ ਪਟੇਲ ਤੇ ਕਾਰਾ ਸਾਰਾ ਹੋਟਲ ਘੁੰਮ ਕੇ ਦੇਖਦੇ ਹਨ। ਬਹੁਤੇ ਕਮਰੇ ਭਰੇ ਹੋਏ ਹਨ। ਜਿਹੜੇ ਕਮਰੇ ਖਾਲੀ ਹਨ ਉਹ ਅੰਦਰੋਂ ਦੇਖਦੇ ਹਨ। ਉਨ੍ਹਾਂ ਨੂੰ ਸਭ ਠੀਕ ਜਾਪਦਾ ਹੈ। ਕਾਰਾ ਤਾਂ ਇਹੋ ਹੀ ਸੋਚਦਾ ਜਾ ਰਿਹਾ ਹੈ ਕਿ ਇਕ ਕਮਰਾ ਉਹ ਆਪਣੇ ਲਈ ਰਾਖਵਾਂ ਰੱਖੇਗਾ ਜਿਥੇ ਉਹ ਦੁੱਮਣ ਵਰਗਿਆਂ ਨੂੰ ਸੱਦ ਕੇ ਆਪਣਾ ਰੋਅਬ ਪਾਇਆ ਕਰੇਗਾ। ਥੋੜ੍ਹਾ ਕੰਮ ਚੱਲਿਆ ਤਾਂ ਮਨੀਸ਼ ਕੋਲੋਂ ਉਸ ਦਾ ਹਿੱਸਾ ਖਰੀਦ ਲਵੇਗਾ ਜਾਂ ਫਿਰ ਆਪਣਾ ਹਿੱਸਾ ਉਸ ਨੂੰ ਵੇਚ ਕੇ ਹੋਰ ਹੋਟਲ ਲੈ ਲਵੇਗਾ। ਆਪਣੇ ਪੁੱਤਰ ਨੂੰ ਵੀ ਇਸੇ ਬਿਜ਼ਨਸ ਵਿਚ ਹੀ ਸੈਟਲ ਕਰੇਗਾ।

ਮਨੀਸ਼ ਆਖਦਾ ਹੈ,

''ਚਲੋ ਕਿਸੀ ਐਸੇ ਆਦਮੀ ਸੇ ਐਡਾਵਾਈਸ ਲੇਤੇ ਹੈਂ ਜਿਸ ਕੋ ਇਸ ਕਾਮ ਕੀ ਜਾਨਕਾਰੀ ਹੋ।''

''ਮੇਰਾ ਇਕ ਦੋਸਤ ਐ ਮਿਸਟਰ ਅਨੰਦ, ਉਸ ਪਾਸ ਦੋ ਹੋਟਲ ਹੈਂ, ਉਸ ਸੇ ਬਾਤ ਕਰਤੇ ਹੈਂ, ਉਸ ਕੋ ਦਿਖਾਤੇ ਹੈਂ''

ਕਾਰਾ ਮਿਸਟਰ ਅਨੰਦ ਨਾਲ ਗੱਲ ਕਰਕੇ ਓਸ ਏਜੰਟ ਨੂੰ ਫੋਨ ਕਰਦਾ ਹੈ ਜਿਸ ਰਾਹੀਂ ਇਹ ਹੋਟਲ ਵਿਕ ਰਿਹਾ ਹੈ। ਉਹ ਕਹਿੰਦਾ ਹੈ,

''ਸਾਨੂੰ ਹੋਟਲ ਦੇਖਣ ਲਈ ਐਪੁਆਂਏਂਟਮਿੰਟ ਚਾਹੀਦੀ ਐ, ਅਸੀਂ ਕਿਸੇ ਦੋਸਤ ਨੂੰ ਦਿਖਾਉਣਾ ਚਾਹੁੰਦੇ ਹਾਂ।''

''ਦਸੋ ਕਦੋਂ ਆਉਣਾ ਚਾਹੁੰਦੇ ਹੋ ਪਰ ਇਕ ਗੱਲ ਦਸ ਦੇਵਾਂ ਕਿ ਇਹ ਹੋਟਲ ਸਸਤਾ ਵਿਕ ਰਿਹੈ ਜੇ ਕਿਸੇ ਨੇ ਤੁਹਾਡੇ ਤੋਂ ਵੱਡੀ ਰਕਮ ਦੀ ਪੇਸ਼ਕਸ਼ ਕੀਤੀ ਤਾਂ ਅਸੀਂ ਉਸ ਨੂੰ ਵੇਚ ਦੇਵਾਂਗੇ।''

ਕਾਰਾ ਸਮਝ ਜਾਂਦਾ ਹੈ ਕਿ ਏਜੰਟ ਦਾ ਇਸ਼ਾਰਾ ਹੈ ਕਿ ਜੇਕਰ ਕਿਸੇ ਹੋਰ ਨੂੰ ਹੋਟਲ ਦਿਖਾਇਆ ਗਿਆ ਤਾਂ ਹੋ ਸਕਦਾ ਹੈ ਕਿ ਉਹ ਹੀ ਸਾਡੇ ਨਾਲੋਂ ਜ਼ਿਆਦਾ ਰਕਮ ਦੀ ਪੇਸ਼ਕਸ਼ ਕਰ ਦੇਵੇ। ਫਿਰ ਮਿਸਟਰ ਅਨੰਦ ਤਾਂ ਹੈ ਹੀ ਤੇਜ਼ ਜਿਹਾ ਬੰਦਾ। ਮਨੀਸ਼ ਪਟੇਲ ਵੀ ਕਿਸੇ ਹੋਰ ਨਾਲ ਸਲਾਹ ਕਰਨ ਦੇ ਹੱਕ ਵਿਚ ਨਹੀਂ ਹੈ। ਉਹ ਆਖਦਾ ਹੈ,

''ਰਾਏ, ਤੁਮ ਆਪਨੇ ਬੈਂਕ ਸੇ ਬਾਤ ਕਰੋ, ਮੈਂ ਆਪਨੇ ਸੇ ਕਰਤਾ ਹੂੰ, ਦੇਖਤੇ ਹੈਂ ਕਿ ਕਿਤਨਾ ਲੋਨ ਮਿਲਤਾ ਹੈ।''

''ਓ ਭਈਆ ਲੋਨ ਕਾ ਵੱਰੀ ਮਤ ਕਰ, ਸਾਲੇ ਮੈਨੇਜਰ ਕੋ ਇਤਨੀਆਂ ਪਾਰਟੀਆਂ ਕਾਹੇ ਕੋ ਕਰਤਾ ਹੂੰ।''

ਕਾਰੇ ਦਾ ਬੈਂਕ ਵੈਸਟਮਿਨਸਟਰ ਬੈਂਕ ਹੈ ਤੇ ਉਸ ਦਾ ਮੈਨੇਜਰ ਡੇਵਿਡ ਕੈਲਾਹਨ ਕਾਰੇ ਦਾ ਖਾਸ ਦੋਸਤ ਹੈ। ਡੇਵਿਡ ਭਾਰਤੀ ਖਾਣਿਆਂ ਦਾ ਸ਼ੌਕੀਨ ਹੈ ਤੇ ਕਾਰਾ ਅਕਸਰ ਉਸ ਨੂੰ ਕਿਸੇ ਨਾ ਕਿਸੇ ਰੈਸਟੋਰੈਂਟ ਲੈ ਜਾਇਆ ਕਰਦਾ ਹੈ। ਅੱਗਿਉਂ ਡੇਵਿਡ ਕਹਿਣ ਲੱਗਦਾ ਹੈ,

''ਮਿਸਟਰ ਰਾਏ, ਕੋਈ ਵੱਡਾ ਕੰਮ ਕਰ, ਹੰਡਰਡ ਪਰਸੈਂਟ ਲੋਨ ਦਵਾਊਂ।''

ਉਹ ਡੇਵਿਡ ਕੈਲਾਹਨ ਨਾਲ ਐਪੁਆਇੰਟਮੈਂਟ ਬਣਾਉਂਦਾ ਹੈ। ਉਸ ਨੂੰ ਮਿਲਣ ਜਾਂਦਾ ਸੋਚ ਰਿਹਾ ਹੈ ਕਿ ਕਿਉਂ ਨਾ ਉਹ ਇਕੱਲਾ ਹੀ ਇਹ ਹੋਟਲ ਖਰੀਦ ਲਵੇ ਪਰ ਸੋਚਦਾ ਹੈ ਕਿ ਜੇਕਰ ਬਿਜ਼ਨਸ ਚੌਪਟ ਹੋ ਗਿਆ ਤਾਂ ਫਿਰ ਕੀ ਹੋਵੇਗਾ। ਮਨੀਸ਼ ਨਾਲ ਹੋਵੇਗਾ ਤਾਂ ਸੌ ਤਰੀਕੇ ਲੱਭੇ ਜਾ ਸਕਦੇ ਹਨ। ਫਿਰ ਮਨੀਸ਼ ਨੂੰ ਉਹ ਵਰ੍ਹਿਆਂ ਤੋਂ ਜਾਣਦਾ ਹੈ, ਉਹ ਮਾੜਾ ਬੰਦਾ ਨਹੀਂ ਹੈ। ਉਸ ਨੇ ਕੁਝ ਕੁ ਗੱਲ ਤਾਂ ਡੇਵਿਡ ਕੈਲਾਹਨ ਨਾਲ ਫੋਨ ਉਪਰ ਹੀ ਕਰ ਲਈ ਹੈ। ਉਹ ਬੈਂਕ ਵਿਚ ਮਿਥੇ ਵਕਤ 'ਤੇ ਪਹੁੰਚ ਜਾਂਦਾ ਹੈ। ਡੇਵਿਡ ਦੀ ਹੈਲੋ ਵਿਚ ਪਹਿਲਾਂ ਜਿੰਨਾ ਨਿੱਘ ਨਹੀਂ ਹੈ। ਕਾਰਾ ਸਮਝ ਜਾਂਦਾ ਹੈ ਕਿ ਉਸ ਨੇ ਪੂਰੇ ਦਾ ਪੂਰਾ ਲੋਨ ਮੰਗਿਆ ਹੈ ਇਸੇ ਕਰਕੇ ਹੀ ਡੇਵਿਡ ਬਹੁਤਾ ਖੁਸ਼ ਨਹੀਂ ਹੋਵੇਗਾ। ਪਰ ਉਸ ਨੂੰ ਯਕੀਨ ਹੈ ਕਿ ਉਹ ਆਪਣੀ ਗੱਲ ਉਪਰ ਦਬਾਅ ਪਾ ਸਕੇਗਾ।

ਉਹ ਤਿਆਰ ਕੀਤੀ ਫਾਈਲ ਡੇਵਿਡ ਦੇ ਮੂਹਰੇ ਰੱਖ ਦਿੰਦਾ ਹੈ। ਜਿਸ ਵਿਚ ਹੋਟਲ ਦੇ ਸਾਰੇ ਪੇਪਰ ਤੇ ਅਕਾਊਂਟਸ ਹਨ, ਬਿਜ਼ਨਸ ਪਰੋਪੋਜ਼ਲ ਹੈ। ਡੇਵਿਡ ਪੇਪਰ ਫਰੋਲਦਾ ਹੈ, ਵਿਚੋਂ ਵਿਚੋਂ ਪੜ੍ਹ ਰਿਹਾ ਹੈ ਤੇ ਕਹਿੰਦਾ ਹੈ,

''ਹੰਡਰਡ ਪਰਸੈਂਟ ਲੋਨ ਨਹੀਂ ਮਿਲ ਸਕਣਾ।''

''ਕਿਉਂ ਨਹੀਂ ਮਿਲ ਸਕਦਾ? ਤੂੰ ਆਪ ਹੀ ਤਾਂ ਕਿਹਾ ਕਰਦਾ ਸੀ।''

''ਹਾਂ, ਪਰ ਇਹ ਪ੍ਰੋਜੈਕਟ ਬਹੁਤ ਵੱਡਾ ਐ ਤੇ ਇਹਦੇ ਵਿਚ ਰਿਸਕ ਬਹੁਤਾ ਐ।''

''ਕੀ ਰਿਸਕ ਐ ? ਹੋਟਲ ਦੀ ਕੀਮਤ ਤਾਂ ਪਹਿਲਾਂ ਹੀ ਘੱਟ ਐ।''

''ਹਾਂ, ਪਰ ਪਿੱਛੇ ਜਿਹੇ ਆਏ ਰਿਸੈਸ਼ਨ ਨੇ ਸਭ ਕੁਝ ਬਦਲ ਦਿੱਤੈ, ਲੋਨ ਦੇਣ ਦਾ ਸਿਸਟਮ ਵੀ, ਫਿਰ ਮੇਰੇ ਹੱਥ ਵਿਚ ਕੁਝ ਨਹੀਂ, ਉਪਰੋਂ ਦਫਤਰ ਵਿਚੋਂ ਪਾਸ ਕਰਾਉਣਾ ਪੈਣਾ।''

''ਡੇਵਿਡ, ਮੈਂ ਤਾਂ ਕਿੰਨੀ ਵਾਰ ਤੈਨੂੰ ਲੋਨ ਦਿੰਦੇ ਨੂੰ ਦੇਖਿਆ।''

''ਛੋਟੇ ਲੋਨ ਨੂੰ ਦੇਖਿਆ ਹੋਵੇਗਾ, ਏਡੀ ਰਕਮ ਮੇਰੇ ਅਧਿਕਾਰ ਹੇਠ ਨਹੀਂ।''

''ਕਿੰਨਾ ਕੁ ਐ ਤੇਰੇ ਅਧਿਕਾਰ ਹੇਠ ?''

''ਫਿਫਟੀ ਪਰਸੈਂਟ, ਅੱਧਾ।''

''ਅੱਧਾ ਤਾਂ ਕੋਈ ਵੀ ਬੈਂਕ ਦੇ ਦੇਊ, ਫਿਰ ਤੇਰੀ ਦੋਸਤੀ ਦਾ ਕੀ ਫਾਇਦਾ !''

''ਸੌਰੀ ਮਿਸਟਰ ਰਾਏ, ਮੈਂ ਇੰਨਾ ਕੁਝ ਹੀ ਕਰ ਸਕਦਾਂ।''

''ਇਹ ਤਾਂ ਗਲਤ ਐ ਡੇਵਿਡ, ਮੈਂ ਹਿਸਾਬ ਲਾਇਆ ਕਿ ਮਿਲੀਅਨ ਪੌਂਡ ਦੀ ਅੱਠ ਹਜ਼ਾਰ ਮਹੀਨੇ ਦੀ ਕਿਸ਼ਤ ਬਣਦੀ ਐ ਤੇ ਖਰਚ ਕੱਢ ਕੇ ਹੋਟਲ ਦੀ ਆਮਦਨ ਦਸ ਹਜ਼ਾਰ ਪੌਂਡ ਐ, ਕਿਸ਼ਤ ਤਾਂ ਆਸਾਨੀ ਨਾਲ ਨਿਕਲ ਜਾਵੇਗੀ।''

''ਆਮਦਨ ਤਾਂ ਕੱਲ ਨੂੰ ਘੱਟ ਵੀ ਸਕਦੀ ਐ, ਤੈਨੂੰ ਤਾਂ ਪਤੈ ਕਿ ਬੈਂਕ ਲੋਨ ਕਿਵੇਂ ਵਰਕ ਕਰਦੈ, ਬੈਂਕ ਨੇ ਇਹ ਦੇਖਣਾ ਕਿ ਜੇਕਰ ਤੂੰ ਕਲ ਨੂੰ ਲੋਨ ਨਹੀਂ ਮੋੜ ਸਕਦਾ ਤਾਂ ਉਸ ਸਥਿਤੀ ਵਿਚ ਇਹ ਹੋਟਲ ਕਿੰਨੇ ਦਾ ਵਿਕੇਗਾ, ਕੀ ਬੈਂਕ ਦੇ ਪੈਸੇ ਪੂਰੇ ਵੀ ਹੋਣਗੇ।''

''ਡੇਵਿਡ, ਮੈਨੂੰ ਯਕੀਨ ਨਹੀਂ ਕਿ ਤੂੰ ਇਵੇਂ ਵੀ ਕਰ ਸਕਦਾਂ।''

''ਰੌਏ, ਇਕ ਹੋਰ ਤਰੀਕਾ ਏ, ਜੇ ਤੂੰ ਚਾਹੇਂ ਤਾਂ।''

''ਉਹ ਕਿਹੜਾ ?''

''ਤੂੰ ਆਪਣੀ ਸਾਰੀ ਜਾਇਦਾਦ ਇਸ ਲੋਨ ਵਿਚ ਲਿਖਵਾ ਦੇ।''

''ਯੂ ਆਰ ਏ ਜੋਕਰ ਡੇਵਿਡ।''

ਕਹਿੰਦਾ ਕਾਰਾ ਗੁੱਸੇ ਵਿਚ ਉਠ ਖੜਦਾ ਹੈ ਤੇ ਆਪਣੀ ਫਾਈਲ ਚੁੱਕ ਲੈਂਦਾ ਹੈ। ਤੁਰਦਾ ਹੋਇਆ ਕਹਿਣ ਲੱਗਦਾ ਹੈ,

''ਮਿਸਟਰ ਕੈਲਾਹਨ, ਮੈਂ ਤੇਰੇ ਉਪਰ ਇੰਨੇ ਪੈਸੇ ਫਜ਼ੂਲ ਹੀ ਖਰਚੇ ਹਨ।''

ਉਸ ਨੂੰ ਨਿਰਾਸ਼ ਪਰਤੇ ਨੂੰ ਦੇਖ ਕੇ ਮਨੀਸ਼ ਸਾਰੀ ਗੱਲ ਸਮਝ ਜਾਂਦਾ ਹੈ। ਉਹ ਕਹਿੰਦਾ ਹੈ,

''ਫਿਕਰ ਨਾ ਕਰ ਰਾਏ, ਮੈਂ ਲੋਨ ਦਾ ਇੰਤਜ਼ਾਮ ਕਰਦਾਂ, ਆਪਣੇ ਬੈਂਕ ਕੋਲ ਕੋਸ਼ਿਸ਼ ਕਰਦਾਂ।''

ਮਨੀਸ਼ ਪਟੇਲ ਦੀਆਂ ਗਰੌਸਰੀ ਦੀਆਂ ਤਿੰਨ ਦੁਕਾਨਾਂ ਹਨ। ਤਿੰਨੇ ਹੀ ਹਾਈ ਸਟਰੀਟਾਂ ਉਪਰ ਹਨ। ਮੈਨੇਜਰ ਰੱਖੇ ਹੋਏ ਹਨ। ਦੁਕਾਨਾਂ ਵਿਚ ਥਾਂ ਥਾਂ ਵੀਡੀਓ ਕੈਮਰੇ ਲੱਗੇ ਹੋਏ ਹਨ ਤਾਂ ਜੋ ਕੋਈ ਕਰਮਚਾਰੀ ਚੋਰੀ ਨਾ ਕਰ ਸਕੇ। ਹੋਟਲ ਦਾ ਕੰਮ ਉਸ ਨੂੰ ਫਿੱਟ ਵੀ ਬੈਠਦਾ ਹੈ ਕਿਉਂਕਿ ਵਕਤ ਕਾਫੀ ਹੁੰਦਾ ਹੈ। ਉਹ ਵੀ ਕਾਰੇ ਵਾਂਗ ਘਾਟੇ ਤੋਂ ਡਰਦਾ ਹੀ ਇਕੱਲਾ ਹੱਥ ਨਹੀਂ ਪਾ ਰਿਹਾ। ਉਸ ਦੀ ਬੈਂਕ ਲੰਡਨ ਬੈਂਕ ਹੈ। ਛੋਟੀ ਬੈਂਕ ਹੈ। ਆਪਣੇ ਕੰਮ ਨੂੰ ਵਧਾਉਣ ਦੇ ਮਕਸਦ ਨਾਲ ਵੱਡੇ ਲੋਨ ਨੂੰ ਵੀ ਹੱਥ ਪਾ ਲੈਂਦੀ ਹੈ। ਮਨੀਸ਼ ਪਟੇਲ ਦੀਆਂ ਦੁਕਾਨਾਂ ਦੀ ਸਾਰੀ ਵੱਟਤ ਇਸ ਬੈਂਕ ਵਿਚ ਹੀ ਜਾਂਦੀ ਹੈ। ਜਦੋਂ ਮਨੀਸ਼ ਪਟੇਲ ਆਪਣੀ ਬਿਜ਼ਨਸ ਪਰੋਪੋਜ਼ਲ ਬੈਂਕ ਮੈਨੇਜਰ ਮੂਹਰੇ ਰੱਖਦਾ ਹੈ ਤਾਂ ਉਹ ਇਕਦਮ 75 ਪਰਸੈਂਟ ਕਰਜ਼ੇ ਲਈ ਮੰਨ ਜਾਂਦਾ ਹੈ। ਇਸ ਤੋਂ ਬਿਨਾਂ ਦਸ ਪਰਸੈਂਟ ਡਿਪੌਜ਼ਟ ਦੇ ਤੌਰ 'ਤੇ ਵੀ ਬੈਂਕ ਵਲੋਂ ਮਿਲ ਜਾਂਦਾ । ਇਸ ਹਿਸਾਬ ਨਾਲ ਪੱਚਾਸੀ ਫੀਸਦੀ ਕਰਜ਼ਾ ਬੈਂਕ ਦੇ ਦਿੰਦਾ ਹੈ। ਬਾਕੀ ਦਾ ਇੰਤਜ਼ਾਮ ਉਹ ਦੋਵੇਂ ਆਪ ਕਰ ਲੈਂਦੇ ਹਨ।

ਤਿੰਨ ਕੁ ਮਹੀਨੇ ਬਾਅਦ ਹੋਟਲ ਦੀ ਚਾਬੀ ਮਿਲ ਜਾਂਦੀ ਹੈ। ਕਾਰਾ ਸੱਤਵੇਂ ਅਸਮਾਨ ਉਪਰ ਹੈ। ਉਹ ਮਨੀਸ਼ ਨੂੰ ਕਹਿੰਦਾ ਹੈ,

''ਇਕ ਕਮਰਾ ਮੇਰੀ ਅਯਾਸ਼ੀ ਕੇ ਲੀਏ।''

ਛੱਤੀ

ਗਿਆਨ ਇੰਦਰ ਦੇ ਕਤਲ ਨਾਲ ਸਾਰਾ ਸਾਊਥਾਲ ਦਹਿਲ ਜਾਂਦਾ ਹੈ। ਕੁਝ ਪਤਾ ਨਹੀਂ ਚਲ ਰਿਹਾ ਕਿ ਕਤਲ ਕਿਸ ਨੇ ਕੀਤਾ ਹੈ। ਤਰ੍ਹਾਂ ਤਰ੍ਹਾਂ ਦੀਆਂ ਕਿਆਸ ਅਰਾਈਆਂ ਹੋ ਰਹੀਆਂ ਹਨ। ਬਰਤਾਨੀਆਂ ਦੀਆਂ ਮੇਨ ਸਟਰੀਮ ਦੀਆਂ ਅਖਬਾਰਾਂ ਇਸ ਕਤਲ ਦਾ ਗੰਭੀਰ ਨੋਟਿਸ ਲੈਂਦੀਆਂ ਹਨ। ਇਸ ਘਟਨਾ ਬਾਰੇ ਸੰਪਾਦਕੀਆਂ ਲਿਖੀਆਂ ਜਾਦੀਆਂ ਹਨ। ਇਸ ਕਤਲ ਨੂੰ ਕਲਮ ਦੀ ਅਜ਼ਦੀ ਉਪਰ ਹਮਲਾ ਸਮਝਿਆ ਜਾ ਰਿਹਾ ਹੈ। ਦੁਨੀਆਂ ਭਰ ਦੀਆਂ ਅਖਬਾਰਾਂ ਵਿਚ ਇਸ ਕਤਲ ਦੀ ਚਰਚਾ ਹੁੰਦੀ ਹੈ ਪਰ ਹੌਲੀ ਹੌਲੀ ਇਸ ਘਟਨਾ ਦਾ ਅਸਰ ਮੱਧਮ ਪੈਣ ਲਗਦਾ ਹੈ। 'ਵਾਸ ਪਰਵਾਸ' ਭਾਵੇਂ ਹਾਲੇ ਵੀ ਠੀਕ ਠਾਕ ਚਲ ਰਿਹਾ ਹੈ ਪਰ ਗਿਆਨ ਇੰਦਰ ਪਾਠਕਾਂ ਦੀਆਂ ਸਿਮਰਤੀਆਂ ਵਿਚ ਉਵੇਂ ਦਾ ਉਵੇਂ ਬੈਠਾ ਹੈ।

ਗਰੇਵਾਲ ਨੂੰ ਅਜ ਉਸ ਦੀ ਘਾਟ ਬਹੁਤ ਰੜਕ ਰਹੀ ਹੈ। ਉਹ ਜੀਉਂਦਾ ਹੁੰਦਾ ਤਾਂ ਉਸ ਨੂੰ ਅਜ ਜਗਜੀਤ ਪਰਵਾਨੇ ਦੀ ਲੋੜ ਨਾ ਪੈਂਦੀ। ਪਰਵਾਨਾ ਸਾਊਥਾਲ ਦਾ ਮੰਨਿਆਂ ਹੋਇਆ ਕਵੀ ਹੈ ਤੇ ਇਕ ਲੇਖਕ ਸਭਾ ਦਾ ਪਰਧਾਨ ਹੈ। ਸਾਊਥਾਲ ਵਿਚ ਕਈ ਕਈ ਗੁਰਦਵਾਰਿਆਂ, ਮੰਦਰਾਂ, ਮਸਜਦਾਂ ਵਾਂਗ ਕਈ ਲੇਖਕ ਸਭਾਵਾਂ ਵੀ ਹਨ। ਪਰਵਾਨੇ ਦੇ ਘਰ ਜਾਣ ਲਈ ਉਹ ਸੋਮਰਸੈਟ ਐਵੇਨਿਊ ਤੋਂ ਨਿਕਲ ਕੇ ਲੇਡੀ ਮਾਰਗਰੇਟ ਰੋਡ ਉਪਰ ਆ ਪੈਂਦਾ ਹੈ। ਫਿਰ ਕਾਰਲਾਇਲ ਰੋਡ ਤੋਂ ਹੋ ਕੇ ਡੇਨ ਐਵੇਨਿਊ ਉਪਰ। ਡੇਨ ਐਵੇਨਿਊ ਸਿੱਧੀ ਬਰਾਡਵੇਅ ਨੂੰ ਨਿਕਲਦੀ ਹੈ। ਬਰਾਡਵੇਅ ਨਿੱਤ ਵਾਂਗ ਵਿਅਸਤ ਹੈ। ਉਹ ਸੋਚਦਾ ਹੈ ਕਿ ਚੰਗਾ ਹੋਇਆ ਜੋ ਕਾਰ ਨਹੀਂ ਲਿਆਂਦੀ। ਉਸ ਦੇ ਖੱਬੇ ਪਾਸੇ ਥੋੜ੍ਹਾ ਹਟਵਾਂ ਗਰੇਵਾਲ ਇੰਪੋਰੀਅਮ ਨਜ਼ਰ ਆ ਰਿਹਾ ਹੈ। ਇਕ ਨਜ਼ਰ ਭਰ ਕੇ ਉਹ ਉਧਰ ਦੇਖਦਾ ਹੈ। ਮਨ ਹੀ ਮਨ ਕਹਿੰਦਾ ਹੈ ਕਿ ਵਾਹਵਾ ਸਜਾ ਲਿਆ ਲੱਗਦਾ ਹੈ। ਬਰਾਡਵੇਅ ਉਪਰ ਸਾਹਮਣੇ ਹੀ ਮੀਟ ਦੀ ਦੁਕਾਨ ਹੈ। ਇਥੋਂ ਕਦੇ ਉਹ ਮੀਟ ਖਰੀਦਿਆ ਕਰਦਾ ਸੀ। ਹੁਣ ਤਾਂ ਘਰ ਮੀਟ ਬਣਾਏ ਨੂੰ ਮੁੱਦਤਾਂ ਹੀ ਹੋ ਗਈਆਂ ਹਨ। ਰਸੋਈ ਦੇ ਕੰਮ ਵਿਚ ਉਹ ਬਹੁਤ ਆਲਸੀ ਹੈ। ਬਣਿਆ ਬਣਾਇਆ ਹੀ ਟੇਕ ਅਵੇਅ ਕਰ ਲੈਂਦਾ ਹੈ। ਇਹ ਸਾਊਥਾਲ ਹੈ। ਇਥੇ ਤਾਂ ਗੈਸ ਬਾਲਣ ਦੀ ਲੋੜ ਵੀ ਨਹੀਂ ਪੈਣੀ ਚਾਹੀਦੀ। ਮੀਟ ਦੀ ਦੁਕਾਨ ਦੇ ਸ਼ੀਸ਼ੇ ਉਪਰ ਪਹਿਲਾਂ ਪੰਜਾਬੀ ਵਿਚ ਝਟਕਾ ਲਿਖਿਆ ਹੁੰਦਾ ਸੀ। ਹੁਣ ਹਲਾਲ ਲਿਖ ਦਿੱਤਾ ਗਿਆ ਹੈ। ਹੇ ਲਾਮ ਅਲਫ ਲਾਮ - ਹਲਾਲ। ਨਾਲ ਹੀ ਪ੍ਰਤਾਪ ਖੈਹਰੇ ਦਾ ਰੈਸਟੋਰੈਂਟ ਹੈ ਤੇ ਸਾਹਮਣੇ ਚੌਧਰੀ ਦਾ। ਉਹ ਜਗਮੋਹਣ ਨੂੰ ਦੱਸਿਆ ਕਰਦਾ ਹੈ ਕਿ ਵੱਡੀ ਗੱਲ ਨਹੀਂ ਜੇਕਰ ਸਾਊਥਾਲ ਵਿਚ ਸਿੱਖ-ਮੁਸਲਮਾਨ ਦੰਗੇ ਹੋ ਜਾਣ। ਉਹ ਗੁੱਸਾ ਅੰਦਰ ਲੰਘਾਉਂਦਾ ਤੁਰਦਾ ਜਾਂਦਾ ਹੈ।

ਜਗਜੀਤ ਪਰਵਾਨਾ ਛੋਟੇ ਵੱਡੇ ਮੁਸ਼ਾਇਰੇ ਜਾਂ ਹੋਰ ਫੰਕਸ਼ਨ ਕਰਾਉਂਦਾ ਰਹਿੰਦਾ ਹੈ। ਪਹਿਲਾਂ ਉਹ ਤੇ ਕਾਮਰੇਡ ਇਕਬਾਲ ਇਕੋ ਗਰੁੱਪ ਵਿਚ ਹੁੰਦੇ ਸਨ ਪਰ ਹੁਣ ਨਹੀਂ। ਜਦੋਂ ਖਾਲਿਸਤਾਨ ਦਾ ਰੌਲਾ ਪਿਆ ਸੀ ਤਾਂ ਇਕ ਸਭਾ ਦੇ ਕਈ ਗਰੁੱਪ ਬਣ ਗਏ ਸਨ। ਕਈ ਤਰੱਕੀਪਸੰਦ ਕਹਿਲਾਉਣ ਵਾਲੇ ਲੇਖਕ ਨੰਗੇ ਹੋ ਗਏ ਸਨ। ਬਾਹਰੋਂ ਤਰੱਕੀਪਸੰਦ ਤੇ ਅੰਦਰੋਂ ਮੂਲਵਾਦੀ। ਕਦੇ ਗਰੇਵਾਲ ਨੂੰ ਵੀ ਕਵਿਤਾ ਦਾ ਸ਼ੌਕ ਹੋਇਆ ਕਰਦਾ ਸੀ। ਮੁਸ਼ਾਇਰਿਆਂ ਵਿਚ ਜਾਇਆ ਕਰਦਾ ਸੀ। ਹੁਣ ਨਹੀਂ ਹੈ। ਗਰੇਵਾਲ ਨੂੰ ਪਰਵਾਨੇ ਦੀ ਸ਼ਾਇਰੀ ਚੰਗੀ ਲੱਗਦੀ ਹੈ। ਚੁਸਤ ਲਫਜ਼ਕਾਰੀ ਤੇ ਨਾਲ ਨਾਲ ਬੌਧਿਕਤਾ। ਪਰ ਕਵਿਤਾ ਤਾਂ ਉਸ ਨੂੰ ਸ਼ੀਲਾ ਸਪੈਰੋ ਦੀ ਹੀ ਪਸੰਦ ਹੈ। ਛੋਟੇ ਕਦ ਦੀ ਖ਼ੂਬਸੂਰਤ ਕੁੜੀ, ਤਿਖੇ ਤਿਖੇ ਕਦਮ ਧਰਦੀ ਤੇ ਚਿੜੀ ਵਾਂਗ ਫੁਦਕਦੀ ਸ਼ੀਲਾ ਸਪੈਰੋ। ਹੁਣੇ ਹੀ 'ਵਾਸ ਪਰਵਾਸ' ਵਿਚ ਪੂਰੇ ਇਕ ਸਫੇ 'ਤੇ ਉਸ ਦੀਆਂ ਗਜ਼ਲਾਂ ਲੱਗੀਆਂ ਦਿਸੀਆਂ ਸਨ ਤਾਂ ਰੂਹ ਬਾਗ ਬਾਗ ਹੋ ਗਈ ਸੀ। ਉਹ ਬਰਾਡਵੇਅ ਉਪਰੋਂ ਨਹਿਰ ਦੇ ਨਾਲ ਨਾਲ ਮੁੜ ਜਾਂਦਾ ਹੈ। ਪੱਬ ਵੱਲ ਦੇਖਦਾ ਰਹਿੰਦਾ ਹੈ ਕਿ ਹੁਣ ਨਵਾਂ ਬਣਾ ਦਿੱਤਾ ਹੈ। ਉਦੋਂ ਤਾਂ ਦੰਗਾਕਾਰੀਆਂ ਨੇ ਸੁਆਹ ਦੀ ਢੇਰੀ ਬਣਾ ਦਿੱਤਾ ਸੀ। ਸੰਨ ਉਣਾਸੀ ਵਿਚ ਸਾਊਥਾਲ ਵਿਚ ਨਸਲੀ ਦੰਗੇ ਹੋਏ ਸਨ। ਕੁਝ ਨਸਲਵਾਦੀ ਭੜਕਾਹਟ ਪੈਦਾ ਕਰਨ ਲਈ ਸਾਊਥਾਲ ਵਿਚ ਮੀਟਿੰਗਾਂ ਕਰਨੀਆਂ ਚਾਹੁੰਦੇ ਸਨ। ਲੋਕਾਂ ਨੂੰ ਲੱਗਿਆ ਕਿ ਦੁਸ਼ਮਣ ਤਾਂ ਘਰ ਵਿਚ ਆ ਵੜਿਆ। ਬਸ ਖੜਕਾ ਦੜਕਾ ਹੋ ਗਿਆ।

ਪਰਵਾਨਾ ਉਸ ਨੂੰ ਧਾਅ ਕੇ ਮਿਲਦਾ ਹੈ। ਜੱਫੀ ਪਾ ਲੈਂਦਾ ਹੈ ਤੇ ਪੁੱਛਦਾ ਹੈ,

"ਗਰੇਵਾਲ, ਤੂੰ ਤਾਂ ਬਿਲਕੁਲ ਹੀ ਛੂਪਨ ਹੋ ਗਿਐਂ, ਮਿਲਦਾ ਹੀ ਨਹੀਂ ਕਦੇ ?"

"ਤੈਨੂੰ ਪਤਾ ਈ ਐ ਪਰਵਾਨੇ, ਲਾਈਫ ਸਟਾਈਲ ਈ ਅਜਿਹਾ ਐ, ਬਸ ਚਲੋ ਈ ਚੱਲ ਐ।"

"ਤੂੰ ਤਾਂ ਯਾਰ ਇਕੱਲੀ ਜਾਨ ਐਂ, ਜੇ ਤੇਰੀ ਲਾਈਫ ਚਲੋ ਚੱਲ ਐ ਤਾਂ ਸਾਡਾ ਟੱਬਰ-ਟੀਰ ਵਾਲਿਆਂ ਦਾ ਕੀ ਬਣੂੰ।"

ਜਦ ਤੱਕ ਪਰਵਾਨੇ ਦੀ ਪਤਨੀ ਨਛੱਤਰ ਕੌਰ ਵੀ ਉਨ੍ਹਾਂ ਕੋਲ ਆ ਜਾਂਦੀ ਹੈ। ਉਹ ਸਾਰੇ ਇਕ ਦੂਜੇ ਦੇ ਪੁਰਾਣੇ ਵਾਕਫ ਹਨ। ਉਹ ਆਉਂਦੀ ਹੀ ਪੁੱਛਦੀ ਹੈ,

"ਵੇ ਗਰੇਵਾਲਾ, ਤੂੰ ਈ ਐਂ ? ਜਦ ਇਨ੍ਹਾਂ ਨੇ ਦੱਸਿਆ ਕਿ ਤੂੰ ਆਉਣੈ ਤਾਂ ਯਕੀਨ ਨਾ ਆਵੇ, ਮੈਂ ਤਾਂ ਕਈ ਵਾਰ ਤੁਹਾਡੀ ਦੁਕਾਨ 'ਤੇ ਵੀ ਜਾਨੀ ਹੁੰਨੀ ਆਂ, ਉਥੇ ਵੀ ਕਦੇ ਨਹੀਂ ਦੇਖਿਆ ਤੈਨੂੰ।"

"ਭਰਜਾਈ, ਦੁਕਾਨ ਵਿਚ ਗਏ ਨੂੰ ਤਾਂ ਮੈਨੂੰ ਪੰਦਰਾਂ ਸਾਲ ਹੋ ਗਏ, ਸਭ ਕੁਝ ਭਰਾਵਾਂ ਨੂੰ ਸੰਭਾਲ ਦਿੱਤਾ।"

"ਚਲੋ, ਕੋਈ ਗੱਲ ਨਹੀਂ, ਉਹ ਵੀ ਆਪਣੇ ਆਂ, ਤੇਰੀ ਤਾਂ ਜੌਬ ਈ ਦੱਸਦੇ ਆ ਕਿ ਚੰਗੀ ਆ, ਜੁਗਿੰਦਰ ਕੌਰ ਚੰਦਰੀ ਦੇ ਕਰਮਾਂ ਵਿਚ ਨਾ ਸੀ।"

ਗਰੇਵਾਲ ਕੁਝ ਨਹੀਂ ਬੋਲਦਾ। ਪਰਵਾਨੇ ਨੂੰ ਡਰ ਹੈ ਕਿ ਕਿਧਰੇ ਕੋਈ ਜਜ਼ਬਾਤੀ ਭੰਨ ਤੋੜ ਨਾ ਹੋ ਜਾਵੇ। ਗੱਲ ਨੂੰ ਬਦਲਦਾ ਆਖਦਾ ਹੈ,

"ਦੇਖ ਲੈ ਗਿਆਨ ਇੰਦਰ ਤਾਂ ਭੰਗ ਦੇ ਭਾੜੇ ਈ ਗਿਆ!"
"ਬਹੁਤ ਮਾੜਾ ਹੋਇਆ।"
"ਬਾਬਿਆਂ ਤੋ ਹੋਰ ਆਸ ਵੀ ਕੀ ਰੱਖੀ ਜਾ ਸਕਦੀ ਐ।"
"ਪਤਾ ਨਹੀਂ ਕੌਣ ਇਹ ਕਾਰਾ ਕਰ ਗਿਆ, ਕਮਾਲ ਦੀ ਗੱਲ ਏ ਕਿ ਹਾਲੇ ਤਕ ਕੁਸ਼ ਪਤਾ ਨਹੀਂ ਚਲਿਆ।"

ਪਰਵਾਨੇ ਦੀ ਪਤਨੀ ਚਾਹ ਲੈ ਆਉਂਦੀ ਹੈ। ਪਰਵਾਨਾ ਗਰੇਵਾਲ ਨੂੰ ਪੁੱਛਦਾ ਹੈ,
"ਪੁਰਾਣੇ ਦੋਸਤਾਂ ਵਿਚੋਂ ਕੋਈ ਮਿਲਦਾ ਹੁੰਦੈ?"
"ਕੋਈ ਕਦੇ ਘੱਟੇ ਈ, ਤੂੰ ਦਸ, ਤੂੰ ਤੇ ਫੰਕਸ਼ਨ ਕਰਦਾ ਰਹਿੰਨਾ।"
"ਅਸੀਂ ਫੰਕਸ਼ਨ ਕਰਾਉਨੇ ਆਂ ਸਭ ਨੂੰ ਸੱਦਦੇ ਆਂ ਪਰ ਇਕਬਾਲ ਹਾਲੇ ਵੀ ਔਖਾ ਫਿਰਦਾ ਅਖੇ ਤੁਸੀਂ ਗਿਆਨ ਇੰਦਰ ਦੇ ਪਰਚੇ ਵਿਚ ਛਪ ਕੇ ਉਸ ਦਾ ਸਾਥ ਦਿਤਾ। ਮੈਂ ਕਹਿੰਨਾ, ਸਾਡੇ ਛਪਣ ਜਾਂ ਨਾ ਛਪਣ ਨਾਲ ਗਿਆਨ ਇੰਦਰ ਨੇ ਆਪਣੇ ਵਿਚਾਰ ਨਹੀਂ ਬਦਲ ਲੈਣੇ, ਕਵੀ ਨੇ ਕਵਿਤਾ ਲਿਖੀ ਐ ਉਹ ਚਾਹੁੰਦਾ ਕਿ ਇਹ ਲੋਕਾਂ ਤਕ ਪਹੁੰਚੇ ਤੇ 'ਵਾਸ ਪਰਵਾਸ' ਤੋਂ ਵਧੀਆ ਕੋਈ ਜ਼ਰੀਆ ਨਹੀਂ ਲੋਕਾਂ ਤਕ ਜਾਣ ਦਾ। ਮੈ ਕਹਿੰਨਾ, ਕਾਮਰੇਡਾ ਤੂੰ ਦੇਖ ਅਸੀਂ ਆਪਣੇ ਦਿਲ ਦੀ ਗੱਲ ਕਹਿ ਸਕਦੇ ਆਂ, ਪਿਛਲੇ ਵਿਸ਼ੇਸ਼ ਅੰਕ ਵਿਚ ਮੇਰੀਆਂ ਕਵਿਤਾਵਾਂ ਪੂਰੇ ਸਫੇ ਤੇ ਲਗੀਆਂ ਸਨ ਪਰ ਇਹ ਸਾਰੀਆਂ ਹੀ ਮੂਲਵਾਦ ਦੇ ਖਿਲਾਫ ਭੁਗਤਦੀਆਂ।"
"ਮੇਰੇ ਨਾਲ਼ ਵੀ ਕਾਫੀ ਦੇਰ ਤਕ ਔਖਾ ਰਿਹਾ, ਮੈਂ ਕਿਹਾ ਕਿ ਮੈਂ ਕਦੇ ਖਾਲਿਸਤਾਨ ਦਾ ਹਾਮੀ ਨਹੀਂ ਰਿਹਾ ਤੇ ਨਾ ਹੀ ਇਹਦੇ ਹੱਕ ਵਿਚ ਲਿਖਿਆ ਪਰ ਕਾਮਰੇਡ 'ਆਈ ਡਵਲਯੂ ਏ' ਦੇ ਦੇ ਜ਼ਮਾਨੇ 'ਚ ਬੈਠਾ।"
"ਉਹ ਇਕ ਵਖਰਾ ਦੌਰ ਸੀ, ਅਸੀਂ ਵੀ ਜੁਆਨ ਸਾਂ, ਚੇਤੇ ਆ ਇੰਡੀਆ ਦੀ ਪਰਧਾਨ ਮੰਤਰੀ ਆਈ ਤਾਂ ਆਪਾਂ ਉਹਦੀਆਂ ਗਲਤ ਨੀਤੀਆਂ ਕਰਕੇ ਉਹਦੇ ਖਿਲਾਫ ਰੋਸ-ਮੁਜ਼ਾਹਰਾ ਕੀਤਾ ਸੀ, ਇਕਬਾਲ ਨੇ ਪਰਧਾਨ ਮੰਤਰੀ ਦੇ ਆਂਡਾ ਮਾਰਿਆ ਸੀ।"
"ਆਂਡਾ ਵੀ ਏਸ ਸਕੀਮ ਨਾਲ਼ ਮਾਰਿਆ ਕਿ ਜਦ ਉਹ ਡੁਮੀਨਅਨ ਸਿਨਮੇ ਦਾ ਡੋਰ ਲੰਘਣ ਲਗੀ ਤਾਂ ਇਹਨੇ ਆਂਡਾ ਦਰਵਾਜ਼ੇ ਤੋਂ ਜ਼ਰਾ ਕੁ ਉਪਰ ਕੰਧ ਵਿਚ ਮਾਰਿਆ ਤੇ ਆਂਡਾ ਟੁੱਟ ਕੇ ਪਰਧਾਨ ਮੰਤਰੀ ਦੇ ਜੂੜੇ ਵਿਚ ਇਵੇਂ ਪਿਆ ਜਿਵੇਂ ਕੌਲੀ ਵਿਚ ਪਾਈਦਾ ਏ।"

ਗਰੇਵਾਲ ਆਖਦਾ ਹੈ ਤੇ ਦੋਨੋਂ ਤਾੜੀ ਮਾਰ ਕੇ ਹੱਸਣ ਲਗਦੇ ਹਨ। ਗਰੇਵਾਲ ਫਿਰ ਕਹਿੰਦਾ ਹੈ,
"ਉਸ ਦੇ ਚੇਲੇ ਚਾਟੜੇ ਉਸ ਦਾ ਸਿਰ ਪੂੰਝਦੇ ਫਿਰਨ।"
"ਗਰੇਵਾਲ, ਇਹ ਜ਼ਰੂਰੀ ਵੀ ਸੀ, ਉਹ ਵੀ ਆਪਣੇ ਆਪ ਨੂੰ ਡਿਕਟੇਟਰ ਸਮਝਣ ਲਗ ਪਈ ਸੀ, ਲੋਕ ਰਾਏ ਦਾ ਫਿਕਰ ਕਰਨਾ ਉਸ ਨੇ ਛੱਡ ਦਿਤਾ ਸੀ ਪਰ ਇਹ ਤਾਂ ਹੁਣ ਬਹੁਤ ਪੁਰਾਣੀ ਗੱਲ ਹੋ ਗਈ, ਤੂੰ ਦਸ ਇਹ ਸੱਦਾ ਪੱਤਰ ਕਿਸ ਨੂੰ ਭੇਜਣਾਂ?"
"ਮੇਰੀ ਵਾਕਫੀ ਵਿਚੋਂ ਇਕ ਔਰਤ ਹੈ, ਕਵਿਤਾ ਲਿਖਦੀ ਐ, ਉਹ ਆਉਣਾ ਚਾਹੁੰਦੀ ਐ ਸੈਰ ਲਈ ਤੇ ਮੇਰੀ ਡਿਊਟੀ ਲੱਗੀ ਐ ਕਿ ਕਿਸੇ ਸਭਾ ਦੇ ਫੰਕਸ਼ਨ ਵਾਸਤੇ ਸੱਦਾ ਮਿਲ ਜਾਵੇ ਤਾਂ ਵੀਜ਼ਾ ਸਹਿਜੇ ਮਿਲ ਸਕਦੈ।"
"ਆਪਾਂ ਗਰਮੀਆਂ ਨੂੰ ਫੰਕਸ਼ਨ ਕਰਦੇ ਹੁੰਨੇ ਆਂ, ਇਕ ਇਨਵੀਟੇਸ਼ਨ ਭੇਜ ਦੇਵਾਂਗੇ।"
"ਤੁਸੀਂ ਇਨਵੀਟੇਸ਼ਨ ਮੈਨੂੰ ਦੇ ਦੇਣਾ ਉਹਦੇ ਨਾਲ ਮੈਂ ਆਪਣੀ ਸਪੌਂਸਰਸ਼ਿਪ ਵੀ ਲਾ ਦੇਵਾਂਗਾ ਤਾਂ ਕਿ ਸ਼ੋਅਰ ਹੋ ਜਾਏ।"
"ਕੀ ਨਾਂ ਐ ਉਹਦਾ? ਕੋਈ ਨਾਮੀ ਕਵਿੱਤਰੀ ਐ ?"
"ਸ਼ੀਲਾ ਸਪੈਰੋ।"
"ਉਹ ਤਾਂ ਸਾਡੀ ਵਧੀਆ ਕਵਿੱਤਰੀ ਐ, ਉਹਨੂੰ ਵੀਜ਼ੇ ਲਈ ਕੌਣ ਨਾਂਹ ਕਰੂ।"
"ਗੱਲ ਤਾਂ ਤੇਰੀ ਠੀਕ ਐ ਪਰ ਉਥੇ ਲੋਕਾਂ ਨੂੰ ਯਕੀਨ ਨਹੀਂ ਆਉਂਦਾ।"
"ਨਹੀਂ, ਉਹ ਤਾਂ ਨਾਮੀ ਔਰਤ ਐ, ਪਿੱਛੇ ਜਿਹੇ ਉਹਦੇ ਨਾਂ ਨੂੰ ਲੈ ਕੇ ਭਾਰਤੀ ਸਾਹਿਤ ਅਕੈਡਮੀ ਦੀ ਬਹੁਤ ਆਲੋਚਨਾ ਹੋਈ ਕਿ ਉਸ ਨੂੰ ਇਨਾਮ ਕਿਉਂ ਨਹੀਂ ਦਿੱਤਾ ਗਿਆ ਜਦੋਂ ਕਿ ਹੱਕਦਾਰ ਉਹ ਬਹੁਤ ਦੇਰ ਤੋਂ ਐ।"
"ਇਹ ਗੱਲ ਮੈਂ ਵੀ ਪੜ੍ਹੀ ਸੀ ਕਿਧਰੇ, ਸ਼ਾਇਦ ਆਉਣ ਵਾਲੇ ਸਮੇਂ ਵਿਚ ਕਦੇ ਮਿਲ ਜਾਵੇ।"
"ਨਹੀਂ, ਸਾਡੇ ਮੁਲਕ ਵਿਚ ਕੁਰੱਪਸ਼ਨ ਬਹੁਤ ਐ, ਜੇ ਧਿਆਨ ਨਾਲ ਦੇਖੀਏ ਤਾਂ ਔਰਤਾਂ ਨੂੰ ਇਨਾਮ ਸਿਰਫ ਜਵਾਨੀ ਵਿਚ ਈ ਮਿਲਦੇ ਆ।"

ਕਹਿ ਕੇ ਪਰਵਾਨਾ ਹੱਸਣ ਲੱਗਦਾ ਹੈ। ਫਿਰ ਪੁੱਛਦਾ ਹੈ,
"ਤੇਰੀ ਰਿਸ਼ਤੇਦਾਰ ਐ?"
"ਨਹੀਂ, ਵਾਕਫ ਦੀ ਵਾਕਫ ਐ, ਪਿਛਲੀ ਵਾਰ ਗਿਆ ਤਾਂ ਮਿਲੀ ਸੀ, ਵੈਸੇ ਮੇਰੀ ਕਲਾਸ ਫੈਲੋ ਵੀ ਰਹੀ ਐ।"
"ਤੂੰ ਜਿੰਦਾਂ ਕਹੇਂਗਾ ਕਰ ਲਵਾਂਗੇ, ਨਾ ਵੀ ਕੋਈ ਫੰਕਸ਼ਨ ਹੋਇਆ ਤਾਂ ਆਪਾਂ ਓਦਾਂ ਈ ਲੈਟਰ ਡਰਾਫਟ ਕਰ ਲਵਾਂਗੇ, ਤੂੰ ਵੱਰੀ ਨਾ ਕਰ। ਏਨਾ ਈ ਬਹੁਤ ਐ ਕਿ ਤੂੰ ਮਿਲਿਆਂ ਅੱਜ, ਉਹ ਵੀ ਐਨੇ ਸਾਲਾਂ ਬਾਅਦ।"
"ਪੁਰਾਣੇ ਬੰਦੇ ਹੁਣ ਘੱਟ ਈ ਦਿੱਸਦੇ ਆ, ਇਕ ਦਿਨ ਗੁਰਜੰਟ ਸਿੰਘ ਔਲਖ ਮਿਲਿਆ ਸੀ। ਕਹਿੰਦਾ ਕਿ ਸਾਊਥਾਲ ਵਿਚ ਵਾਕਫਾਂ ਦਾ ਕਾਲ ਪੈ ਗਿਆ, ਅੱਗੇ ਸੌ ਬੰਦਾ ਹੱਥ ਮਿਲਾਉਣ ਵਾਲਾ ਮਿਲਿਆ ਕਰਦਾ ਸੀ, ਹੁਣ ਹੈਲੋ ਕਹਿਣ ਲਈ ਵੀ ਚਿਹਰੇ ਲੱਭਣੇ ਪੈਂਦੇ ਆ।"

“ਔਲਖ ਤੁਰਨ ਨੂੰ ਤਕੜੈ, ਕੋਈ ਜ਼ਮਾਨਾ ਸੀ ਜਦੋਂ ਉਹ ਸਾਊਥਾਲ ਨੂੰ ਆਪਣੀ ਮਲਕੀਅਤ ਸਮਝਦਾ ਹੁੰਦਾ ਸੀ, ਐਮ.ਪੀ. ਬਣਨ ਦੇ ਚਾਂਸ ਸਨ ਪਰ ਆਹ ਛੋਟੂ ਰਾਮ ਆਊਟ ਸਾਈਡ ਰਹਿ ਕੇ ਗੋਲ ਕਰ ਗਿਆ ਤੇ ਨੌਮੀਨੇਸ਼ਨ ਜਿੱਤ ਗਿਆ।”

“ਚਲੋ, ਇਹ ਤਾਂ ਸਾਡੀ ਭਾਰਤੀ ਸਿਆਸਤ ਦਾ ਹਿੱਸਾ ਐ ਅਗਲੇ ਨੂੰ ਠਿੱਬੀ ਲਾਉਣੀ।”

“ਪਰ ਔਲਖ ਦੇ ਦਿਮਾਗ ਵਿਚੋਂ ਨੇਤਾਗਿਰੀ ਦਾ ਕੀੜਾ ਨਹੀਂ ਗਿਆ ਹਾਲੇ, ਤਾਂ ਹੀ ਤਾਂ ਹਰ ਰੋਜ਼ ਪੂਰੇ ਸਾਊਥਾਲ ਦਾ ਗੇੜਾ ਮਾਰਦੈ।”

ਵਾਪਸ ਮੁੜਦਾ ਗਰੇਵਾਲ ਗੁਰਜੰਟ ਔਲਖ ਬਾਰੇ ਸੋਚ ਰਿਹਾ ਹੈ ਕਿ ਇਕੱਲ ਤੋਂ ਭੱਜਦਾ ਹੀ ਸਾਊਥਾਲ ਦਾ ਗੇੜਾ ਕੱਢਦਾ ਹੋਵੇਗਾ। ਉਸ ਦੀ ਪਤਨੀ ਵੀ ਬਹੁਤ ਸਾਲਾਂ ਤੋਂ ਉਹਦੇ ਨਾਲ ਅਲਹਿਦਾ ਰਹਿੰਦੀ ਹੈ। ਉਹ ਸੋਚਦਾ ਹੈ ਕਿ ਉਹ ਅਲਖ ਨਾਲੋਂ ਵਧੇਰੇ ਖੁਸ਼ਕਿਸਮਤ ਹੈ ਕਿ ਉਹ ਇਕੱਲਾ ਨਹੀਂ। ਕਿਤਾਬਾਂ ਦਾ ਉਸ ਨੂੰ ਬਹੁਤ ਸਹਾਰਾ ਹੈ।

ਘਰ ਜਾਣ ਲਈ ਉਹ ਮੁੜ ਡੇਨ ਐਵੇਨਿਊ ਉਪਰ ਮੁੜਨ ਲੱਗਦਾ ਹੈ ਪਰ ਉਸ ਦਾ ਦਿਲ ਬਰਾਡਵੇਅ ਦਾ ਚੱਕਰ ਮਾਰਨ ਨੂੰ ਕਰ ਆਉਂਦਾ ਹੈ। ਬਰਾਡਵੇਅ ਉਪਰ ਇੰਨਾ ਰਸ਼ ਹੈ ਕਿ ਮੋਢੇ ਨਾਲ ਮੋਢਾ ਵੱਜ ਰਿਹਾ ਹੈ। ਇਸ ਭੀੜ ਦੀ ਹੁਣ ਉਸ ਨੂੰ ਆਦਤ ਨਹੀਂ ਰਹੀ। ਭੁੱਜਦੇ ਕਬਾਬਾਂ ਦੀ ਸੁੰਘ ਉਸ ਨੂੰ ਚੰਗੀ ਲੱਗਦੀ ਹੈ। ਫੁੱਟਪਾਥ ਉਪਰ ਲੱਗੀ ਜਲੇਬੀਆਂ ਦੀ ਰੇੜ੍ਹੀ ਦੇਖ ਕੇ ਇਕ ਵਾਰ ਤਾਂ ਉਸ ਦਾ ਦਿਲ ਕਰਦਾ ਹੈ ਕਿ ਇਥੇ ਹੀ ਖੜ ਕੇ ਜਲੇਬੀਆਂ ਖਾਣ ਲੱਗੇ। ਅੱਗੇ ਹੋਰ ਜਾਵੇਗਾ ਤਾਂ ਸਾਹਮਣੇ ਗਰੇਵਾਲ ਇਂਪੋਰੀਅਮ ਦਿੱਸਣ ਲੱਗੇਗਾ ਪਰ ਉਹ ਉਸ ਦੇ ਮੂਹਰ ਦੀ ਨਹੀਂ ਲੰਘਣਾ ਚਾਹੁੰਦਾ। ਉਸ ਦੇ ਦੋਵੇਂ ਭਰਾ ਸੋਚਣਗੇ ਕਿ ਉਹ ਕਮਜ਼ੋਰ ਪੈ ਗਿਆ ਹੈ। ਜਿਨ੍ਹਾਂ ਭਰਾਵਾਂ ਲਈ ਉਸ ਨੇ ਆਪਣਾ ਸਭ ਕੁਝ ਵਾਰ ਦਿੱਤਾ ਸੀ। ਉਨ੍ਹਾਂ ਨੇ ਉਸ ਨੂੰ ਬਿਜ਼ਨਸ ਵਿਚੋਂ ਇਵੇਂ ਕੱਢ ਕੇ ਰੱਖ ਦਿੱਤਾ ਜਿਵੇਂ ਮੱਖਣੀ ਵਿਚੋਂ ਵਾਲ ਕੱਢੀਦਾ ਹੈ। ਉਹ ਬਹੁਤ ਦੇਰ ਪਹਿਲਾਂ ਹੀ ਇਹ ਫੈਸਲਾ ਕਰ ਚੁੱਕਾ ਹੈ ਕਿ ਉਸ ਨੂੰ ਸਟੋਰ ਨਹੀਂ ਚਾਹੀਦਾ। ਪਹਿਲੀਆਂ ਵਿਚ ਉਹਭਰਾਵਾਂ ਦੇ ਵਤੀਰੇ ਤੋਂ ਬਹੁਤ ਦੁਖੀ ਰਿਹਾ ਕਰਦਾ ਸੀ ਪਰ ਹੁਣ ਨਹੀਂ ਹੈ। ਸਟੋਰ ਨੂੰ ਉਸ ਨੇ ਕਦੇ ਆਪਣੀ ਕਮਜ਼ੋਰੀ ਨਹੀਂ ਬਣਨ ਦਿਤਾ।

ਆਪਣੇ ਤੋਂ ਛੋਟੇ ਗੁਰਜੇ ਤੇ ਸੁਰਜੇ ਨੂੰ ਸੰਭਾਲਦਿਆਂ ਹੀ ਜੁਗਿੰਦਰ ਕੌਰ ਗੁਆ ਲਈ। ਭਰਾਵਾਂ ਨੂੰ ਇੰਗਲੈਂਡ ਸੱਦਿਆ। ਉਹਨਾਂ ਦੇ ਵਿਆਹ ਕੀਤੇ। ਘਰ ਲੈ ਦਿੱਤੇ। ਕੰਮ ਉਸ ਨਾਲ ਦੁਕਾਨ ਵਿਚ ਹੀ ਕਰਦੇ ਸਨ। ਉਸ ਨੇ ਸੋਚਿਆ ਕਿ ਹੁਣ ਉਹ ਬਿਜ਼ਨਸ ਸੰਭਾਲ ਸਕਦੇ ਹਨ ਕਿਉਂ ਨਾ ਆਪਣੀ ਪੜ੍ਹਾਈ ਪੂਰੀ ਕਰ ਲਵੇ। ਉਹ ਦੁਕਾਨ ਵਿਚੋਂ ਅਜਿਹਾ ਗਿਆ ਕਿ ਮੁੜ ਨਾ ਵੜਿਆ। ਭਰਾਵਾਂ ਨੇ ਵੜਨ ਹੀ ਨਾ ਦਿੱਤਾ। ਸਾਰਾ ਕਾਰੋਬਾਰ ਸੰਭਾਲ ਲਿਆ। ਦੁਕਾਨ ਭਾਵੇਂ ਹਾਲੇ ਵੀ ਉਸ ਦੇ ਨਾਂ 'ਤੇ ਹੈ ਪਰ ਬਾਕੀ ਸਭ ਪੇਪਰ ਭਰਾਵਾਂ ਨੇ ਆਪਣੇ ਨਾਵਾਂ ਉਪਰ ਕਰ ਲਏ ਹਨ। ਭਰਾ ਸਮਝਦੇ ਹਨ ਕਿ ਹੁਣ ਉਹ ਕਿਥੇ ਲੈ ਜਾਵੇਗਾ। ਉਸ ਤੋਂ ਬਾਅਦ ਵਿਚ ਸਭ ਕੁਝ ਉਹਨਾਂ ਦਾ ਹੀ ਹੈ। ਫਿਰ ਵੀ ਉਹ ਉਸ ਦੀ ਤਾੜ ਰੱਖਦੇ ਹਨ ਕਿ ਕੋਈ ਹੋਰ ਔਰਤ ਨਾ ਲੈ ਆਵੇ। ਉਨ੍ਹਾਂ ਨੂੰ ਪਤਾ ਹੈ ਕਿ ਕਾਲਜ ਵਿਚ ਪੜ੍ਹਾਉਣ ਕਰਕੇ ਔਰਤਾਂ ਉਸ ਦੇ ਘਰ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਜਦ ਕੋਈ ਔਰਤ ਜ਼ਿਆਦਾ ਦਿਨ ਰਹਿ ਜਾਵੇ ਤਾਂ ਉਹਨਾਂ ਨੂੰ ਫਿਕਰ ਹੋਣ ਲਗਦਾ ਹੈ। ਆਉਂਦੇ ਜਾਂਦੇ ਉਹ ਆਪਣੇ ਭਰਾ ਦੇ ਘਰ ਦੇ ਮੋਹਰ ਦੀ ਲੰਘਦੇ ਧਿਆਨ ਰੱਖਦੇ ਹਨ ਕਿ ਕੋਈ ਓਪਰੀ ਕਾਰ ਤਾਂ ਨਹੀਂ ਘਰ ਮੂਹਰੇ ਖੜੀ ਜੇ ਖੜੀ ਹੈ ਤਾਂ ਕਿੰਨੀ ਕੁ ਦੇਰ ਤਕ ਖੜਦੀ ਹੈ।

ਇਵੇਂ ਹੀ ਬਹੁਤਾ ਫਿਕਰ ਉਹਨਾਂ ਨੂੰ ਉਸ ਵਕਤ ਪੈਂਦਾ ਹੈ ਕਿ ਜਦ ਗਰੇਵਾਲ ਪਰਮਿੰਦਰ ਕੌਰ ਗਰੇਵਾਲ ਦੇ ਮਗਰ ਫਿਰਨ ਲਗਦੀ ਹੈ। ਆਪ ਹੀ ਗਰੇਵਾਲ ਵਲੋਂ ਵਿਆਹ ਲਈ ਹਾਂ ਸਮਝ ਖੀਵੀ ਹੋਈ ਫਿਰਦੀ ਹੈ ਤੇ ਆਪਣੀ ਹੋਂਦ ਚਿਤਾਰਨ ਲਈ ਇਕ ਦਿਨ ਗਰੇਵਾਲ ਇਂਪੋਰੀਅਮ ਵਿਚ ਜਾ ਖੜਦੀ ਹੈ। ਗੁਰਜੇ ਤੇ ਸੁਰਜੇ ਨੂੰ ਹੱਥਾਂ ਪੈਰਾਂ ਦੀਆਂ ਪੈ ਜਾਂਦੀਆਂ ਹਨ। ਇਕ ਵਾਰ ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਸਭ ਕੁਝ ਗਿਆ ਹੱਥੋਂ। ਦੁਕਾਨ ਹਾਲੇ ਵੀ ਉਸੇ ਦੀ ਹੈ। ਇਨ੍ਹਾਂ ਸਾਲਾਂ ਦੇ ਮੁਨਾਫੇ ਦਾ ਵੀ ਕੋਈ ਹਿਸਾਬ ਨਹੀਂ ਹੈ। ਉਹ ਆਪਣੇ ਭਰਾ ਨੂੰ ਮਿਲਣ ਲਈ ਤਿਆਰ ਹੋਣ ਲੱਗਦੇ ਹਨ। ਉਨ੍ਹਾਂ ਦੋਨਾਂ ਨੇ ਭਰਾ ਨਾਲ ਕਰਨ ਵਾਲੀਆਂ ਗੱਲਾਂ ਵੀ ਤਹਿ ਕਰ ਲਈਆਂ ਹਨ। ਕੁਝ ਪਿਆਰ, ਕੁਝ ਮਿੰਨਤ ਤਰਲਾ ਤੇ ਕੁਝ ਧਮਕੀਆਂ। ਪਰ ਬਲਾ ਟਲ ਜਾਂਦੀ ਹੈ। ਪਰਮਿੰਦਰ ਕੌਰ ਸਮਝ ਜਾਂਦੀ ਹੈ ਕਿ ਗਰੇਵਾਲ ਉਸ ਨਾਲ ਵਿਆਹ ਨਹੀਂ ਕਰਵਾਵੇਗਾ।

## ਸੈਂਤੀ

ਇਕ ਦਿਨ ਮਨਦੀਪ ਕਹਿੰਦੀ ਹੈ,

“ਜੈਗ, ਸਵਿਮਿੰਗ ਜਾਣਾ ਬੰਦ ਕਿਉਂ ਕਰ ਦਿਤਾ?”

“ਐਵੇਂ ਘਾਉਲ ਜਿਹੀ ਹੋਈ ਜਾਂਦੀ ਐ।”

“ਉਹ ਤੁਹਾਡੇ ਮਾਮੇ ਦੀ ਧੀ ਤਾਂ ਦੁਬਾਰਾ ਜੰਮ ਕੇ ਵੀ ਸਵਿਮਿੰਗ ਕਰਨ ਜਾਣ ਲਗ ਪਈ ਹੋਣੀ ਐਂ।”

“ਕਮਲ਼ ਨਾ ਮਾਰ, ਮੈਂ ਜੋਗਿੰਗ ਜਿਉਂ ਚਲੇ ਜਾਨਾਂ, ਸਵਿਮਿੰਗ ਦੀ ਲੋੜ ਈ ਨਹੀਂ ਪੈਂਦੀ।”

“ਇਹਨਾਂ ਮੁੰਡਿਆਂ ਬਾਰੇ ਕਿਉਂ ਭੁਲੀ ਜਾਂਦੇ ਓ, ਇਹ ਸਵਿਮਿੰਗ ਭੁੱਲ ਜਾਣਗੇ।”

“ਸਵਿਮਿੰਗ ਕੋਈ ਨਹੀਂ ਭੁੱਲਦਾ ਹੁੰਦਾ, ਹਾਂ ਪ੍ਰੈਕਟਿਸ ਤਾਂ ਚਾਹੀਦੀ ਈ ਐ।”

ਜਗਮੋਹਣ ਆਖਦਾ ਹੈ ਤੇ ਸੋਚਣ ਲੱਗ ਪੈਂਦਾ ਹੈ ਕਿ ਉਹ ਇਸ ਪਾਸਿਉਂ ਅਵੇਸਲਾ ਕਿਉਂ ਹੋ ਗਿਆ। ਉਸ ਨੂੰ ਆਪ ਵੀ ਤਾਂ ਸਵਿਮਿੰਗ ਗਏ ਨੂੰ ਕਈ ਮਹੀਨੇ ਹੋ ਗਏ ਹਨ। ਮਨਦੀਪ ਠੀਕ ਕਹਿੰਦੀ ਹੈ। ਉਹ ਆਪਣੀ ਜ਼ਿੰਮੇਵਾਰੀ ਨੂੰ ਭੁਲਾਈ ਬੈਠਾ ਹੈ। ਉਹ ਉਸੇ ਪਲ ਫੈਸਲਾ ਕਰਦਾ ਹੈ ਕਿ ਉਹ ਕਲ ਤੋਂ ਹੀ ਲਗਾਤਾਰ ਸਵਿਮਿੰਗ ਜਾਣਾ ਸ਼ੁਰੂ ਕਰੇਗਾ।

ਅਗਲੇ ਦਿਨ ਉਹ ਦੋਨਾਂ ਮੁੰਡਿਆਂ ਦੇ ਸਵਿਮਿੰਗ ਟਰੰਕ ਬੈਗ ਵਿਚ ਪਾ ਲੈਂਦਾ ਹੈ ਤੇ ਨਾਲ ਹੀ ਆਪਣਾ ਵੀ। ਦੋ ਤੌਲੀਏ ਰੱਖਦਾ ਹੈ। ਪੈਰੀਵੇਲ ਸਵਿਮਿੰਗ ਪੂਲ ਦੇ ਕਾਰ ਪਾਰਕ ਵਿਚ ਕਾਰ ਲੈ ਜਾ ਖੜੀ ਕਰਦਾ ਹੈ। ਪੈਰੀਵੇਲ ਸਵਿਮਿੰਗ ਪੂਲ ਪਿਛਲੇ ਸਾਲ ਹੀ ਤਿਆਰ ਹੋਇਆ ਹੈ। ਇਹ ਨਵਾਂ ਹੈ ਤੇ ਇਸ ਦਾ ਨਾਂ ਵੀ ਵੱਡਾ ਹੈ ਕਿ ਆਧੁਨਿਕ ਕਿਸਮ ਦਾ ਸਵਿਮਿੰਗ ਪੂਲ ਹੈ ਪਰ ਕੁਝ ਕੁ ਨਸਲਵਾਦੀ ਘਟਨਾਵਾਂ ਵਾਪਰਨ ਕਰਕੇ ਏਸ਼ੀਅਨ ਲੋਕ ਘੱਟ ਜਾਂਦੇ ਹਨ। ਗਰੇਵਾਲ ਦਾ ਕਹਿਣਾ ਹੈ ਕਿ ਜਦੋਂ ਅਸੀਂ ਗੋਰਿਆਂ ਨਾਲ ਵੱਖਰੇਵਾਂ ਪੈਦਾ ਕਰ ਲੈਂਦੇ ਹਾਂ, ਉਨ੍ਹਾਂ ਤੋਂ ਦੂਰ ਰਹਿਣ ਲੱਗਦੇ ਹਾਂ ਤਾਂ ਇਨ੍ਹਾਂ ਨਸਲਵਾਦੀਆਂ ਨੂੰ ਬੜ੍ਹਾਵਾ ਮਿਲਦਾ ਹੈ। ਇਹ ਉਤਸ਼ਾਹਿਤ ਹੁੰਦੇ ਹਨ। ਨਸਲਵਾਦੀਆਂ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਵਿਚਕਾਰ ਵਿਚਰਨਾ ਬਹੁਤ ਜ਼ਰੂਰੀ ਹੈ। ਸੋਚਦਾ ਜਗਮੋਹਣ ਕਾਰ ਵਿਚੋਂ ਉਤਰਦਾ ਨਵਜੀਵਨ ਤੇ ਨਵਕਿਰਨ ਨੂੰ ਉਤਾਰਦਾ ਹੈ। ਸਮਾਨ ਵਾਲਾ ਬੈਗ ਗਲ਼ ਵਿਚ ਪਾਉਂਦਾ ਤੁਰ ਪੈਂਦਾ ਹੈ।

ਐਂਟਰਸ ਉਪਰ ਫਾਰਮ ਭਰ ਕੇ ਮੈਂਬਰ ਬਣਦਾ ਹੈ। ਪੰਜ ਪੌਂਡ ਮੈਂਬਰਸ਼ਿਪ ਫੀਸ ਹੈ। ਬੱਚਿਆਂ ਦਾ ਦਾਖਲਾ ਮੁਫਤ ਹੈ। ਲੌਕਰ ਦੀ ਚਾਬੀ ਲੈ ਕੇ ਉਹ ਕੱਪੜੇ ਬਦਲਣ ਚਲੇ ਜਾਂਦਾ ਹੈ। ਦੋਨਾਂ ਮੁੰਡਿਆਂ ਦੇ ਕੱਪੜੇ ਸਾਂਭਦਾ ਹੈ ਤੇ ਆਪਣੇ ਵੀ। ਸਵਿਮਿੰਗ ਪੂਲ ਦੇ ਕੰਢੇ ਖੜ ਕੇ ਆਲੇ ਦੁਆਲੇ ਦਾ ਨਿਰੀਖਣ ਕਰਦਾ ਹੈ। ਸਵਿਮਿੰਗ ਪੂਲ ਦੇ ਤਿੰਨ ਹਿੱਸੇ ਹਨ। ਇਕ ਤਾਂ ਰੁੜ੍ਹਦੇ ਬੱਚਿਆਂ ਤੇ ਮਾਵਾਂ ਲਈ। ਦੂਜਾ ਉਸ ਤੋਂ ਕੁਝ ਡੂੰਘਾ ਹੈ, ਤਿੰਨ ਕੁ ਫੁੱਟ ਪਾਣੀ ਹੋਵੇਗਾ। ਤੇ ਇਕ ਆਮ ਪੂਲ ਵਾਂਗ ਡੂੰਘਾ ਹੈ। ਉਹ ਦੋਨਾਂ ਮੁੰਡਿਆਂ ਨੂੰ ਡੂੰਘੇ ਪੂਲ ਵਿਚ ਨਹੀਂ ਜਾਣ ਦੇ ਰਿਹਾ ਹਾਲਾਂਕਿ ਉਹ ਚੰਗੇ ਭਲੇ ਤੈਰਾਕ ਹਨ। ਉਹ ਆਪ ਵੀ ਓਧਰ ਨਹੀਂ ਜਾਂਦਾ। ਇਸ ਪੂਲ ਵਿਚ ਉਨ੍ਹਾਂ ਦਾ ਪਹਿਲਾ ਦਿਨ ਹੈ। ਉਹ ਮਾਹੌਲ ਤੋਂ ਵਾਕਫ ਹੋਣਾ ਚਾਹੁੰਦਾ ਹੈ। ਉਹ ਜਾਨਣਾ ਚਾਹੁੰਦਾ ਹੈ ਕਿ ਆਲੇ ਦੁਆਲੇ ਦੇ ਲੋਕ ਕਿਹੋ ਜਿਹੇ ਹਨ। ਦਿਨ ਚੰਗਾ ਹੋਣ ਕਰਕੇ ਕਾਫੀ ਲੋਕ ਆਏ ਹੋਏ ਹਨ। ਕੁਝ ਲੋਕ ਵੱਡੇ ਪੂਲ ਦੇ ਫੱਟੇ ਉਪਰ ਚੜ੍ਹ ਕੇ ਛਾਲਾਂ ਵੀ ਮਾਰ ਰਹੇ ਹਨ। ਉਸ ਦਾ ਵੀ ਦਿਲ ਕਰਦਾ ਹੈ ਕਿ ਫੱਟੇ ਉਪਰ ਚੜ੍ਹ ਕੇ ਕਲਾਬਾਜ਼ੀਆਂ ਖਾਂਦਾ ਪਾਣੀ ਵਿਚ ਗੋਤਾ ਮਾਰੇ। ਫਿਰ ਤੇਜ਼ ਤੇਜ਼ ਤੈਰਨ ਦੇ ਚਾਰ ਗੇੜੇ ਪੂਲ ਦੇ ਲਗਾਵੇ ਪਰ ਉਹ ਸੋਚਦਾ ਹੈ ਕਿ ਅਗਲੀ ਵਾਰ ਸਹੀ, ਹੁਣ ਉਹ ਨਿਰੰਤਰ ਆਇਆ ਕਰੇਗਾ।

ਉਹ ਦੇਖਦਾ ਹੈ ਕਿ ਫੱਟੇ ਉਪਰ ਖੜੀ ਇਕ ਕੁੜੀ ਪੂਲ ਵਿਚ ਆਪਣੇ ਸਾਥੀਆਂ ਨੂੰ ਹੱਥ ਹਿਲਾ ਕੇ ਛਾਲ ਮਾਰਨ ਦੀ ਤਿਆਰੀ ਬਾਰੇ ਦੱਸ ਰਹੀ ਹੈ। ਕੁੜੀ ਦੀਆਂ ਅੱਖਾਂ ਪੰਜਾਬੀ ਹਨ। ਵਾਲ ਉਪਰ ਨੂੰ ਖਿੱਚੇ ਹੋਏ ਹਨ। ਲੱਤਾਂ ਗੋਲ ਹਨ ਤੇ ਪਿੰਨੀਆਂ ਵੀ ਭਾਰੀਆਂ। ਨਿੱਗਰ ਛਾਤੀਆਂ ਉਪਰ ਬਰਾ ਕੱਸ ਕੇ ਬੰਨ੍ਹੀ ਹੋਈ ਹੈ। ਜਗਮੋਹਣ ਨੂੰ ਸੁੱਖੀ ਦਾ ਭੁਲੇਖਾ ਪੈਂਦਾ ਹੈ। ਇਵੇਂ ਹੀ ਸੁੱਖੀ ਫੱਟੇ ਉਪਰ ਜਾ ਖੜਦੀ ਸੀ ਤੇ ਬਾਹਰ ਖੜੇ ਹੁਸੈਨ ਨੂੰ ਹੱਥ ਹਿਲਾਇਆ ਕਰਦੀ ਸੀ। ਹੁਸੈਨ ਸਵਿਮਿੰਗ ਪੂਲ ਵਿਚ ਘੱਟ ਵੜਿਆ ਕਰਦਾ ਸੀ। ਉਹ ਬਾਹਰ ਹੀ ਖੜਦਾ। ਖੜਾ ਸੁੱਖੀ ਵੱਲ ਦੇਖਦਾ ਰਹਿੰਦਾ। ਜਦ ਸੁੱਖੀ ਉਪਰ ਭੀੜ ਪਈ ਤਾਂ ਭੱਜ ਤੁਰਿਆ। ਉਹ ਸੁੱਖੀ ਵਲੋਂ ਆਪਣੀ ਸੋਚ ਨੂੰ ਮੋੜਦਾ ਫੱਟੇ ਨੂੰ ਦਮ ਦਿੰਦੀ ਕੁੜੀ ਵੱਲ ਧਿਆਨ ਨਾਲ ਦੇਖਣ ਲੱਗਦਾ ਹੈ। ਕੁੜੀ ਕਿਧਰੇ ਦੇਖੀ ਹੋਈ ਹੈ। ਕੁੜੀ ਫਿਰ ਹੱਸਦੀ ਹੈ, ਹੱਥ ਹਿਲਾਉਂਦੀ ਹੈ ਤੇ ਕਲਾਬਾਜ਼ੀ ਖਾਂਦੀ ਛਾਲ ਮਾਰ ਦਿੰਦੀ ਹੈ। ਫਿਰ ਮੱਛੀ ਵਾਂਗ ਤੈਰਦੀ ਸਾਥੀਆਂ ਕੋਲ ਜਾ ਨਿਕਲਦੀ ਹੈ। ਕੁੜੀ ਜਗਮੋਹਣ ਵੱਲ ਦੇਖਦੀ ਹੈ। ਉਸ ਨੂੰ ਹੱਥ ਹਿਲਾਉਂਦੀ ਹੈ। ਉਹ ਜਵਾਬ ਦਿੰਦਾ ਹੈ। ਉਸ ਨੂੰ ਇਕਦਮ ਯਾਦ ਆ ਜਾਂਦਾ ਹੈ ਕਿ ਇਹ ਤਾਂ ਮਨਿੰਦਰ ਹੈ, ਅੰਕਲ ਪਾਲਾ ਸਿੰਘ ਦੀ ਕੁੜੀ। ਉਹ ਕਿੰਨੀ ਹੀ ਵਾਰ ਉਸ ਨੂੰ ਮਿਲਿਆ ਹੈ। ਹਾਲੇ ਕੁਝ ਦੇਰ ਪਹਿਲਾਂ ਅੰਟੀ ਨਸੀਬ ਕੌਰ ਦੀ ਮੌਤ ਸਮੇਂ ਲਗਭਗ ਰੋਜ਼ ਹੀ ਉਹਨਾਂ ਦੇ ਘਰ ਜਾਂਦਾ ਰਿਹਾ ਹੈ। ਉਸ ਤੋਂ ਪਹਿਲਾਂ ਵੀ ਉਹਨਾਂ ਦੇ ਆਪਸ ਵਿਚ ਪਰਿਵਾਰਕ ਸਬੰਧ ਹਨ। ਉਸ ਨੂੰ ਬਹੁਤ ਚੰਗਾ ਚੰਗਾ ਲੱਗ ਰਿਹਾ ਹੈ। ਮਨਿੰਦਰ ਇਕ ਹੋਰ ਕੁੜੀ ਅਤੇ ਮੁੰਡੇ ਨਾਲ ਫਿਰ ਫੱਟੇ ਉਪਰ ਜਾ ਖੜਦੀ ਹੈ। ਜਗਮੋਹਣ ਉਸ ਵੱਲ ਦੇਖਦਾ ਜਾ ਰਿਹਾ ਹੈ। ਉਹ ਫਿਰ ਜਗਮੋਹਣ ਨੂੰ ਹੱਥ ਹਿਲਾਉਂਦੀ ਹੈ। ਜਗਮੋਹਣ ਨੂੰ ਲਗਾਤਾਰ ਦੇਖੀ ਜਾਣ ਦੀ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਉਸ ਨੂੰ ਸੁੱਖੀ ਚੇਤੇ ਆ ਰਹੀ ਹੈ। ਸਵਿਮਿੰਗ ਵਲੋਂ ਵਿਹਲੀ ਹੋ ਕੇ ਮਨਿੰਦਰ ਉਸ ਕੋਲ ਆ ਕੇ ਕਹਿੰਦੀ ਹੈ,

"ਹੈਲੋ ਭਾਜ! ਹਾਓ ਆਰ ਯੂ?"

"ਆਏ 'ਮ ਫਾਈਨ!"

ਉਹ ਇੰਨਾ ਕੁ ਹੀ ਕਹਿ ਸਕਦਾ ਹੈ। ਪਹਿਲਾਂ ਵੀ ਮਨਿੰਦਰ ਉਸ ਨੂੰ ਭਾਜੀ ਜਾਂ ਭਾਜ ਕਹਿ ਕੇ ਬੁਲਾਇਆ ਕਰਦੀ ਹੈ। ਮਨਿੰਦਰ ਚਲੇ ਜਾਂਦੀ ਹੈ। ਜਗਮੋਹਣ ਦੇ ਅੰਦਰ ਇਕ ਤਾਰ ਜਿਹੀ ਫਿਰਨ ਲਗਦੀ ਹੈ। ਸਵਿਮਿੰਗ ਪੂਲ ਦੇ ਫੱਟੇ ਤੇ ਖੜੀ ਮਨਿੰਦਰ ਉਸ ਨੂੰ ਸੁੱਖੀ ਜਿਹੀ ਜਾਪਦੀ ਹੈ। ਉਸ ਨੂੰ ਡਰ ਹੈ ਕਿ ਸੁੱਖੀ ਜਿਹੀ ਕਿਸਮਤ ਨਾ ਲੈ ਬੈਠੇ ਮਨਿੰਦਰ ਨੂੰ। ਉਹ ਪਾਲਾ ਸਿੰਘ ਨੂੰ ਭਲੀ ਭਾਂਤ ਜਾਣਦਾ ਹੈ। ਮੁੱਛਾਂ ਨੂੰ ਵਟਾ ਦਿੰਦਾ ਪਾਲਾ ਸਿੰਘ ਜਿਵੇਂ ਸ਼ਾਖਸ਼ਾਤ ਉਸ ਦੇ ਸਾਹਮਣੇ ਆ ਖੜਿਆ ਹੋਵੇ।

ਉਸ ਦੇ ਅੰਦਰ ਇਕ ਕਾਹਲ ਜਿਹੀ ਹੈ। ਕਿਸੇ ਨਾਲ ਗੱਲ ਕਰਨ ਦੀ ਕਾਹਲ। ਇਕ ਅੱਚੋਤਾਣੀ ਜਿਹੀ ਲੱਗੀ ਹੋਈ ਹੈ ਉਸ ਨੂੰ। ਉਹ ਸੋਚ ਰਿਹਾ ਹੈ ਕਿ ਕਿਸ ਨਾਲ ਗੱਲ ਕਰੇ। ਗਰੇਵਾਲ ਛੁੱਟੀਆਂ ਉਪਰ ਗਿਆ ਹੋਇਆ ਹੈ। ਇਹ ਸਰ ਜੀ ਨੂੰ ਵੀ ਉਦੋਂ ਹੀ ਛੁੱਟੀਆਂ ਤੇ ਜਾਣਾ ਹੁੰਦਾ ਹੈ ਜਦ ਉਸ ਨੂੰ ਲੋੜ ਹੋਵੇ। ਮਨਦੀਪ ਨਾਲ ਕਰੇਗਾ ਤਾਂ ਉਹ ਕਹੇਗੀ ਕਿ ਤੈਨੂੰ ਇਕ ਹੋਰ ਚੁੜੇਲ ਚੁੰਬੜ ਗਈ। ਉਸ ਨੂੰ ਆਪਣੇ ਉਪਰ ਗੁੱਸਾ ਆ ਰਿਹਾ ਹੈ ਕਿ ਹੁਣ ਉਸ ਦੇ ਅਜਿਹੇ ਦੋਸਤ ਬਹੁਤ ਘੱਟ ਹਨ ਜਿਨ੍ਹਾਂ ਨਾਲ ਉਹ ਦਿਲ ਦੀਆਂ ਗੱਲਾਂ ਕਰ ਸਕੇ। ਦੋਸਤੀ ਵਕਤ ਮੰਗਦੀ ਹੈ ਤੇ ਉਹ ਵਕਤ ਦੇ ਨਹੀਂ

ਸਕਦਾ। ਗੁਰਚਰਨ, ਸੋਹਣਪਾਲ ਹੋਰੀਂ ਉਸ ਦੇ ਪੁਰਾਣੇ ਦੋਸਤ ਹਨ ਪਰ ਦਿਲ ਦੀਆਂ ਗੱਲਾਂ ਕਰ ਸਕਣ ਵਾਲੀ ਦੋਸਤੀ ਨਹੀਂ ਹੈ। ਫਿਰ ਮਨਿੰਦਰ ਤਾਂ ਅੰਕਲ ਪਾਲਾ ਸਿੰਘ ਦੀ ਧੀ ਹੈ, ਉਸ ਦੀ ਆਪਣੀ ਭੈਣ ਜਿਹੀ। ਉਸ ਬਾਰੇ ਆਮ ਬੰਦੇ ਨਾਲ ਗੱਲ ਵੀ ਤਾਂ ਨਹੀਂ ਕਰ ਸਕਦਾ। ਇਕ ਅਜੀਬ ਜਿਹਾ ਡਰ ਉਸ ਦੇ ਅੰਦਰ ਘਰ ਕਰਨ ਲਗਦਾ ਹੈ।

ਸ਼ਾਮ ਨੂੰ ਉਹ ਦਾ ਗਲੌਸਟਰ ਜਾਂਦਾ ਹੈ। ਸ਼ਾਇਦ ਕੋਈ ਦੋਸਤ ਮਿਲ ਜਾਵੇ। ਕਈ ਵਾਰ ਅੰਕਲ ਪਾਲਾ ਸਿੰਘ ਇਥੇ ਹੁੰਦਾ ਹੈ ਪਰ ਅਜ ਉਹ ਉਥੇ ਨਹੀਂ ਹੈ। ਉਹ ਸੋਚਦਾ ਹੈ ਕਿ ਸ਼ਾਇਦ ਲਾਈਟਾਂ ਵਾਲੇ ਪੱਬ ਵਿਚ ਹੋਵੇ। ਉਹ ਇਕ ਗਲਾਸ ਇਥੇ ਪੀ ਕੇ ਲਾਈਟਾਂ ਵਾਲੇ ਪੱਬ ਨੂੰ ਤੁਰ ਪੈਂਦਾ ਹੈ। ਉਥੇ ਵੀ ਪਾਲਾ ਸਿੰਘ ਨਹੀਂ ਹੈ। ਫਿਰ ਉਹ ਸੋਚਣ ਲਗਦਾ ਹੈ ਕਿ ਉਹ ਪਾਲਾ ਸਿੰਘ ਨੂੰ ਕਿਉਂ ਲੱਭ ਰਿਹਾ ਹੈ। ਅਗਲੇ ਦਿਨ ਪਾਲਾ ਸਿੰਘ ਇਸੇ ਪੱਬ ਦੇ ਇਕ ਮੇਜ਼ ਉਪਰ ਬੈਠਾ ਮਿਲ ਜਾਂਦਾ ਹੈ। ਉਸ ਦਾ ਗਲਾਸ ਮੁੱਕਣ ਨੂੰ ਹੈ। ਉਹ ਮੁੱਛਾਂ ਨੂੰ ਵਟਾ ਦੇ ਰਿਹਾ ਹੈ। ਜਗਮੋਹਣ ਨੂੰ ਦੇਖਦਾ ਹੀ ਖੁਸ਼ ਹੋ ਜਾਂਦਾ ਹੈ। ਉਹਦੇ ਵਲ ਹੱਥ ਵਧਾਉਂਦਾ ਪੁੱਛਦਾ ਹੈ,

''ਸੁਣਾ ਬਈ ਭਤੀਜਿਆ, ਕਿਧਰ ਰਹਿੰਨੈਂ ?''

''ਬਸ ਏਧਰ ਓਧਰ ਈ ਅੰਕਲ ਜੀ।''

''ਮੈਂ ਦੇਖਦਾਂ ਤੂੰ ਪੱਬ ਆਉਣੋਂ ਘਟ ਗਿਆਂ, ਗਰੇਵਾਲ ਦੀ ਸੋਹਬਤ ਦਾ ਅਸਰ ਹੋ ਗਿਆ ਲਗਦੈ, ਗਰੇਵਾਲ ਨੇ ਤੈਨੂੰ ਕੁਸ਼ ਨਹੀਂ ਸਿਖਾ ਦੇਣਾ।''

ਇਕ ਪਲ ਲਈ ਤਾਂ ਜਗਮੋਹਣ ਨੂੰ ਗੁੱਸਾ ਜਿਹਾ ਵੀ ਲੱਗਦਾ ਹੈ। ਗਰੇਵਾਲ ਨਾਲ ਉਸ ਨੂੰ ਘੁੰਮਦਿਆਂ ਦੇਖ ਕੇ ਕਦੇ ਕਦੇ ਪਰਦੁੱਮਣ ਸਿੰਘ ਵੀ ਟਕੋਰ ਕਰ ਜਾਂਦਾ ਹੈ। ਇਹਨਾਂ ਨੂੰ ਨਹੀਂ ਪਤਾ ਕਿ ਗਰੇਵਾਲ ਦੀ ਸੰਗਤ ਵਿਚ ਉਸ ਨੂੰ ਕੀ ਮਿਲਦਾ ਹੈ ਪਰ ਜਗਮੋਹਣ ਕੁਝ ਬੋਲੇ ਬਿਨਾਂ ਮੁਸਕਰਾ ਦਿੰਦਾ ਹੈ। ਪਾਲਾ ਸਿੰਘ ਫਿਰ ਆਖਦਾ ਹੈ,

''ਗਰੇਵਾਲ ਨੇ ਤੀਵੀਂ ਛੱਡ 'ਤੀ ਭਰਾਵਾਂ ਖਾਤਰ, ਭਰਾਵਾਂ ਨੇ ਏਹਨੂੰ ਛੱਡ 'ਤਾ ਪੈਸੇ ਖਾਤਰ।''

''ਅੰਕਲ, ਗਰੇਵਾਲ ਠੀਕ ਬੰਦਾ ਐ, ਠੰਡਾ ਤੇ ਵਧੀਆ ਸਲਾਹਕਾਰ।''

ਜਗਮੋਹਣ ਗਰੇਵਾਲ ਦੇ ਖਿਲਾਫ ਹੋਰ ਕੁਝ ਨਹੀਂ ਸੁਣਨਾ ਚਾਹੁੰਦਾ ਪਰ ਪਾਲਾ ਸਿੰਘ ਰੁਕਦਾ ਨਹੀਂ ਤੇ ਅੱਗੇ ਆਖਦਾ ਹੈ,

''ਬਸ ਇਹ ਠੰਡਾ ਈ ਆ, ਕਰਨ ਕਰਾਉਣ ਜੋਗ ਹੈ ਨਈਂ ਕੁਝ, ਏਹਦੇ 'ਚ ਤਾਂ ਏਨੀ ਹਿੰਮਤ ਨਹੀਂ ਕਿ ਭਰਾਵਾਂ ਤੋਂ ਹਿੱਸਾ ਮੰਗ ਸਕੇ।''

''ਅੰਕਲ, ਹਿੱਸੇ ਦੀ ਉਹਨੂੰ ਲੋੜ ਈ ਕੀ ਐ, ਚੰਗੀ ਭਲੀ ਨੌਕਰੀ ਐ।''

''ਹੈਗਾ ਤਾਂ ਸਭ ਕੁਝ ਭਰਾਵਾਂ ਜੋਗਾ ਈ ਪਰ ਏਹਨੇ ਆਪਣੀ ਜ਼ਿੰਦਗੀ ਤਾਂ ਖਰਾਬ ਕਰ ਲਈ, ਉਹਦੀ ਵਿਚਾਰੀ ਦੀ ਕਰਤੀ, ਕਹਿੰਦੇ ਕਿ ਇਕ ਕੁੜੀ ਵੀ ਆ ਇਹਦੀ।''

ਪਾਲਾ ਸਿੰਘ ਆਪਣਾ ਗਲਾਸ ਖਤਮ ਕਰਦਾ ਆਖਦਾ ਹੈ ਤੇ ਫਿਰ ਉਠਦਾ ਹੋਇਆ ਪੁੱਛਦਾ ਹੈ,

''ਲਾਗਰ ਈ ਪੀ ਰਿਹੈਂ ?''

ਜਗਮੋਹਣ ਹਾਂ ਵਿਚ ਛੋਟਾ ਜਿਹਾ ਸਿਰ ਮਾਰਦਾ ਹੈ। ਪਾਲਾ ਸਿੰਘ ਗਲਾਸ ਭਰਾ ਲਿਆਉਂਦਾ ਹੈ ਤੇ ਬੈਠਦਾ ਹੋਇਆ ਕਹਿਣ ਲੱਗਦਾ ਹੈ,

''ਛੱਡ ਬਾਕੀ ਸਭ, ਮੈਂ ਤਾਂ ਤੈਨੂੰ ਫੋਨ ਕਰਨ ਬਾਰੇ ਸੋਚਦਾ ਸੀ, ਸਲਾਹ ਲੈਣੀ ਸੀ।''

''ਦੱਸੋ !''

''ਆਹੀਓ ਵਸੀਅਤ ਬਾਰੇ, ਵਿੱਲ ਤਾਂ ਤੇਰੀ ਅੰਟੀ ਵੇਲੇ ਅਸੀਂ ਬਣਾਈ ਸੀ। ਪਰ ਹੁਣ ਦਿਲ ਕਰਦਾ ਬਈ ਬਦਲ ਦੇਵਾਂ, ਤੈਨੂੰ ਪਤਾ ਕੁਸ਼ ਏਹਦੇ ਬਾਰੇ ?''

''ਤੁਹਾਡੀ ਵਿੱਲ ਐ, ਜਦੋਂ ਮਰਜ਼ੀ ਨਵੀਂ ਲਿਖੋ, ਸੌਲਿਸਟਰ ਦੇ ਜਾਣਾ ਪੈਣਾ।''

''ਓਹਦੇ ਜਾਣੋਂ ਈ ਤਾਂ ਬਚਦਾਂ, ਪੈਸੇ ਈ ਬੜੇ ਮੰਗਦੇ ਆ।''

''ਕੋਈ ਗੱਲ ਨਹੀਂ ਅੰਕਲ, ਕੋਈ ਸਸਤਾ ਰਾਹ ਲੱਭ ਲੈਨੇ ਆਂ, ਮੈਂ ਪਤਾ ਕਰਦਾਂ।''

ਜਗਮੋਹਣ ਉਸ ਨੂੰ ਹੌਸਲਾ ਦਿੰਦਾ ਆਖਦਾ ਹੈ। ਪਾਲਾ ਸਿੰਘ ਬੋਲਦਾ ਹੈ,

''ਅਸੀਂ ਤਾਂ ਏਦਾਂ ਕੀਤਾ ਸੀ ਘਰ ਦੋਨਾਂ ਮੁੰਡਿਆਂ ਤੇ ਬਾਕੀ ਕੈਸ਼ ਤੇ ਗਹਿਣੇ ਤਿੰਨ ਥਾਂ, ਇੰਡੀਆ ਵਾਲੀ ਜ਼ਮੀਨ ਵੀ ਮੁੰਡਿਆਂ ਦੀ।''

''ਤੇ ਹੁਣ ਕਿੱਦਾਂ ਕਰਨੀ ਐ ?''

''ਹੁਣ ਘਰ ਮਨਿੰਦਰ ਦਾ ਤੇ ਗਹਿਣੇ ਸਾਰੇ ਕੁੜੀ ਦੇ ਈ ਤੇ ਕੈਸ਼ ਤਿੰਨਾਂ ਦਾ, ਇੰਡੀਆ ਦੀ ਜ਼ਮੀਨ ਮੁੰਡਿਆਂ ਦੀ।''

''ਠੀਕ ਐ ਜਿੱਦਾਂ ਕਹੋ, ਪਰ ਮਨਿੰਦਰ ਨਾਲ ਮੁੰਡੇ ਝਗੜਾ ਨਾ ਕਰਨ ਘਰ ਬਦਲੇ, ਪਤਾ ਈ ਆ ਅੰਕਲ ਏਦਾਂ ਦੇ ਕਿੰਨੇ ਈ ਕੇਸ ਹੁੰਦੇ ਆ, ਬਾਅਦ ਵਿਚ ਬਹੁਤ ਪੰਗਾ ਪੈਂਦਾ।''

''ਕੋਈ ਗੱਲ ਨਹੀਂ ਪੈ ਜਾਵੇ ਜੋ ਪੈਣਾ, ਮੁੰਡੇ ਸਾਲੇ ਨਲਾਇਕ ਆ, ਕਹਿਣੇ 'ਚ ਨਹੀਂ, ਤੂੰ ਦੇਖਦਾ ਈ ਆਂ ਸਾਰੀ ਉਮਰ ਮੁੱਛ ਖੜੀ ਰੱਖੀ ਐ ਆਪਾਂ। ਮੁੰਡਾ ਗੁਆ ਲਈਏ ਤਾਂ ਗੁਆ ਲਈਏ ਪਰ ਮੁੱਛ ਨਹੀਂ ਨੀਵੀਂ ਹੋਣ ਦੇਣੀ।''

''ਐਸੀ ਵੀ ਕਿਹੜੀ ਗੱਲ ਹੋ ਗਈ ?''

''ਇਹੀ ਤਾਂ ਗੱਲ ਐ ਭਤੀਜ, ਬੜੇ ਨੇ ਪਹਿਲਾਂ ਤਾਂ ਘਰ ਇਲਫੋਰਡ ਵਿਚ ਲਿਆ ਤੇ ਹੁਣ ਨਿੱਕੀ ਜਿਹੀ ਕੱਛਣ ਲਈ ਫਿਰਦਾ, ਕੱਛਣ ਏਦਾਂ ਦੀ ਕਿ ਮੈਂ ਕੱਛ ਵਿਚ ਲੈ ਕੇ ਦੋ ਮੀਲ ਦਾ ਗੇੜਾ ਲਾ ਆਵਾਂ, ਖੈਰ, ਮੈਂ ਕਿਹਾ ਇੰਡੀਆ ਚੱਲ, ਏਦਾਂ ਦੀ ਕੁੜੀ ਲੱਭੂੰ ਕਿ ਹੱਥ ਲਾਈ ਮੈਲੀ ਹੋਵੇ, ਅਖੇ ਮੈਂ ਨਾ ਮਾਨੂੰ।''
''ਕੋਈ ਗਰਲਫਰੈਂਡ ਹੋਊ, ਕਿਹੜਾ ਵਿਆਹ ਕਰਾਉਣ ਲੱਗਿਆ।''
''ਜੱਗਿਆ, ਮੈਂ ਤਾਂ ਕਿਹਾ ਸੀ ਕਿ ਚਾਰ ਦਿਨ ਐਸ਼ ਕਰ ਲੈ, ਜਦ ਮਨ ਭਰ ਗਿਆ ਤਾਂ ਛੱਡ ਦੇਈਂ। ਮੈਨੂੰ ਕਹਿੰਦਾ ਕਿ ਇਹ ਤਾਂ ਉਮਰਾਂ ਦੇ ਸੌਦੇ ਹੋ ਗਏ, ਵਿਆਹ ਵੀ ਨਹੀਂ ਕਰਾਉਣਾ ਪਰ ਰਹਿਣਾ ਵੀ ਐ ਓਹਦੇ ਨਾਲ ਤੇ ਨਿਆਣੇ ਵੀ ਜੰਮਾਉਣੇ ਆਂ। ਮੈਂ ਕਿਹਾ ਆਪਾਂ ਇੰਡੀਅਨ ਲੋਕ ਆਂ ਤੇ ਅਸੀਂ ਏਦਾਂ ਨਹੀਂ ਕਰਦੇ ਹੁੰਦੇ ਤਾਂ ਕਹਿੰਦਾ ਕਿ ਮੈਂ ਨਹੀਂ ਇੰਡੀਅਨ ਮੈਂ ਤਾਂ ਬ੍ਰਿਟਿਸ਼ ਆਂ, ਸਾਲ਼ਾ ਬ੍ਰਿਟਿਸ਼ ਹੋਣ ਦਾ।''

ਅਠੱਤੀ

ਉਸ ਸ਼ਾਮ ਮੋਹਨਦੇਵ ਘਰ ਆ ਜਾਂਦਾ ਹੈ। ਪਾਲਾ ਸਿੰਘ ਉਸ ਨੂੰ ਕੋਲ ਬੈਠਾ ਕੇ ਕਹਿੰਦਾ ਹੈ,
''ਦੇਖ ਪੁਤਰਾ, ਆਪਣਾ ਸੁਗਲ ਮੇਲਾ ਜਿਥੇ ਮਰਜ਼ੀ ਕਰ ਪਰ ਵਿਆਹ ਕਰਾਉਣਾ ਐ ਤਾਂ ਆਪਣੀ ਜ਼ਾਤ ਬਰਾਦਰੀ ਵਿਚ ਕਰਾ। ਵਿਆਹ ਉਹੋ ਕਾਮਯਾਬ ਹੁੰਦੈ ਜਿਥੇ ਦੋਵਾਂ ਦਾ ਪਿਛੋਕੜ ਇਕੋ ਜਿਹਾ ਹੋਵੇ, ਦੋ ਅਲੱਗ ਅਲੱਗ ਸਭਿਆਚਾਰਾਂ ਵਿਚ ਜੰਮੇ ਲੋਕ ਕਦੇ ਖੁਸ਼ ਨਹੀਂ ਰਹਿ ਸਕਦੇ।''
''ਲੁਕ ਡੈਡ, ਮੈਂ ਕਿੰਨੀ ਵਾਰ ਦਸਿਆ ਕਿ ਮੈਂ ਇੰਡੀਅਨ ਨਹੀਂ, ਮੈਂ ਬ੍ਰਿਟਿਸ਼ ਆਂ ਤੇ ਮੈਨੂੰ ਜਬਰਦਸਤੀ ਇੰਡੀਅਨ ਨਾ ਬਣਾ। ਇਹ ਮੇਰੀ ਲਾਈਫ ਐ, ਮੈਨੂੰ ਆਪਣੇ ਤਰੀਕੇ ਨਾਲ ਜੀਣ ਦੇ।''
''ਜੇ ਤੇਰੀ ਮਾਂ ਜੀਂਦੀ ਹੁੰਦੀ ਤਾਂ ਤੂੰ ਕੀ ਕਰਦਾ।''
''ਮੰਮੀ ਤੇਰੇ ਵਰਗੀ ਨਹੀਂ ਸੀ, ਉਹ ਮੈਨੂੰ ਜ਼ਰੂਰ ਲਿਸਨ ਕਰਦੀ।''
ਘੰਟਾ ਭਰ ਬਹਿਸ ਚਲਦੀ ਰਹਿੰਦੀ ਹੈ ਪਰ ਗੱਲ ਕਿਸੇ ਕੰਢੇ ਨਹੀਂ ਲਗਦੀ। ਬਹੁਤੀਆਂ ਮਿੰਨਤਾਂ ਕਰਨੀਆਂ ਉਸ ਦੇ ਵੱਸ ਵਿਚ ਵੀ ਨਹੀਂ ਹੈ। ਅੰਤ ਵਿਚ ਉਹ ਆਖਦਾ ਹੈ,
''ਤੈਨੂੰ ਮੇਰੇ ਤੇ ਓਸ ਕੱਛਣ ਵਿਚੋਂ ਇਕ ਨੂੰ ਚੁਣਨਾ ਪੈਣੈ।''
''ਮੈਂ ਮੀਨਾ ਨੂੰ ਚੂਜ਼ ਕਰ ਚੁਕਾਂ ਡੈਡ।''
ਪਾਲਾ ਸਿੰਘ ਨਿਢਾਲ ਸੈਟੀ ਵਿਚ ਨੂੰ ਧਸ ਜਾਂਦਾ ਹੈ ਤੇ ਫਿਰ ਆਹਿਸਤਾ ਜਿਹੇ ਉਠ ਕੇ ਆਪਣੇ ਕਮਰੇ ਵਿਚ ਚਲੇ ਜਾਂਦਾ ਹੈ। ਉਸ ਨੂੰ ਲਗਦਾ ਹੈ ਜਿਵੇਂ ਉਸ ਦੇ ਸਰੀਰ ਦਾ ਕੋਈ ਹਿੱਸਾ ਕਟਿਆ ਗਿਆ ਹੋਵੇ। ਸਵੇਰੇ ਉਹ ਹੁੱਸਿਆ ਜਿਹਾ ਉਠਦਾ ਹੈ। ਮੋਹਨਦੇਵ ਘਰੋਂ ਜਾ ਚੁੱਕਾ ਹੈ। ਅਮਰਦੇਵ ਤੇ ਮਨਿੰਦਰ ਡਰੇ ਡਰੇ ਹਨ। ਉਹ ਬਹੁਤੀ ਗੱਲ ਨਹੀਂ ਕਰਦਾ ਤੇ ਬਾਹਰ ਜਾਣ ਲਈ ਤਿਆਰ ਹੋਣ ਲਗਦਾ ਹੈ।
ਗੁਰਦਿਆਲ ਸਿੰਘ ਦੇ ਦਫਤਰ ਵਿਚ ਪਾਲਾ ਸਿੰਘ ਪਹੁੰਚਦਾ ਹੈ ਤਾਂ ਪਰਦੁੱਮਣ ਸਿੰਘ ਬਾਹਰ ਨਿਕਲ ਰਿਹਾ ਹੈ। ਉਹ ਪੁੱਛਦਾ ਹੈ,
''ਪਾਲਾ ਸਿਆਂ ਕਿੱਦਾਂ ?.. ਕੀ ਹਾਲ ਐ ?''
''ਤੂੰ ਸੁਣਾ ਦੁੱਮਣਾ, ਤੇਰਾ ਕੀ ਹਾਲ ਐ, ਕਿਤੇ ਦੇਖਿਆ ਈ ਨਹੀਂ ?''
''ਲਾਈਫ ਜ਼ਰਾ ਬਿਜ਼ੀ ਐ।''
''ਏਧਰ ਕਿੱਦਾਂ ਫਿਰਦਾਂ ?''
''ਘਰ ਵਾਲੀ ਇੰਡੀਆ ਚੱਲੀ ਐ, ਟਿਕਟ ਲੈਣ ਆਇਆ ਸੀ।''
''ਇੰਡੀਆ ਨੂੰ ਤੁਸੀਂ ਸਦਾ ਲਈ ਬਾਏ ਬਾਏ ਨਹੀਂ ਕਰ 'ਤਾ ਸੀ ?''
''ਮੈਂ ਤਾਂ ਕਰ 'ਤਾ ਸੀ ਪਰ ਘਰ ਵਾਲੀ ਦੇ ਭਰਾ ਭੈਣ ਓਥੇ ਈ ਐ।''
''ਚੱਲ ਜਿੱਦਾਂ ਵੀ ਐ, ਰਾਜ਼ੀ ਰਹੋ।''
''ਹੋਰ ਪਾਲਾ ਸਿਆਂ, ਮੁੱਛ ਖੜਦੀ ਐ ਨਾ ?''
ਪਰਦੁੱਮਣ ਸਿੰਘ ਦੇ ਪੁੱਛਣ 'ਤੇ ਪਾਲਾ ਸਿੰਘ ਜ਼ਰਾ ਕੁ ਝਿਪ ਜਾਂਦਾ ਹੈ ਕਿ ਇਸ ਨੂੰ ਕਿਸੇ ਗੱਲ ਦਾ ਪਤਾ ਲੱਗ ਚੁੱਕਾ ਹੋਵੇਗਾ ਪਰ ਉਹ ਹੌਸਲੇ ਵਿਚ ਆਉਂਦਾ ਆਖਦਾ ਹੈ,
''ਮੁੱਛਾਂ ਨੇ ਖੜਨਾ ਈ ਐ, ਦੇਖ ਨਿੰਬੂ ਟਿਕਦੈ ਮੁੱਛ 'ਤੇ ਤਾਂ।''
ਉਹ ਆਪਣੀਆਂ ਮੁੱਛਾਂ ਵੱਲ ਇਸ਼ਾਰਾ ਕਰਦਾ ਹੈ ਤੇ ਫਿਰ ਉਸ ਨੂੰ ਹੀ ਸਵਾਲ ਕਰਦਾ ਹੈ,
''ਤੂੰ ਸੁਣਾ, ਤੇਰੀ ਕਾਟੋ ਫੁੱਲਾਂ 'ਤੇ ਖੇਡਦੀ ਐ ਨਾ ?''
''ਖੇਲ੍ਹਦੀ ਐ ਪਾਲਾ ਸਿਆਂ, ਪੂਰੀ ਤਰ੍ਹਾਂ ਖੇਲ੍ਹਦੀ ਐ।''
ਕਹਿੰਦਾ ਪਰਦੁੱਮਣ ਸਿੰਘ ਤੁਰ ਪੈਂਦਾ ਹੈ। ਪਾਲਾ ਸਿੰਘ ਉਸ ਦੀ ਜਾਂਦੇ ਦੀ ਪਿੱਠ ਦੇਖਦਾ ਅੰਦਰ ਜਾ ਵੜਦਾ ਹੈ। ਅੰਦਰ ਪਿਛਲੇ ਦਫਤਰ ਵਿਚ ਹੀ ਸਿੱਧਾ ਚਲੇ ਜਾਂਦਾ ਹੈ ਜਿਥੇ ਗੁਰਦਿਆਲ ਸਿੰਘ ਬੈਠਦਾ ਹੈ। ਗੁਰਦਿਆਲ ਸਿੰਘ ਵੱਲ ਦੇਖ ਕੇ ਉਸ ਦੀਆਂ ਅੱਖਾਂ ਤਰ ਜਿਹੀਆਂ ਹੋਣ ਲੱਗਦੀਆਂ ਹਨ। ਉਹ ਭਰੇ ਮਨ ਨਾਲ ਕਹਿੰਦਾ ਹੈ,
''ਨਹੀਂ ਮੰਨਿਆ ਬਈ ਮੁੰਡਾ ! ਧੋਖਾ ਦੇ ਗਿਆ।''

''ਇਹ ਤਾਂ ਮਾੜੀ ਗੱਲ ਕਰ ਗਿਆ, ਪਾਲ਼ੇ ਭੜਾਏ ਦੀ ਕੋਈ ਕਦਰ ਨਹੀਂ ਪਾਈ ਉਹਨੇ।''

''ਗੁਰਦਿਆਲ ਸਿਆਂ, ਉਹ ਤਾਂ ਲਾਗੇ ਨਹੀਂ ਲੱਗਣ ਦੇ ਰਿਹਾ, ਅਖੇ ਗੱਲ ਨਾ ਕਰ, ਪਤਾ ਨਹੀਂ ਓਸ ਕੱਛਣ ਨੇ ਕੀ ਜਾਦੂ ਕਰ ਦਿੱਤਾ।''

''ਏਸ ਮੁਲਕ ਦੀ ਹਵਾ!''

''ਮੁਲਕ ਦੀ ਹਵਾ ਤਾਂ ਜਿਹੜੀ ਹੋਈ ਓਹ ਹੋਈ ਪਰ ਇਸ ਸਾਡੇ ਮੁੰਡੇ ਨੂੰ ਤਾਂ ਪੜ੍ਹਾਈ ਨੇ ਵਿਗਾੜਿਆ, ਨਾ ਏਹਨੂੰ ਏਨਾ ਪੜ੍ਹਾਉਂਦਾ ਨਾ ਆ ਦਿਨ ਦੇਖਣੇ ਪੈਂਦੇ।''

ਕਹਿੰਦਾ ਹੋਇਆ ਉਹ ਸੋਚ ਰਿਹਾ ਹੈ ਕਿ ਗੁਰਦਿਆਲ ਸਿੰਘ ਦਾ ਮੁੰਡਾ ਬਹੁਤਾ ਨਾ ਪੜ੍ਹਿਆ ਹੋਣ ਕਰਕੇ ਪਿਓ ਦੇ ਕਹਿਣੇ ਵਿਚ ਰਿਹਾ ਅਤੇ ਇੰਡੀਆ ਜਾ ਕੇ ਵਿਆਹ ਕਰਾ ਕੇ ਆਇਆ। ਗੁਰਦਿਆਲ ਸਿੰਘ ਆਖਦਾ ਹੈ,

''ਪਾਲਾ ਸਿਆਂ, ਦਿਲ ਥੋੜ੍ਹਾ ਨਾ ਕਰ, ਮੁੰਡਾ ਈ ਐ ਕਿਹੜੀ ਕੁੜੀ ਐ।''

''ਤੇਰੀ ਗੱਲ ਠੀਕ ਐ, ਪਰ ਗੁਰਦੁਆਰੇ ਜਾਈਦੈ, ਲੋਕਾਂ ਨੂੰ ਪਤਾ ਲੱਗਿਆ ਤਾਂ ਹੋਏ ਹੋਏ ਹੋਊਗੀ, ਆਹ ਜਿਹੜੀ ਮੁੱਛ ਖੜਦੀ ਐ...।''

''ਤੂੰ ਐਵੇਂ ਨਾ ਜਜ਼ਬਾਤੀ ਹੋਈ ਜਾ, ਕੋਈ ਨ੍ਹੇਰੀ ਨਹੀਂ ਵਗ ਗਈ। ਹੌਸਲਾ ਰੱਖ ਤੇ ਸਦਾ ਵਾਂਗੂੰ ਚੜ੍ਹਦੀ ਕਲਾ ਵਿਚ ਰਹਿ। ਚੜ੍ਹਦੀ ਕਲਾ ਵਿਚ ਰਹਿਣਾ ਤਾਂ ਲੋਕ ਤੇਰੇ ਤੋਂ ਸਿੱਖਦੇ ਆ।''

ਗੁਰਦਿਆਲ ਸਿੰਘ ਦੇ ਇਨ੍ਹਾਂ ਬੋਲਾਂ ਨਾਲ ਉਸ ਦਾ ਡਿੱਗਿਆ ਹੋਇਆ ਦਿਲ ਇਕਦਮ ਸਿੱਧਾ ਖੜ ਜਾਂਦਾ ਹੈ। ਉਹ ਸੋਚਦਾ ਹੈ ਕਿ ਜ਼ਿੰਦਗੀ ਵਿਚ ਉਹ ਕਦੇ ਵੀ ਢਹਿੰਦੀਆਂ ਕਲਾਂ ਵਿਚ ਨਹੀਂ ਹੋਇਆ, ਹੁਣ ਵੀ ਨਹੀਂ ਹੋਣਾ ਚਾਹੀਦਾ। ਉਹ ਮੁੱਛ ਨੂੰ ਮਰੋੜਾ ਦਿੰਦਾ ਕਹਿੰਦਾ ਹੈ,

''ਨਹੀਂ ਤਾਂ ਨਾ ਸਹੀ, ਮੋਹਨਦੇਵ ਜਾਂਦਾ ਐ ਤਾਂ ਜਾਵੇ, ਮੈਂ ਅਮਰਦੇਵ ਨੂੰ ਇੰਡੀਆ ਵਿਆਹੂੰ।''

''ਇੰਡੀਆ ਇੰਡੀਆ ਵੀ ਤੂੰ ਐਮੇਂ ਗਾਈ ਜਾਨਾਂ, ਓਥੇ ਇੰਡੀਆ ਆਪਣਾ ਹੈ ਈ ਕੌਣ, ਦੋ ਖੇਤ ਜਿਹੜੇ ਜ਼ਮੀਨ ਦੇ ਆ ਸ਼ਰੀਕਾਂ ਨੇ ਦੱਬ ਲੈਣੇ ਆਂ ਜਾਂ ਦੱਬ ਈ ਲਏ ਆ, ਪਿੰਡ 'ਚ ਸਾਡੇ ਹਾਣੀ ਮਰ ਮੁੱਕ ਚੁੱਕੇ ਆ ਜਾਂ ਫੇਰ ਅੰਦਰੀਂ ਵੜ ਗਏ, ਨਵੀਂ ਜਨਰੇਸ਼ਨ ਸਾਨੂੰ ਪਛਾਣਦੀ ਨਹੀਂ, ਹੁਣ ਓਥੇ ਪਿੰਡ ਹੈ ਈ ਆਪਣਾ ਕੌਣ।''

''ਗੱਲ ਤਾਂ ਗੁਰਦਿਆਲ ਸਿਆਂ ਤੇਰੀ ਠੀਕ ਐ, ਪਰ ਮੈਂ ਏਦਾਂ ਸੋਚਦਾਂ ਕਿ ਬੰਦੇ ਦਾ ਰੋਅਬ ਆਪਣੇ ਭਾਈਚਾਰੇ ਵਿਚ ਈ ਬਣਦੈ, ਹੁਣ ਜੇ ਕਿਸੇ ਨੂੰ ਪਤਾ ਲੱਗਿਆ ਕਿ ਮੋਹਨਦੇਵ ਨੇ ਕਿਸੇ ਭੱਈਏਆਣੀ ਨਾਲ ਵਿਆਹ ਕਰਾ ਲਿਆ ਜੇਹਦੀ ਜਾਤ ਦਾ ਵੀ ਨਹੀਂ ਪਤਾ ਤਾਂ..।''

''ਤੂੰ ਫੇਰ ਓਹੀ ਗੱਲ ਕਰਨ ਲੱਗ ਪਿਆਂ। ਤੈਨੂੰ ਪਤਾ ਆਪਣੇ ਪਿੰਡ ਦੇ ਕਿੰਨੇ ਬੰਦੇ ਕੁਦੇਸੜਾਂ ਨਾਲ ਵਿਆਹੇ ਹੋਏ ਸੀ।''

''ਕੁਦੇਸੜਾਂ ਨਾਲ ਤਾਂ ਉਹ ਵਿਆਹ ਕਰਾਉਂਦਾ ਜਿਹੜਾ ਰਹਿ ਗਿਆ ਹੋਵੇ ਪਰ ਮੋਹਨਦੇਵ ਤਾਂ ਛੇ ਫੁੱਟਾ ਦਰਸ਼ਨੀ ਜੁਆਨ ਐ।''

''ਮੇਰੇ ਕਹਿਣ ਦਾ ਮਤਲਬ ਹੋਰ ਐ ਬਈ ਜੱਟ ਦਾ ਪੁੱਤ ਕਿਤੇ ਵੀ ਵਿਆਹ ਕਰਾ ਲਏ, ਤੀਵੀਂ ਨੇ ਜੱਟ ਦੇ ਘਰ ਆ ਕੇ ਜੱਟੀ ਈ ਬਣ ਜਾਣਾ ਹੁੰਦੈ, ਹੁਣ ਇਹ ਗੁਜਰਾਤਣ ਜਿਹੜੀ ਪਟੇਲ, ਡਿਸਾਈ, ਕੁਸ਼ ਵੀ ਹੋਊ, ਮਾਹਲ ਬਣ ਜਾਊ, ਤੂੰ ਸਗਾਂ ਤੇ ਅਸ਼ੀਰਵਾਦ ਦੇ।''

''ਦੇਖ ਗੁਰਦਿਆਲ ਸਿਆਂ, ਨਾ ਤਾਂ ਮੈਂ ਉਹਨੂੰ ਮੁਆਫ ਕਰ ਸਕਣਾ ਤੇ ਨਾ ਹੀ ਅਸ਼ੀਰਵਾਦ ਦੇ ਸਕਣਾ। ਇਹ ਠੀਕ ਐ ਕਿ ਮੋਹਨਦੇਵ ਬਾਰੇ ਸੋਚਣਾ ਬੰਦ ਕਰ ਦੇਊਂ, ਭੁੱਲ ਜਾਊਂ ਕਿ ਮੇਰੇ ਦੋ ਪੁੱਤ ਸੀ।''

''ਜੇ ਭਾਬੀ ਨਸੀਬ ਕੌਰ ਜਿਊਂਦੀ ਹੁੰਦੀ ਤਾਂ ਏਦਾਂ ਕਰਦੀ ?''

''ਨਸੀਬ ਕੌਰ ਭਲੀ ਲੋਕ ਸੀ ਪਰ ਮੈਂ...।''

ਉਹ ਆਪਣੀ ਗੱਲ ਨੂੰ ਵਿਚਕਾਰ ਹੀ ਛੱਡ ਕੇ ਮੁੱਛ ਨੂੰ ਵਟਾ ਦੇਣ ਲੱਗਦਾ ਹੈ।

ਉਹ ਗੁਰਦਿਆਲ ਸਿੰਘ ਪਾਸੋਂ ਵਾਪਸ ਮੁੜਦਾ ਕਾਫੀ ਹੱਦ ਤੱਕ ਖੁਸ਼ ਹੈ। ਉਸ ਦੇ ਦਿਲ ਦਾ ਬੋਝ ਭਾਵੇਂ ਨਹੀਂ ਉਤਰਿਆ ਪਰ ਗਮ ਵੰਡਿਆ ਗਿਆ ਹੈ। ਘਰ ਪੁੱਜਣ ਤੱਕ ਉਹ ਇਕਦਮ ਠੀਕ ਹੈ। ਮਨਿੰਦਰ ਅਤੇ ਅਮਰਦੇਵ ਘਰ ਹੀ ਹਨ। ਪਿਓ ਨੂੰ ਬਦਲਿਆ ਦੇਖ ਕੇ ਉਨ੍ਹਾਂ ਨੂੰ ਵੀ ਸੁੱਖ ਦਾ ਸਾਹ ਆਉਂਦਾ ਹੈ। ਅਮਰਦੇਵ ਕਹਿੰਦਾ ਹੈ,

''ਡੈਡ, ਇਹ ਕੋਈ ਐਡਾ ਈਸ਼ੂ ਨਹੀਂ ਸੀ, ਜਸਟ ਸਮੌਲਥਿੰਗ ਸੀ ਤੂੰ ਐਵੇਂ ਐਂਗਰੀ ਹੋ ਗਿਆ, ਏਦਾਂ ਈ ਹੈਪੀ ਰਹਿ।''

''ਇਹ ਸਮੌਲਥਿੰਗ ਨਹੀਂ ਪਰ ਮੈਂ ਹੈਪੀ ਈ ਆਂ, ਮੈਨੂੰ ਕੀ ਹੋਇਆ।''

''ਜੇ ਹੈਪੀ ਆਂ ਤਾਂ ਮੋਹਨ ਨੂੰ ਫੋਨ ਕਰਾਂ ਕਿ ਮੀਨਾ ਨੂੰ ਲੈ ਕੇ ਆ ਜਾਵੇ।''

''ਖਬਰਦਾਰ! ਜੇ ਓਹਨੂੰ ਏਸ ਘਰ ਲਿਆਇਆ, ਉਹਨੂੰ ਕਹਿ ਦੇ ਹੁਣ ਉਹ ਵੀ ਨਾ ਆਵੇ।''

ਕਹਿੰਦਾ ਉਹ ਸਿਟਿੰਗ ਰੂਮ ਵਿਚ ਆ ਜਾਂਦਾ ਹੈ ਤੇ ਬੈਠ ਕੇ ਟੈਲੀ ਦੇਖਣ ਲੱਗਦਾ ਹੈ। ਮਨਿੰਦਰ ਤੇ ਅਮਰਦੇਵ ਆਪੋ ਆਪਣੇ ਕਮਰਿਆਂ ਵਿਚ ਚਲੇ ਜਾਂਦੇ ਹਨ। ਪਾਲਾ ਸਿੰਘ ਘੜੀ ਦੇਖਦਾ ਪੱਬ ਦੇ ਖੁੱਲ੍ਹਣ ਦਾ ਇੰਤਜ਼ਾਰ ਕਰਨ ਲੱਗਦਾ ਹੈ। ਉਹ ਪੱਬ ਜਾਵੇਗਾ ਤਾਂ ਗੱਲਾਂ ਵਾਲੇ ਕਈ ਮਿਲਣਗੇ। ਮਨ ਹੋਰ ਪਾਸੇ ਪਵੇਗਾ। ਦੁੱਮਣ ਵਰਗਾ ਜੇ ਕੋਈ ਉਸ ਦੇ ਮੁੰਡੇ ਬਾਰੇ ਗੱਲ ਕਰੇਗਾ ਵੀ ਤਾਂ ਕਹਿ ਦੇਵੇਗਾ ਕਿ ਮੁੰਡਾ ਹੀ ਹੈ ਕਿਹੜੀ ਕੁੜੀ ਹੈ। ਮੁੰਡੇ ਤਾਂ ਪੰਜਾਹ ਕੰਧਾਂ ਟੱਪਦੇ ਹੁੰਦੇ ਹਨ।

ਪੱਬ ਨੂੰ ਜਾਂਦਾ ਉਹ ਲੇਡੀ ਮਾਰਗਰੇਟ ਰੋਡ ਉਪਰ ਪਹੁੰਚਦਾ ਹੈ। ਸੇਮਾ ਤੇ ਅਨਵਰ ਖੜੇ ਗੱਲਾਂ ਕਰ ਰਹੇ ਹਨ। ਸੇਮੇ ਨੂੰ ਤਾਂ ਉਹ ਜਾਣਦਾ ਹੈ ਕਿ ਉਸ ਨੂੰ ਕਈ ਵਾਰ ਗੁਰਦੁਆਰੇ ਮਿਲ ਜਾਇਆ ਕਰਦਾ ਹੈ। ਅਨਵਰ ਨੂੰ ਉਹ ਨਹੀਂ ਜਾਣਦਾ ਪਰ ਅਨਵਰ ਵੀ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ। ਪਾਲਾ ਸਿੰਘ ਕਹਿੰਦਾ ਹੈ,

"ਕਿਹੜੀ ਸਾਜਿਸ਼ ਘੜ ਰਹੇ ਓ ?"

ਅਨਵਰ ਤੇ ਸੇਮੇ ਦੇ ਖੜਨ ਦੇ ਅੰਦਾਜ਼ ਤੋਂ ਅੰਦਾਜ਼ਾ ਲਾਉਂਦਾ ਮਜ਼ਾਕ ਵਿਚ ਪੁੱਛਦਾ ਹੈ। ਸੇਮਾ ਕਹਿਣ ਲੱਗਦਾ ਹੈ,

"ਅੰਕਲ ਜੀ, ਕੀ ਦੱਸੀਏ, ਆਹ ਸਾਹਮਣੇ ਦਾ ਪੋਸਟਰ ਦੇਖੋ ਕਿੰਨਾ ਗੰਦਾ ਐ, ਸਾਥੋਂ ਨਹੀਂ ਦੇਖਿਆ ਜਾਂਦਾ। ਬੱਚਿਆਂ ਉਪਰ ਏਹਦਾ ਕੀ ਅਸਰ ਪਊਗਾ।"

"ਏਹ ਤਾਂ ਹੈ ਬਈ, ਤੁਹਾਨੂੰ ਪਤਾ ਈ ਐ ਕਿ ਏਹ ਕੌਮ ਕਿੰਨੀ ਖੁੱਲ੍ਹੀ ਐ, ਕਿਥੇ ਸਾਡੀਆਂ ਔਰਤਾਂ ਬੁਰਕਿਆਂ, ਝੁੰਡਾਂ ਵਿਚ ਰਹਿਣ ਵਾਲੀਆਂ ਤੇ ਗੋਰੀਆਂ ਦਾ ਕੱਪੜੇ ਨਾਲ ਬਹੁਤਾ ਵਾਹ ਨਹੀਂ ਹੁੰਦਾ। ਏਹ ਤਾਂ ਮੁਲਕ ਠੰਡਾ ਐ, ਨਹੀਂ ਤਾਂ ਦੇਖਦੇ ਇਥੇ ਕੀ ਹਾਲ ਹੋਣਾ ਸੀ।"

ਕਹਿੰਦਾ ਹੋਇਆ ਪਾਲਾ ਸਿੰਘ ਪੋਸਟਰ ਵੱਲ ਦੇਖਦਾ ਹੈ। ਕੰਧ ਉਪਰ ਵੱਡੇ ਸਾਈਜ਼ ਦੀ ਤਸਵੀਰ ਚਿਪਕਾਈ ਹੋਈ ਹੈ। ਇਹ ਕਿਸੇ ਮੈਗਜ਼ੀਨ ਦੀ ਮਸ਼ਹੂਰੀ ਹੈ। ਤਸਵੀਰ ਵਿਚ ਦਿਖਾਇਆ ਗਿਆ ਹੈ ਕਿ ਨੰਗੇ ਮਰਦ ਤੇ ਔਰਤ ਸੰਭੋਗ ਕਿਰਿਆ ਵਿਚ ਮਘਨ ਹਨ ਪਰ ਔਰਤ ਇਸ ਕਿਰਿਆ ਵਿਚ ਮਾਨਸਿਕ ਤੌਰ 'ਤੇ ਸ਼ਾਮਿਲ ਨਹੀਂ ਹੈ ਕਿਉਂਕਿ ਉਹ ਇਕ ਮੈਗਜ਼ੀਨ ਪੜ੍ਹ ਰਹੀ ਹੈ ਤੇ ਉਸ ਨੂੰ ਮੈਗਜ਼ੀਨ ਵਿਚੋਂ ਜ਼ਿਆਦਾ ਅਨੰਦ ਮਿਲ ਰਿਹਾ ਹੈ।

ਪਾਲਾ ਸਿੰਘ ਹੱਸਦਾ ਹੋਇਆ ਅੱਗੇ ਵੱਧ ਜਾਂਦਾ ਹੈ। ਹੁਣ ਉਸ ਦਾ ਮੂਡ ਬਿਲਕੁਲ ਠੀਕ ਹੈ।

## ਉਨਤਾਲੀ

ਗਿਆਨ ਕੌਰ ਇੰਡੀਆ ਚਲੇ ਜਾਂਦੀ ਹੈ। ਰਾਜਵਿੰਦਰ ਨੂੰ ਉਹ ਨਾਲ ਚੱਲਣ ਲਈ ਜ਼ੋਰ ਪਾਉਂਦੀ ਹੈ ਪਰ ਉਹ ਨਹੀਂ ਜਾਂਦਾ। ਇੰਡੀਆ ਜਾਣ ਦਾ ਉਸ ਦਾ ਮਕਸਦ ਸਭ ਨੂੰ ਮਿਲਣਾ ਗਿਲਣਾ ਹੀ ਹੈ ਤੇ ਆਪਣੇ ਪਿੰਡ ਵਾਲੇ ਘਰ ਦੀ ਸਫਾਈ ਵੀ ਕਰਾਉਣਾ ਚਾਹੁੰਦੀ ਹੈ। ਉਸ ਦਾ ਜਾਣ ਦਾ ਪ੍ਰੋਗਰਾਮ ਤਾਂ ਰਾਜਵਿੰਦਰ ਨੂੰ ਵਿਆਹੁਣ ਦੀ ਗੱਲ ਤੁਰਨ ਤੋਂ ਬਣਨਾ ਸ਼ੁਰੂ ਹੋਇਆ ਹੈ ਪਰ ਉਹ ਨਹੀਂ ਮੰਨਦਾ। ਗਿਆਨ ਕੌਰ ਮਾਨਸਿਕ ਤੌਰ ਤੇ ਇੰਡੀਆ ਲਈ ਤਿਆਰ ਹੋ ਚੁੱਕੀ ਹੋਣ ਕਰਕੇ ਚਲੇ ਜਾਂਦੀ ਹੈ ਨਹੀਂ ਤਾਂ ਉਸ ਨੂੰ ਪਿੱਛੇ ਕੁੜੀਆਂ ਦਾ ਵੀ ਫਿਕਰ ਰਹਿੰਦਾ ਹੈ। ਪਰਦੁੱਮਣ ਹੁਣ ਰਾਜਵਿੰਦਰ ਨੂੰ ਵਿਆਹੁਣ ਦੀ ਚਿੰਤਾ ਵੀ ਘੱਟ ਕਰਨ ਲੱਗਿਆ ਹੈ ਸਗੋਂ ਹੁਣ ਉਸ ਦੀ ਚਿੰਤਾ ਹੈ ਕਿ ਮੁੰਡਾ ਸਮਲਿੰਗੀ ਨਾ ਨਿਕਲ ਆਵੇ। ਕਦੇ ਉਸ ਨੂੰ ਇਹ ਡਰ ਵੀ ਰਹਿੰਦਾ ਹੈ ਕਿ ਉਹ ਡਰੱਗ ਨੂੰ ਹੀ ਨਾ ਲਗ ਜਾਵੇ ਪਰ ਹਾਲੇ ਤਕ ਉਸ ਨੂੰ ਅਜਿਹਾ ਕਈ ਗੱਲ ਦਿਸੀ ਨਹੀਂ ਜਿਸ ਤੋਂ ਪਤਾ ਚਲੇ ਕਿ ਰਾਜਵਿੰਦਰ ਡਰੱਗ ਪੀਣ ਲਗਿਆ ਹੈ। ਉਹ ਨੇ ਕਦੇ ਬਹੁਤੇ ਪੈਸਿਆਂ ਦੀ ਮੰਗ ਵੀ ਨਹੀਂ ਕੀਤੀ, ਉਸ ਕੋਲੋਂ ਉਹ ਮੁਸ਼ਕ ਵੀ ਨਹੀਂ ਆਉਂਦਾ ਜਿਹੜਾ ਡਰੱਗੀ ਲੋਕਾਂ ਤੋਂ ਆਉਣ ਲਗਦਾ ਹੈ। ਗਿਆਨ ਕੌਰ ਉਸ ਦੇ ਕਪੜੇ ਧੋਣ ਵੇਲੇ ਉਸ ਦੀਆਂ ਜੇਬ੍ਹਾਂ ਦੀ ਤਲਾਸ਼ੀ ਵੀ ਲੈਂਦੀ ਰਹਿੰਦੀ ਹੈ। ਪਰਦੁੱਮਣ ਸਿੰਘ ਹੁਣ ਉਸ ਨੂੰ ਬਹੁਤਾ ਦਬਕਦਾ ਵੀ ਨਹੀਂ। ਕਈ ਵਾਰ ਸ਼ਾਮ ਨੂੰ ਬੈਠ ਕੇ ਉਸ ਨਾਲ ਨਿਕੀਆਂ ਨਿਕੀਆਂ ਗੱਲਾਂ ਕਰਨ ਲਗਦਾ ਹੈ। ਇਕ ਦਿਨ ਰਾਜਵਿੰਦਰ ਕਹਿੰਦਾ ਹੈ,

"ਡੈਡ, ਮੈਨੂੰ ਕਾਰ ਲੈ ਦੇ।"

"ਘਰ ਵਿਚ ਏਨੀਆਂ ਵੈਨਾਂ ਆਂ ਜਿਹੜੀ ਮਰਜ਼ੀ ਚਲਾ, ਸਗਾਂ ਕਿਸੇ ਨਾ ਕਿਸੇ ਡਰਾਈਵਰ ਨਾਲ ਰਾਊਂਡ ਤੇ ਚਲੇ ਜਾਇਆ ਕਰ।"

"ਇਹ ਕੰਮ ਬਹੁਤ ਪਰੈਸ਼ਰ ਦਾ ਹੈਗਾ, ਮੈਂ ਹੋਰ ਕੰਮ ਕਰਨਾ ਮੰਗਦਾਂ।"

"ਘਰ ਬੈਠੇ ਨੂੰ ਤਾਂ ਕੰਮ ਮਿਲਣਾਂ ਨਹੀਂ।"

"ਦੈਟਸ ਵਾਏ ਆਏ ਨੀਡ ਕਾਰ, ਵਰਕ ਫਾਈਂਡ ਕਰਨ ਲਈ ਦੂਰ ਜਾਣਾ ਪੈਂਦਾ।"

ਇਕ ਪਲ ਲਈ ਤਾਂ ਪਰਦੁੱਮਣ ਸਿੰਘ ਨੂੰ ਝਾਉਲਾ ਜਿਹਾ ਪੈਂਦਾ ਹੈ ਕਿ ਸ਼ਾਇਦ ਰਾਜਵਿੰਦਰ ਠੀਕ ਰਸਤੇ ਤੇ ਆ ਚਲਿਆ ਹੈ। ਉਹ ਆਖਦਾ ਹੈ,

"ਤੂੰ ਵਿਆਹ ਕਰਾ ਲੈਂਦਾ ਤਾਂ ਤੈਨੂੰ ਕਾਰ ਵੀ ਲੈ ਦਿੰਦੇ।"

"ਡੈਡ, ਮੈਂ ਵਿਆਹ ਨਹੀਂ ਕਰਾਉਣਾ ਹਾਲੇ।"

"ਚਲ ਏਦਾਂ ਕਰ ਕਿ ਕਾਰ ਤੈਨੂੰ ਮੈਂ ਕੋਈ ਛੋਟੀ ਮੋਟੀ ਲੈ ਦਊਂ ਪਰ ਗਰਲਫਰਿੰਡ ਲੱਭ ਪਹਿਲਾਂ।"

"ਗਰਲਫਰਿੰਡ ਤਾਂ ਮੈਂ ਕੱਲ ਨੂੰ ਈ ਲੈ ਆਊਂ।"

"ਉਹ ਤਾਂ ਕੋਈ ਡਰੱਗੀ ਜਿਹੀ ਕੁੜੀ ਫੜ ਲਿਆਵੇਂਗਾ, ਪਰੌਪਰ ਗਰਲਫਰਿੰਡ ਹੋਵੇ ਜਿਹੜੀ ਤੇਰੇ ਨਾਲ ਦੋ ਮਹੀਨੇ ਰਹੇ, ਫੇਰ ਲੈ ਕੇ ਦੇਊਂ।"

ਨਾ ਰਾਜਵਿੰਦਰ ਕੋਈ ਕੁੜੀ ਲੱਭ ਸਕਦਾ ਹੈ ਤੇ ਨਾ ਉਸ ਨੂੰ ਕਾਰ ਮਿਲਦੀ ਹੈ। ਇੰਡੀਆ ਲੈ ਜਾਣ ਲਈ ਵੀ ਗਿਆਨ ਕੌਰ ਉਸ ਨੂੰ ਕਈ ਲਾਲਚ ਦਿੰਦੀ ਹੈ ਕਿ ਉਥੇ ਜਾ ਕੇ ਕੋਈ ਕੁੜੀ ਪਸੰਦ ਕਰੇ, ਮੰਗਣੀ ਕਰਾਵੇ ਤੇ ਆਉਂਦੇ ਨੂੰ ਹੀ ਕਾਰ ਲੈ ਦਿੱਤੀ ਜਾਵੇਗੀ ਪਰ ਰਾਜਵਿੰਦਰ ਇਸ ਲਈ ਤਿਆਰ ਨਹੀਂ ਹੈ।

ਪਰਦੁੱਮਣ ਸਿੰਘ ਨੂੰ ਪਤਨੀ ਦਾ ਇੰਡੀਆ ਜਾਣਾ ਪਹਿਲਾਂ ਤਾਂ ਬਹੁਤ ਚੰਗਾ ਲੱਗਦਾ ਹੈ ਕਿ ਉਹ ਹੁਣ ਮਨਮਰਜ਼ੀ ਕਰ ਸਕੇਗਾ। ਕੁਲਬੀਰੋ ਉਪਰ ਵੀ ਟਰਾਈ ਮਾਰੇਗਾ। ਕੁਲਬੀਰੋ ਛੇ ਕੁ ਮਹੀਨੇ ਤੋਂ ਉਨ੍ਹਾਂ ਕੋਲ ਕੰਮ ਕਰ ਰਹੀ ਹੈ। ਉਹ ਦੀ ਗਿਆਨ ਕੌਰ ਨਾਲ ਵਾਹਵਾ ਬਣਦੀ ਹੈ। ਕੁਲਬੀਰੋ ਚੁੱਪ-ਚਾਪ ਆਪਣੇ ਕੰਮ ਨੂੰ ਲੱਗੀ ਰਹਿੰਦੀ ਹੈ। ਘੱਟ ਬੋਲਦੀ ਹੈ ਪਰ ਕੰਮ ਨੂੰ ਬਹੁਤ ਤਕੜੀ ਹੈ। ਦੋ ਔਰਤਾਂ ਜਿੰਨਾ ਕੰਮ ਕਰ ਜਾਂਦੀ ਹੈ। ਉਸ ਦੇ ਕੰਮ ਨੂੰ ਦੇਖਦਿਆਂ ਹੀ ਗਿਆਨ ਕੌਰ ਉਸ ਨੂੰ ਫੋਰਲੇਡੀ ਬਣਾ ਦਿੰਦੀ ਹੈ ਕਿ ਉਸ ਦੇ ਇੰਡੀਆ ਜਾਣ 'ਤੇ ਉਹੀ ਮੂਹਰੇ ਹੋ ਕੇ ਕੰਮ ਚਲਾਵੇਗੀ। ਹੁਣ ਵੀ ਕੁਲਬੀਰੋ ਦੇ ਸਿਰ ਤੇ ਘਰ ਦਾ ਗੇੜਾ ਮਾਰਦੀ ਰਹਿੰਦੀ ਹੈ ਤੇ ਕਦੇ ਛੁੱਟੀ ਵੀ ਕਰ ਲੈਂਦੀ ਹੈ। ਪਰਦੁੱਮਣ ਸਿੰਘ ਨੇ ਕਈ ਵਾਰ ਉਸ ਨੂੰ ਟੋਹ ਕੇ ਦੇਖਿਆ ਹੈ ਉਹ ਅੱਗਿਉਂ ਹੁੰਗਾਰਾ ਨਹੀਂ ਭਰਦੀ। ਹੁਣ ਪਤਨੀ ਦੇ ਨਾ ਹੋਣ 'ਤੇ ਉਹ ਕੁਲਬੀਰੋ ਵੱਲ ਇਕ ਕਦਮ ਹੋਰ ਪੁੱਟ ਸਕੇਗਾ।

ਇਕ ਦਿਨ ਸ਼ਿੰਦਰ ਕੌਰ ਆਖਦੀ ਹੈ,

"ਅੰਕਲ ਜੀ, ਘਰ ਵਾਲੇ ਘਰ ਨਹੀਂ ਤੇ ਸਾਨੂੰ ਕਿਸੇ ਦਾ ਡਰ ਨਹੀਂ ਪਰ ਇਹਨਾਂ ਤਿਲ਼ਾਂ ਵਿਚ ਤੇਲ ਹੈ ਨਹੀਂ।"

ਉਸ ਦਾ ਇਸ਼ਾਰਾ ਕੁਲਬੀਰੋ ਵਲ ਹੈ। ਪਰਦੁੱਮਣ ਸਿੰਘ ਫੋਕਾ ਜਿਹਾ ਹਾਸਾ ਹੱਸਦਾ ਕਹਿੰਦਾ ਹੈ,

"ਸ਼ਿੰਦਰ ਕੋਰੇ ਤੂੰ ਤਾਂ ਹੁਣ ਸਿਧੇ ਮੂੰਹ ਗੱਲ ਈ ਨਹੀਂ ਕਰਦੀ।"

"ਮੈਂ ਤੀਵੀਂ ਆਂ ਸੌ ਧਿਆਨ ਰੱਖਣਾ ਪੈਂਦਾ ਨਾਲ਼ੇ ਤੁਸੀਂ ਗਿਝੇ ਹੋਏ ਓ ਰੰਗ ਬਰੰਗੇ ਭੋਜਨ ਖਾਣ ਪਰ ਇਕ ਗੱਲ ਦੱਸਾਂ ਕਿ ਇਹ ਨਾ ਸਮਝਿਓ ਕਿ ਅੰਟੀ ਨੂੰ ਕੁਝ ਪਤਾ ਨਹੀਂ, ਉਹ ਸਭ ਜਾਣਦੀ ਆ ਤੇ ਪਤਾ ਨਹੀਂ ਕਿਹੜੀ ਗੱਲੋਂ ਚੁੱਪ ਆ।"

ਇਕ ਵਾਰ ਤਾਂ ਪਰਦੁੱਮਣ ਸਿੰਘ ਨੂੰ ਝਟਕਾ ਜਿਹਾ ਲਗਦਾ ਹੈ ਪਰ ਫਿਰ ਸੋਚਦਾ ਹੈ ਕਿ ਸ਼ਿੰਦਰ ਕੌਰ ਉਸ ਨੂੰ ਡਰਾ ਰਹੀ ਹੈ। ਉਹ ਉਸ ਦੀ ਗੱਲ ਦਾ ਬਹੁਤਾ ਧਿਆਨ ਕਰੇ ਬਿਨਾਂ ਸੋਚਣ ਲਗਦਾ ਹੈ ਕਿ ਉਸ ਨੂੰ ਜ਼ਰਾ ਬਚ ਕੇ ਚਲਣ ਦੀ ਲੋੜ ਹੈ। ਗਿਆਨ ਕੌਰ ਉਵੇਂ ਭਾਵੇਂ ਸਿੱਧੀ ਜਿਹੀ ਹੈ ਪਰ ਹਰ ਗੱਲ ਦੀ ਤਾੜ ਰੱਖਦੀ ਹੈ।

ਫਰੀਦਾ ਦੇ ਪਤੀ ਤਾਰਿਕ ਨੂੰ ਉਸ ਨੇ ਡਰਾਈਵਰ ਰੱਖ ਲਿਆ ਹੋਇਆ ਹੈ। ਉਹ ਇਕ ਰਾਊਂਡ ਕਰਦਾ ਹੈ। ਉਸ ਨੂੰ ਮੋਬਾਈਲ ਫੋਨ ਵੀ ਲੈ ਕੇ ਦਿੱਤਾ ਹੋਇਆ ਹੈ ਕਿ ਉਸਦੀ ਖਬਰ ਰਹੇ ਕਿ ਕਿਥੇ ਕੁ ਪੁੱਜਾ ਹੈ ਤੇ ਮਗਰੋਂ ਫਰੀਦਾ ਨਾਲ ਉਹ ਉਸ ਦੇ ਘਰ ਜਾ ਵੜਦਾ ਹੈ। ਹੁਣ ਗਿਆਨ ਕੌਰ ਇਥੇ ਨਹੀਂ ਹੋਵੇਗੀ ਤਾਂ ਉਸ ਦੀ ਖੁਲ੍ਹ ਖੇਡ ਹੋਰ ਆਸਾਨ ਹੋ ਜਾਵੇਗੀ।

ਤਾਰਿਕ ਉਮਰ ਦਾ ਤਾਂ ਫਰੀਦਾ ਤੋਂ ਕਾਫੀ ਵੱਡਾ ਹੈ ਪਰ ਇੰਨਾ ਬੁੱਢਾ ਨਹੀਂ ਹੈ ਜਿੰਨਾ ਫਰੀਦਾ ਕਹਿੰਦੀ ਰਹੀ ਹੈ। ਸਿਹਤ ਜ਼ਰਾ ਕਮਜ਼ੋਰ ਹੈ। ਫਰੀਦਾ ਦੇ ਕੰਮ ਦਾ ਭਾਵੇਂ ਨਾ ਹੋਵੇ ਪਰ ਪਰਦੁੱਮਣ ਦਾ ਕੰਮ ਠੀਕ-ਠਾਕ ਤੇ ਪੂਰੀ ਜ਼ਿਮਵਾਰੀ ਨਾਲ ਕਰ ਰਿਹਾ ਹੈ।

ਗਿਆਨ ਕੌਰ ਦੇ ਇੰਡੀਆ ਜਾਣ ਨੂੰ ਲੈ ਕੇ ਉਹ ਕਾਫੀ ਉਹਸ਼ਾਹਿਤ ਹੈ ਪਰ ਉਸ ਦੇ ਜਾਣ ਤੋਂ ਦੂਜੇ ਦਿਨ ਹੀ ਉਸ ਨੂੰ ਮਿਸ ਕਰਨ ਲੱਗਦਾ ਹੈ। ਰਾਤ ਨੂੰ ਉਹ ਇਕੱਲਾ ਹੀ ਬੈੱਡ ਉਪਰ ਪਿਆ ਗਿਆਨ ਕੌਰ ਬਾਰੇ ਸੋਚਦਾ ਰਹਿੰਦਾ ਹੈ। ਕੱਪਬੋਰਡ ਵਿਚ ਉਸ ਦੇ ਟੰਗੇ ਕੱਪੜਿਆਂ ਨੂੰ ਧਿਆਨ ਨਾਲ ਦੇਖਦਾ ਸੁੰਘਣ ਲੱਗਦਾ ਹੈ। ਸ਼ਾਮ ਨੂੰ ਵੱਡੀ ਕੁੜੀ ਸਤਿੰਦਰ ਰੋਟੀ ਬਣਾ ਰਹੀ ਹੁੰਦੀ ਹੈ ਤਾਂ ਉਸ ਨੂੰ ਗਿਆਨ ਕੌਰ ਦਾ ਝਾਉਲਾ ਪੈਂਦਾ ਹੈ। ਵੱਡੀ ਕੁੜੀ ਮਾਂ ਉਪਰ ਗਈ ਹੈ ਤੇ ਛੋਟੀ ਪਵਨਦੀਪ ਉਸ ਵਰਗੀ ਹੈ। ਇਵੇਂ ਹੀ ਵੱਡਾ ਰਾਜਵਿੰਦਰ ਦਾ ਮੜੰਗਾ ਵੀ ਗਿਆਨ ਕੌਰ ਨਾਲ ਮਿਲਦਾ ਹੈ ਤੇ ਬਲਰਾਮ ਦਾ ਉਸ ਨਾਲ।

ਇਕ ਦਿਨ ਉਹ ਕੁਲਬੀਰੋ ਨੂੰ ਆਖਦਾ ਹੈ,

"ਤੂੰ ਜ਼ਰਾ ਦਫਤਰ ਵਿਚ ਆਵੀਂ ਉਪਰ।"

"ਕਿਉਂ ਅੰਕਲ ਜੀ ?"

"ਜ਼ਰਾ ਹਿਸਾਬ ਲਾਈਏ ਕੱਲ੍ਹ ਦੇ ਮਾਲ ਦਾ।"

"ਕੱਲ੍ਹ ਦੇ ਮਾਲ ਦਾ ਹਿਸਾਬ ਤਾਂ ਮੇਰੇ ਕੋਲ ਹੈਗਾ, ਵੀਹ ਟਰੇਅ ਲੱਗਣੇ ਆ ਟੋਟਲ, ਦਸ ਵੈਜੀ ਦੇ, ਪੰਜ ਚਿਕਨ ਤੇ ਪੰਜ ਲੈਂਬ ਦੇ ਤੇ ਫਰੋਜ਼ਨ ਕਲ ਨੂੰ ਬਣਨੇ ਆਂ।"

ਕੁਲਬੀਰੋ ਜ਼ਰਾ ਕੁ ਉਚੀ ਆਵਾਜ਼ ਵਿਚ ਕਹਿ ਰਹਿ ਹੈ ਤਾਂ ਕਿ ਹੋਰ ਔਰਤਾਂ ਵੀ ਸੁਣ ਲੈਣ। ਪਰਦੁੱਮਣ ਸਿੰਘ ਝਿਜਕਦਾ ਜਿਹਾ ਪੱਗ ਉਪਰ ਹੱਥ ਫੇਰਦਾ ਉਪਰ ਦਫਤਰ ਵਿਚ ਚਲੇ ਜਾਂਦਾ ਹੈ। ਉਹ ਸੋਚਦਾ ਹੈ ਕਿ ਬਹੁਤੀ ਹੀ ਚਲਾਕ ਬਣ ਰਹੀ ਹੈ। ਉਹ ਇਕ ਹੱਦ ਵਿਚ ਰਹਿੰਦਾ ਹੀ ਅੱਗੇ ਵਧਣਾ ਚਾਹੁੰਦਾ ਹੈ। ਫੈਕਟਰੀ ਵਿਚ ਕੰਮ ਕਰਦੀਆਂ ਸਾਰੀਆਂ ਔਰਤਾਂ ਹੀ ਉਸ ਦੇ ਕਿਰਦਾਰ ਨੂੰ ਜਾਣਦੀਆਂ ਹਨ। ਪਰ ਸ਼ਿੰਦਰ ਕੌਰ ਵਾਂਗ ਮੂੰਹੋਂ ਕੋਈ ਨਹੀਂ ਬੋਲਦੀ। ਸਭ ਨੂੰ ਆਪਣੀ ਨੌਕਰੀ ਪਿਆਰੀ ਹੈ। ਫਿਰ ਪਰਦੁੱਮਣ ਸਿੰਘ ਉਨ੍ਹਾਂ ਲਈ ਇੰਨਾ ਖਤਰਨਾਕ ਵੀ ਨਹੀਂ ਹੈ ਕਿ ਕਿਸੇ ਨੂੰ ਜਬਰਦਸਤੀ ਹੱਥ ਪਾ ਲਵੇ। ਕੋਈ ਜਾਣੀ ਝਿੜਕ ਦੇਵੇ ਤਾਂ ਚੁੱਪ ਕਰ ਜਾਂਦਾ ਹੈ। ਹੁਣ ਕੁਲਬੀਰੋ ਦੇ ਇਵੇਂ ਉਚੀ ਬੋਲਣ ਵਿਚੋਂ ਉਸ ਨੂੰ ਖਤਰਾ ਝਲਕਦਾ ਦਿੱਸਦਾ ਹੈ।

ਕੁਝ ਦੇਰ ਬਾਅਦ ਕੁਲਬੀਰੋ ਦਫਤਰ ਵਿਚ ਆ ਜਾਂਦੀ ਹੈ। ਪਰਦੁੱਮਣ ਸਿੰਘ ਖੁਸ਼ ਹੋ ਜਾਂਦਾ ਹੈ। ਉਹ ਪੁੱਛਦਾ ਹੈ,

"ਕੁੜੀਏ, ਘਰੋਂ ਕਿਸੇ ਨਾਲ ਲੜ ਕੇ ਤਾਂ ਨਹੀਂ ਆਈ ?"

''ਨਹੀਂ ਅੰਕਲ ਜੀ, ਲੜਨਾ ਕਿਹਦੇ ਨਾਲ ਐ।''
''ਜਿਹੜੀ ਏਨਾ ਖਿੱਝ ਕੇ ਬੋਲਦੀ ਐਂ, ਕੀ ਪਤਾ ਤੇਰਾ।''
''ਨਹੀਂ ਅੰਕਲ ਜੀ, ਖਿੱਝ ਕੇ ਤਾਂ ਨਹੀਂ ਬੋਲਦੀ, ਮੈਂ ਤਾਂ ਦੱਸਿਆ ਕਿ ਮਾਲ ਦੀ ਤਾਂ ਪੂਰੀ ਤਿਆਰੀ ਐ, ਤੁਸੀਂ ਕੱਲ੍ਹ ਹੀ ਮੈਨੂੰ ਦੱਸ ਦਿੱਤਾ ਸੀ ਕਿ ਕੀ ਤਿਆਰ ਕਰਨੈਂ।''

ਪਰਦੁੱਮਣ ਸਿੰਘ ਕੁਝ ਨਹੀਂ ਬੋਲ ਰਿਹਾ। ਉਸ ਵੱਲ ਘੂਰਦਾ ਦੇਖਦਾ ਜਾ ਰਿਹਾ ਹੈ। ਕੁਲਬੀਰੋ ਦੀਆਂ ਛਾਤੀਆਂ 'ਤੇ ਨਜ਼ਰਾਂ ਫੇਰਦਾ ਹੈ। ਕੁਲਬੀਰੋ ਨੂੰ ਜਿਵੇਂ ਉਸ ਦੀਆਂ ਨਜ਼ਰਾਂ ਚੁੱਭ ਗਈਆਂ ਹੋਣ। ਉਹ ਬਾਹਾਂ ਦੀ ਕੁੜੰਗੀ ਬਣਾਉਂਦੀ ਛਾਤੀਆਂ ਛੁਪਾ ਲੈਂਦੀ ਤੇ ਆਖਦੀ ਹੈ,
''ਦੱਸੋ ਅੰਕਲ ਜੀ, ਹੋਰ ਕੀ ਕਹਿਣਾ ਚਾਹੁੰਦੇ ਓ।''
''ਇਹੋ ਕਿ ਲੈਂਬ ਦਾ ਮੀਟ ਮਹਿੰਗਾ ਹੋ ਗਿਆ, ਮਸਾਲੇ ਵਿਚ ਮਿਕਸ ਵੈਜੀਟੇਬਲ ਦੀ ਮਿਕਦਾਰ ਜ਼ਰਾ ਵਧਾ ਦਿਓ।''
''ਦੇਖ ਲਓ, ਜਿੱਦਾਂ ਕਹੋ ਪਰ ਪਹਿਲਾਂ ਈ ਲੈਂਬ ਘੱਟ ਤੇ ਵੈਜੀ ਜ਼ਿਆਦਾ ਹੁੰਦੀ ਐ, ਤੁਹਾਡੇ ਗਾਹਕ ਨਾ ਖਰਾਬ ਹੋ ਜਾਣ।''
''ਇਹ ਵੀ ਠੀਕ ਐ।''
''ਮੈਂ ਜਾਵਾਂ ਅੰਕਲ ਜੀ ?''
''ਹਾਂ ਜਾਹ ਪਰ ਇਕ ਗੱਲ ਦੱਸ ਤੂੰ ਆਕੜ ਵਿਚ ਬਹੁਤ ਰਹਿੰਨੀ ਐਂ, ਮੰਨਦੇ ਆਂ ਕਿ ਤੂੰ ਸੁਹਣੀ ਐਂ, ਸਮਝਦਾਰ ਐਂ।''
''ਅੰਕਲ ਜੀ, ਏਦਾਂ ਦੀਆਂ ਗੱਲਾਂ ਨਾ ਕਰੋ, ਮੈਂ ਤਾਂ ਤੁਹਾਡੀ ਬਹੁਤ ਰਿਸਪੈਕਟ ਕਰਦੀ ਆਂ, ਤੁਸੀਂ ਤਾਂ ਮੇਰੇ ਵੱਡੇ ਥਾਂ ਓ।''
''ਇਹ ਵੀ ਠੀਕ ਐ ਪਰ ਤੂੰ ਚੁੱਪ-ਚਾਪ ਤੇ ਉਖੜੀ ਉਖੜੀ ਕਿਉਂ ਰਹਿੰਦੀ ਐਂ।''
''ਅੰਕਲ ਜੀ, ਹਰ ਕਿਸੇ ਦਾ ਸੁਭਾਅ ਹੁੰਦੈ ਤੇ ਹਰ ਕਿਸੇ ਦੀਆਂ ਪਰੌਬਲਮਾਂ ਹੁੰਦੀਆਂ।''
''ਤੇਰੀਆਂ ਕੀ ਪਰੌਬਲਮਾਂ, ਦੱਸ ਜ਼ਰਾ ?''
''ਕੀ ਦੱਸਾਂ! ਅੰਟੀ ਜੀ ਨੂੰ ਸਭ ਪਤੈ, ਮੈਂ ਆਪਣੀ ਭੈਣ ਤੇ ਜੀਜੇ ਨਾਲ ਰਹਿੰਦੀ ਆਂ।''
''ਉਹ ਜਿਹੜਾ ਲਾਲ ਜਿਹੀਆਂ ਅੱਖਾਂ ਵਾਲਾ ਤੈਨੂੰ ਲੈਣ ਆਉਂਦਾ ਹੁੰਦੈ ਤੇਰਾ ਜੀਜਾ ਐ ?''
''ਹਾਂ ਜੀ।''
''ਉਹ ਤਾਂ ਜਿੱਦਾਂ ਬਦਮਾਸ਼ ਹੁੰਦੈ, ਦੇਖਦਾ ਈ ਬੜਾ ਟੇਢਾ ਐ।''
''ਉਹ ਬਦਮਾਸ਼ ਈ ਐ, ਜੇਲ੍ਹ ਵੀ ਜਾ ਚੁੱਕੈ, ਟੈਕਸੀ ਕਰਦੈ, ਹਰ ਰੋਜ਼ ਉਹ ਕਲ਼ੇਸ਼ ਪਾਈ ਰੱਖਦੈ।''
''ਪਰ ਏਹਦੇ ਨਾਲ ਤੇਰਾ ਕੀ ਵਾਹ ?''
''ਮੈਂ ਵੀ ਤਾਂ ਉਸੇ ਘਰ ਵਿਚ ਰਹਿੰਨੀ ਆਂ।''

ਕਹਿੰਦੀ ਕੁਲਬੀਰੋ ਉਦਾਸ ਹੋ ਜਾਂਦੀ ਹੈ। ਉਸੇ ਵਕਤ ਫਰੀਦਾ ਅੰਦਰ ਆਉਂਦੀ ਹੈ। ਉਸ ਦੇ ਪੌੜੀਆਂ ਚੜ੍ਹਨ ਦੀ ਆਵਾਜ਼ ਤੋਂ ਹੀ ਪਰਦੁੱਮਣ ਅੰਦਾਜ਼ਾ ਲਾ ਲੈਂਦਾ ਹੈ ਕਿ ਫਰੀਦਾ ਹੋਵੇਗੀ। ਉਸ ਕੋਲੋਂ ਕੁਲਬੀਰੋ ਦਾ ਦਫਤਰ ਵਿਚ ਆਉਣਾ ਝੱਲਿਆ ਨਹੀਂ ਗਿਆ ਹੋਵੇਗਾ। ਉਸ ਦੇ ਅੰਦਰ ਵੜਨ 'ਤੇ ਕੁਲਬੀਰੋ ਚਲੇ ਜਾਂਦੀ ਹੈ। ਪੌੜੀਆਂ ਉਤਰ ਜਾਂਦੀ ਹੈ। ਪਰਦੁੱਮਣ ਆਖਦਾ ਹੈ,
''ਤੇਰੀ ਪੈੜ ਚਾਪ ਤੋਂ ਹੀ ਪਛਾਣ ਲਿਆ ਸੀ ਕਿ ਤੂੰ ਐਂ ?''
''ਮੇਰੇ ਪੈਰਾਂ ਦੀ ਆਵਾਜ਼ ਵੱਖਰੀ ਐ ?''
''ਹਾਂ, ਬੁੱਢੇ ਬੰਦੇ ਨਾਲ ਵਿਆਹੀ ਔਰਤ ਹਮੇਸ਼ਾ ਹੀ ਭੱਜ ਕੇ ਪੌੜੀਆਂ ਚੜ੍ਹਿਆ ਕਰਦੀ ਐ।''
''ਸਰਦਾਰ ਜੀ, ਕਿਸਮਤ ਨੇ ਤਾਂ ਮਜ਼ਾਕ ਕੀਤਾ ਈ ਸੂ ਤੁਸੀਂ ਵੀ ਕਰ ਲਓ।''
''ਮੇਰੀ ਜਾਨ, ਮੈਂ ਤਾਂ ਐਵੇਂ ਈ ਕਹਿ ਰਿਹਾਂ ਮੇਰਾ ਇਹ ਮਤਲਵ ਨਹੀਂ।''
''ਆਹ ਕੁਲਬੀਰੋ ਨਾਲ ਵੀ ਮਜ਼ਾਕ ਈ ਕਰੇਂਦੇ ਪਏ ਸੂ ?''
''ਨਹੀਂ, ਮੇਰੀ ਜਾਨ, ਮੈਂ ਤਾਂ ਕੰਮ ਸ਼ੱਮ ਸਮਝਾ ਰਿਹਾ ਸੀ।''
''ਸਰਦਾਰ ਜੀ, ਇਹ ਕੰਮ ਸ਼ੱਮ ਤਾਂ ਮੈਨੂੰ ਤੁਹਾਡੀਆਂ ਅੱਖਾਂ ਵਿਚ ਈ ਦੱਸੇਂਦਾ ਸੂ।''
''ਏਦਾਂ ਦਾ ਕੁਸ਼ ਨਹੀਂ ਫਰੀਦਾ, ਮਾਈ ਡਾਰਲਿੰਗ! ਤੂੰ ਇਹ ਦੱਸ ਤੇਰਾ ਮੀਆਂ ਏਨੀ ਡਰਾਈਵਿੰਗ ਕਰਕੇ ਥੱਕ ਤਾਂ ਨਹੀਂ ਜਾਂਦਾ ?''
''ਸਰਦਾਰ ਜੀ, ਸੱਚ ਦੱਸਾਂ, ਉਹ ਚੰਦਰਾ ਮੈਨੂੰ ਗਾਲ੍ਹੀ ਬਹੁਤ ਦੇ ਸੀ, ਜੇ ਮੈਂ ਖੁਸ਼ ਹੋ ਸਾਂ ਤਾਂ ਕਹਿੰਦਾ ਊ ਕਿ ਕਿਹੜੇ ਯਾਰ ਨੂੰ ਮਿਲ ਕੇ ਆਈ ਵਾਂ ਜੇ ਉਦਾਸ ਹੋਵਾਂ ਤੇ ਕਹਿੰਦਾ ਕਿ ਕਿਹੜੇ ਯਾਰ ਦੀ ਯਾਦ ਆਈ ਹੋਸੀ।''
''ਤੂੰ ਮੇਰਾ ਨਾਂ ਲੈ ਦਿਆ ਕਰ।''
''ਇਕ ਦਿਨ ਸੱਚਮੁੱਚ ਹੀ ਲੈ ਦੇ ਸਾਂ, ਦੱਸ ਛੱਡਾਂ ਕਿ ਆਪਣੇ ਸੁਹਣੇ ਸਰਦਾਰ ਨੂੰ ਮਿਲ ਕੇ ਆਈ ਵਾਂ।''
''ਫੇਰ ਤਾਂ ਮੇਰਾ ਦੁਸ਼ਮਣ ਬਣ ਜਾਊ।''
''ਦੁਸ਼ਮਣ ਤਾਂ ਹੁਣ ਵੀ ਬਣ ਜਾ'ਸੀ।''
''ਉਹ ਕਿੱਦਾਂ ?''

ਚਾਲੀ

ਸ਼ਨਿਚਰਵਾਰ ਦਾ ਦਿਨ ਹੈ। ਮਨਦੀਪ ਦੋਨਾਂ ਮੁੰਡਿਆਂ ਨੂੰ ਲੈ ਕੇ ਆਪਣੀ ਮੰਮੀ ਦੇ ਘਰ ਚਲੇ ਜਾਂਦੀ ਹੈ। ਜਗਮੋਹਣ ਟੈਲੀ ਮੂਹਰੇ ਬੈਠਾ ਬੋਰ ਹੋਇਆ ਪਿਆ ਹੈ। ਉਹ ਗਰੇਵਾਲ ਨੂੰ ਫੋਨ ਕਰਦਾ ਹੈ। ਗਰੇਵਾਲ ਦਾ ਕੁਝ ਪਤਾ ਨਹੀਂ ਚੱਲਦਾ ਕਿ ਕਿਹੜੇ ਵੇਲੇ ਉਸ ਨੇ ਕਿਧਰੇ ਟਿੱਭ੍ਹ ਜਾਣਾ ਹੁੰਦਾ ਹੈ। ਜਗਮੋਹਣ ਕੱਲ੍ਹ ਲੇਡੀ ਮਾਰਗਰੇਟ ਰੋਡ ਉਪਰ ਹੋਈ ਨਸਲਵਾਦੀ ਘਟਨਾ ਕਰਕੇ ਦੁਖੀ ਹੈ। ਉਸ ਬਾਰੇ ਹੀ ਸੋਚਦਾ ਜਾ ਰਿਹਾ ਹੈ। ਇਕ ਏਸ਼ੀਅਨ ਆਪਣੇ ਪਰਿਵਾਰ ਨਾਲ ਕਾਰ ਵਿਚ ਜਾ ਰਿਹਾ ਸੀ। ਪਿੱਛਿਉਂ ਕੋਈ ਗੋਰਾ ਮੁੰਡਾ ਓਵਰ-ਟੇਕ ਕਰਨ ਦੀ ਕੋਸ਼ਿਸ਼ ਵਿਚ ਸੀ ਤੇ ਇਵੇਂ ਨਾ ਕਰ ਸਕਣ ਕਰਕੇ ਗੋਰਾ ਮੁੰਡਾ ਔਖਾ ਹੋ ਰਿਹਾ ਸੀ। ਲਾਈਟਾਂ ਉਪਰ ਆ ਕੇ ਕਾਰ ਖੜੀ ਹੋਈ। ਗੋਰਾ ਏਸ਼ੀਅਨ ਨੂੰ ਗਾਲ੍ਹਾਂ ਕੱਢਣ ਲੱਗਿਆ। ਏਸ਼ੀਅਨ ਵੀ ਮੂਹਰਿਉਂ ਗਰਮ ਸੀ। ਗੱਲ ਵਧੀ। ਦੋਹਾਂ ਨੇ ਹੀ ਕੋਲ ਪਈਆਂ ਇੱਟਾਂ ਚੁੱਕ ਲਈਆਂ। ਜਿਹੜੀ ਇੱਟ ਗੋਰੇ ਨੇ ਏਸ਼ੀਅਨ ਦੇ ਮਾਰੀ ਉਹ ਉਸ ਦੇ ਨਾ ਲੱਗੀ ਪਰ ਜਿਹੜੀ ਏਸ਼ੀਅਨ ਨੇ ਗੋਰੇ ਦੇ ਮਾਰੀ ਉਹ ਗੋਰੇ ਦੇ ਸਿਰ ਵਿਚ ਲੱਗ ਗਈ ਤੇ ਉਹ ਥਾਵੇਂ ਹੀ ਮਰ ਗਿਆ। ਜਗਮੋਹਣ ਨੂੰ ਇਹ ਘਟਨਾ ਤੰਗ ਕਰਦੀ ਜਾ ਰਹੀ ਹੈ। ਉਹ ਕਿਸੇ ਨਾਲ ਸਾਂਝੀ ਕਰਨੀ ਚਾਹੁੰਦਾ ।

ਕੁਝ ਇਕ ਵਾਰ ਫੋਨ ਕਰਨ ਤੇ ਗਰੇਵਾਲ ਘਰ ਮਿਲ ਜਾਂਦਾ ਹੈ। ਉਹ ਜਗਮੋਹਣ ਨੂੰ ਆਪਣੇ ਵੱਲ ਆਉਣ ਲਈ ਆਖਦਾ ਹੈ। ਜਗਮੋਹਣ ਉਸ ਦੇ ਘਰ ਪਹੁੰਚਦਾ ਪੁੱਛਦਾ ਹੈ। ਦੋਵੇਂ ਸਿਗਰਟਾਂ ਸੁਲਘਾ ਲੈਂਦੇ ਹਨ। ਜਗਮੋਹਨ ਕਹਿੰਦਾ ਹੈ,

''ਆਹ ਮੈਂ ਨਾਲ ਦੇ ਘਰ ਗੋਰਾ ਬੁੱਢਾ ਵੜਦਾ ਦੇਖਿਐ, ਰਹਿੰਦੈ ?''

''ਹਾਂ, ਪਾਰਕ ਦੇ ਨੇੜੇ ਨੇੜੇ ਦੇ ਘਰਾਂ ਵਿਚੋਂ ਕਈ ਘਰ ਗੋਰਿਆਂ ਦੇ ਆ।''

''ਮੈਂ ਤਾਂ ਕਿਹਾ ਕਿ ਗੋਰੇ ਸਾਰੇ ਸਾਊਥਾਲ ਵਿਚੋਂ ਚਲੇ ਗਏ।''

''ਨਹੀਂ ਕੁਝ ਕੁ ਪੌਕਟਾਂ ਜਿਹੀਆਂ ਹੈਗੀਆਂ ਇਹਨਾਂ ਦੇ ਘਰਾਂ ਦੀਆਂ, ਅਸਲ ਵਿਚ ਇਹਨਾਂ ਕੋਲ ਕੌਂਸਲ ਦੇ ਘਰ ਆ ਤੇ ਕੌਂਸਲ ਦੇ ਘਰ ਸਹਿਜੇ ਕੀਤੇ ਬਦਲੇ ਨਹੀਂ ਜਾ ਸਕਦੇ, ਬਹੁਤ ਲੰਮਾ ਪਰੋਸੀਜਰ ਐ।''

''ਨਹੀਂ ਤਾਂ ਸਾਡੇ ਲੋਕਾਂ ਨੇ ਮਿਰਚਾਂ ਦੇ ਤੁੜਕੇ ਲਾ ਲਾ ਕੇ ਗੋਰੇ ਸਾਊਥਾਲ ਵਿਚੋਂ ਕੱਢ ਮਾਰੇ ਆ।''

ਉਹ ਦੋਵੇਂ ਹੱਸਦੇ ਹਨ। ਗਰੇਵਾਲ ਆਖਣ ਲਗਦਾ ਹੈ,

''ਪਰਾਈਵੇਟ ਘਰ ਹੁੰਦੇ ਤਾਂ ਕਦੋਂ ਦੇ ਵੇਚ ਚੁੱਕੇ ਹੁੰਦੇ ਪਰ ਇਹ ਕੌਂਸਲ ਦੇ ਤੇ ਥੋੜੇ ਕੀਤੇ ਟਰਾਂਸਫਰ ਨਹੀਂ ਹੁੰਦੇ।''

ਇਹ ਗੱਲ ਆਮ ਜਿਹੀ ਪ੍ਰਚੱਲਤ ਹੈ ਕਿ ਜੇ ਕਿਸੇ ਨੇ ਗਵਾਂਢੀ ਗੋਰੇ ਦਾ ਘਰ ਖਰੀਦਣਾ ਹੋਵੇ ਜਾਂ ਵੈਸੇ ਹੀ ਗੋਰੇ ਗਵਾਂਢੀ ਤੋਂ ਤੰਗ ਹੋਵੇ ਤਾਂ ਮਿਰਚਾਂ ਦਾ ਤੁੜਕਾ ਲਗਾ ਕੇ ਧੂੰਆਂ ਗੋਰਿਆਂ ਦੇ ਘਰ ਵੱਲ ਨੂੰ ਛੱਡ ਦਿਓ ਅਗਲਾ ਦਿਨਾਂ ਵਿਚ ਹੀ ਦੌੜ ਜਾਵੇਗਾ।

ਜਗਮੋਹਣ ਗਰੇਵਾਲ ਨਾਲ ਕੱਲ੍ਹ ਵਾਲੀ ਘਟਨਾ ਸਾਂਝੀ ਕਰਕੇ ਅਫਸੋਸ ਦਾ ਇਜ਼ਹਾਰ ਕਰਦਾ ਹੈ। ਗਰੇਵਾਲ ਕਹਿੰਦਾ ਹੈ,

''ਇਹ ਕਿਹੜਾ ਪਹਿਲਾ ਕਤਲ ਐ।''

ਗਰੇਵਾਲ ਨੂੰ ਨਸਲਵਾਦ ਕਾਰਨ ਹੋਏ ਕਤਲਾਂ ਦੀ ਪੂਰੀ ਤਫਸੀਲ ਚੇਤਾ ਰਹਿੰਦਾ ਹੈ। ਉਹ ਫਿਰ ਆਖਦਾ ਹੈ,

''ਹਾਂ, ਆਪਣੀ ਕਿਸਮ ਦਾ ਇਹ ਪਹਿਲਾ ਕਤਲ ਐ, ਐਤਕੀਂ ਏਸ਼ੀਅਨ ਗੋਰੇ ਨੂੰ ਮਾਰ ਗਿਐ ਉਹ ਵੀ ਬਾਈ ਚਾਂਸ। ਏਸ਼ੀਅਨ ਦੀ ਤਾਂ ਏਨੀ ਹਿੰਮਤ ਵੀ ਨਹੀਂ ਹੁੰਦੀ ਕਿ ਗੋਰੇ ਦਾ ਮੁਕਾਬਲਾ ਕਰੇ।''

''ਇਹਨੇ ਹਿੰਮਤ ਕਰ ਲਈ ਕਿ ਉਹ ਤਾਂ ਸਾਊਥਾਲ ਵਿਚ ਐ ਤੇ ਸਾਊਥਾਲ ਉਸ ਦਾ ਆਪਣਾ ਸ਼ਹਿਰ ਐ।''

''ਠੀਕ ਐ ਪਰ ਹੁਣ ਡਰ ਐ ਕਿ ਪੁਲਿਸ ਇਹਨੂੰ ਰੇਸ਼ੀਅਲ ਮਰਡਰ ਦੀ ਹਵਾ ਦੇ ਕੇ ਕੋਈ ਦੰਗਾ ਨਾ ਕਰਾ ਦੇਵੇ।''

''ਏਧਰ ਤਾਂ ਸ਼ਾਇਦ ਨਾ ਹੋਵੇ ਪਰ ਲੰਡਨ ਵੱਲ ਆਪਣੇ ਲੋਕਾਂ ਨੂੰ ਜ਼ਰਾ ਧਿਆਨ ਰੱਖਣਾ ਪਵੇਗਾ।''

ਕੁਝ ਦੇਰ ਅਜਿਹੀਆਂ ਗੱਲਾਂ ਕਰਕੇ ਉਹ ਆਪਣੀਆਂ ਹੋਰ ਗੱਲਾਂ ਕਰਨ ਲੱਗਦੇ ਹਨ। ਕਈ ਹਫਤਿਆਂ ਬਾਅਦ ਮਿਲੇ ਹੋਣ ਕਰਕੇ ਬਹੁਤ ਸਾਰੀਆਂ ਗੱਲਾਂ ਹਨ ਕਰਨ ਵਾਲੀਆਂ। ਜਗਮੋਹਣ ਮਨਿੰਦਰ ਨੂੰ ਦੇਖ ਕੇ ਮਨ ਵਿਚ ਪੈਦਾ ਹੋਈਆਂ ਲਹਿਰਾਂ ਬਾਰੇ ਦੱਸਦਾ ਹੈ। ਗਰੇਵਾਲ ਉਸ ਨੂੰ ਪਰਮਿੰਦਰ ਕੌਰ ਦੇ ਨਿਰੰਤਰ ਆ ਰਹੇ ਫੋਨਾਂ ਬਾਰੇ ਗੱਲ ਕਰਦਾ ਹੈ। ਜਗਮੋਹਣ ਆਖਦਾ ਹੈ,

''ਸਰ ਜੀ, ਤੁਹਾਨੂੰ ਉਹ ਦਿਲਾਂ ਦਾ ਜਾਨੀ ਬਣਾਈ ਬੈਠੀ ਐ ਤੁਸੀਂ ਮੰਨੋ ਜਾਂ ਨਾ ਮੰਨੋ।''

''ਦਿਲਾਂ ਦਾ ਜਾਨੀ ਚਾਹੇ ਨਾ ਬਣਾਵੇ ਪਰ ਰਾਜ਼ਦਾਰ ਜ਼ਰੂਰ ਬਣਾ ਲੈਂਦੀ ਐ, ਦਿਲ ਦੀਆਂ ਕਈ ਗੱਲਾਂ ਕਰ ਲਿਆ ਕਰਦੀ ਐ। ਪਹਿਲਾਂ ਉਹਦਾ ਪਹਿਲਾ ਹਸਬੈਂਡ ਦਿੱਲੀ ਦੇ ਦੰਗਿਆਂ ਵਿਚ ਮਾਰਿਆ ਗਿਆ ਤਾਂ ਮੇਰੇ ਤੱਕ ਪਹੁੰਚ ਕੀਤੀ ਕਿ ਪੱਕੀ ਕਰਾ ਦੇਵਾਂ, ਪਹਿਲਾਂ ਵੀ ਇਧਰ ਦਾ ਚੱਕਰ ਮਾਰ ਗਈ ਸੀ, ਹੁਣ ਇਸ ਦਾ ਇਹ ਹਸਬੈਂਡ ਮਰ ਗਿਆ ਤਾਂ ਫੇਰ ਮੇਰੇ ਤੱਕ ਪਹੁੰਚ ਕਰ ਰਹੀ ਐ।''

''ਰੋਣ ਲਈ ਮੋਢਾ ਲੱਭਦੀ ਹੋਵੇਗੀ।''

''ਰੋਂਦੀ ਕਿਥੋਂ ਐ ਉਹ, ਗਿਆਨੀ ਤਾਂ ਪਹਿਲਾਂ ਹੀ ਬੁੱਢਾ ਸੀ, ਪਤਾ ਈ ਸੀ ਕਿ ਬਹੁਤੀ ਦੇਰ ਨਹੀਂ ਕਢਣ ਵਾਲਾ, ਇਕ ਗੱਲ ਹੋ ਸਕਦੀ ਐ ਕਿ ਇਹ ਜਵਾਨ ਸੀ ਤੇ ਗਿਆਨੀ ਵਿਚਾਰੇ ਦਾ ਬੁਰਾ ਹਾਲ ਕਰ ਦਿੰਦੀ ਹੋਏਗੀ, ਸ਼ਾਇਦ ਜਲਦੀ ਮੌਤ ਲਿਆਉਣ ਵਿਚ ਵੀ ਸਹਾਈ ਹੋਈ ਹੋਵੇ।''

''ਇਹ ਤਾਂ ਗਿਆਨੀ ਨੂੰ ਪਤਾ ਹੋਣਾ ਚਾਹੀਦਾ ਸੀ।''

''ਸਾਹਮਣੇ ਸੋਹਣੀ ਤੀਵੀਂ ਹੋਵੇ ਤਾਂ ਅਕਲ ਤੇ ਪਰਦਾ ਪੈ ਹੀ ਜਾਂਦੈ, ਜਿਸ ਗੱਲ ਦਾ ਇਸ ਨੂੰ ਦੁੱਖ ਐ ਉਹ ਐ ਕਿ ਗਿਆਨੀ ਜਾਂਦਾ ਹੋਇਆ ਕੁਸ਼ ਨਹੀਂ ਛੱਡ ਕੇ ਗਿਆ।''

''ਇਹ ਤਾਂ ਬਹੁਤ ਬੁਰਾ ਹੋਇਆ ਵਿਚਾਰੀ ਨਾਲ, ਕਿਥੇ ਉਹਦੀ ਨਜ਼ਰ ਗਰੇਵਾਲ ਇੰਪੋਰੀਅਮ ਉਪਰ ਸੀ ਤੇ ਕਿਥੇ ਇਹ ਗਿਆਨੀ ਮਿਲ ਗਿਆ ਭੁੱਖ ਨੰਗ ਨਾਲ ਘੁਲਦਾ।''

''ਹੁਣ ਉਹਦੀ ਅੱਖ ਇਕ ਅਮੀਰ ਆਦਮੀ ਉਪਰ ਐ, ਕੌਂਸਲਰ ਐ ਈਸਟ ਲੰਡਨ ਵਿਚ, ਤੀਵੀਂ ਛੱਡ ਗਈ, ਇਹ ਉਹਨੂੰ ਕੰਫਰਟ ਕਰਨ ਜਾਂਦੀ ਐ।''

''ਚਲੋ ਤੁਹਾਡੇ ਪਿੱਛੇ ਤਾਂ ਨਹੀਂ ਪੈਂਦੀ ਹੁਣ।''

ਕਹਿ ਕੇ ਜਗਮੋਹਣ ਹੱਸਦਾ ਹੈ। ਫਿਰ ਦੋਵੇਂ ਸਾਊਥਾਲ ਦੀ ਸਿਆਸਤ ਦੀਆਂ ਗੱਲਾਂ ਕਰਨ ਲੱਗਦੇ ਹਨ। ਦੁਪਹਿਰ ਦੇ ਖਾਣੇ ਲਈ ਇਕ ਰੈਸਟੋਰੈਂਟ ਵਿਚ ਚਲੇ ਜਾਂਦੇ ਹਨ। ਖਾਣਾ ਖਾ ਕੇ ਸਪਾਈਕਸ ਪਾਰਕ ਵਿਚ ਘੁੰਮਣ ਲੱਗਦੇ ਹਨ। ਪਾਰਕ ਖਾਲੀ ਜਿਹਾ ਹੀ ਹੈ। ਮੌਸਮ ਠੰਡਾ ਜਿਹਾ ਹੈ ਭਾਵੇਂ ਕਿ ਧੁੱਪ ਹੈ। ਪੀਂਘਾਂ ਉਪਰ ਤਿੰਨ ਬੱਚੇ ਝੂਟੇ ਲੈ ਰਹੇ ਹਨ। ਏਸ਼ੀਅਨ ਬੱਚੇ ਹਨ। ਗਰੇਵਾਲ ਬਹੁਤ ਨੀਝ ਨਾਲ ਉਨ੍ਹਾਂ ਵੱਲ ਦੇਖ ਰਿਹਾ ਹੈ। ਜਗਮੋਹਣ ਪੁੱਛਦਾ ਹੈ,

''ਸਰ ਜੀ, ਕਦੇ ਨਿਆਣਿਆਂ ਨੂੰ ਮਿਸ ਵੀ ਕਰਦੇ ਓ ?''

''ਜਦ ਮੇਰੇ ਨਿਆਣੇ ਹੈ ਹੀ ਨਹੀਂ ਤਾਂ ਮਿਸ ਕੀ ਕਰਨਾ।''

''ਇੱਦਾਂ ਤਾਂ ਲੱਗਦਾ ਈ ਹੋਊ ਕਿ ਹੁੰਦੇ !''

''ਨਹੀਂ, ਲੱਗਦਾ ਨਹੀਂ, ਮੈਨੂੰ ਪਤੈ ਕਿ ਮੇਰੀ ਲਾਈਫ ਜੁਆਕਾਂ ਵਾਲਿਆਂ ਨਾਲੋਂ ਚੰਗੀ ਐ।''

''ਫੇਰ ਕੀ ਮਹਿਸੂਸ ਕਰਦੇ ਓ ਇਕੱਲੇ ਰਹਿ ਕੇ ?''

''ਬਹੁਤ ਖੁਸ਼, ਰਿਲੈਕਸ, ਇਕੱਲਤਾ ਦਾ ਵੀ ਆਪਣਾ ਰਸ ਹੁੰਦੈ।''

ਆਖਦਾ ਗਰੇਵਾਲ ਚੁੱਪ ਕਰ ਜਾਂਦਾ ਹੈ। ਕੁਝ ਕਦਮ ਤੁਰ ਕੇ ਉਹ ਫਿਰ ਬੋਲਦਾ ਹੈ,

''ਕਦੇ ਕਦੇ ਕੰਮ ਤੋਂ ਮੁੜ ਸੈਟੀ ਉਪਰ ਬੈਠਾ ਹੋਵਾਂ ਤਾਂ ਦਿਲ ਕਰਨ ਲੱਗਦੈ ਕਿ ਹੁਣ ਕੋਈ ਚਾਹ ਲਿਆ ਦੇਵੇ।''

''ਫੇਰ....?''

''ਫੇਰ ਕੀ, ਮੈਂ ਚਾਹ ਪੀਣ ਦੀ ਆਦਤ ਈ ਛੱਡ ਦਿੱਤੀ।''

ਕਹਿੰਦਾ ਗਰੇਵਾਲ ਠਹਾਕਾ ਮਾਰ ਕੇ ਹੱਸਦਾ ਹੈ। ਜਗਮੋਹਣ ਵੀ ਉਸ ਦਾ ਸਾਥ ਦਿੰਦਾ ਹੱਸਣ ਲਗਦਾ ਹੈ।

ਪੀਂਘਾਂ ਵੱਲ ਨੂੰ ਗੋਰਿਆਂ ਦੇ ਦੋ ਬੱਚੇ ਜਾਂਦੇ ਹਨ। ਉਹ ਏਸ਼ੀਅਨ ਬੱਚਿਆਂ ਨੂੰ ਗਾਲ੍ਹਾਂ ਕੱਢਣ ਲੱਗਦੇ ਹਨ। ਇਕ ਕਹਿੰਦਾ ਹੈ,

''ਯੂ ਪਾਕੀ ਸ਼ਿੱਟ, ਪੀਂਘਾਂ ਖਾਲੀ ਕਰੋ।''

ਤਿੰਨੋਂ ਏਸ਼ੀਅਨ ਬੱਚੇ ਪੀਂਘਾਂ ਤੋਂ ਉਤਰ ਕੇ ਭੱਜ ਜਾਂਦੇ ਹਨ। ਗਰੇਵਾਲ ਉਦਾਸ ਨਜ਼ਰਾਂ ਨਾਲ ਜਗਮੋਹਣ ਵੱਲ ਦੇਖਦਾ ਹੈ। ਜਗਮੋਹਣ ਕੁਝ ਨਹੀਂ ਬੋਲ ਸਕਦਾ। ਭੱਜੇ ਜਾਂਦੇ ਬੱਚੇ ਉਨ੍ਹਾਂ ਦੇ ਕੋਲ ਦੀ ਲੰਘਦੇ ਹਨ। ਜਗਮੋਹਣ ਉਨ੍ਹਾਂ ਨੂੰ ਆਵਾਜ਼ ਦਿੰਦਾ ਪੁੱਛਦਾ ਹੈ,

''ਉਨ੍ਹਾਂ ਦੇ ਕਹਿਣ 'ਤੇ ਤੁਸੀਂ ਸਵਿੰਗ ਤੋਂ ਕਿਉਂ ਉਤਰੇ ?''

ਤਿੰਨੋਂ ਬੱਚੇ ਇਕ ਦੂਜੇ ਵੱਲ ਦੇਖਣ ਲੱਗਦੇ ਹਨ। ਫਿਰ ਇਕ ਆਖਦਾ ਹੈ,

''ਅਸੀਂ ਬਹੁਤ ਦੇਰ ਦੇ ਜਿਉਂ ਆਏ ਹੋਏ ਆਂ।''

''ਤੁਸੀਂ ਉਨ੍ਹਾਂ ਗੋਰਿਆਂ ਤੋਂ ਡਰੇ ਕਿਉਂ ? ਆਓ ਮੇਰੇ ਨਾਲ ਮੈਂ ਵਾਪਸ ਸਵਿੰਗ ਦਵਾਉਨਾਂ।''

''ਨਹੀਂ ਨਹੀਂ ਅੰਕਲ, ਅਸੀਂ ਜਲਦੀ ਘਰ ਜਾਣਾ ਮੰਗਦੇ ਆਂ।''

ਉਨ੍ਹਾਂ ਵਿਚੋਂ ਇਕ ਆਖਦਾ ਹੈ ਤੇ ਉਹ ਚਲੇ ਜਾਂਦੇ ਹਨ।

ਉਹ ਦੋਵੇ ਉਥੇ ਇਕ ਬੈਂਚ 'ਤੇ ਬੈਠ ਘੰਟਾ ਭਰ ਨਸਲਵਾਦ ਦੇ ਡੰਗ ਬਾਰੇ ਗੱਲਾਂ ਕਰਦੇ ਜਾਂਦੇ ਹਨ।

ਇਕ ਦਿਨ ਗਰੇਵਾਲ ਜਗਮੋਹਣ ਨੂੰ ਫੋਨ ਕਰਦਾ ਹੈ,

''ਅੱਜ ਸ਼ਾਮ ਨੂੰ ਕੀ ਕਰ ਰਿਹੈਂ ?''

''ਬੱਚਿਆਂ ਨੂੰ ਸਵਿਮਿੰਗ ਲਈ ਲੈ ਕੇ ਜਾਣਾ।''

''ਸਵਿਮਿੰਗ ਪੂਲ ਤੋਂ ਕੋਈ ਹੋਰ ਸੋਚਣ ਦੀ ਬਿਮਾਰੀ ਸਹੇੜ ਕੇ ਮੁੜੇਂਗਾ, ਚੱਲ ਤੈਨੂੰ ਇਕ ਫੰਕਸ਼ਨ 'ਤੇ ਲੈ ਚੱਲਾਂ।''

''ਕਿਥੇ ਸਰ ਜੀ ? ਕੋਈ ਰੰਗੀਨ ਫੰਕਸ਼ਨ ਐ ?''

''ਨਹੀਂ, ਬਿਜ਼ਨਸ ਕੁਮਿਨਟੀ ਦਾ ਐ, ਮੈਨੂੰ ਸੱਦਾ ਆਇਆ ਸਪੈਸ਼ਲ, ਕੋਈ ਮਨਿਸਟਰ ਇੰਡੀਆ ਤੋਂ ਆਇਆ ਹੋਇਐ।''

''ਤੁਹਾਨੂੰ ਇਹ ਸੱਦਾ ਕਿੱਦਾਂ ਆ ਗਿਆ?''

''ਮੈਂ ਇਹਨਾਂ ਦਾ ਪੁਰਾਣਾ ਮੈਂਬਰ ਜਿਉਂ ਹੋਇਆ।''

''ਦੇਖ ਲਓ ਸਰ ਜੀ, ਕਹੋਂ ਤਾਂ ਚਲੇ ਚੱਲਦੇ ਆਂ।''

''ਹਾਂ, ਮੇਰਾ ਇਕੱਲੇ ਦਾ ਜਾਣ ਦਾ ਮਨ ਨਹੀਂ, ਰੈਡੀ ਹੋ ਕੇ ਛੇ ਵਜੇ ਆ ਜਾਵੀਂ।''

ਜਗਮੋਹਣ ਉਸ ਕੋਲ ਪੁੱਜਦਾ ਪੁੱਜਦਾ ਲੇਟ ਹੋ ਜਾਂਦਾ ਹੈ। ਫੰਕਸ਼ਨ ਵਿਚ ਛੇ ਦੀ ਬਜਾਏ ਸੱਤ ਵਜੇ ਪੁੱਜਦੇ ਹਨ। ਇਕ ਸੂਟਿਡ ਬੂਟਿਡ ਬੰਦਾ ਭਾਸ਼ਨ ਦੇ ਰਿਹਾ ਹੈ। ਉਹ ਦੋਵੇਂ ਬੈਠ ਕੇ ਸੁਣਨ ਲੱਗਦੇ ਹਨ। ਬੁਲਾਰਾ ਕਹਿ ਰਿਹਾ ਹੈ,

''ਅਸੀਂ ਇਸ ਮੁਲਕ ਦਾ ਹੁਣ ਇਕ ਅਹਿਮ ਹਿੱਸਾ ਹਾਂ। ਅਸੀਂ ਇੰਗਲੈਂਡ ਦੀ ਇਕੌਨਮੀ ਨੂੰ ਜੱਫੀ ਮਾਰਨ ਦੀ ਤਿਆਰੀ ਵਿਚ ਹਾਂ। ਅਸੀਂ ਹਿੰਮਤ ਕਰਕੇ ਨਸਲਵਾਦ ਖਤਮ ਕੀਤਾ ਹੈ। ਹੁਣ ਕਿਸੇ ਗੋਰੇ ਦੀ ਹਿੰਮਤ ਨਹੀਂ ਪੈਂਦੀ ਕਿ ਸਾਡੀ ਹਵਾ ਵਲ ਵੀ ਦੇਖ ਜਾਵੇ।''

ਗਰੇਵਾਲ ਜਗਮੋਹਣ ਦੇ ਕੰਨ ਵਿਚ ਕਹਿੰਦਾ ਹੈ,

''ਇਹ ਬੰਦਾ ਬਕਵਾਸ ਕਰ ਰਿਹੈ ਕਿ ਨਸਲਵਾਦ ਖਤਮ ਕਰ ਦਿੱਤੈ।''

''ਤੁਸੀਂ ਕੁਸ਼ ਬੋਲਣਾ ਚਾਹੋ ਤਾਂ ਮੈਂ ਟਾਈਮ ਲੈ ਲੈਨਾ, ਸਟੇਜ ਸੈਕਟਰੀ ਸੋਹਣਪਾਲ ਈ ਲੱਗਦੈ, ਸਟੇਜ ਉਪਰ ਪੈਨ ਪੇਪਰ ਜਿਉਂ ਲੈ ਕੇ ਬੈਠਾ।''

''ਹਾਂ ਯਾਰ ਪੁੱਛ ਲੈ, ਮੈਂ ਵੀ ਆਪਣੀ ਕੁਮਿਨਟੀ ਨੂੰ ਕਦੇ ਐਡਰਸ ਨਹੀਂ ਕੀਤਾ ਗੁਰਦਵਾਰੇ ਤੋਂ ਬਿਨਾਂ।''

ਜਗਮੋਹਣ ਉਠ ਕੇ ਜਾਂਦਾ ਹੈ ਤੇ ਸੋਹਣਪਾਲ ਕੋਲ ਗਰੇਵਾਲ ਦਾ ਨਾਂ ਲਿਖਵਾ ਆਉਂਦਾ ਹੈ। ਇਕ ਦੋ ਬੁਲਾਰਿਆਂ ਤੋਂ ਬਾਅਦ ਸੋਹਣਪਾਲ ਗਰੇਵਾਲ ਦਾ ਨਾਂ ਬੁਲਾਰੇ ਦੇ ਤੌਰ 'ਤੇ ਲੈ ਦਿੰਦਾ ਹੈ ਤੇ ਸਟੇਜ 'ਤੇ ਆਉਣ ਲਈ ਕਹਿੰਦਾ ਹੈ,

''ਗਰੇਵਾਲ ਜੀ ਨੂੰ ਸਾਊਥਾਲ ਵਿਚ ਕੌਣ ਨਹੀਂ ਜਾਣਦਾ, ਇਹ ਗਰੇਵਾਲ ਇੰਪੋਰੀਅਮ ਦੇ ਬਾਨੀ ਹਨ, ਈਲਿੰਗ ਕਾਲਜ ਵਿਚ ਸਾਇਕੌਲਜੀ ਦੇ ਪ੍ਰੋਫੈਸਰ ਹਨ ਤੇ ਲੋਕਲ ਮਸਲਿਆਂ ਬਾਰੇ ਬਹੁਤ ਨਿੱਗਰ ਸਮਝ ਰੱਖਦੇ ਹਨ।''

ਜਗਮੋਹਣ ਨੇ ਤਾੜੀ ਵਜਾਉਂਦਾ ਹੈ ਤੇ ਹਾਜ਼ਰ ਲੋਕ ਵੀ ਉਸ ਦਾ ਸਾਥ ਦੇਣ ਲੱਗਦੇ ਹਨ। ਗਰੇਵਾਲ ਮੰਚ ਉਪਰ ਜਾਂਦਾ ਹੈ। ਇਕ ਹੱਥ ਵਿਚ ਮਾਈਕ ਲੈਂਦਾ ਨਰਮ ਆਵਾਜ਼ ਵਿਚ ਬੋਲਣਾ ਸ਼ੁਰੂ ਕਰਦਾ ਹੈ,

''ਦੇਸੋਂ ਆਏ ਮਹਿਮਾਨ ਦੋਸਤੋ ਅਤੇ ਇਥੋਂ ਦੇ ਹਾਜ਼ਰ ਦੋਸਤੋ, ਮੈਂ ਨਹੀਂ ਸਮਝਦਾ ਕਿ ਤੁਸੀਂ ਸਾਰੇ ਮੈਨੂੰ ਜਾਣਦੇ ਹੋਵੋ। ਮੈਂ ਅਜਿਹੇ ਫੰਕਸ਼ਨਾਂ ਉਪਰ ਘੱਟ ਬੋਲਦਾ ਹਾਂ। ਕਿਸੇ ਮਸਲੇ ਬਾਰੇ ਮੇਰੇ ਵਿਚਾਰ ਕੁਝ ਦੋਸਤਾਂ ਤੱਕ ਹੀ ਮਹਿਦੂਦ ਰਹਿ ਜਾਇਆ ਕਰਦੇ ਹਨ। ਹੁਣ ਵੀ ਮੈਂ ਨਹੀਂ ਸੀ ਕੁਝ ਕਹਿ ਸਕਣਾ ਜੇਕਰ ਪਹਿਲੇ ਇਕ ਸਪੀਕਰ ਦੇ ਨਸਲਵਾਦ ਬਾਰੇ ਵਿਚਾਰ ਮੈਨੂੰ ਨਾ ਉਕਸਾਉਂਦੇ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਨਸਲਵਾਦ ਖਤਮ ਕਰ ਦਿੱਤਾ ਹੈ ਜਾਂ ਨਸਲਵਾਦ ਖਤਮ ਹੋ ਗਿਆ ਹੈ। ਮੈਂ ਨਹੀਂ ਚਾਹੁੰਦਾ ਕਿ ਸਾਡੇ ਮਹਿਮਾਨ ਕੋਈ ਗਲਤ ਰਾਏ ਬਣਾ ਕੇ ਇਥੋਂ ਜਾਣ, ਇਸੇ ਲਈ ਕੁਝ ਵਿਚਾਰ ਸਾਂਝੇ ਕਰ ਰਿਹਾਂ। ਨਸਲਵਾਦ ਹਾਲੇ ਖਤਮ ਨਹੀਂ ਹੋਇਆ। ਉਵੇਂ ਦਾ ਉਵੇਂ ਹੀ ਹੈ। ਹਾਲੇ ਪਿੱਛੇ ਜਿਹੇ ਹੀ ਸਾਊਥਾਲ ਦੇ ਐਨ ਵਿਚਕਾਰ ਨਸਲਵਾਦੀ ਘਟਨਾ ਵਾਪਰੀ ਹੈ, ਕਤਲ ਹੋਇਆ ਹੈ ਭਾਵੇਂ ਇਸ ਵਾਰ ਗਲਤੀ ਨਾਲ ਗੋਰਾ ਮਾਰਿਆ ਗਿਆ ਹੈ ਪਰ ਇਹ ਗੋਰੇ ਵਲੋਂ ਸਾਡੇ ਬੰਦੇ ਉਪਰ ਨਸਲਵਾਦੀ ਹਮਲਾ ਸੀ, ਪਿਛਲੇ ਹਫਤੇ ਹੀ ਵੇਲਜ਼ ਵਿਚ ਸੁੰਦਰ ਸਿੰਘ ਕੁਲਾਰ ਨਾਂ ਦੇ ਬਜ਼ੁਰਗ ਨੂੰ ਵੀ ਗੋਰਿਆਂ ਨੇ ਕਤਲ ਕਰ ਦਿੱਤਾ ਹੈ ਜਿਸ ਦੀ ਖਬਰ ਮੇਨ ਸਟਰੀਮ ਦੀਆਂ ਅਖਬਾਰਾਂ ਨੇ ਵੀ ਲਾਈ ਸੀ। ਅਕਤੂਬਰ ਵਿਚ ਜਿਹੜਾ ਕਤਲ ਹਸਪਤਾਲ ਸਾਹਮਣੇ ਹੋਇਆ ਸੀ ਉਹ ਵੀ ਨਸਲਵਾਦੀ ਸੀ। ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਕਾਰ ਚਲਾਓ ਤਾਂ ਤੁਹਾਨੂੰ ਗਿਵ ਵੇਅ ਉਪਰ ਗੋਰੇ ਰਾਹ ਨਹੀਂ ਦਿੰਦੇ, ਹੋਰ ਨਸਲਵਾਦੀ ਇਸ਼ਾਰੇ ਜਾਂ ਗਾਲ੍ਹਾਂ ਤਾਂ ਆਮ ਜਿਹੀ ਗੱਲ ਹੈ, ਤੁਸੀਂ ਸਕੂਲ ਵਿਚ ਅਧਿਆਪਕ ਹੋ ਮੇਰੇ ਵਾਂਗ ਪੱਗ ਬੰਨ੍ਹਦੇ ਹੋ ਤਾਂ ਪਤਾ ਨਹੀਂ ਨਸਲਵਾਦ ਦੇ ਅਸਰ ਹੇਠ ਕੋਈ ਵਿਦਿਆਰਥੀ ਤੁਹਾਡੀ ਪੱਗ ਉਤਾਰ ਸੁੱਟੇ ਜਾਂ ਮਜ਼ਾਕ ਉਡਾਵੇ, ਹੋਰ ਵੀ ਬਹੁਤ ਕੁਝ ਹੈ ਜੇ ਬਿਆਨ ਕਰਨ ਲੱਗਾਂ ਤਾਂ ਕਈ ਘੰਟੇ ਲੱਗ ਜਾਣ। ਨਸਲਵਾਦ ਦਾ ਤਜਰਬਾ ਉਨ੍ਹਾਂ ਲੋਕਾਂ ਨੂੰ ਹੀ ਹੁੰਦਾ ਹੈ ਜਿਹੜੇ ਗੋਰਿਆਂ ਵਿਚ ਵਿਚਰਦੇ ਹਨ, ਜਿਨ੍ਹਾਂ ਦਾ ਗੋਰਿਆਂ ਨਾਲ ਵਾਹ ਪੈਂਦਾ ਹੈ। ਇਹ ਸਾਊਥਾਲ ਨੂੰ ਤਾਂ ਅਸੀਂ ਆਪਣੇ ਸੱਭਿਆਚਾਰ ਲਈ ਜਾਂ ਆਪਣੇ ਰੰਗ ਲਈ ਇਕ ਤਰ੍ਹਾਂ ਦਾ ਕਵਚ ਬਣਾ ਲਿਆ ਹੈ। ਇਥੇ ਤੱਕ ਨਸਲਵਾਦੀ ਗੋਰੇ ਪਹੁੰਚ ਨਹੀਂ ਕਰ ਸਕਦੇ। ਜੇ ਕਰਨਗੇ ਤਾਂ ਉਣਾਸੀ ਵਾਲੇ ਦੰਗੇ ਫਿਰ ਭੜਕ ਉਠਣਗੇ। ਵੈਸੇ ਵੀ ਇਸ ਸਮਾਜ ਵਿਚ ਅਸੀਂ ਇਕ ਨਵਾਂ ਆਪਣੇ ਢੰਗ ਦਾ ਸਮਾਜ ਵਸਾ ਲਿਆ ਹੈ ਜਿਹਦੇ ਕਰਕੇ ਗੋਰਿਆਂ ਨਾਲ ਸਾਡਾ ਵਾਹ ਨਹੀਂ ਪੈਂਦਾ। ਯੰਗ ਜਨਰੇਸ਼ਨ ਦੇ ਲੋਕਾਂ ਨੂੰ ਪੁੱਛੋ ਕਿ ਰਾਤ ਬਰਾਤੇ ਜਦ ਇਹ ਇਕੱਲੇ ਬਾਹਰ ਨਿਕਲਦੇ ਹਨ ਤਾਂ ਇਨ੍ਹਾਂ ਦੀ ਜਾਨ ਕੁੜੱਕੀ ਵਿਚ ਫਸੀ ਹੁੰਦੀ ਹੈ ਕਿ ਹੁਣ ਵੀ ਹਮਲਾ ਹੋਇਆ ਕਿ ਹੁਣ ਵੀ ਹੋਇਆ। ਮੇਰੇ ਦੋਸਤਾਂ ਨੂੰ ਲਗਦਾ ਹੈ ਕਿ ਨਸਲਵਾਦ ਦਾ ਮਸਲਾ ਹੱਲ ਹੋ ਗਿਆ ਹੈ ਇਹ ਇਸ ਲਈ ਜਾਪਦਾ ਹੈ ਕਿ ਇਹ ਮਸਲਾ ਹੁਣ ਘਸ ਚੁੱਕਾ ਹੈ, ਇੰਨਾ ਘਸ ਗਿਐ ਕਿ ਇਹ ਸਾਨੂੰ ਪਹਿਲਾਂ ਵਾਂਗ ਕਾਟ ਨਹੀਂ ਕਰਦਾ। ਇਸ ਨਾਲੋਂ ਹੋਰ ਮਸਲੇ ਬਹੁਤ ਵੱਡੇ ਹੋ ਗਏ ਹਨ। ਸੋ ਨਸਲਵਾਦ ਦਾ ਮਸਲਾ ਹਾਲੇ ਉਥੇ ਦਾ ਉਥੇ ਹੈ। ਜੇਕਰ ਮੈਂ ਇੰਸਟੀਚੂਸ਼ਨਲ ਰੇਸਲਿਜ਼ਮ ਬਾਰੇ ਗੱਲ ਕਰਨ ਲੱਗ ਜਾਵਾਂ ਤਾਂ ਬਹੁਤ ਟਾਈਮ ਲੱਗ ਜਾਵੇਗਾ। ਮੇਰੇ ਇਹ ਸਭ ਦੱਸਣ ਦਾ ਕਾਰਨ ਤਾਂ ਆਪਣੇ ਮਹਿਮਾਨ ਨੂੰ ਸਹੀ ਇਨਫਰਮੇਸ਼ਨ ਦੇਣਾ ਹੈ। ਵੈਸੇ ਇਕ ਗੱਲ ਹੋਰ ਦੱਸਾਂ ਕਿ ਇਹ ਨਸਲਵਾਦ ਕੋਈ ਹਊਆ ਨਹੀਂ ਹੈ ਕਿ ਇਸ ਦਾ ਮੁਕਾਬਲਾ ਨਾ ਕੀਤਾ ਜਾ ਸਕੇ। ਸਾਨੂੰ ਚਾਹੀਦਾ ਹੈ ਕਿ ਹਰ ਨਸਲਵਾਦੀ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰੀਏ। ਨਸਲਵਾਦੀ ਤੋਂ ਡਰੀਏ ਨਾ। ਇਸ ਦਾ ਇਹ ਪ੍ਰਮੁੱਖ ਹੱਲ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਗੱਲ ਪੂਰੀ ਕਰਦਾ ਹਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਤੇ ਤੁਹਾਡਾ ਸਭ ਦਾ ਵੀ ਜਿਨ੍ਹਾਂ ਮੈਨੂੰ ਸੁਣਿਆ।''

## ਇਕਤਾਲੀ

ਜਗਮੋਹਣ ਕਦੇ ਕਦਾਈਂ ਹੀ ਗੁਰਦਵਾਰੇ ਜਾਂਦਾ ਹੈ ਉਹ ਵੀ ਕਿਸੇ ਮਜਬੂਰੀਵਸ। ਕੋਈ ਵਿਆਹ ਹੋਵੇ ਜਾਂ ਰਿਸ਼ਤੇਦਾਰੀ ਵਿਚ ਭੋਗ ਆਦਿ। ਅਜ ਮਨਦੀਪ ਦੇ ਨਾਲ ਨਾਲ ਨਵਕਿਰਨ ਤੇ ਨਵਜੀਵਨ ਵੀ ਗੁਰਦਵਾਰੇ ਚੱਲਣ ਲਈ ਜ਼ੋਰ ਪਾਉਂਦੇ ਹਨ। ਸੰਗਰਾਂਦ ਦਾ ਦਿਹਾੜਾ ਹੈ। ਉਸ ਨੂੰ ਨਹੀਂ ਪਤਾ ਪਰ ਮਨਦੀਪ ਨੂੰ ਪਤਾ ਹੈ। ਮਨਦੀਪ ਦਾ ਮੰਨਣਾਂ ਹੈ ਕਿ ਸੰਗਰਾਂਦ ਵਾਲੇ ਦਿਨ ਮੱਥਾ ਟੇਕਣਾ ਜ਼ਿਆਦਾ ਸ਼ੁੱਭ ਹੁੰਦਾ ਹੈ।

ਦੋਵੇਂ ਮੁੰਡੇ ਵੀ ਹੁਣ ਗੁਰਦੁਆਰੇ ਦੇ ਪ੍ਰੇਮੀ ਬਣ ਚੁੱਕੇ ਹਨ। ਉਹਨਾਂ ਨੂੰ ਗੁਰਦਵਾਰੇ ਦੀ ਰੋਟੀ ਤੇ ਪ੍ਰਸ਼ਾਦ ਚੰਗੇ ਲਗਦੇ ਹਨ। ਨਵਕਿਰਨ ਇਕ ਦਿਨ ਪੁੱਛਦਾ ਹੈ,

''ਡੈਡ, ਤੂੰ ਸਾਡੇ ਨਾਂ ਵਿਚੋਂ ਸਿੰਘ ਕਿਉਂ ਕੱਢ ਦਿੱਤਾ ?''

ਜਗਮੋਹਣ ਨੇ ਬੱਚਿਆਂ ਦੇ ਨਾਂ ਨਾਲ ਸਿੰਘ ਨਹੀਂ ਲਗਵਾਇਆ ਹੋਇਆ। ਮੁੰਡੇ ਦੇ ਪੁੱਛਣ 'ਤੇ ਉਹ ਕਹਿੰਦਾ ਹੈ,

''ਸੋ ਵੱਟ ! ਸਿੰਘ ਲਿਖਵਾਉਣ ਜਾਂ ਨਾ ਲਿਖਵਾਉਣ ਨਾਲ ਕੀ ਫਰਕ ਪੈਂਦੈ!''

''ਪੈਂਦਾ ਕਿਉਂ ਨਹੀਂ। ਪੀਪਲ ਨੂੰ ਪਤਾ ਨਹੀਂ ਚੱਲਦਾ ਕਿ ਮੈਂ ਸਿੰਘ ਆਂ, ਉਹ ਸਮਝਦੇ ਆ ਮੈਂ ਹਿੰਦੂ ਜਾਂ ਮੁਸਲਮਾਨ ਆਂ।''

ਜਗਮੋਹਣ ਨਵਕਿਰਨ ਦੀ ਗੱਲ ਉਪਰ ਉਸ ਨੂੰ ਅਸਚਰਜ ਜਿਹਾ ਹੁੰਦਾ ਹੈ ਤੇ ਉਸ ਨੂੰ ਉਸ ਦਾ ਇਹ ਪੁੱਛਣਾ ਚੰਗਾ ਵੀ ਲੱਗਦਾ ਹੈ ਪਰ ਨਾਂ ਨਾਲ ਸਿੰਘ ਲਗਵਾਉਣ ਦਾ ਇਹ ਫਿਕਰ ਉਸ ਨੂੰ ਬੁਰਾ ਲੱਗਦਾ ਹੈ। ਉਹ ਫਿਕਰਮੰਦ ਵੀ ਹੋ ਜਾਂਦਾ ਹੈ ਕਿ ਮੁੰਡੇ ਕਿਤੇ ਮੂਲਵਾਦੀ ਜਿਹੇ ਹੀ ਨਾ ਬਣ ਜਾਣ। ਇਕ ਦਿਨ ਨਵਜੀਵਨ ਪੁੱਛਦਾ ਹੈ,

''ਡੈਡ, ਮੈਂ ਵਾਲ ਲੰਮੇ ਕਰ ਲਵਾਂ।''

''ਤੇਰੀ ਮਰਜ਼ੀ ਐ, ਪਰ ਪੱਗ ਬੰਨ੍ਹਣੀ ਪੈਣੀ ਆਂ।''

''ਤੂੰ ਮੈਨੂੰ ਟੀਚ ਕਰੇਂਗਾ ?''

''ਹਾਂ ਕਰ ਦੇਵਾਂਗਾ।''

ਪਹਿਲੀ ਨਜ਼ਰੇ ਭਾਵੇਂ ਨਵਜੀਵਨ ਦੀ ਗੱਲ ਉਸ ਨੂੰ ਬੁਰੀ ਲੱਗਦੀ ਹੈ ਪਰ ਜਦ ਉਸ ਨੇ ਆਪਣੇ ਦੋਨਾਂ ਮੁੰਡਿਆਂ ਨੂੰ ਬੰਨ੍ਹੀ ਹੋਈ ਪੱਗ ਨਾਲ ਚਿਤਵਿਆ ਤਾਂ ਉਸ ਨੂੰ ਬਹੁਤ ਚੰਗਾ ਚੰਗਾ ਮਹਿਸੂਸ ਹੁੰਦਾ ਹੈ। ਉਹ ਸੋਚਦਾ ਹੈ ਕਿ ਰੱਖਣ ਨੂੰ ਤਾਂ ਭਾਵੇਂ ਮੁੰਡੇ ਵਾਲ ਰੱਖ ਲੈਣ ਪਰ ਇਨ੍ਹਾਂ ਤੋਂ ਸੰਭਾਲੇ ਨਹੀਂ ਜਾਣੇ। ਜੇ ਤਾਂ ਹੋਸ਼ ਸੰਭਾਲਦੇ ਹੀ ਰੱਖ ਲੈਂਦੇ ਤਾਂ ਆਦਤ ਪੈ ਗਈ ਹੁੰਦੀ ਹੁਣ ਮੁਸ਼ਕਲ ਹੋ ਜਾਵੇਗੀ।

ਉਹ ਗੁਰਦੁਆਰੇ ਪੁੱਜਦੇ ਹਨ। ਬਹੁਤ ਭੀੜ ਹੈ। ਮੱਥਾ ਟੇਕਣ ਵਾਲਿਆਂ ਦੀ ਲਾਈਨ ਗੁਰਦਵਾਰੇ ਤੋਂ ਬਾਹਰ ਤਕ ਹੈ। ਘੰਟੇ ਭਰ ਦੀ ਉਡੀਕ ਜਿੰਨੀ ਲੰਮੀ ਲਾਈਨ ਹੈ। ਕਾਰ ਇਕ ਪਾਸੇ ਰੋਕ ਕੇ ਜਗਮੋਹਣ ਮਨਦੀਪ ਨੂੰ ਆਖਦਾ ਹੈ,

''ਆਪਾਂ ਮੁੜ ਨਾ ਚੱਲੀਏ, ਫੇਰ ਆ ਜਾਵਾਂਗੇ, ਕੱਲ੍ਹ ਨੂੰ ਸਹੀ।''

''ਏਹਦਾ ਕੀ ਮਤਲਬ ਹੋਇਆ ? ਗੁਰਦੁਆਰੇ ਆਏ ਆਂ ਤਾਂ ਮੱਥਾ ਟੇਕ ਕੇ ਈ ਜਾਵਾਂਗੇ।''

''ਤੇਰੀ ਮਰਜ਼ੀ, ਤੂੰ ਅੱਜ ਕੰਮ 'ਤੇ ਵੀ ਜਾਣੈ, ਮੱਥਾ ਤਾਂ ਕਦੇ ਵੀ ਟੇਕ ਹੋ ਜਾਊ, ਵਾਹਿਗੁਰੂ ਨੇ ਕਿਤੇ ਨਹੀਂ ਜਾਣਾ।''

ਜਗਮੋਹਣ ਦੇ ਕਹਿਣ 'ਤੇ ਮਨਦੀਪ ਸੋਚਣ ਲੱਗਦੀ ਹੈ ਤੇ ਫਿਰ ਘੜੀ ਦੇਖਦੀ ਹੈ ਤੇ ਦੁਚਿੱਤੀ ਵਿਚ ਪੈ ਜਾਂਦੀ ਹੈ ਤੇ ਆਖਦੀ ਹੈ,

''ਅੱਜ ਸੰਗਰਾਂਦ ਐ, ਮੱਥਾ ਟੇਕਣਾ ਵੀ ਜ਼ਰੂਰੀ ਐ।''

''ਤਾਂਹੀਓਂ!... ਠੀਕ ਐ ਆਪਾਂ ਲਾਈਨ ਵਿਚ ਜਾ ਖੜਦੇ ਆਂ, ਤੂੰ ਅੱਜ ਕੰਮ ਤੋਂ ਛੁੱਟੀ ਕਰ ਲੈ।''

ਜਗਮੋਹਣ ਕਹਿੰਦਾ ਹੈ ਤੇ ਮਨਦੀਪ ਉਸ ਵੱਲ ਬੇਚਾਰਗੀ ਨਾਲ ਦੇਖਣ ਲੱਗਦੀ ਹੈ। ਜਗਮੋਹਣ ਫਿਰ ਆਖਦਾ ਹੈ,

''ਅਸਲ ਵਿਚ ਇਸ ਭੀੜ ਵਿਚਲੇ ਲੋਕ ਸਾਡੇ ਨਾਲੋਂ ਜ਼ਿਆਦਾ ਜ਼ਰੂਰਤਮੰਦ ਹੈਗੇ ਆ, ਕਿਸੇ ਨੇ ਡਰਾਈਵਿੰਗ ਲਾਇਸੰਸ ਲਈ ਅਰਦਾਸ ਕਰਨੀ ਐ, ਕਿਸੇ ਨੇ ਪੱਕਾ ਹੋਣ ਲਈ ਆਰਜ਼ੀ ਜਿਹੀ ਵਹੁਟੀ ਦੀ ਮੰਗ ਕਰਨੀ ਐ, ਕਿਸੇ ਨੇ ਆਪਣੀ ਭੂਆ ਇੰਡੀਆ ਤੋਂ ਮੰਗਾਉਣ ਵਾਸਤੇ ਮੱਥਾ ਟੇਕਣਾ।''

''ਤੁਸੀਂ ਮਜ਼ਾਕ ਕਰਨੇ ਬੰਦ ਕਰੋ ਤੇ ਕਾਰ ਵਿਚ ਈ ਬੈਠੋ, ਮੈਂ ਕਿਸੇ ਨਾ ਕਿਸੇ ਤਰੀਕੇ ਨਾਲ ਮੱਥਾ ਟੇਕ ਕੇ ਆਈ।''

''ਮੈਂ ਕਾਰ ਰੋਕੂੰ ਕਿਥੇ? ਗੁਰਦੁਆਰੇ ਦਾ ਕਾਰ ਪਾਰਕ ਭਰਿਆ ਪਿਐ, ਬਾਹਰ ਟ੍ਰੈਫਿਕ ਵਾਰਡਨ ਏਦਾਂ ਫਿਰਦੇ ਆ ਜਿੱਦਾਂ ਭੂੰਡਾਂ ਦਾ ਖੱਖਰ ਛਿੜਿਆ ਹੋਇਆ ਹੋਵੇ, ਕਾਰ ਕਿਥੇ ਰੋਕੂੰ ?''

''ਜਦ ਤੁਸੀਂ ਵਿਚ ਈ ਬੈਠੇ ਰਹਿਣੈ ਤਾਂ ਫਿਰ ਕੀ !''

ਕਹਿੰਦੀ ਉਹ ਆਪਣੀ ਚੁੰਨੀ ਠੀਕ ਕਰਦੀ ਕਾਰ ਵਿਚੋਂ ਉਤਰ ਜਾਂਦੀ ਹੈ। ਨਵਕਿਰਨ ਉਸ ਦੇ ਨਾਲ ਚਲੇ ਜਾਂਦਾ ਹੈ ਤੇ ਨਵਜੀਵਨ ਪਿਓ ਕੋਲ ਬੈਠਾ ਰਹਿੰਦਾ ਹੈ। ਉਹ ਕਹਿੰਦਾ ਹੈ,

''ਡੈਡ, ਤੂੰ ਵੀ ਪੱਗ ਪਾਇਆ ਕਰ।''

''ਕਿਉਂ ?''

''ਇਹਦੇ ਨਾਲ ਲੋਕਾਂ ਨੂੰ ਪਤਾ ਚੱਲਦਾ ਕਿ ਮੇਰਾ ਡੈਡੀ ਵੀ ਸਿੱਖ ਐ।''

''ਤੂੰ ਸਕੂਲੋਂ ਬਹੁਤ ਕੁਝ ਲਰਨ ਕਰਨ ਲੱਗ ਪਿਐਂ !''

''ਮੈਨੂੰ ਸਾਰੇ ਰਿਲੀਜਨਾਂ ਬਾਰੇ ਪਤਾ, ਮੇਰਾ ਫਰਿੰਡ ਇਮਰਾਨ ਫਾਸਟ ਰੱਖਦੈ। ਡੈਡ, ਮੁਸਲਿਮ ਹੈਪੀ ਈਦ ਕਹਿੰਦੇ ਆ, ਅਸੀਂ ਕੀ ਕਹਿੰਦੇ ਆਂ।''

ਜਗਮੋਹਣ ਸੋਚਾਂ ਵਿਚ ਪੈ ਜਾਂਦਾ ਹੈ ਕਿ ਕੀ ਜਵਾਬ ਦੇਵੇ। ਆਪਣੇ ਨਾਸਤਕ ਹੋਣ ਬਾਰੇ ਦਸ ਕੇ ਮੁੰਡੇ ਨੂੰ ਕਿਸੇ ਤਰ੍ਹਾਂ ਉਲਝਾਉਣਾ ਨਹੀਂ ਚਾਹੁੰਦਾ। ਉਹ ਕਹਿਣ ਲਗਦਾ ਹੈ,

''ਤੂੰ ਤੇ ਯਾਰ ਬੜਾ ਤੇਜ਼ ਹੋਇਆ ਫਿਰਦੈਂ।''

''ਨਹੀਂ, ਦੱਸ ਵੀ ਡੈਡ।''

''ਤੂੰ ਹੈਪੀ ਵਿਸਾਖੀ ਕਹਿ ਲਿਆ ਕਰ, ਦੀਵਾਲੀ ਹੋਵੇ ਤਾਂ ਹੈਪੀ ਦੀਵਾਲੀ ਤੇ ਲੋਹੜੀ ਹੋਵੇ ਤਾਂ ਹੈਪੀ ਲੋਹੜੀ।''

ਨਵਜੀਵਨ ਉਸ ਵਲ ਇਵੇਂ ਦੇਖ ਰਿਹਾ ਹੈ ਜਿਵੇਂ ਉਸ ਦੀ ਤਸੱਲੀ ਨਾ ਹੋਈ ਹੋਵੇ।

ਜਗਮੋਹਣ ਨੂੰ ਪਤਾ ਹੈ ਕਿ ਸਾਡੇ ਬੱਚਿਆਂ ਨੂੰ ਅਡੈਂਟਿੰਟੀ ਕਰਾਈਸਸ ਦਾ ਸਾਹਮਣਾ ਕਰਨਾ ਪੈਂਦਾ ਹੈ। ਗਰੇਵਾਲ ਦੱਸਿਆ ਕਰਦਾ ਹੈ ਕਿ ਸਕੂਲਾਂ, ਕਾਲਜਾਂ ਵਿਚ ਮੁੰਡੇ ਕੁੜੀਆਂ ਕਿਵੇਂ ਆਪਣੀ ਮੂਲ ਦੀ ਪਛਾਣ ਬਾਰੇ ਫਿਕਰਮੰਦ ਰਹਿੰਦੇ ਹਨ। ਮੁਸਲਮਾਨ ਇਸ ਗੱਲੋਂ ਚੰਗੇ ਹਨ ਕਿ ਬਚਪਨ ਵਿਚ ਹੀ ਬੱਚੇ ਨੂੰ ਪੂਰੀ ਕੁਰਾਨ ਚੇਤੇ ਕਰਾ ਦਿੰਦੇ ਹਨ। ਉਸ ਦੇ ਇਕ ਦੋਸਤ ਨੇ ਗੱਲ ਸੁਣਾਈ ਸੀ ਕਿ ਉਸ ਦੀ ਬੇਟੀ ਸਕੂਲੋਂ ਆ ਕੇ ਉਸ ਨੂੰ ਪੁੱਛਣ ਲਗੀ ਸੀ ਕਿ ਆਪਾਂ ਕੌਣ ਹਾਂ ਹਿੰਦੂ, ਮੁਸਲਮਾਨ ਕਿ ਇਸਾਈ। ਉਸ ਇਲਾਕੇ ਵਿਚ ਸਿੱਖ ਕੋਈ ਰਹਿੰਦਾ ਨਹੀਂ ਸੀ ਇਸ ਕਰਕੇ ਬੱਚੀ ਨੂੰ ਪਤਾ ਹੀ ਨਹੀਂ ਸੀ ਕਿ ਸਿੱਖ ਧਰਮ ਨਾਂ ਦੀ ਕੋਈ ਚੀਜ਼ ਵੀ ਹੈ ਤੇ ਉਸ ਦਾ ਦੋਸਤ ਕਦੇ ਗੁਰਦਵਾਰੇ ਜਾਂਦਾ ਹੀ ਨਹੀਂ ਸੀ। ਉਸ ਦੇ ਦੋਸਤ ਨੇ ਸਭ ਤੋਂ ਪਹਿਲਾਂ ਜੋ ਕੰਮ ਕੀਤਾ ਉਹ ਸੀ ਬੱਚਿਆਂ ਨੂੰ ਆਪਣੇ ਧਰਮ ਦੀ ਸਿਖਿਆ ਦੇਣ ਦਾ, ਉਸ ਨੂੰ ਡਰ ਸੀ ਕਿ ਬੱਚੇ ਕਿਸੇ ਹੋਰ ਧਰਮ ਵਲ ਹੀ ਉਲਾਰ ਨਾ ਹੋ ਜਾਣ। ਜਗਮੋਹਣ ਵੀ ਸੋਚਦਾ ਹੈ ਕਿ ਸਾਊਥਾਲ ਇਕ ਬਹੁਧਰਮੀ ਸ਼ਹਿਰ ਹੈ ਇਸ ਲਈ ਬੱਚੇ ਨੂੰ ਪਤਾ ਆਪਣੇ ਧਰਮ ਬਾਰੇ ਪਤਾ ਹੋਣਾ ਚਾਹੀਦਾ ਹੈ। ਪਹਿਲਿਆਂ ਵਿਚ ਜਗਮੋਹਣ ਸੋਚਦਾ ਹੁੰਦਾ ਸੀ ਕਿ ਬੱਚਿਆਂ ਨੂੰ ਰੱਬ ਦੇ ਨਾ ਹੋਣ ਬਾਰੇ ਸਮਝਾਵੇਗਾ ਪਰ ਹੁਣ ਉਹ ਸੋਚਦਾ ਹੈ ਕਿ ਸਕੂਲਾਂ ਵਿਚ ਰੱਬ ਦੀ ਹੋਂਦ ਨੂੰ ਵਾਰ ਵਾਰ ਦੁਹਰਾਇਆ ਜਾਂਦਾ ਹੈ ਇਸ ਲਈ ਉਸ ਦੀ ਦੱਸੀ ਕੋਈ ਗੱਲ ਬੱਚਿਆਂ ਨੂੰ ਦੁਬਧਾ ਵਿਚ ਪਾ ਸਕਦੀ ਹੈ। ਰੱਬ ਹੈ ਜਾਂ ਨਹੀਂ ਇਹ ਤਾਂ ਉਹ ਜ਼ਿੰਦਗੀ ਦੇ ਸਕੂਲ ਵਿਚੋਂ ਹੀ ਸਿਖਣਗੇ ਪਰ ਮਨਦੀਪ ਦੀ ਧਰਮ ਪ੍ਰਤੀ ਸ਼ਰਦਾ ਕਾਰਨ ਉਹ ਵੀ ਸਿੱਖ ਧਰਮ ਤੋਂ ਉਹ ਪੂਰੀ ਤਰ੍ਹਾਂ ਜਾਣੂ ਹੋ ਗਏ ਹਨ। ਹੁਣ ਉਸ ਨੂੰ ਨਵਜੀਵਨ ਦੇ ਸਵਾਲ ਜ਼ਿਆਦਾ ਹੀ ਟੇਢੇ ਲੱਗ ਰਹੇ ਹਨ। ਉਹ ਚਾਹੁੰਦਾ ਹੈ ਕਿ ਉਹ ਹੋਰ ਸਵਾਲ ਨਾ ਕਰੇ। ਉਹ ਉਸ ਦਾ ਧਿਆਨ ਹੋਰ ਪਾਸੇ ਪਾਉਣ ਦੀ ਕੋਸ਼ਿਸ਼ ਕਰਨ ਲੱਗਦਾ ਹੈ। ਉਹ ਗੁਰਦੁਆਰੇ ਦੀ ਕਾਰ ਪਾਰਕ ਵਿਚ ਕਾਰ ਨੂੰ ਲੈ ਜਾਂਦਾ ਹੈ ਕਿ ਸ਼ਾਇਦ ਕੋਈ ਸ਼ਰਧਾਲੂ ਚਲੇ ਗਿਆ ਹੋਵੇ ਤੇ ਕਾਰ ਕਿਤੇ ਖੜੀ ਕਰਨ ਲਈ ਜਗ੍ਹਾ ਮਿਲ ਜਾਵੇ ਤੇ ਨਵਜੀਵਨ ਨੂੰ ਵੀ ਗੁਰਦੁਆਰੇ ਅੰਦਰ ਮਨਦੀਪ ਤੇ ਨਵਕਿਰਨ ਨਾਲ ਮੱਥਾ ਟੇਕਣ ਵਾਲੀ ਲਾਈਨ ਵਿਚ ਖੜਾ ਕਰ ਆਵੇ ਪਰ ਉਸ ਨੂੰ ਕਾਰ ਲਈ ਜਗ੍ਹਾ ਨਹੀਂ ਮਿਲਦੀ।

ਸਾਹਮਣੇ ਵੌਕਸਲ ਦੀ ਆਸਟਰਾ ਕਾਰ ਡਬਲ ਪਾਰਕ ਕੀਤੀ ਹੋਈ ਦਿਖਾਈ ਦਿੰਦੀ ਹੈ। ਉਹ ਸੋਚਦਾ ਹੈ ਕਿ ਇਹ ਤਾਂ ਭੁਪਿੰਦਰ ਦੀ ਕਾਰ ਹੈ। ਉਸ ਨੂੰ ਭੁਪਿੰਦਰ ਵਿਚ ਬੈਠਾ ਦਿਸ ਪੈਂਦਾ ਹੈ। ਭੁਪਿੰਦਰ ਵੀ ਉਸ ਨੂੰ ਦੇਖ ਲੈਂਦਾ ਹੈ। ਉਹ ਉਤਰ ਕੇ ਉਸ ਕੋਲ ਆ ਜਾਂਦਾ ਹੈ। ਦੋਵੇਂ ਭਰਵਾਂ ਹੱਥ ਮਿਲਾਉਂਦੇ ਹਨ। ਜਗਮੋਹਣ ਪੁੱਛਦਾ ਹੈ,

''ਕਿਧਰ ਫਿਰਦੈਂ?''

''ਘਰ ਵਾਲ਼ੀ ਨੂੰ ਮੱਥਾ ਟਿਕਾਉਣ ਲਿਆਇਆਂ, ਮੈਨੂੰ ਲਗਦੈ ਤੂੰ ਇਸੇ ਚੱਕਰ ਵਿਚ ਐਂ।''

ਉਸ ਦੀ ਗੱਲ ਤੇ ਜਗਮੋਹਨ ਹੱਸਦਾ ਹੈ ਤੇ ਕਹਿੰਦਾ ਹੈ,

''ਮੈਂ ਵੀ ਇਸੇ ਬਿਮਾਰੀ ਦਾ ਸ਼ਿਕਾਰ ਆਂ ਪਰ ਤੂੰ ਇੰਨੇ ਦਿਨ ਕਿਧਰ ਰਿਹੈਂ ?''

''ਮੈਨੂੰ ਇਕ ਦੋ ਫਿਲਮਾਂ ਮਿਲ ਗਈਆਂ ਸੀ ਤੇ ਇਕ ਆਪਣੀ ਵੀ ਹੋਰ ਬਣਾਈ ਐ।''

''ਰਿਲੀਜ਼ ਹੋ ਗਈ?''

''ਦੋ ਹਫਤੇ ਹੋ ਗਏ, ਤੂੰ ਕਿਧਰ ਰਹਿੰਨਾਂ! ਐਨੀ ਐਡ ਕੀਤੀ ਐ।''

''ਮੈਂ ਧਿਆਨ ਨਹੀਂ ਦਿਤਾ, ਕਿਦਾਂ, ਚੱਲੀ ਵੀ ਕਿ ਨਹੀਂ ?''

''ਚੱਲੀ ਨਹੀਂ, ਪੰਜਾਬੀ ਦੀ ਫਿਲਮ ਕੀ ਚੱਲਣੀ ਐਂ।''

''ਹਿੰਦੀ ਵਿਚ ਬਣਾ ਕੇ ਦੇਖ ਲੈ।''

''ਨਹੀਂ, ਹਿੰਦੀ ਦੀ ਫਿਲਮ ਦਾ ਬੱਜਟ ਵੱਡਾ ਹੁੰਦੈ, ਮੈਂ ਘਰ ਉਪਰ ਪਹਿਲਾਂ ਈ ਮੌਰਟਗੇਜ ਵਧਾ ਚੁੱਕਾਂ, ਆਹ ਜਿਹੜੀ ਰਾਣਾ ਕੈਮਿਸਟ ਸ਼ੌਪ ਐ ਇਨ੍ਹਾਂ ਦਾ ਵੀ ਥੱਲਾ ਲਾ ਚੁੱਕਾਂ।''

ਕਹਿ ਕੇ ਭੁਪਿੰਦਰ ਹੱਸਣ ਲੱਗਦਾ ਹੈ ਤੇ ਫਿਰ ਕਹਿੰਦਾ ਹੈ,

''ਫਿਲਮਾਂ ਤਾਂ ਜੂਆ ਐ, ਅਸਲੀ ਗੱਲ ਤਾਂ ਥੀਏਟਰ ਈ ਐ, ਜੇ ਤੇਰੇ ਕੋਲ ਟਾਈਮ ਐ ਤਾਂ ਆ ਜਾ ਮੁੜ ਕੇ ਰਿਹਰਸਲਾਂ ਸ਼ੁਰੂ ਕਰੀਏ।''

''ਦੇਖ ਲਓ, ਟਾਈਮ ਦੀ ਕਿਹੜੀ ਗੱਲ ਐ।''

''ਮੈਂ ਪਿਛਲੇ ਹਫਤੇ ਈ ਬੰਬਿਉਂ ਆਇਆਂ, ਹੁਣ ਦੋਸਤਾਂ ਨੂੰ ਫੋਨ ਕਰਨੇ ਆਂ, ਦੇਖਦੇ ਆਂ ਕਿਹੜਾ ਕਿਥੇ ਖੜਾ ਐ।''

''ਪ੍ਰੀਤੀ ਦਾ ਕੁਝ ਪਤਾ ?''

ਜਗਮੋਹਣ ਨੂੰ ਅਚਾਨਕ ਹੀ ਪ੍ਰੀਤੀ ਦਾ ਖਿਆਲ ਆਉਂਦਾ ਹੈ। ਭੁਪਿੰਦਰ ਦਸਣ ਲੱਗਦਾ ਹੈ,

''ਉਹਦਾ ਤਾਂ ਜਿੱਦਾਂ ਦਿਮਾਗ ਹਿੱਲ ਗਿਆ ਹੁੰਦੈ, ਮੈਨੂੰ ਇਕ ਵਾਰ ਰੋਡ ਉਪਰ ਮਿਲੀ ਸੀ, ਵਾਲ ਜਿੱਦਾਂ ਤੇਲ ਨਾਲ ਚੋਪੜੇ ਹੋਏ ਹੋਣ, ਅੱਖਾਂ ਵੀ ਖਾਲੀ, ਬਸ ਹੈਲੋ ਕਰਕੇ ਈ ਅੱਗੇ ਲੰਘ ਗਈ।''

"ਮੈਂ ਸਿਸਟਰਜ਼ ਇਨਹੈਂਡਜ਼ ਵਾਲੀਆਂ ਨੂੰ ਕਿਹਾ ਸੀ ਓਹਨੂੰ ਮਿਲਿਆ ਕਰੋ, ਇਕ ਔਰਤ ਉਹਦੇ ਘਰ ਜਾਂਦੀ ਵੀ ਹੁੰਦੀ ਸੀ, ਉਹਨੂੰ ਵੀ ਇਕ ਦਿਨ ਪ੍ਰੀਤੀ ਨੇ ਗਾਲ੍ਹਾਂ ਕੱਢੀਆਂ।"
"ਮੇਰਾ ਅੰਦਾਜ਼ਾ ਜੱਗਿਆ ਕਿ ਅਸਲ ਵਿਚ ਪ੍ਰੀਤੀ ਦੀ ਪ੍ਰੌਬਲਮ ਡੌਮੀਨੇਟ ਕਰਨ ਦੀ ਐ, ਜਿੰਨੀ ਕੁ ਵਾਰ ਰਿਹਰਸਲਾਂ 'ਤੇ ਵੀ ਆਈ ਮੇਰੀ ਗੱਲ ਸੁਣਨ ਦੀ ਬਜਾਏ ਦੱਸਣ ਦੀ ਕੋਸ਼ਿਸ਼ ਕਰਦੀ ਰਹੀ, ਹਸਬੈਂਡ ਵਾਈਫ ਵਿਚ ਕਈ ਵਾਰ ਇਹ ਪ੍ਰੌਬਲਮ ਪੈ ਜਾਂਦੀ ਐ, ਜੇ ਕੋਈ ਡੌਮੀਨੇਟ ਕਰਨਾ ਚਾਹੇ ਤੇ ਕਰ ਨਾ ਸਕੇ ਤੇ ਰੀਜ਼ਨ ਵੀ ਨਾ ਸਮਝ ਸਕੇ ਤਾਂ ਡਿਪਰੈਸ਼ਨ ਦਾ ਸ਼ਿਕਾਰ ਹੋਣਾ ਕੁਦਰਤੀ ਐ।"

ਜਦ ਤੱਕ ਭੁਪਿੰਦਰ ਨੂੰ ਆਪਣੀ ਪਤਨੀ ਅੰਦਰੋਂ ਨਿਕਲਦੀ ਦਿਸ ਪੈਂਦੀ ਹੈ, ਉਹ ਫੋਨ ਕਰਨ ਦਾ ਵਾਅਦਾ ਕਰਕੇ ਤੁਰ ਪੈਂਦਾ ਹੈ। ਨਵਜੀਵਨ ਪੁੱਛਦਾ ਹੈ,
"ਕੌਣ ਸੀ ਇਹ ਮੈਨ ?"
"ਮੇਰਾ ਫਰਿੰਡ ਸੀ।"
"ਇਹ ਗੇਅ ਐ ?"
"ਨਹੀਂ।"
"ਫੇਰ ਇਹਨੇ ਮੇਕਅੱਪ ਕਿਉਂ ਲਾਇਆ ?"

ਜਗਮੋਹਣ ਹੈਰਾਨ ਹੋਇਆ ਸੋਚਣ ਲੱਗਦਾ ਹੈ ਕਿ ਉਸ ਨੇ ਤਾਂ ਕੁਝ ਨੋਟਿਸ ਨਹੀਂ ਕੀਤਾ ਤੇ ਇਸ ਨੇ ਕਿਵੇਂ ਇੰਨੀ ਤਾੜ ਰੱਖ ਲਈ। ਨਵਜੀਵਨ ਫਿਰ ਪੁੱਛਦਾ ਹੈ,
"ਡੈਡ, ਤੈਨੂੰ ਪਤਾ ਗੇਅ ਕੀ ਹੁੰਦਾ ?"

ਜਗਮੋਹਣ ਉਸ ਵਲ ਦੇਖਦਾ ਜਾ ਰਿਹਾ ਹੈ। ਫਿਰ ਸੋਚਣ ਲੱਗਦਾ ਹੈ ਕਿ ਇਹ ਗੱਲ ਉਸ ਨੂੰ ਕਿਵੇਂ ਸਮਝਾਵੇ ਪਰ ਜਦ ਮੁੰਡੇ ਨੇ ਸਵਾਲ ਕੀਤਾ ਹੈ ਤਾਂ ਦੱਸਣਾ ਵੀ ਜਰੂਰੀ ਹੈ। ਕੁਝ ਦੇਰ ਰੁਕ ਕੇ ਉਹ ਕਹਿੰਦਾ ਹੈ,
"ਤੁਹਾਨੂੰ ਸਕੂਲ ਵਿਚ ਦੱਸਦੇ ਆ ਨਾ ਬੇਬੀ ਕਿੱਦਾਂ ਹੁੰਦੈ ?"
"ਆਈ ਨੋਅ ਐਵਰੀਥਿੰਗ। ਜਦੋਂ ਮੇਲ ਤੇ ਫੀਮੇਲ ਮੇਟ ਕਰਦੇ ਆ।"
"ਜਿਹੜੇ ਮੇਲ ਤੇ ਫੀਮੇਲ ਮੇਟ ਕਰਦੇ ਆ ਉਨ੍ਹਾਂ ਨੂੰ ਸਟਰੇਟ ਕਹਿੰਦੇ ਆ ਪਰ ਕਈ ਵਾਰ ਮੇਲ ਤੇ ਮੇਲ ਵੀ ਆਪਸ ਵਿਚ ਮੇਲ ਕਰਦੇ ਆ ਉਨ੍ਹਾਂ ਨੂੰ ਗੇਅ ਕਹਿੰਦੇ ਆ।"
"ਪਰ ਡੈਡ ਇਹ ਨੈਚਰੁਲ ਨਹੀਂ ਐ।"
"ਹਾਂ, ਇਹ ਕੁਦਰਤ ਦੇ ਕਾਨੂੰਨ ਦੇ ਖਿਲਾਫ ਐ, ਤੈਨੂੰ ਤਾਂ ਸਭ ਪਤੈ !"
"ਮੈਨੂੰ ਤਾਂ ਬਹੁਤ ਦੇਰ ਦਾ ਪਤੈ, ਮੈਂ ਸੋਚਦਾ ਸੀ ਕਿ ਜੇ ਤੈਨੂੰ ਨਹੀਂ ਪਤਾ ਤਾਂ ਦੱਸ ਦੇਵਾਂ।"

## ਬਤਾਲੀ

ਪਰਦੁੱਮਣ ਦੇ ਕੰਮ ਦੀ ਚੜ੍ਹਤ ਕਈਆਂ ਦੀਆਂ ਅੱਖਾਂ ਵਿਚ ਹਲਕੀ ਹਲਕੀ ਰੜਕ ਰਹੀ ਹੈ ਖਾਸ ਤੌਰ ਤੇ ਕਾਰੇ ਦੇ। ਕਾਰਾ ਕਹਿਣ ਲੱਗਦਾ ਹੈ ਕਿ ਇਹ ਸਾਲਾ ਦੁੱਮਣ ਸੜੇ ਹੋਏ ਆਲੂ ਜਾਂ ਰੱਦੀ ਜਿਹਾ ਚਿਕਨ ਵੇਚ ਕੇ ਈ ਮਿਲੀਅਨੇਅਰ ਬਣਿਆ ਫਿਰਦਾ ਹੈ। ਉਸ ਦਾ ਹੀ ਉਕਸਾਇਆ ਹੋਇਆ ਉਸ ਦਾ ਸਾਲਾ ਸੁਖਦੇਵ ਸਿੰਘ ਪਰਦੁੱਮਣ ਬਰਾਬਰ ਸਮੋਸਿਆਂ ਦੀ ਫੈਕਟਰੀ ਲਗਾ ਦਿੰਦਾ ਹੈ ਪਰ ਕੁਝ ਹਫਤਿਆਂ ਵਿਚ ਹੀ ਬੰਦ ਹੋ ਜਾਂਦੀ ਹੈ। ਫੈਕਟਰੀ ਲਾਉਣ ਤੋਂ ਪਹਿਲਾਂ ਸੁਖਦੇਵ ਕਾਰੇ ਨੂੰ ਲੈ ਕੇ ਪਰਦੁੱਮਣ ਤੋਂ ਸਲਾਹ ਲੈਣ ਆਉਂਦਾ ਹੈ ਪਰ ਪਰਦੁੱਮਣ ਕਈ ਸਿਧੀ ਸਲਾਹ ਨਹੀਂ ਦਿੰਦਾ। ਕੌਂਸਲ ਦਾ ਇਸ ਬਾਰੇ ਕੀ ਕਨੂੰਨ ਹੈ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੰਦਾ। ਸੁਖਦੇਵ ਦੀ ਲਾਈ ਫੈਕਟਰੀ ਹੈਲਥ ਵਾਲਿਆਂ ਦੀ ਕਾਨੂੰਨੀ ਪੱਧਰ ਤੋਂ ਹੇਠਾਂ ਹੋਣ ਕਰਕੇ ਹੈਲਥ ਵਾਲੇ ਬਹੁਤੇ ਨੁਕਸ ਕੱਢ ਦਿੰਦੇ ਹਨ। ਫਿਰ ਮੂਹਰੇ ਮਾਰਕੀਟਿੰਗ ਦੀ ਵੀ ਸਮੱਸਿਆ ਹੈ। ਸਮੋਸੇ ਜਾਂ ਅਜਿਹਾ ਹੋਰ ਕੋਈ ਮਾਲ ਬਣਾਉਣਾ ਸ਼ਾਇਦ ਇੰਨਾ ਔਖਾ ਨਾ ਹੋਵੇ ਔਖ ਸਾਹਮਣੇ ਉਦੋਂ ਆਉਂਦੀ ਹੈ ਜਦ ਮਾਲ ਨੂੰ ਵੇਚਣਾ ਹੋਵੇ। ਕਾਰਾ ਜਾਂ ਉਸ ਦਾ ਰਿਸ਼ਤੇਦਾਰ ਸੁਖਦੇਵ ਇਹ ਗੱਲ ਨਹੀਂ ਸਮਝ ਪਾਉਂਦੇ ਕਿ ਪਰਦੁੱਮਣ ਨੇ ਪਹਿਲਾਂ ਮਾਲ ਵੇਚਣ ਦੇ ਸਾਧਨ ਲੱਭੇ ਤੇ ਫਿਰ ਮਾਲ ਬਣਾਇਆ। ਪਰਦੁੱਮਣ ਦਿਲ ਹੀ ਦਿਲ ਵਿਚ ਹੱਸਦਾ ਹੈ ਕਿ ਉਸ ਦਾ ਮੁਕਾਬਲਾ ਕਰਨਾ ਇੰਨਾ ਸੌਖਾ ਨਹੀਂ।

ਫਿਰ ਬਲਵੀਰ ਉਸ ਬਰਾਬਰ ਫੈਕਟਰੀ ਲਗਾ ਦਿੰਦਾ ਹੈ। ਬਲਬੀਰ ਨੇ ਪਰਦੁੱਮਣ ਸਿੰਘ ਨਾਲ ਕੰਮ ਕੀਤਾ ਹੋਣ ਕਰਕੇ ਉਸ ਨੂੰ ਇਸ ਕੰਮ ਬਾਰੇ ਪਤਾ ਹੈ। ਫਿਰ ਉਸ ਦੀ ਪਤਨੀ ਦੀ ਮਾਂ ਵੀ ਪੀਟਰ ਦੀ ਫੈਕਟਰੀ ਵਿਚ ਕੰਮ ਕਰ ਚੁੱਕੀ ਹੈ। ਪਹਿਲਾਂ ਭਾਵੇਂ ਉਹ ਪਰਦੁੱਮਣ ਦੇ ਕਹਿਣ 'ਤੇ ਰੁਕ ਗਿਆ ਸੀ ਪਰ ਹੁਣ ਉਹ ਰੁਕਦਾ ਨਹੀਂ। ਪਹਿਲਾਂ ਤਾਂ ਪਰਦੁੱਮਣ ਉਸ ਨੂੰ ਧਮਕੀਆਂ ਜਿਹੀਆਂ ਦਿੰਦਾ ਹੈ, ਹੈਲਥ ਵਾਲਿਆਂ ਕੋਲ ਉਸ ਦੀ ਸ਼ਿਕਾਇਤ ਵੀ ਕਰਦਾ ਹੈ। ਹੈਲਥ ਇੰਸਪੈਕਟਰ ਜੈਰੀ ਨਾਲ ਉਸ ਦੀ ਗੰਢ ਸੰਢ ਹੈ ਤਾਂ ਹੀ ਤਾਂ ਪਰਦੁੱਮਣ ਨੂੰ ਕਦੇ ਕੋਈ ਅਜਿਹੀ ਮੁਸੀਬਤ ਨਹੀਂ ਪਈ। ਸਾਰੇ ਕਹਿੰਦੇ ਹਨ ਕਿ ਉਹ ਉਸ ਨੂੰ ਹਫਤਾ ਦਿੰਦਾ ਹੈ। ਜਦ ਪਰਦੁੱਮਣ ਦੇਖਦਾ ਹੈ ਬਲਵੀਰ ਦਾ ਕੰਮ ਚੱਲ ਪਿਆ ਹੈ ਤਾਂ ਉਹ ਉਸ ਨਾਲ ਦੋਸਤੀ ਕਰਨ ਉਸ ਦੀ ਫੈਕਟਰੀ ਚਲੇ ਜਾਂਦਾ ਹੈ। ਉਸ ਨੂੰ ਕਹਿੰਦਾ ਹੈ,
"ਬਲਵੀਰ, ਆਪਾਂ ਇਕ ਦੂਜੇ ਦੀ ਹੈਲਪ ਕਰਦੇ ਚੱਲੀਏ ਤਾਂ ਫੱਟੇ ਚੁੱਕ ਦੇਈਏ।"
"ਅੰਕਲ, ਮੈਂ ਕਦੇ ਤੇਰੇ ਖਿਲਾਫ ਜਾਨਾਂ!"

"ਜਾਣਾ ਵੀ ਨਹੀਂ ਚਾਹੀਦਾ, ਤੇਰੇ ਗਾਹਕਾਂ ਕੋਲ ਅਸੀਂ ਨਹੀਂ ਜਾਂਦੇ ਤੇ ਸਾਡਿਆਂ ਕੋਲ ਤੂੰ ਨਾ ਜਾਈਂ, ਦੇਖ, ਮੈਂ ਕਦੇ ਪੀਟਰ ਦੀ ਕਿਸੇ ਦੁਕਾਨ 'ਤੇ ਨਹੀਂ ਗਿਆ ਜਦ ਕਿ ਸਾਡੀ ਕੋਈ ਵਾਕਫੀ ਵੀ ਨਹੀਂ, ਬੰਦੇ ਦੇ ਅਸੂਲ ਹੋਣੇ ਚਾਹੀਦੇ ਆ।"
"ਅੰਕਲ, ਫਿਕਰ ਨਾ ਕਰ।"
"ਕੀਮਤ ਵੀ ਨਾ ਘਟਾਈਂ, ਸਾਡੇ ਵਾਲੀ ਰੱਖੀਂ।"

ਬਲਵੀਰ ਹਾਲੇ ਕੰਮ ਵਿਚ ਨਵਾਂ ਹੈ। ਉਹ ਪਹਿਲਾਂ ਹੀ ਕਿਸੇ ਕਿਸਮ ਦਾ ਮੁਕਾਬਲਾ ਕਰਨ ਦੇ ਹੱਕ ਵਿਚ ਨਹੀਂ ਹੈ। ਜ਼ਰਾ ਪੈਰ ਜੰਮ ਜਾਣਗੇ ਤਾਂ ਦੇਖੇਗਾ ਇਹ ਸਭ। ਉਹ ਪਰਦੁੱਮਣ ਸਿੰਘ ਦੀਆਂ ਸਾਰੀਆਂ ਗੱਲਾਂ ਵਿਚ ਹਾਮੀ ਭਰਦਾ ਜਾਂਦਾ ਹੈ। ਪ੍ਰਦੁੱਮਣ ਨੂੰ ਪਤਾ ਹੈ ਕਿ ਇਹ ਵਿਓਪਾਰ ਹੈ ਤੇ ਵਿਓਪਾਰ ਵਿਚ ਸਭ ਜਾਇਜ਼ ਹੁੰਦਾ ਹੈ ਸੋ ਬਲਵੀਰ ਕਦੇ ਵੀ ਬਦਲ ਸਕਦਾ ਹੈ। ਉਸ ਨੂੰ ਭਵਿੱਖ ਵਿਚ ਬਦਲਦੇ ਹਾਲਾਤ ਲਈ ਤਿਆਰ ਰਹਿਣਾ ਚਾਹੀਦਾ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦੇ ਕਾਰੋਬਾਰ ਵਿਚ ਬਲਵੀਰ ਦੀ ਪਾਈ ਇਹ ਪਹਿਲੀ ਵੱਡੀ ਸਿਰਦਰਦੀ ਹੈ। ਜੇਕਰ ਬਲਵੀਰ ਕੁਝ ਪੈਨੀਆਂ ਘਟਾ ਕੇ ਉਸ ਦੀਆਂ ਦੁਕਾਨਾਂ ਉਪਰ ਮਾਲ ਭੇਜਣ ਲੱਗ ਪਿਆ ਤਾਂ ਉਸ ਦਾ ਬਹੁਤ ਵੱਡਾ ਨੁਕਸਾਨ ਕਰ ਸਕਦਾ ਹੈ ਪਰ ਉਹ ਹਰ ਤਰ੍ਹਾਂ ਦੇ ਹਲਾਤ ਲਈ ਤਿਆਰ ਹੈ।

ਇਕ ਇਨ ਫਰੀਦਾ ਪੁੱਛਦੀ ਹੈ,
"ਸਰਦਾਰ ਜੀ, ਇੰਨੇ ਉਦਾਸ ਕਿਉਂ ਓ ?"

ਉਹ ਬਲਵੀਰ ਦੇ ਫੈਕਟਰੀ ਲਗਵਾਉਣ ਵਾਲੀ ਗੱਲ ਦੱਸਦਾ ਹੈ। ਉਹ ਕਹਿੰਦੀ ਹੈ,
"ਦੱਸੋ, ਮੈਂ ਕੁਝ ਕਰ ਸਾਂ ?"
"ਮੈਂ ਚਾਹੁੰਨਾ ਕਿ ਕੋਈ ਵਰਕਰ ਉਹਦੀ ਫੈਕਟਰੀ ਵਿਚ ਪਲਾਂਟ ਕਰ ਦੇਵਾਂ ਜਿਹੜਾ ਮੈਨੂੰ ਉਸ ਦੀ ਸਾਰੀ ਖਬਰ ਲਿਆ ਕੇ ਦੇਵੇ।"

ਕਹਿ ਕੇ ਉਹ ਫਰੀਦਾ ਵੱਲ ਦੇਖਣ ਲੱਗਦਾ ਹੈ। ਫਰੀਦਾ ਕਹਿ ਉਠਦੀ ਹੈ,
"ਮੇਰੇ ਵੱਲ ਨਾ ਇੰਝ ਦੇਖੋ ਜੀ, ਮੈਂ ਨਾ ਜਾ ਸਾਂ ਆਪਣੇ ਸੁਹਣੇ ਸਰਦਾਰ ਨੂੰ ਛੱਡ ਕੇ।"

ਕਹਿੰਦੀ ਉਸ ਦੀ ਦਾੜ੍ਹੀ ਵਿਚ ਉਂਗਲਾਂ ਫੇਰਨ ਲੱਗਦੀ ਹੈ।

ਤਾਰਿਕ ਕੰਮ 'ਤੇ ਗਿਆ ਹੋਇਆ ਹੈ। ਉਸ ਦੇ ਕੰਮ 'ਤੇ ਜਾਣ ਮਗਰੋਂ ਉਹ ਫਰੀਦਾ ਨਾਲ ਕਾਫੀ ਸਾਰਾ ਵਕਤ ਬਿਤਾ ਲੈਂਦਾ ਹੈ ਪਰ ਤਾਰਿਕ ਦੇ ਆਉਣ ਨਾਲ ਫਰੀਦਾ ਨਾਲ ਨੇੜਤਾ ਸਮੇਂ ਉਸ ਦੇ ਮਨ ਵਿਚ ਇਕ ਝਿਜਕ ਜਿਹੀ ਰਹਿਣ ਲੱਗੀ ਹੈ। ਕਿਉਂਕਿ ਥੋੜ੍ਹੇ ਸਮੇਂ ਵਿਚ ਹੀ ਉਸ ਦੇ ਤਾਰਿਕ ਨਾਲ ਵੀ ਚੰਗੇ ਸਬੰਧ ਬਣ ਜਾਂਦੇ ਹਨ। ਇਕ ਗੁਨਾਹ ਭਾਵਨਾ ਮਨ ਵਿਚ ਤੈਰਦੀ ਰਹਿੰਦੀ ਹੈ। ਤਾਰਿਕ ਰਾਊਂਡ ਤੋਂ ਮੁੜ ਕੇ ਸਮੋਸੇ ਤਲਣ ਆ ਲੱਗਦਾ ਹੈ। ਕਈ ਵਾਰ ਪਰਦੁੱਮਣ ਸਿੰਘ ਲਈ ਖਾਸ ਤਰੀਕੇ ਨਾਲ ਮੱਛੀ ਤਲ਼ਦਾ ਹੈ। ਖਾਸ ਅੰਦਾਜ਼ ਵਿਚ ਬਟੇਰੇ ਬਣਾ ਕੇ ਖਵਾਉਂਦਾ ਹੈ। ਵਿਸਾਖੀ ਆਈ ਤਾਂ ਸਾਰੇ ਵਰਕਰਾਂ ਨੂੰ ਪਾਰਟੀ ਦਿੱਤੀ ਜਾਂਦੀ ਹੈ। ਐਤਕੀਂ ਤਾਰਿਕ ਆਪਣੇ ਹੱਥੀਂ ਖਾਣਾ ਤਿਆਰ ਕਰਦਾ ਹੈ ਤੇ ਨਾਲ ਹੀ ਈਦ ਦੀ ਪਾਰਟੀ ਆਪਣੇ ਵਲੋਂ ਦਿੰਦਾ ਹੈ। ਵਿਸਾਖੀ ਉਪਰ ਉਹ ਪਰਦੁੱਮਣ ਸਿੰਘ ਨਾਲ ਗੁਰਦੁਆਰੇ ਮੱਥਾ ਟੇਕਣ ਵੀ ਜਾਂਦਾ ਹੈ।

ਕਦੇ ਕਦੇ ਪਰਦੁੱਮਣ ਤਾਰਿਕ ਨੂੰ ਵਿਸਕੀ ਦੇ ਦੋ ਪੈੱਗ ਲਵਾ ਦਿੰਦਾ ਹੈ। ਵੈਸੇ ਤਾਂ ਤਾਰਿਕ ਪੱਕਾ ਮੁਸਲਮਾਨ ਹੈ ਪਰ ਪਰਦੁੱਮਣ ਸਿੰਘ ਦਾ ਕਹਿਣਾ ਨਹੀਂ ਮੋੜਦਾ। ਨਸ਼ੇ ਦੀ ਲੋਰ ਵਿਚ ਆ ਕੇ ਤਾਰਿਕ ਆਖਣ ਲਗਦਾ ਹੈ,
"ਓ ਪਰਦੁੱਮਣ ਸਿੰਘਾ, ਓ ਸਰਦਾਰਾ, ਤੂੰ ਤੇ ਮੈਨੂੰ ਸਕਿਆਂ ਭਾਰਾਵਾਂ ਨਾਲੋਂ ਵੀ ਵਧ ਜਾਪਸੈਂ।"

ਜਦੋਂ ਤਾਰਿਕ ਇਵੇਂ ਆਖਦਾ ਹੈ ਤਾਂ ਉਸ ਅੰਦਰ ਫਰੀਦਾ ਨੂੰ ਮਿਲਣ ਕਰਕੇ ਗੁਨਾਹ ਭਾਵਨਾ ਪ੍ਰਬਲ ਹੋਣ ਲਗਦੀ ਹੈ। ਉਹ ਕੋਸ਼ਿਸ਼ ਕਰਦਾ ਹੈ ਫਰੀਦਾ ਤੋਂ ਦੂਰ ਰਹੇ। ਇਕ ਦਿਨ ਫਰੀਦਾ ਪੁੱਛਦੀ ਹੈ,
"ਸਰਦਾਰ ਜੀ, ਉਖੜੇ ਉਖੜੇ ਕਿਉਂ ਜੇ?"
"ਕਿਉਂ ਕਿ ਤਾਰਿਕ ਮੈਨੂੰ ਭਰਾ ਸਮਝਦਾ ਐ।"
"ਇਹ ਤਾਰਿਕ ਕਿਸੇ ਦਾ ਸਕਾ ਨਹੀਂ ਜੇ, ਐਵੇਂ ਨਾ ਇਹਦੀਆਂ ਗੱਲਾਂ ਵਿਚ ਆ ਜਾਸੀ।"

ਇਕ ਦਿਨ ਫਰੀਦਾ ਦੱਸਣ ਲੱਗਦੀ ਹੈ,
"ਸਰਦਾਰ ਜੀ, ਹੁਣ ਆਪਣਾ ਮਿਲਣਾ ਬਹੁਤ ਮੁਸ਼ਕਲ ਹੋ ਜਾਣੈ।"
"ਕਿਉਂ ? ਕੋਈ ਕਰਫਿਊ ਲੱਗ ਗਿਐ ?"
"ਸਮਝ ਲਓ ਕਰਫਿਊ ਈ ਲੱਗ ਜਾਸੀ, ਮੈਂ ਛੇਤੀ ਈ ਕੰਮ ਛੱਡ ਸਾਂ।"
"ਕਿਉਂ ?"
"ਮੇਰਾ ਮੀਆਂ ਖੁਦ ਸਮੋਸਿਆਂ ਦੀ ਫੈਕਟਰੀ ਲਗਾ ਸੀ।"
"ਏਹਦੀ ਭੈਣ ਨੂੰ... ਸੁੱਲੇ ਦੀ ਨੂੰ। ਮੈਂ ਉਹਨੂੰ ਰੋਕਦਾਂ...।"
"ਹੁਣ ਕੀ ਰੁਕ ਹੋਸੀ ! ਯੂਨਿਟ ਲੀਜ਼ ਹੋ ਜਾਸੀ, ਭੱਠੀਆਂ ਲਗਵਾ ਛੋੜੀਆਂ ਸੂ।"
"ਤੂੰ ਪਹਿਲਾਂ ਨਹੀਂ ਦੱਸਿਆ ?"
"ਕਸਮ ਜਿਉਂ ਖਵਾ ਛੱਡੀ ਸੂ, ਮੈਂ ਇਕ ਵੇਰ ਇਸ਼ਾਰਾ ਕੀਤਾ ਸੂ, ਹੁਣ ਵੀ ਉਸ ਨੂੰ ਪਤਾ ਚਲ ਸੀ ਤੇ ਝਗੜਾ ਹੋ ਸੀ, ਖੁਦਾ ਮੈਨੂੰ ਮੁਆਫ ਕਰੇ। ਪਰ ਸਰਦਾਰ ਜੀ ਤੁਸਾਂ ਗੱਲ ਨਹੀਂ ਜੇ ਕਰਨਾ।"

ਪਰਦੁੱਮਣ ਸਿੰਘ ਝਟਕਾ ਖਾਈ ਬੈਠਾ ਹੈ। ਬਲਵੀਰ ਦੀ ਫੈਕਟਰੀ ਤੋਂ ਬਾਅਦ ਉਹ ਇੰਨੀ ਜਲਦੀ ਹੋਰ ਫੈਕਟਰੀ ਖੁੱਲ੍ਹਦੀ ਨਹੀਂ ਦੇਖ ਸਕਦਾ। ਉਸ ਨੂੰ ਸਮਝ ਨਹੀਂ ਪੈ ਰਹੀ ਕਿ ਹੁਣ ਉਹ ਕੀ ਕਰੇ। ਤਾਰਿਕ ਕੰਮ ਤੋਂ ਮੁੜਦਾ ਹੈ ਤਾਂ ਉਹ ਇਕਦਮ ਪੁੱਛਦਾ ਹੈ,

''ਤਾਰਿਕ, ਤੂੰ ਆਪਣਾ ਕੰਮ ਕਰਨ ਲੱਗਿਐਂ ?''

''ਤੁਹਾਨੂੰ ਕੌਣ ਕਹਿ ਸੀ ਸਰਦਾਰ ਜੀ ?''

''ਜਿਨ੍ਹਾਂ ਤੋਂ ਤੂੰ ਕੰਮ ਕਰਵਾ ਰਿਹੈਂ ਉਹੀ ਦੱਸ ਕੇ ਗਏ ਆ।''

''ਓਹ ! ਪਰ ਭਰਾ ਜੀ, ਏਹਦੇ ਵਿਚ ਬੁਰਾਈ ਕੀ ਹੋਸੀ।''

''ਮੇਰੇ ਤੋਂ ਸਿੱਖ ਕੇ ਤੂੰ ਮੇਰੇ ਖਿਲਾਫ ਈ।''

''ਨਹੀਂ ਓਏ ਸਰਦਾਰਾ ! ਤੂੰ ਤੇ ਮੇਰਾ ਭਰਾ ਏਂ ਤੇ ਭਰਾ ਭਰਾ ਅਲੱਗ ਹੋਸਣ, ਤੂੰ ਵੀ ਤੇ ਕਿਸੇ ਤੋਂ ਸਿਖ ਕੇ ਕੰਮ ਸ਼ੁਰੂ ਕੀਤਾ ਸੂ, ਮੈਂ ਤੇਰੇ ਖਿਲਾਫ ਨਾ ਜਾ ਸਾਂ, ਹਾਲੇ ਤੂੰ ਮੇਰੇ ਖਿਲਾਫ ਜਾ ਸੈਂ ਤਾਂ ਪਤਾ ਨਾ...।''

ਤਾਰਿਕ ਪੂਰੇ ਮੋਹ ਨਾਲ ਕਹਿ ਰਿਹਾ ਹੈ। ਪਰਦੁੱਮਣ ਨੂੰ ਲੱਗਦਾ ਜਿਵੇਂ ਉਹ ਕੋਈ ਗੁੱਝੀ ਗੱਲ ਕਰ ਗਿਆ ਹੋਵੇ। ਵੈਸੇ ਤਾਰਿਕ ਦੇ ਰੁੱਖ ਤੋਂ ਉਸ ਦਾ ਗੁੱਸਾ ਕੁਝ ਕੁ ਠੰਡਾ ਪੈਣ ਲੱਗਦਾ ਹੈ। ਉਹ ਸੋਚਦਾ ਹੈ ਕਿ ਕਿਸੇ ਨੂੰ ਆਪਣਾ ਕੰਮ ਸ਼ੁਰੂ ਕਰਨ ਤੋਂ ਉਹ ਕਿਵੇਂ ਰੋਕ ਸਕਦਾ ਹੇ। ਇਹ ਤਾਂ ਸੁਖਦੇਵ ਹੀ ਸੀ ਜਿਸ ਤੋਂ ਕੰਮ ਨਹੀਂ ਚੱਲਿਆ, ਨਹੀਂ ਤਾਂ ਉਸ ਨੇ ਤਾਂ ਰਿਸ਼ਤੇਦਾਰ ਹੋ ਕੇ ਵੀ ਉਸ ਨਾਲ ਮੁਕਾਬਲੇ 'ਤੇ ਕੰਮ ਆਰੰਭ ਲਿਆ ਸੀ। ਉਹ ਸੋਚਦਾ ਹੈ ਕਿ ਬਲਵੀਰ ਵਾਂਗ ਹੀ ਤਾਰਿਕ ਨਾਲ ਸਬੰਧ ਨਾਰਮਲ ਬਣਾ ਲਵੇ। ਫਿਰ ਇਸ ਦੀ ਫੈਕਟਰੀ ਵਿਚ ਤਾਂ ਫਰੀਦਾ ਉਸ ਦੀ ਜਾਸੂਸ ਹੋਵੇਗੀ ਹੀ।

ਅਗਲੀ ਵਾਰ ਜਦ ਉਹ ਫਰੀਦਾ ਨੂੰ ਮਿਲਣ ਉਸ ਦੇ ਘਰ ਜਾਂਦਾ ਹੈ ਤਾਂ ਉਹ ਹਰ ਕਿਸਮ ਦੀ ਗੁਨਾਹ ਭਾਵਨਾ ਤੋਂ ਮੁਕਤ ਹੈ ਸਗੋਂ ਉਸ ਨੂੰ ਚੰਗਾ ਲੱਗ ਰਿਹਾ ਹੈ, ਇਵੇਂ ਜਿਵੇਂ ਤਾਰਿਕ ਨੂੰ ਸਜ਼ਾ ਦੇ ਰਿਹਾ ਹੋਵੇ।

ਉਹ ਤਾਰਿਕ ਨੂੰ ਆਖਦਾ ਹੈ,

''ਦੇਖ ਤਾਰਿਕ, ਮੇਰੇ ਨਾਲ ਕੰਪੀਟੀਸ਼ਨ ਦੀ ਕੋਸ਼ਿਸ਼ ਨਾ ਕਰੀਂ।''

''ਨਾ ਮੇਰੇ ਭਰਾ, ਰੱਬ ਨੂੰ ਵੀ ਜਾਨ ਦੇਣੀ ਹੋਸੀ, ਤੇਰੇ ਨਾਲ ਦੁਸ਼ਮਣੀ ਕਰਕੇ ਤੇਰੇ ਹੱਥੋਂ ਜਾਨ ਗੁਆ ਲਈ ਤਾਂ ਫਿਰ ਰੱਬ ਨੂੰ ਕੀ ਦੇ ਸਾਂ। ਨਾਲੇ ਪਰਦੁੱਮਣ ਸਿੰਘ ਤੂੰ ਐਵੇਂ ਈ ਦਿਲ ਨੂੰ ਲਾ ਸੀ।''

ਪਰਦੁੱਮਣ ਨੂੰ ਉਸ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਉਪਰ ਯਕੀਨ ਨਹੀਂ ਹੋ ਰਿਹਾ। ਉਸ ਨੂੰ ਮਹਿਸੂਸ ਹੋ ਰਿਹਾ ਕਿ ਉਹ ਬਲਵੀਰ ਨਾਲੋਂ ਵੱਡਾ ਖਤਰਾ ਹੈ। ਉਹ ਉਸ ਉਪਰ ਨਿਗਾਹ ਰੱਖਣੀ ਸ਼ੁਰੂ ਕਰ ਦਿੰਦਾ ਹੈ।

ਤਾਰਿਕ ਦੋ ਕੁ ਹਫਤੇ ਵਿਚ ਹੀ ਆਪਣਾ ਕੰਮ ਆਰੰਭ ਲੈਂਦਾ ਹੈ। ਕੁਝ ਕੁ ਦਿਨ ਤਾਂ ਸ਼ਾਂਤੀ ਰਹਿੰਦੀ ਹੈ ਪਰ ਛੇਤੀ ਹੀ ਉਹ ਆਪਣਾ ਮਾਲ ਪਰਦੁੱਮਣ ਸਿੰਘ ਵਾਲੀਆਂ ਥਾਵਾਂ ਉਪਰ ਹੀ ਰੱਖਣ ਲੱਗਦਾ ਹੈ। ਉਸ ਨੇ ਸਮੋਸਿਆਂ ਦੇ ਨਾਲ ਨਾਲ ਕੁਝ ਨਵੀਆਂ ਆਈਟਮਾਂ ਵੀ ਸ਼ੁਰੂ ਕਰ ਲਈਆਂ ਹਨ ਜਿਵੇਂ ਕਿ ਚਿਕਨ ਕਰੀ, ਵੈਜੀਟੇਬਲ ਕਰੀ, ਸਪਰਿੰਗ ਰੋਲ ਆਦਿ। ਇਨ੍ਹਾਂ ਵਾਧੂ ਆਈਟਮਾਂ ਦੀ ਪਰਦੁੱਮਣ ਸਿੰਘ ਨੂੰ ਚਿੰਤਾ ਨਹੀਂ ਹੈ, ਸਮੋਸਿਆਂ ਦੀ ਮੁੱਖ ਗੱਲ ਹੈ।

ਸਮੋਸਿਆਂ ਦੀ ਕੀਮਤ ਤਾਰਿਕ ਘੱਟ ਨਹੀਂ ਰੱਖ ਰਿਹਾ ਪਰ ਸਮੋਸੇ ਉਪਰ ਹਲਾਲ ਲਿਖਿਆ ਹੋਣ ਕਰਕੇ ਕੁਝ ਗਾਹਕਾਂ ਲਈ ਖਾਸ ਖਿੱਚ ਰੱਖਦਾ ਹੈ ਤੇ ਉਸ ਨੂੰ ਲੱਗਦਾ ਹੈ ਕਿ ਤਾਰਿਕ ਦੇ ਸਮੋਸੇ ਜ਼ਿਆਦਾ ਵਿਕਣਗੇ। ਉਹ ਗੁੱਸੇ ਦਾ ਭਰਿਆ ਤਾਰਿਕ ਦੀ ਫੈਕਟਰੀ ਪੁੱਜਦਾ ਹੈ।

''ਮੀਆਂ, ਤੂੰ ਮੇਰਾ ਭਰਾ ਬਣਿਆ ਸੀ ਫੇਰ ਆਹ ਕੀ ਧੋਖਾ ਕਰਨ ਡਿਹਾਂ ?''

''ਯਾਰਾ, ਮੈਂ ਤੇਰਾ ਹੈਗਾ ਤਾਂ ਭਰਾ ਈ ਪਰ ਕੀ ਕਰਾਂ ਗਾਹਕ ਮੇਰੇ ਮਾਲ ਨੂੰ ਜ਼ਿਆਦਾ ਪਸੰਦ ਕਰਦੇ ਹੋਸੀ।''

''ਪਰ ਤੂੰ ਮੇਰੀਆਂ ਦੁਕਾਨਾਂ ਉਪਰ ਜਾਨਾਂ ਕੀ ਕਰਨ ਐਂ ?''

''ਮੈਂ ਨਾ ਜਾ ਸਾਂ, ਉਹ ਫੋਨ ਕਰਸਣ।''

''ਤਾਰਿਕ, ਤੂੰ ਮੇਰੇ ਨਾਲ ਦੁਸ਼ਮਣੀ ਪਾ ਰਿਹਾਂ, ਮੈਂ ਦੱਸ ਦਿੰਨਾਂ ਪਛਤਾਏਂਗਾ।''

''ਨਾ ਸਰਦਾਰਾ, ਮੈਂ ਕਿਸੇ ਨਾਲ ਦੁਸ਼ਮਣੀ ਨਹੀਂ ਪਾ ਰਿਹਾ, ਆਪਣੀ ਮਿਹਨਤ ਕਰ ਸਾਂ।''

''ਮਿਹਨਤ ਤੂੰ ਮਹਾਂਦੇਵ ਦਾ ਘੈਂਟਾ ਕਰ ਰਿਹੈਂ।''

ਕਹਿ ਕੇ ਉਹ ਇਕ ਪਾਸੇ ਥੁੱਕ ਦਿੰਦਾ ਹੈ। ਉਸ ਨੂੰ ਉਚੀ ਬੋਲਦਾ ਦੇਖ ਕੇ ਫਰੀਦਾ ਉਸ ਕੋਲ ਆ ਖੜਦੀ ਹੈ। ਉਹ ਕਹਿੰਦਾ ਹੈ,

''ਫਰੀਦਾ, ਆਪਣੇ ਏਸ ਝੁੱਡੂ ਨੂੰ ਸਮਝਾ ਕਿ ਮੇਰਾ ਬਿਜ਼ਨਸ ਖਰਾਬ ਨਾ ਕਰੇ, ਨਹੀਂ ਤਾਂ ਤੇਰੀ ਸੌਂਹ ਏਸ ਕੰਜਰ ਦਾ ਖੂਨ ਕਰ ਦੇਊਂ।''

ਜਦ ਪਰਦੁੱਮਣ ਸਿੰਘ ਫਰੀਦਾ ਦੀ ਸਹੁੰ ਖਾਂਦਾ ਹੈ ਤਾਂ ਤਾਰਿਕ ਦਾ ਪਾਰਾ ਵੀ ਚੜ੍ਹ ਜਾਂਦਾ ਹੈ। ਉਹ ਗਾਲ੍ਹਾਂ ਕੱਢਣ ਲੱਗਦਾ ਹੈ। ਫੈਕਟਰੀ ਦੇ ਹੋਰ ਵਰਕਰ ਵੀ ਇਕੱਠੇ ਹੋ ਜਾਂਦੇ ਹਨ। ਗੱਲ ਹੱਥੋਪਾਈ ਤੱਕ ਪੁੱਜ ਜਾਂਦੀ ਹੈ। ਫਰੀਦਾ ਪਰਦੁੱਮਣ ਸਿੰਘ ਦਾ ਮੋਢਾ ਥਾਪੜਦੇ ਆਖਦੀ ਹੈ,

''ਸਰਦਾਰ ਜੀ, ਤੁਸੀਂ ਜਾਓ, ਮੈਂ ਤਾਰਿਕ ਨਾਲ ਗੱਲ ਕਰ ਸਾਂ।''

ਪਰਦੁੱਮਣ ਉਥੋਂ ਤੁਰ ਪੈਂਦਾ ਹੈ। ਉਹ ਸੋਚ ਰਿਹਾ ਹੈ ਕਿ ਜੇ ਮੀਕਾ ਜਾਂ ਕੋਈ ਹੋਰ ਉਸ ਨਾਲ ਹੁੰਦਾ ਤਾਂ ਤਾਰਿਕ ਦੇ ਦੋ ਲਗਾ ਕੇ ਹੀ ਜਾਂਦਾ।

ਉਸ ਦੇ ਜਾਣ ਤੋਂ ਬਾਅਦ ਫਰੀਦਾ ਤਾਰਿਕ ਨੂੰ ਆਖਦੀ ਹੈ,

"ਤੁਸੀਂ ਸਰਦਾਰ ਜੀ ਨਾਲ ਦੁਸ਼ਮਣੀ ਜ਼ਰੂਰ ਸਹੇੜਨੀ ਸੂ। ਆਪਣਾ ਮਾਲ ਹੋਰ ਪਾਸੇ ਰੱਖੋ, ਆਪੇ ਤਾਂ ਕਹਿੰਦੇ ਪਏ ਜੇ ਕਿ ਲੰਡਨ ਬਹੁਤ ਵੱਡਾ ਹੋਸੀ।"
"ਤੂੰ ਬੀਵੀ ਮੇਰੀ ਐਂ ਕਿ ਸਰਦਾਰ ਦੀ ?"
"ਕੀ ਮਤਲਬ ਤੁਹਾਡਾ ?"
"ਬੀਵੀ ਤੂੰ ਮੇਰੀ ਏਂ ਤੇ ਤਰਫਦਾਰੀ ਸਰਦਾਰ ਦੀ ਕਰ ਰਹੀ ਏਂ।"
"ਨਹੀਂ ਜੀ, ਮੈਂ ਤਾਂ ਲੜਾਈ ਖਤਮ ਕਰਨ ਦੀ ਕਰ ਸਾਂ।"
"ਲੜਾਈ ਤਾਂ ਹੁਣ ਸ਼ੁਰੂ ਹੋ ਸੀ, ਮੈਂ ਏਹਦੀਆਂ ਸਾਰੀਆਂ ਦੁਕਾਨਾਂ ਭੰਨ ਸਾਂ, ਏ ਸ਼ੋਹਦਾ ਕੀ ਸਮਝੇ ਤਾਰਿਕ ਨੂੰ! ਸਾਲਾ ਮੇਰੀ ਬੀਵੀ ਦੀ ਸੌਂਹ ਖਾਂਦਾ ਪਿਆ ਜੇ।"

ਤਰਤਾਲੀ

ਪਰਦੁੱਮਣ ਸਿੰਘ ਕੰਮ ਕਰਨ ਵਾਲੇ ਮੁੰਡਿਆਂ ਨਾਲ ਸਦਾ ਹੀ ਉਹਨਾਂ ਦੀ ਉਮਰ ਵਾਲੇ ਮਜ਼ਾਕ ਕਰਦਾ ਰਹਿੰਦਾ ਹੈ। ਪਰ ਹੁਣ ਕੁਝ ਦੇਰ ਤੋਂ ਉਹ ਉਹਨਾਂ ਨਾਲ ਗੰਭੀਰ ਰਹਿਣ ਲਗਿਆ ਹੈ ਕਿ ਉਸ ਦੇ ਬੱਚੇ ਵੀ ਬਰਾਬਰ ਦੇ ਹੋ ਗਏ ਹਨ। ਵੱਡਾ ਮੁੰਡਾ ਭਾਵੇਂ ਫੈਕਟਰੀ ਨਹੀਂ ਆਉਂਦਾ ਪਰ ਛੋਟਾ ਆ ਜਾਂਦਾ ਹੈ ਤੇ ਛੁੱਟੀ ਵਾਲੇ ਦਿਨ ਕੁੜੀਆਂ ਵੀ ਆ ਜਾਂਦੀਆਂ ਹਨ। ਇਸ ਲਈ ਉਸ ਨੇ ਕੰਮ ਕਰਦੇ ਮੁੰਡਿਆਂ ਨਾਲ ਗੱਲਬਾਤ ਕਰਨੀ ਘੱਟ ਕੀਤੀ ਹੋਈ ਹੈ। ਸਿਰਫ ਮਤਲਬ ਦੀ ਗੱਲ ਹੀ ਕਰਦਾ ਹੈ। ਪਰ ਮੀਕੇ ਵਰਗੇ ਮੂੰਹ ਫਟ ਕਦੋਂ ਰੁਕਦੇ ਹਨ। ਇਕ ਦਿਨ ਉਹ ਕਹਿੰਦਾ ਹੈ,
"ਅੰਕਲ, ਕੁਲਬੀਰੋ ਹੱਥ ਨਹੀਂ ਰਖਣ ਦਿੰਦੀ!"
"ਮੀਕਿਆ, ਕੋਈ ਅਕਲ ਦੀ ਗੱਲ ਕਰ, ਤੂੰ ਉਹਨੂੰ ਬਦਨਾਮ ਨਾ ਕਰ ਦੇਵੀਂ ਚੰਗੀ ਭਲੀ ਕੁੜੀ ਆ।"
"ਅੰਕਲ, ਤੇਰੇ ਕੋਲ ਐਨੀਆਂ, ਮੈਂ ਇਕ ਵੀ ਨਹੀਂ ਰਖ ਸਕਦਾ!"

ਮੀਕੇ ਦੀ ਗੱਲ ਉਪਰ ਪਹਿਲਾਂ ਦਾ ਪਰਦੁੱਮਣ ਨੂੰ ਗੁੱਸਾ ਆਉਂਦਾ ਹੈ ਪਰ ਫਿਰ ਸ਼ਾਂਤ ਹੁੰਦਾ ਕਹਿੰਦਾ ਹੈ,
"ਪੁੱਤਰਾ, ਬਾਹਰ ਹੱਥ ਪੈਰ ਮਾਰੀ ਚਲ, ਮੈਂ ਵੀ ਹੁਣ ਰਿਟਾਇਰ ਹੋ ਗਿਆਂ, ਏਹ ਕੰਮ ਛੱਡ ਦਿਤੇ!"
"ਅੰਕਲ, ਸ਼ੇਰ ਵੀ ਸ਼ਿਕਾਰ ਕਰਨਾ ਛੱਡ ਸਕਦੈ ਭਲਾ! ਸੱਚ ਦੱਸ ਕੁਲਬੀਰੋ ਤੇ ਹੱਥ ਫੇਰਿਆ ਕਿ ਨਹੀਂ ?"
"ਨਾ ਬਈ, ਬਿਲਕੁਲ ਨਹੀਂ।"
"ਏਹ ਭਲਾ ਕਿੱਦਾਂ ਹੋ ਸਕਦੈ, ਹੱਥ ਫੇਰਨ ਵਿਚ ਤਾਂ ਤੁਹਾਡੀ ਝੰਡੀ ਐ!"
"ਉਮਰ ਉਮਰ ਗੱਲ ਹੁੰਦੀ ਐ, ਲੰਘ ਗਈ। ਹੁਣ ਉਹ ਕਣ ਨਹੀਂ ਰਿਹਾ।"
"ਫੇਰ ਆਹ ਸੁੱਲੀ ਫਰੀਦਾ ਕਿਹੜੇ ਕਣ ਸਹਾਰੇ ਖਿਚੀ ਫਿਰਦੈਂ?"
"ਉਹ ਤਾਂ ਮੇਰੀ ਹਾਨਣ ਐ, ਨਾਲੇ ਹੁਣ ਪੁਰਾਣੀ ਯਾਰੀ ਐ, ਪੁਰਾਣੀ ਯਾਰੀ ਤੇ ਪੁਰਾਣੇ ਜ਼ਖ਼ਮ, ਇਹ ਉਮਰਾਂ ਨਾਲ ਈ ਨਿਭਦੇ ਆ।"
"ਫੇਰ ਕੁਲਬੀਰੋ ਦਾ ਕੀ ਬਣੂੰ ?"
"ਉਹਦਾ ਕੀ ਬਣਨਾਂ!"
"ਉਹਨੂੰ ਬੰਦਾ ਚਾਹੀਦੈ, ਮੈਨੂੰ ਲਾਗੇ ਨਹੀਂ ਲਗਣ ਦਿੰਦੀ।"
"ਤੈਨੂੰ ਕਿਹਾ ਨਾ ਫੈਕਟਰੀ ਵਿਚ ਇਹ ਕੰਮ ਨਹੀਂ ਕਰੀਦੇ।"
"ਅੰਕਲ, ਉਹ ਇਕੱਲੀ ਫਿਰਦੀ ਨਹੀਂ ਦੇਖੀ ਜਾਂਦੀ ਮੇਰੇ ਤੋਂ।"
"ਇਕੱਲੀ ਨਹੀਂ, ਇਕ ਬੰਦਾ ਉਹਨੂੰ ਲੈਣ ਤਾਂ ਆਉਂਦਾ ਹੁੰਦਾ।"
"ਅੰਕਲ, ਮੈਂ ਜਾਣਦਾ ਉਹਨੂੰ, ਉਹ ਰੇਸ਼ੂ ਆ, ਜਿਹੜਾ ਆਪਣੇ ਆਪ ਨੂੰ ਸਾਊਥਾਲ ਦਾ ਬਦਮਾਸ਼ ਸਮਝਦਾ, ਸਾਲ੍ਹਾ ਮੇਰਾ, ਮੇਰੇ ਇਕ ਝਟਕੇ ਦੀ ਮਾਰ ਐ।"
"ਮੀਕਿਆ, ਐਵੇਂ ਨਾ ਪੰਗਾ ਲੈ ਲਈਂ, ਦੱਸਦੇ ਆ ਕਿ ਉਹ ਬੰਦਾ ਖਤਰਨਾਕ ਐ।"
"ਮੇਰੇ ਮੂਹਰੇ ਕੁਸ਼ ਨਈਂ ਅੰਕਲ! ਮੈਨੂੰ ਸਭ ਪਤਾ ਉਹਦਾ, ਸਾਲ੍ਹਾ ਨਿਰਾ ਸਾਲ੍ਹੀ ਬਾਜ਼ ਐ, ਸਾਲ ਕੁ ਬਾਅਦ ਇੰਡੀਆ ਤੋਂ ਨਵੀਂ ਸਾਲ੍ਹੀ ਸੱਦ ਕੇ ਪੱਕੀ ਕਰਵਾਉਂਦਾ, ਹੁਣ ਕੁਲਬੀਰੋ ਨੂੰ ਸੱਦਿਆ ਹੋਇਆ, ਏਹਨੂੰ ਚਰੂੰਡਦਾ ਹੋਊ, ਏਹ ਯੰਗ ਕੁੜੀ ਐ, ਏਹਨੂੰ ਮੇਰੇ ਵਰਗਾ ਯੰਗ ਬਲੱਡ ਚਾਹੀਦੈ।"

ਪਰਦੁੱਮਣ ਸਿੰਘ ਕੁਝ ਨਹੀਂ ਬੋਲਦਾ। ਉਸ ਨੂੰ ਕੁਲਬੀਰੋ ਉਪਰ ਤਰਸ ਆਉਣ ਲਗਦਾ ਹੈ। ਉਹ ਸੋਚਦਾ ਹੈ ਕਿ ਰੇਸ਼ੂ ਪਤਾ ਨਹੀਂ ਉਸ ਨਾਲ ਕਿਹੋ ਜਿਹਾ ਵਿਵਹਾਰ ਕਰਦਾ ਹੋਵੇਗਾ ਜਿਹੜੀ ਉਹ ਚੁੱਪ ਚੁੱਪ ਰਹਿੰਦੀ ਹੈ ਪਰ ਉਹ ਕਹਿੰਦਾ ਹੈ,
"ਮੀਕਿਆ, ਆਪਾਂ ਨੂੰ ਕੀ ਜੇ ਕੁਲਬੀਰੋ ਰੇਸ਼ੂ ਨਾਲ ਖੁਸ਼ ਐ ਤਾਂ ਕੋਈ ਕੀ ਕਰੇ।"
"ਅੰਕਲ, ਖੁਸ਼ ਕਿਥੋਂ ਆ, ਬਸ ਡਰਦੀ ਬੈਠੀ ਆ, ਮੈਨੂੰ ਤਾਂ ਲਗਦਾ ਇਹ ਪੱਕੀ ਨਹੀਂ ਹੋਣੀ ਅਜੇ। ਅੰਕਲ ਵਿਚਾਰੀ ਨੂੰ ਪੱਕੀ ਈ ਕਰਾ ਦਓ ਕਿਸੇ ਤਰਾਂ।"

ਮੀਕਾ ਜਿਵੇਂ ਕੁਲਬੀਰੋ ਬਾਰੇ ਬਹੁਤਾ ਹੀ ਫਿਕਰਮੰਦ ਹੋਵੇ। ਪਰਦੁੱਮਣ ਸਿੰਘ ਕਹਿੰਦਾ ਹੈ,

"ਮੀਕਿਆ, ਤੈਨੂੰ ਸਾਧ ਤਾਈਂ ਕੀ ਤੈਨੂੰ ਚੋਰ ਤਾਈਂ ਕੀ, ਤੂੰ ਆਪਣੀ ਨਿਬੇੜ ਕਿਸੇ ਹੋਰ ਤਾਈਂ ਕੀ।"
"ਅੰਕਲ, ਜ਼ਿਆਦਤੀ ਨਹੀਂ ਝੱਲੀ ਜਾਂਦੀ।"

ਮੀਕਾ ਉਦਾਸ ਹੋਣ ਦੀ ਐਕਟਿੰਗ ਕਰਦਾ ਹੈ। ਪਰਦੁੱਮਣ ਸਿੰਘ ਉਸ ਨੂੰ ਤੁਰ ਜਾਣ ਦਾ ਇਸ਼ਾਰਾ ਕਰਦਾ ਆਖਦਾ ਹੈ,

"ਵੱਡਿਆ ਕਾਮਰੇਡਾ, ਕੰਮ ਕਰ ਕੋਈ, ਲੋਕਾਂ ਦੀਆਂ ਤੀਵੀਆਂ ਬਾਰੇ ਸੋਚਣਾ ਛੱਡ ਦੇ।"

ਮੀਕਾ ਹੱਸਦਾ ਹੋਇਆ ਤੁਰ ਜਾਂਦਾ ਹੈ। ਪਰਦੁੱਮਣ ਸਿੰਘ ਕੁਲਬੀਰੋ ਬਾਰੇ ਸੋਚਣਾ ਚਾਹੁੰਦਾ ਹੈ ਪਰ ਇਸ ਵੇਲੇ ਉਸ ਦੇ ਦਿਲੋ ਦਿਮਾਗ ਉਪਰ ਤਾਰਿਕ ਛਾਇਆ ਹੋਇਆ ਹੈ। ਤਾਰਿਕ ਨਾਲ ਹੋਈ ਮੈਂ ਮੈਂ ਤੂੰ ਤੂੰ ਕਾਰਨ ਉਹ ਹੁਣ ਉਸ ਨੂੰ ਸਿਰਦਰਦੀ ਦੇਵੇਗਾ। ਉਸ ਦੀਆਂ ਦੁਕਾਨਾਂ ਤੋੜੇਗਾ। ਆਪਣਾ ਮਾਲ ਰੱਖਣ ਦੀ ਕੋਸ਼ਿਸ਼ ਕਰੇਗਾ। ਉਸ ਦਾ ਨੁਕਸਾਨ ਕਰੇਗਾ। ਉਹ ਆਪਣੇ ਆਪ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰਨ ਲਗਦਾ ਹੈ। ਉਹ ਸੋਚਣ ਲਗਦਾ ਹੈ ਕਿ ਜੇ ਤਾਰਿਕ ਕੰਪੀਟੀਸ਼ਨ ਕਰਦਾ ਤਾਂ ਏਦਾਂ ਹੀ ਸਹੀ, ਉਹ ਵੀ ਆਪਣੇ ਸਮੋਸੇ ਦੀ ਕੀਮਤ ਘਟਾ ਦੇਵੇਗਾ ਅਤੇ ਉਹ ਕਿਸੇ ਹੋਰ ਇਲਾਕੇ ਵਲ ਨੂੰ ਨਿਕਲ ਕੇ ਹੋਰ ਰਾਊਂਡ ਖੜਾ ਕਰੇਗਾ।

ਸ਼ਾਮ ਨੂੰ ਘਰ ਜਾਂਦਿਆਂ ਗਿਆਨ ਕੌਰ ਆਖਦੀ ਹੈ,

"ਜੀ ਮੀਕੇ ਨੂੰ ਸਮਝਾਓ ਕੁਲਬੀਰੋ ਨੂੰ ਤੰਗ ਨਾ ਕਰੇ।"
"ਕੁਸ਼ ਗਲਤ ਕਹਿੰਦਾ ਸੀ ?"
"ਗਲਤ ਤਾਂ ਨਹੀਂ, ਮਜ਼ਾਕ ਕਰਦਾ ਰਹਿੰਦੇ, ਉਹਨੂੰ ਚੰਗਾ ਨਹੀਂ ਲਗਦਾ।"
"ਏਹਨੂੰ ਕੁਲਬੀਰੋ ਨੂੰ ਹੋਇਆ ਕੀ ਐ ਜੇਹੜੀ ਏਨੀ ਚੁੱਪ ਹੋ ਜਾਂਦੀ ਐ ?"

ਪਰਦੁੱਮਣ ਸਿੰਘ ਘਰਵਾਲੀ ਨੂੰ ਕੁਰੇਦਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਪਤਾ ਹੈ ਕਿ ਕੁਲਬੀਰੋ ਉਸ ਕੋਲ ਢਿਡ ਫਰੋਲ਼ ਲੈਂਦੀ ਹੋਵੇਗੀ। ਗਿਆਨ ਕੌਰ ਬੋਲਦੀ ਹੈ,

"ਸਾਨੂੰ ਕੀ, ਸਾਡਾ ਕੰਮ ਦੇਖੋ ਕਿੰਨਾ ਕਰਦੀ ਐ, ਮੇਰੇ ਇੰਡੀਆ ਗਈ ਤੇ ਏਹਨੇ ਫੈਕਟਰੀ ਸੰਭਾਲ ਲਈ ਸੀ।"
"ਪਰ ਏਹਦੀ ਪਰੌਬਲਮ ਕੀ ਐ ? ਕੀ ਦੱਸਦੀ ਐ ?"
"ਏਹਦਾ ਜੀਜਾ ਏਹਨੂੰ ਤੰਗ ਕਰਦੈ।"
"ਉਹਨੇ ਤੰਗ ਕੀ ਕਰਨਾ, ਜੇ ਏਹਨੂੰ ਹੱਥ ਵੀ ਪਾ ਲੈਂਦਾ ਹੋਊ ਤਾਂ ਹੁਣ ਤਕ ਤਾਂ ਆਦੀ ਹੋ ਜਾਣਾ ਚਾਹੀਦੈ। ਨਾਲ਼ੇ ਉਹਨੇ ਏਹਨੂੰ ਵਾਈਫ ਬਣਾ ਕੇ ਮੰਗਾਇਆ ਤਾਂ ਏਨਾ ਕੁ ਹੱਕ ਤਾਂ ਉਹਦਾ ਬਣਦਾ ਈ ਐ।"
"ਏਹੋ ਈ ਨਹੀਂ ਏਹਤੋਂ ਪੈਸੇ ਵੀ ਮੰਗਦਾ ਰਹਿੰਦਾ।"
"ਦੇਈ ਜਾਵੇ, ਉਹਨੇ ਏਹਨੂੰ ਇੰਗਲੈਂਡ ਸੱਦਿਆ, ਪੱਕੀ ਕਰਾਇਆ।"
"ਪੱਕੀ ਵੀ ਨਹੀਂ ਕਰਾ ਰਿਹਾ, ਏਹਦੇ ਪੈਸੇ ਖਾਈ ਜਾਂਦੈ, ਇਹ ਪੱਕੀ ਹੋਣ ਦੇ ਲਾਲਚ ਵਿਚ ਖਲ਼ਾਈ ਜਾਂਦੀ ਆ। ਮੈਨੂੰ ਤਾਂ ਏਹਦੀ ਬਹੁਤ ਚਿੰਤਾ ਐ।"
"ਚੱਲ ਗਿਆਨ ਕੋਰੇ, ਤੂੰ ਕੁਲਬੀਰੋ ਬਾਰੇ ਸੋਚਣਾ ਛੱਡ ਕੇ ਆਪਣੇ ਨਿਆਣਿਆਂ ਬਾਰੇ ਫਿਕਰ ਕਰਿਆ ਕਰ।"

ਗਿਆਨ ਕੌਰ ਦਾ ਧਿਆਨ ਹਾਲੇ ਵੀ ਕੁਲਬੀਰੋ ਵਿਚ ਹੀ ਹੈ। ਉਹ ਕਹਿੰਦੀ ਹੈ,

"ਰੇਸ਼ੂ ਕੁਲਬੀਰੋ ਨੂੰ ਕੁੱਟਣ ਵੀ ਲੱਗ ਪੈਂਦੈ, ਸਿੱਧਾ ਗਲ਼ ਨੂੰ ਪੈਂਦੈ।"
"ਤੇ ਰੇਸ਼ੂ ਦੀ ਆਪਣੀ ਵਾਈਫ?"
"ਉਹ ਵੀ ਹੈਗੀ ਐ, ਚਾਰ ਨਿਆਣੇ ਵੀ ਆ, ਬੜੀ ਕੁੜੀ ਪੰਦਰਾਂ ਸਾਲਾਂ ਦੀ ਐ ਪਰ ਰੇਸ਼ੂ ਜਾਨਵਰ ਦੀ ਕਿਸੇ ਨੂੰ ਪਰਵਾਹ ਨਹੀਂ, ਜਦੋਂ ਉਹਨੂੰ ਗੁੱਸਾ ਆ ਜਾਵੇ ਤਾਂ ਦੁਨੀਆਂ ਏਧਰ ਦੀ ਉਧਰ ਕਰ ਮਾਰਦੈ।"

ਗੱਲ ਕਰਦੀ ਗਿਆਨ ਕੌਰ ਬਹੁਤ ਦੁਖੀ ਹੈ। ਪਰਦੁੱਮਣ ਸਿੰਘ ਉਸ ਦੇ ਦੋਨੋਂ ਮੋਢੇ ਫੜ ਕੇ ਕਹਿੰਦਾ ਹੈ,

"ਲੋਕਾਂ ਦੀਆਂ ਗੱਲਾਂ ਵਿਚ ਆਪਣੇ ਆਪ ਨੂੰ ਬਹੁਤ ਨਹੀਂ ਉਲਝਾਈਦਾ।"

ਉਹ ਥੋੜੀ ਉਚੀ ਅਵਾਜ਼ ਵਿਚ ਬੋਲਦਾ ਹੈ ਤਾਂ ਜੋ ਗਿਆਨ ਕੌਰ ਚੁਪ ਕਰ ਜਾਵੇ। ਉਸ ਨੂੰ ਤਾਰਿਕ ਬਾਰੇ ਜ਼ਿਆਦਾ ਫਿਕਰ ਹੈ ਕਿ ਉਹ ਉਸ ਉਪਰ ਵਾਰ ਕਰਨ ਦੀ ਤਿਆਰੀ ਵਿਚ ਹੋਵੇਗਾ।

ਮੀਕਾ ਰਾਊਂਡ ਤੋਂ ਮੁੜਦਾ ਆਖਦਾ ਹੈ,

"ਅੰਕਲ, ਤੇਰੀ ਸੂੱਲੀ ਦਾ ਸੁੱਲਾ ਕਰ ਗਿਆ ਧੋਖਾ, ਦਿਖਾ ਗਿਆ ਆਪਣਾ ਅਸਲਾ।"

ਪਰਦੁੱਮਣ ਸਿੰਘ ਸਮਝਦਾ ਹੋਇਆ ਪੁੱਛਦਾ ਹੈ,

"ਕੀ ਹੋ ਗਿਆ?"
"ਹੋਣਾਂ ਕੀ ਸੀ, ਭੈਣ ਦੇਣੀ ਦਾ ਦੁਕਾਨਾਂ ਉਪਰ ਸਮੋਸੇ ਰੱਖ ਗਿਆ।"

ਮੀਕਾ ਤਾਰਿਕ ਨੂੰ ਗਾਲ੍ਹਾਂ ਕੱਢ ਹੀ ਰਿਹਾ ਹੈ ਕਿ ਨਿੰਮਾ ਆ ਜਾਂਦਾ ਹੈ। ਤਾਰਿਕ ਵਾਲਾ ਰਾਊਂਡ ਹੁਣ ਨਿੰਮਾ ਕਰਦਾ ਹੈ। ਨਿੰਮਾ ਆਖਦਾ ਹੈ,

"ਅੰਕਲ, ਤਾਰਿਕ ਸਾਰੀਆਂ ਦੁਕਾਨਾਂ ਤੇ ਫਿਰ ਗਿਆ, ਆਪਣਾ ਮਾਲ ਫਰੀ ਵਿਚ ਰੱਖ ਗਿਆ।"

ਪਰਦੁੱਮਣ ਸਿੰਘ ਨੂੰ ਵੱਡਾ ਝਟਕਾ ਵੱਜਦਾ ਹੈ। ਉਸ ਨੂੰ ਪਤਾ ਹੈ ਕਿ ਬਿਜ਼ਨਸ ਵਿਚ ਇਹ ਹੋ ਸਕਦਾ ਹੈ ਪਰ ਪਹਿਲਾਂ ਕਦੇ ਇੰਨੀ ਸ਼ਿਦਤ ਨਾਲ ਮਹਿਸੂਸ ਨਹੀਂ ਕੀਤਾ। ਬਲਵੀਰ ਨੇ ਆਪਣੀ ਫੈਕਟਰੀ ਭਾਵੇਂ ਲਗਾਈ ਹੈ ਪਰ ਉਸ ਦੀਆਂ ਦੁਕਾਨਾਂ ਉਪਰ ਕਦੇ ਨਹੀਂ ਜਾਂਦਾ ਪਰ ਤਾਰਿਕ ਪੂਰਾ ਧੋਖੇਬਾਜ਼ ਨਿਕਲਿਆ ਹੈ। ਮੀਕਾ ਆਖਣ ਲਗਦਾ ਹੈ,

“ਅੰਕਲ, ਫਰੀਦਾ ਨੇ ਵੀ ਤੁਹਾਡੀ ਯਾਰੀ ਦੀ ਲਾਜ ਨਹੀਂ ਰੱਖੀ।”

ਮੀਕੇ ਦਾ ਇਵੇਂ ਮੂੰਹ ਪਾੜ ਕੇ ਇਹ ਗੱਲ ਕਹਿ ਦੇਣਾ ਉਸ ਨੂੰ ਬਹੁਤ ਬੁਰਾ ਲਗਦਾ ਹੈ ਪਰ ਉਹ ਉਸ ਵਲ ਧਿਆਨ ਦਿਤੇ ਬਿਨਾਂ ਆਖਦਾ ਹੈ,

“ਏਹਨੂੰ ਸਬਕ ਸਿਖਾਉਣਾ ਈ ਪੈਣਾਂ।”

“ਅੰਕਲ, ਏਹਨੂੰ ਸਾਲ੍ਹੇ ਤਾਰਿਕ ਨੂੰ ਮੀਕੇ ਦੀ ਦੋਸਤੀ ਦਾ ਤਾਂ ਪਤੈ ਪਰ ਦੁਸ਼ਮਣੀ ਦਾ ਨਹੀਂ ਪਤਾ।”

ਮੀਕਾ ਆਖ ਰਿਹਾ ਹੈ। ਪਰਦੁੱਮਣ ਸਿੰਘ ਉਸ ਵਲ ਤੇ ਫਿਰ ਨਿੰਮੇ ਵਲ ਦੇਖਦਾ ਹੈ। ਨਿੰਮਾ ਵੀ ਹਾਮੀ ਭਰਦਾ ਹੈ। ਉਹ ਉਹਨਾਂ ਦੋਨਾਂ ਨੂੰ ਉਪਰ ਦਫਤਰ ਵਿਚ ਲੈ ਜਾਂਦਾ ਹੈ। ਬੋਤਲ ਖੋਹਲਦਾ ਹੈ। ਉਹ ਦਫਤਰ ਵਿਚ ਹਮੇਸ਼ਾ ਹੀ ਵਿਸਕੀ ਰਖਿਆ ਕਰਦਾ ਹੈ। ਬੋਤਲ ਨੂੰ ਉਹ ਤਿੰਨੋ ਹੀ ਕਾਹਲੀ ਨਾਲ ਖਤਮ ਕਰਦੇ ਹਨ ਤੇ ਤਾਰਿਕ ਦੀ ਫੈਕਟਰੀ ਨੂੰ ਤੁਰ ਪੈਂਦੇ ਹਨ। ਰਾਹ ਵਿਚੋਂ ਇਕ ਬੋਤਲ ਹੋਰ ਖਰੀਦਦੇ ਹਨ ਤੇ ਉਸ ਦੀ ਫੈਕਟਰੀ ਪਹੁੰਚਣ ਤੋਂ ਪਹਿਲਾਂ ਪਹਿਲਾਂ ਉਸ ਨੂੰ ਵੀ ਮੁਕਾ ਦਿੰਦੇ ਹਨ। ਪਰਦੁੱਮਣ ਸਿੰਘ ਨੂੰ ਪਤਾ ਹੈ ਕਿ ਉਹ ਜ਼ਿਆਦਾ ਸ਼ਰਾਬੀ ਹੋ ਗਏ ਹਨ ਤੇ ਲੜਾਈ ਕਰਨ ਜੋਗੇ ਨਹੀਂ ਹਨ ਪਰ ਉਸ ਨੂੰ ਇਹ ਵੀ ਯਕੀਨ  ਕਿ ਤਾਰਿਕ ਉਹਨਾਂ ਦੇ ਮੁਕਾਬਲੇ ਤੇ ਨਹੀਂ ਆਵੇਗਾ। ਉਸ ਦੀ ਸਿਹਤ ਲੜਾਈ ਜੋਗੀ ਨਹੀਂ ਹੈ।

ਫੈਕਟਰੀ ਪੁੱਜ ਕੇ ਪਰਦੁੱਮਣ ਸਿੰਘ ਦਰਵਾਜ਼ੇ ਨੂੰ ਧੱਕਾ ਮਾਰ ਕੇ ਗਾਲ੍ਹ ਕੱਢਦਾ ਹੈ। ਤਾਰਿਕ ਬਾਹਰ ਨਿਕਲਦਾ ਹੈ। ਮੀਕਾ ਦੇਖਦੇ ਸਾਰ ਹੀ ਤਾਰਿਕ ਦੇ ਮੁੱਕੇ ਜੜਨ ਲਗਦਾ ਹੈ। ਤਾਰਿਕ ਬਾਂਹਾਂ ਨਾਲ ਮੂੰਹ ਬਚਾਉਂਦਾ ਡਿੱਗ ਪੈਂਦਾ ਹੈ ਜਦ ਤਕ ਫੈਕਟਰੀ ਦੇ ਹੋਰ ਕਾਮੇਂ ਵੀ ਬਾਹਰ ਨਿਕਲ ਆਉਂਦੇ ਹਨ। ਫਰੀਦਾ ਉਹਨਾਂ ਤਿੰਨਾਂ ਨੂੰ ਗਾਲ੍ਹਾਂ ਕੱਢਣ ਲਗਦੀ ਹੈ।

ਚੁਤਾਲੀ

ਪਾਲਾ ਸਿੰਘ ਦੀ ਮੁੱਛ ਹਾਲੇ ਵੀ ਖੜੀ ਹੈ। ਉਹ ਟੈਲੀ ਮੁਹਰੇ ਬੈਠਾ ਸੋਚ ਰਿਹਾ ਹੈ ਕਿ ਕੋਈ ਗੱਲ ਨਹੀਂ ਜੇ ਮੋਹਨ ਦੇਵ ਧੋਖਾ ਦੇ ਗਿਆ ਤਾਂ। ਇਹ ਛੋਟਾ ਅਮਰਦੇਵ ਤਾਂ ਸ਼ਰੀਫ ਹੈ। ਇਸ ਦਾ ਵਿਆਹ ਹੀ ਆਪਣੀ ਮਰਜ਼ੀ ਦਾ ਕਰੇਗਾ। ਮੋਹਨ ਦੇਵ ਤਾਂ ਪਹਿਲਾ ਹੀ ਲੂਸ਼ ਲੂਸ਼ ਕਰਦਾ ਫਿਰਦਾ ਹੁੰਦਾ ਸੀ। ਇਵੇਂ ਵਰਤਾਵ ਕਰਦਾ ਸੀ ਕਿ ਜਾਪਦਾ ਸੀ ਕਿ ਇਹ ਹੱਥ ਨਹੀਂ ਆਵੇਗਾ ਪਰ ਅਮਰਦੇਵ ਉਸ ਦਾ ਸਾਊ ਪੁੱਤ ਹੈ।

ਉਸ ਨੂੰ ਗੁਰਦਿਆਲ ਸਿੰਘ ਦੀ ਸਲਾਹ ਵੀ ਚੰਗੀ ਲਗਦੀ ਹੈ ਕਿ ਜ਼ਰੂਰੀ ਤਾਂ ਨਹੀਂ ਕਿ ਮੁੰਡਿਆਂ ਨੂੰ ਇੰਡੀਆ ਵਿਚ ਹੀ ਵਿਆਹਿਆ ਜਾਵੇ। ਇਥੇ ਵੀ ਤਾਂ ਕੁੜੀਆਂ ਮਿਲ ਜਾਂਦੀਆਂ ਹਨ। ਇੱਡੀ ਵੱਡੀ ਆਪਣੀ ਜਾਤ ਬਰਾਦਰੀ ਹੈ ਇਥੇ। ਇਹ ਬੱਚੇ ਇਥੇ ਜੰਮੇ ਹੋਏ ਹਨ ਤੇ ਇੰਡੀਆ ਵਿਆਹ ਕਰਾਉਣ ਤੋਂ ਡਰਦੇ ਵਿਆਹ ਤੋਂ ਹੀ ਮਿਟਣ ਲਗਦੇ ਹਨ। ਉਹ ਬੈਠਾ ਬੈਠਾ ਦੂਰ ਤਕ ਨਿਗਾਹ ਚੜ੍ਹਾਉਂਦਾ ਹੈ ਕਿ ਕਿਸ ਵਾਕਫਕਾਰ ਦੀ ਕੁੜੀ ਵਿਆਹੁਣ ਵਾਲੀ ਹੋਵੇ ਤੇ ਅਮਰਦੇਵ ਦੇ ਮੁਕਾਬਲੇ ਦੀ ਪੜ੍ਹੀ ਹੋਵੇ ਪਰ ਉਸ ਨੂੰ ਕੋਈ ਨਜ਼ਰ ਨਹੀਂ ਆਉਂਦੀ। ਉਹ ਸੋਚਦਾ ਹੈ ਕਿ ਕਿਉਂ ਨਾ ‘ਵਾਸ-ਪਰਵਾਸ’ ਵਿਚ ਨਾਂ ਦੇ ਦੇਵੇ। ਬਹੁਤ ਸਾਰੇ ਰਿਸ਼ਤੇ ਅਜਕਲ ਅਖ਼ਬਾਰਾਂ ਰਾਹੀਂ ਹੀ ਹੁੰਦੇ ਹਨ। ਬਲਕਿ ਅਜਕਲ ਅਖਬਾਰਾਂ ਹੀ ਵੱਡੀ ਵਿਚੋਲ ਗਿਰੀ ਕਰ ਰਹੀਆਂ ਹਨ। ਉਹ ਇਕ ਦਿਨ ਅਮਰ ਦੇਵ ਨੂੰ ਪੁੱਛਦਾ ਹੈ,

“ਕਿੱਦਾਂ ਬਈ ਵਿਆਹ ਬਾਰੇ ਤੇਰਾ ਕੀ ਖਿਆਲ ਐ? ਤੂੰ ਵੀ ਕਿਤੇ ਬੜੇ ਵਾਲੇ ਰਾਹੇ ਤਾਂ ਨਹੀਂ ਜਾਣਾ?”

“ਡੈਡ, ਤੈਨੂੰ ਵਿਆਹ ਤੋਂ ਬਿਨਾਂ ਹੋਰ ਕੁਸ਼ ਥਿੰਕ ਕਰਨ ਨੂੰ ਨਹੀਂ?”

“ਜਿਹੜੀ ਹਾਲਤ ਸਾਡੀ ਐ ਕਿ ਤੁਹਾਡੀ ਮਾਂ ਤੁਰ ਗਈ ਤੇ ਮੁੰਡੇ ਵਿਆਹੁਣ ਵਾਲੇ ਆ, ਏਸ ਹਾਲਤ ਵਿਚ ਤਾਂ ਤੁਹਾਡੇ ਵਿਆਹ ਬਹੁਤ ਦੇਰ ਦੇ ਹੋ ਜਾਣੇ ਚਾਹੀਦੇ ਸੀ।”

“ਕਿਉਂ?”

“ਕਿਉਂਕਿ ਘਰ ਸੰਭਾਲਣ ਲਈ ਔਰਤ ਦੀ ਲੋੜ ਹੁੰਦੀ ਐ, ਔਰਤ ਤਾਂ ਹੁਣ ਤੁਸੀਂ ਈ ਲਿਆ ਸਕਦੇ ਆਂ, ਮੋਹਨਦੇਵ ਤਾਂ ਗਿਆ, ਹੁਣ ਮੇਰੀ ਆਸ ਤਾਂ ਤੇਰੇ ਤੇ ਈ ਐ।”

“ਆਪਣਾ ਘਰ ਚਲਦਾ ਨਹੀਂ ਕਿਤੇ ?”

“ਚਲਣ ਨੂੰ ਤਾਂ ਚਲਦੈ ਪਰ ਏਹਦੀ ਮਾਲਕਣ ਹੈ ਨਹੀਂ।”

ਅਮਰਦੇਵ ਆਪਣੇ ਪਿਓ ਦੀ ਗੱਲ ਸਮਝ ਨਹੀਂ ਰਿਹਾ। ਪਾਲਾ ਸਿੰਘ ਵਿਸਥਾਰ ਵਿਚ ਦਸਣ ਲਗਦਾ ਹੈ,

“ਏਸ ਘਰ ਦਾ ਹੁਣ ਤੂੰ ਮਾਲਕ ਐ, ਵੱਡਾ ਗਿਆ ਆਪਣੇ ਰਾਹ ਤੇ ਮਨਿੰਦਰ ਨੂੰ ਆਪਾਂ ਵਿਆਹ ਕੇ ਉਹਦੇ ਘਰ ਭੇਜ ਦੇਣਾਂ ਤੇ ਫਿਰ ਤੂੰ ਹੀ ਰਹਿ ਗਿਆ ਨਾ ਇਕੱਲਾ, ਤੇ ਤੇਰੀ ਵਾਈਫ ਹੋਵੇਗੀ ਇਸ ਘਰ ਦੀ ਮਾਲਕਣ, ਸੋ ਪੁਤਰਾ, ਤੂੰ ਜਲਦੀ ਵਿਆਹ ਕਰਾ ਤਾਂ ਜੋ ਘਰ ਦੀ ਮਾਲਕਣ ਘਰ ਆਵੇ।”

“ਓ ਨੋ ਡੈਡ, ਨੌਟ ਸੀ, ਨੌਟ ਜੈਟ।”

“ਕਿਓ ? ਤੇਰੀ ਉਮਰ ਹੋ ਗਈ ਵਿਆਹ ਦੀ ਤੇ ਨਾਲੇ ਡਿਗਰੀ ਵੀ ਹੋ ਗਈ।”

“ਨਹੀਂ ਡੈਡ ਮੈਂ ਮਾਸਟਰ ਕਰਨੀ ਆਂ।”

“ਉਹ ਤਾਂ ਤੇਰੀ ਮਰਜ਼ੀ ਐ, ਮਾਸਟਰ ਕਰ ਜਾਂ ਡਾਕਟਰੇਟ ਕਰ ਪਰ ਕਿਸੇ ਛੋਟੀ ਜਾਤ ਵਿਚ ਵਿਆਹ ਨਹੀਂ ਕਰਾਉਣਾ, ਆਪਾਂ ਇੰਡੀਆ ਤੋਂ ਨਹੀਂ ਇਥੋਂ  ਈ ਕੁੜੀ ਲੱਭਾਂਗੇ।”

ਪਾਲਾ ਸਿੰਘ ਆਖਦਾ ਹੈ। ਪੁੱਤਰ ਚੁੱਪ ਰਹਿੰਦਾ ਹੈ। ਪਾਲਾ ਸਿੰਘ ਫਿਰ ਕਹਿਣ ਲਗਦਾ ਹੈ,

''ਕੁੜੀ ਤੇਰੀ ਮਰਜ਼ੀ ਦੀ ਈ ਹੋਊ, ਦੇਖੀਂ ਏਦਾਂ ਦੀ ਕੁੜੀ ਲੱਭੂੰ ਕਿ ਸਾਰੀ ਉਮਰ ਦੇਖ ਦੇਖ ਕੇ ਭੁੱਖ ਲਹਿ ਜਾਇਆ ਕਰੂ।''

''ਬਲੱਡੀ ਸੇਮ ਓਲਡ ਸਟੋਰੀ!''

ਕਹਿ ਕੇ ਅਮਰਦੇਵ ਹੱਸਣ ਲਗਦਾ ਹੈ। ਪਾਲਾ ਸਿੰਘ ਨੂੰ ਉਸ ਦਾ ਹਾਸਾ ਚੰਗਾ ਲਗਦਾ ਹੈ। ਹਾਸੇ ਵਿਚ ਹਾਂ ਦਿਸਦੀ ਹੈ। ਉਹ ਆਪਣੀ ਧੀ ਮਨਿੰਦਰ ਨਾਲ ਸਲਾਹਾਂ ਕਰਨ ਲਗਦਾ ਹੈ,

''ਹੁਣ ਆਪਾਂ ਅਮਰਦੇਵ ਦਾ ਵਿਆਹ ਕਰ ਦੇਈਏ।''

''ਡੈਡ, ਕਾਹਲ ਕਾਹਦੀ ਐ!''

''ਹੁਣ ਉਮਰ ਹੋ ਗਈ ਓਹਦੀ।''

''ਕੰਮ ਤੇ ਲਗਣ ਦੇ ਡੈਡ।''

ਮਨਿੰਦਰ ਸਿਆਣਿਆਂ ਵਾਂਗ ਆਖਦੀ ਹੈ। ਉਸ ਵਲ ਦੇਖ ਕੇ ਉਸ ਨੂੰ ਨਸੀਬ ਕੌਰ ਚੇਤੇ ਆ ਜਾਂਦੀ ਹੈ। ਉਹ ਜੀਉਂਦੀ ਹੁੰਦੀ ਤਾਂ ਗੱਲ ਹੋਰ ਸੀ। ਸਾਰੇ ਫਿਕਰ ਉਹ ਆਪ ਕਰਦੀ।

ਉਹ ਪੱਬ ਗਿਆ ਦੋਸਤਾਂ ਨੂੰ ਮੁੰਡੇ ਲਈ ਕੁੜੀ ਲੱਭਣ ਲਈ ਆਖਦਾ ਹੈ। ਗੁਰਦਿਆਲ ਸਿੰਘ ਨਾਲ ਵੀ ਇਹੋ ਸਲਾਹਾਂ ਕਰਨ ਲਗਦਾ ਚਿਤਵਣ ਲਗਦਾ ਹੈ। ਉਹ ਆਪਣੀ ਕਲਪਨਾ ਵਿਚ ਇਕ ਸੁਹਣੀ ਕੁੜੀ ਜਿਹੀ ਲਾਲ ਕਪੜੇ ਪਾਈ ਰਸੋਈ ਦਾ ਕੰਮ ਕਰਦੀ ਫਿਰਦੀ ਦੇਖਣ ਲਗਦਾ ਹੈ। ਫਿਰ ਆਪੇ ਹੀ ਹੱਸਦਾ ਹੈ ਕਿ ਜਿਸ ਨੇ ਵਿਆਹ ਕਰਾਉਣਾ ਹੈ ਉਸ ਨੂੰ ਸ਼ਾਇਦ ਚਿਤ ਚੇਤੇ ਵੀ ਨਾ ਹੋਵੇ।

ਇਕ ਦਿਨ ਅਮਰਦੇਵ ਆ ਕੇ ਦੱਸਦਾ ਹੈ,

''ਡੈਡ, ਮੈਨੂੰ ਜੌਬ ਮਿਲ ਗਈ?''

''ਨਾਈਸ! ਕਿਥੇ ਮਿਲੀ ਐ?''

''ਲੂਟਨ!''

''ਵੈਰੀ ਬੈਡ!''

''ਕਿਉਂ?''

''ਲੂਟਨ ਤਾਂ ਦੂਰ ਐ, ਨਾਲੇ ਤੇਰੀ ਪੜ੍ਹਾਈ ਦਾ ਕੀ ਬਣਿਆ?.... ਤੂੰ ਤੇ ਕਹਿੰਦਾ ਸੀ ਕਿ ਮਾਸਟਰ ਕਰਨੀ ਐ।''

''ਡੈਡ, ਨਾਲ ਦੀ ਨਾਲ ਈ ਕਰੀ ਜਾਣੀ ਆਂ।''

''ਤੂੰ ਛੱਡ ਏਸ ਜੌਬ ਨੂੰ ਮਾਸਟਰ ਕਰ ਪਹਿਲਾਂ, ਜੇ ਜੌਬ ਈ ਕਰਨੀ ਆਂ ਤਾਂ ਕੋਈ ਨੇੜੇ ਲੱਭ ਜਿਹੜਾ ਕਿ ਰੋਜ਼ ਘਰ ਆ ਜਾਵੇਂ।''

''ਡੈਡ, ਇਹ ਜੌਬ ਨਾਈਸ ਆ, ਪਰੋਮੋਸ਼ਨ ਦੇ ਚਾਂਸ ਐ, ਵੇਜਜ਼ ਫੋਰਟੀ ਕੇ ਤਕ ਹੋ ਜਾਣੀ ਆਂ।''

ਅਮਰਦੇਵ ਪੂਰੇ ਉਤਸ਼ਾਹ ਨਾਲ ਦੱਸ ਰਿਹਾ ਹੈ। ਪਾਲਾ ਸਿੰਘ ਦਾ ਕੁਝ ਹੋਰ ਕਹਿਣ ਦਾ ਹੌਂਸਲਾ ਨਹੀਂ ਪੈਂਦਾ। ਉਹ ਪੁੱਛਦਾ ਹੈ,

''ਵਿਆਹ ਲਈ 'ਵਾਸ-ਪਰਵਾਸ' ਵਿਚ ਐਡ ਦੇ ਦੇਵਾਂ?''

''ਨੌਟ ਜੈੱਟ ਡੈਡ, ਮੈਂ ਦੱਸੂੰ।''

''ਤੂੰ ਕਦੋਂ ਦੱਸੇਂਗਾ ?... ਜਦੋਂ ਵਾਲ ਚਿੱਟੇ ਹੋ ਗਏ ਤਾਂ!''

''ਸੂਨ ਡੈਡ, ਸੂਨ, ਵੈਰੀ ਸੂਨ, ਮੈਨੂੰ ਡਿਗਰੀ ਕਰਨ ਦੇ।''

ਅਮਰਦੇਵ ਲੂਟਨ ਹੀ ਰਹਿਣ ਲਗਦਾ ਹੈ। ਵੀਕ ਐਂਡ ਉਪਰ ਘਰ ਆਉਂਦਾ ਹੈ। ਫਿਰ ਪੰਦਰੀਂ ਦਿਨੀਂ ਆਉਣ ਲਗਦਾ ਹੈ। ਉਹ ਮਨਿੰਦਰ ਨੂੰ ਕਹਿੰਦਾ ਹੈ,

''ਮੈਨੂੰ ਤਾਂ ਏਸ ਮੁੰਡੇ ਦੇ ਚਾਲੇ ਠੀਕ ਨਹੀਂ ਲਗਦੇ।''

''ਕੀ ਹੋ ਗਿਆ ਡੈਡ?''

''ਦੇਖ, ਕਿੰਨੇ ਹਫਤੇ ਹੋ ਗਏ ਘਰ ਨਹੀਂ ਆਇਆ!''

''ਬੀਜ਼ੀ ਹੋਣਾ।''

''ਫੋਨ ਕਰ ਸਕਦਾ ਸੀ।''

''ਡੈਡ, ਮੈਂ ਫੋਨ ਕੀਤਾ ਸੀ, ਹੀ 'ਜ਼ ਓ ਕੇ।''

''ਉਹਨੂੰ ਕਹਿ ਜੌਬ ਛੱਡ ਦੇਵੇ ਨਹੀਂ ਤਾਂ ਕਹਿ ਕਿ ਮੈਂ ਵੀ ਲੂਟਨ ਈ ਆ ਜਾਣਾ।''

ਕਹਿ ਕੇ ਪਾਲਾ ਸਿੰਘ ਹੱਸਣ ਲਗਦਾ ਹੈ। ਮਨਿੰਦਰ ਵੀ ਹੱਸਦੀ ਹੈ। ਉਹ ਫਿਰ ਆਖਦੀ ਹੈ,

''ਡੈਡ, ਦੇਖ ਮੈਂ ਤੇਰੇ ਕੋਲ ਹੈਗੀ ਆਂ ਨਾ।''

''ਤੈਨੂੰ ਤਾਂ ਵੈਸਟ ਮਨਿਸਟਰ ਯੂਨੀ ਵਿਚ ਜਗਾਹ ਮਿਲ ਗਈ ਤਾਂ ਹੈਗੀ ਐ ਨਹੀਂ ਤਾਂ ਤੂੰ ਬਾਹਰ ਹੀ ਰਹਿਣਾ ਸੀ ਤੇ ਮੈਂ ਇਕੱਲੇ ਨੇ ਕੰਧਾਂ ਨਾਲ ਗੱਲਾਂ ਕਰਨੀਆਂ ਸੀ।''

ਕਹਿਣ ਨੂੰ ਤਾਂ ਪਾਲਾ ਸਿੰਘ ਕਹਿ ਜਾਂਦਾ ਹੈ ਪਰ ਬਾਅਦ ਵਿਚ ਪਛਤਾਉਂਦਾ ਹੈ ਕਿ ਇਹ ਗੱਲ ਉਸ ਨੂੰ ਨਹੀਂ ਸੀ ਕਹਿਣੀ ਚਾਹੀਦੀ। ਉਹ ਕਿਸੇ ਦਾ ਮੁਹਤਾਜ ਨਹੀਂ ਹੈ। ਉਹ ਫਿਰ ਮੁੱਛ ਨੂੰ ਮਰੋੜਾ ਦਿੰਦਾ ਆਖਦਾ ਹੈ,

"ਬੱਚਿਓ, ਜਿੱਦਾਂ ਮਰਜ਼ੀ ਕਰੋ, ਇਹ ਬੁੱਢਾ ਬੜੀ ਕਰੜੀ ਹੱਡੀ ਦਾ ਬਣਿਆ ਹੋਇਆ ਐ।"

ਉਹ ਅਮਰਦੇਵ ਬਾਰੇ ਗੁਰਦਿਆਲ ਸਿੰਘ ਨਾਲ ਗੱਲ ਕਰਦਾ ਹੈ, ਉਹ ਅਗੋਂ ਕਹਿੰਦਾ ਹੈ,

"ਪਾਲਾ ਸਿਆਂ, ਤੂੰ ਤਾਂ ਐਵੇਂ ਲੋਹੇ ਦਾ ਥਣ ਬਣਿਆ ਫਿਰਦੈਂ, ਮੁੰਡੇ ਈ ਐ ਸਾਲੇ, ਜਿੰਨਾ ਚਿਰ ਮਰਜ਼ੀ ਬਾਹਰ ਰਹਿਣ, ਜਿਥੇ ਮਰਜ਼ੀ ਜਾਣ ਤੂੰ ਸ਼ੁਕਰ ਕਰ ਕਿ ਤੇਰੀ ਕੁੜੀ ਚੰਗੀ ਐ।"

"ਕੁੜੀ ਤਾਂ ਨਿਰੀ ਸਾਊ ਐ ਵਿਚਾਰੀ, ਘਰ ਸਾਂਭੀ ਫਿਰਦੀ ਐ।"

ਕਹਿੰਦਿਆਂ ਉਸ ਨੂੰ ਮਨਿੰਦਰ ਨਾਲ ਪਿਆਰ ਆਉਣ ਲਗਦਾ ਹੈ। ਫਿਰ ਇਕ ਦਿਨ ਉਹੀ ਖਬਰ ਮਿਲ ਜਾਂਦੀ ਹੈ ਜਿਸ ਦਾ ਉਸ ਨੂੰ ਡਰ ਹੈ, ਜਿਸ ਨੂੰ ਉਹ ਅਣਮੰਨੇ ਮਨ ਨਾਲ ਉਡੀਕ ਰਿਹਾ ਹੈ। ਅਮਰਦੇਵ ਕਿਸੇ ਗੋਰੀ ਕੁੜੀ ਨਾਲ ਰਹਿਣ ਲਗ ਪਿਆ ਹੈ। ਇਸੇ ਲਈ ਘਰ ਨਹੀਂ ਆ ਰਿਹਾ। ਉਸ ਨੇ ਲੂਟਨ ਵਿਚ ਹੀ ਘਰ ਲੈ ਲਿਆ ਹੈ। ਮਨਿੰਦਰ ਦੱਸਦੀ ਹੈ,

"ਡੈਡ, ਅਮਰ ਡਰਦਾ ਘਰ ਨਹੀਂ ਆਉਂਦਾ, ਉਹਨੇ ਗੋਰੀ ਨਾਲ ਵਿਆਹ ਕਰਾਉਣਾ ਹੁਣ, ਕਲ ਫੋਨ ਕੀਤਾ ਸੀ ਮੇਰੇ ਮੋਬਾਈਲ ਤੇ।"

ਹੁਣ ਮੋਬਾਈਲ ਫੋਨ ਮਨਿੰਦਰ ਕੋਲ ਵੀ ਹੈ। ਪਾਲਾ ਸਿੰਘ ਗੁੱਸੇ ਵਿਚ ਮੁੱਠੀਆਂ ਮੀਟਦਾ ਆਖਦਾ ਹੈ,

"ਉਹਨੂੰ ਕਹਿ ਮੈਨੂੰ ਮਿਲੇ ਤਾਂ ਸਹੀ ਇਕ ਵਾਰ।"

"ਡੈਡ, ਉਹ ਡਰਦਾ ਈ ਘਰ ਨਹੀਂ ਆਉਂਦਾ।"

ਉਸ ਦਾ ਦਿਲ ਕਰਦਾ ਹੇ ਕਿ ਮੁੰਡੇ ਨੂੰ ਰਜਵੀਆਂ ਗਾਲ੍ਹਾਂ ਕੱਢੇ ਪਰ ਮਨਿੰਦਰ ਕੋਲ ਬੈਠੀ ਹੈ। ਉਹ ਚੁਪ ਰਹਿੰਦਾ ਤੇ ਟੈਲੀ ਦੇਖਦਾ ਮੁੱਛ ਨੂੰ ਮਰੋੜਾ ਦੇਣ ਲਗਦਾ ਹੈ।

## ਪੰਜਤਾਲੀ

ਗਰੇਵਾਲ ਦੀ ਨੌਕਰੀ ਅਜਿਹੀ ਹੈ ਕਿ ਛੁੱਟੀਆਂ ਵਾਹਵਾ ਹੋ ਜਾਂਦੀਆਂ ਹਨ। ਉਹ ਘੁੰਮਣ ਫਿਰਨ ਦਾ ਸ਼ੌਕੀਨ ਹੈ ਤੇ ਸਾਰੀ ਦੁਨੀਆਂ ਘੁੰਮਿਆ ਹੈ, ਇੰਨਾ ਘੁੰਮਿਆ ਹੈ ਕਿ ਹੁਣ ਮਨ ਅੱਕਿਆ ਪਿਆ ਹੈ ਫਿਰ ਵੀ ਛੁੱਟੀਆਂ ਵਿਚ ਉਸ ਤੋਂ ਘਰ ਨਹੀਂ ਬੈਠਿਆ ਜਾਂਦਾ। ਘਰ ਵਿਚਲੀ ਇਕੱਲ ਹੁਣ ਉਸ ਨੂੰ ਤੰਗ ਕਰਨ ਲੱਗਦੀ ਹੈ। ਕਦੇ ਸਮਾਂ ਸੀ ਕਿ ਉਹ ਸੋਚਦਾ ਸੀ ਕਿ ਉਹ ਕਿਧਰੇ ਵੀ ਉਮਰ ਭਰ ਇਕਾਂਤ ਕੱਟ ਸਕਦਾ ਹੈ ਪਰ ਹੁਣ ਉਹ ਅਕਸਰ ਸੋਚਣ ਲਗਦਾ ਹੈ ਕਿ ਕੋਈ ਸਾਥ ਹੋਵੇ।

ਦੋਸਤਾਂ ਵਿਚੋਂ ਹੁਣ ਜਗਮੋਹਣ ਹੀ ਉਸ ਦੇ ਨੇੜੇ ਹੈ ਪਰ ਜਗਮੋਹਣ ਦਾ ਆਪਣਾ ਪਰਿਵਾਰ ਹੈ ਜਿਸ ਦੀ ਉਸ ਨੇ ਸੰਭਾਲ ਕਰਨੀ ਹੁੰਦੀ ਹੈ। ਕਾਲਜ ਦੇ ਦੋਸਤ ਜਾਂ ਵਿਦਿਆਰਥੀ ਕਾਲਜ ਹੀ ਰਹਿ ਜਾਂਦੇ ਹਨ। ਦੋਸਤ ਕੁੜੀਆਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਪਰ ਕੋਈ ਸਥਾਈ ਦੋਸਤੀ ਨਹੀਂ ਬਣ ਰਹੀ। ਸਥਾਈ ਦੋਸਤੀ ਵਿਚ ਕਿੰਨੀਆਂ ਸਾਰੀਆਂ ਝਿਜਕਾਂ ਵੀ ਹਨ। ਸੋਚਦਾ ਸੋਚਦਾ ਗਰੇਵਾਲ ਕਈ ਵਾਰ ਹੈਰਾਨ ਰਹਿ ਜਾਂਦਾ ਹੈ ਕਿ ਇਕ ਕਿਸਮ ਨਾਲ ਉਸ ਨੇ ਸਾਰੇ ਸਮਾਜਿਕ ਰਿਸ਼ਤੇ ਤਿਆਗੇ ਹੋਏ ਹਨ ਪਰ ਫਿਰ ਵੀ ਸਮਾਜਿਕ ਬੰਧਨਾਂ ਦਾ ਉਸ ਨੂੰ ਹਾਲੇ ਬਹੁਤ ਫਿਕਰ ਹੈ। ਉਸ ਦੇ ਭਰਾਵਾਂ ਦੀਆਂ ਕੁੜੀਆਂ ਵੀ ਵੱਡੀਆਂ ਹੋ ਰਹੀਆਂ ਹਨ। ਕੋਈ ਗਲਤ ਕੰਮ ਜਾਂ ਅਣ-ਸਮਾਜਿਕ ਕੰਮ ਕਰਨ ਸਮੇਂ ਉਹ ਕੁੜੀਆਂ ਮੱਲੋਮੱਲੀ ਮੂਹਰੇ ਆ ਖੜਦੀਆਂ ਹਨ। ਭਾਵੇਂ ਉਸ ਨੇ ਭਰਾਵਾਂ ਦਾ ਤਿਆਗ ਕੀਤਾ ਹੋਇਆ ਹੈ ਪਰ ਮਨ ਵਿਚ ਹਾਲੇ ਵੀ ਕਿਧਰੇ ਅਪਣੱਤ ਹੈ। ਉਹਨੂੰ ਭਰਾਵਾਂ ਨਾਲ ਇਹੋ ਗੁੱਸਾ ਹੈ ਕਿ ਉਸ ਦੀ ਮਰਜ਼ੀ ਤੋਂ ਬਿਨਾਂ ਹੀ ਐਡੇ ਵੱਡੇ ਕਾਰੋਬਾਰ ਦੇ ਮਾਲਕ ਬਣ ਬੈਠੇ ਹਨ ਤੇ ਜੇ ਉਸ ਦੀ ਮਰਜ਼ੀ ਵੀ ਪੁੱਛ ਲੈਂਦੇ ਤਾਂ ਉਹ ਕਦੇ ਇਨਕਾਰ ਨਾ ਕਰਦਾ। ਉਹ ਭਰਾਵਾਂ ਦੇ ਘਰ ਨਹੀਂ ਜਾਂਦਾ ਤੇ ਨਾ ਹੀ ਉਹਨਾਂ ਨੂੰ ਆਪਣੇ ਘਰ ਵੜਨ ਦਿੰਦਾ ਹੈ ਪਰ ਉਹਨਾਂ ਦੇ ਬੱਚੇ ਕਿਧਰੇ ਮਿਲਣ ਤਾਂ ਪੂਰੇ ਮੋਹ ਨਾਲ ਮਿਲਦਾ ਹੈ।

ਕਦੇ ਕਦੇ ਉਸ ਨੂੰ ਔਰਤ ਦੀ ਤਲਬ ਹੋਣ ਲੱਗਦੀ ਹੈ। ਕਦੇ ਕਦੇ ਤਾਂ ਇਸ ਤਲਬ ਨੂੰ ਬਹੁਤ ਸ਼ਿੱਦਤ ਨਾਲ ਮਹਿਸੂਸ ਕਰਨ ਲੱਗਦਾ । ਉਸ ਦਾ ਮਨ ਕਰਦਾ ਹੈ ਕਿ ਕਾਲ ਗਰਲ ਨੂੰ ਘਰ ਸੱਦ ਲਵੇ। ਕਈ ਵਾਰ ਸਾਊਥਾਲ ਦਾ ਗੇੜਾ ਮਾਰਦਾ ਹੈ। ਰਾਤ ਨੂੰ ਥਾਂ ਥਾਂ ਵੇਸਵਾਵਾਂ ਖੜਦੀਆਂ ਹਨ। ਸਾਰੀਆਂ ਹੀ ਏਸ਼ੀਅਨ ਹੁੰਦੀਆਂ ਹਨ, ਉਹ ਵੀ ਪੰਜਾਬੀ। ਕਈ ਵਾਰ ਲਾਈਟਾਂ 'ਤੇ ਕਾਰ ਰੁਕਦਿਆਂ ਹੀ ਕੁੜੀ ਆ ਪੁੱਛਦੀ ਹੈ,

"ਯੂ ਫੈਂਸੀ ਬਿਜ਼ਨਸ ?"

ਗਰੇਵਾਲ ਮੁਸਕਰਾ ਦਿੰਦਾ ਹੈ। ਕੁਝ ਕਹੇ ਬਿਨਾਂ ਕੁੜੀ ਵੱਲ ਦੇਖਦਾ ਰਹਿੰਦਾ ਹੈ। ਜਦ ਤੱਕ ਲਾਈਟਾਂ ਗਰੀਨ ਹੋ ਜਾਂਦੀਆਂ ਹਨ ਤੇ ਉਹ ਕਾਰ ਤੋਰ ਲੈਂਦਾ ਹੈ। ਕਦੇ ਉਹ ਦਾੜ੍ਹੀ ਰੰਗ ਲੈਂਦਾ ਹੈ ਤੇ ਕਦੇ ਉਂਜ ਹੀ ਰਹਿਣ ਦਿੰਦਾ ਹੈ। ਛੁੱਟੀਆਂ 'ਤੇ ਜਾਣਾ ਹੋਵੇ ਤਾਂ ਦਾੜ੍ਹੀ ਰੰਗਣੀ ਜ਼ਰੂਰੀ ਹੋ ਜਾਂਦੀ ਹੈ। ਉਥੇ ਔਰਤਾਂ ਆਮ ਮਿਲ ਜਾਂਦੀਆਂ ਹਨ। ਚਿੱਟੀ ਦਾੜ੍ਹੀ ਦੇਖਦਿਆਂ ਔਰਤ ਦੀ ਮਰਦ ਪ੍ਰਤੀ ਨਰਮੀ ਉਭਰ ਆਉਂਦੀ ਤੇ ਇਹ ਨਰਮੀ ਗਰੇਵਾਲ ਨੂੰ ਪਸੰਦ ਨਹੀਂ ਹੁੰਦੀ। ਉਸ ਨੂੰ ਪਤਾ ਹੈ ਕਿ ਉਹ ਹਾਲੇ ਬੁੱਢਾ ਨਹੀਂ ਹੈ। ਉਹ ਚਾਹੁੰਦਾ ਹੈ ਕਿ ਔਰਤ ਉਸ ਨਾਲ ਸਖਤੀ ਨਾਲ ਹੀ ਪੇਸ਼ ਆਵੇ।

ਪਹਿਲਾਂ ਉਸ ਨੂੰ ਘਰ ਵਿਚ ਇਕੱਲਾਪਨ ਇੰਨਾ ਤੰਗ ਨਹੀਂ ਸੀ ਕਰਿਆ ਕਰਦਾ। ਪਿੱਛੇ ਜਿਹੇ ਉਸ ਨੇ ਇਕ ਕਿਤਾਬ ਪੜ੍ਹੀ ਹੈ। ਕਿਤਾਬ ਵਿਚ ਇਕ ਪੰਕਤੀ ਹੈ ਕਿ ਜਿਹੜੇ ਬੰਦੇ ਰਾਤ ਨੂੰ ਕਮਰੇ ਵਿਚ ਇਕੱਲੇ ਸੌਂਦੇ ਹਨ ਉਹ ਤਰਸ ਦੇ ਪਾਤਰ ਹੁੰਦੇ ਹਨ। ਉਹ ਸੌਣ ਕਮਰੇ ਵਿਚ ਤਾਂ ਕੀ ਪੂਰੇ ਘਰ ਵਿਚ ਇਕੱਲਾ ਸੌਂਦਾ ਹੈ।

ਜਦੋਂ ਤੋਂ ਸ਼ੀਲਾ ਸਪੈਰੋ ਨੇ ਆਉਣ ਦੀ ਗੱਲ ਕੀਤੀ ਹੈ ਉਦੋਂ ਤੋਂ ਉਸ ਅੰਦਰ ਇਕ ਅਜੀਬ ਜਿਹਾ ਚਾਅ ਹੈ। ਸ਼ੀਲਾ ਨਾਲ ਉਸ ਦੀ ਪੁਰਾਣੀ ਦੋਸਤੀ ਹੈ। ਉਦੋਂ ਦੀ ਜਦੋਂ ਸ਼ੀਲਾ ਨੇ ਹਾਲੇ ਕਵਿਤਾ ਲਿਖਣੀ ਸ਼ੁਰੂ ਨਹੀਂ ਸੀ ਕੀਤੀ। ਗਰੇਵਾਲ ਉਸ ਨੂੰ ਪਿਆਰ ਨਾਲ ਚਿੜੀ ਕਿਹਾ ਕਰਦਾ। ਸ਼ੀਲਾ ਉਸ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ ਪਰ ਗਰੇਵਾਲ ਦਾ ਵਿਆਹ ਕਿਸੇ ਰਿਸ਼ਤੇਦਾਰ ਨੇ ਕਿਧਰੇ ਪੱਕਾ ਕੀਤਾ ਹੋਇਆ ਸੀ। ਪਿਓ ਮਰਨ ਤੋਂ ਬਾਅਦ ਉਸ ਰਿਸ਼ਤੇਦਾਰ ਦੇ ਕਾਫੀ ਅਹਿਸਾਨ ਗਰੇਵਾਲ ਦੇ ਸਿਰ ਸਨ ਜਿਨ੍ਹਾਂ ਨੂੰ ਉਤਾਰਨ ਲਈ ਵਿਆਹ ਕਰਵਾਉਣਾ ਜ਼ਰੂਰੀ ਸੀ। ਵਿਆਹ ਹੋ ਗਿਆ। ਉਹ ਇੰਗਲੈਂਡ ਆ ਗਿਆ। ਉਧਰ ਸ਼ੀਲਾ ਵਿਯੋਗ ਵਿਚ ਕਵਿਤਾ ਲਿਖਣ ਲੱਗ ਗਈ। ਸ਼ੀਲਾ ਨੇ ਅੰਗਰੇਜ਼ੀ ਦੀ ਐਮ.ਏ. ਕੀਤੀ ਤੇ ਕਾਲਜ ਵਿਚ ਪੜ੍ਹਾਉਣ ਜਾ ਲੱਗੀ। ਸ਼ੀਲਾ ਦਾ ਵਿਆਹ ਹੋ ਗਿਆ। ਉਹ ਕਵਿਤਾ ਲਿਖਦੀ ਸ਼ੀਲਾ ਸਪੈਰੋ ਬਣ ਗਈ। ਪਹਿਲਾਂ ਅੰਗਰੇਜ਼ੀ ਵਿਚ ਲਿਖਦੀ ਸੀ ਫਿਰ ਪੰਜਾਬੀ ਵਿਚ ਵੀ ਲਿਖਣ ਲੱਗੀ। ਕਾਫੀ ਸਾਲ ਗਰੇਵਾਲ ਦਾ ਉਸ ਨਾਲ ਨਾਤਾ ਟੁੱਟਿਆ ਰਿਹਾ। ਫਿਰ ਕਦੇ ਕਦੇ ਉਸ ਦਾ ਨਾਂ ਕਿਸੇ ਅਖਬਾਰ ਜਾਂ ਰਸਾਲੇ ਵਿਚ ਪੜ੍ਹਨ ਨੂੰ ਮਿਲ ਜਾਂਦਾ ਜਿਥੇ ਉਸ ਦੀ ਕਵਿਤਾ ਜਾਂ ਕੋਈ ਲੇਖ ਛਪਿਆ ਹੁੰਦਾ। ਉਸ ਨੂੰ ਸ਼ੀਲਾ ਦਾ ਨਾਂ ਪੜ੍ਹ ਕੇ ਅਜੀਬ ਜਿਹੀ ਖੁਸ਼ੀ ਹੁੰਦੀ।

ਉਹ ਛੁੱਟੀਆਂ ਕੱਟਣ ਇੰਡੀਆ ਬਹੁਤ ਘੱਟ ਜਾਂਦਾ ਹੈ। ਇੰਡੀਆ ਵਿਚ ਉਸ ਦਾ ਕੋਈ ਹੈ ਵੀ ਨਹੀਂ। ਪਿੰਡ ਵਿਚ ਉਸ ਦਾ ਕੋਈ ਵਾਕਫ ਰਿਹਾ ਨਹੀਂ ਕਿ ਜਿਸ ਨਾਲ ਉਠ ਬੈਠ ਸਕੇ। ਉਸ ਲਈ ਤਾਂ ਪੂਰਾ ਇੰਡੀਆ ਹੀ ਓਪਰਾ ਹੈ। ਪੂਰੇ ਇੰਡੀਆ ਵਿਚ ਉਹ ਇਕ ਸ਼ੀਲਾ ਸਪੈਰੋ ਨੂੰ ਜਾਣਦਾ ਹੈ ਜਿਹੜੀ ਕਿ ਆਪਣੇ ਪਤੀ ਅਤੇ ਇਕ ਧੀ ਨਾਲ ਕਿਸੇ ਯੂਨੀਵਰਸਿਟੀ ਦੇ ਕਿਸੇ ਕੈਂਪਸ ਵਿਚ ਰਹਿੰਦੀ ਹੈ।

ਇਕ ਵਾਰ 'ਵਾਸ-ਪ੍ਰਵਾਸ' ਵਿਚ ਸ਼ੀਲਾ ਦੀਆਂ ਕਵਿਤਾਵਾਂ ਛਪਦੀਆਂ ਹਨ ਤੇ ਨਾਲ ਹੀ ਉਸ ਦਾ ਸਿਰਨਾਵਾਂ ਵੀ ਲਿਖਿਆ ਹੈ - ਸ਼ੀਲਾ ਸਪੈਰੋ, ਅੰਗਰੇਜ਼ੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। ਉਹ ਉਸੇ ਵੇਲੇ ਹੀ ਸ਼ੀਲਾ ਨੂੰ ਖਤ ਲਿਖਣ ਬੈਠ ਜਾਂਦਾ ਹੈ। ਸੰਖੇਪ ਜਿਹਾ ਬਹੁਤ ਅਰਥੀ ਖਤ ਲਿਖ ਮਾਰਦਾ ਹੈ। ਦੋ ਹਫਤੇ ਬਾਅਦ ਸ਼ੀਲਾ ਦਾ ਜਵਾਬ ਆ ਜਾਂਦਾ ਹੈ। ਖਤਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਗਰੇਵਾਲ ਨੂੰ ਇੰਡੀਆ ਆਪਣਾ ਆਪਣਾ ਲੱਗਣ ਲੱਗਦਾ ਹੈ। ਉਸ ਲਈ ਇੰਡੀਆ ਮੁੜ ਕੇ ਵਸ ਗਿਆ ਹੈ। ਹੋਰ ਖੁਸ਼ੀ ਦੀ ਗੱਲ ਇਹ ਕਿ ਸ਼ੀਲਾ ਦੀ ਆਪਣੇ ਪਤੀ ਨਾਲ ਅਲਹਿਦਗੀ ਹੋ ਚੁੱਕੀ ਹੈ। ਗਰੇਵਾਲ ਦੀਆਂ ਅੱਖਾਂ ਵਿਚ ਕਈ ਸੁਫਨੇ ਜਾਗ ਪੈਂਦੇ ਹਨ। ਉਹ ਭੱਜਦਾ ਹੋਇਆ ਭਾਰਤ ਪਹੁੰਚਦਾ ਹੈ। ਦਿੱਲੀ ਤੋਂ ਸਿੱਧਾ ਚੰਡੀਗੜ੍ਹ। ਯੂਨੀਵਰਸਿਟੀ ਤੇ ਸ਼ੀਲਾ ਦਾ ਘਰ। ਘਰ ਦਾ ਦਰਵਾਜ਼ਾ ਇਕ ਜਵਾਨ ਕੁੜੀ ਖੋਲ੍ਹਦੀ ਹੈ। ਸ਼ੀਲਾ ਦੀਆਂ ਅੱਖਾਂ ਤੇ ਸ਼ੀਲਾ ਦੇ ਨੱਕ ਵਾਲੀ ਕੁੜੀ। ਉਸ ਨੂੰ ਭੁੱਲ ਹੀ ਗਿਆ ਹੈ ਕਿ ਵਕਤ ਇੰਨੀ ਤੇਜ਼ੀ ਨਾਲ ਅੱਗੇ ਨਿਕਲ ਆਇਆ ਹੈ। ਗਰੇਵਾਲ ਦੀ ਕਾਹਲ ਮੱਠੀ ਪੈ ਜਾਂਦੀ ਹੈ। ਸ਼ੀਲਾ ਮਿਲਦੀ ਹੈ ਪਰ ਦੋਵੇਂ ਇਕ ਦੂਜੇ ਨੂੰ ਬਾਹਾਂ ਵਿਚ ਨਹੀਂ ਲੈ ਸਕਦੇ। ਮੋਨਾ ਉਨ੍ਹਾਂ ਦੇ ਵਿਚਕਾਰ ਹੈ। ਮੋਨਾ ਨੂੰ ਵੀ ਇੰਨੀ ਉਕਤ ਨਹੀਂ ਆ ਰਹੀ ਕਿ ਉਨ੍ਹਾਂ ਦੇ ਵਿਚਕਾਰੋਂ ਹਟ ਜਾਵੇ ਜਾਂ ਫਿਰ ਉਹ ਕੁਝ ਗੰਵਾ ਦੇਣ ਤੋਂ ਡਰਦੀ ਹੋਵੇਗੀ।

ਦੋ ਦਿਨ ਉਹ ਸ਼ੀਲਾ ਕੋਲ ਰਹਿੰਦਾ ਹੈ। ਪਹਿਲਾਂ ਕੁਝ ਨਹੀਂ ਬੋਲਦਾ ਪਰ ਤੁਰਨ ਲੱਗਾ ਆਖਦਾ ਹੈ,

"ਚੱਲ ਚਿੜੀਏ, ਘਰ ਵਸਾਈਏ।"

ਸ਼ੀਲਾ ਹੱਸਦੀ ਹੈ। ਉਸ ਨੂੰ ਪਤਾ ਨਹੀਂ ਚੱਲਦਾ ਕਿ ਸ਼ੀਲਾ ਕਿਉਂ ਹੱਸੀ ਹੈ। ਆਪਣੇ ਆਪ ਨੂੰ ਇਸ ਉਮਰ ਵਿਚ ਚਿੜੀ ਕਹਿਣ 'ਤੇ ਜਾਂ ਫਿਰ ਘਰ ਵਸਾਉਣ ਦੀ ਪੇਸ਼ਕਸ਼ 'ਤੇ। ਉਹ ਆਖਦੀ ਹੈ,

"ਘਰ ਵਸਾਉਣ ਦੇ ਮੌਸਮ ਵਿਚ ਤਾਂ ਉਹ ਜੱਟੀ ਜਿਹੀ ਫੜ ਲਿਆਇਆ ਸੈਂ ਕਿਧਰੋਂ।"

"ਭਲਾ ਘਰ ਵਸਾਉਣ ਦਾ ਵੀ ਮੌਸਮ ਹੁੰਦੈ?"

"ਪੱਛਮੀ ਸਮਾਜ ਵਿਚ ਨਹੀਂ ਹੁੰਦਾ ਹੋਵੇਗਾ ਪਰ ਇਥੇ ਹੁੰਦੈ, ਮੈਂ ਮੋਨਾ ਨੂੰ ਡਾਕਟਰੀ ਕਰਵਾਉਣੀ ਐ।"

ਗਰੇਵਾਲ ਕੁਝ ਨਹੀਂ ਆਖਦਾ। ਤੁਰ ਆਉਂਦਾ ਹੈ। ਚਿੱਠੀਆਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ ਪਰ ਉਸ ਨੂੰ ਜਾਪਦਾ ਹੈ ਕਿ ਹੁਣ ਚਿੱਠੀਆਂ ਲਿਖਣੀਆਂ ਫੋਕੇ ਹਥਿਆਰ ਚਲਾਉਣ ਵਾਂਗ ਹੀ ਹੈ। ਵਕਤ ਲੰਘਦਾ ਜਾਂਦਾ ਹੈ। ਗਰੇਵਾਲ ਹੋਰ ਇਕੱਲਾ ਹੁੰਦਾ ਜਾਂਦਾ ਹੈ। ਉਹ ਇਕ ਵਾਰ ਫਿਰ ਸ਼ੀਲਾ ਸਪੈਰੋ ਕੋਲ ਜਾ ਕੇ ਕੁਝ ਰਾਤਾਂ ਰਹਿ ਆਉਂਦਾ ਹੈ। ਉਸ ਨੂੰ ਇੰਗਲੈਂਡ ਆਉਣ ਦਾ ਸੱਦਾ ਦੇ ਆਉਂਦਾ ਹੈ। ਸ਼ੀਲਾ ਨਹੀਂ ਆਉਂਦੀ। ਉਹ ਆਖਦੀ ਹੈ ਕਿ ਹਾਲੇ ਵਕਤ ਢੁਕਵਾਂ ਨਹੀਂ ਹੈ। ਫਿਰ ਉਹ ਸੱਦਾ ਦੇਣ ਤੋਂ ਅੱਕ ਜਾਂਦਾ ਹੈ। ਇੰਡੀਆ ਜਾਣਾ ਵੀ ਚੰਗਾ ਨਹੀਂ ਲੱਗਦਾ। ਕਨੇਰੀ ਆਈਲੈਂਡ ਉਪਰ ਜਵਾਨ ਔਰਤਾਂ ਘੁੰਮਦੀਆਂ ਹਨ। ਪੂਰਾ ਸਪੇਨ ਤੇ ਇਟਲੀ ਰੰਗੀਨੀਆਂ ਨਾਲ ਭਰਿਆ ਪਿਆ ਹੈ। ਕਦੇ ਕਦੇ ਥਾਈਲੈਂਡ ਬਾਰੇ ਪੜ੍ਹਦਾ ਹੈ ਤੇ ਉਥੇ ਜਾਣ ਦੀਆਂ ਸਕੀਮਾਂ ਘੜਨ ਲੱਗਦਾ ਹੈ।

ਇਕ ਦਿਨ ਸ਼ੀਲਾ ਦੀ ਚਿੱਠੀ ਆਉਂਦੀ ਹੈ ਕਿ ਮੋਨਾ ਡਾਕਟਰੀ ਕਰ ਗਈ ਹੈ। ਉਹ ਫੋਨ ਕਰਕੇ ਪੁੱਛਦਾ ਹੈ,

"ਚਿੜੀਏ, ਹੁਣ ਕੀ ਖਿਆਲ ਐ?"

"ਤੁਹਾਨੂੰ ਪਤੈ ਕਿ ਮੋਨਾ ਆਪਣੇ ਫਾਦਰ ਦੀ ਕਰੋੜਾਂ ਦੀ ਜਾਇਦਾਦ ਦੀ ਇਕਲੌਤੀ ਵਾਰਸ ਐ, ਮੈਂ ਨਹੀਂ ਚਹੁੰਦੀ ਕਿ ਮੇਰੇ ਕਾਰਨ ਮੋਨਾ ਦੇ ਕਿਸੇ ਹੱਕ 'ਤੇ ਅਸਰ ਪਵੇ।"

"ਕਿਵੇਂ ਅਸਰ ਪੈ ਸਕਦੇ?"

"ਕਿਉਂਕਿ ਸਾਡਾ ਅਜੇ ਤਲਾਕ ਨਹੀਂ ਹੋਇਆ।"

"ਮੈਂ ਤੁਹਾਨੂੰ ਵਿਆਹ ਕਰਾਉਣ ਲਈ ਨਹੀਂ ਕਹਿ ਰਿਹਾ, ਇਥੇ ਆ ਕੇ ਮੇਰੇ ਨਾਲ ਇਕੱਠੇ ਰਹਿਣ ਲਈ ਕਹਿ ਰਿਹਾਂ।"
"ਮੈਂ ਸੋਚਾਂਗੀ।"

ਗਰੇਵਾਲ ਨੂੰ ਕੁਝ ਆਸ ਬਝਦੀ ਲਗਦੀ ਹੈ ਪਰ ਸ਼ੀਲਾ ਮੁੜ ਕੇ ਚੁੱਪ ਜਿਹਾ ਹੀ ਕਰ ਜਾਂਦੀ ਹੈ। ਉਸ ਦੀ ਚਿੱਠੀ ਦਾ ਉਤਰ ਵੀ ਨਹੀਂ ਦਿੰਦੀ। ਫੋਨ ਨੰਬਰ ਵੀ ਉਸ ਦਾ ਬਦਲਿਆ ਹੋਇਆ ਹੈ।

ਸਾਲ ਤੋਂ ਵੱਧ ਸਮੇਂ ਬਾਅਦ ਸ਼ੀਲਾ ਦਾ ਖਤ ਆਉਂਦਾ ਹੈ ਜਿਸ ਵਿਚ ਉਸ ਨੇ ਸ਼ੀਲਾ ਨੇ ਇੰਗਲੈਂਡ ਆਉਣ ਖਾਹਸ਼ ਦਾ ਇਜ਼ਹਾਰ ਕੀਤਾ ਹੈ ਪਰ ਚਿੜੀ ਬਣ ਕੇ ਨਹੀਂ ਸਗੋਂ ਸ਼ੀਲਾ ਸਪੈਰੋ ਬਣਕੇ। ਸ਼ੀਲਾ ਸਪੈਰੋ ਪੰਜਾਬੀ ਦੀ ਸਥਾਪਤ ਕਵਿਤਰੀ। ਗਰੇਵਾਲ ਨੂੰ ਮੁੜ ਚਾਅ ਚੜ੍ਹਨ ਲੱਗਦਾ ਹੈ। ਇਵੇਂ ਤਾਂ ਇਵੇਂ ਹੀ ਸਹੀ। ਉਹ ਆਪਣੇ ਘਰ ਨੂੰ ਧਿਆਨ ਨਾਲ ਦੇਖਣ ਲੱਗਦਾ ਹੈ ਜਿਥੇ ਆ ਕੇ ਸ਼ੀਲਾ ਨੇ ਤੁਰਨਾ ਹੈ, ਬੈਠਣਾ ਹੈ। ਆਪਣੇ ਨਿਸ਼ਾਨ ਛੱਡ ਕੇ ਜਾਣੇ ਹਨ। ਉਹ ਚਾਹੁੰਦਾ ਹੈ ਕਿ ਸ਼ੀਲਾ ਇਕਦਮ ਜਹਾਜ਼ੇ ਚੜ੍ਹ ਆਵੇ।

ਪਰ ਇਕਦਮ ਜਹਾਜ਼ੇ ਚੜ੍ਹਨਾ ਆਸਾਨ ਨਹੀਂ ਹੈ। ਵੀਜ਼ਾ ਲੈਣਾ ਪਵੇਗਾ। ਵੀਜ਼ੇ ਲਈ ਆਉਣ ਦਾ ਕਾਰਣ ਹੋਣਾ ਚਾਹੀਦਾ ਹੈ। ਵੈਸੇ ਤਾਂ ਆਉਣ ਦਾ ਕਾਰਨ ਜਾਂ ਕਿਸੇ ਵੀ ਮੁਲਕ ਨੂੰ ਜਾਣ ਦਾ ਕਾਰਨ ਉਥੇ ਦੀ ਸੈਰ ਹੀ ਕਾਫੀ ਹੁੰਦਾ ਹੈ। ਗਰੇਵਾਲ ਇਵੇਂ ਹੀ ਤਾਂ ਕਰਦਾ ਹੈ। ਜਿਥੇ ਵੀ ਜਾਣਾ ਹੁੰਦਾ ਹੈ, ਵੀਜ਼ੇ ਦੀ ਲੋੜ ਪਵੇ ਤਾਂ ਚੁੱਪ ਚਾਪ ਉਸ ਮੁਲਕ ਦੀ ਅੰਬੈਸੀ ਚਲੇ ਜਾਂਦਾ ਹੈ ਪਰ ਇੰਡੀਆ ਵਿਚ ਬਹੁਤੇ ਲੋਕ ਇਵੇਂ ਨਹੀਂ ਕਰਦੇ। ਉਨ੍ਹਾਂ ਨੂੰ ਸਿੱਧਿਆਂ ਵੀਜ਼ਾ ਲੈਣ ਜਾਣ ਤੋਂ ਡਰ ਲੱਗਦਾ ਹੈ ਕਿ ਨਾਂਹ ਹੀ ਨਾ ਹੋ ਜਾਵੇ। ਗਰੇਵਾਲ ਪੂਰੀ ਤਫਸੀਲ ਸ਼ੀਲਾ ਨੂੰ ਲਿਖਦਾ ਹੈ ਕਿ ਉਸ ਦੀ ਤਨਖਾਹ ਕਾਫੀ ਹੈ, ਉਸ ਦੀ ਜਾਇਦਾਦ ਵੀ ਹੈ, ਬੈਂਕ ਵਿਚ ਪੈਸੇ ਵੀ ਹਨ। ਉਹ ਦੁਨੀਆ ਦੀ ਸੈਰ ਦੇ ਹਰ ਤਰ੍ਹਾਂ ਕਾਬਲ ਹੈ। ਉਸ ਨੂੰ ਇਧਰੋਂ ਕਿਸੇ ਦੀ ਸਪੌਂਸਰਸ਼ਿੱਪ ਦੀ ਜਾਂ ਕਿਸੇ ਹੋਰ ਬਹਾਨੇ ਦੀ ਲੋੜ ਨਹੀਂ ਹੈ। ਪਰ ਜੋ ਸ਼ੀਲਾ ਦੇ ਮਨ ਵਿਚ ਹੈ ਗਰੇਵਾਲ ਉਹ ਨਹੀਂ ਸਮਝ ਰਿਹਾ। ਸ਼ੀਲਾ ਸ਼ੀਲਾ ਸਪੈਰੋ ਹੈ ਜੇਕਰ ਕੋਈ ਲੇਖਕ ਸਭਾ ਉਸ ਨੂੰ ਸੱਦੇਗੀ ਤਾਂ ਉਸ ਦਾ ਮਾਣ ਵਧੇਗਾ। ਪੰਜਾਬੀ ਦੇ ਕਿੰਨੇ ਹੀ ਲੇਖਕ ਤੇ ਲੇਖਕਾਵਾਂ ਇੰਗਲੈਂਡ ਦਾ ਚਕਰ ਲਗਾ ਕੇ ਜਾਂਦੇ ਹਨ ਤੇ ਉਹਨਾਂ ਦੀਆਂ ਵੱਡੀਆਂ ਵੱਡੀਆਂ ਖਬਰਾਂ ਲਗਦੀਆਂ ਹਨ। ਸੋ ਉਹ ਚਾਹੁੰਦੀ ਹੈ ਕਿ ਉਸ ਨੂੰ ਕੋਈ ਸਭਾ ਜਾਂ ਸੰਸਥਾ ਸੱਦੇ ਤਾਂ ਉਹ ਆਵੇ ਤੇ ਸਭਾ ਉਸ ਦਾ ਬਣਦਾ ਮਾਣ-ਤਾਣ ਵੀ ਕਰੇ। ਕਿਸੇ ਵੱਡੇ ਸਾਹਿਤਕ ਇਕੱਠ ਦੀ ਉਹ ਪਰਧਾਨਗੀ ਕਰੇ। ਅਖਬਾਰਾਂ ਵਿਚ ਉਸ ਦੀ ਚਰਚਾ ਹੋਵੇ। ਉਸ ਨੂੰ ਆਪਣੇ ਸਾਹਿਤਕ ਕੱਦ ਦਾ ਪਤਾ ਹੈ ਤੇ ਉਸ ਦੇ ਮੁਤਾਬਕ ਹੀ ਇੰਗਲੈਂਡ ਦਾ ਚੱਕਰ ਲਗਾਉਣਾ ਚਾਹੁੰਦੀ ਹੈ।

ਗਰੇਵਾਲ ਨੇ ਪਰਵਾਨੇ ਉਸ ਦੇ ਘਰ ਜਾ ਕੇ ਗੱਲ ਕੀਤੀ ਹੋਈ ਹੈ। ਪਰਵਾਨਾ ਕਹਿੰਦਾ ਹੈ ਕਿ ਜਦ ਇਹਨਾਂ ਗਰਮੀਆਂ ਵਿਚ ਇਕ ਵੱਡਾ ਸਮਾਗਮ ਕਰਾਇਆ ਜਾਵੇਗਾ ਤਦ ਸ਼ੀਲਾ ਸਪੈਰੋ ਨੂੰ ਵੀ ਸੱਦਾ ਭੇਜ ਦਿਤਾ ਜਾਵੇਗਾ। ਗਰੇਵਾਲ ਇਸੇ ਹਿਸਾਬ ਨਾਲ ਮਾਨਸਿਕ ਤੌਰ ਤੇ ਤਿਆਰ ਹੋ ਰਿਹਾ ਹੈ। ਪਰ ਉਹ ਮੁੜ ਕੇ ਪਰਵਾਨੇ ਨੂੰ ਨਹੀਂ ਮਿਲ ਸਕਦਾ ਫੋਨ ਵੀ ਨਹੀਂ ਕਰਦਾ। ਉਸ ਨੂੰ ਹੈ ਕਿ ਪਰਵਾਨਾ ਹੀ ਸਭਾ ਦਾ ਕਰਤਾ ਧਰਤਾ ਹੈ ਕੁਝ ਦੇਰ ਪਹਿਲਾਂ ਉਸ ਨੂੰ ਮਿਲੇਗਾ ਤੇ ਕੰਮ ਹੋ ਜਾਵੇਗਾ। ਉਹ ਮਈ ਦੇ ਅੱਧ ਵਿਚਕਾਰ ਪਰਵਾਨੇ ਨੂੰ ਮਿਲਦਾ ਹੈ। ਕਹਿੰਦਾ ਹੈ,
"ਪਰਵਾਨਾ ਸਾਹਿਬ, ਕਦੋਂ ਕੁ ਕਰਵਾ ਰਹੇ ਓ ਫੰਕਸ਼ਨ?"
"ਇਸ ਸਾਲ ਸਾਡੀ ਸਭਾ ਦਾ ਫੰਕਸ਼ਨ ਕੈਂਸਲ ਹੋ ਗਿਆ ਕਿਉਂਕਿ ਕੈਨੈਡਾ ਵਿਚ ਮੇਰੇ ਮਾਣ ਵੱਡਾ ਪਰੋਗਰਾਮ ਹੋ ਰਿਹੈ, ਮੈਂ ਤਾਂ ਐਤਕੀਂ ਉਥੇ ਚਲੇ ਜਾਣਾ। ਅਗਲੇ ਸਾਲ ਦੇਖਾਂਗੇ।"

ਗਰੇਵਾਲ ਖੜਾ ਉਸ ਵਲ ਦੇਖਦਾ ਰਹਿ ਜਾਂਦਾ ਹੈ। ਉਹ ਪੁੱਛਦਾ ਹੈ,
"ਜਿਹੜਾ ਤੁਸੀਂ ਸ਼ੀਲਾ ਸਪੈਰੋ ਨੂੰ ਸੱਦਾ ਭੇਜਣ ਦਾ ਵਾਅਦਾ ਕੀਤਾ ਸੀ ਓਹਦਾ ਕੀ ਬਣੇਗਾ?"
"ਹੀ, ਸੱਦਾ ਭੇਜ ਦਿੰਨੇ ਆਂ, ਸੱਦਾ ਤਾਂ ਮਹਿਜ਼ ਇਕ ਕਾਰਵਾਈ ਐ, ਪਰੋਗਰਾਮ ਕਰਾਉਣਾ ਕੋਈ ਜ਼ਰੂਰੀ ਨਹੀਂ।"

ਗਰੇਵਾਲ ਫੋਨ ਕਰਕੇ ਸਾਰੀ ਗੱਲ ਸ਼ੀਲਾ ਨੂੰ ਦਸਦਾ ਹੈ ਪਰ ਸ਼ੀਲਾ ਨੂੰ ਖਾਲੀ ਸੱਦਾ ਨਹੀਂ ਚਾਹੀਦਾ। ਜੇਕਰ ਕੋਈ ਫੰਕਸ਼ਨ ਹੀ ਨਹੀਂ ਤਾਂ ਉਹ ਆ ਕੇ ਕੀ ਕਰੇਗੀ।

ਸ਼ੀਲਾ ਦਾ ਆਉਣਾ ਮੁਲਤਵੀ ਹੋ ਜਾਂਦਾ ਹੈ। ਇਸ ਤਰ੍ਹਾਂ ਪਰੋਗਰਾਮ ਦੇ ਕੈਂਸਲ ਹੋ ਜਾਣ ਤੇ ਸ਼ੀਲਾ ਦੇ ਹਉਮੈ ਨੂੰ ਬਹੁਤ ਸੱਟ ਵਜਦੀ ਹੈ। ਉਸ ਨੂੰ ਗਰੇਵਾਲ 'ਤੇ ਵੀ ਗੁੱਸਾ ਆ ਰਿਹਾ ਹੈ ਕਿ ਉਸ ਨੇ ਪੂਰੀ ਜ਼ਿੰਮੇਵਾਰੀ ਨਹੀਂ ਦਿਖਾਈ। ਇਵੇਂ ਅਚਾਨਕ ਵੀ ਕਦੇ ਫੰਕਸ਼ਨ ਕੈਂਸਲ ਹੁੰਦੇ ਹਨ। ਉਸ ਨੂੰ ਇੰਗਲੈਂਡ ਦੇ ਲੇਖਕ ਵੀ ਬਹੁਤ ਗੈਰਜ਼ਿੰਮੇਵਾਰ ਲਗਦੇ ਹਨ। ਉਸ ਨੇ ਇਹ ਕਦੇ ਨਹੀਂ ਸੀ ਸੋਚਿਆ ਕਿ ਇਹ ਲੋਕ ਇੰਨੇ ਬੇਇਤਬਾਰੇ ਵੀ ਹੋ ਸਕਦੇ ਹਨ। ਇਹ ਤਾਂ ਸ਼ੁਕਰ ਹੈ ਕਿ ਉਸ ਨੇ ਹਾਲੇ ਬਹੁਤੀ ਤਿਆਰੀ ਨਹੀਂ ਕੀਤੀ। ਬਹੁਤੇ ਲੋਕਾਂ ਨਾਲ ਆਪਣੇ ਜਾਣ ਦੀ ਗੱਲ ਵੀ ਸਾਂਝੀ ਨਹੀਂ ਕੀਤੀ। ਗਰੇਵਾਲ ਦੇ ਤਾਂ ਹੌਸਲੇ ਹੀ ਪਸਤ ਹੋ ਜਾਂਦੇ ਹਨ। ਉਸ ਦੀਆਂ ਸਕੀਮਾਂ ਬਣੀਆਂ ਬਣਾਈਆਂ ਰਹਿ ਜਾਂਦੀਆਂ ਹਨ। ਉਸ ਦੇ ਸੁਫਨਿਆਂ 'ਤੇ ਪਾਣੀ ਫਿਰ ਜਾਂਦਾ ਹੈ। ਉਹ ਤਰ੍ਹਾਂ ਤਰ੍ਹਾਂ ਦੇ ਠੁਮਣੇ ਦੇ ਕੇ ਆਪਣੇ ਦਿਲ ਨੂੰ ਖੜਾ ਕਰਨ ਦੀ ਕੋਸ਼ਿਸ਼ ਕਰਨ ਲਗਦਾ ਹੈ।

ਉਹ ਵੀਰਵਾਰ ਕਾਲਜ ਤੋਂ ਵਾਪਸ ਆ ਕੇ ਸੈਟੀ ਉਪਰ ਹੀ ਪੈ ਜਾਂਦਾ ਹੈ। ਉਥੇ ਹੀ ਸੁੱਤਾ ਰਹਿੰਦਾ ਹੈ। ਪੂਰਾ ਦਿਨ ਸ਼ੁੱਕਰਵਾਰ ਵੀ ਪਿਆ ਰਹਿੰਦਾ ਹੈ। ਸ਼ਾਮ ਨੂੰ ਉਠ ਕੇ ਨਹਾਉਂਦਾ ਹੈ ਤੇ ਕਾਰ ਚੁੱਕ ਕੇਂਦਰੀ ਲੰਡਨ ਵਲ ਨੂੰ ਨਿਕਲ ਜਾਂਦਾ ਹੈ। ਰੈਡ ਲਾਈਟ ਏਰੀਏ ਦਾ ਚੱਕਰ ਲਗਾਉਂਦਾ ਹੈ। ਪਰ ਕਿਤੇ ਕਾਰ ਨਹੀਂ ਰੋਕਦਾ। ਦੋ ਘੰਟੇ ਘੁੰਮ ਕੇ ਵਾਪਸ ਮੁੜ ਆਉਂਦਾ ਹੈ। ਸਾਊਥਾਲ ਦੀਆਂ ਸੜਕਾਂ ਉਪਰ ਵੀ ਗੇੜਾ ਕਢਦਾ ਹੈ। ਕਿਤੇ ਕੋਈ ਕੁੜੀ ਖੜੀ ਨਹੀਂ ਦਿਸਦੀ, ਪਤਾ ਨਹੀਂ ਕਿਥੇ ਮਰ ਗਈਆਂ ਸਭ। ਉਹ ਸੋਚਦਾ ਹੈ ਘਰ ਜਾ ਕੇ ਕਿਸੇ ਕਾਲ ਗਰਲ ਨੂੰ ਫੋਨ ਕਰੇ। ਕੁਝ ਸਾਲ ਪਹਿਲਾਂ ਉਹ ਇਕ

ਪੰਜਾਬੀ ਕੁੜੀ ਨੂੰ ਸਦ ਲਿਆ ਕਰਦਾ ਸੀ। ਘਰ ਆ ਕੇ ਉਹ ਉਸ ਕਾਲ ਗਰਲ ਦਾ ਫੋਨ ਨੰਬਰ ਲਭਣ ਦੀ ਕੋਸ਼ਿਸ਼ ਕਰਦਾ ਹੈ ਪਰ ਨਹੀਂ ਲਭਦਾ।

ਉਹ ਸਨਿਚਰਵਾਰ ਦਾ ਪੂਰਾ ਦਿਨ ਵੀ ਸੈਟੀ ਉਪਰ ਪੈ ਕੇ ਹੀ ਕੱਢ ਦਿੰਦਾ ਹੈ।

ਛਿਆਲੀ

ਮਨਿੰਦਰ ਜਗਮੋਹਨ ਨੂੰ ਸਵਿਮਿੰਗ ਗਏ ਨੂੰ ਅਕਸਰ ਮਿਲ ਪੈਂਦੀ ਹੈ ਪਰ ਹੈਲੋ ਤੋਂ ਜ਼ਿਆਦਾ ਕਦੇ ਕੋਈ ਗੱਲ ਨਹੀਂ ਹੁੰਦੀ। ਜਗਮੋਹਣ ਨੂੰ ਉਹ ਬਹੁਤ ਸੁਹਣੀ ਲਗਦੀ ਹੈ। ਜਦੋਂ ਉਹ ਇੰਗਲੈਂਡ ਆਇਆ ਸੀ ਤਾਂ ਮਨਿੰਦਰ ਬਹੁਤ ਛੋਟੀ ਸੀ। ਜਗਮੋਹਨ ਨੇ ਕਦੀ ਸੋਚਿਆ ਹੀ ਨਹੀਂ ਸੀ ਕਿ ਇਹ ਵੱਡੀ ਹੋ ਕੇ ਇੰਨੀ ਸੁਹਣੀ ਨਿਕਲੇਗੀ। ਜੇ ਪਾਲਾ ਸਿੰਘ ਦੇ ਪਰਿਵਾਰ ਨਾਲ ਨੇੜਤਾ ਨਾ ਹੁੰਦੀ ਤਾਂ ਉਹ ਜ਼ਰੂਰ ਮਨਿੰਦਰ ਤਕ ਦੋਸਤੀ ਲਈ ਪਹੁੰਚ ਕਰਦਾ। ਗਰੇਵਾਲ ਨਾਲ ਮਨਿੰਦਰ ਬਾਰੇ ਗੱਲਾਂ ਕਰਨ ਲਗਦਾ ਹੈ। ਗਰੇਵਾਲ ਪੁੱਛਦਾ ਹੈ,

''ਫਿਰ ਤੈਨੂੰ ਦੂਜੀਆਂ ਔਰਤਾਂ ਹੌਂਟ ਕਿਉਂ ਕਰਨ ਲਗ ਜਾਂਦੀਆਂ ਨੇ!''

ਜਗਮੋਹਨ ਸੋਚਣ ਲਗ ਪੈਂਦਾ ਹੈ। ਕੁਝ ਦੇਰ ਬਾਅਦ ਬੋਲਦਾ ਹੈ,

''ਪਤਾ ਨਹੀਂ ਕਿਉਂ।''

''ਤੇਰੇ ਮਨਦੀਪ ਨਾਲ਼ ਸਬੰਧ ਕਿਹੋ ਜਿਹੇ ਨੇ?''

''ਠੀਕ ਐ ਪਰ ਸਰ ਜੀ, ਮੈਨੂੰ ਘਰ ਦੇ ਟੁੱਟਣ ਤੋਂ ਬਹੁਤ ਡਰ ਲਗਦੈ, ਘਰ ਟੁੱਟਣ ਨਾਲ ਜੋ ਬੱਚਿਆਂ ਨਾਲ ਬੀਤਦੀ ਐ ਓਹ ਬਹੁਤ ਸਭ ਘਿਨਾਉਣਾ ਐ। ਮੈਂ ਆਮ ਤੌਰ ਤੇ ਸੋਚਦਾ ਹੁੰਨਾਂ ਕਿ ਜੇ ਕਿਧਰੇ ਕੋਈ ਗੜਬੜ ਹੋਈ ਤਾਂ ਮੈਂ ਔਖ ਝੱਲ ਲਊਂ, ਕਿਸੇ ਨਾ ਕਿਸੇ ਤਰ੍ਹਾਂ ਘਰਵਾਲੀ ਨਾਲ ਰਹੀ ਜਾਊਂ ਪਰ ਬੱਚਿਆਂ ਨੂੰ ਇਕੱਲੇ ਨਹੀਂ ਛੱਡਣਾ।''

''ਕੋਈ ਨਾ ਕੋਈ ਗੱਲ ਤਾਂ ਮਨਦੀਪ ਵਿਚ ਅਧੂਰੀ ਐ ਜਿਹੜੀ ਕਿ ਤੈਨੂੰ ਮਨਿੰਦਰਾਂ ਵਿਚ, ਸੁਖੀਆਂ ਵਿਚ ਜਾਂ ਪ੍ਰੀਤੀਆਂ ਵਿਚ ਦਿਸਦੀ ਐ।''

''ਸ਼ਾਇਦ ਮਨਦੀਪ ਵਿਚ ਸਾਹਸ ਦੀ ਘਾਟ ਐ, ਉਹ ਆਪਣੇ ਮਾਂਪਿਓ ਨਾਲ ਐਸੀ ਬੱਝੀ ਹੋਈ ਐ ਕਿ ਉਹਨਾਂ ਬਿਨਾਂ ਕੋਈ ਫੈਸਲਾ ਹੀ ਨਹੀਂ ਕਰ ਸਕਦੀ, ਤੇ ਇਹ ਔਰਤਾਂ ਮੈਨੂੰ ਮਰਜ਼ੀ ਕਰਦੀਆਂ ਦਿਸਦੀਆਂ, ਸ਼ਾਇਦ ਇਹੋ ਕਾਰਨ ਹੋਵੇ।''

ਜਗਮੋਹਣ ਦਸਦਾ ਹੈ। ਪਰ ਉਹ ਗਰੇਵਾਲ ਤੋਂ ਇਹ ਛੁਪਾ ਜਾਂਦਾ ਹੈ ਕਿ ਇਕ ਸ਼ੱਕ ਜਿਹੀ ਹਰ ਵੇਲੇ ਉਸ ਦੇ ਮਨ ਵਿਚ ਤਰਦੀ ਰਹਿੰਦੀ ਹੈ ਕਿ ਸ਼ਾਇਦ ਮਨਦੀਪ ਦੇ ਮਨ ਵਿਚ ਕੋਈ ਹੋਰ ਹੈ। ਇਕ ਤੇ ਮਨਦੀਪ ਕਿਸੇ ਵੀ ਗੱਲੋਂ ਉਸ ਦਾ ਕਦੇ ਵੀ ਬਹੁਤਾ ਵਿਰੋਧ ਨਹੀਂ ਕਰਦੀ ਜਿਵੇਂ ਆਮ ਪਤਨੀਆਂ ਕਰਦੀਆਂ ਹਨ, ਘਰ ਵਿਚ ਉਸ ਦੇ ਹਰ ਫੈਸਲੇ ਨੂੰ ਜਿਵੇਂ ਦਾ ਤਿਵੇਂ ਮੰਨ ਜਾਂਦੀ ਹੈ ਤੇ ਦੂਜਾ ਸਹਿਵਾਸ ਸਮੇਂ ਉਸ ਦੀ ਕਿਸੇ ਕਿਸਮ ਦੀ ਸ਼ਮੂਲੀਅਤ ਨਹੀਂ ਹੁੰਦੀ ਜਿਵੇਂ ਪਹਿਲੀਆਂ ਵਿਚ ਹੋਇਆ ਕਰਦੀ ਸੀ। ਜਗਮੋਹਨ ਜ਼ਿਦਗੀ ਦੀ ਗੱਡੀ ਚਲਾਉਣ ਵਾਸਤੇ ਇਹ ਸਭ ਦਬਾ ਰੱਖਦਾ ਹੈ। ਇਸ ਬਾਰੇ ਉਹ ਸੋਚਣਾ ਵੀ ਨਹੀਂ ਚਾਹੁੰਦਾ।

ਉਸ ਨੂੰ ਗਰੇਵਾਲ ਦੀ ਹੁਣ ਆਦਤ ਜਿਹੀ ਪੈ ਗਈ ਹੈ। ਜੇ ਕੁਝ ਦਿਨ ਉਸ ਨਾਲ ਗੱਲਬਾਤ ਨਾ ਹੋਵੇ ਤਾਂ ਉਸ ਨੂੰ ਕੁਝ ਗਵਾਚਾ ਗਵਾਚਾ ਲਗਣ ਲਗਦਾ ਹੈ। ਗਰੇਵਾਲ ਨੂੰ ਸ਼ਾਇਦ ਇਵੇਂ ਨਹੀਂ ਹੈ। ਉਸ ਨੇ ਕਿਸੇ ਪਾਸੇ ਖਿਸਕਣਾ ਹੋਵੇ ਤਾਂ ਚੁਪ ਚਾਪ ਨਿਕਲ ਜਾਂਦਾ ਹੈ। ਹੁਣ ਵੀ ਕਈ ਦਿਨ ਹੋ ਗਏ ਹਨ ਉਹ ਗਰੇਵਾਲ ਨੂੰ ਫੋਨ ਤੇ ਫੋਨ ਕਰੀ ਜਾ ਰਿਹਾ ਹੈ। ਉਸ ਦੀ ਅਨਸਰਿੰਗ ਮਸ਼ੀਨ ਤੇ ਸੁਨੇਹੇ ਵੀ ਛੱਡਦਾ ਹੈ ਪਰ ਗਰੇਵਾਲ ਵਲੋਂ ਕੋਈ ਜਵਾਬ ਨਹੀਂ ਆ ਰਿਹਾ। ਉਸ ਨੂੰ ਲਗਦਾ ਹੈ ਕਿ ਛੁੱਟੀਆਂ ਹੋਣਗੀਆਂ ਤੇ ਕਿਸੇ ਪਾਸੇ ਚਲੇ ਗਿਆ ਹੋਵੇਗਾ। ਸ਼ਾਮ ਨੂੰ ਉਹ ਉਸਦੇ ਘਰ ਦੇ ਮੂਹਰ ਦੀ ਲੰਘਦਾ ਹੈ ਤਾਂ ਦੇਖਦਾ ਹੈ ਕਿ ਗਰੇਵਾਲ ਦੀ ਕਾਰ ਹਿਲੀ ਹੋਈ ਹੈ ਭਾਵ ਕਿ ਕਾਰ ਵਰਤੀ ਹੋਈ ਹੈ। ਇਸ ਦਾ ਮਤਲਵ ਗਰੇਵਾਲ ਆਲੇ ਦੁਆਲੇ ਹੀ ਹੈ। ਸ਼ਾਇਦ ਘਰ ਹੀ ਹੋਵੇ। ਇਹ ਸੋਚਦਿਆਂ ਉਸ ਨੂੰ ਫਿਕਰ ਹੋਣ ਲਗਦਾ ਹੈ ਕਿ ਇਕੱਲੀ ਜਾਨ ਹੈ ਕਿਤੇ ਕੁਝ ਹੋ ਹੀ ਨਾ ਗਿਆ ਹੋਵੇ। ਗਰੇਵਾਲ ਦਾ ਭਾਰ ਵੀ ਤਾਂ ਕੁਝ ਜ਼ਿਆਦਾ ਹੈ। ਜਗਮੋਹਨ ਕਈ ਵਾਰ ਕਹਿ ਚੁੱਕਾ ਹੈ ਕਿ ਸਰ ਜੀ ਕੋਈ ਵਰਜਿਸ਼ ਕਰਿਆ ਕਰੋ। ਜ਼ਰਾ ਭਾਰ ਘਟਾਓ ਪਰ ਗਰੇਵਾਲ ਹੱਸ ਛਡਦਾ ਹੈ। ਜਗਮੋਹਨ ਉਸ ਦੇ ਘਰ ਦੀ ਘੰਟੀ ਵਜਾਉਂਦਾ ਹੈ। ਅੰਦਰਲੀ ਹਿਲਜੁਲ ਤੋਂ ਲਗਦਾ ਹੈ ਕਿ ਕੋਈ ਘਰ ਹੈ। ਕਾਫੀ ਦੇਰ ਬਾਅਦ ਗਰੇਵਾਲ ਦਰਵਾਜ਼ਾ ਖੋਲ੍ਹਦਾ ਹੈ। ਉਸ ਦਾ ਚਿਹਰਾ ਉਤਰਿਆ ਹੋਇਆ ਹੈ ਜਿਵੇਂ ਦੇਰ ਦਾ ਬਿਮਾਰ ਹੋਵੇ। ਜਗਮੋਹਣ ਇਕਦਮ ਪੁੱਛਦਾ ਹੈ,

''ਸਰ ਜੀ, ਠੀਕ ਤਾਂ ਓ ?... ਕੀ ਹਾਲਤ ਬਣਾ ਰੱਖੀ ਐ !''

''ਠੀਕ ਆਂ, ਸੈਟੀ 'ਤੇ ਪਏ ਪਏ ਨੂੰ ਨੀਂਦ ਆ ਗਈ ਸੀ।''

''ਮੈਂ ਬਹੁਤ ਫੋਨ ਕੀਤੇ, ਤੁਸੀਂ ਚੁੱਕਿਆ ਈ ਨਹੀਂ।''

''ਅੰਦਰ ਆ ਜਾ, ਫਿਰ ਗਿਲੇ ਕਰੀਂ।''

ਜਗਮੋਹਣ ਉਸ ਦੇ ਮਗਰ ਅੰਦਰ ਲੰਘ ਜਾਂਦਾ ਹੈ। ਘਰ ਦੀ ਹਾਲਤ ਦੇਖ ਕੇ ਕਹਿੰਦਾ ਹੈ,

''ਸਰ ਜੀ, ਕੋਈ ਸਫਾਈ ਵਾਲੀ ਔਰਤ ਰੱਖ ਲਓ, ਸਵੇਰੇ ਦੋ ਘੰਟੇ ਵਿਚ ਆ ਕੇ ਘਰ ਸਿੱਧਾ ਕਰ ਜਾਇਆ ਕਰੂ।''

''ਨਹੀਂ ਯਾਰ, ਠੀਕ ਨਹੀਂ ਬੈਠਦੀ, ਅੱਗੇ ਰੱਖੀ ਸੀ, ਮੇਰਾ ਕੀ ਐ, ਡਾਲ ਡਾਲ ਪੇ ਡੇਰਾ ਅਪਨਾ।''

“ਉਹ ਤਾਂ ਠੀਕ ਐ ਪਰ ਆਹ ਜਿਹੜਾ ਖਿਲਾਰਾ ਤੁਸੀਂ ਪਾਇਆ ਹੋਇਐ ਇਹ ਵੀ ਤੁਹਾਡੇ ਸੁਭਾਅ ਨੂੰ ਸੂਟ ਨਹੀਂ ਕਰਦਾ।”
“ਇਹ ਛੱਡ ਸਭ, ਦੱਸ ਚਾਹ ਪੀਵੇਂਗਾ ?”
“ਚਾਹ! ਜ਼ਰਾ ਘੜੀ ਦੇਖੋ ਇਹ ਭਲਾ ਚਾਹ ਦਾ ਵੇਲਾ ਐ, ਆਓ ਜ਼ਰਾ ਪੱਬ ਨੂੰ ਚੱਲਦੇ ਆਂ, ਮੈਨੂੰ ਵੀ ਬਹੁਤ ਦਿਨ ਹੋ ਗਏ ਗਿਆਂ। ਜ਼ਰਾ ਦੁਨੀਆ ਵਿਚ ਵਿਚਰੀਏ, ਆਓ ਦੇਖਦੇ ਆਂ ਕਿ ਸੈਚਰਡੇਅ ਵਾਲੇ ਦਿਨ ਲੋਕ ਕਿੱਦਾਂ ਬਿਹੇਵ ਕਰਦੇ ਆ।”

ਉਹ ਚਹਿਕ ਰਿਹਾ ਹੈ। ਉਸ ਵੱਲ ਦੇਖਦਾ ਗਰੇਵਾਲ ਵੀ ਵਧੀਆ ਰੌਂਅ ਵਿਚ ਆ ਜਾਂਦਾ ਹੈ। ਵੈਸੇ ਤਾਂ ਜਗਮੋਹਣ ਪੱਬ ਨੂੰ ਘੱਟ ਹੀ ਜਾਂਦਾ ਹੈ ਪਰ ਕਦੇ ਕਦੇ ਘਰ ਬੈਠਾ ਬੋਰ ਹੋਣ ਲਗੇ ਤਾਂ ਚਲੇ ਵੀ ਜਾਂਦਾ ਹੈ। ਇਵੇਂ ਹੀ ਗਰੇਵਾਲ ਵੀ ਪੱਬ ਦਾ ਸ਼ੌਕੀਨ ਨਹੀਂ ਹੈ ਪਰ ਕੋਈ ਕੰਪਨੀ ਮਿਲ ਜਾਵੇ ਤਾਂ ਠੀਕ ਹੈ। ਗਰੇਵਾਲ ਕਹਿਣ ਲਗਦਾ ਹੈ,
“ਜੇ ਹੋ ਸਕੇ ਤਾਂ ਤੂੰ ਚਾਹ ਬਣਾ ਮੈਂ ਸਵੇਰ ਦਾ ਕੁਝ ਖਾਧਾ ਪੀਤਾ ਨਹੀਂ, ਬਸ ਸੌਂ ਕੇ ਵਕਤ ਗੁਜ਼ਾਰਿਆ ਤੇ ਜਦ ਤੱਕ ਮੈਂ ਤਿਆਰ ਹੁੰਨਾਂ।”

ਜਗਮੋਹਣ ਰਸੋਈ ਵਿਚ ਜਾ ਕੇ ਚਾਹ ਬਣਾਉਣ ਦੀ ਤਿਆਰੀ ਕਰਨ ਲੱਗਦਾ ਹੈ। ਉਹ ਗਰੇਵਾਲ ਦੀ ਰਸੋਈ ਦਾ ਭੇਤੀ ਹੈ। ਪਹਿਲਾਂ ਵੀ ਕਈ ਵਾਰ ਇਵੇਂ ਚਾਹ ਆਦਿ ਬਣਾ ਲਿਆ ਕਰਦਾ ਹੈ। ਉਹ ਫਰਿੱਜ ਖੋਲ੍ਹ ਕੇ ਦੇਖਦਾ ਹੈ। ਦੁੱਧ ਖਰਾਬ ਹੋ ਚੁੱਕਾ ਹੈ। ਉਸ ਦੀ ਤਰੀਕ ਕਈ ਦਿਨਾਂ ਦੀ ਲੰਘੀ ਹੋਈ ਹੈ। ਉਹ ਉਚੀ ਆਵਾਜ਼ ਵਿਚ ਆਖਦਾ ਹੈ,
“ਸਰ ਜੀ, ਜੇ ਚਾਹ ਪੀਣੀ ਹੁੰਦੀ ਐ ਤਾਂ ਦੁੱਧ ਤਾਂ ਲਿਆ ਰੱਖਿਆ ਕਰੋ।”
“ਚੱਲ ਯਾਰ, ਛੱਡ ਕੇ ਦੇਖ, ਪੱਬ ਚੱਲ ਕੇ ਬੀਅਰ ਹੀ ਪੀਵਾਂਗੇ।”

ਕੁਝ ਮਿੰਟਾਂ ਵਿਚ ਹੀ ਗਰੇਵਾਲ ਟਾਈ ਲਾ ਕੇ ਤੇ ਸੂਟ ਪਾ ਕੇ ਤਿਆਰ ਹੋ ਜਾਂਦਾ ਹੈ। ਪੱਗ ਬੱਝੀ ਬਝਾਈ ਹੀ ਸਿਰ 'ਤੇ ਰੱਖ ਲੈਂਦਾ ਹੈ। ਨਵੀਂ ਬੰਨ੍ਹਣ ਦਾ ਹੁਣ ਵਕਤ ਨਹੀਂ । ਕਾਰ ਵਿਚ ਬੈਠਦਿਆਂ ਹੀ ਜਗਮੋਹਣ ਆਖਦਾ ਹੈ,
“ਕੋਈ ਸੈਂਟ ਵਰਤਦੇ ਓ?”
“ਮੈਂ ਤਾਂ ਕੋਈ ਸੈਂਟ ਨਹੀਂ ਵਰਤਦਾ।”

ਗਰੇਵਾਲ ਕਹਿੰਦਾ ਹੈ। ਜਗਮੋਹਣ ਜੇਬ੍ਹ ਵਿਚੋਂ ਸੈਂਟ ਦੀ ਇਕ ਸ਼ੀਸ਼ੀ ਕੱਢ ਕੇ ਉਸ ਦੇ ਕਪੜਿਆਂ ਤੇ ਛਿੜਕਦਾ ਆਖਦਾ ਹੈ,
“ਕਿਉਂ ਨਹੀਂ ਵਰਤਦੇ! ਲਓ ਰੱਖੋ, ਵਰਤਿਆ ਕਰੋ, ਮੈਨੂੰ ਕਿਤਿਓਂ ਫਰੀ ਦੇ ਕੁਝ ਸੈਂਟ ਮਿਲ ਗਏ ਸਨ, ਜਦ ਬਾਕੀ ਤਿਆਰੀ ਸ਼ਿਕਾਰੀਆਂ ਵਾਲੀ ਐ ਤਾਂ ਸੈਂਟ ਦੀ ਕਸਰ ਕਿਉਂ ਛੱਡੀ!”
“ਸ਼ਿਕਾਰੀ ਭਾਈ ਤੂੰ ਐਂ, ਤੂੰ ਮੁੰਡਾ-ਖੁੰਡਾ ਐਂ, ਮੇਰਾ ਹੁਣ ਸਮਾਂ ਨਵਾਂ ਸ਼ਿਕਾਰ ਕਰਨ ਦਾ ਨਹੀਂ ਰਿਹਾ। ਚੀਤੇ ਵਾਂਗੂੰ ਕਿਸੇ ਦਰੱਖਤ 'ਤੇ ਟੰਗਿਆ ਪੁਰਾਣਾ ਮਾਸ ਹੱਥ ਲੱਗ ਜਾਵੇ ਤਾਂ ਖਾ ਲਈਏ ਨਹੀਂ ਭੁੱਖੇ ਈ ਠੀਕ ਆਂ।”

ਕਹਿੰਦਾ ਗਰੇਵਾਲ ਹੱਸਦਾ ਹੈ। ਉਸ ਦੇ ਦਿਲ ਵਿਚ ਆਉਂਦਾ ਹੈ ਕਿ ਸ਼ੀਲਾ ਬਾਰੇ ਗੱਲਬਾਤ ਜਗਮੋਹਣ ਨਾਲ ਸਾਂਝੀ ਕਰੇ ਪਰ ਉਸ ਤੋਂ ਕੀਤੀ ਨਹੀਂ ਜਾਂਦੀ। ਜਦ ਤੱਕ ਮੂਡ ਬਣਾਉਂਦਾ ਹੈ ਤਾਂ ਪੱਬ ਆ ਜਾਂਦਾ ਹੈ।

ਦਾ ਗਲੌਸਟਰ ਭਰਿਆ ਪਿਆ ਹੈ। ਕਈ ਜਾਣੂ ਚਿਹਰੇ ਬੈਠੇ ਦਿਸ ਰਹੇ ਹਨ। ਇਕ ਵਾਰ ਤਾਂ ਜਗਮੋਹਣ ਸੋਚਦਾ ਹੈ ਕਿ ਇਥੇ ਕਾਹਨੂੰ ਆਉਣਾ ਸੀ। ਗਰੇਵਾਲ ਆਖਦਾ ਹੈ,
“ਅੱਜ ਤਾਂ ਪੱਬ ਅਰਲੀ ਈ ਭਰਿਆ ਪਿਐ।”
“ਸਰ ਜੀ, ਲੋਕ ਤੁਹਾਡੇ ਵਾਂਗੂੰ ਅੰਦਰੀਂ ਵੜ ਕੇ ਨਹੀਂ ਬੈਠੇ।”

ਉਹ ਗਲਾਸ ਭਰਾਉਂਦੇ ਹਨ। ਜਗਮੋਹਣ ਦਾ ਦਿਲ ਕਰਦਾ ਹੈ ਕਿ ਕੁਝ ਪਲ ਲਈ ਪਾਲਾ ਸਿੰਘ ਕੋਲ ਜਾ ਬੈਠੇ ਪਰ ਉਸ ਨੂੰ ਪਤਾ ਹੈ ਕਿ ਪਾਲਾ ਸਿੰਘ ਗਰੇਵਾਲ ਨੂੰ ਪਸੰਦ ਨਹੀਂ ਕਰਦਾ ਤੇ ਕੋਈ ਗੱਲ ਕਹਿਣ ਲਗਿਆ ਵੀ ਮਿੰਟ ਲਾਉਂਦਾ ਹੈ। ਪਾਲਾ ਸਿੰਘ ਉਸ ਵੱਲ ਦੇਖ ਕੇ ਮੁਸਕਰਾਉਂਦਾ ਵੀ ਹੈ ਪਰ ਦਿਲਜੀਤ ਉਸ ਨੂੰ ਆਪਣੇ ਕੋਲ ਆਉਣ ਦਾ ਇਸ਼ਾਰਾ ਕਰਦਾ ਹੈ। ਹੁਣ ਦਿਲਜੀਤ ਵੀ ਕੌਂਸਲਰ ਬਣ ਚੁੱਕਾ ਹੈ। ਉਸ ਦਾ ਪਰਚਾ ‘ਨਵੇਂ ਅਕਸ’ ਬੰਦ ਹੋ ਗਿਆ ਹੈ। ਉਸ ਦਾ ਕੌਂਸਲਰ ਬਣ ਜਾਣਾ ਸ਼ਾਮ ਭਾਰਦਵਾਜ ਨੂੰ ਬਹੁਤ ਚੁੱਭਦਾ ਹੈ ਤੇ ਭਾਰਦਵਾਜ ਸਹਿਜੇ ਹੀ ਕਹਿਣ ਲੱਗਦਾ ਹੈ ਕਿ ਉਸ ਦੀ ਨਜ਼ਰ ਤਾਂ ਐਮ.ਪੀ. ਸ਼ਿੱਪ ਉਪਰ ਹੈ। ਦਿਲਜੀਤ ਉਨ੍ਹਾਂ ਦੋਹਾਂ ਨਾਲ ਹੱਥ ਮਿਲਾਉਂਦਾ ਹੈ। ਬਾਕੀ ਸਭ ਨਾਲ ਵੀ ਹੈਲੋ ਹੈਲੋ ਹੁੰਦੀ ਹੈ। ਗਰੇਵਾਲ ਦਿਲਜੀਤ ਨੂੰ ਕੌਂਸਲਰ ਬਣਨ ਦੀਆਂ ਵਧਾਈਆਂ ਦਿੰਦਾ ਹੈ। ਸੋਹਣਪਾਲ ਆਖਦਾ ਹੈ,
“ਗਰੇਵਾਲ ਸਾਹਿਬ, ਤੁਸੀਂ ਆਓ ਹੁਣ ਮੈਦਾਨ ਵਿਚ, ਹੁਣ ਆਪਣੇ ਕੌਂਸਲਰਾਂ ਦੀ ਬਹੁਤ ਲੋੜ ਐ।”
“ਮੈਂ ਤਾਂ ਇਕ ਵਾਰੀ ਆ ਕੇ ਈ ਪਛਤਾ ਰਿਹਾਂ, ਤੁਸੀਂ ਏਹਨੂੰ ਜਗਮੋਹਣ ਨੂੰ ਆਪਣੇ ਨਾਲ ਤੋਰੋ, ਪੌਲੇਟਿਕਸ ਨੂੰ ਯੰਗ ਬਲੱਡ ਦੀ ਲੋੜ ਐ।”
“ਨਾ ਸਰ ਜੀ, ਮੈਂ ਏਸ ਮੁਸੀਬਤ ਵਿਚ ਨਹੀਂ ਪੈਂਦਾ।”

ਜਗਮੋਹਣ ਦੋਨੋਂ ਹੱਥ ਨਾਂਹ ਵਿਚ ਹਿਲਾਉਂਦਾ ਆਖਦਾ ਹੈ।

ਉਨ੍ਹਾਂ ਵਿਚ ਬਾਈ ਸੁਰਿੰਦਰ ਸਿੰਘ ਵੀ ਆ ਕੇ ਸ਼ਾਮਲ ਹੋ ਜਾਂਦਾ ਹੈ। ਪਹਿਲਾਂ ਉਹ ਖਾਲਿਸਤਾਨ ਦਾ ਪੱਕਾ ਹਮਾਇਤੀ ਸੀ ਤੇ ਆਪਣਾ ਸਾਰਾ ਧਿਆਨ ਉਸ ਪਾਸੇ ਦੇ ਰਿਹਾ ਸੀ। ਹੁਣ ਜਦ ਕਿ ਖਾਲਿਸਤਾਨ ਦਾ ਰੌਲਾ ਠੰਡਾ ਪੈ ਚੁੱਕਾ ਹੈ ਤਾਂ ਉਸ ਕੋਲ ਕਰਨ ਨੂੰ ਕੁਝ ਨਹੀਂ ਰਹਿੰਦਾ ਤਾਂ ਲੇਬਰ ਪਾਰਟੀ ਵਿਚ ਸ਼ਾਮਲ ਹੋ ਜਾਂਦਾ ਹੈ। ਹੁਣ ਕੌਂਸਲਰੀ ਨੂੰ ਹੱਥ ਪੈਰ ਮਾਰਦਾ ਫਿਰ ਰਿਹਾ ਹੈ। ਉਹ ਆਉਂਦਾ ਹੀ ਦਿਲਜੀਤ ਨੂੰ ਆਖਦਾ ਹੈ,

‘‘ਤੁਸੀਂ ਸਾਊਥਾਲ ਦੇ ਪ੍ਰਦੂਸ਼ਣ ਬਾਰੇ ਕਿਹੜੇ ਕਦਮ ਚੁੱਕ ਰਹੇ ਓ।’’

ਦਿਲਜੀਤ ਨੂੰ ਬਾਈ ਦਾ ਸਵਾਲ ਚੰਗਾ ਨਹੀਂ ਲੱਗ ਰਿਹਾ। ਉਹ ਕੁਝ ਖਿੱਝ ਜਾਂਦਾ ਹੈ ਤੇ ਆਖਦਾ ਹੈ,

‘‘ਸਿੰਘ ਜੀ, ਕਿਹੜੇ ਪ੍ਰਦੂਸ਼ਣ ਦੀ ਗੱਲ ਕਰਦੇ ਓ। ਸਾਊਥਾਲ ਵਿਚ ਕੋਈ ਐਸਾ ਪ੍ਰਦੂਸ਼ਣ ਨਹੀਂ ਜਿਹਦਾ ਸਾਨੂੰ ਨਾ ਪਤਾ ਹੋਵੇ।’’

‘‘ਆਹ ਸਾਲੀਆਂ ਹੇੜਾਂ ਦੀਆਂ ਹੇੜਾਂ ਤਾਂ ਲਾਈਟਾਂ 'ਤੇ ਖੜੀਆਂ ਹੁੰਦੀਆਂ।’’

ਉਸ ਦੀ ਗੱਲ ਸੁਣ ਕੇ ਸਾਰੇ ਹੱਸਦੇ ਹਨ। ਸੋਹਣਪਾਲ ਬੋਲਦਾ ਹੈ,

‘‘ਇਨ੍ਹਾਂ ਦਾ ਭਾਵ ਪ੍ਰੋਸਟੀਚੂਸ਼ਨ ਤੋਂ ਐ, ਇਹਦਾ ਹੱਲ ਭਾਈ ਸਾਹਿਬ ਇਹ ਐ ਕਿ ਤੁਸੀਂ ਇਨ੍ਹਾਂ ਦੇ ਗਾਹਕ ਬਣਨੋਂ ਹਟ ਜਾਓ ਇਹ ਆਪੇ ਚਲੇ ਜਾਣਗੀਆਂ।’’

ਇਕ ਵਾਰ ਫਿਰ ਹਾਸਾ ਮੱਚ ਜਾਂਦਾ ਹੈ। ਬਾਈ ਸੁਰਿੰਦਰ ਸਿੰਘ ਗੁੱਸੇ ਵਿਚ ਆ ਕੇ ਬੋਲਦਾ ਹੈ,

‘‘ਤੈਨੂੰ ਮੈਂ ਇਹੋ ਜਿਹਾ ਦੀਂਹਦਾ ਵਾਂ?’’

‘‘ਭਾਈ ਸਾਹਿਬ, ਤੁਹਾਡੇ ਤੋਂ ਮੇਰੀ ਮੁਰਾਦ ਪੂਰੇ ਸਾਊਥਾਲ ਦੇ ਲੋਕਾਂ ਤੋਂ ਐ ਜਿਹਦੇ ਵਿਚ ਮੈਂ ਵੀ ਆਉਨਾਂ।’’

ਬਾਈ ਸੁਰਿੰਦਰ ਸਿੰਘ ਦਾ ਗੁੱਸਾ ਸ਼ਾਂਤ ਪੈਣ ਲੱਗਦਾ ਹੈ। ਦਿਲਜੀਤ ਕਹਿੰਦਾ ਹੈ,

‘‘ਇਹ ਸਾਊਥਾਲ ਦੀ ਵੱਡੀ ਸਮੱਸਿਆ ਨਹੀਂ ਐ ਪਰ ਫੇਰ ਵੀ ਪੁਲਿਸ ਇਸ ਗੱਲ ਤੋਂ ਅਵੇਅਰ ਐ, ਸਾਊਥਾਲ ਦੀਆਂ ਹੋਰ ਬਹੁਤ ਸਾਰੀਆਂ ਪ੍ਰੋਬਲਮਜ਼ ਹੈਗੀਆਂ। ਦੇਖੋ ਗੰਦ-ਮੰਦ ਥਾਂ ਥਾਂ ਪਿਐ, ਟ੍ਰੈਫਿਕ ਦੀ ਪ੍ਰੋਬਲਮ ਐ, ਡਰੱਗ ਵੀ ਹੁਣ ਇਕ ਪ੍ਰੋਬਲਮ ਐ।’’

‘‘ਆਪਣੇ ਕਲਚਰ ਨੂੰ ਸਾਂਭਣ ਦੀ ਵੀ ਪ੍ਰੋਬਲਮ ਐ, ਆਪਣੀ ਪੰਜਾਬੀ ਜ਼ੁਬਾਨ ਦੀ ਵੀ ਸਮੱਸਿਆ ਐ, ਹੋਰ ਵੀ ਕਿੰਨਾ ਕੁਸ਼ ਐ। ਇਕ ਹੋਰ ਸਮੱਸਿਆ ਐ ਕਿ ਸਾਊਥਾਲ ਵਿਚ ਫਲੈਟ ਤੇ ਫਲੈਟ ਬਣਾਏ ਜਾ ਰਹੇ ਆ, ਦਿਨੋ ਦਿਨ ਸਾਊਥਾਲ ਨੂੰ ਭੀੜਾ ਕੀਤਾ ਜਾ ਰਿਹੈ।’’

‘‘ਇਹ ਕਸੂਰ ਤਾਂ ਕੌਂਸਲ ਦਾ ਐ ਜਿਹੜੇ ਨਕਸ਼ੈ ਪਾਸ ਕਰਦੀ ਐ।’’

‘‘ਨਕਸ਼ੇ ਕੌਂਸਲ ਐਵੇਂ ਨਹੀਂ ਪਾਸ ਕਰ ਦਿੰਦੀ, ਕੌਂਸਲਰਾਂ ਨੂੰ ਚੜ੍ਹਾਵਾ ਚੜਦਾ।’’

ਉਹਨਾਂ ਦੀਆਂ ਗੱਲਾਂ ਸੁਣਦਾ ਇਕ ਓਪਰਾ ਜਿਹਾ ਬੰਦਾ ਜੋ ਨਾਲ ਦੇ ਟੇਬਲ ਤੇ ਬੈਠਾ ਹੈ ਆਖਣ ਲਗਦਾ ਹੈ। ਨਕਸ਼ੇ ਪਾਸ ਕਰਨ ਵਾਲੀ ਗੱਲ ਜਗਮੋਹਨ ਨੇ ਕਹੀ ਹੈ, ਉਹ ਉਸ ਬੰਦੇ ਨੂੰ ਪੁੱਛਦਾ ਹੈ,

‘‘ਚੜ੍ਹਾਵੇ ਤੋਂ ਤੁਹਾਡਾ ਕੀ ਭਾਵ?’’

‘‘ਭਾਵ ਇਹ ਕਿ ਇਹ ਕੌਂਸਲਰ ਰਿਸ਼ਵਤ ਲੈ ਕੇ ਨਕਸ਼ੇ ਪਾਸ ਕਰੀ ਜਾਂਦੇ ਆ। ਆਹ ਦੇਖੋ ਸਾਊਥਾਲ ਬਰਾਡਵੇਅ ਉਪਰ ਥੋੜੀ ਜਿਹੀ ਜਗਾਹ ਤੇ ਕਿੰਨੇ ਫਲੈਟ ਬਣਾਉਣ ਦੀ ਆਗਿਆ ਮਿਲ ਗਈ, ਦੇਖੋ ਇਹ ਕਿੰਨੀ ਕਨਜਸਟਡ ਜਗਾਹ ਐ। ਫਲੈਟਾਂ ਦਾ ਮਾਲਕ ਆਪ ਦਸਦੈ ਕਿ ਪੌਂਡਾਂ ਦਾ ਭਰਿਆ ਬੈਗ ਮੂਹਰੇ ਲਿਜਾ ਰੱਖਿਆ ਤੇ ਨਕਸ਼ਾ ਪਾਸ ਹੋ ਗਿਆ।’’

ਉਸ ਦੇ ਇਲਜ਼ਾਮ ਤੇ ਦਿਲਜੀਤ ਦਾ ਮੂੰਹ ਹੋਰਵੇਂ ਹੋ ਜਾਂਦਾ ਹੈ। ਸ਼ਾਇਦ ਇਲਜ਼ਾਮ ਲਗਾਉਣ ਵਾਲੇ ਬੰਦੇ ਨੂੰ ਪਤਾ ਨਹੀਂ ਕਿ ਦਿਲਜੀਤ ਕੌਂਸਲਰ ਹੈ। ਜਗਮੋਹਣ ਉਸ ਦਾ ਬਚਾਅ ਕਰਦਾ ਆਖਦਾ ਹੈ,

‘‘ਭਾਈ ਸਾਹਿਬ, ਇਹ ਇਲਜ਼ਾਮ ਤੁਸੀਂ ਬਿਨਾਂ ਕਿਸੇ ਸਬੂਤ ਦੇ ਲਗਾ ਰਹੇ ਓ।’’

‘‘ਨਹੀਂ ਭਾਈ ਸਾਹਿਬ, ਜਿਸ ਬੰਦੇ ਨੇ ਪੈਸੇ ਦਿਤੇ ਆ ਉਹਦੇ ਲਫਜ਼ ਹੀ ਦੁਹਰਾ ਰਿਹਾਂ। ਬਾਕੀ ਜਿਹੜੇ ਸਬੂਤਾਂ ਦੀ ਗੱਲ ਤੁਸੀਂ ਕਰਦੇ ਓ ਜਿਹਨਾਂ ਲੋਕਾਂ ਨੇ ਇਹ ਕੰਮ ਕਰਨੇ ਹੁੰਦੇ ਆ ਓਹ ਸਬੂਤ ਛੱਡ ਕੇ ਜਾਂਦੇ ਆ!’’

ਇਕ ਹੋਰ ਬੰਦਾ ਉਠਦਾ ਹੋਇਆ ਦਸਣ ਲਗਦਾ ਹੈ,

‘‘ਭਾਜੀ, ਮੈ ਆਪਣੇ ਕੌਂਸਲਰ ਕੋਲ ਗਿਆ ਕਿ ਮੈ ਘਰ ਵਿਚ ਥੋੜਾ ਵਾਧਾ ਕਰਨੈ, ਉਹ ਕਹਿਣ ਲਗਾ ਕਿ ਨਕਸ਼ਾ ਪਾਸ ਕਰਾ ਦਊਂ ਪਰ ਪੰਜ ਸੌ ਪੌਂਡ ਲਗੇਗਾ। ਮੇਰੀ ਗਵਾਹੀ ਲਵੋ ਤੇ ਜਿਥੇ ਕਹੋਂਗੇ ਛਾਤੀ ਠੋਕ ਕੇ ਕਹੂੰਗਾ ਤੇ ਕੌਂਸਲਰ ਦਾ ਨਾਂ ਵੀ ਦਸ ਦੇਊਂ।’’

ਜਗਮੋਹਨ ਸੋਚਣ ਲਗਦਾ ਹੈ ਕਿ ਇਸ ਸਭ ਨੂੰ ਰੋਕਿਆ ਕਿਵੇਂ ਜਾਵੇ। ਗੱਲ ਖਿਲਰ ਰਹੀ ਹੈ। ਉਹ ਗੱਲ ਬਦਲਣ ਲਈ ਆਖਦਾ ਹੈ,

‘‘ਤੁਸੀਂ ਸਾਊਥਾਲ ਦੇ ਟਰੈਫਿਕ ਬਾਰੇ ਤਾਂ ਕੋਈ ਗੱਲ ਹੀ ਨਹੀਂ ਕਰ ਰਹੇ।’’

ਜਗਮੋਹਣ ਦੇ ਮਗਰ ਹੀ ਸੋਹਣਪਾਲ ਵੀ ਸਥਿਤੀ ਨੂੰ ਸੰਭਾਲਣ ਹਿਤ ਬਾਈ ਸੁਰਿੰਦਰ ਸਿੰਘ ਨੂੰ ਸੰਬੋਧਨ ਹੁੰਦਾ ਹੈ,

‘‘ਬਾਈ ਜੀ, ਕਿਸੇ ਹੋਰ ਨੁਕਤੇ ਤੇ ਉਂਗਲ ਰੱਖੋ ਕਿ ਆਪਾਂ ਗੱਲ ਕਰ ਸਕੀਏ।’’

‘‘ਸਾਡੇ ਜੁਆਕ ਆਪਣੇ ਆਪ ਨੂੰ ਇੰਡੀਅਨ ਨਹੀਂ ਸਮਝਦੇ।’’

‘‘ਉਹ ਠੀਕ ਨੇ, ਉਹ ਇੰਡੀਅਨ ਹੈ ਈ ਨਹੀਂ, ਉਹ ਬ੍ਰਿਟਿਸ਼ ਇਡੀਅਨ ਨੇ।’’

‘‘ਬਾਈ ਜੀ, ਇਹ ਜੁਆਕ ਤਾਂ ਸ਼ਾਇਦ ਆਪਣੇ ਆਪ ਨੂੰ ਇੰਡੀਅਨ ਕਹਿ ਲੈਣ ਪਰ ਇੰਡੀਆ ਦੇ ਕਈ ਮੁੱਖ ਮੰਤਰੀ ਭਾਰਤ ਦਾ ਸੰਵਿਧਾਨ ਸਾੜ ਕੇ ਵੀ ਭਾਰਤ ਵਿਚ ਮੁੱਖ ਮੰਤਰੀ ਬਣੇ ਫਿਰਦੇ ਆ।’’

‘‘ਤੁਸੀਂ ਇਸ ਮੁਲਕ ਦੀ ਸਿਆਸਤ ਨੂੰ ਇੰਡੀਆ ਦੀ ਸਿਆਸਤ ਨਾਲ ਨਹੀਂ ਮਿਲ਼ਾ ਸਕਦੇ। ਉਥੇ ਤਾਂ ਪਾਰਲੀਮੈਂਟ ਦੇ ਕਿੰਨੇ ਹੀ ਮੈਂਬਰਾਂ ‘ਤੇ ਰੇਪ, ਮਰਡਰ, ਡਾਕੇ ਵਰਗੇ ਗੰਭੀਰ ਮੁਕੱਦਮੇ ਚਲਦੇ ਹੁੰਦੇ ਨੇ ਤੇ ਇਹ ਲੋਕ ਦੇਸ਼ ਦੇ ਕਨੂੰਨ ਬਣਾ

ਰਹੇ ਹੁੰਦੇ ਨੇ। ਉਥੇ ਦੀ ਜੰਨਤਾ ਨੂੰ ਵੀ ਕੁਰੱਪਟ ਲੀਡਰਾਂ ਦੀ ਆਦਤ ਪੈ ਚੁੱਕੀ ਏ, ਸਾਨੂੰ ਇਸ ਮੁਲਕ ਵਿਚ ਇਸ ਦੇ ਸਟੈਂਡਰਡ ਨੂੰ ਮੇਨਟੇਨ ਕਰਨ ਬਾਰੇ ਯਤਨਸ਼ੀਲ ਹੋਣਾ ਚਾਹੀਦਾ ਏ।''

ਗਰੇਵਾਲ ਆਪਣੇ ਵਿਚਾਰ ਦੱਸਦਾ ਹੈ। ਫਿਰ ਸੋਹਣਪਾਲ ਬੋਲਣ ਲੱਗਦਾ ਹੈ,

''ਸਿਆਸਤ ਵਿਚ ਪੈਣ ਲਈ ਸਭ ਤੋਂ ਜ਼ਰੂਰੀ ਗੱਲ ਕਿ ਲੋਕਲ ਸਮੱਸਿਆਵਾਂ ਤੋਂ ਜਾਣੂੰ ਹੋਣਾ।''

ਉਸ ਦਾ ਇਸ਼ਾਰਾ ਬਾਈ ਸੁਰਿੰਦਰ ਸਿੰਘ ਵੱਲ ਹੀ ਹੈ ਕਿ ਸਾਊਥਾਲ ਦੇ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਉਸ ਦੀ ਜਾਣਕਾਰੀ ਹਾਲੇ ਘੱਟ ਹੈ। ਗਰੇਵਾਲ ਫਿਰ ਆਖਦਾ ਹੈ,

''ਇਸ ਵੇਲੇ ਇਸ ਮੁਲਕ ਵਿਚ ਸਾਡੇ ਪੰਜਾਬੀ ਲੋਕਾਂ ਦੀ ਵੱਡੀ ਲੋੜ ਕਲਚਰ ਸਾਂਭਣ ਅਤੇ ਬੋਲੀ ਸਾਂਭਣ ਦੀ ਐ। ਗੁਰਦੁਆਰਿਆਂ ਉਪਰ ਸਾਨੂੰ ਪ੍ਰੈਸ਼ਰ ਬਣਾਉਣਾ ਚਾਹੀਦਾ ਕਿ ਪੰਜਾਬੀ ਪੜ੍ਹਾਉਣ ਵਲ ਤਵੱਜੋਂ ਦੇਣ।''

''ਹਰ ਵੀਕਐਂਡ 'ਤੇ ਤਾਂ ਸਕੂਲ ਲੱਗਦੈ।''

''ਥੋੜ੍ਹੇ ਈ ਬੱਚੇ ਹੁੰਦੇ ਆ, ਮੈਂ ਤਾਂ ਆਪ ਪੰਜਾਬੀ ਪੜ੍ਹਾਉਣ ਗੁਰਦੁਆਰੇ ਜਾਂਦਾ ਰਿਹਾਂ। ਲੋਕ ਸ਼ੌਕੀਆ ਹੀ ਬੱਚੇ ਭੇਜਦੇ ਆ ਜਾਂ ਫਿਰ ਮਜਬੂਰੀ ਜਿਹੀ ਨਾਲ। ਪੰਜਾਬੀ ਦੀ ਲੋੜ ਨਹੀਂ ਮਹਿਸੂਸ ਕੀਤੀ ਜਾ ਰਹੀ।''

''ਤੇ ਸਾਡੇ ਮੁਕਾਬਲੇ ਮੁਸਲਮਾਨ ਦੇਖੋ ਬੱਚਿਆਂ ਨੂੰ ਆਪਣੀ ਜ਼ੁਬਾਨ ਕਿੱਦਾਂ ਪੜ੍ਹਾਉਂਦੇ ਆ।''

''ਉਹ ਵੀ ਆਪਣੀ ਜ਼ੁਬਾਨ ਨਹੀਂ ਪੜ੍ਹਾਉਂਦੇ ਉਰਦੂ ਪੜ੍ਹਾਉਂਦੇ ਆ ਜਾਂ ਫਿਰ ਕੁਰਾਨ ਸਿਖਾਉਂਦੇ ਆ।''

''ਪੰਜਾਬੀ ਦੇ ਮੁੱਦਈ ਤਾਂ ਮੁਸਲਮਾਨ ਵੀ ਬਹੁਤ ਬਣਦੇ ਹੁੰਦੇ ਆ।''

''ਐਵੇਂ ਬਸ ਜ਼ਿਹਨੀ ਅੱਯਾਸ਼ੀ ਲਈ ਈ।''

''ਇਹ ਗਰੇਵਾਲ ਜੀ ਦੀ ਗੱਲ ਠੀਕ ਐ, ਸਾਊਥਾਲ ਨੂੰ ਹੁਣ ਤੱਕ ਪੰਜਾਬੀ ਟਾਊਨ ਡਿਕਲੇਅਰ ਕਰ ਦਿੱਤਾ ਜਾਣਾ ਸੀ ਜੇਕਰ ਇਕ ਮੁਸਲਮਾਨ ਕੌਂਸਲਰ ਲੱਤ ਨਾ ਅੜਾਉਂਦਾ। ਬਣਿਆ ਬਣਾਇਆ ਕੰਮ ਉਸ ਨੇ ਖਰਾਬ ਕਰ ਦਿੱਤੈ।''

ਦਿਲਜੀਤ ਆਖਦਾ ਹੈ।

ਨਾਲ ਦੀ ਢਾਣੀ ਵਿਚ ਬੈਠੇ ਇਕ ਵਿਅਕਤੀ ਆਪਣੇ ਦਿਲ ਦੀ ਗੱਲ ਕਹਿਣ ਦੇ ਮਕਸਦ ਨਾਲ ਉਹਨਾਂ ਵਲ ਨੂੰ ਘੁੰਮਦਾ ਬੋਲਣ ਲਗਦਾ ਹੈ,

''ਮੈਨੂੰ ਆਪਣਾ ਇਕ ਤਜਰਬਾ ਤੁਹਾਡੇ ਨਾਲ ਸਾਂਝਾ ਕਰ ਲੈਣ ਦਿਓ, ਮੇਰੇ ਘਰ ਦੇ ਮੂਹਰੇ ਇਕ ਦ੍ਰਖਤ ਸੀ, ਮੈਂ ਕੌਂਸਲ ਨੂੰ ਬਹੁਤ ਲਿਖਿਆ ਕਿ ਮੇਰੀ ਕਾਰ ਅੰਦਰ ਨਹੀਂ ਲੰਘਦੀ ਇਹ ਦ੍ਰਖਤ ਕਟ ਦਿਓ ਪਰ ਮੇਰੀ ਕਿਸੇ ਨਹੀਂ ਸੁਣੀ। ਮੈਂ ਦੋ ਸਾਲ ਕੌਂਸਲ ਨਾਲ ਲੜਿਆ ਪਰ ਕੁਝ ਨਾ ਬਣਿਆ ਤੇ ਹਾਰ ਕੇ ਮੈਂ ਘਰ ਹੀ ਵੇਚ ਦਿਤਾ। ਇਕ ਕੌਂਸਲਰ ਨੇ ਖਰੀਦਿਆ ਮੇਰਾ ਘਰ, ਉਸੇ ਨੇ ਜਿਹਨੇ ਕਿਸੇ ਲਾਲਚ ਵਸ ਪਿਛੇ ਜਿਹੇ ਪਾਰਟੀ ਬਦਲੀ ਐ ਤੇ ਉਹਨੇ ਮਹੀਨੇ ਦੇ ਅੰਦਰ ਅੰਦਰ ਦ੍ਰਖਤ ਕਟਾ ਕੇ ਓਹ ਮਾਰਿਆ।''

## ਸੰਤਾਲੀ

ਰੇਡੀਓ ਉਪਰ ਖਬਰ ਆ ਰਹੀ ਹੈ ਕਿ ਸਾਊਥਾਲ ਵਿਚ ਕਤਲ ਹੋ ਗਿਆ ਹੈ। ਲੋਕ ਧਿਆਨ ਨਾਲ ਖਬਰ ਸੁਣ ਰਹੇ ਹਨ ਤੇ ਫਿਰ ਇਕ ਦੂਜੇ ਵੱਲ ਭੇਦਭਰੀ ਨਜ਼ਰ ਨਾਲ ਦੇਖਣ ਲੱਗਦੇ ਹਨ। ਜਗਮੋਹਣ ਕੰਮ ਉਪਰ ਹੈ। ਕੁਝ ਲੋਕ ਢਾਣੀ ਬਣਾ ਕੇ ਖੜੇ ਗੱਲਾਂ ਕਰ ਰਹੇ ਹਨ। ਜਗਮੋਹਣ ਕਾਹਲੀ ਜਿਹੇ ਕੋਲ ਦੀ ਲੰਘਣ ਲੰਘਦਾ ਹੈ। ਕੋਈ ਉਸ ਨੂੰ ਕਹਿੰਦਾ ਹੈ,

''ਜੱਗਿਆ, ਰਾਤੀਂ ਸਾਊਥਾਲ 'ਚ ਮਰਡਰ ਹੋ ਗਿਐ।''

''ਅੱਛਾ! ਹੁਣ ਸਾਊਥਾਲ ਵਿਚ ਮਰਡਰ ਵੀ ਆਮ ਜਿਹੀ ਗੱਲ ਹੋ ਗਈ।''

ਕਹਿੰਦਾ ਹੋਇਆ ਉਹ ਅੱਗੇ ਲੰਘ ਜਾਂਦਾ ਹੈ।

ਵਾਪਸ ਮੁੜਦਿਆਂ ਕਾਰ ਦੇ ਰੇਡੀਓ ਉਪਰ ਫਿਰ ਉਹੀ ਖਬਰ ਆ ਰਹੀ ਹੈ। ਉਹ ਸੋਚਣ ਲੱਗਦਾ ਹੈ ਕਿ ਐਡੀ ਕਿਹੜੀ ਗੱਲ ਹੋ ਗਈ ਇਸ ਕਤਲ ਵਿਚ। ਕੰਮ ਉਪਰ ਵੀ ਲੋਕ ਢਾਣੀ ਬਣਾ ਕੇ ਖੜੇ ਹਨ। ਉਹ ਧਿਆਨ ਨਾਲ ਸੁਣਦਾ ਹੈ। ਪਤਨੀ ਨੇ ਪਤੀ ਦਾ ਕਤਲ ਕਰ ਦਿੱਤਾ ਹੈ। ਉਹ ਮਨ ਵਿਚ ਹੀ ਕਹਿੰਦਾ ਹੈ ਕਿ ਇਹ ਦਿਲਚਸਪੀ ਵਾਲੀ ਗੱਲ ਜ਼ਰੂਰ ਹੈ ਨਹੀਂ ਤਾਂ ਪਤੀ ਹੀ ਪਤਨੀਆਂ ਦਾ ਕਤਲ ਕਰਦੇ ਆ ਰਹੇ ਹਨ। ਉਹ ਘਰ ਪੁੱਜਦਾ ਹੈ। ਮਨਦੀਪ ਕਹਿੰਦੀ ਹੈ,

''ਸੁਣੀ ਅੱਜ ਦੀ ਖਬਰ?''

''ਸੁਣ ਲਈ, ਸੁਣ ਲਈ, ਤੇਰੇ ਵਰਗੀ ਤੇਜ਼ ਤੀਵੀਂ ਨੇ ਆਦਮੀ ਚੁੱਕ 'ਤਾ।''

''ਕੋਈ ਬਹੁਤੀ ਹੀ ਸਤੀ ਹੋਈ ਹੋਊ! ਮੇਰੇ ਵਰਗੀ ਵਿਚਾਰੀ।''

ਮਨਦੀਪ ਕਹਿ ਕੇ ਉਸ ਵੱਲ ਦੇਖਦੀ ਹੈ। ਉਹ ਮੁਸਕਰਾਉਂਦਾ ਹੈ। ਮਨਦੀਪ ਫਿਰ ਆਖਦੀ ਹੈ,

''ਭੁਪਿੰਦਰ ਦਾ ਦੋ-ਤਿੰਨ ਵਾਰ ਫੋਨ ਆਇਆ, ਕਹਿੰਦਾ ਸੀ ਕਿ ਜ਼ਰੂਰੀ ਕੰਮ ਐ।''

''ਨਵਾਂ ਡਰਾਮਾ ਖੇਡਣਾ ਹੋਊ, ਹੋਰ ਕੀ !''

''ਹੁਣ ਤੁਹਾਡੀ ਡਰਾਮਿਆਂ ਦੀ ਉਮਰ ਨਹੀਂ ਰਹੀ।''

''ਮੈਂ ਡਰਾਮੇ ਖੇਡੇ ਈ ਕਦੋਂ ਆ ਬਸ ਗੱਲਾਂ ਕੀਤੀਆਂ।''

ਮਨਦੀਪ ਕੁਝ ਬੋਲੇ ਬਿਨਾਂ ਉਸ ਲਈ ਜੂਸ ਲੈਣ ਰਸੋਈ ਵਿਚ ਚਲੇ ਜਾਂਦੀ ਹੈ। ਜਗਮੋਹਣ ਗੇਮ ਖੇਡਦੇ ਮੁੰਡਿਆਂ ਦੀ ਗੇਮ ਵਿਚ ਹਿਸਾ ਲੈਣ ਲਗਦਾ ਹੈ।

ਉਹ ਜੂਸ ਦਾ ਘੁੱਟ ਭਰਦਾ ਫੋਨ ਚੁੱਕ ਲੈਂਦਾ ਹੈ। ਭੁਪਿੰਦਰ ਦਾ ਫੋਨ ਨੰਬਰ ਚੇਤੇ ਕਰਦਾ ਡਾਇਲ ਕਰਨ ਲੱਗਦਾ ਹੈ। ਅੱਗਿਉਂ ਭੁਪਿੰਦਰ ਕਾਹਲੀ ਵਿਚ ਉਸ ਪੁੱਛਦਾ ਹੈ,

"ਤੂੰ ਮੋਬਾਈਲ ਕਿਉਂ ਨਹੀਂ ਰੱਖਿਆ ਹੋਇਆ ?"

"ਲੋੜ ਨਹੀਂ ਪੈਂਦੀ।"

"ਅੱਜ ਤਾਂ ਪੈ ਗਈ ਨਾ।"

"ਕੀ ਗੱਲ ਹੋ ਗਈ, ਸੁੱਖ ਤਾਂ ਹੈ?"

"ਖਬਰਾਂ ਨਹੀਂ ਸੁਣ ਰਿਹਾ ?"

"ਆਹ ਵਾਈਫ ਨੇ ਜਿਹੜਾ ਹਸਬੈਂਡ ਮਰਡਰ ਕਰ ਦਿੱਤੈ ?"

"ਪਤਾ ਕੌਣ ਐ ਵਾਈਫ ?"

"ਕੌਣ ਐ ?"

"ਪ੍ਰੀਤੀ ! ਆਪਣੀ ਪ੍ਰੀਤੀ !"

" ਹੈਂ!"

"ਹਾਂ, ਪ੍ਰੀਤੀ ਨੇ ਗੁਰਨਾਮ ਨੂੰ ਸਟੈਬ ਕਰ ਦਿਤਾ, ਦਸ ਰਹੇ ਆ ਕਿ ਇਕੋ ਵਾਰ ਵਿਚ ਗੁਰਨਾਮ ਥਾਵੇਂ ਮਰ ਗਿਆ।"

"ਇਹ ਕਿੱਦਾਂ ਹੋ ਗਿਆ ?"

"ਕਿੱਦਾਂ ਕੀ ਹੋਣੈ, ਤੈਨੂੰ ਪਤਾ ਈ ਐ ਪ੍ਰੀਤੀ ਦੀ ਕੀ ਹਾਲਤ ਬਣਾ ਰੱਖੀ ਸੀ ਗੁਰਨਾਮ ਨੇ, ਇਕ ਕੁੱਤੀ ਨੂੰ ਵੀ ਤੁਸੀਂ ਖੂੰਜੇ ਲਾਈ ਜਾਵੋਂ ਤਾਂ ਅੰਤ ਨੂੰ ਉਹ ਤੁਹਾਨੂੰ ਛਾਲ ਮਾਰ ਕੇ ਪੈਂਦੀ ਐ ਫੇਰ ਪ੍ਰੀਤੀ ਤਾਂ ਪ੍ਰੀਤੀ ਸੀ।"

ਭੁਪਿੰਦਰ ਕਹਿ ਰਿਹਾ ਹੈ। ਜਗਮੋਹਣ ਤੋਂ ਬੋਲਿਆ ਨਹੀਂ ਜਾ ਰਿਹਾ। ਭੁਪਿੰਦਰ ਪੁੱਛਦਾ ਹੈ,

"ਪਿਛਲੇ ਦਿਨਾਂ ਵਿਚ ਕੋਈ ਰਾਬਤਾ ਹੋਇਆ ਸੀ ਉਹਦੇ ਨਾਲ ?"

"ਨਹੀਂ, ਕਦੇ ਵੀ ਨਹੀਂ।"

"ਮੈਂ ਇਕ ਦਿਨ ਫੇਰ ਦੇਖੀ ਸੀ ਉਹ, ਮੈਂ ਤਾਂ ਹੈਰਾਨ ਸਾਂ ਕਿ ਏਨਾ ਕੁਝ ਕਿਵੇਂ ਸਹਿੰਦੀ ਜਾ ਰਹੀ ਸੀ, ਮੈਨੂੰ ਕਈ ਵਾਰ ਲੱਗਦਾ ਵੀ ਸੀ ਕਿ ਕੁਝ ਨਾ ਕੁਝ ਹੋਵੇਗਾ ਪਰ ਏਨਾ ਕੁਝ ਹੋਵੇਗਾ ਇਸ ਦੀ ਆਸ ਨਹੀਂ ਸੀ।"

ਜਗਮੋਹਣ ਫੋਨ ਰੱਖਦਾ ਹੈ। ਉਸ ਦਾ ਉਤਰਿਆ ਚਿਹਰਾ ਦੇਖ ਕੇ ਮਨਦੀਪ ਪੁੱਛਦੀ ਹੈ,

"ਕੀ ਹੋਇਆ? ਇਹ ਕਿਹੜੀ ਹੋਰ ਜੰਮ ਪਈ ਤੁਹਾਡੇ ਮਾਮੇ ਦੀ ਧੀ?"

"ਉਹ ਪ੍ਰੀਤੀ ਐ?"

"ਕਿਹੜੀ ਪ੍ਰੀਤੀ?"

"ਤੂੰ ਨਹੀਂ ਜਾਣਦੀ, ਮੈਂ ਵੀ ਬਹੁਤ ਸਾਲ ਪਹਿਲਾਂ ਇਕ ਅੱਧੀ ਵਾਰ ਈ ਮਿਲਿਆਂ ਜਦ ਡਰਾਮੇ ਦੇ ਚੱਕਰ ਵਿਚ ਆਈ ਸੀ ਭੁਪਿੰਦਰ ਕੋਲ।"

"ਫੇਰ ਏਨੀ ਵੱਰੀ ਵਾਲੀ ਕਿਹੜੀ ਗੱਲ ਐ ?"

"ਤੂੰ ਪਥਰ ਦਿਲ ਐਂ, ਤੇਰੇ ਲਈ ਇਹ ਕੁਝ ਨਹੀਂ ਪਰ ਮੈਨੂੰ ਇਹ ਬਹੁਤ ਵੱਡੀ ਗੱਲ ਲਗਦੀ ਐ ਖਾਸ ਤੌਰ ਤੇ ਜੇ ਤੁਸੀਂ ਕਿਸੇ ਨੂੰ ਥੋੜਾ ਬਹੁੱਤ ਜਾਣਦੇ ਹੋਵੋਂ ਤਾਂ ਫੀਲ ਤਾਂ ਹੋਣਾ ਹੀ ਹੋਇਆ!"

ਕਹਿੰਦਾ ਜਗਮੋਹਣ ਖਾਮੋਸ਼ ਜਿਹਾ ਹੋ ਜਾਂਦਾ ਹੈ। ਮਨਦੀਪ ਕੁਝ ਦੇਰ ਉਸ ਵੱਲ ਦੇਖਦੀ ਰਹਿੰਦੀ ਹੈ ਤੇ ਕਹਿੰਦੀ ਹੈ,

"ਲਓ ਜੀ, ਇਕ ਹੋਰ ਚੁੜੇਲ ਚੁੰਬੜ ਗਈ।... ਚਲੋ ਉਠੋ ਸ਼ੌਪਿੰਗ ਕਰ ਕੇ ਆਈਏ, ਤੁਹਾਡਾ ਮੂਡ ਹੋਰ ਪਾਸੇ ਪਊ।"

"ਨਹੀਂ, ਤੂੰ ਇਕੱਲੀ ਈ ਜਾਇਆ, ਮੁੰਡਿਆਂ ਨੂੰ ਵੀ ਮੰਮੀ ਵੱਲ ਛੱਡ ਜਾਹ।"

ਉਹ ਬੋਲਦਾ ਹੈ। ਆਮ ਤੌਰ 'ਤੇ ਉਹ ਮੁੰਡਿਆਂ ਨੂੰ ਆਪਣੇ ਨਾਲ ਨਾਲ ਹੀ ਰੱਖਿਆ ਕਰਦਾ ਹੈ। ਸਹੁਰਿਆਂ ਵੱਲ ਭੇਜ ਕੇ ਬਹੁਤਾ ਖੁਸ਼ ਨਹੀਂ ਹੁੰਦਾ ਪਰ ਅਜ ਉਸ ਦਾ ਦਿਲ ਚਾਹ ਰਿਹਾ ਹੈ ਕਿ ਉਸ ਨੂੰ ਇਕੱਲਾ ਛੱਡ ਦਿਤਾ ਜਾਵੇ। ਮਨਦੀਪ ਕੁਝ ਕਹੇ ਬਗੈਰ ਤਿਆਰ ਹੋਣ ਲਗਦੀ ਹੈ ਤੇ ਮੁੰਡੇ ਲੈ ਕੇ ਚਲੇ ਜਾਂਦੀ ਹੈ।

ਉਹ ਉਠ ਕੇ ਗਰੇਵਾਲ ਦੇ ਘਰ ਜਾਂਦਾ ਹੈ। ਗਰੇਵਾਲ ਘਰ ਨਹੀਂ ਹੈ। ਭੁਪਿੰਦਰ ਵੱਲ ਜਾਂਦਾ ਹੈ। ਉਹ ਵੀ ਕਿਧਰੇ ਜਾ ਚੁੱਕਾ ਹੈ। ਉਹ ਸਿਸਟਰਜ਼ ਇਨਹੈਂਡਜ਼ ਦੇ ਦਫਤਰ ਜਾਂਦਾ ਹੈ। ਉਥੇ ਵੀ ਕੋਈ ਨਹੀਂ ਮਿਲਦਾ। ਉਹ ਵਾਪਸ ਘਰ ਆ ਕੇ ਸਿਗਰਟ ਸੁਲਘਾ ਕੇ ਬੈਠ ਜਾਂਦਾ ਹੈ। ਇਕ ਵਾਰ ਤਾਂ ਉਸ ਦਾ ਦਿਲ ਕਰਦਾ ਹੈ ਕਿ ਪਾਰਕ ਦਾ ਗੇੜਾ ਮਾਰ ਕੇ ਆਵੇ ਤਾਂ ਜੋ ਧਿਆਨ ਹੋਰ ਪਾਸੇ ਪਵੇ ਪਰ ਉਸ ਤੋਂ ਉਠਿਆ ਨਹੀਂ ਜਾ ਰਿਹਾ। ਉਹ ਬੈਠਾ ਬੈਠਾ ਸਾਰੀ ਘਟਨਾ ਨੂੰ ਆਪਣੇ ਮਨ ਵਿਚ ਮੁੜ ਸੁਰਜੀਤ ਕਰਨ ਲੱਗਦਾ ਹੈ ਕਿ ਗੁਰਨਾਮ ਹਰ ਰੋਜ਼ ਪ੍ਰੀਤੀ ਨੂੰ ਨੀਵਾਂ ਦਿਖਾ ਕੇ ਉਸ ਦੇ ਮਨ ਵਿਚ ਘਟੀਆਪਨ ਦਾ ਅਹਿਸਾਸ ਪੈਦਾ ਕਰਦਾ ਰਹਿੰਦਾ ਹੋਵੇਗਾ। ਉਸ ਦੇ ਬੱਚੇ ਵੀ ਉਸ ਦੇ ਖਿਲਾਫ ਕਰ ਦਿੱਤੇ ਹੋਣਗੇ। ਅਜਿਹੀ ਸਿੱਖਿਆ ਦਿੱਤੀ ਹੋਵੇਗੀ ਕਿ ਬੱਚੇ ਵੀ ਪ੍ਰੀਤੀ ਨੂੰ ਬੁਲਾਉਂਦੇ ਨਹੀਂ ਹੋਣਗੇ। ਪ੍ਰੀਤੀ ਮਨ ਹੀ ਮਨ ਵਿਚ ਜ਼ਹਿਰ ਘੋਲਦੀ ਰਹਿੰਦੀ ਹੋਵੇਗੀ। ਉਸ ਦਿਨ ਪ੍ਰੀਤੀ ਰਸੋਈ ਵਿਚ ਕੁਝ ਕਰ ਰਹੀ ਹੋਵੇਗੀ ਕਿ ਗੁਰਨਾਮ ਆ ਕੇ ਉਸ ਉਪਰ ਰੋਹਬ ਪਾਉਣ ਲੱਗਿਆ ਹੋਵੇਗਾ, ਕੁਝ ਗਲਤ ਬੋਲਿਆ ਹੋਵੇਗਾ। ਹੋ ਸਕਦਾ ਕਿ ਕੁੱਟਮਾਰ ਹੀ ਕਰ ਦਿੱਤੀ ਹੋਵੇ। ਪ੍ਰੀਤੀ

ਨੇ ਹੱਥ ਵਾਲਾ ਚਾਕੂ ਹੀ ਗੁਰਨਾਮ ਦੇ ਮਾਰ ਦਿੱਤਾ ਹੋਵੇਗਾ। ਚਾਕੂ ਸਿੱਧਾ ਜਿਗਰ ਵਿਚ ਜਾ ਵੱਜਿਆ ਹੋਵੇਗਾ। ਪ੍ਰੀਤੀ ਇੰਨੇ ਗੁੱਸੇ ਵਿਚ ਹੋਵੇਗੀ ਜਾਂ ਬੌਂਦਲੀ ਹੋਈ ਹੋਵੇਗੀ ਕਿ ਉਸ ਨੂੰ ਤਾਂ ਉਸ ਵੇਲੇ ਪਤਾ ਵੀ ਨਹੀਂ ਹੋਵੇਗਾ ਕਿ ਉਹ ਕੀ ਕਰ ਰਹੀ ਹੈ।

ਇਹ ਸੋਚਦਾ ਉਹ ਇਕਦਮ ਉਠ ਬੈਠਦਾ ਹੈ। ਉਹ ਮਨ ਵਿਚ ਕਹਿੰਦਾ ਹੈ ਕਿ ਇਸ ਦਾ ਮਤਲਬ ਕਿ ਪ੍ਰੀਤੀ ਦਾ ਕੋਈ ਕਸੂਰ ਨਹੀਂ ਹੈ। ਉਸ ਵਕਤ ਉਸ ਦੀ ਮਾਨਸਿਕ ਸਥਿਤੀ ਤਾਂ ਅਜਿਹੀ ਸੀ ਕਿ ਉਸ ਨੂੰ ਪਤਾ ਨਹੀਂ ਕਿ ਉਹ ਕੀ ਕਰ ਰਹੀ ਹੈ। ਉਸ ਦੇ ਮਨ ਦੀ ਉਦਾਸੀ ਕੁਝ ਘੱਟਦੀ ਹੈ। ਪ੍ਰੀਤੀ ਬਚ ਸਕਦੀ ਹੈ। ਪ੍ਰੀਤੀ ਬਚ ਜਾਵੇਗੀ। ਅਜਿਹੇ ਦੋ ਕੇਸਾਂ ਵਿਚ ਪਿੱਛੇ ਜਿਹੇ ਹੀ ਦੋ ਔਰਤਾਂ ਤੇ ਇਕ ਆਦਮੀ ਰਿਹਾਅ ਹੋਏ ਹਨ। ਉਹ ਗਰੇਵਾਲ ਨੂੰ ਫੋਨ ਕਰਕੇ ਦੇਖਦਾ ਕਿ ਸ਼ਾਇਦ ਘਰ ਆ ਗਿਆ ਹੋਵੇ। ਗਰੇਵਾਲ ਘਰ ਹੀ ਹੈ। ਉਹ ਫੋਨ ਉਪਰ ਖਬਰ ਬਾਰੇ ਦੱਸਦਾ ਹੈ। ਗਰੇਵਾਲ ਉਸ ਦੇ ਮਨ ਦੀ ਅਵਸਥਾ ਨੂੰ ਸਮਝਦਾ ਕਹਿੰਦਾ ਹੈ,

''ਤੂੰ ਏਧਰ ਆ ਜਾ, ਬੈਠ ਕੇ ਗੱਲ ਕਰਦੇ ਆਂ।''

ਉਹ ਗਰੇਵਾਲ ਕੋਲ ਪੁੱਜ ਜਾਂਦਾ ਹੈ। ਗਰੇਵਾਲ ਕਹਿੰਦਾ ਹੈ,

''ਤੂੰ ਏਨਾ ਸੀਰੀਅਸ ਕਿਉਂ ਹੋਈ ਫਿਰਦੈਂ ?''

''ਕਿਉਂਕਿ ਮੈਂ ਪ੍ਰੀਤੀ ਨੂੰ ਜਾਣਦਾਂ, ਉਹਦਾ ਫਿਕਰ ਐ ਮੈਨੂੰ।''

''ਇਹ ਗੱਲ ਤਾਂ ਮੈਂ ਸਮਝ ਰਿਹਾਂ ਪਰ ਤੂੰ ਆਪਣੀ ਸਿਹਤ ਦਾ ਵੀ ਧਿਆਨ ਕਰ, ਤੇਰਾ ਆਪਣਾ ਟੱਬਰ ਵੀ ਐ, ਨਾਲੇ ਕੀ ਕਰੇਂਗਾ ਏਨਾ ਫਿਕਰ ਕਰ ਕੇ?''

''ਮੈਂ ਸੋਚਦਾਂ ਕਿ ਉਹਨੂੰ ਕੋਈ ਸਜ਼ਾ ਨਾ ਹੋਵੇ।''

''ਜੇ ਕਤਲ ਕੀਤਾ ਤਾਂ ਸਜ਼ਾ ਤਾਂ ਹੋਵੇਗੀ ਹੀ।''

''ਨਹੀਂ, ਇਹ ਕਤਲ ਨਹੀਂ ਸਰ ਜੀ, ਇਹ ਕਤਲ ਨਹੀਂ, ਇਹ ਮਰਡਰ ਨਹੀਂ ਇਹ ਮੈਨ ਸਲਾਟਰ ਐ। ਤੁਹਾਨੂੰ ਪਤੈ ਕੁਸ਼ ਡਿਮਿਨਿਸ਼ੰਗ ਮਾਰਜਨਲ ਰਿਸਪੌਂਸੀਬਿਲਟੀ ਬਾਰੇ ਪਿਛਲੇ ਸਾਲ ਦੋ ਔਰਤਾਂ ਦੀ ਸਜ਼ਾ ਮੁਆਫ ਹੋਈ ਸੀ ਜਾ ਘਟੀ ਸੀ।''

ਗਰੇਵਾਲ ਚੇਤੇ ਕਰਨ ਲੱਗਦਾ ਹੈ। ਜਗਮੋਹਣ ਫਿਰ ਕਹਿੰਦਾ ਹੈ,

''ਜਦ ਇਨਸਾਨ ਨੇ ਜੁਰਮ ਕਰਦੇ ਸਮੇਂ ਮਾਨਸਿਕ ਤਵਾਜ਼ਨ ਖੋਇਆ ਹੋਇਆ ਹੋਵੇ ਤੇ ਇਹ ਤਵਾਜ਼ਨ ਵੀ ਮਕਤੂਲ ਕਾਰਨ ਖੋਇਆ ਹੋਵੇ ਤਾਂ ਜੁਰਮ ਦੀ ਉਸ ਦੀ ਜ਼ਿੰਮੇਵਾਰੀ ਉਪਰ ਫਰਕ ਪੈ ਜਾਂਦੈ।''

''ਇਹ ਤਾਂ ਵਕੀਲਾਂ ਵਾਲਾ ਨੁਕਤਾ ਐ।''

''ਤੁਹਾਨੂੰ ਪਤੈ ਕੈਂਟ ਵਿਚ ਇਕ ਇੰਡੀਅਨ ਨੇ ਆਪਣੀ ਵਾਈਫ ਮਾਰ ਦਿੱਤੀ ਸੀ ਤੇ ਮਾਮੂਲੀ ਜਿਹੀ ਸਜ਼ਾ ਹੋਈ ਸੀ, ਇਹੋ ਬਿਨਾਅ ਲਈ ਸੀ ਉਹਨੇ।''

''ਪਰ ਤੈਨੂੰ ਕੀ ਪਤੈ ਕਿ ਪ੍ਰੀਤੀ ਨੇ ਕਿਹੜੇ ਹਾਲਾਤ ਵਿਚ ਕਤਲ ਕੀਤਾ।''

''ਇਹੋ ਹੀ ਹਾਲਾਤ ਹੋਣਗੇ, ਹੋਰ ਕਿਤੇ ਉਹ ਪ੍ਰੋਫੈਸ਼ਨਲ ਕਾਤਲ ਐ।''

''ਜੋ ਕੁਝ ਵੀ ਏ ਜਗਮੋਹਣ, ਪਹਿਲਾਂ ਤਾਂ ਤੂੰ ਰਿਲੈਕਸ ਹੋ, ਮਨਦੀਪ ਠੀਕ ਕਹਿੰਦੀ ਐ ਕਿ ਤੈਨੂੰ ਚੁੜੇਲਾਂ ਇਕਦਮ ਚੁੰਬੜ ਜਾਂਦੀਆਂ।''

ਜਗਮੋਹਣ ਮੁਸਕਰਾਉਂਦਾ ਹੈ ਤੇ ਫਿਰ ਆਖਦਾ ਹੈ,

''ਮੈਂ ਸਿਸਟਰ ਇਨਹੈਂਡਜ਼ ਵਲ ਗਿਆ ਸੀ ਪਰ ਉਥੇ ਕੋਈ ਨਹੀਂ ਸੀ, ਸੋਚਦਾਂ ਕਿ ਫੋਨ ਕਰਕੇ ਵਕਤ ਲੈਨਾਂ ਤੇ ਮਿਲ ਕੇ ਆਉਨਾ, ਐਤਕੀਂ ਤਾਂ ਮੈਂ ਉਹਨਾਂ ਦੇ ਪਿੱਛੇ ਪੈ ਜਾਊਂ ਕਿ ਕੁਝ ਨਾ ਕੁਝ ਕਰਨ।''

ਅਗਲੇ ਦਿਨ ਕੰਮ ਤੋਂ ਮੁੜਦਾ ਹੀ ਜਗਮੋਹਣ ਗਰੀਨ ਰੋਡ ਉਪਰ ਪਹੁੰਚ ਜਾਂਦਾ ਹੈ। ਦਿਨੇ ਕਈ ਵਾਰ ਫੋਨ ਕਰਨ ਤੋਂ ਬਾਅਦ ਅਨੀਤਾ ਪਟੇਲ ਮਿਲੀ ਸੀ ਤੇ ਉਸ ਨੇ ਅਜ ਹੀ ਮਿਲਣ ਦਾ ਸਮਾਂ ਦੇ ਦਿਤਾ ਹੈ। ਭਾਵੇਂ ਅਨੀਤਾ ਪਟੇਲ ਮਰਦਾਂ ਦੀ ਗੱਲ ਘੱਟ ਸੁਣਦੀ ਹੈ ਪਰ ਜਗਮੋਹਣ ਦੇ ਨਾਂ ਤੋਂ ਉਨ੍ਹਾਂ ਦਾ ਸਾਰਾ ਦਫਤਰ ਜਾਣੂ ਹੈ ਇਸ ਲਈ ਉਸ ਨੂੰ ਵਕਤ ਦੇ ਦਿੰਦੇ ਹਨ। ਅਨੀਤਾ ਉਸ ਨੂੰ ਉਡੀਕ ਰਹੀ ਹੈ। ਉਹ ਕਹਿੰਦੀ ਹੈ,

''ਹਮੇਂ ਆਪ ਕੀ ਦੋਸਤ ਸੇ ਹਮਦਰਦੀ ਹੈ।''

''ਅਨੀਤਾ ਜੀ, ਹਮਦਰਦੀ ਨਹੀਂ ਚਾਹੀਏ ਹੈਲਪ ਚਾਹੀਏ।''

''ਹੈਲਪ ਤਬ ਤਕ ਨਹੀਂ ਕਰ ਸਕਤੇ ਜਬ ਤਕ ਕੇਸ ਨਹੀਂ ਚਲਤਾ, ਅਬੀ ਕਲ ਇਹ ਇਨਸੀਡੈਂਟ ਹੈਪਨ ਹੂਆ ਹੈ, ਕੇਸ ਤੋ ਸਾਲ ਤਕ ਚਲੇਗਾ।''

''ਅਨੀਤਾ ਜੀ, ਕੇਸ ਜਬ ਚਲੇ ਸੋ ਚਲੇ ਪਰ ਪ੍ਰੀਤੀ ਕੋ ਮਿਲਨੇ ਕੀ ਜ਼ਰੂਰਤ ਹੈ, ਉਸ ਸੇ ਬਾਤ ਕਰਨੇ ਕੀ ਜ਼ਰੂਰਤ ਹੈ, ਉਸ ਕੋ ਹੌਸਲਾ ਦੇਨਾ ਚਾਹੀਏ।''

''ਜੇ ਕਾਮ ਤੋ ਆਪ ਵੀ ਕਰ ਸਕਤੇ ਹੋ।''

''ਮੈਂ ਜੋ ਕਰ ਸਕਤਾ ਹੂੰ ਮੈਂ ਕਰੂੰਗਾ ਮਗਰ ਆਪ ਕੀ ਇਸ ਇੰਸਟੀਚੂਸ਼ਨ ਕਾ ਯੇਹ ਕਾਮ ਹੈ।''

''ਜਗਮੋਹਨ ਜੀ, ਹਮੇਂ ਯੇਹ ਮਤ ਸਮਝਾਈਏ ਕਿ ਹਮਾਰਾ ਕਿਆ ਕਾਮ ਹੈ, ਆਪ ਅਪਨਾ ਕਾਮ ਕੀਜੀਏ ਔਰ ਹਮੇਂ ਅਪਨਾ ਕਰਨਾ ਦੀਜੀਏ।''

ਅਠਤਾਲੀ

ਤਾਰਿਕ ਨਾਲ ਝਗੜੇ ਤੋਂ ਬਾਅਦ ਪਰਦੁੱਮਣ ਸਿੰਘ, ਮੀਕਾ ਤੇ ਨਿੰਮਾ ਵਾਪਸ ਫੈਕਟਰੀ ਨੂੰ ਆ ਜਾਂਦੇ ਹਨ। ਮੀਕਾ ਕਹਿਣ ਲਗਦਾ ਹੈ,

''ਮੈਂ ਤਾਂ ਕਿਹਾ ਸਾਲਾ ਤਾਰਿਕ ਕੁਸ਼ ਅੜੂਗਾ ਪਰ ਉਹ ਤਾਂ ਇਕ ਮੁੱਕੇ ਦੀ ਮਾਰ ਈ ਨਿਕਲਿਆ, ਨਾਲੇ ਇਹ ਮੇਰਾ ਮੁੱਕਾ ਹਲਕਾ ਈ ਸੀ, ਮੈਂ ਉਹਦੀ ਵਿੱਤ ਦੇਖ ਕੇ ਈ ਮਾਰਿਆ ਸੀ।''

ਪਰਦੁੱਮਣ ਸਿੰਘ ਸ਼ਾਬਾਸ਼ ਕਹਿਣ ਵਾਂਗ ਮੀਕੇ ਵੱਲ ਦੇਖ ਰਿਹਾ ਹੈ। ਨਿੰਮਾ ਆਖਦਾ ਹੈ,

''ਮੈਂ ਤਾਂ ਹਾਲੇ ਬਾਹਾਂ ਹੀ ਟੰਗਦਾ ਸੀ। ਮੇਰੀ ਤਿਆਰੀ ਤਾਂ ਐਵੇਂ ਈ ਗਈ, ਜਿੰਨੇ ਬੰਦੇ ਅੰਦਰੋਂ ਨਿਕਲੇ ਸਾਰੇ ਈ ਚੱਡਿਆਂ ਵਿਚ ਪੂਛਾਂ ਦੇ ਕੇ ਈ ਨਿਕਲੇ।''

''ਮੁੰਡਿਓ, ਏਸ ਸੁੱਲੇ ਨੇ ਸਾਡੇ ਮੂਹਰੇ ਕੀ ਖੜਨੈ।''

''ਅੰਕਲ, ਮੈਂ ਰੋਕ ਲਿਆ ਆਪਣੇ ਆਪ ਨੂੰ, ਨਹੀਂ ਤਾਂ ਇਹ ਸੁੱਲਾ ਮੇਰੇ ਹੱਥੋਂ ਮਰ ਜਾਣਾ ਸੀ। ਅੰਕਲ, ਹੁਣ ਏਦਾਂ ਈ ਕਿਸੇ ਦਿਨ ਮੈਂ ਆਪਣੇ ਭਰਾ ਨੂੰ ਦੱਖੂ-ਦਾਣਾ ਦੇਣਾ, ਇਕ ਮਾਰੂੰ ਸਾਲੇ ਦੇ ਜਬਾੜੇ 'ਤੇ ਤੇ ਧਰਤੀ 'ਤੇ ਪਿਆ ਮਿੱਟੀ ਚੱਟੂ।''

ਪਰਦੁੱਮਣ ਸਿੰਘ ਹਾਂ ਵਿਚ ਸਿਰ ਮਾਰਦਾ ਰਹਿੰਦਾ ਹੈ। ਉਸ ਨੂੰ ਪਤਾ  ਕਿ ਮੀਕੇ ਦਾ ਆਪਣੇ ਭਰਾ ਨਾਲ ਪੁਰਾਣਾ ਝਗੜਾ ਹੈ। ਸ਼ਰਾਬ ਪੀ ਕੇ ਉਸ ਨੂੰ ਬੁਰਾ ਭਲਾ ਬੋਲਦਾ ਰਹਿੰਦਾ ਹੈ। ਕਈ ਵਾਰ ਫੋਨ ਉਪਰ ਵੀ ਗਾਲ੍ਹਾਂ ਕੱਢਣ ਲੱਗਦਾ ਹੈ। ਉਸ ਨੂੰ ਪਤਾ ਹੈ ਕਿ ਮੀਕਾ ਗੱਪੀ ਹੈ। ਅੱਜ ਵਾਲੀ ਉਸ ਦੀ ਹਿੰਮਤ ਦੀ ਉਸ ਨੂੰ ਆਸ ਨਹੀਂ ਸੀ। ਫਿਰ ਅਚਾਨਕ ਪਰਦੁੱਮਣ ਸਿੰਘ ਨੂੰ ਲੱਗਣ ਲੱਗਦਾ ਹੈ ਕਿ ਤਾਰਿਕ ਨਾਲ ਕੁੱਟ ਮਾਰ ਨਹੀਂ ਸੀ ਕਰਨੀ ਚਾਹੀਦੀ। ਸਿਰਫ ਗਾਲ੍ਹਾਂ ਧਮਕੀਆਂ ਤੱਕ ਰਹਿਣਾ ਚਾਹੀਦਾ ਸੀ। ਹੁਣ ਕਿਤੇ ਪੁਲਿਸ ਕੋਲ ਰਿਪੋਰਟ ਹੀ ਨਾ ਕਰ ਦੇਵੇ। ਮੀਕੇ ਕੋਲ ਤਾਂ ਕੋਈ ਪੇਪਰ ਵੀ ਨਹੀਂ। ਅਗਲਿਆਂ ਚੁੱਕ ਕੇ ਸਿੱਧਾ ਇੰਡੀਆ ਹੀ ਸੁੱਟ ਦੇਣਾ ਹੈ। ਉਹ ਆਖਦਾ ਹੈ,

''ਮੀਕਿਆ, ਤੂੰ ਅਰੇ ਪਰੇ ਹੋ ਜਾ, ਤਾਰਿਕ ਕਿਤੇ ਪੁਲਿਸ ਨਾ ਸੱਦ ਲਵੇ।''

ਮੀਕਾ ਵੀ ਫਿਕਰਮੰਦ ਹੋ ਜਾਂਦਾ ਹੈ। ਫਿਰ ਇਕ ਪੈੱਗ ਹੋਰ ਪੀ ਕੇ ਕਹਿਣ ਲੱਗਦਾ ਹੈ,

''ਅੰਕਲ, ਮੈਂ ਕਿਹੜਾ ਡਰਦਾਂ, ਔਣ ਦੇ ਪੁਲੀਸ ਨੂੰ।''

ਪਰ ਫਿਰ ਉਹ ਉਥੋਂ ਤੁਰ ਪੈਂਦਾ ਹੈ। ਪਿਛਲੀਆਂ ਸੜਕਾਂ ਤੋਂ ਹੁੰਦਾ ਹੋਇਆ ਤਾਰੇ ਦੇ ਕਮਰੇ ਵਿਚ ਜਾ ਪੁੱਜਦਾ ਹੈ। ਇਵੇਂ ਹੀ ਨਿੰਮਾ ਵੀ ਖਿਸਕ ਜਾਂਦਾ ਹੈ। ਪਰਦੁੱਮਣ ਫੈਕਟਰੀ ਹੀ ਬੈਠਾ ਰਹਿੰਦਾ ਹੈ। ਸਾਰਾ ਸਟਾਫ ਵੀ ਚਲੇ ਜਾਂਦਾ ਹੈ। ਉਸ ਨੂੰ ਹੈ ਕਿ ਜੇਕਰ ਪੁਲਿਸ ਆਈ ਤਾਂ ਉਸ ਨੂੰ ਇਥੇ ਫੈਕਟਰੀ ਵਿਚ ਹੀ ਮਿਲਣਾ ਚਾਹੇਗਾ। ਉਸ ਨੂੰ ਲੱਭਣ ਲਈ ਪੁਲਿਸ ਦੇ ਘਰ ਆਵੇ ਇਹ ਉਸ ਨੂੰ ਪਸੰਦ ਨਹੀਂ । ਉਹ ਆਪਣੇ ਆਪ ਨੂੰ ਪੁਲਿਸ ਕੋਲ ਬਿਆਨ ਦੇਣ ਲਈ ਤਿਆਰ ਵੀ ਕਰ ਲੈਂਦਾ ਹੈ ਕਿ ਸਾਰੀ ਗੱਲ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਵੇਗਾ। ਮੀਕੇ ਜਾਂ ਨਿੰਮੇ ਨੂੰ ਵਿਚ ਨਹੀਂ ਆਉਣ ਦੇਵੇਗਾ। ਉਹ ਛੇ ਵਜੇ ਤੱਕ ਬੈਠਾ ਰਹਿੰਦਾ ਹੈ ਪਰ ਪੁਲਿਸ ਨਹੀਂ ਆਉਂਦੀ। ਉਹ ਸਮਝ ਜਾਂਦਾ  ਕਿ ਮੁਸੀਬਤ ਟਲ ਗਈ। ਉਠ ਕੇ ਘਰ ਨੂੰ ਤੁਰ ਪੈਂਦਾ ਹੈ ਪਰ ਅੰਦਰੋਂ ਉਹ ਬਹੁਤ ਡਰ ਰਿਹਾ ਹੈ ਕਿ ਐਵੇਂ ਹੀ ਪੰਗਾ ਲੈ ਲਿਆ।

ਉਸ ਦਾ ਮੋਬਾਈਲ ਵੱਜਦਾ ਹੈ। ਓਪਰਾ ਜਿਹਾ ਨੰਬਰ  ਕੋਈ। ਉਹ ਔਨ ਕਰਦਾ ਹੈ। ਦੂਜੇ ਪਾਸੇ ਫਰੀਦਾ ਹੈ। ਉਹ ਕਹਿੰਦੀ ਹੈ,

''ਸਰਦਾਰ ਜੀ, ਤੁਸੀਂ ਇਹ ਕੀ ਕੀਤਾ ਜੇ, ਮੇਰਾ ਮੀਆਂ ਮਾਰਨਾ ਸੂ?''

''ਸੌਰੀ ਫਰੀਦਾ, ਮੇਰਾ ਮਤਲਬ ਉਹਨੂੰ ਏਨਾ ਮਾਰਨਾ ਨਹੀਂ ਸੀ।''

''ਸੌਰੀ ਕਾਹਦੀ ਸਰਦਾਰ ਜੀ, ਜੇ ਉਹ ਮਰ ਜਾਂਦਾ ਤਾਂ ਮੈਂ ਤਾਂ ਵਿਧਵਾ ਹੋ ਜਾਣਾ ਸੂ।''

''ਕਿੱਦਾਂ ਤਾਰਿਕ ਹੁਣ ?''

''ਉਂਜ ਤਾਂ ਠੀਕ ਜੇ, ਪੁਲਿਸ ਬੁਲਾਉਣੀ ਚਾਹੁੰਦਾ ਸੀ ਪਰ ਮੈਂ ਬੜੀ ਮੁਸ਼ਕਲ ਨਾਲ ਰੋਕਿਆ ਜੇ, ਬੜੀਆਂ ਮਿੰਨਤਾਂ ਕੀਤੀਆਂ ਸੂ ਕਿ ਨਵਾਂ ਨਵਾਂ ਬਿਜ਼ਨਸ ਐ, ਪੁਲਿਸ ਕਚਹਿਰੀ ਦੇ ਚੱਕਰ ਵਿਚ ਰੁਲ ਜਾ ਸੀ।''

''ਫਰੀਦਾ, ਤੇਰੀ ਬਹੁਤ ਮਿਹਰਬਾਨੀ ਪਰ ਹੁਣ ਆਪਣੇ ਸਰਦਾਰ ਨੂੰ ਭੁੱਲ ਨਾ ਜਾਈਂ, ਮੈਨੂੰ ਆਪਣੇ ਕੋਈ ਫੋਨ ਨੰਬਰ ਦੇਹ ਜਿਥੇ ਤੇਰੇ ਨਾਲ ਗੱਲ ਕਰ ਲਿਆ ਕਰਾਂ।''

''ਮੈਂ ਆਪਣੇ ਸਰਦਾਰ ਨੂੰ ਕਦੇ ਨਾ ਭੁੱਲ ਸਾਂ ਤੇ ਫੋਨ ਵੀ ਮੈਂ ਆਪੇ ਕਰ ਸਾਂ।''

ਫਰੀਦਾ ਦੇ ਇਹ ਦੱਸਣ 'ਤੇ ਪਰਦੁੱਮਣ ਨੂੰ ਸੁੱਖ ਦਾ ਸਾਹ ਆਉਂਦਾ ਹੈ। ਹੁਣ ਉਸ ਦਾ ਪਛਤਾਵਾ ਹੋਰ ਵੀ ਵੱਧ ਜਾਂਦਾ ਹੈ ਕਿ ਜੇ ਤਾਰਿਕ ਪੁਲਿਸ ਕੇਸ ਬਣਾ ਦਿੰਦਾ ਤਾਂ ਉਸ ਦੀ ਬਹੁਤ ਬਦਨਾਮੀ ਹੋਣੀ ਸੀ। ਉਹ ਰਾਹਤ ਮਹਿਸੂਸ ਕਰਦਾ ਹੈ।

ਅਗਲੇ ਦਿਨ ਨਿੰਮਾ ਤੇ ਮੀਕਾ ਵੀ ਵਾਪਸ ਆ ਜਾਂਦੇ ਹਨ। ਜਦ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਤਾਰਿਕ ਨੇ ਉਨ੍ਹਾਂ ਦੀ ਕੁੱਟ ਨੂੰ ਝੱਲ ਲਿਆ ਹੈ ਤਾਂ ਮੀਕੇ ਦੀਆਂ ਗੱਪਾਂ ਵੱਧ ਜਾਂਦੀਆਂ ਹਨ। ਉਹ ਚੌੜਾ ਹੋ ਕੇ ਤੁਰਨ ਲੱਗਦਾ ਹੈ। ਕੰਮ ਉਪਰ ਔਰਤਾਂ ਵੱਲ ਇਵੇਂ ਦੇਖਦਾ ਹੈ ਜਿਵੇਂ ਕੋਈ ਵੱਡੀ ਜੰਗ ਜਿੱਤ ਕੇ ਆਇਆ ਹੋਵੇ। ਉਸ ਦੀ ਟਿੱਚਰਬਾਜ਼ੀ ਵੀ ਵੱਧ ਜਾਂਦੀ ਹੈ ਤੇ ਕਹਿੰਦਾ ਰਹਿੰਦਾ ਹੈ ਕਿ ਕੋਈ ਬੰਦਾ ਕੁਟਾਉਣਾ ਹੋਇਓ ਤਾਂ ਦੱਸਿਓ।

ਇਕ ਦਿਨ ਨਿੰਮਾ ਕੁਝ ਸਮੋਸੇ ਵਾਪਸ ਲੈ ਆਉਂਦਾ ਹੈ। ਉਨ੍ਹਾਂ ਵਿਚੋਂ ਵਾਲ ਨਿਕਲਿਆ ਹੈ। ਇਵੇਂ ਕਦੀ ਕਦਾਈਂ ਸਮੋਸੇ ਵਿਚੋਂ ਵਾਲ ਨਿਕਲ ਆਵੇ ਤਾਂ ਪਰਦੁੱਮਣ ਸਿੰਘ ਦੇ ਭਾਅ ਦੀਆਂ ਬਣ ਜਾਂਦੀਆਂ ਹਨ। ਸਿਹਤ ਵਿਭਾਗ ਅਨੁਸਾਰ ਇਹ ਬਹੁਤ ਵੱਡੀ ਅਣਗਹਿਲੀ ਹੈ। ਉਹ ਜੁਰਮਾਨਾ ਕਰ ਸਕਦੇ ਹਨ। ਜੇ ਜ਼ਿਆਦਾ ਹੋਵੇ ਤਾਂ ਫੈਕਟਰੀ ਵੀ ਬੰਦ ਕਰਾ ਸਕਦੇ ਹਨ। ਮੀਕਾ ਵਾਲ ਕੱਢ ਕੇ ਇਕੱਲੀ ਇਕੱਲੀ ਔਰਤ ਦੇ ਵਾਲਾਂ ਨਾਲ ਮੇਲ ਕੇ ਦੇਖ ਰਿਹਾ ਹੈ ਕਿ ਕਿਸ ਦਾ ਹੈ। ਸਭ ਨੇ ਹੀ ਸਿਰਾਂ ਉਪਰ ਟੋਪੀਆਂ ਪਾਈਆਂ ਹੋਈਆਂ ਹਨ ਫਿਰ ਉਹ ਕਹਿੰਦਾ ,
''ਅੰਕਲ, ਕਿਤੇ ਤੁਹਾਡਾ ਹੀ ਤਾਂ ਨਹੀਂ।''
''ਨਹੀਂ ਬਈ, ਮੇਰਾ ਕਿੱਦਾਂ ਹੋ ਸਕਦੈ, ਮੈਂ ਤਾਂ ਜਾਲੀ ਬੰਨ੍ਹ ਕੇ ਰੱਖਦਾ ਹੁੰਨਾ।''
''ਪਰ ਇਹ ਤਾਂ ਲੱਗਦੈ ਜਿੱਦਾਂ ਰੰਗਿਆ ਹੋਇਆ ਹੋਵੇ।''
''ਇਥੇ ਸਾਰੀਆਂ ਬੁੜੀਆਂ ਰੰਗੀ ਫਿਰਦੀਆਂ।''

ਪਰਦੁੱਮਣ ਸਿੰਘ ਕਹਿੰਦਾ ਹੈ। ਉਸ ਨੂੰ ਜਾਪਦਾ ਹੈ ਕਿ ਚੋਰ ਫੜਨ ਦੀ ਥਾਵੇਂ ਉਹ ਆਪ ਹੀ ਚੋਰ ਬਣਦਾ ਜਾ ਰਿਹਾ ਹੈ। ਮੀਕਾ ਨਿੰਮੇ ਨੂੰ ਆਖਦਾ ਹੈ,
''ਤੂੰ ਕੱਲ੍ਹ ਨੂੰ ਜਾ ਕੇ ਸ਼ੌਪਕੀਪਰ ਨੂੰ ਕਹਿ ਦੇਈਂ ਕਿ ਵਾਲਾਂ ਤੋਂ ਨਹੀਂ ਡਰੀਦਾ, ਇਹ ਤਾਂ ਸਿੰਘਾਂ ਦਾ ਟਰੇਡ ਮਾਰਕ ਐ।''

ਉਸ ਦੇ ਕੋਲ ਖੜੀਆਂ ਦੋ ਔਰਤਾਂ ਹੱਸਦੀਆਂ ਹਨ। ਇਕ ਆਖਣ ਲੱਗਦੀ ਹੈ,
''ਮੀਕਿਆ, ਅਗਲਾ ਕਹੂ ਕਿ ਜੇ ਇਹ ਵਾਲ ਤੁਹਾਡਾ ਟਰੇਡ ਮਾਰਕ ਐ ਤਾਂ ਹਰੇਕ ਸਮੋਸੇ ਵਿਚ ਪਾਇਆ ਕਰੋ, ਫੇਰ ਕੀ ਜਵਾਬ ਦੇਵੇਂਗਾ ?''
''ਇਹਦਾ ਜਵਾਬ ਵੀ ਹੈਗਾ ਕਿ ਹਰੇਕ ਸਮੋਸੇ ਵਿਚ ਵਾਲ਼ ਪਾ ਕੇ ਅਸੀਂ ਗੰਜੇ ਹੋਣਾ।''

ਸਾਰੇ ਹੱਸਦੇ ਹਨ। ਵਾਲ ਨਿਕਲਣੇ ਵਾਲੀ ਗੰਭੀਰਤਾ ਗੁਆਚ ਜਾਂਦੀ ਹੈ। ਪਰਦੁੱਮਣ ਸਿੰਘ ਸੋਚਦਾ ਹੈ ਕਿ ਮੂਡ ਠੀਕ ਹੋਇਆਂ ਤੇ ਸਭ ਦੀ ਖਬਰ ਲਵੇਗਾ ਕਿ ਮੁੜ ਕੇ ਸਮੋਸੇ ਵਿਚੋਂ ਵਾਲ ਨਹੀਂ ਨਿਕਲਣਾ ਚਾਹੀਦਾ।

ਉਸ ਨੂੰ ਫਰੀਦਾ ਦਾ ਫਿਰ ਫੋਨ ਆਉਂਦਾ ਹੈ। ਉਪਰੋਂ ਭਾਵੇਂ ਫਰੀਦਾ ਹਾਲੇ ਵੀ ਗੁੱਸੇ ਵਿਚ ਹੈ ਪਰ ਅੰਦਰੋਂ ਖੁਸ਼ ਕਿ ਤਾਰਿਕ ਦੇ ਇਵੇਂ ਲੱਗੀਆਂ ਹਨ। ਉਸ ਨੂੰ ਤਾਰਿਕ ਨਾਲ ਦਿਲੋਂ ਨਫਰਤ ਹੈ। ਇੰਗਲੈਂਡ ਤੋਂ ਗਿਆ ਪੈਸੇ ਦੇ ਜ਼ੋਰ ਨਾਲ ਹੀ ਉਸ ਨੂੰ ਵਿਆਹ ਲਿਆਇਆ ਸੀ ਨਹੀਂ ਤਾਂ ਉਸ ਦਾ ਬੁੱਢੇ ਤਾਰਿਕ ਨਾਲ ਕੀ ਮੇਲ ਸੀ। ਫਰੀਦਾ ਫੈਕਟਰੀ ਦੇ ਅੰਦਰ ਦੀ ਹਰ ਖਬਰ ਪਰਦੁੱਮਣ ਨੂੰ ਦਿੰਦੀ ਹੈ ਕਿ ਕਿੰਨੀਆਂ ਔਰਤਾਂ ਅੰਦਰ ਕੰਮ ਕਰਦੀਆਂ ਹਨ। ਕਿੰਨੇ ਸਮੋਸੇ ਰੋਜ਼ ਬਣਦੇ ਹਨ। ਕਿੰਨੇ ਡਰਾਈਵਰ ਡਲਿਵਰੀ ਲਈ ਜਾਂਦੇ ਹਨ। ਪਰਦੁੱਮਣ ਸਿੰਘ ਇਸ ਗੱਲ 'ਤੇ ਖੁਸ਼ ਹੈ ਪਰ ਉਸ ਕੋਲੋਂ ਹੁਣ ਫਰੀਦਾ ਨੂੰ ਪਹਿਲਾਂ ਵਾਂਗ ਨਹੀਂ ਮਿਲ ਹੁੰਦਾ। ਭੱਜ ਦੌੜ ਕੇ ਕਦੇ ਰਾਹ ਵਿਚ ਹੀ ਮਿਲ ਸਕਦੇ ਹਨ। ਹੁਣ ਤਾਰਿਕ ਹਰ ਵੇਲੇ ਫੈਕਟਰੀ ਵਿਚ ਹੁੰਦਾ ਹੈ ਤੇ ਫਰੀਦਾ ਵੀ ਉਸ ਦੇ ਨਾਲ ਹੀ ਹੁੰਦੀ ਹੈ। ਉਸ ਨੂੰ ਰਹਿਣਾ ਹੀ ਪੈਂਦਾ ਹੈ। ਕਦੇ ਕਦੇ ਘਰ ਵਿਚ ਸਫਾਈ ਦਾ ਬਹਾਨਾ ਬਣਾ ਕੇ ਉਹ ਘਰ ਚਲੇ ਜਾਂਦੀ ਹੈ ਤੇ ਪਰਦੁੱਮਣ ਸਿੰਘ ਨੂੰ ਬੁਲਾ ਲੈਂਦੀ ਹੈ ਪਰ ਕਦੇ ਕਦੇ ਹੀ।

ਤਾਰਿਕ ਨਾਲ ਝਗੜੇ ਤੋਂ ਬਾਅਦ ਇਕ ਗੱਲ ਤਹਿ ਹੋ ਗਈ ਹੈ ਕਿ ਉਹ ਮੁੜ ਪਰਦੁੱਮਣ ਸਿੰਘ ਦੀ ਦੁਕਾਨ ਉਪਰ ਆਪਣੇ ਸਮੋਸੇ ਰੱਖਣ ਨਹੀਂ ਜਾਂਦਾ ਤੇ ਜਿਹੜੀਆਂ ਦੁਕਾਨਾਂ ਤਾਰਿਕ ਨੇ ਤੋੜ ਲਈਆਂ ਹਨ ਉਨ੍ਹਾਂ ਨੂੰ ਵਾਪਸ ਲੈਣ ਦੀ ਜ਼ਿੱਦ ਪਰਦੁੱਮਣ ਸਿੰਘ ਵੀ ਨਹੀਂ ਕਰ ਰਿਹਾ। ਥੋੜ੍ਹੇ ਜਿਹੇ ਝਟਕੇ ਲੱਗ ਕੇ ਜ਼ਿੰਦਗੀ ਆਮ ਵਾਂਗ ਚੱਲ ਪੈਂਦੀ ਹੈ। ਪਰਦੁੱਮਣ ਸਿੰਘ ਸਮਝ ਲੈਂਦਾ ਹੈ ਕਿ ਤਾਰਿਕ ਜਿੰਨੀ ਕੁ ਸਿਰਦਰਦੀ ਬਣ ਸਕਦਾ ਸੀ ਬਣ ਚੁੱਕਾ ਹੈ ਹੋਰ ਮੁਸੀਬਤ ਨਹੀ ਦੇਵੇਗਾ।

ਤਾਰਿਕ ਵਾਲੀ ਸਿਰਦਰਦੀ ਭਾਵੇਂ ਕਿਸੇ ਹੱਦ ਤੱਕ ਖਤਮ ਹੋ ਗਈ ਹੋਵੇ ਪਰ ਬਲਵੀਰ ਉਸ ਲਈ ਨਵੀਂ ਮੁਸੀਬਤ ਖੜੀ ਕਰ ਦਿੰਦਾ ਹੈ। ਹੁਣ ਉਸ ਨੇ ਪਰਦੁੱਮਣ ਸਿੰਘ ਦੀਆਂ ਦੁਕਾਨਾਂ ਉਪਰ ਆਪਣਾ ਮਾਲ ਰੱਖਣਾ ਸ਼ੁਰੂ ਕਰ ਦਿੱਤਾ ਹੈ। ਉਸ ਨੇ ਆਪਣੇ ਸਮੋਸੇ ਦਾ ਭਾਰ ਵੀ ਪਰਦੁੱਮਣ ਸਿੰਘ ਦੇ ਸਮੋਸੇ ਨਾਲੋਂ ਦਸ ਗ੍ਰਾਮ ਵਧਾ ਦਿੱਤਾ ਹੈ। ਪਰਦੁੱਮਣ ਸਿੰਘ ਇਕ ਸੌ ਚਾਲੀ ਗ੍ਰਾਮ ਦਾ ਸਮੋਸਾ ਬਣਾਉਂਦਾ ਹੈ ਜਦ ਕਿ ਬਲਵੀਰ ਇਕ ਸੌ ਪੰਜਾਹ ਗ੍ਰਾਮ ਦਾ ਬਣਾਉਣ ਲੱਗਿਆ ਹੈ। ਉਸ ਨੇ ਸਮੋਸੇ ਦੀ ਕੀਮਤ ਵੀ ਦੋ ਪੈਨੀਆਂ ਪਰਦੁੱਮਣ ਸਿੰਘ ਨਾਲੋਂ ਘੱਟ ਕਰ ਦਿੱਤੀ ਹੈ।

ਇਕ ਵਾਰ ਤਾਂ ਪਰਦੁੱਮਣ ਸਿੰਘ ਨੂੰ ਲੱਗਦਾ ਹੈ ਕਿ ਸਾਰਾ ਬਿਜ਼ਨਸ ਹੱਥੋਂ ਗਿਆ। ਉਹ ਬਲਵੀਰ ਨੂੰ ਫੋਨ ਕਰਦਾ ਹੈ। ਬਲਵੀਰ ਅੱਗਿਉਂ ਜਵਾਬ ਨਹੀਂ ਦਿੰਦਾ। ਉਸ ਨੂੰ ਮਿਲਣ ਉਸ ਦੀ ਫੈਕਟਰੀ ਜਾਂਦਾ ਹੈ ਤਾਂ ਬਲਵੀਰ ਪਾਸੇ ਹੋ ਜਾਂਦਾ ਹੈ। ਪਰਦੁੱਮਣ ਸਿੰਘ ਆਪ ਇਕੱਲੀ ਇਕੱਲੀ ਦੁਕਾਨ ਉਪਰ ਜਾਂਦਾ ਹੈ। ਦੁਕਾਨਦਾਰਾਂ ਨੂੰ ਆਪਣੇ ਪੁਰਾਣੇ ਸਬੰਧਾਂ ਦੇ ਵਾਸਤੇ ਪਾਉਂਦਾ ਹੈ। ਉਨ੍ਹਾਂ ਨੂੰ ਵਧੀਆ ਸਰਵਿਸ ਮੁਹੱਈਆ ਕਰਨ ਦੇ ਵਾਅਦੇ ਕਰਦਾ ਹੈ। ਆਪਣਾ ਕਾਰੋਬਾਰ ਕਿਸੇ ਹੱਦ ਤੱਕ ਬਚਾਉਣ ਵਿਚ ਕਾਮਯਾਬ ਹੋ ਜਾਂਦਾ ਹੈ।

ਉਹ ਮੀਕੇ ਨੂੰ ਬਲਵੀਰ ਨਾਲ ਲੜਨ ਲਈ ਤਿਆਰ ਕਰਨ ਲੱਗਦਾ ਹੈ। ਮੀਕਾ ਆਖਦਾ ਹੈ,
''ਅੰਕਲ, ਬਲਵੀਰ ਕੁੱਟਣ ਦੇ ਪੰਜ ਹਜ਼ਾਰ ਪੌਂਡ ਲਊਂ।''
''ਕੋਈ ਅਕਲ ਕਰ ਮੀਕਿਆ! ਪੰਜ ਹਜ਼ਾਰ ਕਾਹਦਾ? ਤੂੰ ਤਾਂ ਕਈ ਵਾਰ ਕਹਿ ਚੁੱਕਾਂ ਕਿ ਕੋਈ ਬੰਦਾ ਕੁਟਾਉਣਾ ਹੋਇਆ ਤਾਂ ਦੱਸੀਂ।''
''ਅੰਕਲ, ਉਹ ਤਾਂ ਮੈਂ ਬੰਦਿਆਂ ਲਈ ਕਹਿੰਨਾ ਹੁੰਨਾਂ ਤੇ ਬਲਵੀਰ ਕੋਈ ਬੰਦਾ ਥੋੜੋ ਆ, ਉਹ ਤਾਂ ਮੇਰਾ ਪੁਰਾਣਾ ਆੜੀ ਐ।''

ਉਣੰਜਾ

ਹੋਟਲ ਖਰੀਦ ਕੇ ਕਾਰਾ ਸੱਤਵੇਂ ਅਸਮਾਨ ਜਾ ਚੜ੍ਹਦਾ ਹੈ। ਉਹ ਆਪਣੇ ਨਾਂ ਨਾਲ ਹੋਟਲੀਅਰ ਅਖਵਾਉਣ ਲੱਗਿਆ ਹੈ। ਗੁਰਦੁਆਰੇ ਜਾ ਕੇ ਗਿਆਰਾਂ ਪੌਂਡ ਦੇ ਕੇ ਅਰਦਾਸ ਵਿਚ ਕਹਿਲਵਾਏਗਾ ਸਰਦਾਰ ਬਲਕਾਰ ਸਿੰਘ ਰਾਏ ਹੋਟਲੀਅਰ ਪਰ ਉਸ ਦੀ ਦਿੱਖ ਜਾਂ ਉਸ ਵਿਚਲੇ ਮੁੰਡੇਪਣ ਕਾਰਨ ਲੋਕ ਉਸ ਨੂੰ ਕਾਰੇ ਤੋਂ ਬਲਕਾਰ ਵੀ ਨਹੀਂ ਕਹਿਣ ਲੱਗੇ। ਓਪਰੇ ਬੰਦੇ ਭਾਵੇਂ ਮਿਸਟਰ ਰਾਏ ਕਹਿ ਲੈਂਦੇ ਹੋਣ ਪਰ ਪੁਰਾਣੇ ਵਾਕਫ ਤਾਂ ਕਾਰਾ ਕਹਿ ਕੇ ਹੀ ਸੰਬੋਧਨ ਹੁੰਦੇ ਹਨ। ਕੁਝ ਵੀ ਹੋਵੇ ਉਸ ਨੂੰ ਹੋਟਲੀਅਰ ਬਣਨ ਦਾ ਹਲਕਾ ਜਿਹਾ ਨਸ਼ਾ ਹੈ।

ਕਾਰਾ ਵੈਸੇ ਵੀ ਆਪਣੀ ਜ਼ਿੰਦਗੀ ਵਿਚ ਖੁਸ਼ ਹੈ। ਉਸ ਦਾ ਮੁੰਡਾ ਜਤਿੰਦਰਪਾਲ ਯੂਨੀਵਰਸਿਟੀ ਪੜ੍ਹਦਾ ਹੈ। ਭਾਵੇਂ ਉਸ ਦਾ ਝੁਕਾਅ ਸਿੱਖੀ ਵੱਲ ਨੂੰ ਵੀ ਕਾਫੀ ਹੈ ਪਰ ਪੜ੍ਹਨ ਵਿਚ ਹੁਸ਼ਿਆਰ ਹੈ। ਇਵੇਂ ਹੀ ਉਸ ਦੀ ਧੀ ਪਰਮੀਤ ਵੀ ਪੜਾਈ ਵਿਚ ਤੇਜ਼ ਹੈ। ਬੱਚਿਆਂ ਵਲੋਂ ਉਹ ਖੁਸ਼ ਹੈ ਕਿ ਪੜ੍ਹ ਕੇ ਕਿਸੇ ਚੰਗੀ ਨੌਕਰੀ ਤੇ ਲਗ ਜਾਣਗੇ। ਹੁਣ ਜਦੋਂ ਦਾ ਉਹ ਹੋਟਲ ਵਿਚ ਜਾਣ ਲੱਗਿਆ ਹੈ ਤਾਂ ਉਸ ਦੀ ਪਤਨੀ ਸੁਰਜੀਤ ਕੌਰ ਆਪਣਾ ਪੂਰਾ ਧਿਆਨ ਦਫਤਰ ਵਲ ਦੇਣ ਲਗਦੀ ਹੈ। ਕਾਰੇ ਵਾਲੀ ਮਰਸਡੀਜ਼ ਹੁਣ ਉਹ ਚਲਾਈ ਫਿਰਦੀ ਹੈ ਤੇ ਕਾਰੇ ਨੇ ਨਵੀਂ ਕਨਵਰਟੇਬਲ ਬੀ.ਐਮ.ਡਬਲਯੂ. ਖਰੀਦ ਲਈ ਹੈ। ਜਤਿੰਦਰਪਾਲ ਨੂੰ ਵੀ ਸਪੋਰਟਸ ਕਾਰ ਲੈ ਦਿੱਤੀ ਹੈ। ਜਿਸ ਦਿਨ ਤੋਂ ਉਸ ਨੇ ਆਪਣੇ ਮੁੰਡੇ ਨਾਲ ਉਸ ਦੀ ਗਰਲਫਰਿੰਡ ਨੂੰ ਦੇਖਿਆ ਹੈ, ਉਸ ਦੇ ਮਨ ਤੋਂ ਮਣਾ ਬੋਝ ਉਤਰ ਜਾਂਦਾ ਹੈ। ਪਰਦੁੱਮਣ ਦੇ ਮੁੰਡੇ ਰਾਜਵਿੰਦਰ ਵੱਲ ਦੇਖ ਕੇ ਉਸ ਦੇ ਅੰਦਰ ਕਈ ਡਰ ਉਗਣ ਲੱਗਦੇ ਸਨ। ਮੁੰਡੇ ਨਾਲ ਗਰਲਫਰਿੰਡ ਦੇਖ ਕੇ ਇਕ ਵਾਰ ਤਾਂ ਉਸ ਦਾ ਦਿਲ ਕਰਦਾ ਹੈ ਕਿ ਦੋਸਤਾਂ ਨੂੰ ਪਾਰਟੀ ਦੇਵੇ ਪਰ ਫਿਰ ਸੋਚਦਾ ਹੈ ਕਿ ਇਹ ਰਸਮ ਪੱਛਮੀ ਲੋਕਾਂ ਨੂੰ ਹੀ ਸ਼ੋਭਦੀ ਭਾਰਤੀਆਂ ਨੂੰ ਨਹੀਂ।

ਉਸ ਦੇ ਹੋਟਲ ਲੈਣ ਤੋਂ ਬਾਅਦ ਉਸ ਦਾ ਬੈਂਕ ਮੈਨੇਜਰ ਡੇਵਿਡ ਕੈਲਾਹਨ ਦੋ ਵਾਰ ਉਸ ਨੂੰ ਫੋਨ ਕਰ ਚੁੱਕਾ ਹੈ ਪਰ ਉਹ ਉਸ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਲੋਨ ਨਾ ਦੇਣ ਦਾ ਗੁੱਸਾ ਹਾਲੇ ਵੀ ਉਸ ਦੇ ਮਨ ਵਿਚ ਹੈ। ਦੂਜੇ ਪਾਸੇ ਮਨੀਸ਼ ਪਟੇਲ ਦੇ ਬੈਂਕ ਮੈਨੇਜਰ ਨਾਲ ਉਸ ਦੇ ਸਬੰਧ ਕਾਫੀ ਮਜ਼ਬੂਤ ਹੋ ਚੁੱਕੇ ਹਨ। ਹੋਟਲ ਲੈਣ ਤੋਂ ਬਾਅਦ ਉਹ ਸਾਊਥਾਲ ਦੇ ਅਮੀਰ ਬੰਦਿਆਂ ਨੂੰ ਕੁਝ ਜ਼ਿਆਦਾ ਹੀ ਮਿਲਣ ਲੱਗਿਆ ਹੈ। ਸਾਊਥਾਲ ਦੇ ਵਿਓਪਾਰੀਆਂ ਦੀ ਬਣੀ ਸੰਸਥਾ ਸਾਊਥਾਲ ਬਿਜ਼ਨਸ ਸੁਸਾਇਟੀ ਦਾ ਵੀ ਹੁਣ ਸਿਰਕੱਢਦਾ ਮੈਂਬਰ ਹੈ। ਹਰ ਮੀਟਿੰਗ ਵਿਚ ਜਾਣ ਲੱਗਿਆ ਹੈ। ਉਥੇ ਹੋਰਨਾਂ ਬੈਂਕਾਂ ਦੇ ਮੈਨੇਜਰ ਵੀ ਆਉਂਦੇ ਹਨ ਜਿਹੜੇ ਕਿ ਕਾਰੇ ਨਾਲ ਦੋਸਤੀਆਂ ਗੰਢਣੀਆਂ ਚਾਹੁੰਦੇ ਹਨ। ਪਰ ਕਾਰੇ ਨੂੰ ਕੈਲਾਹਨ ਦੀ ਬੇਰੁਖੀ ਤੋਂ ਬਾਅਦ ਮੈਨੇਜਰਾਂ ਉਪਰ ਬਹੁਤਾ ਯਕੀਨ ਨਹੀਂ ਰਿਹਾ।

ਦਫਤਰ ਵਿਚ ਕੰਮ ਕਰਦੀ ਸੁਰਜੀਤ ਕੌਰ ਵੀ ਖੁਸ਼ ਹੈ। ਪਤੀ ਦੀ ਕਾਮਯਾਬੀ ਉਸ ਨੂੰ ਚੰਗੀ ਲੱਗਦੀ ਹੈ। ਪਹਿਲਾ ਉਹ ਪਾਰਟ ਟਾਈਮ ਜਿਹਾ ਦਫਤਰ ਜਾਇਆ ਕਰਦੀ ਤੇ ਨਹੀਂ ਤਾਂ ਘਰ ਹੀ ਰਹਿੰਦੀ। ਘਰ ਵਿਹਲੀ ਬੈਠਣਾ ਉਸ ਨੂੰ ਚੰਗਾ ਨਹੀਂ ਲਗਦਾ। ਜੇ ਕਿਤੇ ਬੈਠਣਾ ਵੀ ਪੈ ਜਾਵੇ ਤਾਂ ਸਾਰਾ ਦਿਨ ਟੈਲੀ ਮੂਹਰੇ ਬੈਠੀ ਰਹਿੰਦੀ ਹੈ। ਕਈ ਵਾਰ ਜਤਿੰਦਰਪਾਲ ਦੇ ਕਮਰੇ ਵਿਚੋਂ ਬਲਿਊ ਫਿਲਮ ਚੁੱਕ ਕੇ ਦੇਖਣ ਲੱਗਦੀ ਹੈ ਜਾਂ ਫਿਰ ਜਤਿੰਦਰਪਾਲ ਤੋਂ ਅਜਿਹੀ ਫਿਲਮ ਮੰਗਵਾ ਵੀ ਲੈਂਦੀ ਹੈ। ਉਸ ਨੂੰ ਪਤਾ  ਕਿ ਇਧਰ ਦੇ ਜੰਮੇ ਬੱਚੇ ਅਜਿਹੀ ਗੱਲ ਦਾ ਬੁਰਾ ਨਹੀਂ ਮਨਾਉਂਦੇ। ਬਲਿਊ ਫਿਲਮ ਦੇਖ ਕੇ ਤਾਂ ਉਸ ਦਾ ਮਨ ਹੋਰ ਵੀ ਕਾਹਲਾ ਪੈਣ ਲੱਗਦਾ ਹੈ। ਆਨੇ ਬਹਾਨੇ ਕਾਰੇ ਨਾਲ ਲੜਨ ਲੱਗਦੀ ਹੈ ਪਰ ਹੁਣ ਉਸ ਨੇ ਆਪਣੇ ਆਪ ਨੂੰ ਦਫਤਰ ਦੇ ਕੰਮ ਵਿਚ ਡੋਬ ਲਿਆ ਹੈ। ਸ਼ਾਮ ਨੂੰ ਥੱਕ ਕੇ ਹੀ ਘਰ ਮੁੜਦੀ ਹੈ।

ਕਾਰੇ ਦੇ ਹੋਟਲ ਖਰੀਦਣ ਦੀ ਖੁਸ਼ੀ ਦੀ ਉਮਰ ਨੌਂ ਦਸ ਮਹੀਨੇ ਹੀ ਬਣਦੀ ਹੈ। ਹੋਟਲ ਦੀ ਮੈਨੇਜਮੈਂਟ ਦੇ ਬਦਲਣ ਨਾਲ ਗਾਹਕੀ ਕੁਝ ਕੁ ਘਟ ਜਾਂਦੀ ਹੈ। ਟੂਰਿਸਟ ਕੰਪਨੀਆਂ ਜ਼ਿਆਦਾ ਕਮਿਸ਼ਨ ਮੰਗਣ ਲੱਗੀਆਂ ਹਨ। ਹੋਟਲ ਦਾ ਅੰਗਰੇਜ਼ ਮੈਨੇਜਰ ਕਿਸੇ ਹੋਰ ਹੋਟਲ ਨੇ ਜ਼ਿਆਦਾ ਤਨਖਾਹ ਦੇ ਕੇ ਪੱਟ ਲਿਆ ਹੈ ਤੇ ਕਾਰੇ ਨੂੰ ਮੈਨੇਜਮੈਂਟ ਦਾ ਕੋਈ ਤਜਰਬਾ ਨਹੀਂ ਹੈ। ਨਵੇਂ ਮੈਨੇਜਰ ਦੇ ਆਉਣ ਤੱਕ ਵੀ ਬਿਜ਼ਨਸ ਨੂੰ ਹੇਠਾਂ ਨੂੰ ਧੱਕੇ ਜਿਹੇ ਵੱਜਦੇ ਰਹਿੰਦੇ ਹਨ। ਸਭ ਤੋਂ ਵੱਡੀ ਮੁਸੀਬਤ ਉਸ ਨੂੰ ਪੈਂਦੀ ਹੈ ਹੈਲਥ ਵਿਭਾਗ ਦੀ ਸਲਾਨਾ ਚੈਕਿੰਗ ਵੇਲੇ। ਹਰ ਹੋਟਲ ਨੂੰ ਹੈਲਥ ਐਂਡ ਸੇਫਟੀ ਮਹਿਕਮੇ ਵਲੋਂ ਸਭ ਕੁਝ ਠੀਕ ਹੋਣ ਦਾ ਸਰਟੀਫਿਕੇਟ ਚਾਹੀਦਾ ਹੁੰਦਾ ਹੈ ਤੇ ਹੈਲਥ ਵਾਲੇ ਪੂਰੀ ਤਰ੍ਹਾਂ ਹੋਟਲ ਦਾ ਨਿਰੀਖਣ ਕਰਕੇ ਹੀ ਇਹ ਸਰਟੀਫਿਕੇਟ ਦਿੰਦੇ ਹਨ। ਜਦੋਂ ਤੋਂ ਬ੍ਰਤਾਨੀਆਂ ਯੋਰਪੀਅਨ ਯੂਨੀਅਨ ਵਿਚ ਆਇਆ ਹੈ ਤਾਂ ਅਜਿਹੇ ਕਨੂੰਨ ਵੀ ਕੁਝ ਸਖਤ ਹੋ ਗਏ ਹਨ। ਹੈਲਥ ਵਾਲੇ ਆ ਕੇ ਸਾਰੇ ਹੋਟਲ ਨੂੰ ਦੇਖ ਪਰਖ ਕੇ ਉਸ ਨੂੰ ਨੁਕਸਾਂ ਦੀ ਇਕ ਲੰਮੀ ਲਿਸਟ ਫੜਾ ਜਾਂਦੇ ਹਨ। ਸਾਰੇ ਹੋਟਲ ਦੀਆਂ ਬਿਜਲੀ ਦੀਆਂ ਤਾਰਾਂ ਗਲ਼ ਚੁੱਕੀਆਂ ਹਨ, ਰੀ-ਵਾਇਰਿੰਗ ਹੋਣ ਵਾਲੀ ਹੈ। ਬਹੁਤੇ ਕਮਰੇ ਨਵਾਂ ਪੇਪਰ ਪੇਂਟ ਮੰਗਦੇ ਹਨ। ਰਸੋਈ ਵਿਚ ਵੀ ਕੁਝ ਵੱਡੇ ਨੁਕਸ ਨਿਕਲਦੇ ਹਨ। ਹੋਟਲ ਦੇ ਪਾਣੀ ਦਾ ਪ੍ਰਬੰਧ ਵੀ ਯੂਰਪੀਅਨ ਕਾਨੂੰਨ ਮੁਤਾਬਿਕ ਨਹੀਂ ਹੈ।

ਕਾਰਾ ਲਿਸਟ ਲੈ ਕੇ ਮਨੀਸ਼ ਪਟੇਲ ਕੋਲ ਜਾਂਦਾ ਹੈ। ਮਨੀਸ਼ ਹੋਟਲ ਦੇ ਕੰਮ ਵਿਚ ਘੱਟ ਹੀ ਦਖਲ ਦਿੰਦਾ ਹੈ। ਉਹ ਆਪਣੀਆਂ ਦੁਕਾਨਾਂ ਵਿਚ ਹੀ ਵਿਅਸਤ ਹੈ। ਲਿਸਟ ਦੇਖ ਕੇ ਮਨੀਸ਼ ਦੀ ਵੀ ਖਾਨਿਓਂ ਜਾਂਦੀ ਹੈ। ਉਹ ਗੁੱਸੇ ਵਿਚ ਕਹਿੰਦਾ ਹੈ,

''ਯੇ ਸਾਲਾ ਹਮਾਰਾ ਸਰਵੇਅਰ ਪਹਿਲੇ ਮਾਲਿਕ ਸੇ ਮਿਲਾ ਹੂਆ ਥਾ, ਜੋ ਜੇ ਬਾਤੇਂ ਵੋ ਛੁਪਾ ਗਿਆ।''

''ਲਗਤਾ ਹੈ ਠੱਗੀ ਹੋ ਗਈ।''

''ਬਿਲਡਰੋਂ ਕੋ ਬੁਲਾਓ, ਦੇਖਤੇ ਂ ਕਿ ਕਿਤਨੇ ਕਾ ਖਰਚਾ ।''

ਬਿਲਡਰ ਆਉਂਦੇ ਹਨ। ਕੁੱਲ ਮਿਲਾ ਕੇ ਡੇਡ਼ ਲੱਖ ਪੌਂਡ ਦਾ ਖਰਚ ਦੱਸਦੇ ਹਨ। ਮਨੀਸ਼ ਤੇ ਕਾਰਾ ਦੋਵੇਂ ਹੀ ਸਿਰ ਸੁੱਟ ਕੇ ਬੈਠ ਜਾਂਦੇ ਹਨ। ਕਾਰਾ ਕਹਿੰਦਾ ਹੈ,

''ਇਤਨਾ ਪੈਸਾ ਕਹਾਂ ਸੇ ਆਏਗਾ ਰਿਪੇਅਰ ਕੇ ਲੀਏ!''

''ਮੈਕਸੀਮਮ ਲੋਨ ਤੋ ਹਮ ਲੇ ਚੁੱਕੇ ਂ।''

''ਏਜੰਟ ਸੇ ਬਾਤ ਕਰੇਂ ਜਿਸ ਨੇ ਹਮੇਂ ਵੇਚਾ ਹੈ।''

''ਵੋਹ ਸਾਲਾ ਕਿਆ ਬੋਲੇਗਾ।''

ਉਹ ਏਜੰਟ ਨੂੰ ਮਿਲਦੇ ਹਨ। ਏਜੰਟ ਮੋਢੇ ਚੁੱਕ ਕੇ ਮਾਰਦਾ ਕਹਿੰਦਾ ਹੈ,

''ਜਿਹੜਾ ਬਿਜ਼ਨਸ ਤੁਸੀਂ ਖਰੀਦ ਰਹੇ ਓ ਉਸ ਦੇ ਬਾਰੇ ਤੁਹਾਡਾ ਤਜਰਬਾ ਹੋਣਾ ਚਾਹੀਦੈ, ਸਾਡਾ ਕੀ ਐ ਅਸੀਂ ਤਾਂ ਕਮਿਸ਼ਨ 'ਤੇ ਕੰਮ ਕਰਦੇ ਆਂ, ਸਾਨੂੰ ਜਿਹੜੀ ਇਨਫਰਮੇਸ਼ਨ ਮਾਲਕ ਦਿੰਦੇ ਉਹੀ ਤੁਹਾਨੂੰ ਅੱਗੇ ਦੇ ਦਿੰਦੇ ਆਂ।''

''ਹੁਣ ਕੀ ਕਰੀਏ ?''

''ਤੁਸੀਂ ਇੰਨਾ ਦਿਲ ਨਾ ਛੱਡੋ, ਇਹ ਹੋਟਲ ਤੁਹਾਨੂੰ ਕਾਫੀ ਸਸਤਾ ਮਿਲਿਆ ਹੋਇਐ, ਕੁਝ ਦੇਰ ਹੋਲਡ ਕਰੋਗੇ ਤਾਂ ਇਸ ਦੀ ਕੀਮਤ ਬਹੁਤ ਵਧ ਜਾਣੀ ਐਂ, ਤੁਸੀਂ ਘਾਟੇ ਵਿਚ ਨਹੀਂ ਰਹੋਗੇ।''

''ਇਹਦੀ ਸੇਲ ਬਹੁਤ ਘਟ ਗਈ ਐ, ਇੰਨੀ ਕਿ ਹੁਣ ਖਰਚੇ ਵੀ ਪੂਰੇ ਨਹੀਂ ਹੋ ਰਹੇ।''

''ਜੇ ਇਹ ਗੱਲ ਐ ਤਾਂ ਤੁਸੀਂ ਅੱਗੇ ਕਿਸੇ ਨੂੰ ਵੇਚ ਦਿਓ।''

''ਜਾਣੀ ਕਿ ਤੁਹਾਡਾ ਕਮਿਸ਼ਨ ਫਿਰ ਕਾਇਮ।''

ਕਾਰਾ ਗੁੱਸੇ ਵਿਚ ਆਉਂਦਾ ਆਖਦਾ ਹੈ। ਏਜੰਟ ਉਸ ਨੂੰ ਸ਼ਾਂਤ ਕਰਦਾ ਆਖਦਾ ਹੈ,

''ਮਿਸਟਰ ਰਾਏ, ਅਸੀਂ ਇਥੇ ਪ੍ਰੌਪਰਟੀਜ਼ ਖਰੀਦਣ, ਵੇਚਣ ਲਈ ਈ ਬੈਠੇ ਆਂ, ਜੇ ਤੁਸੀਂ ਸਾਡੇ ਰਾਹੀਂ ਨਹੀਂ ਤਾਂ ਕਿਸੇ ਹੋਰ ਰਾਹੀਂ ਵੇਚ ਸਕਦੇ ਓ ਪਰ ਜੇ ਸਾਡੇ ਰਾਹੀਂ ਵੇਚੋਗੇ ਤਾਂ ਕਮਿਸ਼ਨ ਕੁਝ ਘੱਟ ਲਵਾਂਗੇ।''

ਮਨੀਸ਼ ਤੇ ਕਾਰਾ ਹਾਲੇ ਵੀ ਉਸ ਵੱਲ ਗੁੱਸੇ ਨਾਲ ਦੇਖੀ ਜਾ ਰਹੇ ਹਨ। ਏਜੰਟ ਫਿਰ ਕਹਿਣ ਲੱਗਦਾ ਹੈ,

''ਪਰ ਇਕ ਗੱਲ ਯਾਦ ਰੱਖੋ ਕਿ ਇਹ ਹੋਟਲ ਤੁਹਾਨੂੰ ਮਾਰਕਿਟ ਦੀ ਕੀਮਤ ਨਾਲੋਂ ਸਸਤਾ ਮਿਲਿਆ ਹੋਇਐ। ਤੁਸੀਂ ਮਾਲਕ ਓ ਸੋਚ ਲਓ ਜੇ ਵੇਚਣਾ ਤਾਂ...।''

ਉਹ ਦੋਵੇਂ ਸਲਾਹ ਕਰਨ ਲੱਗਦੇ ਹਨ। ਫੈਸਲਾ ਕਰਦੇ ਹਨ ਕਿ ਇਵੇਂ ਹੀ ਕੁਝ ਕੁ ਪੈਚਅਪ ਕਰਕੇ ਕਿਸੇ ਤਰ੍ਹਾਂ ਹੈਲਥ ਵਾਲਿਆਂ ਤੋਂ ਪਾਸ ਕਰਵਾ ਲਿਆ ਜਾਵੇ ਤੇ ਵੇਚਣ ਲਈ ਮਾਰਕਿਟ ਵਿਚ ਲਗਾ ਦਿੱਤਾ ਜਾਵੇ। ਏਜੰਟ ਆਖਦਾ ਹੈ,

''ਹੈਲਥ ਵਾਲਿਆਂ ਨੂੰ ਮੈਂ ਸੰਭਾਲ ਲਵਾਂਗਾ, ਤੁਸੀਂ ਦੱਸੋ ਹੋਟਲ ਕਿੰਨੇ ਦਾ ਵੇਚਣਾ ਚਾਹੁੰਦੇ ਹੋ ?''

''ਜਿੰਨੇ ਦਾ ਲਿਆ ਪਲੱਸ ਤੁਹਾਡਾ ਕਮਿਸ਼ਨ।''

''ਇੰਨੇ ਦਾ ਸ਼ਾਇਦ ਨਾ ਵਿਕੇ, ਮਾਰਕਿਟ ਕਾਫੀ ਡਿੱਗ ਚੁੱਕੀ ਐ।''

''ਮਾਰਕਿਟ ਵਿਚ ਸੇਲ ਉਪਰ ਤਾਂ ਲਾਓ।''

''ਠੀਕ ਐ, ਅਗਲੇ ਹਫਤੇ ਹੀ ਪ੍ਰੈਸ ਵਿਚ ਆ ਜਾਵੇਗਾ ਪਰ ਘਾਟਾ ਵੀ ਪੈ ਸਕਦੈ ਇਸ ਲਈ ਤਿਆਰ ਰਹਿਓ।''

ਕਾਰਾ ਤੇ ਮਨੀਸ਼ ਇਕ ਦੂਜੇ ਵੱਲ ਦੇਖਣ ਲੱਗਦੇ ਹਨ।

ਹੋਟਲ ਮੁੜ ਸੇਲ 'ਤੇ ਲੱਗ ਜਾਂਦਾ ਹੈ। ਦੇਖਣ ਆਏ ਗਾਹਕਾਂ ਨਾਲ ਏਜੰਟ ਪਹਿਲਾਂ ਵਾਲੇ ਹੀ ਹੱਥਕੰਡੇ ਵਰਤਦਾ ਹੈ। ਉਹੀ ਕਮਰੇ ਦਿਖਾਉਂਦਾ ਹੈ ਜਿਨ੍ਹਾਂ ਦੀ ਹਾਲਤ ਵਧੀਆ ਹੈ ਤੇ ਦੇਖਣ ਵਾਲਿਆਂ ਨੂੰ ਵੀ ਉਸ ਸਮੇਂ ਹੀ ਬੁਲਾਉਂਦਾ ਜਦ ਗਾਹਕਾਂ ਦੀ ਆਵਾਜਾਈ ਵਧੇਰੇ ਹੋਵੇ। ਖਰੀਦਣ ਆਏ ਲੋਕ ਹੋਟਲ ਦਾ ਟਿਕਾਣਾ ਦੇਖ ਕੇ ਤਾਂ ਖੁਸ਼ ਹੋ ਜਾਂਦੇ ਹਨ ਪਰ ਖਰੀਦਣ ਲਈ ਕੋਈ ਅੱਗੇ ਨਹੀਂ ਵੱਧਦਾ।

ਹੋਟਲ ਸੇਲ 'ਤੇ ਲੱਗਦਾ ਹੈ ਤਾਂ ਕਾਰਾ ਉਦਾਸ ਹੋ ਜਾਂਦਾ ਹੈ। ਉਸ ਦੇ ਤਾਂ ਹਾਲੇ ਚਾਅ ਵੀ ਪੂਰੇ ਨਹੀਂ ਹੋਏ। ਹਾਲੇ ਤਾਂ ਉਸਨੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਹੋਟਲ ਵਿਚ ਸੱਦ ਕੇ ਪਾਰਟੀ ਵੀ ਨਹੀਂ ਦਿਤੀ। ਪਰਦੁੱਮਣ ਸਿੰਘ ਨੂੰ ਕਈ ਵਾਰ ਬੁਲਾ ਚੁੱਕਾ ਹੈ ਪਰ ਉਹ ਰੁੱਝੇ ਹੋਣ ਦਾ ਬਹਾਨਾ ਕਰਦਾ ਹਾਲੇ ਤਕ ਆਇਆ ਨਹੀਂ ਹੈ। ਲੋਕਾਂ ਦੇ ਮੂੰਹ ਉਪਰ ਉਸ ਦਾ ਤਖੱਲਸ ਹੋਟਲੀਅਰ ਹਾਲੇ ਚੜ੍ਹਿਆ ਵੀ ਨਹੀਂ ਕਿ ਹੋਟਲ ਤੋਂ ਵਾਂਝਾ ਹੋ ਰਿਹਾ ਹੈ। ਉਧਰ ਉਦਾਸ ਤਾਂ ਮਨੀਸ਼ ਪਟੇਲ ਵੀ ਹੈ ਪਰ ਕਾਰੇ ਜਿੰਨਾ ਨਹੀਂ। ਮਨੀਸ਼ ਉਦਾਸ ਉਸ ਦਿਨ ਹੁੰਦਾ ਹੈ ਜਿਸ ਦਿਨ ਪਤਾ ਚੱਲਦਾ ਹੈ ਕਿ ਹੋਟਲ ਵਿਕ ਤਾਂ ਰਿਹਾ ਹੈ ਪਰ ਬਹੁਤ ਘਾਟੇ ਵਿਚ। ਲਾ ਪਾ ਕੇ ਪੂਰੇ ਦੋ ਲੱਖ ਦਾ ਘਾਟਾ ਪੈ ਰਿਹਾ ਹੈ। ਮਨੀਸ਼ ਦਾ ਬਲੱਡ ਪ੍ਰੈਸ਼ਰ ਹਾਈ ਹੋ ਜਾਂਦਾ ਹੈ ਤੇ ਸ਼ੂਗਰ ਡਿੱਗ ਪੈਂਦੀ ਹੈ। ਉਸ ਨੂੰ ਲੱਗਦਾ ਹੈ ਕਿ ਉਹ ਗਿਆ। ਉਹ ਕਹਿੰਦਾ ਹੈ,

''ਭਈਆ, ਯੇ ਸਾਲਾ ਹੋਟਲ ਮੁਝੇ ਲੇ ਜਾਏਗਾ।''

''ਤੁਮੇਂ ਕਿਆ ਮੁਝੇ ਵੀ ਲੇ ਜਾਏਗਾ।''

''ਦੋ ਲਾਖ ਪੌਂਡ ਕਹਾਂ ਸੇ ਪੂਰਾ ਕਰੇਂਗੇ ਮਿਸਟਰ ਰਾਏ ?''

''ਓ ਭਈਆ, ਤੂੰ ਤਾਂ ਕਰ ਲੇਂਗਾ, ਮੇਰਾ ਕਿਆ ਬਨੇਗਾ ! ਮੈਂ ਤੋ ਲੂਟਾ ਗਿਆ ਨਾ।''

''ਨਹੀਂ ਯਾਰ, ਜੋ ਦੋ ਲਾਖ ਤੋ ਪੂਰਾ ਹੋਨਾ ਚਾਹੀਏ, ਮਿਸਟਰ ਰਾਏ ਚੋਰੀ ਕਰੇਂ ਜਾਂ ਬੈਂਕ ਮੇਂ ਡਾਕਾ ਡਾਲੇਂ ਜੇ ਦੋ ਲਾਖ ਤੋ ਪੂਰਾ ਕਰਨਾ ਹੋਗਾ।''

''ਹਾਂ ਯਾਰ ਪਟੇਲ, ਕੁਸ਼ ਨਾ ਕੁਸ਼ ਤੋ ਸੋਚਨਾ ਪੜੇਗਾ ਹੀ।''

ਪੰਜਾਹ

ਪਰਦੁੱਮਣ ਸਿੰਘ ਨੂੰ ਪਿਛਲੇ ਕੁਝ ਸਮੇਂ ਤੋਂ ਆਪਣੇ ਮੁੰਡਿਆਂ-ਕੁੜੀਆਂ ਦਾ ਫਿਕਰ ਹੋਣ ਲੱਗਿਆ ਹੈ। ਉਹ ਸੋਚਦਾ ਹੈ ਕਿ ਇਨ੍ਹਾਂ ਨੂੰ ਵਿਆਹੁਣਾ ਵੀ ਹੈ। ਅੱਜ ਕੱਲ ਚੰਗੇ ਮੁੰਡੇ-ਕੁੜੀਆਂ ਮਿਲਦੇ ਨਹੀਂ ਹਨ। ਇਨ੍ਹਾਂ ਵਿਚੋਂ ਕਿਸੇ ਨੇ ਇੰਡੀਆ ਵਿਚ ਵਿਆਹ ਕਰਾਉਣਾ ਨਹੀਂ ਹੈ। ਉਸ ਨੂੰ ਪਾਲਾ ਸਿੰਘ ਦੇ ਮੁੰਡਿਆਂ ਦਾ ਧਿਆਨ ਆਉਂਦਾ ਹੈ ਕਿ ਦੋਨਾਂ ਨੇ ਆਪੋ ਆਪਣੀ ਮਰਜ਼ੀ ਨਾਲ ਵਿਆਹ ਕਰਾ ਲਏ ਹਨ। ਉਸ ਨੂੰ ਫਿਕਰ ਲੱਗਣ ਲੱਗਦਾ ਹੈ ਕਿ ਉਸ ਨਾਲ ਵੀ ਕਿਤੇ ਇਵੇਂ ਹੀ ਨਾ ਹੋਵੇ। ਉਸ ਨੂੰ ਬਲਰਾਮ ਦਾ ਵੀ ਬਹੁਤਾ ਫਿਕਰ ਹੈ। ਰਾਜਵਿੰਦਰ ਤਾਂ ਹੱਥੋਂ ਨਿਕਲ ਗਿਆ ਹੈ। ਰਾਜਵਿੰਦਰ ਬਾਰੇ ਸੋਚਦਿਆਂ ਉਸ ਨੂੰ ਲਗਦਾ ਹੈ ਕਿ ਜੇਕਰ ਉਹ ਸਮਲਿੰਗੀ ਹੈ ਤਾਂ ਉਹ ਗਲਤ ਕੰਪਨੀ ਵਿਚ ਪੈ ਕੇ ਹੀ ਇਸ ਆਦਤ ਦਾ ਸ਼ਿਕਾਰ ਹੋ ਗਿਆ ਹੋ ਸਕਦਾ ਹੈ ਵਰਨਾ ਕੁਦਰਤ ਨੇ ਉਸ ਨਾਲ ਕੋਈ ਫਰਕ ਨਹੀਂ ਕੀਤਾ ਹੋਇਆ। ਜੇਕਰ ਉਸਦਾ ਵਿਆਹ ਹੋ ਜਾਵੇ ਤਾਂ ਠੀਕ ਵੀ ਹੋ ਸਕਦਾ ਹੈ।

ਇਕ ਦਿਨ ਸ਼ਾਮ ਨੂੰ ਉਹ ਰਾਜਵਿੰਦਰ ਨੂੰ ਆਪਣੇ ਕੋਲ ਬੈਠਾ ਲੈਂਦਾ ਹੈ ਤੇ ਕਹਿੰਦਾ ਹੈ,

‘‘ਦੇਖ ਰਾਜਵਿੰਦਰ, ਸਾਡੀ ਗੱਲ ਮੰਨ, ਤੂੰ ਵਿਆਹ ਕਰਾ ਲੈ ਸਭ ਠੀਕ ਹੋ ਜਾਊ।’’

‘‘ਡੈਡ, ਕੀ ਠੀਕ ਹੋ ਜਾਊ ?’’

‘‘ਤੇਰੀ ਲਾਈਫ ਨੌਰਮਲ ਹੋ ਜਾਊ, ਮੈਂ ਵੀ ਤੇਰੀ ਪੂਰੀ ਹੈਲਪ ਕਰੂੰਗਾ।’’

‘‘ਡੈਡ, ਮੇਰੀ ਲਾਈਫ ਤਾਂ ਹੁਣ ਵੀ ਨੌਰਮਲ ਈ ਐ, ਤੁਸੀਂ ਈ ਮੇਰੀ ਕੋਈ ਹੈਲਪ ਨਹੀਂ ਕਰਦੇ।’’

‘‘ਤੂੰ ਵਿਆਹ ਕਰਾ ਜੇ ਕਹੇਂ ਅਸੀਂ ਹੈਲਪ ਕਰਾਂਗੇ, ਤੈਨੂੰ ਜੁਦਾ ਘਰ ਲੈ ਦੇਵਾਂਗੇ, ਕਾਰ ਲੈ ਦੇਵਾਂਗੇ, ਫੈਕਟਰੀ ਵਿਚ ਈ ਜੌਬ ਵੀ ਕਰ ਲਵੀਂ, ਬਸ ਤੂੰ ਇਕ ਵਾਰ ਵਿਆਹ ਕਰਾ ਲੈ।’’

‘‘ਡੈਡ, ਜਿਥੇ ਮੈਂ ਕਹਾਂਗਾ ਵਿਆਹ ਕਰ ਦੇਵੋਂਗੇ ?’’

‘‘ਹਾਂ, ਬਿਲਕੁਲ, ਸਾਨੂੰ ਰੰਗ, ਜਾਤ ਦਾ ਹੁਣ ਤੇਰੇ ਮਾਮਲੇ ਵਿਚ ਕੋਈ ਫਰਕ ਨਹੀਂ, ਜਿਥੇ ਕਹੇਂ ਤੇਰਾ ਵਿਆਹ ਕਰ ਦਿੰਨੇ ਆਂ।’’

‘‘ਤੁਸੀਂ ਪੀਟਰ ਨੂੰ ਜਾਣਦੇ ਆਂ, ਜਿਹੜਾ ਮੇਰੇ ਨਾਲ ਆਉਂਦਾ ਹੁੰਦੈ ਕਦੇ ਕਦੇ।’’

‘‘ਹਾਂ।’’

‘‘ਡੈਡ, ਬਸ ਤੁਸੀਂ ਮੇਰਾ ਉਸ ਨਾਲ ਈ ਵਿਆਹ ਕਰ ਦਿਓ।’’

ਰਾਜਵਿੰਦਰ ਪਰਦੁੱਮਣ ਸਿੰਘ ਦੇ ਸਾਹਮਣੇ ਬੈਠਾ ਕਹਿ ਰਿਹਾ ਹੈ। ਪਰਦੁੱਮਣ ਸਿੰਘ ਠਾਹ ਕਰਦਾ ਇਕ ਥੱਪੜ ਉਸ ਦੇ ਮੂੰਹ 'ਤੇ ਜੜਦਾ ਕਹਿੰਦਾ ਹੈ,

‘‘ਤੇਰੀ ਹਰਾਮੀ ਗੇਅ ਦੀ ਐਸੀ ਕੀ ਤੈਸੀ, ਨਿਕਲ ਘਰੋਂ, ਸਾਲਾ ਗੰਦਾ ਆਂਡਾ।’’

‘‘ਯੂ ਡਰਟੀ ਓਲਡ ਮੇਨ !... ਯੂ ਓਲਡ ਬਾਸਟਡ ਆਇ ਵਿਲ ਕਿਲ ਯੂ ਵਨ ਡੇ, ਆਈ ਵਿਲ ਕਿਲ ਯੂ।’’

ਕਹਿੰਦਾ ਹੋਇਆ ਰਾਜਵਿੰਦਰ ਉਠ ਖੜਦਾ ਹੈ। ਪਰਦੁੱਮਣ ਸਿੰਘ ਵੀ ਖੜਾ ਹੋ ਜਾਂਦਾ ਹੈ। ਉਸ ਦੇ ਇਕ ਹੋਰ ਮੁੱਕਾ ਮਾਰਦਾ ਹੈ। ਰੌਲਾ ਸੁਣਦੀ ਗਿਆਨ ਕੌਰ ਭੱਜੀ ਆਉਂਦੀ ਹੈ। ਬਲਰਾਮ ਤੇ ਕੁੜੀਆਂ ਵੀ ਆ ਜਾਂਦੀਆਂ ਹਨ। ਰਾਜਵਿੰਦਰ ਪਿਉ ਨੂੰ ਗਾਲ੍ਹਾਂ ਕੱਢਦਾ ਘਰੋਂ ਨਿਕਲ ਜਾਂਦਾ ਹੈ। ਜਾਂਦੇ ਹੋਏ ਨੂੰ ਪਰਦੁੱਮਣ ਸਿੰਘ ਆਖਦਾ ਹੈ,

‘‘ਖਬਰਦਾਰ! ਜੇ ਮੁੜ ਕੇ ਏਸ ਘਰ ਵਿਚ ਵੜਿਆ ਤਾਂ।’’

ਗੁੱਸੇ ਵਿਚ ਉਸ ਦੇ ਬੁੱਲ੍ਹ ਕੰਬ ਰਹੇ ਹਨ। ਅਵਾਜ਼ ਖਿੰਡਰ ਰਹੀ ਹੈ। ਬਲਰਾਮ ਉਸ ਦੇ ਕੋਲ ਆ ਕੇ ਖੜ ਜਾਂਦਾ ਹੈ। ਉਸ ਦੇ ਮੋਢੇ ਉਪਰ ਹੱਥ ਰੱਖਦਾ ਹੈ ਤੇ ਕਹਿੰਦਾ ਹੈ,

‘‘ਡੈਡ, ਕਿਉਂ ਉਸ ਉਪਰ ਆਪਣਾ ਟਾਈਮ ਵੇਸਟ ਕਰ ਰਹੇ ਓ।’’

ਜਵਾਬ ਵਿਚ ਪਰਦੁੱਮਣ ਸਿੰਘ ਤੋਂ ਬੋਲਿਆ ਨਹੀਂ ਜਾ ਰਿਹਾ। ਗਿਆਨ ਕੌਰ ਕਹਿਣ ਲੱਗਦੀ ਹੈ,

‘‘ਪੁੱਤ, ਤੇਰੇ ਡੈਡੀ ਸੋਚਦੇ ਆ ਕਿ ਹੁਣ ਤੂੰ ਵੀ ਵਿਆਹ ਜੋਗਾ ਹੋ ਗਿਐਂ, ਡਿਗਰੀ ਤੂੰ ਕਰ ਲਈ ਐ। ਅਸੀਂ ਤੇਰਾ ਵੀ ਕੁਸ਼ ਕਰਨੈ, ਜਦ ਵੱਡਾ ਅਣਵਿਆਹਿਆ ਬੈਠਾ ਹੋਵੇ ਤਾਂ ਛੋਟੇ ਨੂੰ ਵਿਆਹ ਲਈਏ ਤਾਂ ਲੋਕ ਕੀ ਕਹਿਣਗੇ।’’

‘‘ਤੁਸੀਂ ਲੋਕਾਂ ਦੀ ਵਰੀ ਕਿਉਂ ਕਰਦੇ ਆਂ, ਜੋ ਤੁਹਾਡਾ ਦਿਲ ਕਰਦੈ, ਕਰੋ।’’

‘‘ਤੇਰਾ ਵਿਆਹ ਕਰ ਦੇਈਏ ਫੇਰ ?’’

ਗਿਆਨ ਕੌਰ ਖੁਸ਼ ਹੁੰਦੀ ਪੁੱਛਦੀ ਹੈ। ਬਲਰਾਮ ਮੋਢੇ ਮਾਰਦਾ ਆਪਣੇ ਕਮਰੇ ਵੱਲ ਨੂੰ ਤੁਰ ਜਾਂਦਾ ਹੈ। ਬਲਰਾਮ ਵੱਲ ਦੇਖ ਕੇ ਪਰਦੁੱਮਣ ਸਿੰਘ ਦਾ ਮੂਡ ਠੀਕ ਹੋਣ ਲੱਗਦਾ ਹੈ। ਉਹ ਮਨ ਵਿਚ ਕਹਿੰਦਾ ਹੈ ਕਿ ਏਦਾਂ ਤਾਂ ਏਦਾਂ ਹੀ ਸਹੀ।

ਸੌਣ ਵੇਲੇ ਗਿਆਨ ਕੌਰ ਪੁੱਛਦੀ ਹੈ,

‘‘ਕੋਈ ਕੁੜੀ ਨਿਗ੍ਹਾ ਵਿਚ ਹੈ ਬਲਰਾਮ ਲਈ ?’’

‘‘ਕੁੜੀ ਤਾਂ ਇਕ ਸਿਗੀ ਪਾਲਾ ਸਿਉਂ ਦੀ ਪਰ ਕਾਰੇ ਦਾ ਕੱਲ ਫੋਨ ਆਇਆ ਸੀ, ਦੱਸਦੈ ਕਿ ਓਸ ਕੁੜੀ ਦੀ ਹਵਾ ਠੀਕ ਨਹੀਂ।’’

‘‘ਕਾਰੇ ਨੂੰ ਤਾਂ ਸਾਰੇ ਆਪਣੇ ਵਰਗੇ ਈ ਦਿੱਸਦੇ ਆ।’’

"ਨਹੀਂ, ਜਤਿੰਦਰ ਜਿਉਂ ਪੜ੍ਹਦੈ ਉਸੇ ਯੂਨੀ।"
"ਓਦਾਂ ਕੁੜੀ ਮਾੜੀ ਨਹੀਂ ਸੀ ਉਹ, ਦੇਖੀ ਹੋਈ ਆ।"
"ਨਹੀਂ, ਕਾਰਾ ਕਹਿੰਦਾ ਕਿ ਉਹਦੀ ਦੋਸਤੀ ਕਿਸੇ ਮੁਸਲਮਾਨ ਮੁੰਡੇ ਨਾਲ ਐ, ਜਿਹਦੀ ਖਾਤਰ ਯੂਨੀ ਵਿਚ ਲੜਾਈਆਂ ਵੀ ਹੋਈਆਂ।"
"ਕੋਈ ਹੋਰ ਦੇਖ ਲਓ, ਸਾਡਾ ਸੋਨੇ ਵਰਗਾ ਮੁੰਡਾ ਐ, ਇਹਨੂੰ ਕਿਤੇ ਰਿਸ਼ਤਿਆਂ ਦਾ ਘਾਟਾ ਐ।"

ਬਲਰਾਮ ਨਾਲ ਉਹ ਕਦੇ ਕਦੇ ਸ਼ੁਗਲ ਕਰ ਲਿਆ ਕਰਦਾ ਹੈ। ਕਹਿਣ ਲੱਗਦਾ ਹੈ,
"ਕਿਉਂ ਬਈ, ਕੋਈ ਗਰਲਫਰਿੰਡ ਐ ਕਿ ਨਹੀਂ ਤੇਰੇ ਕੋਲ, ਜੇ ਨਹੀਂ ਲੱਭਦੀ ਤਾਂ ਹੈਲਪ ਕਰਾਂ ?"
"ਨਹੀਂ ਡੈਡ, ਮੈਨੂੰ ਗਰਲਫਰਿੰਡ ਪਸੰਦ ਨਹੀਂ।"
"ਤੈਨੂੰ ਗਰਲਫਰਿੰਡ ਕਿਉਂ ਪਸੰਦ ਨਹੀਂ ਬਈ ?... ਗਰਲਫਰਿੰਡ ਤਾਂ ਸਾਡੇ ਵਰਗੇ ਨੂੰ ਲੱਭ ਪਏ ਤਾਂ ਪਿੱਛੇ ਨਾ ਹਟੀਏ, ਤੂੰ ਤਾਂ ਯੰਗਮੈਨ ਐਂ। ਕਿਤੇ ਤੂੰ...।"
"ਏਹ ਗੱਲ ਨਹੀਂ ਡੈਡ, ਆਏ'ਮ ਸਟਰੇਟ... ਏਹ ਗਰਲਫਰਿੰਡ ਤਾਂ ਪੇਨ ਇਨ ਦਾ ਬਮ ਹੁੰਦੀਆਂ।"

ਹੁਣ ਉਸ ਦਾ ਵਿਆਹ ਲਈ ਮੰਨ ਜਾਣਾ ਉਸ ਨੂੰ ਬਹੁਤ ਚੰਗਾ ਲੱਗਦਾ ਹੈ। ਉਹ ਭਵਿੱਖ ਦੀਆਂ ਸਕੀਮਾਂ ਬਣਾਉਣ ਲੱਗਦਾ ਹੈ ਕਿ ਬਲਰਾਮ ਦਾ ਵਿਆਹ ਕਿਹੋ ਜਿਹਾ ਕਰੇਗਾ। ਉਹ ਦੇਰ ਤੱਕ ਸੋਚਦਾ ਰਹਿੰਦਾ ਹੈ। ਗਿਆਨ ਕੌਰ ਨੂੰ ਵੀ ਹਾਲੇ ਨੀਂਦ ਨਹੀਂ ਆਈ। ਉਹ ਅਚਾਨਕ ਕਹਿੰਦੀ ਹੈ,
"ਉਹ ਕਮਲਾ ਪਤਾ ਨਹੀਂ ਕਿਥੇ ਸੁੱਤਾ ਹੋਊ।"
"ਉਹ ਤਾਂ ਮਜ਼ੇ ਨਾਲ ਸੁੱਤਾ ਪਿਆ ਹੋਊ ਨਾਲੇ ਕਿਹੜਾ ਪਹਿਲੀ ਵਾਰ ਬਾਹਰ ਸੁੱਤੈ, ਮੁੜ ਆਊ ਕੱਲ ਨੂੰ, ਅਸੀਂ ਈ ਨੀਂਦ ਖਰਾਬ ਕਰੀ ਬੈਠੇ ਆਂ, ਤੂੰ ਵੀ ਸੌਣ ਦੀ ਕੋਸ਼ਿਸ਼ ਕਰ, ਸਵੇਰੇ ਜਲਦੀ ਉਠਣਾ।"

ਸਵੇਰ ਤੋਂ ਹੀ ਪਰਦੁੱਮਣ ਸਿੰਘ ਬਲਰਾਮ ਲਈ ਕੁੜੀ ਦੀ ਪੁੱਛਗਿੱਛ ਸ਼ੁਰੂ ਕਰ ਦਿੰਦਾ ਹੈ। ਉਹ ਚਾਹੁੰਦਾ ਹੈ ਕਿ ਇਕ ਵਾਰ ਸਾਰੇ ਵਾਕਫਕਾਰਾਂ ਵਿਚ ਗੱਲ ਫੈਲ ਜਾਵੇ ਕਿ ਪਰਦੁੱਮਣ ਸਿੰਘ ਦਾ ਮੁੰਡਾ ਵਿਆਹੁਣ ਵਾਲਾ ਹੈ ਤਾਂ ਆਪੇ ਕੋਈ ਨਾ ਕੋਈ ਪਹੁਚ ਕਰ ਲਵੇਗਾ। ਅਜਕਲ ਬੱਚਿਆਂ ਲਈ ਰਿਸ਼ਤੇ ਲਭਣੇ ਬਹੁਤ ਮੁਸ਼ਕਲ ਹੋਏ ਪਏ ਹਨ। ਇਸ ਬਾਰੇ ਉਹ ਕਾਰੇ ਨੂੰ ਫੋਨ ਕਰਦਾ ਹੈ। ਬਰਾਡਵੇਅ ਵੱਲ ਨਿਕਲਿਆ ਪ੍ਰਤਾਪ ਖੈਹਰੇ ਕੋਲ ਜਾ ਖੜਦਾ ਹੈ। ਆਪਣੇ ਮੁੰਡੇ ਨੂੰ ਰਿਸ਼ਤਾ ਉਹ ਕਿਸੇ ਵੱਡੇ ਘਰ ਦਾ ਹੀ ਕਰਨਾ ਚਾਹੁੰਦਾ ਹੈ। ਗਿਆਨ ਕੌਰ ਵੀ ਕੰਮ ਉਪਰ ਸਾਰੀਆਂ ਔਰਤਾਂ ਨੂੰ ਆਪਣੇ ਮੁੰਡੇ ਨੂੰ ਰਿਸ਼ਤਾ ਕਰਵਾਉਣ ਲਈ ਕਹਿ ਦਿੰਦੀ ਹੈ। ਇਕੋ ਸ਼ਰਤ ਹੈ ਕਿ ਬੰਦੇ ਉਨ੍ਹਾਂ ਦੀ ਟੱਕਰ ਦੇ ਹੋਣ ਤੇ ਕੁੜੀ ਮੁੰਡੇ ਦੀ ਪਸੰਦ ਦੀ ਹੋਵੇ। ਡਿਗਰੀ ਹੋਣ ਤੋਂ ਬਾਅਦ ਬਲਰਾਮ ਨੌਕਰੀ ਦੀ ਤਲਾਸ਼ ਕਰਨ ਲੱਗਦਾ ਹੈ ਪਰ ਬਹੁਤਾ ਸਮਾਂ ਫੈਕਟਰੀ ਵਿਚ ਗੁਜ਼ਾਰਦਾ ਹੈ। ਉਹ ਫੈਕਟਰੀ ਦੇ ਕੰਮ ਨੂੰ ਸੰਭਾਲਣ ਲੱਗਦਾ ਹੈ। ਪਰਦੁੱਮਣ ਸਿੰਘ ਨੂੰ ਵਿਹਲਾ ਜਿਹਾ ਕਰ ਦਿੰਦਾ ਹੈ। ਉਹ ਬਲਰਾਮ ਨੂੰ ਕਹਿੰਦਾ ਹੈ,
"ਤੂੰ ਛੱਡ ਪਰ੍ਹੇ ਨੌਕਰੀ ਨੂੰ, ਫੈਕਟਰੀ ਸੰਭਾਲ, ਮੈਂ ਡਲਿਵਰੀ ਦਾ ਕੰਮ ਕਰੀ ਜਾਨਾਂ।"
"ਨਹੀਂ ਡੈਡ, ਯੂ ਰਿਲੈਕਸ, ਘਰ ਬੈਠਿਆ ਕਰ। ਮੰਮ ਨੂੰ ਵੀ ਕਹਿ ਰੈਸਟ ਕਰੇ।"

ਪਰਦੁੱਮਣ ਸਿੰਘ ਦੇ ਅੰਦਰਲੇ ਪਿਉ ਦਾ ਮਨ ਮਾਣ ਨਾਲ ਭਰ ਜਾਂਦਾ ਹੈ। ਪਰਦੁੱਮਣ ਸਿੰਘ ਹੁਣ ਸੇਲਜ਼ਮੈਨਸ਼ਿੱਪ ਕਰਨ ਚਲੇ ਜਾਂਦਾ ਹੈ। ਉਹ ਸਮੋਸਿਆਂ ਦੀ ਵਿੱਕਰੀ ਲਈ ਨਵੀਆਂ ਜਗਾਵਾਂ ਦੀ ਤਲਾਸ਼ ਵਿਚ ਨਿਕਲ ਜਾਂਦਾ ਹੈ। ਦੋ ਕੁ ਵਾਰ ਫਰੀਦਾ ਦਾ ਫੋਨ ਆਉਂਦਾ ਹੈ ਪਰ ਉਹ ਜਵਾਬ ਨਹੀਂ ਦਿੰਦਾ। ਹੁਣ ਉਸ ਨੂੰ ਕੁਲਬੀਰੋ ਦਾ ਵੀ ਆਪਣੇ ਪ੍ਰਤੀ ਰਵੱਈਆ ਬਦਲਿਆ ਬਦਲਿਆ ਜਾਪਦਾ ਹੈ। ਉਸ ਨੂੰ ਜਾਪਦਾ ਹੈ ਕਿ ਦੋਸਤੀ ਲਈ ਹੁਣ ਤਿਆਰ ਹੋ ਜਾਵੇਗੀ ਪਰ ਉਹ ਅੱਗੇ ਨਹੀਂ ਵੱਧਦਾ। ਬਲਰਾਮ ਹਰ ਵੇਲੇ ਫੈਕਟਰੀ ਵਿਚ ਹੁੰਦਾ ਹੈ। ਉਹ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੁੰਦਾ ਕਿ ਆਪਣੇ ਪੁੱਤਰ ਦੀ ਨਜ਼ਰ ਵਿਚ ਬੁਰਾ ਹੋਵੇ। ਉਹ ਮੀਕੇ ਅਤੇ ਨਿੰਮੇ ਨਾਲ ਵੀ ਸੰਖੇਪ ਜਿਹੀਆਂ ਗੱਲਾਂ ਹੀ ਕਰਿਆ ਕਰਦਾ ਹੈ। ਹਾਸਾ ਮਜ਼ਾਕ ਉਸ ਨੇ ਬੰਦ ਕਰ ਦਿੱਤਾ ਹੈ।

ਹੁਣ ਸਤਿੰਦਰ ਤੇ ਪਵਨ ਵੀ ਫੈਕਟਰੀ ਆਉਣ ਲੱਗੀਆਂ ਹਨ। ਉਨ੍ਹਾਂ ਦੇ ਆਉਣ ਨਾਲ ਉਹ ਹੋਰ ਵੀ ਗੰਭੀਰ ਰਹਿਣ ਲੱਗਦਾ ਹੈ। ਉਹ ਸੋਚਣ ਲੱਗਦਾ ਹੈ ਕਿ ਅਗਲੇ ਸਾਲ ਸਤਿੰਦਰ ਦੀ ਡਿਗਰੀ ਵੀ ਪੂਰੀ ਹੋ ਜਾਵੇਗੀ ਤੇ ਡਿਗਰੀ ਪੂਰੀ ਹੁੰਦਿਆਂ ਹੀ ਉਸ ਦਾ ਵਿਆਹ ਵੀ ਕਰ ਦੇਵੇਗਾ। ਉਸ ਨੂੰ ਸਤਿੰਦਰ ਦੇ ਬੜਬੋਲੇ ਜਿਹੇ ਸੁਭਾਅ ਦਾ ਫਿਕਰ ਵੀ ਰਹਿੰਦਾ ਹੈ ਕਿ ਕੋਈ ਮੁੰਡਾ ਐਵੇਂ ਹੀ ਗੱਲਾਂ ਗੱਲਾਂ ਵਿਚ ਮਗਰ ਨਾ ਲਵੇ ਤੇ ਕੁੜੀ ਹੱਥੋਂ ਜਾਂਦੀ ਰਹੇ। ਉਸ ਕੋਲੋਂ ਤਾਂ ਇਹ ਗੱਲ ਬਰਦਾਸ਼ਤ ਵੀ ਨਹੀਂ ਕੀਤੀ ਜਾਣੀ। ਛੋਟੀ ਪਵਨ ਦਾ ਉਸ ਨੂੰ ਬਹੁਤਾ ਫਿਕਰ ਨਹੀਂ ਹੈ। ਉਹ ਚੁੱਪ ਜਿਹੀ ਆਪਣੇ ਆਪ ਵਿਚ ਰਹਿਣ ਵਾਲੀ ਕੁੜੀ ਹੈ।

ਕਈ ਮਹੀਨਿਆਂ ਦੀ ਤਲਾਸ਼ ਬਾਅਦ ਉਨ੍ਹਾਂ ਨੂੰ ਬਰੈਡਫੋਰਡ ਦੀ ਇਕ ਕੁੜੀ ਪਸੰਦ ਆਉਂਦੀ ਹੈ। ਉਨ੍ਹਾਂ ਨੇ ਕਈ ਦਰਜਨ ਕੁੜੀਆਂ ਦੇਖ ਮਾਰੀਆਂ ਹਨ। ਕਿਸੇ ਵਿਚ ਕੋਈ ਨੁਕਸ ਹੈ ਤੇ ਕਿਸੇ ਵਿਚ ਕੋਈ। ਜੇ ਕੋਈ ਕੁੜੀ ਪਸੰਦ ਆਉਂਦੀ ਹੈ ਤਾਂ ਉਸ ਦਾ ਘਰ ਗਰੀਬ ਨਿਕਲਦਾ ਹੈ। ਪਰਦੁੱਮਣ ਸਿੰਘ ਆਪਣੇ ਆਪ ਨੂੰ ਮਿਲੀਅਨੇਅਰਾਂ ਵਿਚ ਗਿਣ ਰਿਹਾ ਹੈ। ਉਸ ਦਾ ਘਰ, ਉਸ ਦੀ ਫੈਕਟਰੀ ਤੇ ਦੋ ਹੋਰ ਪ੍ਰੌਪਰਟੀਜ਼ ਉਸ ਨੇ ਖਰੀਦ ਲਈਆਂ ਹਨ, ਸਭ ਪਾ ਕੇ ਮਿਲੀਅਨ ਪੌਂਡ ਤੋਂ ਕਿਤੇ ਵੱਧ ਦੇ ਹਨ। ਹੁਣ ਉਸ ਨੂੰ ਮਿਲੀਅਨੇਅਰ ਰਿਸ਼ਤੇਦਾਰ ਹੀ ਚਾਹੀਦੇ ਹਨ। ਜੇ ਇਹ ਸਭ ਪਸੰਦ ਆ ਜਾਂਦਾ ਹੈ ਤਾਂ ਕੁੜੀ ਮੁੰਡੇ ਨੂੰ ਸਿਰ ਫੇਰ ਜਾਂਦੀ ।

ਪੁਰੇਵਾਲ ਦੇ ਬਰੈਡਫੋਰਡ ਵਿਚ ਦੋ ਰੈਸਟੋਰੈਂਟ ਹਨ। ਕੁੜੀ ਵੀ ਬਲਰਾਮ ਨੂੰ ਚੰਗੀ ਲੱਗ ਜਾਂਦੀ ਹੈ। ਰਿਸ਼ਤਾ ਹੋ ਜਾਂਦਾ ਹੈ। ਵਿਆਹ ਵੀ ਹੋ ਜਾਂਦਾ ਹੈ। ਪਰਦੁੱਮਣ ਸਿੰਘ ਦੋ ਕੋਚਾਂ ਭਰ ਕੇ ਬਰਾਤ ਲੈ ਕੇ ਜਾਂਦਾ ਹੈ। ਕਾਰਾਂ ਦਾ ਕਾਫਲਾ ਅਲੱਗ ਹੈ। ਅੱਗਿਉਂ ਪੁਰੇਵਾਲ ਵੀ ਪੂਰੀ ਸੇਵਾ ਕਰਦਾ ਹੈ। ਬਰਾਤ ਖੁਸ਼ ਹੋ ਜਾਂਦੀ ਹੈ। ਪਰਦੁੱਮਣ ਸਿੰਘ ਵੀ ਚਾਅ ਦਾ ਭਰਿਆ ਪਿਆ ਹੈ।

ਮੁੰਡਾ ਕੁੜੀ ਗਰੀਸ ਦੇ ਜ਼ਜੀਰੇ 'ਤੇ ਹਨੀਮੂਨ 'ਤੇ ਜਾਂਦੇ ਹਨ। ਉਥੋਂ ਹਰ ਰੋਜ਼ ਫੋਨ ਕਰਦੇ ਹਨ। ਸਾਰੇ ਪ੍ਰਸੰਨ ਹਨ। ਹਫਤੇ ਬਾਅਦ ਮੁੰਡਾ ਕੁੜੀ ਮੁੜਦੇ ਹਨ। ਕੁੜੀ ਆਪਣਾ ਸਮਾਨ ਇਕੱਠਾ ਕਰਨ ਲੱਗਦੀ ਹੈ। ਗਿਆਨ ਕੌਰ ਪੁੱਛਦੀ ਹੈ,

''ਕੀ ਹੋ ਗਿਆ ਪੁੱਤ ਤੈਨੂੰ ?''

''ਮੈਂ ਏਸ ਬੰਦੇ ਨਾਲ ਨਹੀਂ ਰਹਿ ਸਕਦੀ।''

ਇਕਵੰਜਾ

ਪਾਲਾ ਸਿੰਘ ਸਵੇਰਸਾਰ ਗੁਰਦੁਆਰੇ ਤੋਂ ਮੁੜਦਾ ਹੈ। ਬੱਸ ਸਟਾਪ ਦੇ ਸਾਹਮਣੇ ਫਿਰ ਬਹੁਤ ਹੀ ਗੰਦਾ ਪੋਸਟਰ ਲੱਗਿਆ ਹੋਇਆ ਹੈ। ਇਕ ਨੰਗੀ ਔਰਤ ਖੜੀ ਆਪਣੀ ਕੱਛੀ ਵਿਚ ਦੇਖ ਰਹੀ ਹੈ ਤੇ ਲਿਖਿਆ ਹੈ ਕਿ ਸਾਡੇ ਕੋਲ ਵਾਲ ਰੰਗਣ ਲਈ ਇੰਨਾ ਵਧੀਆ ਰੰਗ ਹੈ ਕਿ ਤੁਸੀਂ ਆਪਣੇ ਵਾਲਾਂ ਦਾ ਅਸਲੀ ਰੰਗ ਭੁੱਲ ਜਾਵੋਗੇ। ਤੇ ਅਸਲੀ ਰੰਗ ਦੇਖਣ ਲਈ ਤੁਹਾਨੂੰ ਗੁਪਤ ਅੰਗ ਦੇ ਵਾਲਾਂ ਉਪਰ ਨਜ਼ਰ ਮਾਰਨੀ ਹੋਵੇਗੀ। ਪਾਲਾ ਸਿੰਘ ਜ਼ਰਾ ਕੁ ਖੜ ਕੇ ਪੜ੍ਹਦਾ ਹੈ ਤੇ ਹੱਸਦਾ ਹੋਇਆ ਅੱਗੇ ਲੰਘ ਜਾਂਦਾ ਹੈ। ਉਸ ਨੂੰ ਪਤਾ  ਕਿ ਇਸ ਪੋਸਟਰ ਨਾਲ ਸੇਮੇ ਤੇ ਅਨਵਰ ਨੂੰ ਬਹੁਤ ਤਕਲੀਫ ਹੋਵੇਗੀ। ਪਹਿਲਾਂ ਤਾਂ ਉਹ ਪੋਸਟਰ ਪੇਂਟ ਕਰਕੇ ਇਸ ਔਰਤ ਦੇ ਕੱਪੜੇ ਪਵਾ ਦੇਣਗੇ। ਇਵੇਂ ਵੀ ਉਨ੍ਹਾਂ ਦੀ ਤਸੱਲੀ ਨਹੀਂ ਹੋਵੇਗੀ ਤੇ ਫਿਰ ਪੋਸਟਰ ਪਾੜ ਦੇਣਗੇ।

ਉਹ ਘਰ ਪਹੁੰਚਦਾ ਹੈ। ਰਸੋਈ ਵਿਚੋਂ ਆ ਰਹੀ ਚਾਹ ਦੀ ਸੁੰਘ ਤੋਂ ਸਮਝ ਜਾਂਦਾ ਹੈ ਕਿ ਮਨਿੰਦਰ ਉਠ ਖੜੀ ਹੋਵੇਗੀ। ਫਿਰ ਪੋਰਚ ਵਿਚ ਜਾ ਕੇ ਦੇਖਦਾ ਹੈ ਕਿ ਮਨਿੰਦਰ ਜਾ ਚੁੱਕੀ ਹੈ। ਉਸ ਦੀ ਜੁੱਤੀ ਪੋਰਚ ਵਿਚ ਜਿਉਂ ਨਹੀਂ ਪਈ। ਮਨਿੰਦਰ ਸਵੇਰੇ ਜਲਦੀ ਚਲੇ ਜਾਂਦੀ  ਤੇ ਰਾਤ ਨੂੰ ਲੇਟ ਮੁੜਦੀ ਹੈ। ਕਾਲਜ ਤੋਂ ਬਾਅਦ ਕਿਧਰੇ ਕੰਮ ਕਰਦੀ ਹੈ। ਪਾਲਾ ਸਿੰਘ ਬਥੇਰਾ ਕਹਿੰਦਾ ਹੈ ਕਿ ਉਸ ਨੂੰ ਕੰਮ ਕਰਨ ਦੀ ਲੋੜ ਨਹੀਂ ਹੈ। ਉਸ ਕੋਲ ਪੈਸੇ ਹਨ ਪਰ ਮਨਿੰਦਰ ਨਹੀਂ ਮੰਨਦੀ। ਉਹ ਆਪਣੀ ਜੇਬ ਖਰਚ ਲਈ ਕੰਮ ਕਰਕੇ ਖੁਸ਼ ਹੈ। ਵੈਸੇ ਪਾਲਾ ਸਿੰਘ ਨੂੰ ਇਹ ਗੱਲ ਚੰਗੀ ਵੀ ਲੱਗਦੀ ਹੈ ਕਿ ਇਵੇਂ ਬੱਚਿਆਂ ਵਿਚ ਕੰਮ ਕਰਨ ਦੀ ਭਾਵਨਾ ਪ੍ਰਬਲ ਰਹਿੰਦੀ ਹੈ ਤੇ ਅਣਖ ਵੀ ਕਾਇਮ ਰਹਿੰਦੀ ਹੈ।

ਉਹ ਲੌਂਜ ਵਿਚ ਆ ਕੇ ਪਰਦੇ ਹਟਾਉਂਦਾ ਹੈ। ਇਧਰ ਉਧਰ ਖਿੰਡਰੀਆਂ ਚੀਜ਼ਾਂ ਸਿੱਧੀਆਂ ਕਰਦਾ ਹੈ। ਫਰਿੱਜ ਖੋਲ੍ਹ ਕੇ ਰਾਸ਼ਣ ਦੀ ਸਥਿਤੀ ਦੇਖਦਾ ਹੈ ਕਿ ਕਿਧਰੇ ਸ਼ੌਪਿੰਗ ਕਰਨ ਵਾਲੀ ਤਾਂ ਨਹੀਂ। ਉਹ ਆਪਣੇ ਲਈ ਚਾਹ ਦਾ ਕੱਪ ਬਣਾਉਂਦਾ ਹੈ ਤੇ ਫਰੰਟ ਵਿੰਡੋ ਵਿਚ ਖੜ ਕੇ ਘੁੱਟ ਭਰਨ ਲੱਗਦਾ ਹੈ। ਬਾਹਰ ਸੜਕ ਖਾਲੀ ਹੈ। ਹਲਕੀ ਜਿਹੀ ਭੂਰ ਪੈ ਰਹੀ ਹੈ। ਵਕਤ ਤਾਂ ਭਾਵੇਂ ਸਵੇਰ ਦੇ ਨੌਂ ਦਾ ਹੈ ਪਰ ਜਿਵੇਂ ਹਨੇਰਾ ਹੋ ਰਿਹਾ ਹੋਵੇ। ਉਹ ਇੰਗਲੈਂਡ ਦੇ ਮੌਸਮ ਨੂੰ ਕੋਸਦਾ ਮੁੱਛਾਂ ਨੂੰ ਵਟਾ ਦੇਣ ਲੱਗਦਾ ਹੈ। ਖਾਲੀ ਕੱਪ ਰਸੋਈ ਵਿਚ ਰੱਖਣ ਆਇਆ ਗਾਰਡਨ ਦੇਖਣ ਲੱਗਦਾ ਹੈ। ਕਿੰਨਾ ਗੰਦ ਪਿਆ ਹੋਇਆ ਹੈ। ਘਾਹ ਹੀ ਕਿੱਡਾ ਕਿੱਡਾ ਹੋ ਗਿਆ ਹੈ। ਉਹ ਸੋਚਦਾ ਹੈ ਕਿ ਦਿਨ ਪੱਧਰੇ ਹੋਣ ਤਾਂ ਗਾਰਡਨ ਠੀਕ ਕਰੇ। ਪਹਿਲਾਂ ਉਸ ਨੂੰ ਗਾਰਡਨਿੰਗ ਨਾਲ ਬਹੁਤ ਨਫਰਤ ਹੋਇਆ ਕਰਦੀ ਸੀ। ਉਹ ਹੱਸਦਾ ਹੋਇਆ ਕਹਿੰਦਾ ਕਿ ਖੇਤੀ ਤੋਂ ਡਰਦਾ ਤਾਂ ਇੰਗਲੈਂਡ ਭੱਜ ਕੇ ਆਇਆ ਹਾਂ ਤੇ ਹੁਣ ਇਥੇ ਵੀ ਇਹ ਕੰਮ ਨਹੀਂ ਕਰ ਹੁੰਦਾ ਪਰ ਹੁਣ ਉਸ ਨੂੰ ਟਾਈਮ ਪਾਸ ਕਰਨ ਦਾ ਇਹ ਵਧੀਆ ਤਰੀਕਾ ਲੱਗਦਾ ਹੈ। ਨਸੀਬ ਕੌਰ ਜਿਉਂਦੀ ਸੀ ਤਾਂ ਉਹ ਆਪ ਗਾਰਡਨ ਵਿਚ ਮੇਥੀ ਤੇ ਧਨੀਆ ਬੀਜ ਲਿਆ ਕਰਦੀ। ਪਾਲਾ ਸਿੰਘ ਸੋਚ ਰਿਹਾ ਹੈ ਕਿ ਐਤਕੀਂ ਉਹ ਵੀ ਕੁਝ ਸਬਜ਼ੀਆਂ ਬੀਜੇਗਾ ਭਾਵੇਂ ਖਾਣ ਵਾਲਾ ਉਹ ਇਕੱਲਾ ਹੀ ਹੈ।

ਉਹ ਟੈਲੀ ਲਾ ਲੈਂਦਾ ਹੈ। ਖਬਰਾਂ ਚੱਲ ਰਹੀਆਂ ਹਨ। ਉਸ ਨੂੰ ਬਹੁਤੀ ਦਿਲਚਸਪੀ ਨਹੀਂ ਹੈ। ਫਿਰ ਅਚਾਨਕ ਪ੍ਰੀਤੀ ਬਾਰੇ ਖਬਰ ਆਉਂਦੀ ਹੈ। ਪਾਲਾ ਸਿੰਘ ਨੂੰ ਪਤਾ ਹੈ ਕਿ ਇਸ ਔਰਤ ਨੇ ਪਿੱਛੇ ਜਿਹੇ ਪਤੀ ਦਾ ਕਤਲ ਕਰ ਦਿੱਤਾ ਹੈ। ਔਰਤਾਂ ਦੀਆਂ ਕਈ ਜਥੇਬੰਦੀਆਂ ਨੇ ਪ੍ਰੀਤੀ ਦੇ ਹੱਕ ਵਿਚ ਮੁਜ਼ਾਹਰਾ ਕੀਤਾ ਹੈ। ਔਰਤਾਂ ਦੀ ਮੰਗ ਹੈ ਕਿ ਪ੍ਰੀਤੀ ਉਪਰ ਕੇਸ ਨਾ ਚਲਾਇਆ ਜਾਵੇ ਕਿਉਂਕਿ ਕਤਲ ਕਰਨ ਵੇਲੇ ਉਹ ਆਪੇ ਵਿਚ ਨਹੀਂ ਸੀ। ਪਾਲਾ ਸਿੰਘ ਮਨ ਵਿਚ ਕਹਿੰਦਾ ਹੈ ਕਿ ਔਰਤਾਂ ਕਿਵੇਂ ਇਕ ਦੂਜੇ ਨਾਲ ਖੜ ਜਾਂਦੀਆਂ ਹਨ। ਇਹ ਮਰਦ ਇਕ ਦੂਜੇ ਨਾਲ ਖਾਰ ਖਾਂਦੇ ਹੀ ਮਾਰੇ ਜਾਂਦੇ ਹਨ। ਸਾਧੂ ਸਿੰਘ ਦੇ ਹਾਲਾਤ ਵੀ ਤਾਂ ਅਜਿਹੇ ਹੀ ਸਨ। ਉਸ ਨੂੰ ਕਤਲ ਕਰਦਿਆਂ ਕਿਹੜੀ ਕੋਈ ਸਮਝ ਸੀ। ਕਿਸੇ ਮਰਦ ਨੇ ਉਸ ਲਈ ਖੁੱਲ੍ਹ ਕੇ ਹਾਅ ਦਾ ਨਾਹਰਾ ਨਹੀਂ ਸੀ ਮਾਰਿਆ। ਬਸ ਅੰਦਰੀਂ ਵੜੇ ਹੀ ਝੂਰਦੇ ਰਹੇ।

ਗਿਆਰਾਂ ਕੁ ਵਜੇ ਡੋਰ ਬੈੱਲ ਵੱਜਦੀ ਹੈ। ਉਹ ਸੋਚਣ ਲੱਗਦਾ ਹੈ ਕਿ ਕੌਣ ਆ ਗਿਆ ਹੋਇਆ। ਡਾਕੀਆ ਤਾਂ ਲੰਘ ਚੁੱਕਾ ਹੈ। ਉਹ ਉਠ ਕੇ ਦਰਵਾਜ਼ਾ ਖੋਲ੍ਹਦਾ ਹੈ। ਗੁਰਦਿਆਲ ਸਿੰਘ ਦਰਵਾਜ਼ੇ 'ਤੇ ਖੜਾ ਹੈ। ਉਹ ਹੈਰਾਨ ਹੋ ਜਾਂਦਾ ਹੈ। ਗੁਰਦਿਆਲ ਸਿੰਘ ਕਦੇ ਵੀ ਇਸ ਤਰ੍ਹਾਂ ਉਸ ਦੇ ਘਰ ਨਹੀਂ ਆਇਆ। ਉਹ ਆਖਦਾ ਹੈ,

''ਅੱਜ ਕੀੜੀ ਦੇ ਘਰ ਨਾਰਾਇਣ ਕਿਧਰੋਂ ?''

“ਮੈਂ ਕਿਹਾ ਤੂੰ ਤਾਂ ਕਈ ਦਿਨ ਦਾ ਆਇਆ ਨਹੀਂ ਮੈਂ ਹੀ ਮਿਲ ਆਵਾਂ, ਪਹਿਲਾਂ ਮੈਂ ਸੋਚਦਾ ਸੀ ਕਿ ਫੋਨ ਕਰ ਕੇ ਦੇਖ ਲਵਾਂ ਘਰ ਵੀ ਹੈਂ ਕਿ ਨਹੀਂ ਫਿਰ ਸੋਚਿਆ ਕਿ ਏਦਾਂ ਦੇ ਮੌਸਮ ਵਿਚ ਤੂੰ ਕਿਥੇ ਜਾਣਾਂ।”

“ਆਹ ਦੇਖਲੈ, ਮੌਸਮ ਨੂੰ ਦੇਖ ਕੀ ਹੋਇਐ ਪਿਐ, ਕਈ ਦਿਨ ਹੋ ਗਏ ਏਹਨੂੰ ਚਲਦੇ ਨੂੰ, ਬਾਹਰ ਨਿਕਲ ਈ ਨਹੀਂ ਹੁੰਦਾ। ਪੱਬ ਤੱਕ ਮਸਾਂ ਜਾਨਾਂ। ਅੱਜ ਗੁਰਦੁਆਰੇ ਵੀ ਕਈ ਦਿਨਾਂ ਬਾਅਦ ਗਿਆਂ। ਤੂੰ ਸੁਣਾ ਕਿੱਦਾਂ ?”

“ਬਸ ਠੀਕ ਐ।”

“ਘਰ 'ਕੱਲਾ ਈ ਲੱਗਦਾਂ?”

“ਹੋਰ ਮੇਰੇ ਨਾਲ ਰਾਣੀ ਇਲੈਜ਼ਬੈਥ ਹੋਣੀ ਆਂ। ਗੁਰਦਿਆਲ ਸਿਆਂ ਤੂੰ ਵੀ ਟਿੱਚਰਾਂ ਕਰਦਾਂ, ਮੁੰਡੇ ਸਾਲੇ ਪਿੱਠ ਦਿਖਾ ਗਏ ਤਾਂ 'ਕੱਲਾ ਈ ਹੋਣਾ ਸੀ।”

“ਮਨਿੰਦਰ ਵੀ ਨਹੀਂ ਦਿੱਸਦੀ ?”

“ਉਹ ਯੂਨੀ ਗਈ ਆ।”

“ਕਿੰਨੇ ਕੁ ਵਜੇ ਮੁੜ ਆਉਂਦੀ ਐ ?”

“ਲੇਟ ਈ ਆਉਂਦੀ ਐ, ਕੰਮ 'ਤੇ ਜਿਉਂ ਜਾਂਦੀ ਐ।”

ਪਾਲਾ ਸਿੰਘ ਦੱਸਦਾ ਹੈ। ਗੁਰਦਿਆਲ ਸਿੰਘ ਚੁੱਪ ਕਰ ਜਾਂਦਾ ਹੈ। ਫਿਰ ਕੁਝ ਕਹਿਣ ਦੀ ਹਿੰਮਤ ਕਰਦਾ ਕਹਿੰਦਾ ਹੈ,

“ਪਾਲਾ ਸਿਆਂ, ਮਨਿੰਦਰ ਬਾਰੇ ਇਕ ਗੱਲ ਕਰਨੀ ਸੀ।”

“ਗੁਰਦਿਆਲ ਸਿਆਂ, ਹਾਲੇ ਪੜ੍ਹ ਲੈਣ ਦਿੰਨੇ ਆਂ, ਡਿਗਰੀ ਹੋਈ ਤੇ ਵਿਆਹ ਦਾ ਸੋਚ ਲਵਾਂਗੇ।”

ਗੁਰਦਿਆਲ ਸਿੰਘ ਖਾਮੋਸ਼ ਹੋ ਜਾਂਦਾ ਹੈ। ਕੁਝ ਦੇਰ ਸੋਚਦਾ ਰਹਿੰਦਾ ਹੈ ਕਿ ਗੱਲ ਕਿਵੇਂ ਕਰੇ। ਉਹ ਕਹਿੰਦਾ ਹੈ,

“ਤੈਨੂੰ ਪਤਾ ਨਾ ਸਿੱਖਾਂ ਦੇ ਮੁੰਡੇ ਤੇ ਮੁਸਲਮਾਨਾਂ ਦੇ ਮੁੰਡੇ ਆਪਸ ਵਿਚ ਡਾਂਗਾਂ, ਕ੍ਰਿਪਾਨਾਂ ਕੱਢੀ ਫਿਰਦੇ ਆ।”

“ਇਹ ਸਭ ਤਾਂ ਪ੍ਰਤਾਪ ਖੈਹਰੇ ਤੇ ਚੌਧਰੀ ਦੇ ਪਾਏ ਹੋਏ ਪੰਗੇ ਆ।”

“ਇਹ ਵੀ ਠੀਕ ਐ ਪਾਲਾ ਸਿਆਂ ਪਰ ਇਹ ਮੁੰਡੇ ਜਿਹੜੇ ਕਾਲਜਾਂ, ਯੂਨੀਆਂ 'ਚ ਜਾਂਦੇ ਆ ਉਹ ਵੀ ਗਰੁੱਪ ਬਣਾਈ ਫਿਰਦੇ ਆ। ਕਾਰੇ ਦਾ ਮੁੰਡਾ ਏਦਾਂ ਦੇ ਕਿਸੇ ਗਰੁੱਪ ਦਾ ਲੀਡਰ ਐ।”

“ਉਹ ਤਾਂ ਕਾਰਾ ਵੀ ਕਿਹੜਾ ਲੀਡਰਾਂ ਨਾਲੋਂ ਘੱਟ ਐ।”

“ਨਹੀਂ ਪਾਲਾ ਸਿਆਂ, ਗੱਲ ਕੁਸ਼ ਸੀਰੀਅਸ ਐ।”

“ਅੱਛਾ!”

“ਗੱਲ ਅਸਲ ਵਿਚ ਇਹ ਐ ਕਿ ਮੁਸਲਮਾਨਾਂ ਦੇ ਮੁੰਡੇ ਸਾਡੀਆਂ ਕੁੜੀਆਂ ਨੂੰ ਫਸਾ ਰਹੇ ਆ। ਕੜੇ ਪਾ ਕੇ ਫੁਸਲਾ ਲੈਂਦੇ ਆ ਕਿ ਅਸੀਂ ਵੀ ਸਿੱਖ ਈ ਆਂ ਤੇ ਬਾਅਦ ਵਿਚ ਈ ਅਸਲੀਅਤ ਦਾ ਪਤਾ ਚੱਲਦੈ।”

“ਤਾਂ ਹੀ ਤਾਂ ਸਾਧੂ ਸਿੰਘ ਵਰਗੇ ਜੇਲ੍ਹਾਂ 'ਚ ਬੈਠੇ ਆ।”

“ਅਸਲ ਵਿਚ ਕੁਸ਼ ਸ਼ਰਾਰਤੀ ਲੋਕ ਅਜਿਹੇ ਮੁੰਡਿਆਂ ਨੂੰ ਇਨਕਰੇਜ ਕਰਦੇ ਆ ਕਿ ਸਿੱਖਾਂ ਦੀਆਂ ਕੁੜੀਆਂ ਫਸਾਓ ਤੇ ਮੁਸਲਮਾਨ ਬਣਾਓ।”

“ਗੁਰਦਿਆਲ ਸਿੰਆਂ, ਮੈਂ ਉਹ ਲੀਫਲੈੱਟ ਦੇਖੇ ਆ ਜਿਹੜੇ ਇਹ ਲੋਕ ਵੰਡਦੇ ਫਿਰਦੇ ਸੀ ਪਰ ਉਹ ਤਾਂ ਪੁਰਾਣੀਆਂ ਗੱਲਾਂ...।”

“ਨਹੀਂ, ਹਾਲੇ ਵੀ ਚੱਲੀ ਜਾਂਦੀਆਂ, ਕੱਲ ਕਾਰਾ ਮੇਰੇ ਕੋਲ ਆਇਆ ਸੀ, ਦੁਖੀ ਸੀ ਵਿਚਾਰਾ।”

“ਕਿਉਂ, ਉਹਦੀ ਕੁੜੀ ਵੀ...?”

“ਨਹੀਂ, ਉਹਦਾ ਮੁੰਡਾ ਜਿਉਂ ਲੀਡਰ ਐ, ਕਾਰਾ ਡਰਦੈ ਕਿ ਮੁੰਡਾ ਕਿਸੇ ਵੱਡੀ ਇਲਤ ਵਿਚ ਨਾ ਫਸ ਜਾਵੇ, ਕਿਸੇ ਕੁੜੀ ਕਾਰਨ ਮੁੰਡਿਆਂ ਦੇ ਗਰੁੱਪਾਂ ਵਿਚ ਅੱਜ ਕੱਲ ਬਹੁਤ ਟੈਨਸ਼ਨ ਚੱਲ ਰਹੀ ਐ। ਕੋਈ ਆਪਣੀ ਕੁੜੀ ਮੁਸਲਮਾਨ ਮੁੰਡੇ ਨਾਲ ਸ਼ਰੇਆਮ ਘੁੰਮਦੀ ਫਿਰਦੀ ਐ ਤੇ ਇਹਦੇ ਨਾਲ ਸਾਡੇ ਮੁੰਡੇ ਬਹੁਤ ਹੇਠੀ ਮੰਨਦੇ ਆ। ਉਨ੍ਹਾਂ ਨੇ ਕੁੜੀ ਨੂੰ ਬਹੁਤ ਸਮਝਾਇਆ ਪਰ ਕੁੜੀ ਕਹਿੰਦੀ ਆ ਕਿ ਉਹਨੇ ਤਾਂ ਵਿਆਹ ਵੀ ਉਸੇ ਨਾਲ ਕਰੌਣੈ।”

ਪਾਲਾ ਸਿੰਘ ਨੂੰ ਗੁਰਦਿਆਲ ਸਿੰਘ ਦਾ ਗੱਲ ਕਰਨ ਦਾ ਤਰੀਕਾ ਚੰਗਾ ਨਹੀਂ ਲੱਗ ਰਿਹਾ। ਫਿਰ ਉਸ ਨੂੰ ਇਹ ਵੀ ਅਜੀਬ ਲੱਗ ਰਿਹਾ ਹੈ ਕਿ ਗੁਰਦਿਆਲ ਸਿੰਘ ਚੱਲ ਕੇ ਉਸ ਦੇ ਘਰ ਆਇਆ ਹੈ। ਪਹਿਲਾਂ ਉਹ ਇਵੇਂ ਕਦੇ ਨਹੀਂ ਆਇਆ। ਉਹ ਤਾਂ ਕੰਮ ਵਿਚ ਹੀ ਇੰਨਾ ਰੁੱਝਿਆ ਹੁੰਦਾ ਹੈ ਕਿ ਵਿਆਹ ਸ਼ਾਦੀ 'ਤੇ ਵੀ ਨਹੀਂ ਜਾਇਆ ਕਰਦਾ। ਫਿਰ ਉਸ ਨੂੰ ਇਹ ਵੀ ਪਤਾ ਹੈ ਕਿ ਕਾਰੇ ਦਾ ਮੁੰਡਾ ਮਨਿੰਦਰ ਵਾਲੀ ਯੂਨੀ ਹੀ ਜਾਂਦਾ ਹੈ। ਪਾਲਾ ਸਿੰਘ ਨੂੰ ਡਰ ਲੱਗਣ ਲੱਗਦਾ ਹੈ ਕਿ ਗੁਰਦਿਆਲ ਸਿੰਘ ਕੋਈ ਖਤਰਨਾਕ ਗੱਲ ਨਾ ਕਹਿ ਦੇਵੇ। ਉਹ ਦਿਲ 'ਤੇ ਹੱਥ ਰੱਖਦਾ ਉਸ ਦੀ ਗੱਲ ਸੁਣਦਾ ਰਹਿੰਦਾ ਹੈ।

ਗੁਰਦਿਆਲ ਸਿੰਘ ਕਹਿ ਰਿਹਾ ਹੈ,

“ਪਾਲਾ ਸਿਆਂ, ਦੁੱਖ ਵਾਲੀ ਗੱਲ ਇਹ ਐ ਕਿ ਉਹ ਕੁੜੀ ਆਪਣੀ ਮਨਿੰਦਰ ਐ।”

“ਨਹੀਂ ਗੁਰਦਿਆਲ ਸਿਆਂ, ਧੋਖਾ ਲੱਗਿਆ ਹੋਣਾ, ਇਹ ਕਾਰਾ ਸਾਲਾ ਕੰਜਰ ਐ, ਮੈਨੂੰ ਬਦਨਾਮ ਕਰਨ ਲਈ ਕਹਿ ਰਿਹੈ ਸਭ, ਮੈਂ ਕਿਤੇ ਆਪਣੀ ਕੁੜੀ ਨੂੰ ਜਾਣਦਾ ਨਹੀਂ, ਇਹ ਸਭ ਕਾਰੇ ਦੀ ਕਾਰਸਤਾਨੀ ਐ।”

ਕਹਿੰਦਾ ਹੋਇਆ ਪਾਲਾ ਸਿੰਘ ਗੁੱਸੇ ਵਿਚ ਕੰਬਣ ਲੱਗਦਾ ਹੈ। ਬੋਲਦਾ ਹੈ,

“ਏਸ ਕਾਰੇ ਕੰਜਰ ਨੇ ਮੇਰੇ ਹੱਥੋਂ ਮਰਨਾ।”
“ਪਾਲਾ ਸਿਆਂ, ਇਕੱਲੇ ਕਾਰੇ ਦੇ ਕਹੇ 'ਤੇ ਮੈਂ ਤੇਰੇ ਨਾਲ ਗੱਲ ਨਹੀਂ ਸੀ ਕਰਨੀ, ਆਪਣੇ ਸ਼ਿਵਰਾਜ ਦੀ ਘਰਵਾਲੀ ਨੇ ਇਕ ਦਿਨ ਮਨਿੰਦਰ ਨਾਲ ਫੋਨ 'ਤੇ ਗੱਲ ਕੀਤੀ ਸੀ ਤੇ ਕਿਹਾ ਸੀ ਕਿ ਰੁਕ ਜਾਵੇ, ਛੱਡ ਦਵੇ ਉਸ ਮੁੰਡੇ ਦੀ ਸੋਹਬਤ।”

ਪਾਲਾ ਸਿੰਘ ਉਸ ਵੱਲ ਦੇਖਦਾ ਹੈ। ਪਾਲਾ ਸਿੰਘ ਦੀਆਂ ਅੱਖਾਂ ਗੁੱਸੇ ਵਿਚ ਲਾਲ ਹੋ ਰਹੀਆਂ ਹਨ। ਉਹ ਕਹਿੰਦਾ ਹੈ,

“ਗੁਰਦਿਆਲ ਸਿਆਂ, ਜੇ ਇਹ ਸੱਚ ਹੋਇਆ ਤਾਂ ਮੈਂ ਸਿੱਧਾ ਜਾਊਂ ਸਾਧੂ ਸੂੰਹ ਦੇ ਨਾਲ ਵਾਲੀ ਸੈੱਲ ਵਿਚ।”
“ਨਹੀਂ ਪਾਲਾ ਸਿਆਂ, ਪਹਿਲਾਂ ਕੁੜੀ ਨੂੰ ਸਮਝਾ, ਉਹਨੂੰ ਪਤੈ ਕਿ ਤੂੰ ਗੁੱਸੇਖੋਰ ਐਂ, ਡਰ ਜਾਏਗੀ, ਫੇਰ ਜਲਦੀ ਨਾਲ ਮੁੰਡਾ ਲੱਭ ਕੇ ਵਿਆਹ ਦਿੰਨੇ ਆਂ।”

ਪਾਲਾ ਸਿੰਘ ਸਮਝਦਾ ਹੋਇਆ ਹਾਂ ਵਿਚ ਸਿਰ ਮਾਰਦਾ ਹੈ। ਗੁਰਦਿਆਲ ਸਿੰਘ ਜਾਣ ਲਈ ਉਠ ਖੜਦਾ ਹੈ। ਜਾਂਦਾ ਹੋਇਆ ਕਹਿਣ ਲੱਗਦਾ ਹੈ,

“ਬਹੁਤ ਸਬਰ ਤੋਂ ਕੰਮ ਲੈਣ ਦੀ ਲੋੜ ਐ, ਕੋਈ ਏਦਾਂ ਦੀ ਗੱਲ ਨਾ ਕਰੀਂ ਕਿ ਗੱਲ ਵਧ ਜਾਵੇ, ਸਾਧੂ ਸੂੰਹ ਦੀ ਕੁੜੀ ਵਾਂਗੂ ਘਰੋਂ ਦੌੜ ਜਾਵੇ।”
“ਗੁਰਦਿਆਲ ਸਿਆਂ, ਮੈਂ ਦੌੜਨ ਜੋਗੀ ਛੱਡੂ ਤਾਂ ਦੌੜੂ।”
“ਨਹੀਂ ਪਾਲਾ ਸਿਆਂ, ਸਬਰ ਤੇ ਹੌਸਲੇ ਤੋਂ ਕੰਮ ਲਵੀਂ, ਉਹਨੂੰ ਬੈਠ ਕੇ ਸਮਝਾਈਂ।”
“ਪਤਾ ਨਹੀਂ ਹੁਣ ਗੁਰਦਿਆਲ ਸਿਆਂ ਕੀ ਹੋਊ, ਮੈਂ ਕੋਸ਼ਿਸ਼ ਕਰੂੰ।”

ਗੁਰਦਿਆਲ ਸਿੰਘ ਚਲੇ ਜਾਂਦਾ ਹੈ। ਪਾਲਾ ਸਿੰਘ ਬਾਥਰੂਮ ਜਾਂਦਾ ਹੈ। ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖਦਾ ਹੈ। ਉਸ ਨੂੰ ਆਪਣੀ ਮੁੱਛ ਵਿਚ ਫਰਕ ਪੈ ਗਿਆ ਲੱਗਦਾ ਹੈ। ਉਹ ਮੁੱਛਾਂ ਨੂੰ ਵਟਾ ਦਿੰਦਾ ਮੁੜ ਖੜੀਆਂ ਕਰਦਾ ਹੈ। ਅਲਮਾਰੀ ਵਿਚੋਂ ਬੋਤਲ ਚੁੱਕਦਾ ਹੈ। ਇਕ ਡਰਿੰਕ ਪਾ ਕੇ ਬੈਠ ਜਾਂਦਾ ਹੈ ਤੇ ਸੋਚਣ ਲੱਗਦਾ ਹੈ ਕਿ ਹੁਣ ਉਸ ਨੂੰ ਕੀ ਕਰਨਾ ਚਾਹੀਦਾ ਹੈ। ਕਿਉਂ ਨਾ ਆਉਂਦੀ ਮਨਿੰਦਰ ਦਾ ਗਲ਼ ਹੀ ਘੁੱਟ ਦੇਵੇ ਕਿਉਂਕਿ ਉਸ ਕੋਲੋਂ ਸਬਰ ਨਾਲ ਉਸ ਨੂੰ ਸਮਝਾਇਆ ਨਹੀਂ ਜਾਣਾ। ਉਸ ਨੂੰ ਨਸੀਬ ਕੌਰ ਯਾਦ ਆਉਣ ਲੱਗਦੀ ਹੈ। ਉਹ ਜਿਉਂਦੀ ਹੁੰਦੀ ਤਾਂ ਇਸ ਮਸਲੇ ਨਾਲ ਆਪ ਹੀ ਨਿਪਟਦੀ। ਉਸ ਨੂੰ ਪਤਾ ਤੱਕ ਨਾ ਲੱਗਣ ਦਿੰਦੀ।

ਉਹ ਘੜੀ ਦੇਖਦਾ ਹੈ। ਇਸ ਸਮੇਂ ਉਹ ਦਾਲ ਬਣਾ ਰਿਹਾ ਹੁੰਦਾ ਹੈ ਤੇ ਫਿਰ ਬਾਹਰ ਦਾ ਗੇੜਾ ਮਾਰਨ ਚਲੇ ਜਾਇਆ ਕਰਦਾ ਹੈ ਪਰ ਅਜ ਉਸ ਦਾ ਕੁਝ ਵੀ ਕਰਨ ਦਾ ਮਨ ਨਹੀਂ ਹੈ। ਉਹ ਉਠ ਕੇ ਆਪਣੇ ਲਈ ਸੈਂਡਵਿਚ ਬਣਾਉਂਦਾ ਹੈ ਤੇ ਇਕ ਪੈਗ ਵਿਸਕੀ ਦਾ ਹੋਰ ਬਣਾ ਲੈਂਦਾ ਹੈ। ਉਸ ਨੂੰ ਯਕੀਨ ਹੋ ਰਿਹਾ ਹੈ ਕਿ ਉਸ ਨੂੰ ਸਾਧੂ ਸਿੰਘ ਵਾਲੇ ਰਾਹ ਹੀ ਤੁਰਨਾ ਪਵੇਗਾ। ਉਹ ਤੁਰੇਗਾ ਵੀ। ਉਸ ਨੂੰ ਕਿਸੇ ਗੱਲ ਦਾ ਪਛਤਾਵਾ ਨਹੀਂ ਹੋਵੇਗਾ। ਪਰ ਸਾਧੂ ਸਿੰਘ ਸ਼ਾਇਦ ਕਾਹਲੀ ਕਰ ਗਿਆ ਹੋਵੇਗਾ। ਉਸ ਨੂੰ ਕਾਹਲੀ ਨਹੀਂ ਕਰਨੀ ਚਾਹੀਦੀ। ਇਸ ਕੰਮ ਲਈ ਕਿਸੇ ਪ੍ਰੋਫੈਸ਼ਨਲ ਦੀ ਮੱਦਦ ਲੈ ਲੈਣੀ ਚਾਹੀਦੀ ਹੈ। ਰੋਜ਼ ਹੀ ਕਿੰਨੇ ਬਲਾਈਂਡ ਅਸੈਸਨਜ਼ ਹੁੰਦੇ ਹਨ। ਕਾਤਲ ਤੱਕ ਦਾ ਪਤਾ ਨਹੀਂ ਚੱਲਦਾ, ‘ਵਾਸ ਪਰਵਾਸ’ ਵਾਲੇ ਦੇ ਕਾਤਲ ਹਾਲੇ ਤਕ ਨਹੀਂ ਫੜੇ ਗਏ। ਜਾਂ ਫਿਰ ਪਤਿਆ ਕੇ ਮਨਿੰਦਰ ਨੂੰ ਇੰਡੀਆ ਲੈ ਜਾਵੇ। ਉਥੇ ਤਾਂ ਇਹ ਕੰਮ ਬਹੁਤ ਹੀ ਸੌਖਾ ਹੈ। ਹਾਂ, ਇੰਡੀਆ ਹੀ ਲੈ ਜਾਵੇ। ਪਰ ਕੀ ਉਹ ਇੰਨਾ ਸਬਰ ਕਰ ਸਕੇਗਾ ਕਿ ਜਦ ਤੱਕ ਇਹ ਸਭ ਬਰਦਾਸ਼ਤ ਕਰਦਾ ਰਹੇ। ਉਸ ਦੇ ਮਨ ਵਿਚ ਤਰ੍ਹਾਂ ਤਰ੍ਹਾਂ ਦੇ ਵਿਚਾਰ ਆ ਜਾ ਰਹੇ ਹਨ। ਉਸ ਦਾ ਸਿਰ ਸੋਚਾਂ ਨਾਲ ਫਟਣ ਫਟਣ ਕਰ ਰਿਹਾ ਹੈ। ਉਸ ਦੇ ਦਿਲ ਵਿਚ ਕਾਹਲ ਜਿਹੀ ਪੈ ਰਹੀ ਹੈ। ਘਰ ਜਿਵੇਂ ਉਸ ਨੂੰ ਖਾਣ ਨੂੰ ਪੈ ਰਿਹਾ ਹੋਵੇ। ਉਹ ਓਵਰਕੋਟ ਪਾ ਕੇ ਬਾਹਰ ਨਿਕਲ ਜਾਂਦਾ ਹੈ।

ਬਾਹਰ ਹਾਲੇ ਵੀ ਹਲਕਾ ਜਿਹਾ ਮੀਂਹ ਪੈ ਰਿਹਾ ਹੈ। ਉਸ ਨੂੰ ਮੀਂਹ ਦਾ ਚਿੱਤ ਚੇਤਾ ਵੀ ਨਹੀਂ ਹੈ। ਤੁਰਦਾ ਹੋਇਆ ਉਹ ਲੇਡੀ ਮਾਰਗਰੇਟ ਰੋਡ ਤੋਂ ਹੁੰਦਾ ਹੋਇਆ ਦੁਕਾਨਾਂ ਦੀ ਪਰੇਡ ਕੋਲ ਆ ਜਾਂਦਾ ਹੈ। ਵਿਸਕੀ ਦੀ ਵੱਡੀ ਬੋਤਲ ਖਰੀਦਦਾ ਹੈ। ਦੁਕਾਨਦਾਰ ਉਸ ਨਾਲ ਕੋਈ ਗੱਲ ਕਰਨੀ ਚਾਹ ਰਿਹਾ ਹੈ ਪਰ ਉਹ ਅਣਸੁਣੀ ਕਰਕੇ ਪਾਰਕ ਵਲ ਨੂੰ ਨਿਕਲ ਜਾਂਦਾ ਹੈ। ਮੀਂਹ ਹੋਰ ਤੇਜ਼ ਹੋ ਜਾਂਦਾ ਹੈ ਪਰ ਉਹ ਹੌਲੀ ਹੌਲੀ ਤੁਰਦਾ ਜਾਂਦਾ ਹੈ। ਉਹ ਮਨਿੰਦਰ ਦੇ ਕਤਲ ਬਾਰੇ ਗੰਭੀਰ ਹੋ ਕੇ ਸੋਚਣ ਲੱਗਦਾ ਹੈ। ਜੇਕਰ ਉਹ ਕਿਸੇ ਪ੍ਰੋਫੈਸ਼ਨਲ ਦੀ ਮੱਦਦ ਲਵੇਗਾ ਤਾਂ ਸ਼ਾਇਦ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਜਿਵੇਂ ਕਿ ਅਜਿਹੇ ਬੰਦੇ ਦੀ ਭਾਲ, ਉਸ ਲਈ ਪੈਸੇ ਦਾ ਇੰਤਜ਼ਾਮ ਤੇ ਜੇਕਰ ਪ੍ਰੋਫੈਸ਼ਨਲ ਫੜਿਆ ਗਿਆ ਤਾਂ ਉਸ ਨੇ ਉਸ ਦਾ ਨਾਂ ਲੈਣਾ ਹੀ ਲੈਣਾ ਹੈ। ਇਸ ਨਾਲੋਂ ਬਿਹਤਰ ਨਹੀਂ ਕਿ ਇਹ ਕੰਮ ਉਹ ਆਪ ਕਰੇ। ਉਹ ਮਨਿੰਦਰ ਨੂੰ ਸਿਰਫ ਇਕ ਵਾਰ ਸਮਝਾਵੇ। ਜੇ ਨਾ ਸਮਝੇ ਤਾਂ ਗਲਾ ਫੜ ਕੇ ਦਬਾ ਦੇਵੇ ਤੇ ਸਿੱਧਾ ਪੁਲਿਸ ਸਟੇਸ਼ਨ ਚਲਾ ਜਾਵੇ। ਜੋ ਹੁੰਦੀ ਹੈ ਦੇਖੀ ਜਾਵੇਗੀ। ਫਿਰ ਉਸ ਨੂੰ ਖਿਆਲ ਆਉਂਦਾ ਹੈ ਕਿ ਇਕ ਤਾਂ ਕੁਝ ਕੁ ਉਹ ਸ਼ਰਾਬੀ ਹੋਵੇਗਾ ਉਸ ਦੇ ਹੱਥਾਂ ਵਿਚ ਓਨੀ ਤਾਕਤ ਨਹੀਂ ਹੋਵੇਗੀ। ਦੂਜੇ ਮਨਿੰਦਰ ਵੀ ਸਿਹਤਮੰਦ ਹੈ ਤੇ ਸ਼ਾਇਦ ਇਸ ਮਨਸ਼ੇ ਵਿਚ ਉਸ ਨੂੰ ਕਾਮਯਾਬ ਨਾ ਹੋਣ ਦੇਵੇ। ਸ਼ਾਇਦ ਮੂਹਰਿਓਂ ਮੁਕਾਬਲਾ ਵੀ ਕਰੇ ਤੇ ਇਸ ਤਰ੍ਹਾਂ ਗੱਲ ਵਿਗੜ ਸਕਦੀ ਹੈ। ਸਾਰੇ ਹਾਲਾਤ ਉਸ ਦੇ ਵੱਸੋਂ ਬਾਹਰ ਵੀ ਨਿਕਲ ਸਕਦੇ ਹਨ। ਕਿਉਂ ਨਾ ਛੁਰੀ ਨਾਲ ਉਸ ਦਾ ਗਲਾ ਕੱਟ ਦੇਵੇ। ਉਹ ਖੁਦ ਨੂੰ ਸਵਾਲ ਕਰਦਾ ਹੈ ਕਿ ਕੀ ਉਸ ਨੂੰ ਕੁੜੀ ਨਾਲ ਕੋਈ ਗੱਲਬਾਤ ਵੀ ਕਰਨੀ ਚਾਹੀਦੀ ਹੈ ਕਿ ਸਿਧਾ ਹਮਲਾ ਹੀ ਕਰਨਾ ਚਾਹੀਦਾ ਹੈ। ਇਕ ਮੌਕਾ ਦੇਣਾ ਚਾਹੀਦਾ ਹੈ ਕਿ ਨਹੀਂ। ਉਹ ਇਕ ਗੱਲ ਦਾ ਧਿਆਨ ਜ਼ਰੂਰ ਰਖੇਗਾ ਕਿ ਜ਼ਿਆਦਾ ਸ਼ਰਾਬ ਨਹੀਂ ਪੀਵੇਗਾ।

ਘਰ ਆ ਕੇ ਉਹ ਸੈਟੀ ਕੋਲ ਖੜ ਕੇ ਦੇਖਦਾ ਹੈ ਕਿ ਉਹ ਕਿਹੜੀ ਜਗਾਹ ਬੈਠਿਆ ਕਰਦਾ ਹੈ ਤੇ ਮਨਿੰਦਰ ਆਮ ਤੌਰ ਤੇ ਕਿਥੇ ਕੁ ਬੈਠਦੀ ਹੈ। ਉਸ ਉਪਰ ਹਮਲੇ ਲਈ ਇੰਨੀ ਕੁ ਦੂਰੀ ਨੂੰ ਕਿਵੇਂ ਤਹਿ ਕਰੇਗਾ। ਉਹ ਸੋਚਦਾ ਹੈ ਕਿ ਉਹ ਆਰਮ-ਚੇਅਰ 'ਤੇ ਬੈਠਾ ਹੋਵੇਗਾ ਤੇ ਮਨਿੰਦਰ ਨੂੰ ਆਪਣੇ ਨਜ਼ਦੀਕ ਸੈਟੀ ਉਪਰ ਬੈਠਣ ਲਈ ਆਖੇਗਾ। ਉਹ ਜੰਪ ਮਾਰ ਕੇ ਛੁਰੀ ਉਸ ਦੇ ਗਲ 'ਤੇ ਰੱਖ ਦੇਵੇਗਾ ਤੇ ਕਾਹਲੀ ਨਾਲ ਫੇਰ ਦੇਵੇਗਾ, ਹਲਾਲ ਕਰਨ ਵਾਂਗ। ਕਿਸੇ ਤਰ੍ਹਾਂ ਵੀ ਜਜ਼ਬਾਤੀ ਨਹੀਂ ਹੋਵੇਗਾ। ਆਪਣੇ ਕੰਮ ਵਿਚ ਦੇਰੀ ਵੀ ਨਹੀਂ ਕਰੇਗਾ। ਇਕ ਵਾਰ ਵਾਰ ਕਰ ਦਿੱਤਾ ਤਾਂ ਮਨਿੰਦਰ ਦਾ ਕੋਈ ਵੀ ਮਿੰਨਤ ਤਰਲਾ ਨਹੀਂ ਸੁਣੇਗਾ। ਉਹ ਉਠ ਕੇ ਰਸੋਈ ਵਿਚ ਜਾਂਦਾ ਹੈ ਤੇ ਤਿੱਖਾ ਜਿਹਾ ਚਾਕੂ ਚੁੱਕ ਲੈਂਦਾ ਹੈ। ਉਹ ਸੋਚਦਾ ਹੈ ਕਿ ਚਾਕੂ ਭਾਰਾ ਹੋਵੇਗਾ ਤਾਂ ਵਾਰ ਕਰਨ ਵਿਚ ਅਸਾਨੀ ਰਹੇਗੀ। ਉਹ ਚਾਕੂ ਲੈ ਕੇ ਮੁੜ ਸੋਫੇ 'ਤੇ ਆ ਬੈਠਦਾ ਹੈ। ਆਰਮ-ਚੇਅਰ ਤੋਂ ਸੈਟੀ ਤਕ ਉਠ ਕੇ ਕਾਹਲੀ ਨਾਲ ਵਾਰ ਕਰਨ ਦੀ ਪਰੈਕਟਿਸ ਕਰਨ ਲਗਦਾ ਹੈ।

ਉਹ ਇਕ ਪੈਗ ਹੋਰ ਪਾ ਲੈਂਦਾ ਹੈ। ਉਹ ਘੜੀ ਦੇਖਦਾ ਹੈ। ਚਾਰ ਵੱਜ ਰਹੇ ਹਨ। ਮਨਿੰਦਰ ਦਾ ਪਤਾ ਨਹੀਂ ਕਿੰਨੇ ਵਜੇ ਆਵੇ। ਅਕਸਰ ਲੇਟ ਹੀ ਮੁੜਦੀ ਹੈ। ਜੇ ਲੇਟ ਆਈ ਤਾਂ ਜਦ ਤੱਕ ਉਹ ਜ਼ਿਆਦਾ ਸ਼ਰਾਬੀ ਹੋ ਜਾਵੇਗਾ। ਉਸ ਉਪਰ ਹਮਲਾ ਕਰਨ ਦੀ ਸ਼ਕਤੀ ਹੋਰ ਕਮਜ਼ੋਰ ਪੈ ਜਾਵੇਗੀ। ਉਹ ਉਠ ਕੇ ਇਕ ਹੋਰ ਚਾਕੂ ਲੈ ਆਉਂਦਾ ਹੈ ਜਿਹੜਾ ਕਿ ਮੂਹਰਿਓਂ ਤਿੱਖਾ ਹੈ ਭਾਵੇਂ ਇਹ ਬਹੁਤ ਲੰਮਾ ਨਹੀਂ। ਉਹ ਸੋਚਦਾ ਹੈ ਕਿ ਜਿਗਰ ਵਿਚ ਖੁਭੋਣ ਲਈ ਲੰਮੇ ਚਾਕੂ ਦੀ ਲੋੜ ਵੀ ਨਹੀਂ ਹੁੰਦੀ। ਉਹ ਕੋਲ ਬੈਠੀ ਮਨਿੰਦਰ ਦੇ ਜਿਗਰ ਵਿਚ ਚਾਕੂ ਮਾਰ ਕੇ ਜਿਗਰ ਪਾੜ ਦੇਵੇਗਾ ਤੇ ਮਿੰਟਾਂ ਵਿਚ ਹੀ ਉਸ ਦਾ ਕਾਮ ਤਮਾਮ ਹੋ ਜਾਵੇਗਾ। ਉਹ ਆਪਣੇ ਪੇਟ ਨੂੰ ਸੱਜੇ ਪਾਸਿਓ ਦਬਾ ਕੇ ਆਪਣੇ ਜਿਗਰ ਨੂੰ ਟੋਹ ਕੇ ਦੇਖਦਾ ਹੈ ਕਿ ਬਾਹਰਲੀ ਦੀ ਚਮੜੀ ਤੋਂ ਕਿੰਨਾ ਕੁ ਡੂੰਘਾ ਹੋਵੇਗਾ ਭਾਵ ਕਿ ਚਾਕੂ ਉਥੇ ਤਕ ਪਹੁੰਚ ਵੀ ਸਕੇਗਾ ਕਿ ਨਹੀਂ। ਦੋ ਸੇਬ ਵੀ ਆਪਣੇ ਕੋਲ ਲਿਆ ਰੱਖਦਾ ਹੈ। ਚਾਕੂ ਦਾ ਨੇੜੇ ਪਏ ਹੋਣ ਦਾ ਬਹਾਨਾ ਵੀ ਬਣਾਉਣਾ ਚਾਹੁੰਦਾ ਹੈ।

ਉਹ ਵਿਸਕੀ ਦੇ ਘੁੱਟ ਭਰਦਾ ਸੋਚ ਰਿਹਾ ਹੈ ਕਿ ਹੁਣ ਸਭ ਕੁਝ ਤਿਆਰ ਹੈ। ਜੇ ਲੋੜ ਹੈ ਤਾਂ ਮਨਿੰਦਰ ਦੀ। ਆਰਮੀ ਵਿਚ ਸਿੱਖਿਆ ਸਭ ਕੁਝ ਅੱਜ ਕੰਮ ਆਵੇਗਾ। ਆਰਮੀ ਵਿਚ ਦਸਿਆ ਜਾਂਦਾ ਹੈ ਕਿ ਕੋਲ ਅਸਲਾ ਨਾ ਹੋਵੇ ਤਾਂ ਦੁਸ਼ਮਣ ਨਾਲ ਕਿਵੇਂ ਨਿਪਟਣਾ ਹੈ।

ਮਨਿੰਦਰ ਲੇਟ ਹੀ ਆਉਂਦੀ ਹੈ। ਉਹ ਫਰੰਟ ਰੂਮ ਵਿਚ ਜਾਂਦੀ ਹੈ। ਪਾਲਾ ਸਿੰਘ ਸੈਟੀ 'ਤੇ ਹੀ ਟੇਢਾ ਹੋਇਆ ਪਿਆ ਹੈ। ਕੋਲ ਬੋਤਲ ਖਾਲੀ ਪਈ ਹੈ। ਅਣਕੱਟੇ ਸੇਬ 'ਤੇ ਚਾਕੂ ਪਿਆ ਹੈ। ਉਹ ਉਸ ਦੀ ਜੁੱਤੀ ਤੇ ਜੁਰਾਬਾਂ ਖੋਲ੍ਹਦੀ ਹੈ। ਸਿਰ ਤੋਂ ਪੱਗ ਉਤਾਰ ਕੇ ਇਕ ਪਾਸੇ ਰੱਖਦੀ ਹੈ ਤੇ ਕੰਬਲ ਲਿਆ ਕੇ ਉਸ ਉਪਰ ਦੇ ਦਿੰਦੀ ਹੈ।

ਬਵੰਜਾ

ਹੋਟਲ ਵਿਚ ਘਾਟਾ ਪੈਂਦਿਆਂ ਹੀ ਕਾਰਾ ਆਪਣਾ ਦੁੱਖ ਪਰਦੁੱਮਣ ਸਿੰਘ ਕੋਲ ਸਾਂਝਾ ਕਰਨ ਪੁੱਜਦਾ ਹੈ। ਜ਼ਿਆਦਾ ਖੁਸ਼ੀ ਜਾਂ ਜ਼ਿਆਦਾ ਗਮੀ ਉਹ ਪਰਦੁੱਮਣ ਸਿੰਘ ਨਾਲ ਸਾਂਝਾ ਕਰਿਆ ਕਰਦਾ ਹੈ ਤੇ ਪਰਦੁੱਮਣ ਸਿੰਘ ਉਸ ਨਾਲ। ਦੋਨਾਂ ਨੂੰ ਹੀ ਪਤਾ ਹੈ ਕਿ ਮੁਸ਼ਕਲ ਸਮੇਂ ਉਹ ਇਕ ਦੂਜੇ ਨਾਲ ਖੜਨਗੇ। ਦੋਵਾਂ ਨੂੰ ਹੀ ਇਕ ਦੂਜੇ ਉਪਰ ਭਰੋਸਾ ਹੈ। ਭਾਵੇਂ ਦਿਲਾਂ ਵਿਚ ਕੁਝ ਈਰਖਾ ਵੀ ਹੈ ਖਾਸ ਤੌਰ 'ਤੇ ਕਾਰੇ ਦੇ ਕਿਉਂਕਿ ਪਰਦੁੱਮਣ ਸਿੰਘ ਜਲਦੀ ਹੀ ਇਸ ਮੁਕਾਮ 'ਤੇ ਪੁੱਜ ਗਿਆ ਹੈ। ਕਈ ਵਾਰ ਉਹ ਮਨ ਵਿਚ ਕਹਿਣ ਵੀ ਲੱਗਦਾ ਹੈ ਕਿ ਸਾਲਾ ਸਮੋਸਾਬਾਜ਼ ਨਾ ਹੋਵੇ ਕਿਸੇ ਜਗ੍ਹਾ ਦਾ।

ਪਰਦੁੱਮਣ ਸਿੰਘ ਬਲਰਾਮ ਲਈ ਕੁੜੀ ਲੱਭਣ ਲੱਗਿਆ ਸੀ ਤਾਂ ਸਭ ਤੋਂ ਪਹਿਲਾਂ ਕਾਰੇ ਨੂੰ ਹੀ ਫੋਨ ਕੀਤਾ ਸੀ ਤੇ ਫਿਰ ਜਦ ਕੁੜੀ ਛੱਡ ਗਈ ਤਾਂ ਕਾਰੇ ਕੋਲ ਹੀ ਸਿੱਧਾ ਜਾਂਦਾ ਹੈ। ਸਤਿੰਦਰ ਲਈ ਵੀ ਮੁੰਡੇ ਦੀ ਦੱਸ ਕਾਰੇ ਨੇ ਹੀ ਪਾਈ ਹੈ। ਰਿਸ਼ਤੇ ਦੀ ਗੱਲ ਚੱਲ ਰਹੀ ਹੈ। ਮੁੰਡਾ ਕੁੜੀ ਇਕ ਦੂਜੇ ਨੂੰ ਪਸੰਦ ਕਰ ਚੁੱਕੇ ਹਨ। ਕੁਝ ਕੁ ਉਪਰਲੀਆਂ ਗੱਲਾਂ ਤਹਿ ਕਰਨ ਵਾਲੀਆਂ ਰਹਿੰਦੀਆਂ ਹਨ ਜਿਵੇਂ ਕਿ ਦਾਜ-ਦਹੇਜ ਜਾਂ ਫਿਰ ਬਰਾਤ ਦੀ ਗਿਣਤੀ ਤੇ ਵਿਆਹ ਦੀਆਂ ਤਰੀਕਾਂ।

ਹੋਟਲ ਵਿਚ ਘਾਟਾ ਪੈਣ 'ਤੇ ਉਹ ਸਿੱਧਾ ਪਰਦੁੱਮਣ ਸਿੰਘ ਕੋਲ ਜਾਂਦਾ ਹੈ। ਕਹਿਣ ਲੱਗਦਾ ਹੈ,

''ਦੁੱਮਣਾ, ਦੋ ਲੱਖ ਦਾ ਘਾਟਾ ਝੱਲਿਆ ਨਹੀਂ ਜਾ ਰਿਹਾ।''

''ਚੱਲ ਤੇਰਾ ਤਾਂ ਇਕ ਲੱਖ ਈ ਐ।''

''ਇਕ ਲੱਖ ਥੋੜ੍ਹਾ ਹੁੰਦੈ, ਦੋ ਘਰ ਆ ਜਾਂਦੇ ਆ ਸਾਊਥਾਲ 'ਚ।''

''ਹੁਣ ਹੌਸਲਾ ਰੱਖ ਕਾਰਿਆ, ਕੋਈ ਰੋਗ ਨਾ ਲੁਆ ਬੈਠੀਂ।''

''ਰੋਗ ਨੂੰ ਤਾਂ ਮੈਂ ਲੱਗ ਜਾਊਂ, ਮੈਂ ਬੜੀ ਸਖਤ ਜਾਨ ਆਂ, ਤੈਨੂੰ ਪਤਾ ਈ ਐ ਦੁੱਮਣਾ, ਵੱਡੀ ਤੋਂ ਵੱਡੀ ਮੁਸੀਬਤ ਤੋਂ ਮੈਂ ਨਹੀਂ ਘਬਰਾਉਂਦਾ ਪਰ ਆਹ ਦੋ ਲੱਖ ਸਾਲਾ.... ਪੂਰਾ ਕੀਤੇ ਬਿਨਾਂ ਮੈਨੂੰ ਵੀ ਚੈਨ ਨਹੀਂ ਆਉਣਾ। ਬਸ ਇਹੋ ਐ ਕਿ ਕਿੱਦਾਂ ਪੂਰਾ ਕੀਤਾ ਜਾਵੇ।''

''ਫੀਮ ਮੰਗਾ ਲੈ ਇੰਡੀਆ ਤੋਂ।''

ਪਰਦੁੱਮਣ ਸਿੰਘ ਹੱਸਦਾ ਹੋਇਆ ਕਹਿੰਦਾ ਹੈ।

''ਤੂੰ ਤਾਂ ਟਿੱਚਰਾਂ ਕਰਦਾਂ, ਕਾਨੂੰਨ ਨਾਲ ਆਪਾਂ ਸਿੱਧਾ ਪੰਗਾ ਨਹੀਂ ਲੈਣਾ ਪਰ ਸਿੱਧੀ ਉਂਗਲੀ ਘਿਓ ਵੀ ਨਹੀਂ ਨਿਕਲਣਾ।''

ਕਾਰੇ ਦੇ ਦਿਮਾਗ ਵਿਚ ਹਰ ਵੇਲੇ ਇਹੋ ਗੱਲ ਰਹਿਣ ਲੱਗੀ ਹੈ ਕਿ ਇਹ ਘਾਟਾ ਕਿਵੇਂ ਪੂਰਾ ਕਰਨਾ ਹੈ। ਉਸ ਦਿਨ ਆਪਣੇ ਇਕ ਹੋਰ ਦੋਸਤ ਗੁਰਪਾਲ ਸਿੰਘ ਨੂੰ ਗੁਰਦੁਆਰੇ ਗਏ ਨੂੰ ਜਾ ਮਿਲਦਾ ਹੈ। ਹਾਲੇ ਕੱਲ ਹੀ 'ਵਾਸ ਪ੍ਰਵਾਸ' ਵਿਚ ਉਸ ਦੀ ਫੋਟੋ ਛਪੀ ਹੈ। ਕਬੱਡੀ ਦੀ ਕਿਸੇ ਜਥੇਬੰਦੀ ਦਾ ਪ੍ਰਧਾਨ ਚੁਣਿਆ ਗਿਆ ਹੈ। ਕਾਰਾ ਕਹਿੰਦਾ ਹੈ,

''ਗੁਰਪਾਲ, ਵਧਾਈਆਂ ਬਈ, ਕਿਤੇ ਪ੍ਰਧਾਨ ਬਣਦੈਂ, ਕਿਤੇ ਸੈਕਟਰੀ ਬਣਦਾਂ।''

''ਕਾਹਦਾ ਪ੍ਰਧਾਨ ਯਾਰ, ਜੁੱਤੀਆਂ ਦਾ ਘਰ ਐ, ਲੋਕ ਕਹਿੰਦੇ ਆ ਕਿ ਅਸੀਂ ਪੈਸੇ ਖਾਈ ਜਾਨੇ ਆਂ, ਪਲੇਅਰਾਂ ਦੇ ਨਾਂ 'ਤੇ ਕਬੂਤਰ ਉਡਾਈ ਜਾਨੇ ਆਂ।''

ਪਿਛਲੇ ਕੁਝ ਸਮੇਂ ਤੋਂ ਗੈਰਕਾਨੂੰਨੀ ਤੌਰ 'ਤੇ ਬੰਦੇ ਇੰਗਲੈਂਡ ਲੰਘਾਉਣ ਨੂੰ ਅਖਬਾਰਾਂ ਵਾਲੇ ਕਬੂਤਰ ਉਡਾਉਣਾ ਕਹਿਣ ਲੱਗੇ ਹਨ। ਕਾਰਾ ਕਹਿੰਦਾ ਹੈ,

''ਕੁਸ਼ ਨਾ ਕੁਸ਼ ਤਾਂ ਹੋਊਗਾ ਈ, ਲੋਕ ਐਵੇਂ ਤਾਂ ਨਹੀਂ ਕਹਿੰਦੇ, ਅੱਗ ਲੱਗੂ ਤਾਂ ਧੂੰਆਂ ਨਿਕਲੂ।''

''ਪਹਿਲੀਆਂ 'ਚ ਲੋਕ ਬਥੇਰੇ ਬੰਦੇ ਲੰਘਾ ਗਏ, ਹੁਣ ਹਾਈ ਕਮਿਸ਼ਨਰ ਬਹੁਤ ਕੇਅਰਫੁੱਲ ਹੋ ਗਿਐ।''

''ਕਿੰਨੇ ਕੁ ਪੈਸੇ ਮਿਲ ਜਾਂਦੇ ਸੀ ਬੰਦੇ ਮਗਰ?''

''ਪਤਾ ਨਹੀਂ ਕਾਰਿਆ, ਜਿਹੜੇ ਕਰਦੇ ਰਹੇ ਆ ਉਹੀ ਜਾਣਦੇ ਹੋਣਗੇ।''

''ਇਨਫਰਮੇਸ਼ਨ ਤਾਂ ਹੋਏਗੀ ਤੇਰੇ ਕੋਲ ਵੀ, ਮੈਂ ਕਿਹੜਾ ਅਖਬਾਰ ਵਾਲਾ ਜਾਂ ਪੁਲਿਸ ਦਾ ਆਦਮੀ ਆਂ, ਮੈਂ ਤਾਂ ਆਪਣੀ ਨੌਲਜ ਲਈ ਈ ਪੁੱਛ ਰਿਹਾਂ।''

''ਪੰਜ ਹਜ਼ਾਰ ਪੌਂਡ ਬੰਦੇ ਮਗਰ। ਸੋਲਾਂ ਪਲੇਅਰਾਂ ਲਈ ਅਪਲਾਈ ਕਰੋ, ਉਹਦੇ ਵਿਚੋਂ ਅੱਠ ਸਹੀ ਤੇ ਅੱਠ ਕਬੂਤਰ।''

''ਹੁਣ ਮੌਕੇ ਘਟ ਗਏ ਕੀ ?''

''ਮੌਕੇ ਤਾਂ ਨਹੀਂ ਘਟੇ, ਰੌਲਾ ਬਹੁਤ ਪੈ ਗਿਆ।''

''ਗੁਰਪਾਲ, ਕਦੇ ਸ਼ਾਮ ਨੂੰ ਮਿਲ ਯਾਰ, ਬੈਠ ਕੇ ਗੱਲਾਂ ਕਰਾਂਗੇ। ਬਹੁਤ ਦੇਰ ਹੋ ਗਈ ਗਲਾਸ ਪੀਤਿਆਂ ਨੂੰ।''

ਕਾਰਾ ਪਿਆਰ ਜਤਲਾਉਣ ਲੱਗਦਾ ਹੈ। ਗੁਰਪਾਲ ਸਿੰਘ ਕਹਿੰਦਾ ਹੈ,

''ਹਾਂ ਬਈ ਕਾਰਿਆ, ਤੂੰ ਹੁਣ ਵੱਡਾ ਬਿਜ਼ਨਸਮੈਨ ਐਂ, ਸਾਨੂੰ ਕਿਥੋਂ ਮਿਲਦੈਂ।''

ਕਾਰਾ ਉਸੇ ਸ਼ਾਮ ਹੀ ਉਸ ਨੂੰ ਪੱਬ ਵਿਚ ਲੈ ਜਾਂਦਾ ਹੈ ਤੇ ਹੋਟਲ ਵਿਚ ਘਾਟਾ ਪੈਣ ਦੀ ਗੱਲ ਦਸਦਾ ਹੈ ਤੇ ਬੰਦੇ ਲੰਘਾਉਣ ਦੇ ਕਾਰੋਬਾਰ ਬਾਰੇ ਹੋਰ ਜਾਣਕਾਰੀ ਲੈਣੀ ਚਾਹੁੰਦਾ ਹੈ ਤਾਂ ਜੋ ਪਏ ਘਾਟੇ ਨੂੰ ਕਿਸੇ ਤਰ੍ਹਾਂ ਪੂਰਾ ਕੀਤਾ ਜਾ ਸਕੇ। ਗੁਰਪਾਲ ਸਿੰਘ ਆਖਦਾ ਹੈ,

''ਕਾਰਿਆ, ਕਬੱਡੀ ਤਾਂ ਹੁਣ ਏਸ ਗੱਲੋਂ ਬਦਨਾਮ ਹੋ ਗਈ। ਐਤਕੀਂ ਅਸੀਂ ਕੁੜੀਆਂ ਦੀ ਟੀਮ ਮੰਗਵਾ ਲਈ, ਇਕ ਮੈਚ ਈ ਖੇਡਿਆ ਤੇ ਸਾਰੀਆਂ ਈ ਦੌੜ ਗਈਆਂ, ਅਗਲੇ ਮੈਚ ਵੇਲੇ ਅਸੀਂ ਸੀਟੀਆਂ ਮਾਰਦੇ ਰਹਿ ਗਏ।''

''ਤੁਹਾਨੂੰ ਕੀ, ਤੁਹਾਡੇ ਪੈਸੇ ਹਰੇ ਹੋ ਗਏ।''

''ਉਹ ਤਾਂ ਠੀਕ ਐ, ਪਰ ਬਦਨਾਮੀ ਵੀ ਤਾਂ ਹੁੰਦੀ ਐ।''

''ਮੈਨੂੰ ਦੱਸ, ਮੈਂ ਵੀ ਏਦਾਂ ਦਾ ਕੰਮ ਈ ਕਰਾਂ।''

''ਤੂੰ ਵੀ ਕਰ ਲੈ, ਕੋਲਿਆਂ ਦੀ ਦਲਾਲੀ ਵਾਲਾ ਕੰਮ ਐ, ਮੈਂ ਤਾਂ ਤੋਬਾ ਕਰ ਲਈ ਏਦਾਂ ਦੇ ਕੰਮ ਤੋਂ। ਏਹ ਇਕੱਲੇ ਬੰਦੇ ਦਾ ਕੰਮ ਨਹੀਂ, ਟੀਮ ਵਰਕ ਐ, ਪੈਸਿਆਂ ਦੇ ਕਈ ਹਿੱਸੇਦਾਰ ਬਣ ਜਾਂਦੇ ਆ। ਬਦਨਾਮੀ ਮੋਹਰੀ ਨੂੰ ਮਿਲਦੀ ਐ ਤੇ ਹਿੱਸੇਦਾਰ ਚੁੱਪ ਚੁਪੀਤੇ ਈ ਮਲਾਈ ਖਾਏ ਜਾਂਦੇ ਆ।''

ਕਾਰਾ ਚੁੱਪ ਚਾਪ ਸੁਣ ਰਿਹਾ ਹੈ ਤੇ ਨਾਲ ਦੀ ਨਾਲ ਸਥਿਤੀ ਨੂੰ ਤੋਲੀ ਜਾ ਰਿਹਾ ਹੈ ਕਿ ਕਿੰਨੀ ਕੁ ਫਾਇਦੇਮੰਦ ਹੋ ਸਕਦੀ ਹੈ ਇਹ ਸਕੀਮ। ਗੁਰਪਾਲ ਸਿੰਘ ਇਕ ਗਲਾਸ ਹੋਰ ਪੀ ਕੇ ਹੋਰ ਵੀ ਖੁੱਲ੍ਹਣ ਲੱਗਦਾ ਹੈ। ਉਹ ਕਹਿ ਰਿਹਾ ਹੈ,

''ਹੁਣ ਤਾਂ ਹੋਰ ਕਈ ਪਾਸੇ ਹੈਗੇ ਆ ਐਕਸਪਲੋਅਰ ਕਰਨ ਲਈ, ਜਿੱਦਾਂ ਹਾਕੀ ਦੀ ਟੀਮ ਮੰਗਵਾਓ, ਫੁੱਟਬਾਲ ਜਾਂ ਭੰਗੜੇ ਦੀ ਜਾਂ ਕਿਸੇ ਗਾਉਣ ਵਾਲੇ ਨੂੰ ਈ ਸੱਦ ਲਓ, ਆਹ ਪਾਕਿਸਤਾਨੀ ਤਾਂ ਗਾਉਣ ਵਾਲੀਆਂ ਦੇ ਬਹਾਨੇ ਰੰਡੀਆਂ ਨੂੰ ਈ ਲੰਘਾਏ ਜਾਂਦੇ ਆ।''

''ਰੰਡੀਆਂ ਤੋਂ ਕੀ ਕਰਾਉਣਗੇ, ਪਹਿਲਾਂ ਹੀ ਇਥੇ ਥੋੜੀਆਂ!''

''ਮੁਜਰਾ ਕਰਾਉਂਦੇ ਆ, ਦੇਖਿਆ ਨਹੀਂ ਕਦੇ, ਜੋ ਕੁਝ ਹੀਰਾ ਮੰਡੀ, ਲਹੌਰ ਵਿਚ ਹੁੰਦੈ ਉਹੋ ਕੁਝ ਇਥੇ ਕਰੌਂਦੇ ਆ। ਖੈਰ ਜਿਵੇਂ ਜੇ ਤੂੰ ਕੁਝ ਕਰਨੈ ਤਾਂ ਕੋਈ ਨਵਾਂ ਕੋਨਾ ਫਰੋਲ਼। ਫੁਟਬਾਲ ਦੀ ਟੀਮ ਨਹੀਂ ਆਈ ਇਥੇ ਕਦੇ, ਪਾਕਿਸਤਾਨ ਤੋਂ ਕਬੱਡੀ ਦੀ ਟੀਮ ਨਹੀਂ ਆਈ ਹਾਲੇ ਪਰ ਨਾਲ ਬੰਦੇ ਹੋਰ ਜੋੜਨੇ ਪੈਣਗੇ।''

''ਇਕ ਬੰਦੇ ਮਗਰ ਕਿੰਨਾ ਕੁ ਬਚ ਜਾਊ ?''

''ਪੰਜ ਸੌ, ਜੇ ਹਿੱਸੇਦਾ ਘੱਟ ਹੋਣ ਤਾਂ ਵੱਧ ਤੋਂ ਵੱਧ ਹਜ਼ਾਰ ਪੌਂਡ।''

''ਨਾ ਬਈ ਗੁਰਪਾਲ ਸਿਆਂ ਇਹ ਬਹੁਤ ਥੋੜ੍ਹਾ ਐ, ਮੈਨੂੰ ਦੋ ਲੱਖ ਚਾਹੀਦਾ। ਪੰਜ ਸੌ ਬੰਦਾ ਲੰਘਾਊ ਤਾਂ ਪੂਰਾ ਹੋਊ।''

ਕਾਰਾ ਸੋਚਦਾ ਹੈ ਕਿ ਉਹੀ ਕੰਮ ਕਰੇ ਜਿਸ ਵਿਚ ਉਸ ਦਾ ਤਜਰਬਾ ਹੋਵੇ। ਉਹ ਕਾਰ ਲੈ ਕੇ ਇਧਰ ਉਧਰ ਘੁੰਮਦਾ ਰਹਿੰਦਾ ਹੈ। ਦਫਤਰ ਦਾ ਕੰਮ ਤਾਂ ਹੁਣ ਸੁਰਜੀਤ ਕੌਰ ਸੰਭਾਲ ਹੀ ਲੈਂਦੀ ਹੈ। ਜਤਿੰਦਰ ਪਾਲ ਵੀ ਮੱਦਦ ਲਈ ਆ ਜਾਂਦਾ ਹੈ। ਜੇਕਰ ਕੁੜੀ ਨੂੰ ਛੁੱਟੀਆਂ ਹੋਣ ਤਾਂ ਉਹ ਵੀ ਦਫਤਰ ਵਿਚ ਆ ਬੈਠਦੀ ਹੈ। ਕਾਰੇ ਨੇ ਬਚਪਨ ਤੋਂ ਹੀ ਉਨ੍ਹਾਂ ਨੂੰ ਕਲਾਇੰਟਾਂ ਦੀਆਂ ਫਾਈਲਾਂ ਦੇਖਣ ਦੇ ਕੰਮ ਵਿਚ ਲਗਾਇਆ ਹੋਇਆ ਹੈ ਤੇ ਕਾਰੋਬਾਰ ਦੀਆਂ ਮੁੱਢਲੀਆਂ ਗੱਲਾਂ ਨੂੰ ਜਤਿੰਦਰ ਤੇ ਪਰਮੀਤ ਚੰਗੀ ਤਰ੍ਹਾਂ ਸਮਝਦੇ ਹਨ। ਹੁਣ ਕੰਪਿਊਟਰ ਨੇ ਤਾਂ ਬਹੁਤ ਹੀ ਸੌਖ ਕਰ ਦਿੱਤੀ ਹੋਈ ਹੈ।

ਕਲਾਇੰਟ ਦੇ ਅਤੇ ਵਾਹਨ ਦੇ ਡੀਟੇਲ ਹੀ ਫੀਡ ਕਰਨੇ ਹੁੰਦੇ ਹਨ ਕੁਟੇਸ਼ਨਾਂ ਆਪਣੇ ਆਪ ਆ ਜਾਂਦੀਆਂ ਹਨ। ਉਨ੍ਹਾਂ ਵਿਚੋਂ ਜਿਹੜੀ ਮਰਜ਼ੀ ਚੁਣ ਲਵੋ।

ਇਕ ਦਿਨ ਬੈਠਿਆਂ ਬੈਠਿਆਂ ਉਸ ਨੂੰ ਸੁਝ ਜਾਂਦਾ ਹੈ ਕਿ ਕੀ ਕਰੇ। ਉਹ ਭੱਜਿਆ ਭੱਜਿਆ ਮਨੀਸ਼ ਕੋਲ ਜਾਂਦਾ ਹੈ। ਕਹਿੰਦਾ ਹੈ,

"ਭਈਆ, ਗਿਆਨ ਹੋ ਗਿਆ ਕਿ ਕਿਆ ਕਰੇਂ।"

"ਕਿਆ ਮਤਲਬ ?"

"ਯਹੀ ਕਿ ਦੋ ਲਾਖ ਕੈਸੇ ਵਾਪਸ ਆਏ।"

"ਕੈਸੇ ?"

"ਏਕ ਡਮੀ ਇੰਸ਼ੋਰੰਸ ਕੰਪਨੀ ਖੋਲ੍ਹੀ ਜਾਏ, ਬੜੀ ਕਾਰੋਂ ਕੀ ਸਸਤੀ ਇੰਸ਼ੋਰੰਸ।"

ਮਨੀਸ਼ ਸਮਝਦਾ ਹੋਇਆ ਪੁੱਛਦਾ ਹੈ,

"ਕਿਤਨੇ ਪਰਸੈਂਟ ਲੋਗ ਕਲੇਮ ਫਾਰਮ ਭਰਤੇ ਹੈਂ?"

"ਪਾਂਚ ਪਰਸੈਂਟ।"

ਕਹਿ ਕੇ ਕਾਰਾ ਸੋਚਣ ਲੱਗਦਾ ਹੈ ਤੇ ਕਹਿੰਦਾ ਹੈ,

"ਬਸ ਏਕ ਪਰੌਬਲਮ ।"

"ਕਿਆ ?"

"ਬੈਂਕ ਮੇਂ ਅਕਾਊਂਟ ਖੁਲਵਾਨੇ ਕੀ।"

"ਵੋਹ ਕੋਈ ਪਰੌਬਲਮ ਨਹੀਂ, ਵੋਹ ਮੇਰੇ ਉਪਰ ਛੋੜੋ, ਕਿਸੀ ਵੀ ਨਾਮ ਕਾ ਅਕਾਊਂਟ ਖੁਲਵਾ ਸਕਤਾ ਹੂੰ, ਕੁਸ਼ ਓਵਰ ਡਰਾਫਟ ਕਾ ਇੰਤਜ਼ਾਮ ਵੀ ਕਰ ਲੂੰਗਾ।"

ਉਹ ਬੈਠ ਕੇ ਸਾਰੀ ਸਕੀਮ ਘੜ ਲੈਂਦੇ ਹਨ। ਸੈਂਟਰਲ ਲੰਡਨ ਵਿਚ ਇਕ ਛੋਟਾ ਜਿਹਾ ਚੁਬਾਰਾ ਸਿਰਨਾਵੇਂ ਲਈ ਕਿਰਾਏ 'ਤੇ ਲੈਂਦੇ ਹਨ। 'ਵੈਸਟਰਨ ਯੂਨਾਈਟਿਡ ਇੰਸ਼ੋਰੰਸ' ਨਾਂ ਦੀ ਬੀਮਾ ਕੰਪਨੀ ਬਣਾ ਕੇ ਉਸ ਦੇ ਨਾਂ ਉਪਰ ਅਖਬਾਰਾਂ ਵਿਚ ਇਸ਼ਤਿਹਾਰ ਦੇ ਦਿੱਤੇ ਹਨ ਕਿ ਮਰਸਡੀਜ਼, ਜੈਗੂਅਰ, ਰੋਲਜ ਰੁਆਇਸ, ਬੈਂਟਲੇ ਆਦਿ ਵਰਗੀਆਂ ਕਾਰਾਂ ਦੀ ਇੰਸ਼ੋਰੰਸ ਅੱਧੀ ਕੀਮਤੀ 'ਤੇ ਕੀਤੀ ਜਾਵੇਗੀ। ਕਿਰਾਏ ਵਾਲੇ ਕਮਰੇ ਨੂੰ ਸਿਰਫ ਸਿਰਨਾਵੇਂ ਲਈ ਵਰਤਦੇ ਹਨ ਜਿਥੇ ਚਿੱਠੀਆਂ ਨੇ ਆਉਣਾ ਹੈ। ਕੇਂਦਰੀ ਲੰਡਨ ਦਾ ਸਿਰਨਾਵਾਂ ਹੀ ਆਪਣੀ ਕੀਮਤ ਰਖਦਾ ਹੈ। ਇਕ ਫੋਨ ਲਗਵਾ ਲੈਂਦੇ ਹਨ ਪਰ ਇਸ ਫੋਨ ਨੂੰ ਅੱਗੇ ਮਨੀਸ਼ ਦੀ ਦੁਕਾਨ ਦੇ ਇਕ ਫੋਨ ਨੂੰ ਰੀਡਾਇਰੈਕਟ ਕਰ ਲੈਂਦੇ ਹਨ। ਮਨੀਸ਼ ਦੀ ਦੁਕਾਨ ਦੇ ਪਿੱਛੇ ਬਣੇ ਇਕ ਕਮਰੇ ਵਿਚ ਕਾਰਾ ਆਪਣਾ ਦਫਤਰ ਬਣਾ ਲੈਂਦਾ ਹੈ। ਇਥੇ ਉਹ ਆਪਣਾ ਇਕ ਕੰਪਿਊਟਰ ਆਦਿ ਲਿਆ ਰੱਖਦਾ ਹੈ। ਬ੍ਰਤਾਨੀਆਂ ਦੀਆਂ ਨੈਸ਼ਨਲ ਅਖਬਾਰਾਂ ਵਿਚ ਮਸ਼ਹੂਰੀ ਕਰਦੇ ਹਨ। ਵੱਡੀ ਕਾਰ ਦੀ ਇੰਸ਼ੋਅਰੈਂਸ ਦੀ ਕੀਮਤ ਇੰਨੀ ਘੱਟ ਦਸਦੇ ਹਨ ਕਿ ਗਾਹਕ ਖਿਚੇ ਚਲੇ ਆਉਂਦੇ ਹਨ। ਛੇਤੀ ਹੀ ਉਹਨਾਂ ਦਾ ਕੰਮ ਤੁਰ ਪੈਂਦਾ ਹੈ। ਕਾਰੇ ਦੀ ਇਸ ਕੰਮ ਵਿਚ ਇੰਨੀ ਮੁਹਾਰਤ ਹੈ ਕਿ ਗਾਹਕ ਉਸ ਉਪਰ ਪੂਰਾ ਯਕੀਨ ਕਰ ਲੈਂਦਾ ਹੈ। ਚੈਕ ਆਉਣ ਲੱਗਦੇ ਹਨ। ਚੈਕ ਬੈਂਕ ਵਿਚ ਰੱਖ ਕੇ ਕੈਸ਼ ਕਢਵਾਉਂਦੇ ਜਾਂਦੇ ਹਨ। ਛੇਤੀ ਹੀ ਦੋ ਤਿੰਨ ਚੈਕ ਰੋਜ਼ ਦੇ ਪੁੱਜਣ ਲੱਗਦੇ ਹਨ। ਕਈ ਛੋਟੇ ਛੋਟੇ ਕੁਝ ਕਲੇਮ ਆਉਂਦੇ ਹਨ ਜੋ ਕਿ ਕਾਰਾਂ ਦੇ ਮਾਲਕ ਕਿਸੇ ਐਕਸੀਡੈਂਟ ਵਿਚ ਹੋਏ ਆਪਣੀ ਕਾਰ ਦੇ ਨੁਕਸਾਨ ਹੋਣ ਤੇ ਕਰਦੇ ਹਨ। ਉਹ ਦੇ ਦਿੰਦੇ ਹਨ। ਇਕ ਵੱਡਾ ਕਲੇਮ ਵੀ ਆ ਜਾਂਦਾ ਹੈ ਕਾਰ ਦੀ ਮੁਰੰਮਤ ਦਾ ਅੰਦਾਜ਼ਨ ਖਰਚਾ ਪੰਜ ਹਜ਼ਾਰ ਪੌਂਡ ਦਾ ਹੈ। ਕਾਰਾ ਸੋਚਾਂ ਵਿਚ ਪੈ ਜਾਂਦਾ ਹੈ ਕਿ ਕੀ ਕਰੇ। ਉਸ ਕਲੇਮ ਨੂੰ ਲਮਕਾਉਣ ਲਗਦਾ ਹੈ। ਉਸ ਨੂੰ ਡਰ ਹੈ ਕਿ ਹੈ ਕਿ ਕਲਾਇੰਟ ਉਸ ਦੀ ਕੰਪਨੀ ਉਪਰ ਕੇਸ ਹੀ ਨਾ ਕਰ ਦੇਵੇ। ਜਦ ਤਕ ਪੰਜ ਕਾਰਾਂ ਦੇ ਹੋਰ ਬੀਮੇ ਦੇ ਚੈਕ ਆ ਜਾਂਦੇ ਹਨ ਤੇ ਉਹ ਉਸ ਕਲਾਇੰਟ ਨੂੰ ਪੰਜ ਹਜ਼ਾਰ ਦਾ ਚੈਕ ਭੇਜ ਦਿੰਦਾ ਹੈ। ਕਾਰੇ ਨੂੰ ਇਹ ਸਾਰੇ ਕੰਮ ਕਰਨੇ ਆਉਂਦੇ ਹਨ। ਕਾਰੇ ਦੀਆਂ ਫੁਰਤੀਆਂ ਦੇਖ ਮਨੀਸ਼ ਬਹੁਤ ਖੁਸ਼ ਹੈ ਪਰ ਉਹ ਕਹਿਣ ਲੱਗਦਾ ਹੈ,

"ਰਾਏ, ਜਿਸ ਦਿਨ ਪੈਸੇ ਪੂਰੇ ਹੋ ਗਏ ਯਹ ਸਭ ਬੰਦ ਕਰ ਦੇਂਗੇ ਮੁਝੇ ਤੋ ਸਾਲਾ ਡਰ ਲਗਦਾ ਹੈ।"

"ਫਿਕਰ ਮਤ ਕਰ ਭਈਆ।"

ਕਾਰਾ ਹੌਂਸਲੇ ਨਾਲ ਆਖਦਾ ਹੈ।

ਇਕ ਦਿਨ ਉਨ੍ਹਾਂ ਦੀ ਇੰਸ਼ੋਅਰਡ ਕੀਤੀ ਬੈਂਟਲੇ ਇਕ ਵੱਡੇ ਹਾਦਸੇ ਦਾ ਸ਼ਿਕਾਰ ਹੋ ਜਾਂਦੀ ਹੈ। ਜਿਸ ਵਿਚ ਕਾਰ ਵਿਚ ਤਬਾਹ ਹੋ ਜਾਂਦੀ ਹੈ ਤੇ ਕਾਰ ਵਿਚ ਇਕ ਸਵਾਰ ਵਿਅਕਤੀ ਦੀ ਮੌਤ ਵੀ ਹੋ ਜਾਂਦੀ ਹੈ। ਇਹ ਲੱਖਾਂ ਪੌਂਡਾਂ ਦਾ ਕਲੇਮ ਹੋਵੇਗਾ। ਕਾਰਾ ਸਭ ਦੇਖਦਾ ਹੋਇਆ ਮਨੀਸ਼ ਨੂੰ ਕਹਿੰਦਾ ਹੈ,

"ਭਈਆ, ਪੈਕ ਅੱਪ ਕਰਨੇ ਕਾ ਵਕਤ ਆ ਗਿਆ।"

"ਦੋ ਲਾਖ ਤੋ ਪੂਰਾ ਨਹੀਂ ਹੂਆ।"

"ਨੀਅਰ ਇਨਫ। ਔਰ ਆਗੇ ਗਏ ਤੋ ਮਰ ਜਾਏਂਗੇ।"

ਇਸ ਇੰਸ਼ੋਰੰਸ ਕੰਪਨੀ ਨੂੰ ਉਥੇ ਹੀ ਬੰਦ ਕਰ ਦਿੰਦੇ ਹਨ। ਕਿਰਾਏ ਵਾਲਾ ਕਮਰਾ ਛੱਡ ਦਿੰਦੇ ਹਨ। ਟੈਲੀਫੋਨ ਕਟਵਾ ਦਿੰਦੇ ਹਨ। ਉਨ੍ਹਾਂ ਦਾ ਹੋਟਲ ਵਿਚ ਪਿਆ ਘਾਟਾ ਕਾਫੀ ਹੱਦ ਤੱਕ ਪੂਰਾ ਹੋ ਚੁੱਕਾ ਹੈ। ਕੁਝ ਮਹੀਨੇ ਉਹ ਚੁੱਪ ਰਹਿੰਦੇ ਹਨ। ਕਿਧਰੇ ਕੋਈ ਖਬਰ ਨਹੀਂ ਨਿਕਲਦੀ। ਉਨ੍ਹਾਂ ਦੇ ਸਿਰਨਾਵੇਂ ਉਪਰ ਆਈ ਡਾਕ ਵਾਪਸ ਜਾ ਰਹੀ ਹੈ। ਕਾਰਾਂ ਦੇ ਮਾਲਕ ਹੱਥ ਮਲਦੇ ਰਹਿ ਜਾਂਦੇ ਹਨ। ਅਖਬਾਰ ਵਿਚ ਨਿੱਕੀ ਜਿਹੀ ਖਬਰ ਇਸ ਡਮੀ ਇੰਸ਼ੋਰੰਸ ਕੰਪਨੀ ਬਾਰੇ

ਛਪਦੀ ਹੈ ਤੇ ਬਸ। ਕਾਰਾ ਵਿਸਕੀ ਦੀ ਘੁੱਟ ਭਰਦਾ ਆਪਣੀ ਹੁਸ਼ਿਆਰੀ ਉਪਰ ਮਾਣ ਕਰਨ ਲੱਗਦਾ ਹੈ। ਕਦੇ ਕਦੇ ਉਸ ਦਾ ਦਿਲ ਕਰਦਾ ਹੈ ਕਿ ਆਪਣੀ ਇਸ ਚਤੁਰਾਈ ਬਾਰੇ ਕਿਸੇ ਨਾਲ ਗੱਲ ਕਰੇ। ਅਗਲਾ ਉਸ ਦੀ ਹਿੰਮਤ ਦੀ ਦਾਦ ਦੇਵੇ ਤੇ ਉਸ ਦੀ ਵਡਿਆਈ ਕਰੇ ਪਰ ਉਹ ਡਰਦਾ ਹੈ ਕਿ ਲੋਕ ਉਸ ਨੂੰ ਧੋਖੇਬਾਜ਼ ਕਹਿਣ ਲਗਣਗੇ। ਉਸ ਦਾ ਦਿਲ ਚਾਹੁੰਦਾ ਹੈ ਕਿ ਪਰਦੁੱਮਣ ਸਿੰਘ ਨੂੰ ਹੀ ਦੱਸੇ ਕਿ ਜਿਹੜਾ ਐਡਾ ਵੱਡਾ ਘਾਟਾ ਪਿਆ ਸੀ ਉਹ ਉਸ ਨੇ ਪੂਰਾ ਕਰ ਲਿਆ ਹੈ ਪਰ ਉਸ ਨੇ ਤਾਂ ਪਰਦੁੱਮਣ ਦੀ ਮਰਸੀਡੀਜ਼ ਦੀ ਵੀ ਇੰਨਸ਼ੋਅਰੈਂਸ ਕੀਤੀ ਹੋਈ ਹੈ ਤੇ ਪੂਰੇ ਪੈਸੇ ਲਏ ਹੋਏ ਹਨ। ਉਹ ਚੁੱਪ ਰਹਿੰਦਾ ਹੈ। ਮਨੀਸ਼ ਪਟੇਲ ਨਾਲ ਬੈਠੇ ਤਾਂ ਜ਼ਰੂਰ ਇਸ ਬਾਰੇ ਗੱਲਾਂ ਕਰਕੇ ਹੱਸ ਲਿਆ ਕਰਦਾ ਹੈ।

ਉਹ ਦਫਤਰ ਵਿਚ ਵਾਪਸ ਜਾਂਦਾ ਜਾਂਦਾ ਹੈ ਤਾਂ ਉਸ ਨੂੰ ਇਹ ਕੰਮ ਬਹੁਤ ਛੋਟਾ ਜਿਹਾ ਲਗਦਾ ਹੈ। ਵੱਡੇ ਵੱਡੇ ਚੈਕ ਗਾਹਕਾਂ ਦੇ ਆਉਂਦੇ ਤਾਂ ਹਨ ਪਰ ਉਸ ਦਾ ਉਨ੍ਹਾਂ ਵਿਚ ਕਮਿਸ਼ਨ ਦੇ ਤੌਰ ਤੇ ਕੁਝ ਫੀਸਦੀ ਹਿੱਸਾ ਹੀ ਹੁੰਦਾ ਹੈ। ਜਿਹਦੇ ਵਿਚੋਂ ਉਸ ਨੇ ਸਟਾਫ ਦੀਆਂ ਤਨਖਾਹਾਂ ਕੱਢਣੀਆਂ ਹੁੰਦੀਆਂ। ਹੋਰ ਵੀ ਪੰਜਾਹ ਬਿਲ ਹੁੰਦੇ ਹਨ। ਉਸ ਨੂੰ ਵੱਡੇ ਚੈਕ ਦੇਖਣ ਦੀ ਆਦਤ ਪੈ ਗਈ ਹੈ ਜਿਹੜੇ ਉਸ ਦੇ ਆਪਣੇ ਹੋਣ।

ਇਕ ਦਿਨ ਹਬੀਬ ਮੁਹੰਮਦ ਦਾ ਫੋਨ ਉਸ ਨੂੰ ਆਉਂਦਾ ਹੈ। ਹਬੀਬ ਸ਼ੇਅਰ ਬਰੋਕਰ ਹੈ। ਉਸ ਰਾਹੀਂ ਕਾਰਾ ਕਦੇ ਕਦੇ ਸ਼ੇਅਰ ਖਰੀਦਿਆ ਕਰਦਾ ਹੈ। ਇਕ ਦਿਨ ਹਬੀਬ ਉਸ ਨੂੰ ਫੋਨ ਕਰਕੇ ਸ਼ੇਅਰ ਖਰੀਦਣ ਦੀ ਸਲਾਹ ਦਿੰਦਾ ਕਹਿੰਦਾ ਹੈ,

“ਸਰਦਾਰ ਜੀ, ਗੈਸ ਦੇ ਸ਼ੇਅਰ ਖਰੀਦ ਛੱਡੋ, ਡਾਊਨ ਹੋ ਗਏ ਨੇ, ਇਸ ਤੋਂ ਡਾਊਨ ਨਾ ਜਾਸਣ, ਖਰੀਦ ਛੱਡੋ।”

“ਹਬੀਬ, ਤੂੰ ਕਿਸੇ ਵੇਲੇ ਮੈਨੂੰ ਮਿਲ।”

ਕਾਰੇ ਨੂੰ ਪਤਾ ਹੈ ਕਿ ਹਬੀਬ ਚਾਲੂ ਬੰਦਾ ਹੈ। ਹਬੀਬ ਉਸ ਨੂੰ ਮਿਲਦਾ ਹੈ। ਕਾਰਾ ਆਖਣ ਲੱਗਦਾ ਹੈ,

“ਮੀਆਂ, ਜੂਆ ਖੇਡਣ ਵਿਚ ਮੇਰੀ ਦਿਲਚਸਪੀ ਨਹੀਂ। ਕੋਈ ਪੈਸੇ ਆਉਣ ਦੀ ਗਰੰਟੀ ਦਿੱਸਦੀ ਹੋਵੇ ਤਾਂ ਖਰੀਦ ਲਵਾਂ।”

“ਸਰਦਾਰ ਜੀ, ਇਹ ਸ਼ੇਅਰ ਤਾਂ ਵਧ ਸਣ, ਸ਼ੋਅਰਲੀ ਵਧ ਸਣ, ਗਰੰਟੀ ਹੋਸੀ।”

“ਹਬੀਬ, ਤੇਰੇ ਕੋਲ ਸ਼ੇਅਰਾਂ ਦੇ ਸਰਟੀਫਿਕੇਟ ਹੈਨ ?”

“ਕਿਉਂ ?”

“ਜੇ ਹੈਨ ਤਾਂ ਦਿਖਾ ਜ਼ਰਾ।”

ਹਬੀਬ ਬਰੀਫਕੇਸ ਵਿਚੋਂ ਕੁਝ ਸਰਟੀਫਿਕੇਟ ਕੱਢ ਕੇ ਦਿਖਾਉਂਦਾ ਹੈ। ਕਾਰਾ ਪੁੱਛਦਾ ਹੈ,

“ਇਹ ਅਸਲੀ ਐ ਜਾਂ ਨਕਲੀ ?”

“ਸਰਦਾਰ ਜੀ, ਇਹ ਕਿਹੜੇ ਨੋਟ ਐ ਜਿਹੜੇ ਅਸਲੀ ਨਕਲੀ ਹੋਸੀ, ਇਹ ਤਾਂ ਕੰਪਿਊਟਰ 'ਚੋਂ ਨਿਕਲੇ ਪੇਪਰ ਹੋ ਸਣ।”

“ਜੇ ਤੂੰ ਮੈਨੂੰ ਸ਼ੇਅਰ ਵੇਚ ਕੇ ਨਕਲੀ ਸਰਟੀਫਿਕੇਟ ਦੇ ਜਾਵੇਂ ਤਾਂ ਮੈਂ ਕੀ ਕਰ ਸਕਦਾਂ ?”

“ਰਿਕਾਰਡ ਕੰਪਨੀ ਵਿਚ ਹੋਸੀ।”

“ਤੇ ਜੇ ਤੇਰੀ ਕੰਪਨੀ ਵੀ ਤੇਰੀ ਈ ਹੋਸੀ ਮੀਆਂ ?”

ਕਾਰਾ ਕਹਿ ਕੇ ਪੂਰੀ ਰੀਝ ਨਾਲ ਉਸ ਵੱਲ ਦੇਖਣ ਲੱਗਦਾ ਹੈ। ਹਬੀਬ ਕਹਿੰਦਾ ਹੈ,

“ਸਰਦਾਰ ਜੀ, ਇਰਾਦੇ ਠੀਕ ਨਾ ਲਗ ਸਣ।”

ਕਾਰਾ ਹੱਸਦਾ ਹੈ। ਹਬੀਬ ਵੀ ਹੱਸਣ ਲੱਗਦਾ ਹੈ। ਹਬੀਬ ਫਿਰ ਕਹਿਣ ਲੱਗਦਾ ਹੈ,

“ਸਰਦਾਰ ਜੀ, ਕੰਪਨੀ ਐਵੇਂ ਹੀ ਨਾ ਬਣ ਜਾ ਸੀ, ਰਜਿਸਟਰ ਹੋਸੀ।”

“ਮੀਆਂ, ਕੱਲ ਮੈਂ ਐਫ.ਟੀ. ਵਿਚ ਦੇਖਿਆ ਕਿ ਪੈਟਰੋਲੀਅਮ ਦੀਆਂ ਕੋਈ ਦਸ ਕੰਪਨੀਆਂ ਹੈਗੀਆਂ।”

“ਉਹ ਤਾਂ ਹੈਨ ਜੀ।”

“ਫੇਰ ਇਕ ਕੰਪਨੀ ਆਪਣੀ ਵੀ ਤਾਂ ਹੋ ਸਕਦੀ ਐ।”

“ਸਰਦਾਰ ਜੀ, ਕੰਪਨੀ ਕਿਸੇ ਨਾਂ 'ਤੇ ਰਜਿਸਟਰ ਹੋਸੀ, ਬੈਂਕ ਵਿਚ ਅਕਾਊਂਟ ਬਗੈਰਾ...ਤੇ ਫਿਰ ਇਕ ਦਫਤਰ..।”

“ਮੀਆਂ, ਤੂੰ ਦੱਸ ਤੇਰਾ ਅਸਲੀ ਨਾਂ ਕੀ ਐ? ਪੁਲੀਟੀਕਲ ਸਟੇਅ ਉਪਰ ਤੂੰ ਹੈਗਾਂ, ਇਥੇ ਨਾ ਤੇਰੀ ਰੰਨ ਨਾ ਕੰਨ, ਛਾਲ ਮਾਰੇਂਗਾ ਤੇ ਅਮਰੀਕਾ, ਕੈਨੇਡਾ ਜਾ ਵੜੇਂਗਾ।”

“ਸਰਦਾਰ ਜੀ, ਤੁਸੀਂ ਮੈਨੂੰ ਅੰਦਰ ਕਰਾਉਣ 'ਤੇ ਤੁਲ ਗਏ ਜੇ।.. ਮਿਲਾਓ ਫੇਰ ਹੱਥ।”

## ਤਰਵੰਜਾ

ਸਕੌਟ ਐਵੇਨਿਊ ਉਪਰ ਪੁਲਿਸ ਦੀਆਂ ਕਾਰਾਂ ਹੀ ਕਾਰਾਂ ਹਨ। ਇਕ ਐਂਬੂਲੈਂਸ ਵੀ ਖੜੀ ਹੈ। ਸਕੌਟ ਐਵੇਨਿਊ ਪਾਰਕ ਰੋਡ ਤੇ ਕੈਸਲ ਐਵੇਨਿਊ ਨੂੰ ਮਿਲਾਉਂਦੀ ਹੈ। ਸਵੇਰੇ ਫੈਕਟਰੀ ਜਾਣ ਲਈ ਪਰਦੁੱਮਣ ਸਿੰਘ ਪਾਰਕ ਰੋਡ ਉਪਰੋਂ ਦੀ ਹੀ ਲੰਘ ਕੇ ਜਾਂਦਾ ਤੇ ਆਉਂਦਾ ਹੈ। ਪੁਲਿਸ ਦੀਆਂ ਕਾਰਾਂ ਕਾਰਨ ਸਕੌਟ ਐਵੇਨਿਊ ਬੰਦ ਕੀਤੀ ਹੋਈ ਹੈ। ਪਰਦੁੱਮਣ ਸਿੰਘ ਤੇ ਗਿਆਨ ਕੌਰ ਫੈਕਟਰੀ ਤੋਂ ਘਰ ਨੂੰ ਜਾ ਰਹੇ ਹਨ। ਉਹ ਕਹਿੰਦਾ ਹੈ,

“ਕੋਈ ਵੱਡਾ ਕਾਰਾ ਹੋਇਆ ਲੱਗਦੈ।”

ਗਿਆਨ ਕੌਰ ਕੁਝ ਨਹੀਂ ਬੋਲਦੀ ਤੇ ਕਾਰਾਂ ਵੱਲ ਦੇਖਦੀ ਰਹਿੰਦੀ ਹੈ। ਉਹ ਦਿਨ ਭਰ ਦੇ ਕੰਮ ਨਾਲ ਥੱਕੀ ਪਈ ਹੈ। ਪਰਦੁੱਮਣ ਸਿੰਘ ਫਿਰ ਆਖਣ ਲੱਗਦਾ ਹੈ,

''ਕੁਲਬੀਰੋ ਵੀ ਇਸੇ ਰੋਡ 'ਤੇ ਈ ਰਹਿੰਦੀ ਐ ਨਾ ?''

''ਹਾਂ, ਬਹੱਤਰ ਨੰਬਰ 'ਚ।''

ਕੁਲਬੀਰੋ ਦਾ ਚੇਤਾ ਆਉਂਦਿਆਂ ਹੀ ਗਿਆਨ ਕੌਰ ਨੂੰ ਫਿਕਰ ਹੋ ਜਾਂਦਾ ਹੈ ਤੇ ਕਹਿੰਦੀ ਹੈ,

''ਉਹ ਤਾਂ ਅੱਜ ਕੰਮ 'ਤੇ ਵੀ ਨਹੀਂ ਆਈ, ਮੈਂ ਘਰ ਫੋਨ ਕੀਤਾ ਸੀ ਕਿਸੇ ਨੇ ਨਹੀਂ ਚੁੱਕਿਆ। ਕਿਤੇ ਉਹਦੇ ਘਰ ਈ ਕੋਈ ਵਾਰਦਾਤ ਨਾ ਵਾਪਰ ਗਈ ਹੋਵੇ, ਉਹ ਦਾਦੇ ਮਗੌਣਾ ਰੇਸ਼ੂ ਹੈ ਵੀ ਏਦਾਂ ਦਾ ਈ।''

''ਦੇਖ ਕੇ ਆਈਏ ਜ਼ਰਾ।''

ਪਰਦੁੱਮਣ ਸਿੰਘ ਆਖਦਾ ਹੈ ਪਰ ਫਿਰ ਕਹਿੰਦਾ ਹੈ,

''ਪੁਲਿਸ ਨੇ ਰੋਡ ਈ ਬੰਦ ਕੀਤੀ ਹੋਈ ਆ।''

ਪਰਦੁੱਮਣ ਸਿੰਘ ਕਾਰ ਰੋਕ ਲੈਂਦਾ ਹੈ। ਉਸ ਦਾ ਦਿਲ ਕਰਦਾ ਕਿ ਪਤਾ ਕਰਕੇ ਆਵੇ। ਰੇਸ਼ੂ ਉਪਰ ਉਸ ਨੂੰ ਵੀ ਯਕੀਨ ਹੈ ਕਿ ਕੋਈ ਵੀ ਉਲਟਾ ਕੰਮ ਕਰ ਸਕਦਾ ਹੈ। ਉਹ ਉਤਰਨ ਲੱਗਦਾ ਹੈ ਤਾਂ ਗਿਆਨ ਕੌਰ ਉਸ ਦੀ ਬਾਂਹ ਫੜ ਲੈਂਦੀ ਹੈ,

''ਜੀ, ਅਸੀਂ ਕੀ ਲੈਣਾ ਚਲੋ ਘਰ ਨੂੰ ਚੱਲਦੇ ਆਂ। ਪਵਨ ਉਡੀਕਦੀ ਹੋਊ।''

ਪਰਦੁੱਮਣ ਸਿੰਘ ਮੁੜ ਕਾਰ ਵਿਚ ਠੀਕ ਹੋ ਕੇ ਬੈਠ ਜਾਂਦਾ ਹੈ। ਸਾਹਮਣੇ ਦੋ ਔਰਤਾਂ ਮੂੰਹ ਮੁਹਰੇ ਕੱਪੜਾ ਦੇਈ ਗੱਲਾਂ ਕਰਦੀਆਂ ਆ ਰਹੀਆਂ ਹਨ। ਉਹ ਗਿਆਨ ਕੌਰ ਨੂੰ ਕਹਿੰਦਾ ਹੈ,

''ਇਨ੍ਹਾਂ ਨੂੰ ਪਤਾ ਹੋਊ, ਪੁੱਛ ਜ਼ਰਾ।''

ਗਿਆਨ ਕੌਰ ਉਤਰ ਕੇ ਉਨ੍ਹਾਂ ਔਰਤਾਂ ਕੋਲ ਜਾਂਦੀ ਹੈ। ਸਲਵਾਰ ਸੂਟ ਤੋਂ ਪਤਾ ਸਾਫ ਹੈ ਕਿ ਪੰਜਾਬਣਾਂ ਹਨ। ਗਿਆਨ ਕੌਰ ਪੁੱਛਦੀ ਹੈ,

''ਭੈਣੋ, ਕੀ ਹੋਇਆ? ਏਨੀ ਪੁਲਿਸ ਕਾਹਤੋਂ ਖੜੀ ਆ ?''

''ਕੀ ਦੱਸੀਏ ਭੈਣ ਜੀ, ਹਨੇਰੀ ਵਗ ਗਈ, ਏਥੇ ਰਹਿੰਦੇ ਇਕ ਬੰਦੇ ਨੇ ਆਪਣੀ ਸਾਲੀ ਮਾਰ ਦਿੱਤੀ ਤੇ ਨਾਲ ਈ ਆਪ ਫਾਹਾ ਲੈ ਲਿਆ।''

'' ਹੈਂ!''

ਕਹਿੰਦੀ ਗਿਆਨ ਕੌਰ ਉਥੇ ਹੀ ਬੈਠ ਜਾਂਦੀ ਹੈ। ਪਰਦੁੱਮਣ ਸਿੰਘ ਬਾਹਰ ਨਿਕਲ ਕੇ ਗਿਆਨ ਕੌਰ ਨੂੰ ਸੰਭਾਲਦਾ ਹੈ ਤੇ ਉਨ੍ਹਾਂ ਔਰਤਾਂ ਨੂੰ ਪੁੱਛਦਾ ਹੈ,

''ਕਿੰਨੇ ਨੰਬਰ ਦੀ ਗੱਲ ਐ ਇਹ ?''

''ਨੰਬਰ ਤਾਂ ਭਰਾ ਜੀ ਪਤਾ ਨਹੀਂ, ਗੱਭੇ ਜਿਹੇ ਨੀਲੇ ਡੋਰਾਂ ਵਾਲਾ ਘਰ ਐ।''

''ਬਹੱਤਰ ਨੰਬਰ ਤਾਂ ਨਹੀਂ?''

''ਹਾਂ ਜੀ, ਬਹੱਤਰ ਨੰਬਰ ਈ ਐ, ਬੰਦਾ ਏਦਾਂ ਦਾ ਬਦਮਾਸ਼ ਜਿਹਾ ਈ ਸੀ।''

ਉਨ੍ਹਾਂ ਵਿਚੋਂ ਇਕ ਔਰਤ ਕਹਿੰਦੀ ਹੈ ਤੇ ਉਸ ਇਸ ਘਟਨਾ ਨੂੰ ਕੋਸਦੀਆਂ ਅੱਗੇ ਨਿਕਲ ਜਾਂਦੀਆਂ ਹਨ। ਪਰਦੁੱਮਣ ਸਿੰਘ ਗਿਆਨ ਕੌਰ ਨੂੰ ਕਾਰ ਵਿਚ ਬੈਠਾਲਦਾ ਕਹਿੰਦਾ ਹੈ,

''ਤੂੰ ਕਿਉਂ ਮਰਨ ਨੂੰ ਫਿਰਦੀ ਐਂ ! ਸਾਡੀ ਕੀ ਲੱਗਦੀ ਸੀ ?''

ਗਿਆਨ ਕੌਰ ਰੋਣ ਲੱਗਦੀ ਹੈ ਤੇ ਕਹਿੰਦੀ ਹੈ,

''ਮੈਨੂੰ ਲੱਗਦਾ ਸੀ ਕਿ ਕੁਸ਼ ਨਾ ਕੁਸ਼ ਹੋਊ।''

''ਤੈਨੂੰ ਦੱਸਦੀ ਸੀ ਕੁਸ਼ ?''

''ਰੋਜ਼ ਰੋਂਦੀ ਸੀ ਮੇਰੇ ਕੋਲ। ਰੇਸ਼ੂ ਬਹੁਤ ਕੁੱਤਾ ਬੰਦਾ ਸੀ। ਏਹਦੇ ਸਾਰੇ ਪੈਸੇ ਖਾਈ ਜਾਂਦਾ ਸੀ। ਏਹਨੇ ਦਸ ਹਜ਼ਾਰ ਪੌਂਡ ਜੋੜਿਆ ਹੋਇਆ ਸੀ, ਉਹਨੂੰ ਪਤਾ ਲੱਗ ਗਿਆ। ਪੈਸਿਆਂ ਦੀ ਖਾਤਰ ਕੁਲਬੀਰੋ ਨੂੰ ਕੁੱਟਣ ਮਾਰਨ ਲੱਗਦਾ ਸੀ।''

ਕਹਿੰਦੀ ਉਹ ਫਿਰ ਰੋਣ ਲੱਗਦੀ ਹੈ। ਕੁਝ ਦੇਰ ਬਾਅਦ ਅੱਖਾਂ ਪੂੰਝਦੀ ਆਖਦੀ ਹੈ,

''ਇਕ ਦਿਨ ਮੈਨੂੰ ਕਹਿੰਦੀ ਸੀ ਕਿ ਮੈਨੂੰ ਆਪਣੇ ਘਰ ਰੱਖ ਲਵੋ ਨਹੀਂ ਤਾਂ ਰੇਸ਼ੂ ਨੇ ਮੈਨੂੰ ਮਾਰ ਦੇਣਾ।''

''ਤੇ ਫੇਰ ਤੂੰ ਰੱਖ ਲੈਂਦੀ, ਵਿਚਾਰੀ ਦਾ ਆਹ ਹਾਲ ਤਾਂ ਨਾ ਹੁੰਦਾ।''

ਪਰਦੁੱਮਣ ਸਿੰਘ ਕਹਿੰਦਾ ਹੈ। ਗਿਆਨ ਕੌਰ ਬੋਲਦੀ ਹੈ,

''ਮੈਂ ਕਿਹਾ ਰੇਸ਼ੂ ਸਾਡੇ ਪੇਸ਼ ਪੈ ਜਾਊ, ਅਸੀਂ ਇੱਜ਼ਤ ਵਾਲੇ ਆਂ..।''

ਪਰਦੁੱਮਣ ਸਿੰਘ ਕੁਲਬੀਰੋ ਬਾਰੇ ਸੋਚਦਾ ਜਾ ਰਿਹਾ ਹੈ। ਘਰ ਆ ਕੇ ਗਿਆਨ ਕੌਰ ਘਰ ਦੇ ਕੰਮ ਵਿਚ ਰੁੱਝ ਜਾਂਦੀ ਹੈ। ਪਰਦੁੱਮਣ ਸਿੰਘ ਆਪਣੇ ਲਈ ਡਰਿੰਕ ਬਣਾ ਕੇ ਟੈਲੀ ਮੂਹਰੇ ਜਾ ਬੈਠਦਾ ਹੈ। ਪਰ ਉਸ ਦੀਆਂ ਅੱਖਾਂ ਅਗੇ ਕੁਲਬੀਰੋ ਹੀ ਘੁੰਮੀ ਜਾ ਰਹੀ ਹੈ। ਜੇ ਉਹ ਉਸ ਨੂੰ ਸਹਾਰਾ ਦੇ ਦਿੰਦੇ ਤਾਂ ਕੁਲਬੀਰੋ ਬਚ ਵੀ ਜਾਂਦੀ ਤੇ ਉਸ ਦੇ ਵੀ ਕਿਸੇ ਕੰਮ ਆ ਗਈ ਹੁੰਦੀ। ਉਸ ਨੂੰ ਕੁਲਬੀਰੋ ਦੀ ਮੌਤ ਦਾ ਅਫਸੋਸ ਹੋਣ ਲੱਗਦਾ ਹੈ। ਗਿਆਨ ਕੌਰ ਰੋਟੀ ਦੇਣ ਲੱਗਦੀ ਹੈ ਤਾਂ ਉਹ ਕਹਿੰਦਾ ਹੈ,

''ਜੇ ਉਹ ਰੇਸ਼ੂ ਨੂੰ ਦਸ ਹਜ਼ਾਰ ਦੇ ਦਿੰਦੀ ਤਾਂ ਆਹ ਭੰਗ ਦੇ ਭਾੜੇ ਤਾਂ ਨਾ ਮਰਦੀ।''

ਗਿਆਨ ਕੌਰ ਫਿਰ ਰੋਣ ਲੱਗਦੀ ਹੈ।

ਸੌਣ ਵੇਲੇ ਗਿਆਨ ਕੌਰ ਉਸ ਨੂੰ ਕਹਿੰਦੀ ਹੈ,

''ਜੀ, ਇਕ ਗੱਲ ਦੱਸਾਂ।''

''ਕੀ ਆ ?''

''ਕੁਲਬੀਰੋ ਨੇ ਦਸ ਹਜ਼ਾਰ ਮੇਰੇ ਕੋਲ ਰੱਖਿਆ ਹੋਇਆ ਸੀ।''

ਪਰਦੁੱਮਣ ਸਿੰਘ ਝਟਕੇ ਨਾਲ ਉਠ ਬੈਠਦਾ ਹੈ ਤੇ ਕਹਿੰਦਾ ਹੈ,

''ਕੀ ?''

''ਹਾਂ, ਮੈਨੂੰ ਕਹਿੰਦੀ ਸੀ ਲੋੜ ਪਈ ਤਾਂ ਲੈ ਲਊਂ।''

ਪਰਦੁੱਮਣ ਸਿੰਘ ਸੋਚਾਂ ਵਿਚ ਪੈ ਜਾਂਦਾ ਹੈ। ਗਿਆਨ ਕੌਰ ਪੁੱਛਦੀ ਹੈ,

''ਜੀ, ਏਹਦਾ ਹੁਣ ਕੀ ਕਰੀਏ? ਉਹਦੇ ਬੁੱਢੇ ਮਾਂ-ਪਿਓ ਨੂੰ ਭੇਜ ਦੇਈਏ?''

''ਤੂੰ ਕਮਲੀ ਹੋ ਗਈ ਐਂ!.. ਜਿਹੜੇ ਮਾਂ-ਪਿਓ ਨੇ ਕੁਲਬੀਰੋ ਦੀ ਕਦਰ ਨਹੀਂ ਪਾਈ, ਕੁਆਰੀ ਕੁੜੀ ਏਸ ਕਸਾਈ ਨਾਲ ਤੋਰ ਦਿੱਤੀ ਉਨ੍ਹਾਂ ਨੂੰ ਕਾਹਦੇ ਪੈਸੇ।''

''ਫੇਰ ਕੀ ਕਰਾਂਗੇ ਇਨ੍ਹਾਂ ਦਾ ?''

''ਤੂੰ ਐਵੇਂ ਕਾਹਲੀ ਨਾ ਪੈ, ਤੇਲ ਦੇਖ, ਤੇਲ ਦੀ ਧਾਰ ਦੇਖ।''

ਕਹਿੰਦਾ ਪਰਦੁੱਮਣ ਸਿੰਘ ਸੌਣ ਦੀ ਕੋਸ਼ਿਸ਼ ਕਰਨ ਲਗਦਾ ਹੈ।

ਫੈਕਟਰੀ ਵਿਚ ਕੁਲਬੀਰੋ ਦੀ ਮੌਤ ਕਾਰਨ ਸੋਗ ਫੈਲ ਜਾਂਦਾ ਹੈ। ਹਰ ਕੋਈ ਉਦਾਸ ਹੈ। ਔਰਤਾਂ ਰੋ ਰਹੀਆਂ ਹਨ। ਮੀਕਾ ਰੇਸ਼ੂ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਹੈ। ਰੇਡੀਓ ਉਪਰ ਵੀ ਵਾਰ ਵਾਰ ਇਸ ਦੋਹਰੇ ਕਤਲ ਦੀ ਖਬਰ ਆ ਰਹੀ ਹੈ। ਫੈਕਟਰੀ ਵਿਚ ਕੰਮ ਕਰਨ ਨੂੰ ਕਿਸੇ ਦਾ ਦਿਲ ਨਹੀਂ ਕਰ ਰਿਹਾ। ਪਰਦੁੱਮਣ ਸਿੰਘ ਬਾਕੀ ਔਰਤਾਂ ਨੂੰ ਸੁਣਾਉਂਦਾ ਗਿਆਨ ਕੌਰ ਨੂੰ ਕਹਿਣ ਲੱਗਦਾ ਹੈ,

''ਕੱਲ ਦਾ ਆਰਡਰ ਵੀ ਕੱਢਣਾ ਕਿ ਨਹੀਂ ? ਸਵੇਰੇ ਡਲਿਵਰ ਕੀ ਕਰਨੈਂ ?''

ਸਾਰੀਆਂ ਔਰਤਾਂ ਕੰਮ ਨੂੰ ਲੱਗ ਜਾਂਦੀਆਂ ਹਨ। ਗਿਆਨ ਕੌਰ ਵੀ ਸੋਗ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦੀ ਹੈ। ਬਲਰਾਮ ਆਪ ਆ ਕੇ ਸਮੋਸੇ ਤਲਣ ਲੱਗ ਜਾਂਦਾ ਹੈ। ਉਸ ਨੂੰ ਵੀ ਫਿਕਰ ਕਿ ਕੰਮ ਵਕਤ ਸਿਰ ਖਤਮ ਹੋ ਜਾਣਾ ਚਾਹੀਦਾ ਹੈ।

ਪਰਦੁੱਮਣ ਸਿੰਘ ਦਾ ਦਿਲ ਨਹੀਂ ਲੱਗ ਰਿਹਾ। ਉਹ ਪੱਬ ਦਾ ਗੇੜਾ ਕੱਢ ਆਉਂਦਾ ਹੈ। ਵਾਪਸ ਫੈਕਟਰੀ ਆਉਂਦਾ ਹੈ ਤਾਂ ਗਿਆਨ ਕੌਰ ਉਪਰ ਦਫਤਰ ਵਿਚ ਉਸ ਕੋਲ ਆ ਜਾਂਦੀ ਹੈ। ਦੱਸਣ ਲੱਗਦੀ ਹੈ,

''ਬੰਤੀ ਦੱਸਦੀ ਆ ਕਿ ਰਾਤੀਂ ਵੀ ਕੁੱਟਿਆ ਸੀ ਰੇਸ਼ੂ ਨੇ ਕੁਲਬੀਰੋ ਨੂੰ, ਰਾਤੀਂ ਤਾਂ ਨਿਆਣਿਆਂ ਨੇ ਛਡਾ 'ਤੀ ਸੀ। ਸਵੇਰੇ ਨਿਆਣੇ ਸਕੂਲ ਚਲੇ ਗਏ। ਰੇਸ਼ੂ ਫੇਰ ਉਹਨੂੰ ਮਾਰਨ ਲੱਗਿਆ, ਏਦਾਂ ਈ ਕਿਤੇ ਉਹਦਾ ਗਲ ਘੁੱਟ 'ਤਾ। ਦੱਸਦੀ ਹੁੰਦੀ ਸੀ ਕਿ ਸਿੱਧਾ ਗਲ ਨੂੰ ਈ ਪੈਂਦਾ। ਬਾਅਦ ਵਿਚ ਸੋਚਿਆ ਹੋਊ ਕਿ ਕੀ ਕਰ ਬੈਠਾਂ ਤੇ ਫਾਹਾ ਲੈ ਲਿਆ। ਸਾਰੀ ਇਨ੍ਹਾਂ ਪੈਸਿਆਂ ਦੀ ਲੜਾਈ ਸੀ।''

ਪਰਦੁੱਮਣ ਸਿੰਘ ਉਸ ਵੱਲ ਦੇਖਣ ਲੱਗਦਾ ਹੈ। ਉਹ ਹੌਲੇ ਜਿਹੇ ਪੁੱਛਦੀ ਹੈ,

''ਹੁਣ ਕੀ ਕਰੀਏ ਇਨ੍ਹਾਂ ਦਾ ?''

''ਤੈਨੂੰ ਇਹ ਥੋੜ੍ਹੇ ਜਿਹੇ ਪੈਸੇ ਈ ਚੁਭੀ ਜਾਂਦੇ ਆ ?''

''ਬੇਗਾਨੀ ਚੀਜ਼ ਅਸੀਂ ਕਾਹਨੂੰ ਰੱਖਣੀ ਆਂ, ਕੁਲਬੀਰੋ ਦੀ ਰੂਹ ਦੁਰਸੀਸ ਦੇਊ ਸਾਨੂੰ, ਅਸੀਂ ਤਾਂ ਪਹਿਲਾਂ ਈ ਦੁਖੀ ਆਂ।''

ਉਸ ਦਾ ਇਸ਼ਾਰਾ ਰਾਜਵਿੰਦਰ ਵੱਲ ਤੇ ਬਲਰਾਮ ਦੇ ਟੁੱਟੇ ਵਿਆਹ ਵੱਲ ਹੈ। ਪਰਦੁੱਮਣ ਸਿੰਘ ਕੁਝ ਸੋਚ ਕੇ ਕਹਿਣ ਲੱਗਦਾ ਹੈ,

''ਦੇਖ, ਤੂੰ ਏਸ ਪੈਸੇ ਦਾ ਧੂੰਆਂ ਤੱਕ ਨਾ ਕੱਢੀਂ, ਨਹੀਂ ਤਾਂ ਪੁਲਿਸ ਨੇ ਤੈਨੂੰ ਖਿੱਚੀ ਫਿਰਨੈਂ ਕਿ ਤੈਨੂੰ ਏਸ ਘਟਨਾ ਬਾਰੇ ਜ਼ਰੂਰ ਕੋਈ ਜਾਣਕਾਰੀ ਹੋਊ। ਤੈਨੂੰ ਪਤੈ ਪੁਲਿਸ ਦੇ ਕੰਮ ਕਿੱਦਾਂ ਦੇ ਹੁੰਦੇ ਆ।''

ਗਿਆਨ ਕੌਰ ਸਮਝਦੀ ਹੋਈ ਹਾਂ ਵਿਚ ਸਿਰ ਹਿਲਾਉਂਦੀ ਹੈ। ਪਰਦੁੱਮਣ ਸਿੰਘ ਨੂੰ ਡਰ ਹੈ ਕਿ ਉਹ ਹਾਲੇ ਵੀ ਕੋਈ ਗਲਤ ਕਦਮ ਚੁੱਕ ਕੇ ਘਰ ਆਈ ਲੱਛਮੀ ਨੂੰ ਠੁਕਰਾ ਸਕਦੀ ਹੈ। ਉਹ ਕਹਿੰਦਾ ਹੈ,

''ਉਹ ਪੈਸੇ ਕਿਥੇ ਪਏ ਆ ?''

''ਘਰੇ ਈ ਮੈਂ ਛੁਪਾ ਕੇ ਰੱਖੇ ਆ।''

''ਏਨੇ ਪੈਸੇ ਘਰ ਥੋੜੋਂ ਰੱਖੀਦੇ ਆ, ਲਿਆ ਮੈਨੂੰ ਫੜਾ ਮੈਂ ਸੰਭਾਲ ਦੇਵਾਂ, ਟਾਈਮ ਆਉਣ 'ਤੇ ਜਿੱਦਾਂ ਕਹੇਂਗੀ ਕਰ ਲਵਾਂਗੇ।

ਚੁਰੰਜਾ

ਜਗਮੋਹਣ ਬਹੁਤ ਦਿਨਾਂ ਤੱਕ ਗਰੇਵਾਲ ਨੂੰ ਮਿਲ ਨਹੀਂ ਸਕਦਾ। ਉਹ ਸਮਾਜਿਕ ਜਿਹੇ ਕੰਮਾਂ ਵਿਚ ਫਸਿਆ ਰਿਹਾ ਹੈ। ਬਲਰਾਮ ਦਾ ਵਿਆਹ ਹੈ। ਫਿਰ ਉਸ ਦੇ ਰਿਸ਼ਤੇਦਾਰੀ ਵਿਚ ਕਾਵੈਂਟਰੀ ਵਿਚ ਵੀ ਵਿਆਹ ਆ ਜਾਂਦਾ ਹੈ। ਤੇ ਫਿਰ

ਸਤਿੰਦਰ ਦਾ ਵਿਆਹ ਵੀ ਹੈ। ਇਨ੍ਹਾਂ ਸਭ ਤੋਂ ਉਪਰ ਬਲਰਾਮ ਦੀ ਪਤਨੀ ਦਾ ਛੱਡ ਜਾਣਾ ਉਸ ਉਪਰ ਆਪਣਾ ਵਧੇਰੇ ਪ੍ਰਭਾਵ ਛੱਡ ਜਾਂਦਾ ਹੈ। ਇਸ ਵਿਸ਼ੇ ਬਾਰੇ ਉਸ ਦਾ ਗੱਲ ਕਰਨ ਨੂੰ ਵੀ ਦਿਲ ਨਹੀਂ ਕਰਦਾ ਬਲਕਿ ਉਦਾਸ ਜਿਹਾ ਰਹਿਣ ਲਗਦਾ ਹੈ। ਮਨਦੀਪ ਕਹਿੰਦੀ ਹੈ,

"ਜੇਹਦੀ ਵਾਈਫ ਛੱਡ ਗਈ ਉਹ ਸ਼ਾਇਦ ਏਨਾ ਦੁਖੀ ਨਾ ਹੋਵੇ।"

"ਮੈਂ ਕਿਹੜਾ ਦੁਖੀ ਆਂ।"

"ਸੋਚੀ ਤਾਂ ਜਾਂਦੇ ਓ ਜਿੱਦਾਂ ਤੁਹਾਡੀ ਈ ਚਲੇ ਗਈ ਹੋਵੇ !"

"ਜੇ ਮੇਰੀ ਚਲੇ ਗਈ ਮੈਂ ਤਾਂ ਓਦਾਂ ਈ ਮਰ ਜਾਊਂ।"

ਉਹ ਕਹਿੰਦਾ ਤੇ ਮਨਦੀਪ ਖੁਸ਼ ਹੋ ਜਾਂਦੀ ਹੈ। ਉਹ ਆਖਦੀ ਹੈ,

"ਤੁਹਾਨੂੰ ਚੁੜੇਲਾਂ ਈ ਨਹੀਂ ਚੁੰਬੜਦੀਆਂ ਭੂਤ ਵੀ ਚੁੰਬੜਦੇ ਆ।"

"ਬਸ ਇਹ ਮਨ ਸੈਂਸਟਿਵ ਜਿਉਂ ਹੋਇਆ। ਸੁੱਖੀ ਮਰੇ ਤਾਂ ਉਹਦੇ ਨਾਲ ਹੋ ਜਾਂਦੈ, ਬੌਬੀ ਆਵੇ ਤਾਂ ਬੌਬੀ ਨਾਲ, ਪ੍ਰੀਤੀ ਪੰਗੇ ਵਿਚ ਪਵੇ ਤੇ ਉਹਦੇ ਨਾਲ, ਮਨਿੰਦਰ ਨੂੰ ਕੁਸ਼ ਹੋਵੇ ਤਾਂ...।"

ਕਹਿੰਦਾ ਕਹਿੰਦਾ ਉਹ ਰੁਕ ਜਾਂਦਾ ਹੈ। ਮਨਦੀਪ ਕਹਿੰਦੀ ਹੈ,

"ਏਹ ਨਵੀਂ ਬਿਮਾਰੀ ਨਾ ਸਹੇੜ ਲਿਓ, ਜੇ ਉਹਨੇ ਪਾਕਿਸਤਾਨੀ ਬੁਆਏ ਫਰਿੰਡ ਰੱਖਿਆ ਹੋਇਆ ਤਾਂ ਸਾਨੂੰ ਕੀ ?"

"ਤੈਨੂੰ ਵੀ ਪਤੈ ?"

"ਸਾਰੀ ਦੁਨੀਆ ਨੂੰ ਪਤੈ, ਤੁਹਾਨੂੰ ਭਾਵੇਂ ਲੇਟ ਖਬਰ ਮਿਲੀ ਹੋਵੇ, ਹੁਣ ਉਠੋ ਮੂਡ ਠੀਕ ਕਰੋ ਤੇ ਨਾਲੇ ਗਰੇਵਾਲ ਭਾਜੀ ਦਾ ਕਈ ਵਾਰ ਫੋਨ ਆਇਆ।"

ਉਹ ਉਸੇ ਵਕਤ ਹੀ ਗਰੇਵਾਲ ਨੂੰ ਫੋਨ ਕਰਦਾ ਹੈ ਤੇ ਸ਼ਾਮ ਨੂੰ ਉਸ ਦੇ ਘਰ ਚਲੇ ਜਾਂਦਾ ਹੈ। ਗਰੇਵਾਲ ਮਸੋਸਿਆ ਬੈਠਾ ਹੈ। ਉਹ ਪੁੱਛਦਾ ਹੈ,

"ਸਰ ਜੀ, ਠੀਕ ਓ ? ਏਨਾ ਡਾਊਨ ਤਾਂ ਮੈਂ ਤੁਹਾਨੂੰ ਕਦੇ ਨਹੀਂ ਦੇਖਿਆ !"

"ਤੂੰ ਕਿਹੜੀ ਮੇਰੀ ਖਬਰ ਲੈਨਾਂ !.. ਮੈਂ ਮਰਾਂ, ਖਪਾਂ, ਤੈਨੂੰ ਕੀ !"

"ਸਰ ਜੀ! ਸਰ ਜੀ! ਮੈਂ ਸਦਕੇ ਜਾਵਾਂ, ਮੈਂ ਭਲਾ ਤੁਹਾਡੇ ਤੋਂ ਬੇਮੁਖ ਹੋ ਸਕਦਾਂ। ਮੈਂ ਤਾਂ ਫੋਨ ਨਹੀਂ ਕੀਤਾ ਕਿ ਓਸ ਦਿਨ ਈਲਿੰਗ ਬ੍ਰਾਡਵੇਅ ਉਪਰ ਤੁਹਾਡੇ ਨਾਲ ਮੈਂ ਦੇਸੀ ਕੁੜੀ ਦੇਖੀ ਸੀ।"

"ਅੱਛਾ ਉਹ !.. ਉਹ ਗੁਰਬੰਸ ਸੀ।"

"ਸਹੇਲੀ ਸੀ ?"

"ਹਾਂ, ਐਵੇਂ ਆਰਜ਼ੀ ਜਿਹੀ।"

"ਵੈਸੇ ਤਾਂ ਬਹੁਤ ਸੁਹਣੀ ਐ, ਮੈਂ ਤਾਂ ਉਸ ਦਿਨ ਧਿਆਨ ਨਾਲ ਦੇਖੀ ਐ।"

"ਹਾਂ, ਓਸ ਦਿਨ ਮੱਲੋਮੱਲੀ ਘਰ ਨੂੰ ਲੈ ਗਈ, ਈਲਿੰਗ ਵਿਚ ਬੜਾ ਵੱਡਾ ਘਰ ਐ ਓਹਦਾ। ਦੋ ਜੁਆਕ ਐ ਟੀਨ ਏਜ ਜਿਹੇ। ਆਦਮੀ ਛੱਡਿਆ ਹੋਇਐ, ਸਾਡੇ ਕਾਲਜ ਈ ਪੜ੍ਹਾਉਂਦੀ ਐ।"

"ਫੇਰ ਰਿਲੇਸ਼ਨ ਅੱਗੇ ਵੀ ਵਧੇ।"

"ਇਕ ਰਾਤ ਵਿਚ ਅੱਗੇ ਕੀ ਵਧਣੇ ਸੀ। ਸਵੇਰੇ ਮੈਂ ਉਠਿਆ ਤਾਂ ਦਰਵਾਜ਼ਾ ਛਪੱਟ ਖੁੱਲ੍ਹਾ ਪਿਆ ਸੀ। ਮੈਂ ਗੁਰਬੰਸ ਨੂੰ ਜਗਾਇਆ ਤਾਂ ਕਹਿਣ ਲੱਗੀ ਕਿ ਡੌਂਟ ਵੱਰੀ ਮੇਰੇ ਬੱਚੇ ਸਭ ਸਮਝਦੇ ਆ। ਫੇਰ ਬੋਲੀ ਕਿ ਦਰਵਾਜ਼ਾ ਤਾਂ ਮੈਂ ਜਾਣਬੁੱਝ ਕੇ ਖੁੱਲ੍ਹਾ ਛੱਡਿਆ ਸੀ ਕਿ ਮੇਰੇ ਬੱਚੇ ਮੈਨੂੰ ਮਿਹਣੇ ਮਾਰਦੇ ਰਹਿੰਦੇ ਆ ਕਿ ਮੰਮੀ ਹੁਣ ਸੈਕਸ ਤੇਰੇ ਵੱਸ ਦਾ ਨਹੀਂ।"

ਕਹਿੰਦਾ ਗਰੇਵਾਲ ਹੱਸਣ ਲੱਗਦਾ ਹੈ। ਹੁਣ ਉਹ ਚਹਿਕ ਰਿਹਾ ਹੈ। ਜਗਮੋਹਣ ਪੁੱਛਦਾ ਹੈ,

"ਸਰ ਜੀ, ਮੈਡਮ ਸ਼ੀਲਾ ਸਪੈਰੋ ਦੀ ਕੋਈ ਖਬਰ ?"

ਗਰੇਵਾਲ ਨੇ ਹੁਣ ਸ਼ੀਲਾ ਵਾਲੀ ਸਾਰੀ ਕਹਾਣੀ ਉਸ ਨੂੰ ਦੱਸ ਰੱਖੀ ਹੈ। ਉਹ ਕਹਿੰਦਾ ਹੈ,

"ਉਹ ਤਾਂ ਹਾਲੇ ਨਰਾਜ਼ ਈ ਚੱਲੀ ਆਉਂਦੀ ਐ, ਉਦੋਂ ਸਪੌਂਸਰ ਕਰ ਨਹੀਂ ਹੋਇਆ ਤੇ ਹਾਲੇ ਤੱਕ ਔਖੀ ਐ।"

"ਸਰ ਜੀ, ਐਤਕੀਂ ਸਾਰੀ ਗੱਲ ਮੇਰੇ 'ਤੇ ਛੱਡ ਦਿਓ। ਮੈਂ ਸਾਰੀ ਗੱਲ ਕਾਮਰੇਡ ਇਕਬਾਲ ਨਾਲ ਕਰ ਲਈ ਐ, ਉਹ ਵੀ ਮੈਡਮ ਨੂੰ ਚੰਗੀ ਤਰ੍ਹਾਂ ਜਾਣਦੈ।"

"ਜਾਣਨ ਨੂੰ ਤਾਂ ਉਹਨੂੰ ਸਾਰੇ ਜਾਣਦੇ ਆ ਪਰ ਜਦੋਂ ਇਨ੍ਹਾਂ ਇੰਡੀਆ ਤੋਂ ਕਿਸੇ ਨੂੰ ਸੱਦਣਾ ਹੁੰਦੈ ਤਾਂ ਆਪਣੇ ਜਾਣਕਾਰਾਂ ਨੂੰ ਈ ਬੁਲਾਉਂਦੇ ਆ ਜਾਂ ਫੇਰ ਜਿਨ੍ਹਾਂ ਤੋਂ ਇਨ੍ਹਾਂ ਨੂੰ ਕੋਈ ਫਾਇਦਾ ਹੋਵੇ।"

"ਇਕਬਾਲ ਵੀ ਇਹੋ ਗੱਲ ਦੱਸਦੈ। ਉਹ ਇਹ ਵੀ ਦੱਸਦੈ ਕਿ ਇੰਡੀਆ ਤੋਂ ਆਉਣ ਵਾਲੇ ਲੇਖਕ ਵੀ ਆਪਣੀਆਂ ਸ਼ਿਸ਼ਤਾਂ ਲਾ ਕੇ ਬੈਠੇ ਹੁੰਦੇ ਆ, ਮੈਡਮ ਦੇ ਕੰਮ ਦੀ ਮੇਰੀ ਜ਼ਿੰਮੇਵਾਰੀ ਰਹੀ।"

ਗਰੇਵਾਲ ਲੰਮਾ ਸਾਹ ਲੈਂਦਾ ਕਹਿੰਦਾ ਹੈ,

"ਪਤਾ ਨਹੀਂ ਇਸ ਸਟੇਜ 'ਤੇ ਆ ਕੇ ਸਾਥੀ ਦੀ ਲੋੜ ਕਿਉਂ ਮਹਿਸੂਸ ਹੋਣ ਲੱਗੀ ਐ।"

"ਹੋ ਜਾਏਗਾ ਇਹ ਇੰਤਜ਼ਾਮ ਵੀ, ਤੁਸੀਂ ਹੋਰ ਕੋਈ ਗੱਲ ਕਰੋ।"

ਜਗਮੋਹਣ ਕਹਿੰਦਾ ਹੈ। ਉਸ ਨੂੰ ਗਰੇਵਾਲ ਦਾ ਢਹਿੰਦੀ ਕਲਾ ਵਿਚ ਜਾਣਾ ਚੰਗਾ ਨਹੀਂ ਲੱਗ ਰਿਹਾ। ਉਸ ਤੋਂ ਤਾਂ ਉਹ ਆਪ ਕਿੰਨਾ ਕੁਝ ਸਿੱਖਿਆ ਕਰਦਾ ਹੈ। ਉਹ ਕਹਿੰਦਾ ਹੈ,

"ਸਰ ਜੀ, ਸਾਊਥਾਲ ਦਾ ਗੇੜਾ ਲਾਈਏ ?.. ਕੁਝ ਨਵੀਆਂ ਚੀਜ਼ਾਂ ਆਈਆਂ ਇਥੇ ਅਟਰੈਕਸ਼ਨ ਵਾਲੀਆਂ।"

''ਅੱਛਾ ! ਉਹ ਕਿਹੜੀਆਂ ?''

''ਹੁਣ ਗੇਅ ਪਰੌਸਟੀਚੂਟ ਵੀ ਸੜਕਾਂ 'ਤੇ ਖੜ ਕੇ ਗਾਹਕਾਂ ਦੀ ਭਾਲ ਕਰਨ ਲੱਗੇ ਆ।''

ਕਹਿੰਦਾ ਜਗਮੋਹਣ ਹੱਸਦਾ ਤੇ ਗਰੇਵਾਲ ਵੀ। ਉਹ ਕਹਿੰਦਾ ਹੈ,

''ਲਿਆ ਪਹਿਲਾਂ ਇਕ ਸਿਗਰਟ ਪਿਲਾ।''

ਆਪੋ ਆਪਣੀਆਂ ਸਿਗਰਟਾਂ ਮੁਕਾ ਕੇ ਉਹ ਸਾਊਥਾਲ ਬ੍ਰੌਡਵੇਅ ਵਲ ਨੂੰ ਨਿਕਲ ਜਾਂਦੇ ਹਨ। ਗਰੇਵਾਲ ਨਾਲ ਬ੍ਰੌਡਵੇਅ ਦਾ ਚਕਰ ਲਗਾਉਣਾ ਉਸ ਨੂੰ ਚੰਗਾ ਲਗਦਾ ਹੈ। ਹੁਣ ਜਗਮੋਹਣ ਅਕਸਰ ਤ੍ਰਿਕਾਲਾਂ ਵੇਲੇ ਗਰੇਵਾਲ ਦੇ ਘਰ ਦਾ ਗੇੜਾ ਮਾਰਨ ਚਲੇ ਜਾਂਦਾ ਹੈ। ਉਹ ਬਰਾਡਵੇਅ 'ਤੇ ਚਲੇ ਤਾਂ ਜਾਂਦੇ ਹਨ ਪਰ ਗਰੇਵਾਲ ਇੰਪੋਰੀਅਮ ਵਲ ਨੂੰ ਉਸ ਵਕਤ ਹੀ ਨਿਕਲਦੇ ਹਨ ਜਦ ਉਹ ਬੰਦ ਹੋਵੇ। ਜਗਮੋਹਨ ਨੂੰ ਸੁਖੀ ਦੇ ਕਤਲ ਵਾਲੀ ਜਗਾਹ ਹੁਣ ਤੰਗ ਨਹੀਂ ਕਰਦੀ। ਗਰੇਵਾਲ ਦੇ ਘਰ ਜਾਣ ਤੋਂ ਪਹਿਲਾਂ ਉਹ ਕਦੇ ਫੋਨ ਵੀ ਨਹੀਂ ਕਰਦਾ, ਉਸ ਨੂੰ ਪਤਾ ਹੈ ਕਿ ਬਹੁਤੀ ਵਾਰ ਉਹ ਘਰ ਹੀ ਹੁੰਦਾ ਹੈ। ਰਿਟਾਇਰਮੈਂਟ ਤੋਂ ਬਾਅਦ ਗਰੇਵਾਲ ਬਹੁਤਾ ਸਮਾਂ ਘਰ ਹੀ ਕਿਤਾਬਾਂ ਪੜਦਾ ਬਤੀਤ ਕਰਦਾ ਹੈ ਪਰ ਹੁਣ ਹੋਰ ਵੀ ਇਕੱਲਾ ਮਹਿਸੂਸ ਕਰਦਾ ਹੈ। ਸ਼ੀਲਾ ਸਪੈਰੋ ਉਸ ਲਈ ਵੱਡੀ ਆਸ ਹੈ ਉਸ ਨੂੰ ਲੱਗਦਾ ਹੈ ਕਿ ਉਹ ਹੁਣ ਨਹੀਂ ਆਵੇਗੀ। ਜੇ ਕਦੇ ਆਈ ਵੀ ਤਾਂ ਜਲਦੀ ਵਾਪਸ ਮੁੜ ਜਾਵੇਗੀ। ਉਸ ਦਾ ਆਪਣਾ ਘਰ ਇੰਡੀਆ ਵਿਚ ਹੈ ਹੀ। ਇਥੇ ਗਰੇਵਾਲ ਦਾ ਘਰ ਨਹੀਂ ਵਸਾ ਸਕੇਗੀ। ਜੇ ਆ ਕੇ ਮੁੜ ਜਾਂਦੀ ਹੈ ਤਾਂ ਗਰੇਵਾਲ ਹੋਰ ਵੀ ਇਕੱਲਾ ਹੋ ਜਾਵੇਗਾ। ਅਣਗਿਣਤ ਕਿਸਮ ਦੇ ਵਿਚਾਰ ਉਸ ਦੇ ਮਨ ਵਿਚ ਆਉਂਦੇ ਜਾਂਦੇ ਰਹਿੰਦੇ ਹਨ।

ਗਰੇਵਾਲ ਤੇ ਜਗਮੋਹਨ ਇਕੱਠੇ ਹੁੰਦੇ ਹਨ ਤਾਂ ਉਹਨਾਂ ਦੀਆਂ ਗੱਲਾਂ ਨਹੀਂ ਮੁਕਦੀਆਂ। ਹਰ ਵਿਸ਼ੇ ਤੇ ਹੀ ਉਹਨਾਂ ਦੀ ਗੱਲਬਾਤ ਚਲਦੀ ਰਹਿੰਦੀ ਹੈ। ਪ੍ਰੀਤੀ ਦੀਆਂ ਤੇ ਮਨਿੰਦਰ ਦੀਆਂ ਗੱਲਾਂ ਤਾਂ ਉਹ ਕਰਦੇ ਹੀ ਰਹਿੰਦੇ ਹਨ। ਹੋਰ ਵੀ ਸਾਊਥਾਲ ਵਿਚ ਇੰਨਾ ਕੁਝ ਵਾਪਰਦਾ ਹੈ। ਨਵੇਂ ਗੁਰਦੁਆਰੇ ਲਈ ਪੈਸੇ ਇਕੱਠੇ ਕੀਤੇ ਜਾ ਰਹੇ ਹਨ। ਹਰ ਧਰਮ ਆਪੋ ਆਪਣਾ ਜਲੂਸ ਸਾਊਥਾਲ ਵਿਚ ਕੱਢਣਾ ਚਾਹੁੰਦਾ ਹੈ। ਗੈਂਗ ਆਪਸ ਵਿਚ ਲੜਾਈਆਂ ਕਰਦੇ ਹਨ। ਨਸਲਵਾਦੀ ਘਟਨਾਵਾਂ ਵੱਧ ਰਹੀਆਂ ਹਨ। ਏਸ਼ੀਅਨ ਲੋਕ ਨਸਲੀ ਹਮਲਿਆਂ ਦੀ ਬਹੁਤੀ ਵਾਰ ਰਿਪੋਰਟ ਵੀ ਦਰਜ ਨਹੀਂ ਕਰਾਉਂਦੇ। ਸਾਊਥਾਲ ਵਿਚ ਡਰੱਗ ਦਾ ਧੰਦਾ ਜ਼ੋਰਾਂ 'ਤੇ ਹੈ। ਲੋਕਾਂ ਨੇ ਪੁਲਿਸ ਤੇ ਹੋਰ ਸਰਕਾਰੀ ਮਹਿਕਮਿਆਂ ਨੂੰ ਰਿਸ਼ਵਤ ਦੇਣੀ ਸ਼ੁਰੂ ਕਰ ਦਿੱਤੀ ਹੈ। ਬਰਤਾਨਵੀ ਸਿਆਸਤ ਵਿਚ ਉਤਰਾਅ ਚੜਾਅ ਆ ਰਹੇ ਹਨ। ਦੇਸੀ ਲੋਕਾਂ ਵਿਚ ਲੇਬਰ ਪਾਰਟੀ ਹਾਲੇ ਵੀ ਲੋਕਾਂ ਦੀ ਹਰਮਨ ਪਿਆਰੀ ਪਾਰਟੀ ਹੈ ਭਾਵੇਂ ਨਵੇਂ ਅਮੀਰ ਹੋਏ ਲੋਕ ਟੋਰੀ ਪਾਰਟੀ ਵਲ ਝੁਕ ਰਹੇ ਹਨ। ਇਹਨਾਂ ਵਿਸ਼ਿਆਂ ਨਾਲੋਂ ਉਹ ਸਭ ਤੋਂ ਵਧ ਗੱਲਾਂ ਗਿਆਨ ਇੰਦਰ ਬਾਰੇ ਕਰਦੇ ਹਨ। ਉਸ ਦੇ ਕਤਲ ਦੇ ਕਾਰਨ ਹਾਲੇ ਤਕ ਨਹੀਂ ਲੱਭੇ। ਰਿਟਾਇਰ ਹੋਣ ਤੋਂ ਬਾਅਦ ਗਰੇਵਾਲ ਆਪਣੇ ਕਾਲਜ ਨੂੰ ਬਹੁਤ ਚੇਤੇ ਕਰਦਾ ਰਹਿੰਦਾ ਹੈ। ਉਸ ਨੂੰ ਗਿਲਾ ਹੈ ਕਿ ਉਸ ਦੇ ਪੁਰਾਣੇ ਸਹਿਕਾਮੇ ਹੁਣ ਉਸ ਨਾਲ ਪਹਿਲਾਂ ਵਰਗੀ ਗਰਮਜੋਸ਼ੀ ਨਾਲ ਨਹੀਂ ਮਿਲਦੇ। ਫੋਨ ਤਾਂ ਹੁਣ ਬਹੁਤ ਘੱਟ ਆਉਂਦੇ ਹਨ।

ਪੰਜਾਬੀ ਲੋਕਾਂ ਵਿਚ ਗਰੇਵਾਲ ਬਾਰੇ ਇਹ ਗਲ ਪ੍ਰਚੱਲਤ ਹੈ ਕਿ ਉਹ ਇਕੱਲਾ ਰਹਿ ਕੇ ਖੁਸ਼ ਹੈ। ਇਸੇ ਕਰਕੇ ਗੁਰਚਰਨ ਜਗਮੋਹਨ ਨੂੰ ਕਹਿਣ ਲੱਗਦਾ ਹੈ,

''ਉਸ ਲੋਨਰ ਨਾਲ ਤੇਰੀ ਕਿੱਦਾਂ ਬਣ ਜਾਂਦੀ ਐ?''

''ਮੇਰੀ ਤਾਂ ਕਿਸੇ ਨਾਲ ਵੀ ਬਣ ਜਾਂਦੀ ਐ।''

ਇਕ ਦਿਨ ਜਗਮੋਹਨ ਕਾਮਰੇਡ ਇਕਬਾਲ ਨੂੰ ਮਿਲਦਾ ਹੈ। ਪੁੱਛਦਾ ਹੈ,

''ਕਦੋਂ ਐ ਕਾਮਰੇਡ, ਤੁਹਾਡਾ ਫੰਕਸ਼ਨ ?''

''ਜੂਨ ਵਿਚ, ਬਹੁਤ ਵੱਡੀ ਪੱਧਰ ਦਾ ਮੁਸ਼ਾਇਰਾ ਕਰਾ ਰਹੇ ਆਂ, ਇੰਡੀਆ ਤੇ ਪਾਕਿਸਤਾਨ ਤੋਂ ਸ਼ਾਇਰ ਪਹੁੰਚ ਰਹੇ ਆ।''

''ਸਾਡੀ ਮੈਡਮ ਨੂੰ ਸੱਦੋਂਗੇ ?''

''ਕਿਹਨੂੰ ? ਸ਼ੀਲਾ ਸਪੈਰੋ ਨੂੰ ?... ਕਿਉਂ ਨਹੀਂ ਸੱਦਾਂਗੇ। ਸਗੋਂ ਅਸੀਂ ਸੱਦੇ ਭੇਜਣੇ ਸ਼ੁਰੂ ਕੀਤੇ ਹੋਏ ਆ, ਉਨ੍ਹਾਂ ਨੇ ਵੀਜ਼ੇ ਲੈਣੇ ਹੁੰਦੇ ਆ ਤੇ ਹੋਰ ਤਿਆਰੀ ਵੀ ਕਰਨੀ ਹੁੰਦੀ ਆ।''

''ਸ਼ੀਲਾ ਸਪੈਰੋ ਨੂੰ ਵੀ ਭੇਜ ਛੱਡੋ।''

''ਅੱਜ ਈ ਸਭਾ ਵਿਚ ਗੱਲ ਕਰਦੇ ਆਂ ਤੇ ਤੇਰਾ ਕੰਮ ਹੋ ਜਾਊ ਪਰ ਇਕ ਗੱਲ ਦਸ ਬਈ ਤੂੰ ਸ਼ੀਲਾ ਸਪੈਰੋ ਨੂੰ ਕਿੱਦਾਂ ਜਾਣਦੈਂ।''

''ਮੈਂ ਓਹਦੀ ਕਵਿਤਾ ਪੜ੍ਹਦਾ ਹੁੰਨਾ।''

''ਅੱਛਾ! ਫੇਰ ਤੂੰ ਸਾਡੇ ਮੁਸ਼ਾਇਰਿਆਂ ਵਿਚ ਕਿਉਂ ਨਈਂ ਆਉਂਦਾ।''

''ਸੱਦੋਂਗੇ ਤੇ ਆਵਾਂਗਾ।''

''ਲੈ, ਫੇਰ ਐਤਕੀਂ ਹੁਣੇ ਤੋਂ ਸੱਦਾ ਸਮਝ।''

''ਤੁਸੀਂ ਸ਼ੀਲਾ ਸਪੈਰੋ ਨੂੰ ਸਦੋਂਗੇ ਤਾਂ ਮੈਂ ਵੀ ਆ ਜਾਊਂ।''

''ਇਹ ਹੁਣ ਤੂੰ ਮੇਰੇ ਤੇ ਛੱਡ ਦੇ, ਉਹ ਵੱਡੀ ਸ਼ਾਇਰਾ ਐ, ਉਹਦੀ ਹਾਜ਼ਰੀ ਨਾਲ ਤਾਂ ਸਾਨੂੰ ਵੀ ਫਾਇਦਾ ਹੋਣੈਂ।''

ਜਗਮੋਹਣ ਉਸ ਦਾ ਧੰਨਵਾਦ ਕਰਦਾ ਹੈ। ਮਨ ਹੀ ਮਨ ਹੱਸਦਾ ਵੀ ਹੈ ਕਿ ਕਵਿਤਾ ਪੜ੍ਹਨ ਬਾਰੇ ਉਹ ਕਿੰਨੀ ਸਫਾਈ ਨਾਲ ਝੂਠ ਬੋਲ ਗਿਆ ਹੈ।

ਸ਼ੀਲਾ ਸਪੈਰੋ ਨੂੰ ਫੰਕਸ਼ਨ ਦਾ ਸੱਦਾ ਪੱਤਰ ਚਲੇ ਜਾਂਦਾ ਹੈ ਤੇ ਨਾਲ ਹੀ ਗਰੇਵਾਲ ਇਕ ਸਪੌਂਸਰਸ਼ਿੱਪ ਲੈਟਰ ਵੀ ਭੇਜਦਾ ਹੈ। ਗਰੇਵਾਲ ਤੇ ਸ਼ੀਲਾ ਵਿਚਕਾਰ ਫੋਨ ਉਪਰ ਲਗਾਤਾਰ ਗੱਲਬਾਤ ਹੋਣ ਲਗਦੀ ਹੈ। ਉਹ ਉਸ ਨੂੰ ਵੀਜ਼ਾ ਮਿਲਣ ਦੀ ਉਡੀਕ ਬੜੀ ਬੇਸਬਰੀ ਨਾਲ ਕਰਦਾ ਹੈ। ਵੀਜ਼ਾ ਅਫਸਰ ਨਾਲ ਹੋਣ ਵਾਲੇ ਸਵਾਲ ਜਵਾਬ ਬਾਰੇ ਸਲਾਹਾਂ ਦਿੰਦਾ ਹੈ। ਉਹ ਜਗਮੋਹਨ ਨੂੰ ਆਖਦਾ ਹੈ,

"ਇੰਨੀ ਤਿਆਰੀ ਕੀਤੀ ਐ ਹੁਣ ਵੀਜ਼ਾ ਮਿਲ ਵੀ ਜਾਵੇ।"

"ਸਰ ਜੀ, ਮਿਲ ਜਾਣੈ ਤੁਸੀਂ ਐਵੇਂ ਵੱਰੀ ਨਾ ਕਰੋ, ਤੁਸੀਂ ਇਹ ਦੇਖੋ ਕਿ ਹਨੀਮੂਨ ਕਿਥੇ ਮਨਾਉਣੈਂ।"

"ਹਨੀਮੂਨ ਵਾਲੀਆਂ ਗੱਲਾਂ ਹੁਣ ਨਹੀਂ ਰਹੀਆਂ, ਏਸ ਉਮਰ ਵਿਚ ਤਾਂ ਇਕ ਦੂਜੇ ਦੀ ਹਾਜ਼ਰੀ ਈ ਬਹੁਤ ਹੁੰਦੀ ਐ"

"ਅਜ ਕਲ ਤਾਂ ਇਕ ਗੋਲੀ ਨਿਕਲੀ ਐ ਦਸਦੇ ਆ ਕਿ ਬਹੁਤ ਕਾਰਗਰ ਐ।"

"ਮੇਰੇ ਵਰਗੇ ਬਲੱਡ ਪ੍ਰੈਸ਼ਰ ਦੇ ਮਰੀਜ਼ ਲਈ ਉਹ ਗੋਲੀ ਖਤਰਨਾਕ ਐ।"

"ਕੋਈ ਦੇਸੀ ਦਵਾ ਲਭ ਲਵਾਂਗੇ।"

"ਇਹ ਸਲਾਹਾਂ ਰਹਿਣ ਦੇ, ਮੈਨੂੰ ਤਾਂ ਇਹ ਐ ਕਿ ਉਹਦਾ ਨੱਕ ਥੋੜਾ ਜਿਹਾ ਉਚਾ ਐ ਤੇ ਮੇਰੇ ਘਰ ਬਹੁਤੀ ਸਫਾਈ ਨਹੀਂ ਜੇ ਉਹ ਇਥੇ ਰਹਿਣ ਨੂੰ ਨਾ ਮੰਨੀ ਤਾਂ ਉਸ ਦੇ ਰਹਿਣ ਦਾ ਕਿਤੇ ਇੰਤਜ਼ਾਮ ਕਰਨਾ ਪਵੇਗਾ।"

"ਮੰਨੇਗੀ ਕਿਉਂ ਨਹੀਂ, ਘਰ ਦੀ ਸਫਾਈ ਦੀ ਗੱਲ ਮੇਰੇ ਤੇ ਛੱਡ ਦਿਓ, ਤੇ ਜੇ ਕੋਈ ਹੋਰ ਗੱਲ ਹੋਵੇ ਵੀ ਤਾਂ ਸਾਡੇ ਵੱਲ ਠਹਿਰਾ ਦੇਵਾਂਗੇ ਪਰ ਤੁਸੀਂ ਕਿਸੇ ਕਿਸਮ ਦਾ ਪ੍ਰੈਸ਼ਰ ਨਾ ਲਓ, ਆਪਣੀ ਸਿਹਤ ਦਾ ਧਿਆਨ ਰੱਖੋ, ਤੁਹਾਡੀ ਸਿਹਤ ਹੁਣ ਮੈਡਮ ਸ਼ੀਲਾ ਸਪੈਰੋ ਦੀ ਅਮਾਨਤ ਐ।"

ਸ਼ੀਲਾ ਨੂੰ ਵੀਜ਼ਾ ਮਿਲ ਜਾਂਦਾ ਹੈ। ਗਰੇਵਾਲ ਹਰ ਰੋਜ਼ ਸ਼ੀਲਾ ਨੂੰ ਫੋਨ ਕਰਦਾ ਹੈ ਤੇ ਪਤਾ ਕਰਦਾ ਰਹਿੰਦਾ ਹੈ ਉਸ ਦੇ ਆਉਣ ਦੀ ਤਿਆਰੀ ਕਿਸ ਪੜਾਅ 'ਤੇ ਹੈ। ਜਿਸ ਫੰਕਸ਼ਨ 'ਤੇ ਉਸ ਨੇ ਆਉਣਾ ਹੈ ਉਹ ਤਾਂ ਹਾਲੇ ਅਗਲੇ ਮਹੀਨੇ ਹੈ ਪਰ ਗਰੇਵਾਲ ਚਾਹੁੰਦਾ ਹੈ ਕਿ ਸ਼ੀਲਾ ਜਲਦੀ ਆ ਜਾਵੇ। ਉਹ ਅਜੀਬ ਜਿਹੇ ਚਾਅ ਵਿਚ ਹੈ। ਕਈ ਵਾਰ ਉਹ ਸ਼ੀਲਾ ਬਾਰੇ ਸੋਚਦਾ ਸੋਚਦਾ ਬਹੁਤ ਉਤੇਜਤ ਹੋ ਜਾਂਦਾ ਹੈ।

ਇਕ ਸ਼ਾਮ ਜਗਮੋਹਣ ਗਰੇਵਾਲ ਦੇ ਘਰ ਜਾਂਦਾ ਹੈ। ਗਰੇਵਾਲ ਘਰ ਨਹੀਂ ਹੈ ਪਰ ਉਸ ਦੀ ਕਾਰ ਖੜੀ ਹੈ। ਦੂਜੇ ਦਿਨ ਵੀ ਜਾਂਦਾ ਹੈ। ਘੰਟੀ ਖੜਕਾਉਂਦਾ ਹੈ ਪਰ ਕੋਈ ਉਤਰ ਨਹੀਂ ਆਉਂਦਾ, ਅੰਦਰੋਂ ਕਿਸੇ ਕਿਸਮ ਦੀ ਬਿੜਕ ਵੀ ਨਹੀਂ ਆ ਰਹੀ। ਉਸ ਨੂੰ ਲੱਗਦਾ ਹੈ ਕਿ ਜ਼ਰੂਰ ਗਰੇਵਾਲ ਕਿਸੇ ਲੰਮੇ ਸਫਰ 'ਤੇ ਨਿਕਲ ਗਿਆ ਹੋਵੇਗਾ। ਭਾਵੇਂ ਹੁਣ ਉਹ ਘੁੰਮ ਘੁੰਮ ਕੇ ਅੱਕ ਚੁੱਕਾ ਹੈ ਪਰ ਇਨਸਾਨ ਦੇ ਮਨ ਦਾ ਕੀ ਪਤਾ। ਉਹ ਮਨ ਹੀ ਮਨ ਹੱਸਦਾ ਸੋਚ ਰਿਹਾ ਹੈ ਕਿ ਸ਼ਾਇਦ ਸ਼ਾਇਦ ਸਰ ਜੀ ਮੈਡਮ ਨੂੰ ਲੈਣ ਇੰਡੀਆ ਹੀ ਚਲੇ ਗਏ ਹੋਣ।

ਸ਼ਾਮ ਨੂੰ ਇਕਬਾਲ ਦਾ ਫੋਨ ਆਉਂਦਾ ਹੈ। ਪੁੱਛਦਾ ਹੈ,

"ਕਿਥੇ ਐ ਬਈ ਤੇਰਾ ਗਰੇਵਾਲ ?"

"ਕਿਧਰੇ ਗਿਆ ਲੱਗਦੈ ਹੈ। ਕਿਉਂ, ਤੁਹਾਨੂੰ ਕੀ ਲੋੜ ਪੈ ਗਈ ਗਰੇਵਾਲ ਦੀ ?"

"ਅਸੀਂ ਉਹਦੇ ਤੋਂ ਕਿਹੜੇ ਨਾਹਰੇ ਲਗਵਾਉਣੇ ਆਂ। ਇਹ ਤਾਂ ਸ਼ੀਲਾ ਸਪੈਰੋ ਦਾ ਕੱਲ੍ਹ ਦਾ ਫੋਨ ਆਈ ਜਾਂਦੈ।"

"ਕੀ ਕਹਿੰਦੀ ਐ ਉਹ ?"

"ਉਹਨੇ ਆਉਣਾ ਬਈ ਤੇ ਗਰੇਵਾਲ ਨੇ ਫੋਨ ਚੁੱਕਣਾ ਈ ਬੰਦ ਕਰ 'ਤਾ।"

"ਗਰੇਵਾਲ ਨੂੰ ਪਤਾ ਨਹੀਂ ਹੋਣਾ।"

"ਉਹ ਕਹਿੰਦੀ ਕਿ ਗਰੇਵਾਲ ਨੂੰ ਉਹਨੇ ਫਲਾਈਟ ਨੰਬਰ ਤੇ ਟਾਈਮ ਲਿਖਵਾਇਆ ਹੋਇਐ।"

ਜਗਮੋਹਣ ਸੋਚਦਾ ਹੈ ਕਿ ਕਿਧਰੇ ਕੁਝ ਗਲਤ ਹੈ। ਕਿਤੇ ਗਰੇਵਾਲ ਅੰਦਰ ਹੀ ਨਾ ਹੋਵੇ ਤੇ ਦਰਵਾਜ਼ਾ ਖੋਲ੍ਹਣ ਜੋਗਾ ਨਾ ਹੋਵੇ। ਉਸ ਨੂੰ ਚਿੰਤਾ ਹੋ ਜਾਂਦੀ ਹੈ। ਉਹ ਭੱਜਦਾ ਹੋਇਆ ਗਰੇਵਾਲ ਇੰਪੋਰੀਅਮ ਵਿਚ ਜਾਂਦਾ ਹੈ। ਗਰੇਵਾਲ ਦੇ ਭਰਾਵਾਂ ਨਾਲ ਗੱਲ ਕਰਦਾ ਹੈ। ਉਹ ਆ ਕੇ ਦਰਵਾਜ਼ਾ ਤੋੜਦੇ ਹਨ। ਗਰੇਵਾਲ ਸੈਟੀ ਉਪਰ ਲਾਸ਼ ਵਾਂਗ ਪਿਆ ਹੈ। ਨਬਜ਼ ਚੱਲ ਰਹੀ ਹੈ।

ਪਚਵੰਜਾ

ਪਾਲਾ ਸਿੰਘ ਨੂੰ ਤੜਕਸਾਰ ਜਾਗ ਆ ਜਾਂਦੀ ਹੈ। ਉਸ ਨੂੰ ਹਾਲੇ ਵੀ ਪੂਰਾ ਨਸ਼ਾ ਹੈ। ਕੱਲ ਉਹ ਜ਼ਿਆਦਾ ਪੀ ਗਿਆ ਸੀ। ਇੰਨੀ ਸ਼ਰਾਬ ਉਹ ਪੀਆ ਨਹੀਂ ਕਰਦਾ। ਉਹ ਦੇਖਦਾ ਹੈ ਕਿ ਉਸ ਉਪਰ ਕੰਬਲ ਦਿੱਤਾ ਹੋਇਆ ਹੈ। ਉਸ ਦੇ ਸਿਰ ਤੋਂ ਪੱਗ ਲਾਹ ਕੇ ਪਰਨਾ ਬੰਨ੍ਹਿਆ ਹੋਇਆ ਹੈ। ਪੈਰਾਂ ਵਿਚੋਂ ਜੁਰਾਬਾਂ ਤੱਕ ਉਤਾਰ ਦਿੱਤੀਆਂ ਹਨ। ਉਹ ਸੋਚਦਾ ਕਿ ਮਨਿੰਦਰ ਲੇਟ ਘਰ ਆਈ ਹੋਵੇਗੀ। ਇਕ ਪਲ ਲਈ ਮਨਿੰਦਰ ਉਸ ਨੂੰ ਆਪਣੀ ਮਾਂ ਜਿਹੀ ਦਿੱਸਦੀ ਹੈ। ਉਹ ਕੰਬਲ ਉਤੇ ਹੱਥ ਫੇਰ ਕੇ ਦੇਖਦਾ ਹੈ ਤੇ ਮੁੜ ਸੌਣ ਦੀ ਕੋਸ਼ਿਸ਼ ਕਰਦਾ ਹੈ।

ਦੋਨਾਂ ਮੁੰਡਿਆਂ ਦੇ ਜਾਣ ਤੋਂ ਬਾਅਦ ਮਨਿੰਦਰ ਉਸ ਦੇ ਬਹੁਤ ਨੇੜੇ ਆ ਜਾਂਦੀ ਹੈ। ਉਹ ਅਕਸਰ ਸੋਚਣ ਲੱਗਦਾ ਕਿ ਧੀਆਂ ਤਾਂ ਪੁੱਤਰਾਂ ਤੋਂ ਵੱਧ ਮੋਹ ਕਰਦੀਆਂ ਹਨ ਤੇ ਧੀਆਂ ਨੂੰ ਆਪਣੇ ਫਰਜ਼ਾਂ ਦਾ ਵੀ ਜ਼ਿਆਦਾ ਪਤਾ ਹੁੰਦਾ ਹੈ। ਹੁਣ ਉਸ ਦੇ ਦੋਵੇਂ ਪੁੱਤ ਓਪਰੇ ਬਣ ਚੁੱਕੇ ਹਨ ਜਦ ਕਿ ਧੀ ਉਸ ਦੇ ਨਾਲ ਰਹਿੰਦੀ ਹੈ ਤੇ ਘਰ ਵਿਚ ਸੌ ਸਲਾਹਾਂ ਕਰਦੀ ਪਰ ਗੁਰਦਿਆਲ ਸਿੰਘ ਆ ਕੇ ਉਸ ਦੀ ਜ਼ਿੰਦਗੀ ਨੂੰ ਉਲਟ ਪੁਲਟ ਕਰ ਜਾਂਦਾ ਹੈ। ਮੁੰਡਿਆਂ ਨੇ ਮਰਜ਼ੀ ਦੀਆਂ ਕੁੜੀਆਂ

ਲੱਭ ਲਈਆਂ, ਘਰੋਂ ਚਲੇ ਗਏ ਪਰ ਕਿਸੇ ਸ਼ਰੀਕ ਨੇ ਮਿਹਣਾ ਨਹੀਂ ਮਾਰਿਆ। ਮਨਿੰਦਰ ਵੇਲੇ ਤਾਂ ਗੁਰਦਿਆਲ ਸਿੰਘ ਜਿਵੇਂ ਉਸ ਨੂੰ ਮੰਜੇ ਤੋਂ ਹੇਠਾਂ ਲਾਹ ਗਿਆ ਹੋਵੇ। ਉਹ ਮੁੜ ਕੇ ਸੌਣ ਦੀ ਕੋਸ਼ਿਸ਼ ਕਰਦਾ ਹੈ। ਮਨਿੰਦਰ ਉਠੇਗੀ ਤਾਂ ਉਸ ਨਾਲ ਗੱਲ ਕਰੇਗਾ। ਰਾਤ ਵਾਲਾ ਉਸ ਦਾ ਜੋਸ਼ ਠੰਡਾ ਪੈ ਚੁੱਕਾ ਹੈ।

ਰਸੋਈ ਵਿਚ ਭਾਂਡਿਆਂ ਦੇ ਖੜਕਣ ਨਾਲ ਉਸ ਦੀ ਨੀਂਦ ਖੁੱਲਦੀ ਹੈ। ਉਹ ਕੰਬਲ ਨੂੰ ਇਕ ਪਾਸੇ ਰੱਖਦਾ ਉਠ ਖੜਦਾ ਹੈ। ਮਨਿੰਦਰ ਚਾਹ ਦਾ ਕੱਪ ਲਈ ਆਉਂਦੀ ਹੈ ਤੇ ਪੁੱਛਦੀ ਹੈ,

''ਕੀ ਗੱਲ ਐ ਡੈਡ ?... ਰਾਤੀਂ ਇਥੇ ਹੀ ਪੈ ਗਏ! ਏਨੀ ਕਿਉਂ ਪੀਣੀ ਸੀ ?''

ਪਾਲਾ ਸਿੰਘ ਕੁਝ ਨਹੀਂ ਬੋਲਦਾ ਤੇ ਉਠ ਕੇ ਗੁਸਲ ਚਲੇ ਜਾਂਦਾ ਹੈ। ਗੁਸਲ ਤੋਂ ਵਿਹਲਾ ਹੋ ਕੇ ਚਾਹ ਪੀਣ ਲੱਗਦਾ ਹੈ। ਮਨਿੰਦਰ ਵੀ ਆਪਣੀ ਚਾਹ ਉਸ ਕੋਲ ਹੀ ਲੈ ਆਉਂਦੀ ਹੈ। ਪਾਲਾ ਸਿੰਘ ਕਹਿੰਦਾ ਹੈ,

''ਮਨਿੰਦਰ, ਸ਼ਾਮ ਨੂੰ ਜ਼ਰਾ ਜਲਦੀ ਆ ਜਾਵੀਂ, ਇਕ-ਦੋ ਗੱਲਾਂ ਕਰਨੀਆਂ।''

''ਐਨੀਥਿੰਗ ਸਪੈਸ਼ਲ ਡੈਡ ?''

''ਨਹੀਂ, ਕੋਈ ਸਪੈਸ਼ਲ ਨਹੀਂ।''

ਉਹ ਮਨਿੰਦਰ ਵੱਲ ਅੱਖਾਂ ਮਿਲਾਏ ਬਿਨਾਂ ਆਖਦਾ ਹੈ। ਮਨਿੰਦਰ ਉਸ ਦਾ ਚਾਹ ਵਾਲਾ ਖਾਲੀ ਕੱਪ ਚੁੱਕਦੀ ਹੈ। ਰਸੋਈ ਵਿਚ ਰੱਖ ਕੇ ਤੁਰ ਜਾਂਦੀ ਹੈ। ਪਾਲਾ ਸਿੰਘ ਨੂੰ ਆਪਣੇ ਆਪ 'ਤੇ ਗੁੱਸਾ ਆ ਰਿਹਾ ਹੈ ਕਿ ਉਸ ਨੂੰ ਕੁਝ ਕਹਿ ਕਿਉਂ ਨਹੀਂ ਸਕਿਆ। ਉਹ ਗਾਰਡਨ ਵੱਲ ਦੇ ਦਰਵਾਜ਼ੇ ਮੂਹਰੇ ਡੱਠੀ ਕੁਰਸੀ ਉਪਰ ਜਾ ਬੈਠਦਾ ਹੈ। ਇਥੇ ਖੇਡ ਕੇ ਹੀ ਬਚਪਨ ਲੰਘਿਆ ਹੈ ਉਸ ਦੇ ਬੱਚਿਆਂ ਦਾ। ਮਨਿੰਦਰ ਦੀ ਟਰਾਈ-ਸਾਈਕਲ ਹਾਲੇ ਵੀ ਸ਼ੈਡ ਵਿਚ ਪਈ ਹੈ। ਫਿਰ ਉਹ ਮੁੱਛਾਂ ਉਪਰ ਹੱਥ ਫੇਰਦਾ ਉਠ ਖੜਦਾ ਹੈ। ਉਹ ਸੋਚਦਾ ਹੈ ਕਿ ਇਵੇਂ ਗੱਲ ਨਹੀਂ ਬਣਨੀ। ਲੋਕਾਂ ਦੇ ਮੂੰਹ ਬੈਠ ਕੇ ਬੰਦ ਨਹੀਂ ਹੋਣੇ। ਆਪਣੀ ਮੁੱਛ ਨੂੰ ਉਹ ਕਿਸੇ ਹਾਲਤ ਵਿਚ ਵੀ ਡਿੱਗਣ ਨਹੀਂ ਦੇਵੇਗਾ। ਉਹ ਲੌਂਜ ਦਾ ਇਕ ਗੇੜਾ ਕੱਢਦਾ ਹੈ। ਉਸ ਨੂੰ ਇਕ ਪਲ ਲਈ ਖਿਆਲ ਆਉਂਦਾ ਹੈ ਕਿ ਐਡੇ ਵੱਡੇ ਘਰ ਵਿਚ ਉਹ ਬਿਲਕੁਲ ਇਕੱਲਾ ਹੈ। ਉਹ ਉਸੇ ਪਲ ਸੋਚਦਾ ਹੈ ਕਿ ਉਹ ਇਕੱਲਾ ਜ਼ਰੂਰ ਹੈ ਪਰ ਇਕੱਲ ਦਾ ਮਾਰਿਆ ਹੋਇਆ ਨਹੀਂ ਹੈ। ਉਸ ਨੂੰ ਜੀਉਣਾ ਆਉਂਦਾ ਹੈ। ਉਹ ਜਿਥੇ ਵੀ ਬੈਠਦਾ ਹੈ ਲੋਕਾਂ ਦਾ ਮਜਮ੍ਹਾ ਜਿਹਾ ਲਾ ਸਕਦਾ ਹੈ। ਕਈ ਵਾਰ ਉਹ ਸੋਚਣ ਲੱਗਦਾ ਹੈ ਕਿ ਜਦ ਉਹ ਡਿੱਗ ਪਿਆ ਤੇ ਬ੍ਰਿਧ ਘਰ ਵਿਚ ਚਲੇ ਗਿਆ ਤਾਂ ਉਥੇ ਵੀ ਉਦਾਸ ਨਹੀਂ ਹੋਵੇਗਾ। ਜੇ ਜੇਲ੍ਹ ਵਿਚ ਵੀ ਹੋਇਆ ਤਾਂ ਕਿਸੇ ਤਰ੍ਹਾਂ ਵੀ ਘਬਰਾਵੇਗਾ ਨਹੀਂ।

ਉਹ ਤਿਆਰ ਹੋ ਕੇ ਬਾਹਰ ਨਿਕਲਦਾ ਹੈ। ਗੁਰਦੁਆਰੇ ਜਾਂਦਾ ਹੈ। ਅੱਜ ਉਹ ਬਹੁਤ ਲੇਟ ਹੈ। ਵੈਸੇ ਤਾਂ ਉਹ ਗੁਰਦੁਆਰੇ ਲਗਾਤਾਰ ਨਹੀਂ ਜਾਂਦਾ ਪਰ ਜਦ ਜਾਵੇ ਤਾਂ ਤੜਕਸਾਰ ਹੀ ਮੱਥਾ ਟੇਕ ਆਉਂਦਾ ਹੈ। ਰਾਤ ਦੀ ਸ਼ਰਾਬ ਕਾਰਨ ਉਸ ਦਾ ਸਭ ਕੁਝ ਬੇਤਰਤੀਬ ਹੋ ਚੁੱਕਾ ਹੈ ਤੇ ਲੇਟ ਤਾਂ ਹੋਵੇਗਾ ਹੀ। ਗੁਰਦੁਆਰੇ ਉਸ ਨੂੰ ਸੁੱਚਾ ਸਿੰਘ ਮਿਲਦਾ ਜਿਸ ਦੀ ਕੁੜੀ ਨੇ ਆਪਣੀ ਮਰਜ਼ੀ ਦਾ ਵਿਆਹ ਕਰਾਇਆ ਹੈ। ਉਹ ਸੋਚਦਾ ਹੇ ਕਿ ਜੇ ਸੁੱਚਾ ਸਿੰਘ ਉਵੇਂ ਦਾ ਉਵੇਂ ਤੁਰਿਆ ਫਿਰਦਾ ਰਹਿ ਸਕਦਾ ਹੈ ਤਾਂ ਉਸ ਨੂੰ ਕੀ ਕਸਰ ਹੈ। ਉਹ ਵੀ ਤਾਂ ਮਨਿੰਦਰ ਦੀ ਕੋਈ ਗਲਤੀ ਦਿਲ ਵਿਚ ਸਾਂਭ ਸਮਾਜ ਵਿਚ ਰਹਿ ਹੀ ਸਕਦਾ ਹੈ। ਸੁੱਚਾ ਸਿੰਘ ਉਸ ਨਾਲ ਹੱਥ ਮਿਲਾ ਕੇ ਅੱਗੇ ਲੰਘ ਜਾਂਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਸੁੱਚਾ ਸਿੰਘ ਦੇ ਹੱਥ ਵਿਚ ਨਿੱਘ ਨਹੀਂ ਹੈ ਤੇ ਉਸ ਨੇ ਉਸ ਨਾਲ ਅੱਖਾਂ ਵੀ ਨਹੀਂ ਮਿਲਾਈਆਂ। ਪਾਲਾ ਸਿੰਘ ਇਵੇਂ ਨਹੀਂ ਕਰ ਸਕੇਗਾ। ਅਜਿਹਾ ਕੁਝ ਵੀ ਬਰਦਾਸ਼ਤ ਨਹੀਂ ਕਰੇਗਾ ਜਿਸ ਕਰਕੇ ਉਹ ਕਿਸੇ ਨਾਲ ਅੱਖਾਂ ਨਾ ਮਿਲਾ ਸਕੇ।

ਉਹ ਘੁੰਮਦਾ ਘੁਮਾਉਂਦਾ ਗੁਰਦਿਆਲ ਸਿੰਘ ਕੋਲ ਪਹੁੰਚਦਾ ਹੈ। ਗੁਰਦਿਆਲ ਸਿੰਘ ਦੀਆਂ ਅੱਖਾਂ ਵਿਚ ਸਵਾਲ ਹੈ। ਪਾਲਾ ਸਿੰਘ ਕਹਿੰਦਾ ਹੈ,

''ਹਾਲੇ ਗੱਲ ਨਹੀਂ ਹੋਈ ਮਨਿੰਦਰ ਨਾਲ। ਸਵੇਰੇ ਮਿਲੀ ਸੀ।''

''ਰਾਤੀਂ ਨਹੀਂ ਮਿਲੀ ?''

''ਮੈਂ ਜ਼ਿਆਦਾ ਪੀ ਗਿਆ ਸੀ, ਮੈਂ ਸਵੇਰੇ ਕਿਹਾ ਕਿ ਸ਼ਾਮੀਂ ਜਲਦੀ ਆਈਂ।''

ਗੁਰਦਿਆਲ ਸਿੰਘ ਲੰਮਾ ਸਾਹ ਲੈਂਦਾ ਬੋਲਦਾ ਹੈ,

''ਪਿਆਰ ਨਾਲ ਸਮਝਾ ਤੇ ਡਰਾ ਵੀ। ਏਦਾਂ ਈ ਗੱਲ ਬਣ ਜਾਣੀ ਆਂ, ਕੁੜੀ ਨੇ ਓਸ ਮੁੰਡੇ ਦਾ ਖਹਿੜਾ ਛੱਡ ਦੇਣਾਂ। ਤੂੰ ਬਹੁਤੀਆਂ ਦੂਰ ਦੀਆਂ ਨਾ ਸੋਚ। ਤੂੰ ਤੱਤਾ ਬੰਦਾ ਐਂ, ਐਵੇਂ ਨਾ ਕੁਸ਼ ਕਰ ਬੈਠੀਂ।''

ਪਾਲਾ ਸਿੰਘ ਜਵਾਬ ਵਿਚ ਕੁਝ ਨਹੀਂ ਕਹਿੰਦਾ। ਉਹ ਕੁਝ ਦੇਰ ਹੀ ਗੁਰਦਿਆਲ ਸਿੰਘ ਕੋਲ ਰੁਕਦਾ ਹੈ। ਘਰ ਆ ਕੇ ਖਾਣਾ ਤਿਆਰ ਕਰਦਾ ਹੈ। ਫਰੀਜ਼ਰ ਵਿਚੋਂ ਕੱਢ ਕੇ ਸਬਜ਼ੀ ਤੇ ਰੋਟੀਆਂ ਗਰਮ ਕਰ ਲੈਂਦਾ ਹੈ। ਉਹ ਜਲਦੀ ਜਲਦੀ ਹੱਥ ਮਾਰਦਾ ਖਾਣਾ ਖਾ ਰਿਹਾ ਹੈ ਜਿਵੇਂ ਕਿਧਰੇ ਛੇਤੀ ਜਾਣਾ ਹੋਵੇ। ਉਹ ਪੱਬ ਨੂੰ ਜਾਂਦਾ ਹੈ। ਇਕ ਪਾਸੇ ਬੈਠ ਕੇ ਦੋ ਗਲਾਸ ਪੀ ਕੇ ਮੁੜ ਆਉਂਦਾ ਹੈ। ਉਹ ਸ਼ੁਕਰ ਮਨਾਉਂਦਾ ਹੈ ਕਿ ਪੱਬ ਵਿਚ ਕੋਈ ਵਾਕਿਫ ਨਹੀਂ ਮਿਲਿਆ। ਪੱਬ ਤੋਂ ਵਾਪਸ ਘਰ ਮੁੜਦਾ ਉਹ ਵਿਸਕੀ ਦੀ ਵੱਡੀ ਬੋਤਲ ਫੜ ਲਿਆਉਂਦਾ ਹੈ। ਉਸ ਨੂੰ ਪਤਾ ਹੈ ਕਿ ਅੱਜ ਧਿਆਨ ਨਾਲ ਪੀਣੀ ਕਿਉਂਕਿ ਮਨਿੰਦਰ ਨਾਲ ਗੱਲ ਵੀ ਕਰਨੀ ਹੈ।

ਮਨਿੰਦਰ ਘਰ ਆਉਂਦੀ ਹੈ। ਬਾਥਰੂਮ ਜਾ ਕੇ ਉਹ ਪਾਲਾ ਸਿੰਘ ਕੋਲ ਆ ਬੈਠਦੀ ਹੈ। ਪਾਲਾ ਸਿੰਘ ਕਹਿਣ ਲੱਗਦਾ ਹੈ,

''ਮਨਿੰਦਰ, ਤੇਰੀ ਮਾਂ ਨਹੀਂ ਰਹੀ ਏਸ ਕਰਕੇ ਕਈ ਗੱਲਾਂ ਮੈਨੂੰ ਈ ਤੇਰੇ ਨਾਲ ਕਰਨੀਆਂ ਪੈਂਦੀਆਂ।''

''ਡੈਡ, ਕੀ ਹੋਇਆ, ਵਾਏ ਯੂ ਅਪਸੈਂਟ? ਕਿਸੇ ਨੇ ਕਿਹਾ ਕੁਸ਼?''

“ਮਨਿੰਦਰ ਮੈਨੂੰ ਪਤਾ ਚੱਲਿਐ ਕਿ ਕੋਈ ਪਾਕਿਸਤਾਨੀ ਮੁੰਡਾ ਤੇਰਾ ਬੁਆਏ ਫਰਿੰਡ ਐ।”
“ਕੌਣ ਕਹਿੰਦਾ ਡੈਡ? ਇਹ ਝੂਠ ਐ। ਇਟ'ਜ਼ ਬਲੱਡੀ ਲਾਈ।”
“ਤੇਰੀ ਸਾਰੀ ਖਬਰ ਮੈਨੂੰ ਮਿਲਦੀ ਰਹਿੰਦੀ ਐ, ਸਾਡੀ ਫੈਮਲੀ ਵਿਚ ਬੁਆਏ ਫਰਿੰਡ ਅਲਾਓ ਨਹੀਂ ਹੋ ਸਕਦਾ।”
“ਡੈਡ, ਮੇਰੇ ਨਾਲ ਇੰਨੇ ਮੁੰਡੇ ਪੜ੍ਹਦੇ ਆ, ਜੇ ਕੋਈ ਮੇਰੇ ਨਾਲ ਹੈਲੋ ਕਰ ਲਵੇ ਤਾਂ ਮੇਰਾ ਬੁਆਏ ਫਰਿੰਡ ਹੋ ਗਿਆ ? ਡੈਡ ਤੈਨੂੰ ਕਿਸੇ ਨੇ ਲਾਈ ਕੀਤਾ।”
“ਇੰਨਾ ਤਾਂ ਮੈਨੂੰ ਪਤਾ ਐ ਪਰ ਓਸ ਮੁੰਡੇ ਖਾਤਰ ਕਿੰਨੀਆਂ ਲੜਾਈਆਂ ਹੋਈਆਂ, ਤੈਨੂੰ ਪੰਜਾਬੀ ਮੁੰਡਿਆਂ ਨੇ ਰੋਕਿਆ ਵੀ, ਤੂੰ ਨਹੀਂ ਰੁਕੀ ਤਾਂ ਗੱਲ ਮੇਰੇ ਤੱਕ ਪਹੁੰਚੀ ਐ, ਸ਼ਿਵਰਾਜ ਦੀ ਵਾਈਫ ਨੇ ਵੀ ਤੈਨੂੰ ਸਮਝਾਇਆ ਸੀ। ਮੈਂ ਤਾਂ ਐਂਡ ਵਿਚ ਆਪਣੀ ਗੱਲ ਕਰ ਰਿਹਾਂ।”

ਹੁਣ ਮਨਿੰਦਰ ਚੁੱਪ ਹੈ ਤੇ ਹੇਠਾਂ ਨੂੰ ਦੇਖਦੀ ਜਾ ਰਹੀ ਹੈ। ਪਾਲਾ ਸਿੰਘ ਵਿਚ ਹੁਣ ਗੱਲ ਕਰਨ ਦਾ ਹੌਸਲਾ ਵੱਧ ਚੁੱਕਾ ਹੈ। ਉਹ ਕਹਿੰਦਾ ਹੈ,
“ਮਨਿੰਦਰ, ਤੇਰੀ ਮਾਂ ਵਾਲੇ ਲਾਡ ਤਾਂ ਮੇਰੇ ਕੋਲ ਹੈ ਨਹੀਂ। ਮੈਂ ਤਾਂ ਸਿੱਧੀ ਤੇ ਆਖਰੀ ਗੱਲ ਕਰੂੰ, ਇਸ ਕੰਮ ਨੂੰ ਏਥੇ ਹੀ ਦੱਬ ਦੇ, ਪੜ੍ਹਾਈ ਖਤਮ ਕਰ ਤੇ ਫੇਰ ਤੇਰਾ ਵਿਆਹ ਕਰ ਦੇਈਏ, ਜੇ ਤੇਰੀ ਨਜ਼ਰ ਵਿਚ ਆਪਣੇ ਮੁਲਕ ਤੇ ਆਪਣੀ ਜਾਤ ਦਾ ਮੁੰਡਾ ਹੋਇਆ ਤਾਂ ਮੈਨੂੰ ਮਾਈਂਡ ਨਹੀਂ ਪਰ ਆਹ ਪਾਕਿਸਤਾਨੀ ਨਹੀਂ ਚੱਲਣਾ।”

ਉਹ ਇਕ ਮਿੰਟ ਲਈ ਚੁੱਪ ਕਰਦਾ ਹੈ ਕਿ ਜੇ ਮਨਿੰਦਰ ਨੇ ਕੁਝ ਕਹਿਣਾ ਹੋਵੇ ਤਾਂ ਕਹਿ ਲਵੇ। ਮਨਿੰਦਰ ਹਾਲੇ ਵੀ ਖਾਮੋਸ਼ ਹੈ। ਪਾਲਾ ਸਿੰਘ ਫਿਰ ਕਹਿਣ ਲੱਗਦਾ ਹੈ,
“ਤੈਨੂੰ ਪਤਾ ਸਾਧੂ ਸੂੰਹ ਮੇਰਾ ਦੋਸਤ ਸੀ, ਸੁੱਖੀ ਦਾ ਪਿਓ, ਜੇ ਮੈਨੂੰ ਵੀ ਉਹਦੇ ਵਾਲੇ ਰਾਹ ਤੁਰਨਾ ਪਿਆ ਤਾਂ ਮੈਨੂੰ ਮਾਈਂਡ ਨਹੀਂ, ਪਰ ਮੈਂ ਤੈਨੂੰ ਇਕ ਚਾਂਸ ਦਿੰਨਾ ਕਿ ਸਭ ਕੁਝ ਇਥੇ ਹੀ  ਬੰਦ ਕਰ ਦੇ।”

ਮਨਿੰਦਰ ਰੋਣ ਲੱਗਦੀ ਹੈ। ਪਾਲਾ ਸਿੰਘ ਫਿਰ ਕਹਿੰਦਾ ਹੈ,
“ਇਹ ਗੱਲ ਮੈਂ ਪੂਰੇ ਹੋਸ਼ ਹਵਾਸ ਨਾਲ ਤੇ ਸੀਰੀਅਸਲੀ ਕਹਿ ਰਿਹਾਂ, ਮੈਂ ਤੈਨੂੰ ਏਸ ਰਾਹ ਕਦੇ ਨਹੀਂ ਤੁਰਨ ਦੇ ਸਕਦਾ, ਮੇਰੀ ਜ਼ਿੱਦ ਦਾ ਤੈਨੂੰ ਪਤਾ ਈ ਐ।”

ਮਨਿੰਦਰ ਹਾਲੇ ਵੀ ਰੋ ਰਹੀ ਹੈ। ਪਾਲਾ ਸਿੰਘ ਫਿਰ ਬੋਲਦਾ ਹੈ,
“ਹੁਣ ਤੂੰ ਜਾਹ ਤੇ ਮੇਰੀ ਗੱਲ ਭੁੱਲੀਂ ਨਾ, ਗੁਡ ਗਰਲ ਬਣ ਕੇ ਰਹਿ।”

ਮਨਿੰਦਰ ਉਠ ਕੇ ਆਪਣੇ ਕਮਰੇ ਵਿਚ ਚਲੇ ਜਾਂਦੀ ਹੈ।

ਪਾਲਾ ਸਿੰਘ ਟੈਲੀ ਮੂਹਰੇ ਬੈਠਾ ਰਹਿੰਦਾ ਹੈ। ਉਸ ਤੋਂ ਹੋਰ ਡਰਿੰਕ ਪੀਤੀ ਨਹੀਂ ਜਾਂਦੀ ਤੇ ਅੰਤ ਕੁਝ ਖਾਧੇ ਪੀਤੇ ਬਿਨਾਂ ਉਹ ਵੀ ਜਾ ਕੇ ਸੌਂ ਜਾਂਦਾ ਹੈ। ਸਵੇਰੇ ਉਠਦਾ ਹੈ। ਘੜੀ ਦੇਖਦਾ ਹੈ। ਮਨਿੰਦਰ ਵੀ ਜਾਣ ਵਾਲੀ ਹੋਵੇਗੀ। ਉਸ ਨੂੰ ਘਰ ਵਿਚ ਕੋਈ ਹਿਲਜੁਲ ਨਹੀਂ ਸੁਣ ਰਹੀ। ਸੋਚਦਾ ਹੈ ਕਿ ਕਿਤੇ ਮਨਿੰਦਰ ਸੁੱਤੀ ਹੀ ਨਾ ਰਹਿ ਜਾਵੇ। ਉਹ ਮਨਿੰਦਰ ਦਾ ਦਰਵਾਜ਼ਾ ਖੜਕਾਉਣ ਜਾਂਦਾ ਹੈ ਪਰ ਉਸ ਦਾ ਦਰਵਾਜ਼ਾ ਸਪਾਟ ਖੁੱਲ੍ਹਾ ਪਿਆ ਹੈ। ਕਮਰਾ ਖਾਲੀ ਪਿਆ ਹੈ। ਮੋਟਾ ਮੋਟਾ ਸਮਾਨ ਕਮਰੇ ਵਿਚੋਂ ਗਾਇਬ ਹੈ। ਪਾਲਾ ਸਿੰਘ ਘਬਰਾਉਣ ਲੱਗਦਾ ਹੈ। ਹੇਠਾਂ ਪੋਰਚ ਵਿਚ ਆ ਕੇ ਦੇਖਦਾ ਹੈ। ਮਨਿੰਦਰ ਦੇ ਸਾਰੇ ਸ਼ੂਅ ਵੀ ਉਥੇ ਨਹੀਂ ਹਨ। ਉਹ ਬੁੜਬੁੜਾਉਂਦਾ ਕਹਿੰਦਾ ਹੈ – ਇਹ ਕੁੜੀ ਮੈਨੂੰ ਸਾਧੂ ਸੂੰਹ ਬਣਾ ਕੇ ਈ ਹਟੇਗੀ।

ਛਪੰਜਾ

ਜੋਧ ਸਿੰਘ ਭੋਗ ਪੈਣ ਤੋਂ ਬਾਅਦ ਸਿੱਧਾ ਹੀ ਪੱਚੀ ਨੰਬਰ ਵਿਚ ਆ ਜਾਂਦਾ ਹੈ। ਉਹ ਕਾਹਲੀ ਕਾਹਲੀ ਆ ਰਿਹਾ ਹੈ। ਪਿਛਲੇ ਦੋ ਹਫਤਿਆਂ ਦਾ ਕਿਰਾਇਆ ਰੁਕਿਆ ਪਿਆ ਹੈ। ਉਹ ਸੋਚਦਾ ਹੈ ਕਿ ਤਾਰਾ ਵੀ ਇਨ੍ਹਾਂ ਵਿਚੋਂ ਹੀ ਇਕ ਹੈ ਇਸ ਲਈ ਜ਼ੋਰ ਪਾ ਕੇ ਕਹਿੰਦਾ ਨਹੀਂ ਹੋਵੇਗਾ ਉਹ ਮਨ ਹੀ ਮਨ ਸੋਚਦਾ ਆ ਰਿਹਾ ਹੈ ਕਿ ਉਨ੍ਹਾਂ ਨੂੰ ਆਖਰੀ ਚੇਤਾਵਨੀ ਦੇਵੇਗਾ ਕਿ ਕਿਰਾਇਆ ਦੇ ਦੇਵੋ ਨਹੀਂ ਉਹ ਦੂਜਾ ਰਾਹ ਅਪਣਾ ਲਵੇਗਾ। ਉਹ ਤਾਰੇ ਦੀ ਖਿੜਕੀ ਉਪਰ ਦਸਤਕ ਦਿੰਦਾ ਹੈ। ਤਾਰੇ ਦੇ ਕਮਰੇ ਦੀ ਖਿੜਕੀ ਬਾਹਰ ਨੂੰ ਹੈ। ਤਾਰਾ ਪਰਦਾ ਹਟਾ ਕੇ ਦੇਖਦਾ ਹੈ। ਉਸ ਨੂੰ ਜੋਧ ਸਿੰਘ ਦੀ ਪੱਗ ਦਿਸ ਪੈਂਦੀ ਹੈ। ਆਪਣੀ ਉਚੀ ਪੱਗ ਕਾਰਨ ਉਹ ਦੂਰੋਂ ਹੀ ਪਛਾਣਿਆ ਜਾਂਦਾ ਹੈ। ਮੀਕਾ ਕਿਹਾ ਕਰਦਾ ਹੈ ਕਿ ਜਿੱਡਾ ਜੋਧ ਸਿੰਘ ਓਡੀ ਹੀ ਜੋਧ ਸਿੰਘ ਦੀ ਪੱਗ। ਤਾਰਾ ਦਰਵਾਜ਼ਾ ਖੋਲ੍ਹਦਾ ਹੈ। ਜੋਧ ਸਿੰਘ ਹੌਲੇ ਜਿਹੇ ਪੁੱਛਦਾ ਹੈ,
“ਸਾਰੇ ਘਰ ਆ ?”
“ਆਹੋ, ਆ ਜਾਵੋ ਭਾਜੀ, ਆਪ ਗੱਲ ਕਰ ਲਓ।”

ਜੋਧ ਸਿੰਘ ਅੰਦਰ ਲੰਘ ਆਉਂਦਾ ਹੈ। ਸਭ ਦੇ ਵਾਰੀ ਵਾਰੀ ਦਰਵਾਜ਼ੇ ਖੜਕਾਉਂਦਾ ਹੈ। ਮਿੰਦੀ ਤੇ ਦੇਬੀ ਬਾਹਰ ਨਿਕਲਦੇ ਹਨ। ਜੋਧ ਸਿੰਘ ਕਹਿੰਦਾ ਹੈ,
“ਕਿਉਂ ਬਈ ਮੁੰਡਿਓ, ਕਿਰਾਏ ਤੋਂ ਕਿਉਂ ਭੱਜਦੇ ਓ?”
“ਕੌਣ ਭੱਜਦਾ ਭਾਜੀ, ਅਸੀਂ ਕਦੋਂ ਨਾਂਹ ਕੀਤੀ ਆ।”

ਮਿੰਦੀ ਕਹਿਣ ਲੱਗਦਾ ਹੈ। ਉਸ ਦੇ ਨਾਲ ਹੀ ਦੇਬੀ ਆਖਦਾ ਹੈ,
“ਏਹ ਤਾਂ ਭਾਜੀ ਪਿਛਲੇ ਵੀਕ ਪੇਅ ਨਹੀਂ ਮਿਲੀ।”

“ਪੇਅ ਮਿਲੀ ਜਾਂ ਨਹੀਂ ਮਿਲੀ ਇਹ ਮੇਰੀ ਪਰੌਬਲਮ ਨਹੀਂ, ਮੇਰੀ ਪਰੌਬਲਮ ਮੇਰਾ ਕਿਰਾਇਆ ਐ।”
“ਭਾਜੀ, ਇਹ ਤਾਂ ਠੀਕ ਐ ਪਰ ਪੇਅ ਮਿਲੂ ਤਾਂ ਕਿਰਾਇਆ ਦੇ ਹੋਊ।”
“ਜੇ ਏਦਾਂ ਕਰਨੀ ਆਂ ਤਾਂ ਆਪਣਾ ਇੰਤਜ਼ਾਮ ਕਿਤੇ ਹੋਰ ਕਰ ਲਓ। ਦੂਜੀ ਗੱਲ ਮੈਨੂੰ ਕਿਤੇ ਐਰਾ ਗੈਰਾ ਨਾ ਸਮਝ ਬੈਠਿਓ, ਮੇਰੀਆਂ ਜੜ੍ਹਾਂ ਬਹੁਤ ਡੂੰਘੀਆਂ ਹੈਗੀਆਂ, ਮੈਨੂੰ ਕਿਰਾਇਆ ਲੈਣਾ ਔਂਦੈ।”

ਜੋਧ ਸਿੰਘ ਨੇ ਢਾਕਾਂ 'ਤੇ ਹੱਥ ਰੱਖ ਕੇ ਗੱਲ ਕਰਦਾ ਹੈ। ਉਹ ਦੋਵੇਂ ਝਿਪ ਜਿਹਾ ਜਾਂਦੇ ਹਨ। ਨਾਲ ਹੀ ਉਹ ਨਿੰਮੇ ਦਾ ਮੁੜ ਦਰਵਾਜ਼ਾ ਖੜਕਾ ਦਿੰਦਾ ਹੈ। ਮਿੰਦੀ ਤੇ ਦੇਬੀ ਹਾਲੇ ਗੈਰਕਾਨੂੰਨੀ ਹੀ ਤੁਰੇ ਫਿਰਦੇ ਹਨ ਜਦ ਕਿ ਨਿੰਮੇ ਨੇ ਕੇਸ ਕੀਤਾ ਹੋਇਆ ਹੈ। ਇਵੇਂ ਹੀ ਮੀਕਾ ਵੀ ਕੇਸ ਕਰਕੇ ਕਾਨੂੰਨਨ ਕੰਮ ਕਰਨ ਯੋਗ ਹੋ ਗਿਆ ਹੈ। ਹੁਣ ਉਸ ਨੂੰ ਪਹਿਲਾਂ ਵਾਲਾ ਡਰ ਨਹੀਂ ਹੈ। ਉਸ ਨੂੰ ਮੂੰਹ ਆਈ ਗੱਲ ਕਹਿਣ ਵਿਚ ਸੌਖ ਹੋ ਗਈ ਹੈ ਵੈਸੇ ਉਸ ਦੇ ਫੈਸਲੇ ਦੀ ਚਿੱਠੀ ਆਉਣ ਵਾਲੀ ਹੈ ਕਿ ਉਸ ਨੂੰ ਰਹਿਣ ਦੀ ਇਜ਼ਾਜਤ ਮਿਲੇਗੀ ਕਿ ਮੁੜ ਲੁਕ ਛਿਪ ਕੇ ਰਹਿਣਾ ਪਵੇਗਾ। ਨਿੰਮੇ ਦੇ ਕਮਰੇ ਵਿਚੋਂ ਮੀਕਾ ਵੀ ਨਿਕਲਦਾ ਹੈ। ਮੀਕੇ ਨੂੰ ਦੇਖ ਕੇ ਜੋਧ ਸਿੰਘ ਦਾ ਗੁੱਸਾ ਵੱਧ ਜਾਂਦਾ ਹੈ। ਉਹ ਪੁੱਛਦਾ ਹੈ,
“ਮੀਕਿਆ, ਤੂੰ ਵੀ ਇਥੇ ਰਹਿੰਨਾਂ ?”
“ਨਾ ਬਈ ਬੜੇ ਭਾਈ, ਏਦਾਂ ਦੇ ਗੰਦੇ ਘਰ ਵਿਚ ਤਾਂ ਰੱਬ ਦੁਸ਼ਮਣ ਨੂੰ ਵੀ ਨਾ ਰੱਖੇ। ਇਹ ਘਰ ਤਾਂ ਟੀ.ਬੀ. ਦੀ ਬਿਮਾਰੀ ਨਾਲ ਭਰਿਆ ਪਿਐ, ਲੱਗੀ ਕਿ ਲੱਗੀ, ਆਹ ਦੇਖ ਦੇਬੀ ਦੀ ਲੱਤ ਕਿਦਾਂ ਗਲ਼ੀ ਪਈ ਐ।”
“ਇਹਦੀ ਲੱਤ ਮੈਂ ਗਾਲ਼ੀ ਆ!”
“ਦੇਖ ਕਿੰਨਾ ਸਲਾਭਾ ਸਾਲਾ ਏਥੇ, ਜ਼ਖਮ ਠੀਕ ਕਿਦਾਂ ਹੋ ਜਾਊ! ਘਰ ਗੰਦ ਨਾਲ ਭਰਿਆ ਹੋਇਐ, ਕੰਧਾਂ ਤੋਂ ਸੀਮੰਟ ਝੜਦੈ, ਕਾਰਪੈਂਟ ਪਤਾ ਨਹੀਂ ਕਿੰਨੇ ਸਾਲਾਂ ਦੀ ਪਾਈ ਹੋਈ ਐ, ਇਹ ਇਨਸਾਨਾਂ ਦੇ ਰਹਿਣ ਵਾਲ਼ਾ ਹੈ ਈ ਨਹੀਂ ਜੇ ਹੈਲਥ ਵਾਲੇ ਇਹ ਘਰ ਦੇਖ ਲੈਣ ਤਾਂ ਤੈਨੂੰ ਜੇਲ੍ਹ ਕਰ ਦੇਣ।”
“ਘਰ ਦੀ ਸਫਾਈ ਰੱਖਣੀ ਕਿਰਾਏਦਾਰ ਦਾ ਕੰਮ ਹੁੰਦੈ ਤੇ ਜੇ ਤੈਨੂੰ ਇਹ ਘਰ ਗੰਦਾ ਲੱਗਦੈ ਤਾਂ ਏਥੇ ਕੀ ਕਰਨ ਔਨਾਂ, ਨਿਕਲ ਏਥੋਂ।”
“ਦੇਖ ਓਏ ਯੋਧਿਆ, ਜ਼ਰਾ ਅਕਲ ਨਾਲ ਗੱਲ ਕਰ, ਆਪਣੀ ਵੀ ਇੱਜ਼ਤ ਐ, ਤੇਰੇ ਵਰਗੇ ਛੋਟੇ ਬੰਦੇ ਨਾਲ ਤਾਂ ਮੈਂ ਗੱਲ ਕਰਨੀ ਵੀ ਆਪਣੀ ਹੇਠੀ ਸਮਝਦਾਂ। ਤੂੰ ਇਨ੍ਹਾਂ ਮੁੰਡਿਆਂ ਨੂੰ ਡਰਾਈ ਜਾਨਾ। ਜੇ ਇਕ ਹਫਤਾ ਕਿਰਾਏ ਨੂੰ ਲੇਟ ਹੋ ਗਏ ਤਾਂ ਆ ਕੇ ਏਦਾਂ ਰੋਅਬ ਪਾਉਂਨਾ ਜਿੱਦਾਂ ਸਾਲੀ ਬਾਰਾਂਦਰੀ ਕਿਰਾਏ 'ਤੇ ਦਿੱਤੀ ਹੋਵੇ।”

ਜੋਧਾ ਸਿੰਘ ਉਸ ਵੱਲ ਗੁੱਸੇ ਨਾਲ ਭਰੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ। ਨਿੰਮਾ ਉਸ ਨੂੰ ਆਖਦਾ ਹੈ,
“ਭਾਜੀ ਫਿਕਰ ਨਾ ਕਰ, ਅਸੀਂ ਕਿਰਾਇਆ ਤਾਰੇ ਨੂੰ ਦੇ ਦੇਵਾਂਗੇ।”

ਜੋਧਾ ਹਾਲੇ ਵੀ ਦੇਖੀ ਜਾ ਰਿਹਾ ਹੈ ਜਿਵੇਂ ਕਿ ਲੜਨ ਲਈ ਤਿਆਰ ਖੜ੍ਹਾ ਹੁੰਦਾ ਹੈ। ਮੀਕਾ ਉਚੀ ਅਵਾਜ਼ ਵਿਚ ਕਹਿੰਦਾ ਹੈ,
“ਆਓ ਬਈ ਮੁੰਡਿਓ, ਆਪਾਂ ਲੰਗਰ ਵੀ ਖਾਣਾ, ਫੇਰ ਪਿੱਪਲ ਬੋਹੜਾਂ ਵਿਚ ਮਾਣਕ ਦਾ ਖਾੜਾ ਵੀ ਲੱਗਣਾ। ਇਹ ਜੋਧੇ ਨੇ ਜੇ ਸਾਨੂੰ ਗਲਾਸੀ ਪੀਣ ਲਈ ਮਜਬੂਰ ਕਰ ਦਿੱਤਾ ਤਾਂ ਲੰਗਰ ਰਹਿ ਜਾਣਾ ਤੇ ਬਾਬੇ ਨੇ ਨਰਾਜ਼ ਹੋ ਜਾਣਾ।”

ਕਹਿ ਕੇ ਉਹ ਵਿੰਗੀ ਨਜ਼ਰ ਨਾਲ ਜੋਧਾ ਸਿੰਘ ਵੱਲ ਦੇਖਦਾ ਹੈ ਤੇ ਨਿੰਮੇ ਦੇ ਕਮਰੇ ਵਿਚ ਜਾ ਵੜਦਾ ਹੈ। ਤਾਰਾ ਜੋਧਾ ਸਿੰਘ ਨੂੰ ਕਹਿੰਦਾ ਹੈ,
“ਭਾਜੀ, ਹੁਣ ਤੁਸੀਂ ਜਾਓ, ਮੈਂ ਕਿਰਾਇਆ ਅੱਪੜਦਾ ਕਰ ਦਊਂ।”

ਜੋਧਾ ਸਿੰਘ ਤੁਰਨ ਲਈ ਇਕ ਪੈਰ ਪੁੱਟਦਾ ਆਖਦਾ ਹੈ,
“ਕਿਤੇ ਮੈਨੂੰ ਸਵਰਨ ਸੂੰਹ ਈ ਨਾ ਸਮਝ ਲੈਣ ਕਿ ਮੁਫਤ 'ਚ ਈ ਮਕਾਨ ਦੱਬਲਾਂਗੇ, ਮੈਂ ਤਾਂ ਚੁਕਾ ਦਊਂ ਪੂਛਾਂ।”

ਮੀਕਾ ਵੀ ਸੁਣ ਲੈਂਦਾ ਹੈ ਤੇ ਬਾਹਰ ਆ ਕੇ ਕਹਿੰਦਾ ਹੈ,
“ਜੋਧਾ ਸਿਆਂ, ਤੂੰ ਏਸ ਨਰਕ ਨੂੰ ਐਵੇਂ ਘਰ ਘਰ ਕਹੀ ਜਾਨਾ। ਪਹਿਲਾਂ ਏਹਦੀ ਸਫਾਈ ਕਰਾ, ਏਹਨੂੰ ਰਹਿਣ ਯੋਗ ਬਣਾ ਫੇਰ ਕਿਰਾਇਆ ਮੰਗ। ਤੇਰਾ ਮਕਾਨ ਐ ਤਾਂ ਤੂੰ ਕਿਰਾਏ ਦਾ ਹੱਕਦਾਰ ਤਾਂ ਹੈਗਾਂ ਪਰ ਏਹਦੇ 'ਤੇ ਹੱਥ ਵੀ ਫੇਰ।”
“ਤੂੰ ਮੀਕਿਆ, ਮੈਨੂੰ ਸਲਾਹਾਂ ਨੇ ਦੇ ਬਹੁਤੀਆਂ।”
“ਧਰਮ ਨਾਲ ਜੇ ਮੈਂ ਤੇਰਾ ਕਿਰਾਏਦਾਰ ਹੁੰਦਾ ਤਾਂ ਮੈਂ ਤੈਨੂੰ ਦੱਸਦਾ।”

ਨਿੰਮਾ ਤੇ ਤਾਰਾ ਮੀਕੇ ਨੂੰ ਚੁੱਪ ਕਰਾਉਣ ਲੱਗਦੇ ਹਨ। ਮਿੰਦੀ ਤੇ ਦੇਬੀ ਵੀ ਆ ਜਾਂਦੇ ਹਨ। ਜੋਧਾ ਸਿੰਘ ਘਰੋਂ ਬਾਹਰ ਤੁਰ ਜਾਂਦਾ ਹੈ। ਉਹ ਬੁੜਬੁੜ ਕਰ ਰਿਹਾ ਹੈ – “ਇਹ ਸਾਲੇ ਫੌਜੀ ਈ ਨਹੀਂ ਮਾਨ, ਆਹ ਹਫਤਾ ਦੇਖਦਾਂ ਨਹੀਂ ਤਾਂ ਇਨ੍ਹਾਂ ਦਾ ਸਮਾਨ ਚੁੱਕ ਕੇ ਬਾਹਰ ਨਾ ਸੁੱਟਿਆ ਤਾਂ ਮੈਨੂੰ ਜੋਧਾ ਸੂੰਹ ਕਿਹਨੇ ਕਹਿਣਾ।”

ਉਸ ਦੇ ਜਾਣ ਤੋਂ ਬਾਅਦ ਮੀਕਾ ਕਹਿੰਦਾ ਹੈ,
“ਕਰ ਗਿਆ ਨਾ ਸਾਲਾ ਮੂਡ ਖਰਾਬ, ਅੱਗੇ ਸਾਲੀ ਕੁਲਬੀਰੋ ਮਰ ਗਈ ਤਾਂ ਕਈ ਦਿਨ ਚਿੱਤ ਟਿਕਾਣੇ ਨਹੀਂ ਆਇਆ, ਲਿਆਓ ਬਈ ਮੈਨੂੰ ਦਿਓ ਇਕ ਤਕੜਾ ਜਿਹਾ ਹਾੜਾ, ਮੈਂ ਨਹੀਂ ਜਾਂਦਾ ਹੁਣ ਬਾਬੇ ਦੇ। ਸਿੱਧਾ ਖਾੜੇ 'ਚ ਈ ਮਿਲੂੰ।”

ਕਹਿੰਦਾ ਮੀਕਾ ਆਪ ਹੀ ਬੋਤਲ ਚੁੱਕ ਲੈਂਦਾ ਹੈ। ਉਹ ਸਾਰੇ ਹੀ ਤਾਰੇ ਦੇ ਕਮਰੇ ਵਿਚ ਆ ਬੈਠਦੇ ਹਨ। ਗੁਰਦੁਆਰੇ ਜਾਣ ਦਾ ਪ੍ਰੋਗਰਾਮ ਕੈਂਸਲ ਹੋ ਜਾਂਦਾ ਹੈ। ਮਿੰਦੀ ਮੀਟ ਲੈਣ ਚਲੇ ਜਾਂਦਾ ਹੈ। ਦੇਬੀ ਦੋ ਬੋਤਲਾਂ ਵਿਸਕੀ ਦੀਆਂ ਫੜ ਲਿਆਉਂਦਾ ਹੈ। ਮਹਿਫਲ ਲੱਗ ਜਾਂਦੀ ਹੈ। ਹਫਤਾਂਤ ‘ਤੇ ਕਦੇ ਕਦੇ ਇਵੇਂ ਇਕੱਠੇ ਹੋ ਜਾਇਆ ਕਰਦੇ ਹਨ। ਇਵੇਂ ਹੀ ਮੀਕਾ ਇਧਰ ਆ ਜਾਂਦਾ ਹੈ। ਨਹੀਂ ਤਾਂ ਉਹ ਲੇਡੀ ਮਾਰਗਰੇਟ ਰੋਡ ਉਪਰ ਰਹਿੰਦਾ ਹੈ। ਉਹ ਆਖਦਾ ਹੈ,

‘‘ਸਭ ਤੋਂ ਪਹਿਲਾਂ ਤਾਂ ਆਪਾਂ ਦੇਬੀ ਦੀ ਲੱਤ ਦਾ ਕੁਸ਼ ਕਰੀਏ, ਏਹ ਤਾਂ ਮਰ ਜਾਊ ਏਦਾਂ ਈ।’’
‘‘ਅਸੀਂ ਤਾਂ ਕੋਸ਼ਿਸ਼ ਕਰੀ ਜਾਨੇ ਆਂ ਕਿ ਕੋਈ ਡਾਕਟਰ ਬਣ ਜਾਵੇ ਤੇ ਇਹਦਾ ਇਲਾਜ ਹੋ ਸਕੇ।’’
‘‘ਨਈਂ ਯਾਰ, ਤੁਸੀਂ ਗਲਾਸੀ ਪੀਓ, ਮੇਰੀ ਦਵਾਈ ਇੰਡੀਆ ਤੋਂ ਆ ਰਹੀ ਐ।’’
‘‘ਇੰਡੀਆ ਤੋਂ ਆਈ ਦਵਾਈ ਨਾਲ਼ ਵੀ ਪੂਰਾ ਈ ‘ਰਾਮ ਆ ਜਾਊ।’’

ਦੇਬੀ ਦੀ ਲੱਤ ਬਾਰੇ ਉਹ ਸਾਰੇ ਹੀ ਬਹੁਤ ਫਿਕਰਵੰਦ ਹਨ ਪਰ ਦੇਬੀ ਦੇ ਗੈਰਕਨੂੰਨੀ ਰਹਿੰਦੇ ਹੋਣ ਕਰਕੇ ਡਾਕਟਰ ਤਾਈਂ ਪਹੁੰਚ ਨਹੀਂ ਕਰ ਸਕਦੇ। ਦੇਬੀ ਦੀ ਲੱਤ ਦਾ ਛੋਟਾ ਜਿਹਾ ਜ਼ਖਮ ਇਲਾਜ ਖੁਣੋਂ ਹੀ ਪੂਰੀ ਲੱਤ ‘ਤੇ ਫੈਲ ਜਾਂਦਾ ਹੈ। ਸਭ ਦਾ ਮੂਡ ਖਰਾਬ ਹੋ ਰਿਹਾ ਹੈ। ਤਾਰਾ ਗੱਲ ਬਦਲਦਾ ਮੀਕੇ ਨੂੰ ਪੁੱਛਦਾ ਹੈ,
‘‘ਇਹ ਜਿਹੜੀ ਕੁੜੀ ਮਰ ਗਈ ਤੇਰੀ ਗੱਲਬਾਤ ਸੀ ਉਹਦੇ ਨਾਲ ?’’
‘‘ਹੋਰ ਕਿਤੇ ਨਾ ਵੀ, ਉਹਦੀਆਂ ਅੱਖਾਂ ਵਿਚ ਸਾਲਾ ਪਿਆਰ ਈ ਪਿਆਰ ਸੀ।’’

ਨਿੰਮਾ ਉਸ ਦੀ ਗੱਲ ਟੋਕਦਾ ਆਖਣ ਲੱਗਦਾ ਹੈ,
‘‘ਐਵੇਂ ਛੱਡੀ ਜਾਂਦੈ ਸਾਲਾ, ਉਹ ਤਾਂ ਏਹਦੀ ਹੈਲੋ ਦਾ ਜਵਾਬ ਵੀ ਨਹੀਂ ਸੀ ਦਿੰਦੀ, ਸਗਾਂ ਅੰਕਲ ਕੋਲ ਏਹਦੀ ਸ਼ਿਕਾਇਤ ਕਰ ਦਿੰਦੀ ਸੀ।’’
‘‘ਉਹ ਅੰਕਲ ਦੀ ਕੌਣ ਪ੍ਰਵਾਹ ਕਰਦਾ। ਨਾਲੇ ਉਹ ਜਿਹੜੀਆਂ ਗੱਲਾਂ ਮੇਰੇ ਨਾਲ ਅੱਖਾਂ ਅੱਖਾਂ ਰਾਹੀਂ ਕਰ ਲੈਂਦੀ ਸੀ ਤੁਹਾਨੂੰ ਕਿਸੇ ਨੂੰ ਕੀ ਪਤਾ।’’
‘‘ਮੀਕਿਆ, ਛੱਡ ਓਹਦੀਆਂ ਗੱਲਾਂ, ਕੋਈ ਹੋਰ ਗੱਲ ਕਰੀਏ।’’

ਨਿੰਮਾ ਕਹਿੰਦਾ ਹੈ। ਉਸ ਨੂੰ ਕੁਲਬੀਰੋ ਦੀਆਂ ਗੱਲਾਂ ਕਰਨਾ ਚੰਗਾ ਨਹੀਂ ਲੱਗ ਰਿਹਾ। ਮੀਕਾ ਹੱਸਦਾ ਹੋਇਆ ਕਹਿੰਦਾ ਹੈ,
‘‘ਏਹ ਵੀ ਓਹਦਾ ਭਗਤ ਸੀ, ਬੁੜੀਆਂ ਵਿਚ ਬੈਠ ਕੇ ਰੋਂਦਾ ਸੀ ਓਦਣ ਤੇ ਸਾਲੇ ਨੇ ਰੋਜ਼ ਈ ਸਕੌਟ ਐਵੇਨਿਊ ਉਤੇ ਕੁਲਬੀਰੋ ਦੇ ਘਰ ਮੂਹਰੇ ਗੱਡੀ ਖੜੀ ਕਰਕੇ ਘਰ ਵੱਲ ਨੂੰ ਦੇਖੀ ਜਾਣਾ। ਇਹ ਤਾਂ ਅੰਕਲ ਨੇ ਦੱਬਕਿਆ ਕਿ ਪੁਲਿਸ ਕਿਸੇ ਗੱਲ ਵਿਚ ਨਾ ਘੜੀਸ ਕਰ ਲਵੇ।’’

ਉਹ ਕਿੰਨੀ ਦੇਰ ਤੱਕ ਕੁਲਬੀਰੋ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਸ਼ਾਮ ਤੱਕ ਇੰਨੇ ਸ਼ਰਾਬੀ ਹੋ ਜਾਂਦੇ ਹਨ ਕਿ ਸਾਰੇ ਹੀ ਸੌਂ ਜਾਂਦੇ ਹਨ। ਕੁਝ ਘੰਟੇ ਸੌਂ ਕੇ ਊਠਦੇ ਹਨ ਤੇ ਪੱਬ ਨੂੰ ਚਲੇ ਜਾਂਦੇ ਹਨ। ਜੋਧਾ ਸਿੰਘ ਵੀ ਪੱਬ ਵਿਚ ਬੈਠਾ ਹੈ। ਮੀਕਾ ਉਸ ਵੱਲ ਦੇਖਦਾ ਨਿੰਮੇ ਨੂੰ ਕਹਿੰਦਾ ਹੈ,
‘‘ਦੱਸ ਇਹ ਸਾਲਾ ਲਿੰਗ ਜਿੱਡਾ ਬੰਦਾ ਐ, ਇਹਦੇ ਬੰਦਾ ਮੁੱਕਾ ਕਿਥੇ ਮਾਰੇ।’’

ਕੁਝ ਦੇਰ ਸੋਚਦਾ ਰਹਿੰਦਾ ਹੈ ਤੇ ਫਿਰ ਕਹਿੰਦਾ ,
‘‘ਨਿੰਮਿਆ, ਹੁਣ ਜਿੱਦਣ ਵੀ ਮੇਰਾ ਮੂਡ ਬਣ ਗਿਆ ਮੈਂ ਆਪਣਾ ਭਰਾ ਕੰਜਰ ਕੁੱਟਣੈ, ਦੇਖੀਂ ਇਕ ਵਾਰ ਕਿੱਦਾਂ ਅੜਾਟ ਪੈਂਦਾ।’’
‘‘ਮੀਕਿਆ, ਤਾਰਿਕ ਨੂੰ ਕੁੱਟ ਕੇ ਤੂੰ ਈ ਸਾਲਾ ਊਧਾ ਬਦਮਾਸ਼ ਬਣਿਆ ਫਿਰਦੈਂ। ਛੱਡ ਲੜਾਈ ਝਗੜੇ, ਚੱਲ ਅੱਜ ਲਾਈਟਾਂ ਤੋਂ ਕੋਈ ਮਾਲ ਚੁੱਕਦੇ ਆਂ।’’
‘‘ਨਹੀਂ ਯਾਰ ਰਣਜੀਤ ਕੌਰ ਨੂੰ ਸੱਦ ਲਓ, ਸਾਲੀ ਮਰਸਡੀਜ਼ 'ਚ ਆਊ ਤੇ ਬੋਲੂ ਵੀ ਪੰਜਾਬੀ, ਆਹ ਜਿਹੜੀਆਂ ਲਾਈਟਾਂ 'ਤੇ ਖੜਦੀਆਂ ਇਹ ਪੰਜਾਬੀ ਬੋਲਣ ਦੇ ਵਾਧੂ ਪੈਸੇ ਮੰਗਦੀਆਂ।’’

ਕਹਿ ਕੇ ਹੱਸਣ ਲੱਗਦਾ ਹੈ। ਪੱਬ ਵਿਚ ਆ ਕੇ ਤਾਰਾ ਤੇ ਮਿੰਦੀ ਵੀ ਕੁਝ ਖੁੱਲ੍ਹ ਕੇ ਗੱਲਾਂ ਕਰਨ ਲੱਗਦੇ ਹਨ। ਤਾਰੇ ਨੂੰ ਸਾਹਮਣੇ ਗੁਰਮੀਤ ਬੈਠਾ ਦਿਸ ਪੈਂਦਾ ਹੈ। ਉਹ ਨਿੰਮੇ ਨੂੰ ਕਹਿੰਦਾ ਹੈ,
‘‘ਔਹ ਦੇਖ ਓਏ ਗੁਰਮੀਤ।’’
‘‘ਕਿਹੜਾ ਗੁਰਮੀਤ ?’’
‘‘ਜਿਹੜਾ ਓਸ ਬੁੱਢੀ ਜਿਹੀ ਤੀਵੀਂ ਨਾਲ ਰਹਿੰਦੈ, ਜਿਹੜੀ ਗੁਰਦਆਰੇ ਬਹੁਤ ਨੀਵੀਂ ਹੋ ਕੇ ਮੱਥਾ ਟੇਕਦੀ ਹੁੰਦੀ ਐ। ਇਹ ਕਹਿੰਦਾ ਕਿ ਮੈਂ ਓਹਨੂੰ ਮਾਂ ਬਣਾਇਆ ਹੋਇਐ ਤੇ ਉਹ ਕਹਿੰਦੀ ਐ ਕਿ ਮੈਂ ਏਹਦੇ ਨਾਲ ਵਿਆਹ ਕਰੌਣੈ।’’
‘‘ਸਾਨੂੰ ਕੀ, ਜਿੱਦਾਂ ਜੇਹਦਾ ਦਾਅ ਲੱਗਦੈ ਕਰੀ ਜਾਵੇ, ਇਹ ਸਭ ਪੱਕੇ ਹੋਣ ਦੇ ਹੀਲੇ ਵਸੀਲੇ ਐ।’’

ਨਿੰਮਾ ਹੌਲੇ ਜਿਹੇ ਕਹਿੰਦਾ ਹੈ। ਉਸ ਨੂੰ ਪਤਾ ਹੈ ਜੇਕਰ ਮੀਕੇ ਨੇ ਕੁਝ ਸੁਣ ਲਿਆ ਉਹ ਤਾਂ ਗੁਰਮੀਤ ਤੋਂ ਪੁੱਛਣ ਹੀ ਤੁਰ ਪਵੇਗਾ।

## ਸਤਵੰਜਾ

ਤੜਕਸਾਰ ਫੋਨ ਦੀ ਘੰਟੀ ਵੱਜਦੀ ਹੈ। ਪਰਦੁੱਮਣ ਸਿੰਘ ਘੜੀ ਦੇਖਦਾ ਹੈ। ਉਠਣ ਦਾ ਵਕਤ ਹੋ ਰਿਹਾ ਹੈ ਪਰ ਇਹ ਫੋਨ ਕਿਸ ਦਾ ਹੋਇਆ। ਇੰਨੀ ਸਵੇਰ ਤਾਂ ਐਮਰਜੈਂਸੀ ਫੋਨ ਹੀ ਆਇਆ ਕਰਦੇ ਹਨ। ਕਿਧਰੇ ਇੰਡੀਆ ਤੋਂ ਹੀ ਨਾ ਹੋਵੇ। ਉਹ ਡਰਦੇ ਮਨ ਨਾਲ ਫੋਨ ਉਠਾਉਂਦਾ ਹੈ। ਸੁਰਜੀਤ ਕੌਰ ਦਾ ਹੈ। ਉਹ ਕਹਿੰਦੀ ਹੈ,
‘‘ਭਾਜੀ, ਇਨ੍ਹਾਂ ਨੂੰ ਪੁਲਿਸ ਫੜ ਕੇ ਲੈ ਗਈ, ਪਲੀਜ਼ ਜਲਦੀ ਆਓ।’’
‘‘ਕਾਰੇ ਨੂੰ ?’’

''ਹਾਂ।''
''ਕਿਉਂ ਲੈ ਗਈ ?''
''ਤੁਸੀਂ ਘਰ ਨੂੰ ਆ ਜਾਓ ਜੇ ਆ ਸਕਦੇ ਓ ਤਾਂ।''
''ਹਾਂ-ਹਾਂ, ਮੈਂ ਹੁਣੇ ਆਉਨਾਂ।''

ਉਹ ਉਠਦਾ ਹੈ ਤੇ ਕਾਹਲੀ ਨਾਲ ਤਿਆਰ ਹੋ ਕੇ ਕਾਰੇ ਦੇ ਘਰ ਨੂੰ ਤੁਰ ਪੈਂਦਾ ਹੈ। ਉਸ ਕੋਲ ਸੋਚਣ ਦਾ ਵਕਤ ਹੀ ਨਹੀਂ ਹੈ ਕਿ ਕੀ ਹੋਇਆ ਹੋਵੇਗਾ। ਗਿਆਨ ਕੌਰ ਵੀ ਪੁੱਛਦੀ ਰਹਿ ਜਾਂਦੀ ਹੈ। ਉਹ ਇੰਨਾ ਹੀ ਕਹਿੰਦਾ ਹੈ ਕਿ ਮੈਂ ਹੁਣੇ ਹੀ ਆਉਨਾਂ।

ਸੁਰਜੀਤ ਕੌਰ ਉਸ ਨੂੰ ਦੇਖਦੀ ਹੀ ਰੋਣ ਲੱਗ ਪੈਂਦੀ ਹੈ। ਜਤਿੰਦਰਪਾਲ ਤੇ ਪਰਮੀਤ ਆਪਣੀ ਮਾਂ ਨੂੰ ਤਸੱਲੀ ਦੇਣ ਲੱਗਦੇ ਹਨ। ਪਰਦੁੱਮਣ ਪੁੱਛਦਾ ਹੈ,
''ਕਿਹੜੀ ਗੱਲੋਂ ਪੁਲਿਸ ਲੈ ਗਈ ਉਹਨੂੰ ?''

ਸੁਰਜੀਤ ਕੌਰ ਤੋਂ ਪਹਿਲਾਂ ਹੀ ਜਤਿੰਦਰਪਾਲ ਕਹਿੰਦਾ ਹੈ,
''ਡੈਡ ਦੀ ਕੰਪਨੀ ਵਿਚ ਕਿਸੇ ਨੇ ਫਰੌਡ ਕੀਤੈ, ਡੈਡ ਓਨਰ ਐ ਤੇ ਇਨਵੈਸਟੀਗੇਸ਼ਨ ਲਈ ਲੈ ਗਈ ਐ।''

ਪਰਦੁੱਮਣ ਸਿੰਘ ਸਮਝ ਜਾਂਦਾ ਹੈ ਕਿ ਕਾਰੇ ਨੇ ਜ਼ਰੂਰ ਕੋਈ ਕਾਰਾ ਕੀਤਾ ਹੋਵੇਗਾ। ਜਿਸ ਘਾਟੇ ਦੀ ਉਹ ਗੱਲ ਕਰਿਆ ਕਰਦਾ ਸੀ ਉਸੇ ਨੂੰ ਪੂਰਾ ਕਰਨ ਦੇ ਚਕਰ ਵਿਚ ਕੁਝ ਕਰ ਬੈਠਾ ਹੋਵੇਗਾ। ਉਸ ਨੂੰ ਯਾਦ ਆਉਂਦਾ ਹੈ ਕਿ ਜਿੰਨਾ ਹੋਟਲ ਵਿਚ ਹੋਵੇ ਨੁਕਸਾਨ ਨੂੰ ਲੈ ਕੇ ਕਾਰਾ ਤੜਫਿਆ ਸੀ ਮੁੜ ਕੇ ਉਸ ਨੂੰ ਓਨਾ ਕਦੇ ਦੁਖੀ ਨਹੀਂ ਦੇਖਿਆ ਬਲਕਿ ਉਸ ਨੇ ਉਸ ਘਾਟੇ ਦੀ ਕਦੇ ਗੱਲ ਵੀ ਨਹੀਂ ਕੀਤੀ। ਉਹ ਪੁੱਛਦਾ ਹੈ,
''ਕਿਸੇ ਹੋਰ ਨੂੰ ਵੀ ਫੜਿਆ ?''
''ਪਟੇਲ ਅੰਕਲ ਨੂੰ ਵੀ ਲੈ ਗਏ, ਅੰਟੀ ਦਾ ਹੁਣੇ ਫੋਨ ਆਇਐ।''
''ਕੋਈ ਹੋਟਲ ਦਾ ਚੱਕਰ ਤਾਂ ਨਹੀਂ ?''
''ਭਾਜੀ, ਹੋਟਲ ਨੇ ਈ ਤਾਂ ਕੰਮ ਵਿਗਾੜੇ ਪਏ ਆ, ਕਰੋ ਕੁਸ਼ ਹੁਣ, ਛੁਡਾਓ ਇਨ੍ਹਾਂ ਨੂੰ... ਭਲਾ ਕਿਹੜੀ ਗੱਲ ਦਾ ਘਾਟਾ ਸੀ ਹੁਣ।''

ਰੋਂਦੀ ਹੋਈ ਸੁਰਜੀਤ ਕੌਰ ਕਹਿ ਰਹੀ ਹੈ। ਪਰਦੁੱਮਣ ਸਿੰਘ ਹੌਸਲਾ ਦਿੰਦਾ ਆਖਦਾ ਹੈ,
''ਤੁਸੀਂ ਫਿਕਰ ਨਾ ਕਰੋ, ਮੈਂ ਹੁਣੇ ਪੁਲਿਸ ਸਟੇਸ਼ਨ ਜਾਨਾਂ, ਕੁਛ ਕਰਦੇ ਆਂ ਪਰ ਹੋਟਲ ਵੇਚੇ ਨੂੰ ਤਾਂ ਦੇਰ ਹੋ ਗਈ।''
''ਸਾਨੂੰ ਬਹੁਤਾ ਕਿਸੇ ਗੱਲ ਦਾ ਪਤਾ ਨਹੀਂ, ਪੁਲੀਸ ਨੇ ਕੁਝ ਦਸਿਆ ਵੀ ਨਹੀਂ, ਬੱਸ ਤੜਕਸਾਰ ਆਏ ਤੇ ਲੈ ਗਏ।''
''ਪਤਾ ਕੁਸ਼ ਕਿ ਕਿਹੜੇ ਪੁਲੀਸ ਸਟੇਸ਼ਨ ਤੋਂ ਪੁਲੀਸ ਆਈ ਸੀ।''
''ਸਾਨੂੰ ਉਹਨਾਂ ਕੁਸ਼ ਨਹੀਂ ਦਸਿਆ, ਬਸ ਇੰਨਾ ਕਿਹਾ ਕਿ ਆਪਣੇ ਵਕੀਲ ਨੂੰ ਮਿਲ ਲਓ।''
''ਠੀਕ ਐ, ਆਪਾਂ ਕਰਦੇ ਆਂ ਕੁਝ।''

ਉਹ ਉਠ ਕੇ ਤੁਰਨ ਲੱਗਦਾ ਹੈ ਤਾਂ ਜਤਿੰਦਰਪਾਲ ਵੀ ਉਸ ਦੇ ਨਾਲ ਹੀ ਤੁਰ ਪੈਂਦਾ । ਉਹ ਪੁਲਿਸ ਸਟੇਸ਼ਨ ਜਾਂਦੇ ਹਨ। ਪੁਲਿਸ ਵਾਲੇ ਕੋਈ ਲੜ ਸਿਰਾ ਨਹੀਂ ਫੜਾ ਰਹੇ। ਉਹ ਇੰਨਾ ਕੁ ਇਸ਼ਾਰਾ ਕਰ ਦਿੰਦੇ ਹਨ ਕਿ ਕਾਰੇ ਨੂੰ ਸਪੈਸ਼ਲ ਇਨਵੈਸਟੀਗੇਸ਼ਨ ਵਾਲੇ ਲੈ ਗਏ ਹਨ। ਉਹ ਵਾਪਸ ਘਰ ਆ ਜਾਂਦੇ ਹਨ। ਸੋਚਦੇ ਹਨ ਕਿ ਹੁਣ ਕੀ ਕਰੀਏ। ਕਿਹੜੇ ਵਕੀਲ ਨਾਲ ਸਲਾਹ ਕਰੀਏ। ਪਰਦੁੱਮਣ ਸਿੰਘ ਜਗਮੋਹਣ ਨੂੰ ਫੋਨ ਕਰਦਾ ਹੈ। ਮੁੱਢਲੀ ਸਲਾਹ ਲਈ ਉਹ ਵੀ ਠੀਕ ਹੈ। ਉਹ ਕਹਿੰਦਾ ਹੈ,
''ਅੰਕਲ, ਜਿੱਦਾਂ ਲੈ ਕੇ ਗਏ ਆ ਲੱਗਦਾ ਨਹੀਂ ਕਿ ਹਾਲੇ ਮਿਲਣ ਦੇਣਗੇ, ਏਸ ਲਈ ਆਪਾਂ ਨੂੰ ਵੇਟ ਐਂਡ ਸੀ ਵਾਲਾ ਕੰਮ ਕਰਨਾ ਪਏਗਾ।''
''ਪਰ ਏਹ ਤਾਂ ਪਤਾ ਚੱਲੇ ਕਿ ਉਹਨੂੰ ਰੱਖਿਆ ਕਿਥੇ ਐ।''
''ਮੈਨੂੰ ਲੱਗਦੈ ਕਿ ਪੁਲਿਸ ਨੇ ਡਾਕੂਮੈਂਟਰੀ ਪਰੂਫ ਇਕੱਠੇ ਕਰਕੇ ਈ ਹੱਥ ਪਾਇਆ ਹੋਣੈ ਏਸ ਲਈ ਛੇਤੀ ਹੀ ਕੋਰਟ ਵਿਚ ਪੇਸ਼ ਕਰ ਦੇਣਗੇ, ਮੇਰੇ ਹਿਸਾਬ ਨਾਲ ਤਾਂ ਤੁਸੀਂ ਜ਼ਮਾਨਤ ਦੀ ਤਿਆਰੀ ਕਰੋ।''
''ਏਹਦਾ ਮਤਲਬ ਵਕੀਲ ਕਰਨਾ ਪਊ, ਕਿਹੜਾ ਕਰੀਏ?''
''ਹਾਂ, ਵਕੀਲ ਵੀ ਢੰਗ ਦਾ ਹੋਵੇ।''
''ਕੋਈ ਹੈ ਤੇਰੀ ਨਜ਼ਰ ਵਿਚ?''
''ਇਕ ਹੈ ਮਲੋਨੀ ਸਟੀਫਨ, ਪਰ ਸ਼ਾਇਦ ਕਾਰੇ ਦਾ ਕੋਈ ਫੈਮਲੀ ਸੁਲਿਸਟਰ ਹੋਵੇ।''
''ਤੂੰ ਮੈਨੂੰ ਮਲੋਨੀ ਸਟੀਫਨ ਦਾ ਨੰਬਰ ਦੇ ਦੇ।''
''ਬੰਦਾ ਠੀਕ ਐ ਪਰ ਕੁਝ ਮਹਿੰਗਾ ਜ਼ਰੂਰ ਹੋਊ।''
''ਮਹਿੰਗੇ ਨੂੰ ਕੀ ਐ ਕਰਨਾ ਤਾਂ ਪੈਣਾਂ।''

ਪਰਦੁੱਮਣ ਸਿੰਘ ਜਤਿੰਦਰਪਾਲ ਨੂੰ ਕਹਿੰਦਾ ਹੈ,
''ਮਨੀਸ਼ ਪਟੇਲ ਦੇ ਘਰ ਫੋਨ ਕਰਕੇ ਦੇਖੋ ਤਾਂ ਉਹ ਕੀ ਕਰਨ ਲੱਗੇ ਆ।''

ਜਤਿੰਦਰਪਾਲ ਆਪਣੀ ਮਾਂ ਵੱਲ ਦੇਖਦਾ ਹੈ। ਮਾਂ ਪਟੇਲ ਦੇ ਘਰ ਫੋਨ ਕਰਕੇ ਦੱਸਣ ਲੱਗਦੀ ਹੈ,
''ਉਨ੍ਹਾਂ ਨੇ ਸੁਲਿਸਟਰ ਕਰ ਲਿਐ।''

''ਫੇਰ ਆਪਾਂ ਵੀ ਕਰ ਲੈਨੇ ਆਂ,... ਮੈਂ ਗਿਆਨ ਕੌਰ ਨੂੰ ਫੈਕਟਰੀ ਛੱਡ ਆਵਾਂ ਤਾਂ ਜੋ ਵਰਕਰਾਂ ਲਈ ਡੋਰ ਖੋਲ੍ਹ ਦੇਵੇ ਤੇ ਆ ਜਾਨਾਂ।''

ਉਹ ਉਨ੍ਹਾਂ ਨੂੰ ਧੀਰਜ ਬੰਨਾਉਂਦਾ ਉਠ ਆਉਂਦਾ ਹੈ। ਦਿਲੋਂ ਉਹ ਖੁਸ਼ ਵੀ ਹੈ ਕਿ ਮਾੜੇ ਕੰਮਾਂ ਦੇ ਮਾੜੇ ਨਤੀਜੇ ਹੀ ਨਿਕਲਦੇ ਹਨ। ਉਸ ਨੂੰ ਲਗਦਾ ਹੈ ਕਿ ਕਾਰੇ ਨੇ ਕਾਰਾਂ ਦੀ ਇੰਸ਼ੋਅਰੈਂਸ ਵਾਲੀ ਨਵੀਂ ਕੰਪਨੀ ਖੋਹਲੀ ਸੀ ਉਸੇ ਕਰਕੇ ਕਿਸੇ ਸਕੰਜੇ ਵਿਚ ਫਸਿਆ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਪਿਛੇ ਜਿਹੇ ਉਸ ਨੇ ਇਕ ਖਬਰ ਪੜੀ ਵੀ ਸੀ ਕਿ ਕੋਈ ਫਰਜ਼ੀ ਕੰਪਨੀ ਕਾਰਾਂ ਦੀ ਇੰਸ਼ੋਅਰੈਂਸ ਕਰ ਕੇ ਡੱਮੀ ਸਰਟੀਫਿਕੇਟ ਜਾਰੀ ਕਰਦੀ ਰਹੀ ਹੈ। ਇਸ ਦੀ ਤਹਿਕੀਕਾਤ ਚਲ ਰਹੀ ਸੀ। ਹੋ ਸਕਦਾ ਹੈ ਕਿ ਇਹ ਕਾਰੇ ਦੀ ਕੰਪਨੀ ਹੀ ਹੋਵੇ। ਕਾਰੇ ਨੇ ਹੀ ਉਸ ਨੂੰ ਇਸ ਕੰਪਨੀ ਦਾ ਫੋਨ ਨੰਬਰ ਦਿਤਾ ਸੀ। ਉਹ ਮਨ ਵਿਚ ਕਹਿੰਦਾ ਹੈ-'ਬੱਲੇ ਓਏ ਕਾਰਿਆ ਮੈਨੂੰ ਹੀ ਰਗੜ ਧਰਿਆ।' ਉਦੋਂ ਉਸ ਨੇ ਨਵੀਂ ਮਰਸਡੀਜ਼ ਖਰੀਦੀ ਸੀ। ਇਹ ਤਾਂ ਕਿਸਮਤ ਚੰਗੀ ਰਹੀ ਕਿ ਕੋਈ ਐਕਸੀਡੈਂਟ ਨਹੀਂ ਸੀ ਹੋਇਆ। ਫਿਰ ਸ਼ੇਅਰ ਵੇਚਣ ਵੀ ਆਇਆ ਸੀ। ਪਰਦੁੱਮਣ ਸਿੰਘ ਸੋਚ ਰਿਹਾ ਹੈ ਕਿ ਇਕ ਘਰ ਤਾਂ ਡਾਇਣ ਵੀ ਛੱਡਦੀ ਹੈ। ਉਹ ਮੋਬਾਈਲ ਤੋਂ ਹੀ ਜਗਮੋਹਣ ਨੂੰ ਫੋਨ ਕਰਦਾ ਹੈ। ਸਾਰੀ ਗੱਲ ਦਸਦਾ ਪੁੱਛਦਾ ਹੈ,

''ਕੀ ਬਣੂ ਫੇਰ ਕਾਰੇ ਦਾ?''

''ਅੰਕਲ, ਕੈਦ ਹੋਊ, ਦੋ-ਚਾਰ ਸਾਲ ਜਾਂ ਜ਼ਿਆਦਾ ਵੀ, ਕੇਸ ਚੱਲੇ 'ਤੇ ਪਤਾ ਚੱਲੂ।''

''ਬਰੀ ਵੀ ਹੋ ਸਕਦੈ ?''

''ਨਹੀਂ, ਚਾਂਸ ਨਹੀਂ ਹੈਗੇ, ਇਥੋਂ ਦੀ ਪੁਲਿਸ ਓਨਾ ਚਿਰ ਕੇਸ ਨੂੰ ਹੱਥ ਨਹੀਂ ਪਾਉਂਦੀ ਜਿੰਨਾ ਚਿਰ ਦੋਸ਼ੀ ਨੂੰ ਸਜ਼ਾ ਕਰ ਸਕਣ ਦਾ ਜਕੀਨ ਨਾ ਹੋਵੇ, ਜੇ ਕੇਸ ਫੇਲ੍ਹ ਹੋ ਜਾਵੇ ਤਾਂ ਪੁਲਿਸ ਦੀ ਬਦਨਾਮੀ ਹੁੰਦੀ ਐ, ਉਲਟਾ ਕੋਰਟ ਦਾ ਖਰਚ ਵੀ ਪੈ ਜਾਇਆ ਕਰਦੈ।''

''ਪਰ ਦੇਖ ਲੈ ਜੱਗਿਆ, ਕਾਰਾ ਡਰਿਆ ਨਹੀਂ ਏਡਾ ਸਟੈਂਪ ਲੈਣ ਲੱਗਾ।''

''ਅੰਕਲ, ਪਹਿਲਾ ਸਟੈਂਪ ਲੈਣਾ ਈ ਔਖਾ ਹੁੰਦੈ, ਬਾਕੀ ਦੇ ਆਪਣੇ ਆਪ ਈ ਲੈ ਹੋਈ ਜਾਂਦੇ ਆ। ਹੁਣ ਪੂਰਾ ਨਹੀਂ ਪਤਾ ਕਿ ਕਿਡਾ ਵੱਡਾ ਫਰੌਡ ਕੀਤਾ ਹੋਵੇ, ਹੌਲੀ ਹੌਲੀ ਗੱਲ ਬਾਹਰ ਨਿਕਲੂ ਹੁਣ ਤਾਂ ਏਹ ਵੀ ਡਰ ਐ ਕਿ ਏਹਦੀ ਪ੍ਰੌਪਰਟੀ ਵੀ ਜ਼ਬਤ ਹੋ ਜਾਣੀ ਐ।''

''ਪ੍ਰੌਪਰਟੀ ਦਾ ਤਾਂ ਮੈਨੂੰ ਪਤੈ, ਏਹਦੇ ਨਾਂ 'ਤੇ ਕੁਸ਼ ਵੀ ਨਹੀਂ, ਸੁਰਜੀਤ ਕੌਰ ਨਾਲ ਬੜੇ ਸਾਲਾਂ ਦੀ ਸੈਪਰੇਸ਼ਨ ਸ਼ੋਅ ਕੀਤੀ ਹੋਈ ਐ ਤੇ ਸਭ ਕੁਛ ਓਹਦੇ ਨਾਂ 'ਤੇ ਹੀ ਐ।''

''ਏਹਦਾ ਮਤਲਬ ਕਿ ਬੰਦੇ ਨੇ ਸਭ ਕੁਝ ਪਲਾਨ ਕਰਕੇ ਕੀਤੈ।''

ਦਿਨ ਚੜ੍ਹਦੇ ਹੀ ਪੂਰੇ ਸਾਊਥਾਲ ਵਿਚ ਕਾਰੇ ਦੇ ਫੜੇ ਜਾਣ ਦੀ ਖਬਰ ਫੈਲ ਜਾਂਦੀ ਹੈ। ਇਕ ਤਾਂ ਉਸ ਦਾ ਦਫਤਰ ਸਾਊਥਾਲ ਦੇ ਵਿਚਕਾਰ ਹੈ, ਦੂਜਾ ਕਾਰਾ ਸਾਊਥਾਲ ਦਾ ਪੁਰਾਣਾ ਨਿਵਾਸੀ ਹੈ ਤੇ ਸਾਰੇ ਜਾਣਦੇ ਹਨ। ਵਿਓਪਾਰੀ ਭਾਈਚਾਰੇ ਵਿਚ ਤਾਂ ਉਸ ਦੀ ਵਾਹਵਾ ਪਛਾਣ ਹੈ। ਅਗਲੇ ਦਿਨ ਇਹ ਖਬਰ ਪੂਰੀ ਤਫਸੀਲ ਵਿਚ ਅਖਬਾਰਾਂ ਅਤੇ ਰੇਡੀਓ ਉਪਰ ਵੀ ਆ ਜਾਂਦੀ ਹੈ। ਸਾਰੇ ਕਹਿ ਰਹੇ ਹਨ ਕਿ ਉਸ ਨੇ ਇਸ ਧੰਦੇ ਵਿਚੋਂ ਬਹੁਤ ਪੈਸੇ ਕਮਾਏ ਹਨ ਹੁਣ ਸਜ਼ਾ ਵੀ ਹੋ ਜਾਵੇ ਤਾਂ ਕੋਈ ਗੱਲ ਨਹੀਂ ਪਰ ਸੁਰਜੀਤ ਕੌਰ ਦੱਸਣ ਲੱਗਦੀ ਹੈ ਕਿ ਕਾਰੇ ਨੇ ਕੁਝ ਨਹੀਂ ਕਮਾਇਆ। ਉਨ੍ਹਾਂ ਕੋਲ ਜੋ ਕੁਝ ਹੈ ਪਹਿਲਾਂ ਦਾ ਹੀ ਹੈ। ਜਿੰਨੇ ਮੂੰਹ ਓਨੀਆਂ ਹੀ ਕਹਾਣੀਆਂ ਬਣ ਰਹੀਆਂ ਹਨ।

ਅਗਲੇ ਦਿਨ ਕਾਰੇ ਨੂੰ ਅਕਸਬ੍ਰਿਜ ਕੋਰਟ ਵਿਚ ਪੇਸ਼ ਕੀਤਾ ਜਾਂਦਾ ਹੈ। ਉਸ ਦੇ ਨਾਲ ਮਨੀਸ਼ ਪਟੇਲ ਅਤੇ ਇਕ ਅੰਗਰੇਜ਼ ਕੈਲਵਿਨ ਵੀ ਹੈ। ਵਕੀਲ ਜ਼ਮਾਨਤ ਲਈ ਜ਼ੋਰ ਨਹੀਂ ਪਾਉਂਦੇ। ਉਨ੍ਹਾਂ ਨੂੰ ਪਤਾ ਹੈ ਕਿ ਪੁੱਛਗਿੱਛ ਲਈ ਪੁਲਿਸ ਵਾਲੇ ਹਾਲੇ ਰੀਮਾਂਡ ਲੈਣਗੇ। ਕੋਰਟ ਵਿਚ ਪਰਦੁੱਮਣ ਸਿੰਘ ਵੀ ਹੈ ਤੇ ਕਾਰੇ ਦਾ ਪਰਿਵਾਰ ਵੀ। ਕੁਝ ਹੋਰ ਦੋਸਤ ਵੀ ਹਨ। ਮੀਡੀਏ ਦੇ ਲੋਕ ਵੀ ਪਹੁੰਚੇ ਹੋਏ ਹਨ। ਕਾਰਾ ਚੜ੍ਹਦੀ ਕਲਾ ਵਿਚ ਹੈ। ਸਭ ਨਾਲ ਹੱਸ ਹੱਸ ਕੇ ਨਜ਼ਰਾਂ ਮਿਲਾ ਰਿਹਾ ਹੈ ਪਰ ਮਨੀਸ਼ ਪਟੇਲ ਤੇ ਕੈਲਵਿਨ ਉਦਾਸ ਹਨ। ਦਸ ਦਿਨ ਦੀ ਤਰੀਕ ਪੈ ਜਾਂਦੀ ਹੈ ਭਾਵ ਕਿ ਪੁਲਿਸ ਨੂੰ ਦਸ ਦਿਨ ਦਾ ਰੀਮਾਂਡ ਮਿਲ ਜਾਂਦਾ ਹੈ।

ਦਸ ਦਿਨ ਬਾਅਦ ਸਾਰੇ ਫਿਰ ਕਚਹਿਰੀ ਵਿਚ ਇਕੱਠੇ ਹੁੰਦੇ ਹਨ। ਜ਼ਮਾਨਤਾਂ ਹੋ ਜਾਂਦੀਆਂ ਹਨ। ਮਨੀਸ਼ ਦੀ ਜ਼ਮਾਨਤ ਉਸ ਦਾ ਭਰਾ ਦਿੰਦਾ ਹੈ। ਕਾਰੇ ਦੀ ਜ਼ਮਾਨਤ ਲਈ ਪਰਦੁੱਮਣ ਸਿੰਘ ਘਰੋਂ ਹੀ ਤਿਆਰ ਹੋ ਕੇ ਆਇਆ । ਇਕ-ਇਕ ਲੱਖ ਪੌਂਡ ਦੀ ਜ਼ਮਾਨਤ ਹੈ। ਪੇਪਰ ਭਰਦੇ ਸਮੇਂ ਪਰਦੁੱਮਣ ਸਿੰਘ ਦਾ ਅੰਦਰ ਹਿੱਲ ਰਿਹਾ ਹੈ। ਕਾਰੇ ਤੇ ਮਨੀਸ਼ ਨੂੰ ਛੱਡ ਦਿੱਤਾ ਜਾਂਦਾ ਹੈ ਪਰ ਕੈਲਵਿਨ ਦੀ ਜ਼ਮਾਨਤ ਦੇਣ ਵਾਲਾ ਕੋਈ ਨਹੀਂ ਹੈ। ਸ਼ਾਇਦ ਉਸ ਦੇ ਕਿਸੇ ਰਿਸ਼ਤੇਦਾਰ ਕੋਲ ਲੱਖ ਪੌਂਡ ਦੀ ਜਾਇਦਾਦ ਨਹੀਂ ਹੈ।

ਜ਼ਮਾਨਤ ਤੋਂ ਬਾਅਦ ਕਾਰਾ ਸਭ ਨਾਲ ਹੱਥ ਮਿਲਾ ਰਿਹਾ ਹੈ। ਉਸ ਨੂੰ ਚਾਅ ਚੜ੍ਹਿਆ ਪਿਆ ਹੈ ਪਰ ਪਰਦੁੱਮਣ ਸਿੰਘ ਨੂੰ ਜਿਵੇਂ ਤਾਪ ਚੜਿਆ ਹੋਇਆ ਹੈ। ਹਲਾਤ ਅਜਿਹੇ ਹਨ ਕਿ ਉਹ ਕਾਰੇ ਦੀ ਜਮਾਨਤ ਦੇਣ ਤੋਂ ਨਾਂਹ ਨਹੀਂ ਕਰ ਸਕਦਾ ਪਰ ਇਕ ਲੱਖ ਪੌਂਡ ਉਸ ਨੂੰ ਵੱਡਾ ਲਗ ਰਿਹਾ ਹੈ। ਕਾਰਾ ਉਸ ਨੂੰ ਜੱਫੀ ਪਾ ਕੇ ਮਿਲਦਾ ਹੈ। ਕਾਰਾ ਸਭ ਨੂੰ ਹੌਸਲਾ ਦਿੰਦਾ ਕਹਿ ਰਿਹਾ ਹੈ ਕਿ ਫਿਕਰ ਵਾਲੀ ਗੱਲ ਹੀ ਕੋਈ ਨਹੀਂ। ਕਾਰੇ ਨੂੰ ਖੁਸ਼ ਦੇਖ ਕੇ ਸਾਰੇ ਖੁਸ਼ ਹਨ। ਮਨੀਸ਼ ਦਾ ਪਰਿਵਾਰ ਸੋਗ ਜਿਹੇ ਵਿਚ ਡੁੱਬਿਆ ਹੋਇਆ ਹੈ। ਮਨੀਸ਼ ਵੀ ਸਿਰ ਸੁੱਟੀ ਖੜਾ ਹੈ। ਕਾਰਾ ਉਸ ਨੂੰ ਕਲ਼ਾਵੇ ਵਿਚ ਲੈ ਕੇ ਕਹਿੰਦਾ ਹੈ,

''ਭਈਆ, ਹੌਸਲਾ ਕਰ, ਮਰਦ ਬਣ ਯਾਰ।''

ਸਾਰੇ ਕਾਫਲੇ ਦੇ ਰੂਪ ਵਿਚ ਕਾਰੇ ਦੇ ਘਰ ਆ ਜਾਂਦੇ ਹਨ। ਸਾਰੇ ਹੀ ਖ਼ੁਸ਼ ਹਨ ਪਰ ਪਰਦੁੱਮਣ ਘੁੱਟਿਆ ਜਿਹਾ ਹੈ। ਕਾਰਾ ਵਿਸਕੀ ਦੀ ਬੋਤਲ ਖਹਲਦਾ ਹੈ ਤੇ ਪਰਦੱਮਣ ਨੂੰ ਚੀਅਰਜ਼ ਕਰਨ ਲਈ ਆਖਦਾ ਹੈ ਤੇ ਜਮਾਨਤ ਦੇਣ ਲਈ ਉਸ ਦਾ ਸ਼ੁਕਰੀਆ ਵੀ ਅਦਾ ਕਰਦਾ ਹੈ।

ਕਾਰੇ ਦੇ ਘਰੋਂ ਆ ਕੇ ਉਹ ਜਗਮੋਹਣ ਨੂੰ ਫੋਨ ਕਰਦਾ ਹੈ। ਪਰ ਜਗਮੋਹਣ ਹਾਲੇ ਕੰਮ 'ਤੇ ਹੀ ਹੈ। ਉਹ ਜਗਮੋਹਣ ਦੇ ਘਰ ਦੇ ਬਾਹਰ ਹੀ ਉਸ ਦੀ ਕੰਮ ਤੋਂ ਮੁੜਨ ਦੀ ਉਡੀਕ ਕਰਨ ਲੱਗਦਾ ਹੈ। ਉਸ ਨੂੰ ਲੱਗਦਾ ਹੈ ਕਿ ਲੱਖ ਪੌਂਡ ਕਿਧਰੇ ਭਰਨਾ ਹੀ ਨਾ ਪੈ ਜਾਵੇ। ਜਗਮੋਹਣ ਉਸ ਨੂੰ ਇਵੇਂ ਉਡੀਕ ਕਰਦਾ ਦੇਖ ਕੇ ਹੈਰਾਨ ਰਹਿ ਜਾਂਦਾ ਹੈ। ਪੁੱਛਦਾ ਹੈ,

"ਅੰਕਲ, ਸਭ ਠੀਕ ਤਾਂ ?"

"ਕਾਰੇ ਦੀ ਜ਼ਮਾਨਤ ਹੋ ਗਈ ਅੱਜ।"

"ਏਹਦੇ ਵਿਚ ਏਨਾ ਘਬਰਾਉਣ ਦੀ ਕੀ ਲੋੜ ਐ।"

"ਕਿਉਂਕਿ ਜ਼ਮਾਨਤ ਮੈਂ ਦਿੱਤੀ ਐ।"

"ਓਹ, ਆਏ ਸੀ...! ਤੁਸੀਂ ਡਰਦੇ ਓ ਕਿ ਉਹ ਬੇਲ ਜੰਪ ਕਰ ਜਾਊ ?"

"ਕੀ ਪਤੈ, ਜਿਹੜਾ ਓਹਦੇ ਚਿਹਰੇ 'ਤੇ ਕੰਨਫੀਡੈਂਸ ਐ ਇਸ ਤੋਂ ਤਾਂ ਕੋਈ ਗੜਬੜ ਲੱਗਦੀ ਐ ਕਿ ਉਹ ਕੋਈ ਲੰਮੀ ਸੋਚ ਸੋਚੀ ਬੈਠੈ।"

"ਮੈਨੂੰ ਨਹੀਂ ਲਗਦਾ ਕਿ ਕਾਰਾ ਏਦਾਂ ਦੀ ਕੋਈ ਗਲਤੀ ਕਰੂ। ਸਜ਼ਾ ਤਾਂ ਵਧ ਤੋਂ ਵਧ ਕੁਝ ਸਾਲ ਦੀ ਈ ਹੋਣੀ ਐ ਤੇ ਉਹਦੇ ਵਿਚੋਂ ਵੀ ਅੱਧੀ ਰਹਿ ਜਾਣੀ ਐ ਤੇ ਜੇ ਉਹ ਜਮਾਨਤ ਵਿਚੋਂ ਕਿਧਰੇ ਦੌੜ ਜਾਂਦੈ ਤਾਂ ਮੁੜ ਕੇ ਇਸ ਮੁਲਕ ਵਿਚ ਨਹੀਂ ਵੜ ਸਕਣਾ। ਮੈਨੂੰ ਲਗਦੈ ਇਹਦਾ ਪਾਸਪੋਰਟ ਵੀ ਜ਼ਬਤ ਕਰ ਲਿਆ ਹੋਣੈ।"

"ਕੁਝ ਵੀ ਹੋਵੇ, ਮੈਂ ਕਾਰੇ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾਂ, ਕਾਰੇ ਨੂੰ ਇਹ ਤਾਂ ਪਤੈ ਕਿ ਉਹ ਬਰੀ ਨਹੀਂ ਹੋ ਸਕਦਾ ਤੇ ਫਿਰ ਏਨਾ ਕੰਨਫੀਡੈਂਸ ਕਾਹਦਾ ਤੇ ਏਨੀ ਖ਼ੁਸ਼ੀ ਕੈਸੀ! ਨਾਲ਼ੇ ਪਾਸਪੋਰਟ ਦੀ ਏਹਨੂੰ ਕੋਈ ਮੁਸ਼ਕਲ ਨਹੀਂ, ਇੰਡੀਅਨ ਹਾਈ ਕਮਿਸ਼ਨ ਵਿਚ ਏਹਦੀ ਵਾਹਵਾ ਵਾਕਫੀ ਐ।"

"ਫੇਰ ਜੇ ਏਹ ਗੱਲ ਐ ਤਾਂ ਬੇਲ ਕੈਂਸਲ ਕਰਾ ਦਿਓ।"

"ਇਹ ਵੀ ਨਹੀਂ ਕਰਾ ਸਕਣੀ ਮੈਂ, ਭਾਈਚਾਰੇ ਵਿਚ ਲੋਕ ਕੀ ਕਹਿਣਗੇ, ਫੇਰ ਮੇਰਾ ਕਜ਼ਨ ਐ ਉਹ, ਮੇਰੇ ਨਾਲ ਖੜਦਾ ਰਿਹੈ।"

"ਅੰਕਲ, ਤੁਸੀਂ ਐਵੇਂ ਨਾ ਫਿਕਰ ਕਰ ਕਰ ਕੇ ਕੋਈ ਬਿਮਾਰੀ ਖਰੀਦ ਲਿਓ।"

"ਜੇ ਉਹ ਕਿਤੇ ਉਹ ਗਾਇਬ ਹੋ ਗਿਆ ਤਾਂ ਮੇਰਾ ਲੱਖ ਗਿਆ ਨਾ।"

"ਨਹੀਂ ਪੰਜਾਹ ਹਜ਼ਾਰ। ਹਾਫ ਪੈਂਦਾ ਹੁੰਦੈ।"

"ਪੰਜਾਹ ਹਜ਼ਾਰ ਕਿਹੜਾ ਥੋੜ੍ਹਾ ਹੁੰਦਾ। ਮੇਰਾ ਤਾਂ ਇਕ ਇਕ ਪੌਂਡ ਹੱਕ ਹਲਾਲ ਦੀ ਕਮਾਈ ਦਾ ਐ।"

ਅਠਵੰਜਾ

ਪਾਲਾ ਸਿੰਘ ਠੱਗਿਆ ਹੋਇਆ ਖੜਾ ਹੈ। ਉਸ ਨੂੰ ਆਪਣੇ ਆਪ ਉਪਰ ਬਹੁਤ ਗੁੱਸਾ ਆ ਰਿਹਾ ਹੈ। ਮਨਿੰਦਰ ਕਿਵੇਂ ਸਹਿਜੇ ਜਿਹੇ ਉਸ ਨੂੰ ਚੋਰ-ਭਲਾਈ ਦੇ ਕੇ ਘਰੋਂ ਚਲੇ ਗਈ। ਉਹ ਸਦਾ ਹੀ ਆਪਣੇ ਆਪ ਨੂੰ ਚਲਾਕ ਸਮਝਦਾ ਰਿਹਾ ਹੈ ਤੇ ਮਨਿੰਦਰ ਉਸ ਨੂੰ ਬੜੇ ਅਰਾਮ ਨਾਲ ਧੋਖਾ ਦੇ ਜਾਂਦੀ ਹੈ। ਹੁਣ ਉਹ ਬਾਹਰ ਕਿਹੜਾ ਮੂੰਹ ਲੈ ਕੇ ਨਿਕਲੇਗਾ। ਉਹ ਲੌਂਜ ਵਿਚ ਆ ਕੇ ਸੈਟੀ ਉਪਰ ਡਿੱਗ ਪੈਂਦਾ ਹੈ। ਕੱਲ ਵਾਲੇ ਦੋ ਸੇਬ ਅਤੇ ਚਾਕੂ ਉਵੇਂ ਹੀ ਮੇਜ਼ 'ਤੇ ਪਏ ਹਨ। ਉਹ ਚਾਕੂ ਨੂੰ ਹੱਥ ਵਿਚ ਫੜ ਕੇ ਦੇਖਦਾ ਹੈ। ਉਸ ਨੇ ਮੌਕਾ ਕਿਵੇਂ ਗੰਵਾ ਲਿਆ ਹੈ। ਉਹ ਆਪਣੇ ਉਪਰ ਹੈਰਾਨ ਹੈ। ਹੁਣ ਉਸ ਨੂੰ ਯਾਦ ਆ ਰਿਹਾ ਹੈ ਕਿ ਕਦੇ ਉਹ ਸਨੂਕਰ ਖੇਡਿਆ ਕਰਦਾ ਸੀ। ਸਨੂਕਰ ਖੇਡਦਿਆਂ ਉਸ ਦਾ ਅਸੂਲ ਹੋਇਆ ਕਰਦਾ ਸੀ ਕਿ ਬਾਲ ਉਸ ਦੇ ਕਾਬੂ ਵਿਚ ਆ ਗਿਆ ਤਾਂ ਅਣਗਹਿਲੀ ਨਹੀਂ ਸੀ ਕਰਦਾ। ਬਾਲ ਨੂੰ ਕਦੇ ਵੀ ਦੂਜੇ ਦੇ ਹੱਥ ਨਾ ਲੱਗਣ ਦਿੰਦਾ। ਸਾਰੇ ਕਹਿੰਦੇ ਕਿ ਪੌਲ ਦੀ ਵਾਰੀ ਆਈ ਨਹੀਂ ਕਿ ਉਹ ਜਿੱਤਿਆ ਨਹੀਂ। ਪਰ ਉਹ ਮਨਿੰਦਰ ਦੇ ਮਾਮਲੇ ਵਿਚ ਅਣਗਹਿਲੀ ਕਰ ਗਿਆ ਹੈ। ਹੁਣ ਜਦੋਂ ਲੋਕਾਂ ਨੂੰ ਪਤਾ ਚੱਲੇਗਾ ਕਿ ਉਹ ਇਕ ਮੁਸਲਮਾਨ ਮੁੰਡੇ ਦੀ ਖਾਤਰ ਘਰ ਛੱਡ ਗਈ ਹੈ ਤਾਂ ਲੋਕ ਕੀ ਕਹਿਣਗੇ। ਲੋਕ ਇਹੋ ਕਹਿਣਗੇ ਕਿ ਪਾਲਾ ਸਿੰਘ ਦੀ ਧੀ ਨੂੰ ਮੁਸਲਮਾਨ ਕੱਢ ਕੇ ਲੈ ਗਿਆ। ਉਹ ਉਠ ਕੇ ਦੋਨੋਂ ਹੱਥਾਂ ਦੇ ਮੁੱਕੇ ਬਣਾ ਕੇ ਕੰਧ ਵਿਚ ਮਾਰਦਾ ਹੈ। ਉਸ ਤੋਂ ਇਹ ਗੱਲ ਬਰਦਾਸ਼ਤ ਨਹੀਂ ਹੋ ਰਹੀ। ਗੁਰਦਿਆਲ ਸਿੰਘ ਨੂੰ ਵੀ ਹੁਣ ਕੀ ਦੱਸੇਗਾ ਕਿ ਸ਼ਿਕਾਰ ਹੱਥੋਂ ਨਿਕਲ ਗਿਆ।

ਉਹ ਉਠ ਕੇ ਗੁਸਲ ਜਾਂਦਾ ਹੈ। ਸ਼ੀਸ਼ੇ ਵਿਚ ਆਪਣਾ ਚੇਹਰਾ ਦੇਖਦਾ ਹੈ। ਮੁੱਛ ਨੂੰ ਮਰੋੜਾ ਦਿੰਦਾ ਹੈ। ਲੌਂਜ ਵਿਚ ਆ ਕੇ ਚਾਕੂ ਚੁੱਕ ਕੇ ਦੇਖਦਾ ਹੈ। ਸੋਚਦਾ ਹੈ ਕਿ ਇਹ ਕਿਚਨ ਨਾਈਫ ਹੁਣ ਕਿਸੇ ਕੰਮ ਦਾ ਨਹੀਂ ਹੈ। ਹੁਣ ਦੁਸ਼ਮਣ ਨਾਲ ਆਹਮੋ ਸਾਹਮਣੇ ਹੋ ਕੇ ਦੋ ਹੱਥ ਕਰਨੇ ਪੈਣਗੇ। ਉਹ ਬੈੱਡਰੂਮ ਵਿਚੋਂ ਕ੍ਰਿਪਾਨ ਚੁੱਕ ਲਿਆਉਂਦਾ ਹੈ। ਇਹ ਉਸ ਨੇ ਇਕ ਵਾਰ ਇੰਡੀਆ ਗਏ ਨੇ ਖਰੀਦੀ ਸੀ। ਉਸ ਨੂੰ ਸੀ ਕਿ ਵੱਡਾ ਮੁੰਡਾ ਘੋੜੀ ਚੜ੍ਹੇਗਾ ਤਾਂ ਇਸ ਨੂੰ ਹੱਥ ਵਿਚ ਫੜੇਗਾ। ਕਾਰ ਵਿਚ ਵੀ ਬੈਠੇਗਾ ਤਾਂ ਕ੍ਰਿਪਾਨ ਹੱਥ ਵਿਚ ਫੜਨ ਦਾ ਆਪਣਾ ਹੀ ਰੋਹਬ ਹੈ। ਕ੍ਰਿਪਾਨ ਦੇ ਸੁਨਹਿਰੀ ਮਿਆਨ ਉਪਰ ਉਹ ਪੋਲਾ ਪੋਲਾ ਹੱਥ ਫੇਰਦਾ ਹੈ। ਫਿਰ ਕ੍ਰਿਪਾਨ ਨੂੰ ਮਿਆਨ ਤੋਂ ਬਾਹਰ ਕੱਢ ਕੇ ਉਸ ਦੀ ਧਾਰ ਦੇਖਦਾ ਹੈ। ਧਾਰ ਤੇਜ਼

ਹੈ। ਉਹ ਸੋਚਦਾ ਹੈ ਕਿ ਜਦ ਕਦੇ ਕ੍ਰਿਪਾਨ ਵਰਤੀ ਹੀ ਨਹੀਂ ਤਾਂ ਖੁੰਢੀ ਕਿਵੇਂ ਹੋ ਜਾਵੇਗੀ। ਉਸ ਨੂੰ ਕ੍ਰਿਪਾਨ ਹੀ ਅਸਲੀ ਹਥਿਆਰ ਜਾਪਦਾ ਹੈ। ਉਹ ਮਨ ਹੀ ਮਨ ਕਹਿੰਦਾ ਹੈ ਕਿ ਸ਼ਿਕਾਰ ਉਪਰ ਹਟਵੇਂ ਵਾਰ ਲਈ ਕ੍ਰਿਪਾਨ ਹੀ ਠੀਕ ਹੈ। ਚਾਕੂ ਤਾਂ ਨੇੜੇ ਦੇ ਵਾਰ ਲਈ ਹੁੰਦਾ ਹੈ ਤੇ ਹੁਣ ਮਨਿੰਦਰ ਉਸ ਦੇ ਨੇੜੇ ਨਹੀਂ ਆਵੇਗੀ।

ਕੁਝ ਦੇਰ ਉਹ ਸੈਟੀ 'ਤੇ ਬੈਠਾ ਰਹਿੰਦਾ ਹੈ। ਕ੍ਰਿਪਾਨ ਉਸ ਦੇ ਹੱਥ ਵਿਚ ਹੈ। ਉਸ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਹ ਕਿਸੇ ਵੱਡੇ ਯੁੱਧ ਲਈ ਤਿਆਰ ਹੋ ਰਿਹਾ ਹੈ ਬਲਕਿ ਤਿਆਰ ਹੈ। ਉਹ ਉਠਦਾ ਹੈ। ਕਾਰ ਵਿਚ ਕ੍ਰਿਪਾਨ ਨੂੰ ਇਵੇਂ ਰੱਖਦਾ ਹੈ ਕਿ ਬਾਹਰੋਂ ਕਿਸੇ ਨੂੰ ਦਿਸੇ ਵੀ ਨਾ ਅਤੇ ਲੋੜ ਪੈਣ 'ਤੇ ਇਕਦਮ ਹੱਥ ਵਿਚ ਵੀ ਆ ਸਕੇ। ਉਹ ਕਾਰ ਸਟਾਰਟ ਕਰਦਾ ਹੈ। ਸਟਾਰਟ ਹੋਣ ਵਿਚ ਕਾਰ ਕੁਝ ਦੇਰ ਲਗਾਉਂਦੀ ਹੈ। ਉਹਨੂੰ ਗੁੱਸਾ ਆ ਰਿਹਾ ਹੈ ਕਿ ਕਾਰ ਨੂੰ ਇੰਨੀ ਇੰਨੀ ਦੇਰ ਅਣਵਰਤੀ ਕਿਉਂ ਰਹਿਣ ਦਿੰਦਾ ਹੈ ਇਸ ਤਰ੍ਹਾਂ ਕਾਰ ਦੀ ਬੈਟਰੀ ਫਲੈਟ ਹੋਣ ਦਾ ਡਰ ਰਹਿੰਦਾ ਹੈ।

ਪਹਿਲਾਂ ਉਹ ਗੁਰਦੁਆਰੇ ਜਾਂਦਾ ਹੈ। ਮੱਥਾ ਟੇਕਦਾ ਹੈ। ਉਸ ਦਾ ਦਿਲ ਕਰਦਾ  ਭਾਈ ਜੀ ਕੋਲੋਂ ਅਰਦਾਸ ਕਰਾਵੇ ਪਰ ਸੋਚਣ ਲੱਗਦਾ ਹੈ ਕਿ ਕਹੇਗਾ ਕੀ। ਉਹ ਮੁੜ ਕਾਰ ਵਿਚ ਆ ਬੈਠਦਾ ਹੈ। ਸੈਂਟਰਲ ਲੰਡਨ ਵੱਲ ਨੂੰ ਕਾਰ ਤੋਰ ਲੈਂਦਾ ਹੈ। ਮਨਿੰਦਰ ਉਥੇ ਹੀ ਪੜ੍ਹਦੀ ਹੈ। ਵੈਸਟਮਿਨਿਸਟਰ ਯੂਨੀਵਰਸਿਟੀ ਵਿਚ। ਬੇਕਰ ਸਟਰੀਟ ਦੇ ਇਕਦਮ ਸਾਹਮਣੇ। ਉਹ ਯੂਨੀਵਰਸਿਟੀ ਦੀ ਮੁੱਖ ਦਵਾਰ ਲੱਭਣਾ ਚਾਹੁੰਦਾ ਹੈ। ਵਿਦਿਆਰਥੀ-ਵਿਦਿਆਰਥਣਾਂ ਇਧਰ ਉਧਰ ਤੁਰੇ ਫਿਰਦੇ ਹਨ। ਹੁਣ ਇਹ ਨਹੀਂ ਪਤਾ ਕਿ ਮਨਿੰਦਰ ਦੀ ਕਲਾਸ ਕਿਥੇ ਕੁ ਹੋਵੇਗੀ। ਇਮਾਰਤ ਦੇ ਇੰਨਿਆਂ ਦਰਵਾਜ਼ਿਆਂ ਵਿਚੋਂ ਕਿਸ ਵਿਚ ਦੀ ਆਉਂਦੀ ਜਾਂਦੀ ਹੋਵੇਗੀ। ਅੱਜ ਆਈ ਵੀ ਹੋਵੇਗੀ ਕਿ ਨਹੀਂ। ਉਹ ਕਾਰ ਇਕ ਪਾਸੇ ਖੜੀ ਕਰ ਲੈਂਦਾ ਹੈ। ਵਿਦਿਆਰਥੀ-ਵਿਦਿਆਰਥਣਾ ਦੇ ਝੁੰਡਾਂ ਵਿਚੋਂ ਮਨਿੰਦਰ ਨੂੰ ਲੱਭਦਾ ਖੋਜੀ ਨਜ਼ਰਾਂ ਨਾਲ ਇਧਰ ਉਧਰ ਦੇਖ ਰਿਹਾ ਹੈ। ਟਰੈਫਿਕ ਵਾਰਡਨ ਆ ਕੇ ਟਿਕਟ ਦੇਣ ਲੱਗਦਾ ਹੈ। ਉਹ ਕਾਰ ਮੂਵ ਕਰ ਲੈਂਦਾ ਹੈ ਤੇ ਇਮਾਰਤ ਦੇ ਦੂਜੇ ਪਾਸੇ ਜਾ ਰੋਕਦਾ ਹੇ। ਇਧਰ ਨੂੰ ਵੀ ਲੋਕਾਂ ਦਾ ਨਿਕਾਸ ਹੈ। ਜੇ ਮਨਿੰਦਰ ਦਿਸ ਜਾਵੇ ਤਾਂ ਕ੍ਰਿਪਾਨ ਲੈ ਕੇ ਉਸ ਵੱਲ ਵਧੇਗਾ ਤੇ ਗਰਦਨ 'ਤੇ ਹੀ ਵਾਰ ਕਰੇਗਾ। ਉਹ ਕਈ ਘੰਟੇ ਖੜਾ ਰਹਿੰਦਾ ਹੈ ਤੇ ਮਨਿੰਦਰ ਉਪਰ ਹਮਲਾ ਕਰਨ ਦੀਆਂ ਸਕੀਮਾਂ ਬਣਾਉਂਦਾ ਰਹਿੰਦਾ ਹੈ। ਮਨਿੰਦਰ ਕਿਧਰੇ ਨਹੀਂ ਦਿੱਸਦੀ। ਚਾਰ ਵੱਜ ਰਹੇ ਹਨ।

ਉਹ ਕਾਰ ਵਾਪਸ ਮੋੜ ਲੈਂਦਾ ਹੈ। ਉਹ ਸੋਚਦਾ ਹੈ ਕਿ ਸ਼ਾਇਦ ਉਹ ਘਰ ਆ ਹੀ ਗਈ ਹੋਵੇ। ਸ਼ਾਇਦ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੋਵੇ। ਜੇ ਉਹ ਵਾਪਸ ਆ ਗਈ ਹੋਵੇ ਤਾਂ ਉਹ ਉਸ ਨੂੰ ਮੁਆਫ ਕਰ ਦੇਵੇਗਾ। ਇਸ ਉਮਰ ਵਿਚ ਕੌਣ ਗਲਤੀ ਨਹੀਂ ਕਰਦਾ। ਉਹ ਘਰ ਪਹੁੰਚਦਾ ਹੈ। ਪੋਰਚ ਵਿਚ ਕੋਈ ਜੁੱਤੀ ਨਹੀਂ ਪਈ। ਉਹ ਮਨਿੰਦਰ ਦੇ ਕਮਰੇ ਵਿਚ ਜਾਂਦਾ ਹੈ। ਕਮਰਾ ਪਹਿਲਾਂ ਵਾਂਗ ਹੀ ਖਾਲੀ ਤੇ ਸਥਿਰ ਹੈ। ਕੁਝ ਵੀ ਨਹੀਂ ਹਿੱਲਿਆ ਹੋਇਆ। ਉਹ ਸੋਚਦਾ ਹੈ ਕਿ ਸ਼ਾਇਦ ਇਸ ਵਕਤ ਮਨਿੰਦਰ ਕੰਮ 'ਤੇ ਹੋਵੇ। ਪਰ ਉਸ ਨੂੰ ਤਾਂ ਇਹ ਵੀ ਨਹੀਂ ਪਤਾ ਕਿ ਉਹ ਕੰਮ ਕਿਥੇ ਕਰਦੀ ਹੈ। ਉਹ ਉਸ ਦੀਆਂ ਚੀਜ਼ਾਂ ਫਰੋਲਦਾ ਹੈ ਕਿ ਸ਼ਾਇਦ ਕੋਈ ਪੇਅ-ਸਲਿੱਪ ਬਗੈਰਾ ਹੱਥ ਲੱਗ ਜਾਵੇ ਤੇ ਪਤਾ ਚੱਲ ਸਕੇ ਕਿ ਕਿਸ ਫਰਮ ਜਾਂ ਸਟੋਰ ਵਿਚ ਕੰਮ ਕਰਦੀ ਹੈ। ਪੜ੍ਹਨ ਵਾਲੇ ਲੋਕਾਂ ਨੂੰ ਆਮ ਤੌਰ 'ਤੇ ਸਟੋਰਾਂ ਵਿਚ ਹੀ ਪਾਰਟ ਟਾਈਮ ਕੰਮ ਮਿਲਿਆ ਕਰਦੇ ਹਨ।

ਉਹ ਈਲਿੰਗ ਦੇ ਕੁਝ ਸਟੋਰਾਂ ਦਾ ਚੱਕਰ ਮਾਰ ਆਉਂਦਾ ਹੈ। ਸਟੋਰ ਵਿਚ ਜਾਣ ਵੇਲੇ ਉਹ ਚਾਕੂ ਜੇਬ ਵਿਚ ਲੈ ਕੇ ਜਾਂਦਾ ਹੈ ਕਿ ਜੇਕਰ ਮੌਕਾ ਮਿਲ ਗਿਆ ਤਾਂ ਉਸ ਨੂੰ ਗੰਵਾਵੇਗਾ ਨਹੀਂ ਪਰ ਮਨਿੰਦਰ ਕਿਧਰੇ ਨਹੀਂ ਲੱਭਦੀ। ਉਹ ਵਾਪਸ ਘਰ ਆ ਜਾਂਦਾ ਹੈ। ਹਾਰੇ ਹੋਏ ਸਿਪਾਹੀ ਜਿੰਨਾ ਥੱਕਿਆ ਪਿਆ ਹੈ। ਉਹ ਬੋਤਲ ਖੋਲ੍ਹਦਾ ਹੈ। ਸ਼ਰਾਬੀ ਹੋ ਕੇ ਆਪਣੇ ਆਪ ਨੂੰ ਕੋਸਦਾ ਰਹਿੰਦਾ ਹੈ ਕਿ ਉਸ ਨੇ ਮਨਿੰਦਰ ਨੂੰ ਜਾਣ ਹੀ ਕਿਉਂ ਦਿੱਤਾ।

ਅਗਲੇ ਦਿਨ ਫਿਰ ਉਹ ਯੂਨੀਵਰਸਿਟੀ ਜਾ ਕੇ ਮਨਿੰਦਰ ਨੂੰ ਲੱਭਦਾ ਫਿਰਦਾ ਹੈ। ਸ਼ਾਮ ਨੂੰ ਹੰਸਲੋ ਦੇ ਸਟੋਰਾਂ ਦਾ ਚੱਕਰ ਮਾਰ ਕੇ ਆਉਂਦਾ ਹੈ। ਰਾਤ ਨੂੰ ਬੈਠ ਕੇ ਸ਼ਰਾਬ ਪੀਂਦਾ ਮੁੜ ਆਪਣੇ ਆਪ ਨੂੰ ਕੋਸਣ ਲੱਗਦਾ ਹੈ ਤੇ ਫਿਰ ਮੁੱਛਾਂ ਨੂੰ ਵਟਾ ਦਿੰਦਾ ਟੈਲੀ ਦੇਖਣ ਲੱਗਦਾ ਹੈ। ਉਹ ਸੋਚਣ ਦੀ ਕੋਸ਼ਿਸ਼ ਕਰਦਾ ਹੈ ਕਿ ਕੌਣ ਹੋਇਆ ਉਹ ਮੁੰਡਾ ਜਿਸ ਦੀ ਖਾਤਰ ਮਨਿੰਦਰ ਉਸ ਦੀ ਇੱਜ਼ਤ ਨੂੰ ਮਿੱਟੀ ਵਿਚ ਮਿਲਾ ਗਈ ਹੈ। ਕਿਸ ਨੂੰ ਪੁੱਛੇ ਉਸ ਮੁੰਡੇ ਬਾਰੇ। ਮਨਿੰਦਰ ਦੀ ਕਿਸੇ ਵੀ ਸਹੇਲੀ ਨੂੰ ਉਹ ਨਹੀਂ ਜਾਣਦਾ। ਨਾ ਹੀ ਕਿਸੇ ਹੋਰ ਜਮਾਤੀ ਜਾਂ ਜਮਾਤਣ ਨੂੰ ਜਾਣਦਾ ਪਛਾਣਦਾ ਹੈ। ਗੁਰਦਿਆਲ ਸਿੰਘ ਨੇ ਕਾਰੇ ਦੇ ਮੁੰਡੇ ਬਾਰੇ ਕੋਈ ਗੱਲ ਕੀਤੀ ਸੀ ਜਿਹੜਾ ਕਿ ਮਨਿੰਦਰ ਦੀ ਸ਼ਿਕਾਇਤ ਲਾ ਰਿਹਾ ਸੀ ਪਰ ਕਾਰਾ ਤਾਂ ਆਪ ਕਿਸੇ ਕੇਸ ਵਿਚ ਫਸਿਆ ਹੋਇਆ ਹੈ ਫਿਰ ਉਸ ਮੁੰਡੇ ਨੂੰ ਪੁੱਛੇਗਾ ਵੀ ਕੀ।

ਤੀਜੇ ਦਿਨ ਫਿਰ ਉਹ ਜਾਂਦਾ ਹੈ। ਇਸ ਵਾਰ ਉਸ ਕਾਰ ਕਿਧਰੇ ਪਾਰਕ ਕਰਕੇ ਯੂਨੀ ਦਾ ਚਕਰ ਮਾਰਦਾ ਹੈ ਕਿ ਸ਼ਾਇਦ ਮਨਿੰਦਰ ਮਿਲ ਜਾਵੇ ਪਰ ਖਾਲੀ ਮੁੜ ਆਉਂਦਾ ਹੈ। ਉਹ ਸੋਚਦਾ ਹੈ ਕਿ ਇਵੇਂ ਕਿੰਨੇ ਦਿਨ ਭੱਜਾ ਫਿਰਦਾ ਰਹੇਗਾ। ਕਿਤੇ ਆਪਣੇ ਇਸ ਮਿਸ਼ਨ ਵਿਚ ਫੇਲ੍ਹ ਹੀ ਨਾ ਹੋ ਜਾਵੇ। ਕਿਉਂ ਨਾ ਕਿਸੇ ਹੋਰ ਦੀ ਮੱਦਦ ਲੈ ਲਵੇ। ਉਹ ਅਗਲੇ ਦਿਨ ਗੁਰਦਿਆਲ ਸਿੰਘ ਨੂੰ ਮਿਲਦਾ ਹੈ। ਉਸ ਦੇ ਮਨ ਵਿਚ ਇਹ ਵੀ ਹੈ ਕਿ ਗੁਰਦਿਆਲ ਸਿੰਘ ਸ਼ਰੀਕ ਹੈ ਤੇ ਸ਼ਰੀਕ ਅਜਿਹੀਆਂ ਗੱਲਾਂ 'ਤੇ ਢਿਡ ਵਿਚ ਹੱਸਿਆ ਕਰਦੇ ਹਨ। ਗੁਰਦਿਆਲ ਸਿੰਘ ਨੂੰ ਸਾਰੀ ਗੱਲ ਦੱਸਦਿਆਂ ਉਸ ਦੇ ਮਨ ਨੂੰ ਘੇਰ ਜਿਹੀ ਪੈਣ ਲੱਗਦੀ ਹੈ। ਗੁਰਦਿਆਲ ਸਿੰਘ ਉਸ ਦਾ ਮੋਢਾ ਥਾਪੜਦਾ ਆਖਦਾ ਹੈ,

''ਇਹ ਕੰਮ ਬਹੁਤ ਦਿਲ ਗੁਰਦੇ ਦਾ ਐ।''

''ਤੇਰਾ ਕੀ ਖਿਆਲ ਐ ਕਿ ਮੈਂ ਪਿੱਛੇ ਹਟਣ ਵਾਲਾ ਆਂ, ਮੈਨੂੰ ਤਾਂ ਪਛਤਾਵਾ ਏਨਾ ਈ ਐ ਕਿ ਮੈਂ ਏਨਾ ਅਵੇਸਲਾ ਕਿਉਂ ਹੋ ਗਿਆ ਸੀ, ਉਹਨੂੰ ਜਾਣ ਕਿਉਂ ਦਿੱਤਾ।''

''ਜੇ ਤੇਰੀ ਥਾਂ 'ਤੇ ਕੋਈ ਹੋਰ ਹੁੰਦਾ ਤਾਂ ਏਦਾਂ ਈ ਕਰਦਾ।''

‘‘ਪਰ ਮੈਂ ਕੇਅਰਫੁੱਲ ਸੀ। ਮੈਂ ਸਾਰੀ ਗੱਲ ਸੋਚੀ ਜਾਂਦਾ ਸੀ, ਮੈਨੂੰ ਪਤਾ ਸੀ ਕਿ ਸਾਧੂ ਸੂੰਹ ਨੂੰ ਕੁੜੀ ਲੱਭਣ ਵਿਚ ਕਿੰਨੀ ਮਿਹਨਤ ਕਰਨੀ ਪਈ ਹੋਊ ਤੇ ਮੈਂ ਮੌਕਾ ਨਹੀਂ ਸੀ ਗਵਾਉਣਾ ਚਾਹੁੰਦਾ ਪਰ ਗਵਾ ਹੋ ਗਿਆ ਤੇ ਤਿੰਨ ਦਿਨ ਹੋ ਗਏ ਮਾਰਿਆ ਮਾਰਿਆ ਫਿਰਦਾਂ।’’

‘‘ਪਾਲਾ ਸਿਆਂ, ਹਿੱਟ ਮੈਨ ਲੱਭ ਕੋਈ, ਪ੍ਰੋਫੈਸ਼ਨਲ।’’

‘‘ਗੱਲ ਤਾਂ ਫੇਰ ਵੀ ਗੁਰਦਿਆਲ ਸਿਆਂ ਉਥੇ ਈ ਆਉਣੀ ਐ, ਪੁਲਿਸ ਨੇ ਮੈਨੂੰ ਈ ਫੜਨੈ। ਕਿਉਂ ਨਾ ਮੈਂ ਆਪ ਸਭ ਕੁਸ਼ ਕਰਾਂ, ਆਪਣੇ ਹੱਥੀਂ ਕੀਤੇ ਕੰਮ ਦੀ ਤਸੱਲੀ ਹੋਰ ਹੁੰਦੀ ਐ।’’

‘‘ਪਾਲਾ ਸਿਆਂ, ਸਾਰੀ ਉਮਰ ਜੇਲ੍ਹ 'ਚ ਸੜੇਂਗਾ, ਮੁਹਰੇ ਹੁਣ ਰਹਿ ਵੀ ਕਿੰਨੀ ਕੁ ਗਈ।’’

‘‘ਇਥੇ ਬਾਹਰ ਰਹਿ ਕੇ ਵੀ ਤਾਂ ਸੜਨਾ ਈ ਹੋਇਆ, 'ਕੱਲੀ ਜਾਨ ਆਂ ਅੰਦਰ ਹੋਵਾਂ ਜਾਂ ਬਾਹਰ ਕੀ ਫਰਕ ਪੈਂਦਾ।’’

‘‘ਦੇਖ ਜ਼ਰਾ ਸੋਚ, ਜੇ ਕੋਈ ਪ੍ਰੋਫੈਸ਼ਨਲ ਕੰਮ ਕਰੂ ਤਾਂ ਪੂਰੀ ਸਫਾਈ ਨਾਲ ਕਰੂ, ਆਹ ਦੇਖ ਬ੍ਰੈਡਫੋਰਡ ਪਾਕਿਸਤਾਨੀ ਨੇ ਕੁੜੀ ਮਰਵਾਈ। ਪੁਲਿਸ ਨੂੰ ਪਤੈ ਵੀ ਐ ਸਭ ਪਰ ਸਬੂਤ ਹੈ ਨਹੀਂ ਕੋਈ। ਸਬੂਤ ਨਾ ਹੋਣ ਕਰਕੇ ਦੋ ਵਾਰ ਅਰੈਸਟ ਕਰਕੇ ਛੱਡ ਦਿੱਤਾ ਐ।’’

‘‘ਪ੍ਰੋਫੈਸ਼ਨਲ ਪੈਸੇ ਵੀ ਬਹੁਤ ਮੰਗੂ, ਮੇਰੇ ਕੋਲ ਐਨਾ ਕੁਸ਼ ਨਹੀਂ।’’

‘‘ਦਸ ਹਜ਼ਾਰ ਲੈ ਲਊ ਹੋਰ ਕੀ।’’

‘‘ਏਨਾ ਤਾਂ ਮੈਂ ਕੈਸ਼ ਈ ਕਰ ਦਊਂ, ਮੈਂ ਕਿਹਾ ਪੰਜਾਹ-ਸੱਠ ਹਜ਼ਾਰ ਮੰਗੂ।’’

‘‘ਪੰਜਾਹ-ਸੱਠ 'ਚ ਤਾਂ ਪੂਰਾ ਮਹੱਲਾ ਸਾਫ ਕਰਾ ਲਓ ਭਾਵੇਂ।’’

‘‘ਫੇਰ ਤਾਂ ਠੀਕ ਐ, ਕਰ ਫੇਰ ਕੋਈ ਇੰਤਜ਼ਾਮ।’’

‘‘ਇੰਤਜ਼ਾਮ ਪਾਲਾ ਸਿਆਂ ਤੂੰ ਆਪ ਕਰ, ਮੈਨੂੰ ਵਿਚ ਨਾ ਰੱਖ।’’

‘‘ਮੈਨੂੰ ਗਾਈਡ ਤਾਂ ਕਰੇਂਗਾ ਈ, ਕਿਥੋਂ ਲੱਭਾਂ ਮੈਂ ਹਿੱਟ ਮੈਨ ?’’

ਪਾਲਾ ਸਿੰਘ ਬੇਵਸੀ ਵਿਚ ਮੋਢੇ ਮਾਰਦਾ ਆਖਦਾ ਹੈ। ਗੁਰਦਿਆਲ ਸਿੰਘ ਸੋਚਣ ਲੱਗਦਾ ਹੈ ਤੇ ਕੁਝ ਦੇਰ ਸੋਚਦਾ ਰਹਿੰਦਾ ਹੈ। ਫਿਰ ਕਹਿੰਦਾ ਹੈ,

‘‘ਕਰਦੇ ਆਂ ਕੁਸ਼ ਪਰ ਤੂੰ ਆਪ ਸਿੱਧੀ ਕਿਸੇ ਤੱਕ ਅਪਰੋਚ ਨਾ ਕਰੀਂ ਤੇ ਬਿਨਾਂ ਕਿਸੇ ਰੈਫਰੈਂਸ ਦੇ ਗੱਲ ਨਾ ਕਰੀਂ। ਕਈ ਵਾਰ ਪੁਲਿਸ ਅੰਡਰ-ਕਵਰ ਹੋਈ ਫਿਰਦੀ ਹੁੰਦੀ ਐ, ਲੋਕਾਂ ਨੂੰ ਫਸਾਉਂਦੀ ਫਿਰਦੀ ਹੁੰਦੀ ਐ।’’

‘‘ਪਰ ਕੰਮ ਦਾ ਬੰਦਾ ਲੱਭਣ ਲਈ ਪੁੱਛ-ਦੱਸ ਤਾਂ ਕਰਨੀ ਈ ਪਊ।’’

‘‘ਈਸਟ ਐਂਡ ਵਿਚ ਇਕ ਬੰਦਾ ਮੇਰਾ ਵਾਕਫ ਹੁੰਦਾ ਸੀ, ਬਹੁਤ ਸਾਲ ਹੋ ਗਏ ਮਿਲੇ ਨੂੰ। ਉਹਦੀ ਬਹੁਤ ਵਾਕਫੀ ਐ। ਦੋ ਕੁ ਸਾਲ ਪਹਿਲਾਂ ਉਹਦਾ ਫੋਨ ਆਇਆ ਸੀ ਹੈਲੋ ਕਹਿਣ ਲਈ। ਮੈਂ ਦੇਖਦਾਂ ਜੇ ਕਿਤੇ ਉਹਦਾ ਫੋਨ ਲੱਭ ਗਿਆ ਤਾਂ।’’

‘‘ਗੁਰਦਿਆਲ ਸਿਆਂ, ਦੇਖ, ਮੈਂ ਤੈਨੂੰ ਕਿਸੇ ਝਮੇਲੇ ਵਿਚ ਨਹੀਂ ਪਾਉਣਾ ਚਾਹੁੰਦਾ, ਤੂੰ ਮੈਨੂੰ ਨੰਬਰ ਦੇ ਦੇਈਂ ਮੈਂ ਆਪੇ ਗੱਲ ਕਰ ਲਊਂ।’’

‘‘ਤੇਰੀ ਗੱਲ ਠੀਕ ਐ ਪਰ ਪਾਲਾ ਸਿਆਂ ਇੱਜ਼ਤ ਤਾਂ ਆਪਣੀ ਸਭ ਦੀ ਸਾਂਝੀ ਐ ਨਾਲੇ ਕਿਸੇ ਨਾਲ ਗੱਲ ਨਾ ਕਰੀਂ ਕੁੜੀ ਦੇ ਚਲੇ ਜਾਣ ਦੀ।’’

‘‘ਗੱਲ ਤਾਂ ਮੈਂ ਕੀ ਕਰਨੀ ਐ ਕਿਸੇ ਨਾਲ।’’

ਪਾਲਾ ਸਿੰਘ ਕਹਿੰਦਾ ਹੋਇਆ ਉਥੋਂ ਆ ਜਾਂਦਾ ਹੈ। ਉਸ ਦੇ ਮਨ ਵਿਚ ਟਿਕਾਅ ਨਹੀਂ ਹੈ। ਉਹ ਕਾਰ ਨੂੰ ਸੜਕਾਂ ਉਪਰ ਭਜਾਈ ਫਿਰਦਾ ਹੈ ਕਿ ਸ਼ਾਇਦ ਮਨਿੰਦਰ ਕਿਧਰੇ ਤੁਰੀ ਜਾਂਦੀ ਮਿਲ ਪਵੇ।

ਕਈ ਦਿਨ ਲੰਘ ਜਾਂਦੇ ਹਨ। ਮਨਿੰਦਰ ਦਾ ਕੁਝ ਪਤਾ ਨਹੀਂ ਚੱਲਦਾ। ਉਹ ਹਰ ਰੋਜ਼ ਹੀ ਉਸ ਦੀ ਤਲਾਸ਼ ਵਿਚ ਨਿਕਲਦਾ ਹੈ। ਉਹ ਚਾਹੁੰਦਾ ਹੈ ਕਿ ਇਹ ਕੰਮ ਜਿੰਨੀ ਜਲਦੀ ਹੋ ਜਾਵੇ ਠੀਕ ਹੈ। ਉਸ ਦਿਨ ਤੋਂ ਬਾਅਦ ਮੁੜ ਕੇ ਉਸ ਦੇ ਗੁਰਦੁਆਰੇ ਵੀ ਨਹੀਂ ਜਾਇਆ ਜਾਂਦਾ ਤੇ ਨਾ ਹੀ ਪੱਬ ਨੂੰ। ਘਰ ਆ ਕੇ ਵੀ ਛੇਤੀ ਹੀ ਬੱਤੀਆਂ ਬੁਝਾ ਦਿੰਦਾ ਹੈ। ਬਹੁਤੀ ਵਾਰ ਨੀਂਦ ਵੀ ਨਹੀਂ ਆਉਂਦੀ। ਸ਼ਰਾਬ ਵੀ ਥੋੜ੍ਹੇ ਕੀਤੇ ਉਸ ਉਪਰ ਅਸਰ ਨਹੀਂ ਕਰਦੀ।

ਇਕ ਦਿਨ ਗੁਰਦਿਆਲ ਸਿੰਘ ਦਾ ਫੋਨ ਆਉਂਦਾ ਹੈ,

‘‘ਪਾਲਾ ਸਿਆਂ, ਕੁੜੀ ਦੀਆਂ ਦੋ-ਤਿੰਨ ਫੋਟੋ ਤੇ ਬਾਰਾਂ ਹਜ਼ਾਰ ਪੌਂਡ ਹੱਥ ਹੇਠ ਰੱਖ, ਕਦੇ ਵੀ ਲੋੜ ਪੈ ਸਕਦੀ ਆ।’’

ਉਣਾਹਟ

ਕਦੇ ਕਦੇ ਪਰਦੁੱਮਣ ਸਿੰਘ ਦੀ ਰਾਤਾਂ ਦੀ ਨੀਂਦ ਖਰਾਬ ਹੋਣ ਲਗਦੀ ਹੈ। ਕਈ ਕਿਸਮ ਦੀਆਂ ਚਿੰਤਾਵਾਂ ਆ ਘੇਰਨ ਲਗਦੀਆਂ ਹਨ। ਇਸ ਲਈ ਉਸ ਦੀ ਸ਼ਰਾਬ ਪੀਣ ਦੀ ਆਦਤ ਵਿਗੜ ਰਹੀ ਹੈ। ਹੁਣ ਉਹ ਲਗਭਗ ਰੋਜ਼ ਹੀ ਪੀਣ ਲਗਿਆ ਹੈ। ਕਈ ਵਾਰ ਸਵੇਰੇ ਲੇਟ ਵੀ ਉਠਦਾ ਹੈ ਭਾਵੇਂ ਕਿ ਹੁਣ ਬਲਰਾਮ ਕੰਮ ਸੰਭਾਲਦਾ ਹੈ ਪਰ ਉਹ ਇਹ ਨਹੀਂ ਚਾਹੁੰਦਾ ਕਿ ਉਹ ਬਿਨਾਂ ਕਾਰਨ ਘਰ ਸੁੱਤਾ ਰਹੇ ਜਾਂ ਬਿਸਤਰ ਵਿਚ ਪਿਆ ਰਹੇ।

ਇਕ ਚਿੰਤਾ ਉਸ ਦੀ ਇਹ ਹੈ ਕਿ ਬਲਰਾਮ ਦੀ ਪਤਨੀ ਦੇ ਘਰੋਂ ਚਲੇ ਜਾਣ ਕਾਰਣ ਲੋਕਾਂ ਵਿਚ ਉਸ ਦੀ ਬਹੁਤ ਬਦਨਾਮੀ ਹੋਈ ਹੈ। ਉਸ ਨੂੰ ਡਰ ਹੈ ਕਿ ਬਲਰਾਮ ਵਿਚ ਕੋਈ ਨੁਕਸ ਹੀ ਨਾ ਹੋਵੇ। ਵੱਡੇ ਵਾਂਗ ਇਹ ਵੀ ਗੇਅ ਹੀ ਨਾ ਹੋ ਗਿਆ ਹੋਵੇ। ਜੇ ਇਵੇਂ ਹੋਇਆ ਫਿਰ ਤਾਂ ਉਹ ਮਾਰਿਆ ਗਿਆ ਨਾ। ਉਹ ਆਪਣਾ ਦਿਲ ਕਾਇਮ ਕਰਨ ਲਈ

ਆਪਣੇ ਆਪ ਨੂੰ ਤਸੱਲੀ ਦੇਣ ਲਗਦਾ ਹੈ ਕਿ ਅੱਜ ਕੱਲ ਦੇ ਬੱਚਿਆਂ ਦੀ ਈਗੋ ਬਹੁਤ ਉਚੀ ਹੈ, ਕਿਸੇ ਦੀ ਗੱਲ ਸਹਾਰਦੇ ਨਹੀਂ। ਇਸ ਲਈ ਬਹੁਤ ਘੱਟ ਵਿਆਹ ਸਿਰੇ ਚੜ੍ਹਦੇ ਹਨ ਅਤੇ ਸਭ ਨਾਲ ਹੀ ਇਵੇਂ ਹੋ ਰਹੀ ਹੈ ਤੇ ਕਿਸੇ ਨੂੰ ਕਿਸੇ ਵੱਲ ਦੇਖਣ ਤੇ ਸੋਚਣ ਦੀ ਫੁਰਸਤ ਨਹੀਂ ਹੈ ਪਰ ਫਿਰ ਵੀ ਉਹ ਜਦ ਸੋਚਾਂ ਵਿਚ ਡੁੱਬਦਾ ਹੈ ਤਾਂ ਡੁੱਬਦਾ ਚਲੇ ਜਾਂਦਾ ਹੈ। ਸ਼ਾਇਦ ਵਿਚੋਲੇ ਨੇ ਜਾਣ ਕੇ ਖਰਾਬ ਕਰਨ ਲਈ ਇਹ ਰਿਸ਼ਤਾ ਕਰਾਇਆ ਹੋਵੇ। ਇਹ ਜੋ ਉਹ ਇੰਨੀ ਭੱਜ ਦੌੜ ਕਰਦਾ ਹੈ ਇਸੇ ਕਰਕੇ ਹੀ ਹੈ ਕਿ ਉਸ ਦੀ ਅਣਸ ਅਗੇ ਵਧੇ ਜੇਕਰ ਬਲਰਾਮ ਵਿਚ ਕੋਈ ਨੁਕਸ ਹੋਇਆ ਤਾਂ ਇੰਨੀ ਭੱਜ ਦੌੜ ਦਾ ਕੀ ਫਾਇਆ। ਕਈ ਵਾਰ ਸ਼ਰਾਬੀ ਹੋਇਆ ਪਰਦੁੱਮਣ ਸਿੰਘ ਬਲਰਾਮ ਨੂੰ ਕਹਿਣ ਲੱਗਦਾ ਹੈ,

"ਮੈਨੂੰ ਸੱਚ ਦੱਸ ਦੇ, ਤੂੰ ਕਿਤੇ ਗੇਅ ਤਾਂ ਨਹੀਂ?"

"ਡੈਡ, ਕਿੰਨੀ ਵਾਰ ਕਹਿ ਚੁੱਕਾਂ ਕਿ ਮੈਂ ਸਟਰੇਟ ਆਂ, ਇਹ ਉਹੀ ਬਿਗ ਹੈਡਡ ਸੀ ਜਿਹੜੀ ਚਲੇ ਗਈ।"

ਬਲਰਾਮ ਖਿੱਝ ਕੇ ਉਤਰ ਦਿੰਦਾ ਹੈ। ਪਰਦੁੱਮਣ ਸਿੰਘ ਫਿਰ ਕਹਿੰਦਾ ਹੈ,

"ਜੇ ਸਟਰੇਟ ਐਂ ਤਾਂ ਕੋਈ ਕੁੜੀ ਕਿਉਂ ਨਹੀਂ ਫਸਾਈ ਹਾਲੇ ਤੱਕ ? ਤੇਰੇ ਕੋਲ ਗਰਲ ਫਰਿੰਡ ਕਿਉਂ ਨਹੀਂ ਹੈਗੀ ?"

"ਡੈਡ, ਜੇ ਮੈਂ ਗਰਲ ਫਰਿੰਡ ਲੈ ਆਂਦੀ ਤਾਂ ਤੁਸੀਂ ਕਹਿਣਾ ਕਿ ਹੁਣ ਛੱਡ ਏਹਨੂੰ, ਗਰਲ ਫਰਿੰਡ ਕੋਈ ਬੀਅਰ ਦਾ ਡੱਬਾ ਨਹੀਂ ਕਿ ਦੁਕਾਨ ਤੋਂ ਖਰੀਦ ਲਿਆ ਤੇ ਜਦ ਦਿਲ ਕੀਤਾ ਘੁੱਟ ਭਰ ਲਿਆ।"

ਉਹ ਗੁੱਸੇ ਨਾਲ ਕਹਿਣ ਲੱਗਦਾ ਹੈ। ਪਰਦੁੱਮਣ ਸਿੰਘ ਉਸ ਦੀ ਗੱਲ ਸੁਣ ਕੇ ਚੁੱਪ ਕਰ ਜਾਂਦਾ ਹੈ। ਸੋਫੀ ਹੋ ਕੇ ਉਸ ਨੂੰ ਇਹ ਸਭ ਭੁੱਲ ਜਾਂਦਾ ਹੈ ਤੇ ਸ਼ਰਾਬੀ ਹੋਇਆ ਫਿਰ ਉਹੋ ਸਵਾਲ ਕਰਨ ਲੱਗਦਾ ਹੈ।

ਇਕ ਫਿਕਰ ਉਸ ਨੂੰ ਸਤਿੰਦਰ ਦਾ ਹੈ। ਉਸ ਨੂੰ ਵੀ ਮੁੰਡਾ ਠੀਕ ਨਹੀਂ ਮਿਲਿਆ। ਮੁੰਡੇ ਦੇ ਪਿਓ ਦਾ ਇਲੈਕਟਰੌਨਿਕ ਗੁੱਡਜ਼ ਦਾ ਵੇਅਰ ਹਾਊਸ ਹੈ। ਦੋ ਭਰਾ ਹਨ। ਇਹ ਵੱਡਾ ਹੈ ਪਰ ਇਸ ਦਾ ਕੰਮ ਵੱਲ ਕੋਈ ਧਿਆਨ ਨਹੀਂ ਹੈ। ਸਾਰਾ ਕੰਮ ਛੋਟਾ ਭਰਾ ਜਾਂ ਪਿਓ ਸੰਭਾਲਦੇ ਹਨ। ਸਤਿੰਦਰ ਦਾ ਪਤੀ ਹਰਮਿੰਦਰ ਫੁੱਟਬਾਲ ਦਾ ਸ਼ੌਕੀਨ ਹੈ ਤੇ ਐਡਾ ਵੱਡਾ ਕਾਰੋਬਾਰ ਛੱਡ ਮੈਚ ਦੇਖਣ ਹੀ ਤੁਰਿਆ ਰਹਿੰਦਾ ਹੈ। ਕੁੜੀ ਬਿਲਕੁਲ ਖੁਸ਼ ਨਹੀਂ ਹੈ। ਕੁਝ ਸਮੇਂ ਵਿਚ ਹੀ ਕੁੜੀ ਬਹੁਤ ਮਾੜੀ ਹੋ ਗਈ ਹੈ। ਵਿਚੇ ਵਿਚ ਕਿਸੇ ਗੱਲੋਂ ਖੁਰਦੀ ਜਾ ਰਹੀ ਹੈ। ਪਰਦੁੱਮਣ ਸਿੰਘ ਨੇ ਗੱਜ-ਵੱਜ ਕੇ ਵਿਆਹ ਕੀਤਾ ਹੈ। ਰੱਜਵਾਂ ਦਾਜ ਦਿੱਤਾ ਹੈ ਪਰ ਕੁੜੀ ਫਿਰ ਵੀ ਨਹੀਂ ਖੁਸ਼।

ਘਰ ਵਿਚ ਗਿਆਨ ਕੌਰ ਕੁਲਬੀਰੋ ਦੀ ਮੌਤ ਨੂੰ ਲੈ ਕੇ ਹਾਲੇ ਤਕ ਪ੍ਰੇਸ਼ਾਨ ਹੈ ਤੇ ਕੰਮ-ਕਾਰ ਤੋਂ ਇਕ ਕਿਸਮ ਨਾਲ ਕਿਨਾਰਾ ਕਰੀ ਬੈਠੀ ਹੈ। ਵਿਓਪਾਰ ਉਪਰ ਵੀ ਤਾਰਿਕ ਦਾ ਡਰ ਛਾਇਆ ਰਹਿੰਦਾ ਹੈ ਤੇ ਬਲਵੀਰ ਦਾ ਵੀ। ਡਰਾਈਵਰ ਵੀ ਕਈ ਵਾਰ ਗੜਬੜ ਕਰਨ ਲੱਗਦੇ ਹਨ। ਰਾਜਵਿੰਦਰ ਵੀ ਪਤਾ ਨਹੀਂ ਕਿਥੇ ਤੇ ਕਿਹੜੇ ਹਾਲ ਵਿਚ ਰਹਿੰਦਾ ਹੈ। ਇਕ ਵਾਰ ਅਜਿਹਾ ਗਿਆ ਕਿ ਮੁੜ ਘਰ ਨਹੀਂ ਆਇਆ। ਉਸ ਨੂੰ ਪਤਾ ਹੈ ਕਿ ਉਹ ਸਾਊਥਾਲ ਵਿਚ ਹੀ ਕਿਧਰੇ ਰਹਿੰਦਾ ਹੈ। ਪਰਦੁੱਮਣ ਸਿੰਘ ਜਦ ਉਸ ਬਾਰੇ ਸੋਚਦਾ ਹੈ ਤਾਂ ਉਸ ਦੇ ਦਿਲ ਨੂੰ ਘੋਟ ਜਿਹੀ ਪੈਣ ਲੱਗਦੀ ਹੈ। ਹੁਣ ਉਹ ਕਾਰੇ ਦੀ ਜ਼ਮਾਨਤ ਦੇ ਬੈਠਾ ਹੈ। ਇਸ ਜ਼ਮਾਨਤ ਨੇ ਨਵੀਂ ਚਿੰਤਾ ਖੜੀ ਕਰ ਦਿੱਤੀ ਹੈ। ਕਾਰਾ ਨਸ਼ੇ ਦੀ ਲੋਰ ਵਿਚ ਇਕ ਦਿਨ ਕਹਿ ਬੈਠਦਾ ਹੈ,

"ਦੁੱਮਣਾ, ਮੈਂ ਤਾਂ ਸੂੰਅ ਕਰਕੇ ਉਡ ਜਾਣੈ।"

ਸੁਣਦਿਆਂ ਦੀ ਪਰਦੁੱਮਣ ਸਿੰਘ ਨੂੰ ਫਿਕਰ ਪੈ ਜਾਂਦਾ ਹੈ ਕਿ ਜੇ ਕਾਰਾ ਮੁਲਕ ਛੱਡ ਗਿਆ ਤਾਂ ਜ਼ਮਾਨਤ ਉਸ ਨੂੰ ਪੈ ਜਾਵੇਗੀ। ਵੈਸੇ ਵੀ ਕਾਰਾ ਬਹੁਤ ਖੁਸ਼ ਘੁੰਮਦਾ ਰਹਿੰਦਾ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਕਾਰਾ ਪਰਦੁੱਮਣ ਦੇ ਫਿਕਰ ਨੂੰ ਸਮਝਦਾ ਹੈ ਪਰ ਇਸ ਬਾਰੇ ਗੱਲ ਨਹੀਂ ਕਰਦਾ। ਉਸ ਨੂੰ ਡਰ ਹੈ ਕਿ ਉਹ ਜਮਾਨਤ ਰੱਦ ਹੀ ਨਾ ਕਰਾ ਦੇਵੇ ਤੇ ਉਸ ਨੂੰ ਮੁੜ ਅੰਦਰ ਡੱਕ ਦਿਤਾ ਜਾਵੇ।

ਫਿਰ ਜਦ ਕਾਰਾ ਤੇ ਮਨੀਸ਼ ਸਾਰੇ ਕੇਸ ਨੂੰ ਨਵਾਂ ਮੋੜ ਦੇਣ ਦੀ ਕੋਸ਼ਿਸ਼ ਕਰਨ ਲੱਗਦੇ ਹਨ ਤਾਂ ਪਰਦੁੱਮਣ ਦਾ ਫਿਕਰ ਕੁਝ ਘਟਦਾ ਹੈ। ਕਾਰਾ ਆਪਣੇ ਤੀਜੇ ਸਾਥੀ ਕੈਲਵਿਨ ਦੀ ਜ਼ਮਾਨਤ ਕਰਵਾਉਂਦਾ ਹੈ ਤੇ ਉਸ ਨਾਲ ਸਮਝੌਤਾ ਕਰਦਾ ਹੈ ਕਿ ਸਾਰਾ ਕੇਸ ਉਹ ਆਪਣੇ ਸਿਰ ਲੈ ਲਵੇ। ਕਾਰਾ ਪਰਦੁੱਮਣ ਨੂੰ ਹੌਸਲਾ ਦਿੰਦਾ ਕਹਿੰਦਾ ਹੈ,

"ਤੂੰ ਐਵੇਂ ਨਾ ਆਪਣਾ ਖੂਨ ਸਾੜੀ ਚੱਲ। ਜਾਹ ਸਰਾਹਣੇ ਹੇਠ ਬਾਂਹ ਦੇ ਕੇ ਸੌਂ ਜਾਹ।"

ਕੁਝ ਹਫਤੇ ਪਰਦੁੱਮਣ ਦੇ ਠੀਕ ਲੰਘਦੇ ਹਨ ਤੇ ਫਿਰ ਚੱਲਦਾ ਹੈ ਕਿ ਕੈਲਵਿਨ ਤਾਂ ਸਰਕਾਰੀ ਗਵਾਹ ਬਣ ਗਿਆ ਹੈ। ਉਸ ਨੇ ਪੁਲਿਸ ਨੂੰ ਸਭ ਸੱਚ ਸੱਚ ਦੱਸ ਦਿੱਤਾ ਹੈ। ਪਰਦੁੱਮਣ ਫਿਰ ਬੇਆਰਾਮ ਹੋ ਜਾਂਦਾ ਹੈ।

ਇਕ ਦਿਨ ਉਸ ਦਾ ਫੋਨ ਵੱਜਦਾ ਹੈ। ਕੋਈ ਇੰਟਰਨੈਸ਼ਨਲ ਕਾਲ ਹੈ। ਫੋਨ ਉਪਰ ਕਾਰਾ ਹੈ। ਪਰਦੁੱਮਣ ਸਿੰਘ ਕਾਹਲੀ ਵਿਚ ਪੁੱਛਦਾ ਹੈ,

"ਕਿਥੇ ਐਂ ਤੂੰ, ਤੇਰੀ ਕਾਲ ਇੰਟਰਨੈਸ਼ਨਲ ਕਿਉਂ ਸ਼ੋਅ ਕਰ ਰਹੀ ਐ?"

"ਦੁੰਮਣਾ, ਮੈਂ ਇੰਗਲੈਂਡ ਛੱਡ ਦਿੱਤੈ, ਮੇਰੇ ਤੋਂ ਜੇਲ੍ਹ ਨਹੀਂ ਕੱਟੀ ਜਾਣੀ।"

"ਮੇਰੀ ਜ਼ਮਾਨਤ ਦਾ ਕੀ ਬਣੂੰ ?"

"ਮੈਂ ਜਿਉਂ ਹੈਗਾਂ।"

"ਤੂੰ ਕਿਥੇ ਹੈਗਾਂ ?.. ਤੂੰ ਤਾਂ ਭੱਜ ਗਿਆਂ, ਇਕ ਲੱਖ ਮੈਨੂੰ ਭਰਨਾ ਪਊ।"

ਪਰਦੁੱਮਣ ਸਿੰਘ ਉਚੀ ਉਚੀ ਬੋਲਣ ਲੱਗਦਾ ਹੈ। ਫੋਨ ਕੱਟ ਹੋ ਜਾਂਦਾ ਹੈ। ਗਿਆਨ ਕੌਰ ਪੁੱਛਦੀ ਹੈ ਤਾਂ ਉਹ ਕਾਰੇ ਨੂੰ ਬੁਰਾ-ਭਲਾ ਬੋਲਦਾ ਸਾਰੀ ਗੱਲ ਦੱਸਦਾ ਹੈ। ਗਿਆਨ ਕੌਰ ਹੌਲੇ ਜਿਹੇ ਆਖਦੀ ਹੈ,

"ਇਹ ਸਭ ਕੁਲਬੀਰੋ ਦੇ ਦਸ ਹਜ਼ਾਰ ਨੇ ਕਰਾਇਆ। ਹੁਣ ਦਸ ਬਦਲੇ ਲੱਖ ਦੇਣਾ ਪਿਆ ਨਾ।"

ਪਰਦੁੱਮਣ ਸਿੰਘ ਗੁੱਸੇ ਵਿਚ ਆ ਕੇ ਉਸ ਵੱਲ ਦੇਖਦਾ ਹੈ। ਉਸ ਨੂੰ ਲੱਗਦਾ ਹੈ ਕਿ ਇਸ ਮੁਸੀਬਤ ਵਿਚ ਉਹ ਬਿਲਕੁਲ ਇਕੱਲਾ ਰਹਿ ਗਿਆ ਹੈ। ਉਹ ਸੁਰਜੀਤ ਕੌਰ ਕੋਲ ਜਾਂਦਾ ਹੈ। ਕਹਿਣ ਲੱਗਦਾ ਹੈ,

"ਭਰਜਾਈ, ਮੈਂ ਲੱਖ ਕਿਥੋਂ ਕੱਢੂੰਗਾ ਜ਼ਮਾਨਤ ਦਾ ?"

"ਭਾਜੀ, ਉਹ ਆਪੇ ਕਰਨਗੇ ਕੁਸ਼ ਨਾ ਕੁਸ਼। ਇਹ ਜ਼ਮਾਨਤ ਹੁਣ ਤੁਹਾਨੂੰ ਥੋੜ੍ਹੋਂ ਪੈਣ ਦੇਣਗੇ।"

"ਪਰ ਉਹ ਗਿਆ ਕਿਥੇ ਐ ?"

"ਇਹ ਤਾਂ ਸਾਨੂੰ ਨਹੀਂ ਪਤਾ, ਸਾਨੂੰ ਤਾਂ ਫੋਨ ਵੀ ਨਹੀਂ ਕੀਤਾ ਜਾ ਕੇ, ਪੁਲਿਸ ਆਲ਼ੇ ਸਾਡੀ ਹਰ ਮੂਵ 'ਤੇ ਨਜ਼ਰ ਰੱਖ ਰਹੇ ਆ, ਸ਼ਾਇਦ ਫੋਨ ਵੀ ਰਿਕਾਰਡ ਕਰਦੇ ਹੋਣ।"

"ਭਰਜਾਈ, ਆਹ ਤਾਂ ਕਾਰੇ ਦੀਆਂ ਕੀਤੀਆਂ ਮੈਨੂੰ ਭਰਨੀਆਂ ਪੈ ਰਹੀਆਂ।"

"ਭਾਜੀ, ਇਨ੍ਹਾਂ ਨੇ ਕੁਸ਼ ਨਹੀਂ ਕੀਤਾ, ਸਾਰਾ ਕੰਮ ਗੋਰੇ ਦਾ ਐ। ਇਨ੍ਹਾਂ ਦਾ ਤਾਂ ਨਾਂ ਈ ਲੱਗ ਗਿਐ, ਮਾਲਕ ਜਿਉਂ ਸੀ।"

ਪਰਦੁੱਮਣ ਸਿੰਘ ਮਨ ਹੀ ਮਨ ਕਹਿੰਦਾ ਹੈ ਕਿ ਉਸ ਨੂੰ ਪਤਾ ਜਿਹੜਾ ਕਾਰਾ ਦੁੱਧ ਧੋਤਾ ਹੈ।

ਕੁਝ ਹਫਤਿਆਂ ਬਾਅਦ ਫਿਰ ਉਹ ਭੱਜਦਾ ਹੋਇਆ ਸੁਰਜੀਤ ਕੌਰ ਜਾਂਦਾ ਹੈ,

"ਭਰਜਾਈ, ਕੋਰਟ ਨੇ ਮੇਰੇ ਨਾਂ 'ਤੇ ਸੰਮਨ ਭੇਜ ਦਿੱਤੇ ਆ ਕਰੋ ਕੁਸ਼।"

"ਭਾਜੀ, ਮੈਂ ਕੀ ਕਰਨਾ, ਜੋ ਕਰਨੈ ਤੁਹਾਡੇ ਭਰਾ ਨੇ ਈ ਕਰਨੈ।"

ਉਹ ਜਤਿੰਦਰਪਾਲ ਨੂੰ ਕਹਿੰਦਾ ਹੈ ਕਿ ਉਹ ਹੀ ਕੁਝ ਕਰੇ। ਜ਼ਮਾਨਤ ਦੇ ਪੈਸੇ ਭਰਨ ਵਿਚ ਮੱਦਦ ਕਰੇ ਪਰ ਉਹ ਵੀ ਮੋਢੇ ਚੁੱਕ ਕੇ ਦਿਖਾ ਦਿੰਦਾ ਹੈ। ਪਰਦੁੱਮਣ ਨੂੰ ਕਚਹਿਰੀ ਵਿਚ ਹਾਜ਼ਰ ਹੋਣ ਦੀ ਤਰੀਕ ਆ ਜਾਂਦੀ ਹੈ। ਦੋ ਕੁ ਤਰੀਕਾਂ ਵਿਚ ਹੀ ਫੈਸਲਾ ਹੋ ਜਾਣਾ ਹੈ। ਉਸ ਨੂੰ ਇਹ ਫਿਕਰ ਵੀ ਸਤਾ ਰਿਹਾ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਉਹ ਮੁਜਰਮ ਦਾ ਮੱਦਦਗਾਰ ਸਿੱਧ ਹੋ ਗਿਆ ਹੈ। ਉਸ ਦਾ ਰਿਕਾਰਡ ਖਰਾਬ ਹੋ ਜਾਵੇਗਾ। ਅੱਜ ਕੱਲ ਤਾਂ ਸਾਰੀ ਚੰਗੀ-ਮਾੜੀ ਜਾਣਕਾਰੀ ਕੰਪਿਊਟਰ 'ਤੇ ਚੜ੍ਹਾ ਦਿੱਤੀ ਜਾਂਦੀ ਹੈ ਤੇ ਸਦਾ ਉਥੇ ਹੀ ਰਹਿੰਦੀ ਹੈ।

ਜਗਮੋਹਣ ਉਸ ਦਾ ਸਲਾਹਕਾਰ ਹੈ। ਉਹੀ ਸਲਾਹ ਦਿੰਦਾ ਹੈ ਕਿ ਕੋਰਟ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਨੀ ਹੈ ਕਿ ਉਹ ਕਾਰੇ ਨੂੰ ਲੱਭ ਕੇ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ। ਕਿੰਨੀਆਂ ਜਗਾਵਾਂ 'ਤੇ ਉਹ ਕਾਰੇ ਦੀ ਭਾਲ ਵਿਚ ਗਿਆ ਹੈ ਪਰ ਕਾਮਯਾਬੀ ਨਹੀਂ ਮਿਲ ਰਹੀ। ਕੇਸ ਦਾ ਫੈਸਲਾ ਹੋ ਜਾਂਦਾ ਹੈ। ਪੰਜਾਹ ਹਜ਼ਾਰ ਪੌਂਡ ਉਸ ਨੂੰ ਪੈ ਜਾਂਦਾ ਹੈ ਵਕੀਲ ਦੀ ਫੀਸ ਤੇ ਕਚਿਹਰੀ ਦਾ ਖਰਚਾ ਉਪਰੋਂ ਦੀ। ਉਹ ਕਈ ਵਾਰ ਸੁਰਜੀਤ ਕੌਰ ਨੂੰ ਮਿਲਦਾ ਹੈ। ਪਹਿਲਾਂ ਤਾਂ ਉਹ ਪਿਆਰ ਨਾਲ ਹੀ ਪੇਸ਼ ਆਉਂਦੀ ਹੈ ਪਰ ਫਿਰ ਉਹ ਝਾੜ ਕੇ ਰੱਖ ਦਿੰਦੀ ਹੈ,ਆਖਦੀ ਹੈ,

"ਭਾਜੀ, ਤੂੰ ਮੈਨੂੰ ਪੁੱਛ ਕੇ ਉਹਦੀ ਜ਼ਮਾਨਤ ਦਿੱਤੀ ਸੀ ?"

ਅਗਲੇ ਦਿਨ ਹੀ ਉਸ ਨੂੰ ਇੰਟਰਨੈਸ਼ਨਲ ਕਾਲ ਆਉਂਦੀ ਹੈ। ਉਹ ਸੋਚਦਾ ਹੈ ਕਿ ਕਾਰੇ ਦਾ ਹੀ ਹੋਵੇਗਾ। ਕਾਰਾ ਆਖਣ ਲੱਗਦਾ ਹੈ,

"ਦੁੱਮਣਾ, ਕਿਉਂ ਪੰਜਾਹ ਹਜ਼ਾਰ ਖਾਤਰ ਮੂਤੀ ਜਾਨੈਂ, ਮੇਰਾ ਔਖਾ ਵੇਲਾ ਕਢਾ, ਮੈਂ ਤੇਰੀ ਪੈਨੀ ਪੈਨੀ ਮੋੜ ਦੇਵਾਂਗਾ।"

## ਸੱਠ

ਜਗਮੋਹਣ ਬਾਰੇ ਰਿਸ਼ਤੇਦਾਰਾਂ ਵਿਚ ਆਮ ਰਾਏ ਹੈ ਕਿ ਉਹ ਮਿਹਨਤੀ ਬੰਦਾ ਨਹੀਂ ਹੈ। ਮਨਦੀਪ ਦਾ ਪਿਤਾ ਕਹਿਣ ਲੱਗਦਾ ਹੈ ਕਿ ਜਿਵੇਂ ਉਹ ਪੜ੍ਹਿਆ ਲਿਖਿਆ ਸੀ ਤੇ ਹੁਸ਼ਿਆਰ ਵੀ ਸੀ ਭਾਵੇਂ ਜਿੰਨੇ ਮਰਜ਼ੀ ਪੈਸੇ ਕਮਾ ਲੈਂਦਾ ਕੋਈ ਹੋਰ ਨੌਕਰੀ ਲਭਦਾ, ਹੋਰ ਪੜ੍ਹ ਲੈਂਦਾ। ਇਸ ਜੌਬ ਵਿਚ ਤਨਖਾਹ ਭਾਵੇਂ ਘਟ ਹੈ ਪਰ ਓਵਰ ਟਾਈਮ ਬਹੁਤ ਮਿਲਦਾ ਹੈ ਪਰ ਜਗਮੋਹਨ ਤਾਂ ਓਵਰਟਾਈਮ ਤੱਕ ਲਾ ਕੇ ਖੁਸ਼ ਨਹੀਂ ਹੈ। ਆਪਣੇ ਅੱਠ ਘੰਟੇ ਹੀ ਮਸਾਂ ਪੂਰੇ ਕਰਦਾ ਹੈ। ਪਰਦੁੱਮਣ ਸਿੰਘ ਵੀ ਇਵੇਂ ਹੀ ਸੋਚਦਾ ਹੈ ਉਸ ਬਾਰੇ। ਪਰਦੁੱਮਣ ਦਾ ਕਹਿਣਾ ਹੈ ਕਿ ਜਿੰਨੀ ਜਗਮੋਹਨ ਦੀ ਸਮਰਥਾ ਹੈ ਉਹ ਉਸ ਦੀ ਪੂਰੀ ਵਰਤੋਂ ਨਹੀਂ ਕਰ ਰਿਹਾ। ਮਨਦੀਪ ਦੇ ਵੀ ਕੁਝ ਅਜਿਹੇ ਹੀ ਵਿਚਾਰ ਹਨ ਪਰ ਉਹ ਕਦੇ ਇਸ ਗੱਲ ਦਾ ਜ਼ਿਕਰ ਨਹੀਂ ਕਰਦੀ ਕਿਉਂਕਿ ਉਹ ਖੁਸ਼ ਹੈ। ਜਗਮੋਹਣ ਉਸ ਨੂੰ ਕਿਸੇ ਗੱਲੋਂ ਤੰਗ ਨਹੀਂ ਕਰਿਆ ਕਰਦਾ। ਫਿਰ ਵੀ ਕਦੇ ਕਦੇ ਉਹ ਵੀ ਕਹਿਣ ਲੱਗਦੀ ਹੈ ਕਿ ਫਲਾਣੇ ਰਿਸ਼ਤੇਦਾਰ ਨੇ ਮਰਸਡੀਜ਼ ਖਰੀਦ ਲਈ ਜਾਂ ਫਲਾਣੇ ਨੇ ਵੱਡਾ ਘਰ ਲੈ ਲਿਆ ਪਰ ਜਗਮੋਹਣ ਕੰਨ ਵਲੇਟ ਰੱਖਦਾ ਹੈ।

ਪਰ ਜਗਮੋਹਣ ਆਪਣੇ ਬਾਰੇ ਹੋਰ ਤਰ੍ਹਾਂ ਸੋਚਦਾ ਹੈ। ਉਹ ਕਹਿੰਦਾ ਹੈ ਕਿ ਉਸ ਕੋਲ ਇਕ ਮਿੰਟ ਦਾ ਵੀ ਵਿਹਲ ਨਹੀਂ ਹੈ। ਸਮੇਂ ਦੀ ਘਾਟ ਕਾਰਨ ਤਾਂ ਉਸ ਦੇ ਕਈ ਸ਼ੌਂਕ ਅਧੂਰੇ ਰਹਿ ਰਹੇ ਹਨ। ਉਹ ਤਾਂ ਅੱਠ ਘੰਟੇ ਵੀ ਕੰਮ ਦੇ ਮਸਾਂ ਪੂਰੇ ਕਰਦਾ ਹੈ। ਉਸ ਨੇ ਅਖਬਾਰ ਪੜ੍ਹਨੀ ਹੁੰਦੀ ਹੈ। ਉਸ ਦਾ ਜੌਗਿੰਗ ਕਰਨਾ ਵੀ ਤਹਿ ਹੈ। ਜਿਸ ਦਿਨ ਉਹ ਦੌੜ ਨਾ ਲਾ ਕੇ ਆਵੇ ਤਾਂ ਖਿੱਝਿਆ ਖਿੱਝਿਆ ਮਹਿਸੂਸ ਕਰਦਾ ਰਹਿੰਦਾ ਹੈ, ਇਵੇਂ ਲਗਦਾ ਰਹਿੰਦਾ ਹੈ ਜਿਵੇਂ ਕੁਝ ਗਵਾਚ ਗਿਆ ਹੋਵੇ। ਉਸ ਨੇ ਸਵਿਮਿੰਗ ਕਰਨ ਵੀ ਜਾਣਾ ਹੁੰਦਾ ਹੈ। ਖਾਸ ਤੌਰ 'ਤੇ ਮੁੰਡਿਆਂ ਨੂੰ ਲੈ ਕੇ। ਫਿਰ ਲੋਕ ਉਸ ਕੋਲੋਂ ਸਲਾਹ ਲੈਣ ਵੀ ਤੁਰੇ ਰਹਿੰਦੇ ਹਨ ਕਿਸੇ ਨੂੰ ਨਾਂਹ ਨਹੀਂ ਕਰ ਸਕਦਾ। ਪਿਛਲੇ ਕਾਫੀ ਅਰਸੇ ਤੋਂ ਉਹ ਐਕਟਿੰਗ ਵੱਲ ਵੀ ਧਿਆਨ ਨਹੀਂ ਦੇ ਸਕਦਾ। ਭੁਪਿੰਦਰ ਦੇ ਫਿਲਮਾਂ ਵਿਚ ਜਾਣ ਤੋਂ ਬਾਅਦ ਉਸ ਕਿਸੇ ਹੋਰ ਗਰੁੱਪ ਨਾਲ ਜੁੜ ਸਕਦਾ ਹੈ ਪਰ ਉਹ ਨਹੀਂ ਜੁੜਦਾ ਨਹੀਂ। ਕਾਰਨ ਇਹੋ ਕਿ ਉਸ ਦੇ ਰੁਝੇਵੇਂ ਹੀ ਇੰਨੇ ਵੱਧ ਗਏ ਹਨ ਕਿ ਵਕਤ ਨਹੀਂ ਹੈ।

ਜਿਵੇਂ ਕਿ ਮਨਦੀਪ ਕਹਿੰਦੀ ਹੈ ਕਿ ਉਸ ਨੂੰ ਚੁੜੇਲਾਂ ਛੇਤੀ ਚੰਬੜ ਜਾਂਦੀਆਂ ਹਨ ਇਹ ਸੱਚ ਹੈ। ਉਹ ਕਿਸੇ ਦੀ ਸਮੱਸਿਆ ਨੂੰ ਆਪਣੀ ਬਣਾ ਕੇ ਦੇਖਦਾ ਰਹਿੰਦਾ ਹੈ। ਹੁਣ ਮਨਿੰਦਰ ਨੇ ਉਸ ਨੂੰ ਤੰਗ ਕਰ ਰੱਖਿਆ ਹੈ। ਕਈ ਦਿਨ ਤੋਂ ਉਸ ਨੂੰ ਸਵਿਮਿੰਗ ਨੂੰ ਨਾ ਆਈ ਦੇਖ ਕੇ ਹੀ ਉਹ ਪ੍ਰੇਸ਼ਾਨ ਹੈ। ਪਹਿਲਾਂ ਤਾਂ ਉਹ ਸੋਚਦਾ ਸੀ ਕਿ ਵੱਖਰੇ ਸਮੇਂ ਆਉਣ ਲੱਗੀ ਹੋਵੇਗੀ। ਉਹ ਵਕਤ ਬਦਲ ਬਦਲ ਕੇ ਜਾ ਕੇ ਦੇਖਦਾ ਹੈ, ਮਨਿੰਦਰ ਨਹੀਂ ਦਿੱਸਦੀ। ਫਿਰ ਇਕ ਦਿਨ ਸਵਿਮਿੰਗ ਪੂਲ ਦੀ ਕਲਰਕ ਤੋਂ ਪੁੱਛਦਾ ਹੈ ਕਿਉਂਕਿ ਮਨਿੰਦਰ ਉਸ ਨਾਲ ਕਈ ਵਾਰ ਗੱਲਾਂ ਕਰਿਆ ਕਰਦੀ ਹੈ। ਕਲਰਕ ਨੇ ਵੀ ਮਨਿੰਦਰ ਨੂੰ ਕਾਫੀ ਦੇਰ ਤੋਂ ਨਹੀਂ ਦੇਖਿਆ। ਉਹ ਸੋਚਦਾ ਹੈ ਕਿ ਜ਼ਰੂਰ ਅੰਕਲ ਪਾਲਾ ਸਿੰਘ ਨੂੰ ਪਤਾ ਚੱਲ ਗਿਆ ਹੋਵੇਗਾ ਤੇ ਉਸ ਨੇ ਉਸ ਦਾ ਆਉਣਾ ਬੰਦ ਕਰ ਦਿੱਤਾ ਹੋਵੇਗਾ। ਪਾਲਾ ਸਿੰਘ ਦੇ ਸਖਤ ਸੁਭਾਅ ਨੂੰ ਉਹ ਜਾਣਦਾ ਹੈ। ਆਪਣੀ ਮੁੱਛ ਖੜੀ ਰੱਖਣ ਖਾਤਰ ਕੁਝ ਵੀ ਕਰ ਸਕਦਾ ਹੈ।

ਮਨਿੰਦਰ ਦੀ ਗੈਰਹਾਜ਼ਰੀ ਉਸ ਨੂੰ ਬੇਚੈਨ ਕਰਨ ਲੱਗਦੀ ਹੈ। ਉਹ ਉਸ ਨੂੰ ਇਕ ਨਜ਼ਰ ਦੇਖਣਾ ਚਾਹੁੰਦਾ ਹੈ। ਉਹ ਪਾਲਾ ਸਿੰਘ ਦੇ ਘਰ ਮੋਹਰ ਦੀ ਕਈ ਗੇੜੇ ਲਾਉਂਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਡੋਰ ਬੈੱਲ ਕਰਕੇ ਅੰਦਰ ਜਾ ਆਵੇ। ਉਸ ਨੇ ਕਿਹੜਾ ਇਸ ਘਰ ਪਹਿਲੀ ਵਾਰ ਜਾਣਾ ਹੈ। ਅੰਕਲ ਨੂੰ ਹੈਲੋ ਕਰਨ ਦਾ ਬਹਾਨਾ ਤਾਂ ਉਸ ਪਾਸ ਹੈ ਹੀ ਪਰ ਉਸ ਤੋਂ ਜਾਇਆ ਨਹੀਂ ਜਾ ਰਿਹਾ। ਉਹ ਪੱਬਾਂ ਦੇ ਗੇੜੇ ਲਾਉਂਦਾ ਹੈ। ਦਾ ਗਲੌਸਟਰ ਵਿਚ ਜਾਂਦਾ ਹੈ ਤੇ ਫਿਰ ਲਾਈਟਾਂ ਵਾਲੇ ਪੱਬ ਵਿਚ ਵੀ। ਪਾਲਾ ਸਿੰਘ ਨਹੀਂ ਦਿੱਸਦਾ। ਪਾਲਾ ਸਿੰਘ ਨੂੰ ਕਿਸੇ ਨੇ ਕਈ ਦਿਨ ਤੋਂ ਦੇਖਿਆ ਵੀ ਨਹੀਂ ਹੈ। ਉਹ ਸੋਚਦਾ ਹੈ ਕਿ ਸ਼ਾਇਦ ਇੰਡੀਆ ਗਿਆ ਹੋਵੇ।

ਜਿਸ ਦਿਨ ਪਰਦੁੱਮਣ ਸਿੰਘ ਦੇ ਜ਼ਮਾਨਤ ਵਾਲੇ ਕੇਸ ਦਾ ਫੈਸਲਾ ਹੋਣਾ ਹੁੰਦਾ ਹੈ ਉਸ ਦਿਨ ਉਸ ਨੂੰ ਪਤਾ ਚੱਲਦਾ ਹੈ ਕਿ ਮਨਿੰਦਰ ਘਰੋਂ ਦੌੜ ਚੁੱਕੀ ਹੈ। ਕਾਰੇ ਦੇ ਮੁੰਡੇ ਰਾਹੀਂ ਖਬਰ ਫੈਲ ਚੁੱਕੀ ਹੈ। ਸਾਰੀ ਯੂਨੀਵਰਸਟੀ ਨੂੰ ਪਤਾ ਹੈ ਕਿ ਮਨਿੰਦਰ ਆਪਣੇ ਬੁਆਏ ਫਰਿੰਡ ਨਾਲ ਰਹਿਣ ਲਗ ਪਈ ਹੈ। ਉਸ ਦੇ ਮਨ ਵਿਚ ਇਕ ਤਾਰ ਜਿਹੀ ਫਿਰ ਜਾਂਦੀ ਹੈ। ਉਸ ਨੂੰ ਸਾਰਾ ਆਲਾ ਦੁਆਲਾ ਭੁੱਲ ਜਾਂਦਾ ਹੈ ਤੇ ਮਨਿੰਦਰ ਦਾ ਫਿਕਰ ਲੱਗ ਜਾਂਦਾ ਹੈ। ਉਸ ਨੂੰ ਜਾਪ ਰਿਹਾ ਹੈ ਕਿ ਪਾਲਾ ਸਿੰਘ ਕ੍ਰਿਪਾਨ ਚੁੱਕੀ ਮਨਿੰਦਰ ਮਗਰ ਦੌੜਾ ਫਿਰ ਰਿਹਾ ਹੈ ਜਿਵੇਂ ਸਾਧੂ ਸਿੰਘ ਸੁੱਖੀ ਮਗਰ ਫਿਰ ਰਿਹਾ ਸੀ। ਉਹ ਬੁੜਬੁੜਾਉਣ ਲੱਗਦਾ ਹੈ ਕਿ ਇਹ ਦੁਬਾਰਾ ਨਹੀਂ ਹੋਣਾ ਚਾਹੀਦਾ। ਇਸ ਨੂੰ ਉਹ ਦੁਬਾਰਾ ਨਹੀਂ ਹੋਣ ਦੇਵੇਗਾ।

ਉਹ ਪਾਲਾ ਸਿੰਘ ਨੂੰ ਮਿਲ ਕੇ ਉਸ ਦਾ ਦਿਲ ਟੋਹਣਾ ਚਾਹੁੰਦਾ ਹੈ ਕਿ ਮਨਿੰਦਰ ਬਾਰੇ ਉਸ ਦੇ ਮਨ ਵਿਚ ਕੀ ਹੈ। ਉਹ ਕੀ ਸੋਚ ਰਿਹਾ ਹੈ। ਉਹ ਪਾਲਾ ਸਿੰਘ ਨੂੰ ਲੱਭਣ ਲੱਗਦਾ ਹੈ। ਗੁਰਦੁਆਰੇ ਵੀ ਜਾਂਦਾ ਹੈ ਕਿ ਉਹ ਕਈ ਵਾਰ ਸਵੇਰੇ ਸਵੇਰੇ ਮੱਥਾ ਟੇਕਣ ਆਇਆ ਕਰਦਾ ਹੈ ਸ਼ਾਇਦ ਉਥੇ ਹੀ ਮਿਲ ਜਾਵੇ। ਇਕ ਦਿਨ ਉਸ ਨੂੰ ਪਾਲਾ ਸਿੰਘ ਲੇਡੀ ਮਾਰਗਰੇਟ ਰੋਡ ਉਪਰ ਦੁਕਾਨ ਵਿਚੋਂ ਨਿਕਲਦਾ ਦਿਸ ਪੈਂਦਾ ਹੈ। ਉਹ ਕਾਰ ਨੂੰ ਐਮਰਜੈਂਸੀ ਬਰੇਕ ਲਾ ਕੇ ਰੋਕਦਾ ਹੈ। ਪਾਲਾ ਸਿੰਘ ਤੱਕ ਕਾਹਲੀ ਨਾਲ ਪਹੁੰਚ ਕੇ ਪੁੱਛਦਾ ਹੈ,

"ਅੰਕਲ, ਕੀ ਹਾਲ ਐ? ਬਹੁਤ ਦਿਨ ਹੋ ਗਏ ਤੁਹਾਨੂੰ ਦੇਖਿਆ ਨਹੀਂ, ਸਿਹਤ ਤਾਂ ਠੀਕ ਐ।"

"ਮੁੰਡਿਆ, ਤੂੰ ਕਿਹੜਾ ਸਾਡਾ ਹਾਲ ਪੁੱਛਦਾਂ ਹੁਣ।"

ਕਹਿੰਦਾ ਹੋਇਆ ਪਾਲਾ ਸਿੰਘ ਉਦਾਸ ਹੋ ਜਾਂਦਾ ਹੈ। ਜਗਮੋਹਣ ਉਸ ਵੱਲ ਧਿਆਨ ਨਾਲ ਦੇਖਦਾ ਹੈ। ਉਹ ਪਹਿਲਾਂ ਨਾਲੋਂ ਕਮਜ਼ੋਰ ਹੋ ਚੁੱਕਾ ਹੈ। ਪਹਿਲਾਂ ਨਾਲੋਂ ਬੁੱਢੜਾ ਜਿਹਾ ਜਾਪਦਾ ਹੈ ਪਰ ਉਸ ਦੀਆਂ ਮੁੱਛਾਂ ਪਹਿਲਾਂ ਵਾਂਗ ਹੀ ਖੜੀਆਂ ਹਨ। ਜਗਮੋਹਣ ਕਹਿਣ ਲੱਗਦਾ ਹੈ,

"ਅੰਕਲ ਜੀ, ਤੁਹਾਡਾ ਹਾਲ ਕਿਉਂ ਨਹੀਂ ਪੁੱਛਣਾ! ਤੁਸੀਂ ਤਾਂ ਮੈਨੂੰ ਬਾਪੂ ਜੀ ਵਰਗੇ ਓ, ਤੁਹਾਡੇ ਸਿਰ 'ਤੇ ਮੈਂ ਇੰਗਲੈਂਡ ਵਿਚ ਸੈਟਲ ਹੋਇਆਂ।"

"ਘਰ ਆ ਫਿਰ, ਬੈਠ ਕੇ ਕੁਸ਼ ਗੱਲਾਂ ਕਰੀਏ।"

"ਚਲੋ ਹੁਣੇ ਚੱਲਦੇ ਆਂ। ਤੁਸੀਂ ਕਿੱਦਾਂ ਆਏ ਓ, ਤੁਰ ਕੇ ਜਾਂ ਕਾਰ ਵਿਚ ?"

"ਮੈਂ ਕਾਰ ਵਿਚ ਈ ਆਇਆਂ, ਜੇ ਤੇਰੇ ਕੋਲ ਟਾਈਮ ਤਾਂ ਘਰ ਨੂੰ ਆ ਜਾ।"

ਜਗਮੋਹਣ ਉਸ ਦੇ ਮਗਰੇ ਹੀ ਕਾਰ ਲਾ ਲੈਂਦਾ ਹੈ ਤੇ ਉਸ ਦੇ ਨਾਲ ਹੀ ਘਰ ਪਹੁੰਚ ਜਾਂਦਾ ਹੈ। ਪਾਲਾ ਸਿੰਘ ਦੋ ਡਰਿੰਕ ਬਣਾਉਂਦਾ ਹੈ ਤੇ ਉਸ ਨੂੰ ਗਲਾਸੀ ਫੜਾਉਂਦਾ ਆਖਦਾ ਹੈ,

"ਤੂੰ ਮੇਰੇ ਦੋਸਤ ਦਾ ਪੁੱਤਰ ਐਂ ਤੇ ਮੇਰੇ ਲਈ ਵੀ ਪੁੱਤਾਂ ਵਾਂਗ ਈ ਐਂ। ਏਸ ਲਈ ਤੇਰੇ ਤੋਂ ਕਾਹਦਾ ਪਰਦਾ। ਮੈਂ ਤੇਰੇ ਬਾਰੇ ਸੋਚ ਹੀ ਰਿਹਾ ਸੀ ਕਿ ਤੈਨੂੰ ਫੋਨ ਕਰਾਂ।"

"ਦੱਸੋ ਅੰਕਲ, ਮੇਰੇ ਗੋਚਰੇ ਕੋਈ ਕੰਮ ਐ ਤਾਂ ਦੱਸੋ।"

"ਤੈਨੂੰ ਪਤਾ ਇਹ ਮੋਹਨਦੇਵ ਤੇ ਅਮਰਦੇਵ ਸਾਲ਼ੇ ਤਾਂ ਛੱਡ ਕੇ ਦੌੜ ਗਏ, ਇਨ੍ਹਾਂ ਨੂੰ ਇੰਗਲੈਂਡ ਨੇ ਮੇਰੇ ਤੋਂ ਖੋਹ ਲਿਆ, ਤੇਰਾ ਬਾਪੂ ਚੰਗਾ ਰਹਿ ਗਿਆ ਜਿਹੜਾ ਪਹਿਲੀਆਂ 'ਚ ਇੰਗਲੈਂਡ ਨਹੀਂ ਆਇਆ, ਨਹੀਂ ਤਾਂ ਤੂੰ ਵੀ ਕਿਸੇ ਗੋਰੀ ਨਾਲ ਦੌੜ ਜਾਣਾ ਸੀ।"

ਕਹਿ ਕੇ ਪਾਲਾ ਸਿੰਘ ਹੱਸਣ ਲੱਗਦਾ ਹੈ। ਫਿਰ ਇਕ ਘੁੱਟ ਭਰ ਕੇ ਕਹਿੰਦਾ ਹੈ,

"ਤੈਨੂੰ ਪਤੈ ਮੇਰੇ ਗੁੱਸੇ ਦਾ, ਮੁੰਡੇ ਤਾਂ ਗਏ ਈ ਕੋਈ ਗਮ ਨਹੀਂ ਪਰ ਕੁੜੀ ਵੀ ਰੁੱਸ ਕੇ ਕਿਤੇ ਹੋਰ ਜਾ ਕੇ ਰਹਿਣ ਲੱਗ ਪਈ।"

"ਅੱਛਾ ਅੰਕਲ!"

ਜਗਮੋਹਣ ਹੈਰਾਨੀ ਜ਼ਾਹਿਰ ਕਰਦਾ ਹੈ ਜਿਵੇਂ ਉਸ ਨੂੰ ਪਹਿਲੀ ਵਾਰ ਇਸ ਖਬਰ ਦਾ ਪਤਾ ਚੱਲਿਆ ਹੋਵੇ। ਪਾਲਾ ਸਿੰਘ ਕਹਿੰਦਾ ,

“ਮੈਂ ਮੁੰਡਿਆਂ ਕਾਰਨ ਖਿਝਿਆ ਪਿਆ ਸੀ ਤੇ ਮੇਰੇ ਤੋਂ ਮਨਿੰਦਰ ਨੂੰ ਕੁਝ ਕਹਿ ਹੋ ਗਿਆ, ਜੱਗਿਆ, ਮੇਰਾ ਇਕ ਕੰਮ ਕਰ, ਮੈਨੂੰ ਪਤਾ ਈ ਕਰ ਦੇ ਕਿ ਉਹ ਰਹਿੰਦੀ ਕਿਥੇ ਆ। ਮੈਂ ਪਤਿਆ ਕੇ ਘਰ ਲੈ ਆਵਾਂ ਜਾਂ ਜੱਗਿਆ, ਤੂੰ ਈ ਉਸ ਨੂੰ ਮਨਾ ਕੇ ਘਰ ਲੈ ਆ, ਤੇਰੀ ਵੀ ਤਾਂ ਉਹ ਭੈਣ ਆਂ।”

ਕਹਿ ਕੇ ਪਾਲਾ ਸਿੰਘ ਫਿਰ ਵਿਸਕੀ ਦਾ ਘੁੱਟ ਭਰਦਾ ਹੈ। ਜਗਮੋਹਣ ਪੁੱਛਦਾ ਹੈ,

“ਦੱਸ ਕੇ ਨਹੀਂ ਗਈ ਕੁਸ਼ ਵੀ?”

“ਜੇ ਦੱਸ ਜਾਂਦੀ ਤਾਂ ਫੇਰ ਕਾਹਦਾ ਫਿਕਰ ਸੀ, ਤੂੰ ਉਹਦਾ ਪਤਾ ਲਾ ਕਿਸੇ ਤਰ੍ਹਾਂ।”

“ਕਿਸੇ ਕੁੜੀ ਨਾਲ ਈ ਰਹਿੰਦੀ ਹੋਊ।”

“ਇਹ ਸਭ ਕੁਝ ਮੈਨੂੰ ਪਤਾ ਕਰ ਦੇ, ਜੇ ਮੰਨਦੀ ਐ ਤਾਂ ਮਨਾ ਕੇ ਘਰ ਲੈ ਆ ਇਕ ਵਾਰੀ, ਤੇਰਾ ਅਹਿਸਾਨਮੰਦ ਹੋਊਂ।”

ਉਹ ਤਰਲਾ ਕਰਨ ਵਾਂਗ ਆਖ ਰਿਹਾ ਹੈ। ਜਗਮੋਹਨ ਸੋਚਦਾ ਹੈ ਕਿ ਕਿਥੇ ਹੋਈ ਮਨਿੰਦਰ। ਪਰਦੁੱਮਣ ਸਿੰਘ ਅਨੁਸਾਰ ਮਨਿੰਦਰ ਕਿਸੇ ਮੁਸਲਮਾਨ ਮੁੰਡੇ ਨਾਲ ਗਈ ਹੈ ਪਰ ਪਾਲਾ ਸਿੰਘ ਦੀਆਂ ਗੱਲਾਂ ਵਿਚੋਂ ਅਜਿਹੀ ਸੁੰਘ ਨਹੀਂ ਆ ਰਹੀ। ਉਹ ਕਹਿੰਦਾ ਹੈ,

“ਅੰਕਲ, ਕਾਲਜ ਤਾਂ ਜਾਂਦੀ ਈ ਹੋਊ, ਯੂਨੀ ਤੋਂ ਪਤਾ ਕਰ ਲੈਣਾ ਸੀ।”

“ਜੱਗਿਆ, ਮੈਂ ਹੁਣ ਬੁੱਢਾ ਬੰਦਾ ਆਂ, ਕਿਥੇ ਲੱਭਦਾ ਫਿਰਾਂ। ਓਦਾਂ ਉਹ ਵੈਸਟਮਨਿਸਟਰ ਯੂਨੀਵਰਸਿਟੀ ਜਾਂਦੀ ਐ, ਬੇਕਰ ਸਟਰੀਟ ਦੇ ਸਾਹਮਣੇ ਜਿਹੜੀ ਬਿਲਡਿੰਗ ਐ, ਤੂੰ ਯੂਨੀ ਜਾ ਕੇ ਪਤਾ ਕਰ ਸਕਦਾਂ, ਬਹੁਤਾ ਨਹੀਂ ਤਾਂ ਇਹ ਹੀ ਪਤਾ ਕਰਦੇ ਕਿ ਰਹਿੰਦੀ ਕਿਥੇ ਐ, ਤੇਰਾ ਅਹਿਸਾਨ ਕਦੇ ਨਾ ਭੁੱਲੂੰ।”

ਪਹਿਲਾਂ ਤਾਂ ਪਾਲਾ ਸਿੰਘ ਸੈਟੀ ਦੇ ਮੋਹਰੇ ਜਿਹੇ ਨੂੰ ਹੀ ਬੈਠਾ ਰਹਿੰਦਾ ਹੈ। ਕੁਝ ਕੁ ਡਰਿੰਕ ਪੀ ਕੇ ਉਹ ਆਰਾਮ ਨਾਲ ਢੋਅ ਲਾ ਕੇ ਬੈਠ ਜਾਂਦਾ ਹੈ। ਉਹ ਹਾੜੇ ਤੇ ਹਾੜਾ ਪੀ ਰਿਹਾ ਹੈ। ਜਗਮੋਹਣ ਇੰਨੀ ਸ਼ਰਾਬ ਦਾ ਆਦੀ ਨਹੀਂ ਹੈ। ਉਹ ਬਹੁਤੀ ਨਹੀਂ ਪੀ ਰਿਹਾ। ਪਾਲਾ ਸਿੰਘ ਸ਼ਰਾਬੀ ਹੋ ਜਾਂਦਾ ਹੈ ਤੇ ਅੱਖਾਂ ਭਰ ਲੈਂਦਾ ਹੈ। ਫਿਰ ਅੱਖਾਂ ਪੂੰਝ ਕੇ ਮੁੱਛ ਨੂੰ ਵਟਾ ਦਿੰਦਾ ਕਹਿੰਦਾ ਹੈ,

“ਜੱਗਿਆ, ਇਕ ਵਾਰ ਮੈਨੂੰ ਉਹਦਾ ਟਿਕਾਣਾ ਲੱਭ ਦੇ ਬਾਕੀ ਤੂੰ ਮੇਰੇ 'ਤੇ ਛੱਡ, ਮੈਂ ਸਭ ਠੀਕ ਕਰ ਦੇਊਂ।”

ਕਹਿੰਦਿਆਂ ਪਾਲਾ ਸਿੰਘ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਹਨ। ਉਸ ਦੀਆਂ ਮੁੱਠੀਆਂ ਮੀਚ ਹੋ ਰਹੀਆਂ ਹਨ। ਜਗਮੋਹਣ ਨੂੰ ਉਸ ਤੋਂ ਡਰ ਲੱਗਣ ਲੱਗਦਾ ਹੈ। ਉਹ ਜਾਣ ਲਈ ਉਠ ਖੜਦਾ ਹੈ। ਪਾਲਾ ਸਿੰਘ ਵੀ ਸੈਟੀ ਦੀ ਬਾਂਹ ਦਾ ਆਸਰਾ ਲੈਂਦਾ ਖੜਾ ਹੋ ਜਾਂਦਾ ਤੇ ਆਖਦਾ ਹੈ,

“ਜੱਗਿਆ, ਇਹ ਗੱਲ ਬਾਹਰ ਨਾ ਨਿਕਲੇ, ਤੂੰ ਪਰਦੇ ਨਾਲ ਹੀ ਉਸ ਦੇ ਟਿਕਾਣੇ ਦਾ ਪਤਾ ਕਰਦੇ, ਇਹ ਤੇਰਾ ਅਹਿਸਾਨ ਕਦੇ ਨਾ ਭੁਲਾਊਂ।”

ਜਗਮੋਹਣ ਹਾਂ ਵਿਚ ਸਿਰ ਮਾਰਦਾ ਉਥੋਂ ਤੁਰ ਪੈਂਦਾ ਹੈ। ਕਾਰ ਵਿਚ ਬੈਠ ਕੇ ਪਾਲਾ ਸਿੰਘ ਦੇ ਘਰ ਵੱਲ ਨੂੰ ਦੇਖਦਾ ਹੈ। ਪਾਲਾ ਸਿੰਘ ਦੇ ਬੋਲ ਉਸ ਦਾ ਪਿੱਛਾ ਕਰ ਰਹੇ ਹਨ ਕਿ ਪਰਦੇ ਨਾਲ ਮਨਿੰਦਰ ਦੇ ਟਿਕਾਣੇ ਦਾ ਪਤਾ ਕਰਦੇ।

ਇਕਾਹਟ

ਪੱਚੀ ਨੰਬਰ ਵਿਚ ਜੋਧਾ ਸਿੰਘ ਦਾ ਦਬਕਾ ਹਾਲੇ ਵੀ ਚੱਲਦਾ ਹੈ। ਦਬਕਾ ਮਾਰ ਕੇ ਕਿਰਾਇਆ ਇਕੱਠਾ ਕਰ ਲੈਂਦਾ ਹੈ। ਮੀਕਾ ਨਾ ਹੋਵੇ ਤਾਂ ਕੋਈ ਕਿਰਾਏ ਨੂੰ ਨਾਂਹ ਨਹੀਂ ਕਰ ਸਕਦਾ। ਮੀਕੇ ਦਾ ਉਸ ਘਰ ਵਿਚ ਆਉਣਾ ਉਸ ਨੇ ਬੰਦ ਕੀਤਾ ਹੋਇਆ ਹੈ। ਇਕ ਵਾਰ ਤਾਂ ਉਹ ਸਾਰੇ ਕਿਰਾਏਦਾਰਾਂ ਨੂੰ ਨੋਟਿਸ ਦੇ ਦਿੰਦਾ ਹੈ ਕਿ ਜੇ ਮੀਕੇ ਨੇ ਇਥੇ ਆਉਣਾ ਤਾਂ ਆਪੋ ਆਪਣੇ ਰਹਿਣ ਦਾ ਇੰਤਜ਼ਾਮ ਕਿਤੇ ਹੋਰ ਕਰ ਲਓ। ਨਿੰਮਾ ਤੇ ਮਿੰਦੀ ਮੀਕੇ ਨੂੰ ਨਾ ਆਉਣ ਲਈ ਜ਼ੋਰ ਪਾਉਂਦੇ ਹਨ।

ਦੇਬੀ ਦੀ ਲੱਤ ਹੁਣ ਪਹਿਲਾਂ ਨਾਲੋਂ ਵੀ ਖਰਾਬ ਹੈ ਪਰ ਹੁਣ ਉਹ ਹੋਰਨਾਂ ਤੋਂ ਛੁਪਾ ਕੇ ਰੱਖਦਾ ਹੈ। ਹਾਲੇ ਤਕ ਵੀ ਉਹ ਡਾਕਟਰ ਦੇ ਨਹੀਂ ਗਿਆ। ਉਸ ਨੂੰ ਡਰ ਹੈ ਕਿ ਡਾਕਟਰ ਪੁਲੀਸ ਹੀ ਨਾ ਬੁਲਾ ਲਵੇ।

ਹੁਣ ਤਾਰਾ ਉਥੋਂ ਜਾ ਚੁੱਕਾ ਹੈ। ਤਾਰੇ ਵਾਲਾ ਕਮਰਾ ਹੁਣ ਝੰਮੇ ਕੋਲ ਹੈ। ਝੰਮੇ ਦਾ ਸੁਭਾਅ ਵੀ ਕੁਝ ਕੁ ਮਜ਼ਾਕੀਆ ਜਿਹਾ ਹੈ। ਉਹ ਜੋਧਾ ਸਿੰਘ ਨੂੰ ਕਹਿਣ ਲੱਗਦਾ ਹੈ,

“ਚਾਚਾ, ਮੈਂ ਏਥੇ ਗੰਦ 'ਚ ਐਵੇਂ ਈ ਆ ਗਿਆ, ਮੈਂ ਚੰਗਾ ਭਲਾ ਮਕਬੂਲ ਸੂੰਹ ਦੇ ਘਰ ਰਹਿੰਦਾ ਸੀ, ਐਵੇਂ ਇਥੇ ਆ ਗਿਆਂ, ਹੁਣ ਟੀ.ਬੀ. ਕਰਾ ਕੇ ਨਿਕਲੂੰ, ਲੱਗਦੈ ਮੈਨੂੰ।”

“ਬੱਚੂ, ਮੈਨੂੰ ਪਤਾ ਤੂੰ ਉਥੋਂ ਕਿੱਦਾਂ ਨਿਕਲਿਆਂ, ਜੇ ਨਾ ਨਿਕਲਦਾ ਤਾਂ ਅਗਲੇ ਨੇ ਗਰਦਨ ਲਾਹ ਦੇਣੀ ਸੀ, ਅਗਲੇ ਨੇ ਤੈਨੂੰ ਰੂਮ ਦਿੱਤਾ ਰਹਿਣ ਲਈ, ਤੂੰ ਉਹਦੀ ਤੀਵੀਂ 'ਤੇ ਈ ਹੱਥ ਸਾਫ ਕਰਨ ਲੱਗਿਆ ਸੀ।”

“ਕਾਹਨੂੰ ਚਾਚਾ, ਲੋਕ ਐਵੇਂ ਗੱਲਾਂ ਬਣਾਉਂਦੇ ਆ। ਲੋਕ ਵੈਰੀ ਬਣੇ ਪਏ ਆ।”

"ਲੋਕਾਂ ਨੇ ਤਾਂ ਵੈਰੀ ਬਣਨਾ ਹੀ ਹੋਇਆ, ਤੁਸੀਂ ਫੌਜੀ ਲੋਕ ਪੱਕੇ ਹੋਣ ਦੀ ਖਾਤਰ ਜਿਸ ਘਰ ਜਾਂਦੇ ਓ ਅਗਲੇ ਦੀ ਔਰਤ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰਦੇ ਓ।"

ਜੋਧਾ ਸਿੰਘ ਪਿਛਲੇ ਅਰਸੇ ਵਿਚ ਵਾਪਰੀਆਂ ਕੁਝ ਘਟਨਾਵਾਂ ਦੇ ਅਧਾਰ 'ਤੇ ਕਹਿਣ ਲੱਗਦਾ ਹੈ। ਗੈਰਕਾਨੂੰਨੀ ਰਹਿ ਰਹੇ ਲੋਕਾਂ ਲਈ ਵਿਆਹ ਇਥੇ ਟਿਕਣ ਦਾ ਸਾਧਨ ਹੈ। ਵਿਆਹ ਲਈ ਢੰਗ ਦੀ ਕੁੜੀ ਨਾ ਮਿਲੇ ਤਾਂ ਕਿਸੇ ਦਾ ਘਰ ਪੱਟਣ ਤੱਕ ਪੁੱਜ ਜਾਂਦੇ ਹਨ। ਝੰਮਾ ਆਖਦਾ ਹੈ,

"ਚਾਚਾ, ਜੇ ਫੱਟਾ ਸਾਹ ਦੇਊਗਾ ਤਾਂ ਹੀ ਬਾਜ਼ੀਗਰ ਛਾਲ ਮਾਰੂ, ਜੇ ਅਗਲੀ ਸਾਡੇ ਨਾਲ ਸਹਿਮਤ ਹੋਊ ਤਾਂ ਹੀ ਅੱਗੇ ਵਧਾਂਗੇ।"

"ਜੇ ਨਾ ਸਹਿਮਤ ਹੋਊ ਤਾਂ ਜੁੱਤੀਆਂ ਪੈਣਗੀਆਂ ਜਿੰਦਾਂ ਤੇਰੇ ਪੈਂਦੀਆਂ ਪੈਂਦੀਆਂ ਰਹਿ ਗਈਆਂ।"

"ਚਾਚਾ ਸਿਆਂ, ਤੂੰ ਕਿਉਂ ਫਿਕਰ ਕਰੀ ਜਾਨੈ, ਤੇਰੇ ਏਸ ਘਰ ਵਿਚ ਤਾਂ ਚੂਹੀ ਵੀ ਨਹੀਂ ਜੇਹਨੂੰ ਮੇਰੇ ਤੋਂ ਖਤਰਾ ਹੋਵੇ।" ਕਹਿ ਕੇ ਝੰਮਾ ਹੱਸਣ ਲੱਗਦਾ ਹੈ।

ਝੰਮੇ ਦੇ ਆਉਣ ਤੋਂ ਬਾਅਦ ਪੱਚੀ ਨੰਬਰ ਦਾ ਮਾਹੌਲ ਜੋਧਾ ਸਿੰਘ ਲਈ ਕੁਝ ਸੁਖਾਵਾਂ ਹੋ ਜਾਂਦਾ ਹੈ। ਉਹ ਕਿਰਾਇਆ ਲੈਣ ਆਇਆ ਉਥੇ ਬੈਠ ਕੇ ਗਲਾਸੀ ਵੀ ਲਾਉਣ ਲੱਗਦਾ ਹੈ। ਝੰਮਾ ਪੱਬ ਨੂੰ ਘੱਟ ਜਾਂਦਾ ਹੈ। ਫੌਜੀ ਮੁੰਡਿਆਂ ਵਿਚੋਂ ਜਿਹੜੇ ਪੈਸੇ ਬਚਾਉਣ ਦੇ ਮੂਡ ਵਿਚ ਹੁੰਦੇ ਹਨ ਉਹ ਪੱਬ ਜਾਣਾ ਪਸੰਦ ਨਹੀਂ ਕਰਦੇ। ਪੱਬ ਮਹਿੰਗਾ ਪੈਂਦਾ ਹੈ। ਘਰ ਬੈਠ ਕੇ ਭਾਵੇਂ ਜਿੰਨੀ ਮਰਜ਼ੀ ਪੀ ਲਓ ਸਸਤੀ ਪਵੇਗੀ। ਵੈਸੇ ਵੀ ਸਾਊਥਾਲ ਦੇ ਪੱਬ ਹੁਣ ਪਹਿਲਾਂ ਵਾਂਗ ਨਹੀਂ ਭਰਦੇ। ਗਾਹਕਾਂ ਨੂੰ ਖਿੱਚਣ ਲਈ ਮਾਲਕ ਕਈ ਕਿਸਮ ਦੇ ਤਰੱਦਦ ਕਰ ਰਹੇ ਹਨ। ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਵਰਤਦੇ ਹਨ। ਦੇਸੀ ਜਿਹੇ ਨਾਂ ਰੱਖ ਕੇ ਤੇ ਦੇਸੀ ਮਾਹੌਲ ਕਾਇਮ ਕਰਕੇ ਜਨਤਾ ਉਪਰ ਪ੍ਰਭਾਵ ਪਾਉਣ ਦੇ ਯਤਨ ਕਰਦੇ ਹਨ ਫਿਰ ਵੀ ਸਾਊਥਾਲ ਦੇ ਬਹੁਤ ਥੋੜ੍ਹੇ ਪੱਬ ਹਨ ਜਿਹੜੇ ਕਾਮਯਾਬੀ ਨਾਲ ਚੱਲ ਰਹੇ ਹਨ। ਹਾਲੇ ਸਾਊਥਾਲ ਦੇ ਨੇੜਲੇ ਟਾਊਨਾਂ ਦੇ ਜ਼ਿਆਦਾ ਭਰ ਜਾਂਦੇ ਹਨ।

ਮੀਕਾ ਪੱਬ ਆਉਣ ਦਾ ਸ਼ੌਕੀਨ ਹੈ ਤੇ ਉਸ ਦਾ ਇਕ ਦੋਸਤ ਹੈ ਜੈਲਾ। ਜੈਲਾ ਤੇ ਮੀਕਾ ਇਕੱਠੇ ਪੱਬ ਨੂੰ ਨਿਕਲਿਆ ਕਰਦੇ ਹਨ। ਖਾਸ ਤੌਰ 'ਤੇ ਸ਼ਨਿਚਰਵਾਰ ਦੀ ਰਾਤ ਨੂੰ। ਮੀਕਾ ਕਿਹਾ ਕਰਦਾ ਹੈ,

"ਜੈਲਿਆ, ਜਿਹੜੇ ਮਰਜ਼ੀ ਪੱਬ ਨੂੰ ਲੈ ਚੱਲ ਪਰ ਗੋਰਿਆਂ ਦੇ ਪੱਬ ਵਿਚ ਨਾ ਲੈ ਕੇ ਜਾਈਂ, ਸਾਲੇ ਦੇਖਦੇ ਈ ਬਰੂ ਖਾਧੀ ਮੱਝ ਵਾਂਗ ਐ, ਬੀਅਰ ਕੀ ਚੜ੍ਹਨੀ ਹੋਈ।"

ਕਈ ਵਾਰ ਮੀਕਾ ਤੇ ਜੈਲਾ ਪੱਚੀ ਨੰਬਰ ਵਿਚੋਂ ਆ ਕੇ ਝੰਮੇ, ਨਿੰਮੇ ਬਗੈਰਾ ਨੂੰ ਵੀ ਲੈ ਜਾਇਆ ਕਰਦੇ ਹਨ। ਜਦ ਇਕੱਠੇ ਹੋ ਜਾਣ ਤਾਂ ਘੁੰਮ ਫਿਰ ਕੇ ਬੀਅਰ ਪੀਆ ਕਰਦੇ ਹਨ। ਇਕ ਗਲਾਸ ਇਸ ਪੱਬ ਵਿਚ ਤੇ ਇਕ ਓਸ ਵਿਚ। ਉਸ ਦਿਨ ਵੀ ਉਹ ਪੱਚੀ ਨੰਬਰ ਵਿਚ ਨਿੰਮੇ ਨੂੰ ਫੋਨ ਕਰ ਦਿੰਦੇ ਹਨ ਕਿ ਪੱਬ ਜਾਣ ਨੂੰ ਤਿਆਰ ਹੋ ਜਾਓ। ਜੈਲੇ ਦੀ ਕਾਰ ਹੈ। ਉਹ ਕਹਿੰਦਾ ਹੈ,

"ਅੱਜ ਬਈ ਤੁਹਾਨੂੰ ਐਪਲ ਟਰੀ ਵਿਚ ਲੈ ਕੇ ਚੱਲਦੇ ਆਂ।"

"ਇਹ ਕਿਥੇ ਹੋਇਆ ਬਈ ਤੇਰਾ ਐਪਲ ਟਰੀ ?.. ਨਾਂ ਤਾਂ ਗੋਰਿਆਂ ਵਾਲਾ ਲੱਗਦੈ।"

"ਮੀਕਿਆ, ਗੋਰਿਆਂ ਤੋਂ ਦੂਰ ਭੱਜੀਏ ਤਾਂ ਵਿੱਥ ਵੱਧਣ ਲੱਗਦੀ ਐ, ਇਨ੍ਹਾਂ ਦੇ ਨੇੜੇ ਰਹਿ ਕੇ, ਇਨ੍ਹਾਂ ਦੇ ਵਿਚ ਰਹਿ ਕੇ ਆਪਣੀ ਹੋਂਦ ਚਿਤਾਰਨੀ ਚਾਹੀਦੀ ਐ ਕਿ ਅਸੀਂ ਵੀ ਹੈਗੇ ਆਂ।"

"ਆਹੋ, ਹੋਂਦ ਚਿਤਾਰਦੇ ਚਿਤਾਰਦੇ ਜਾਂ ਸਾਡਾ ਉਹ ਮੂੰਹ ਭੰਨ ਜਾਣ ਜਾਂ ਫਿਰ ਅਸੀਂ ਉਨ੍ਹਾਂ ਦੇ ਦੰਦ ਤੋੜ ਦੇਈਏ।"

"ਸਾਰੇ ਗੋਰੇ ਨਸਲਵਾਦੀ ਨਹੀਂ ਹੁੰਦੇ, ਜੇ ਏਹੀ ਗੱਲ ਐ ਤਾਂ ਆਪਾਂ ਕਿਹੜੇ ਘੱਟ ਨਸਲਵਾਦੀ ਆਂ।"

"ਗੱਲ ਸੁਣ ਓਏ ਜੈਲਿਆ, ਜਿੰਦਾਂ ਕਹਿੰਦੇ ਹੁੰਦੇ ਆ ਕਿ ਤੂੰ ਸਾਡੇ ਵੱਲ ਦਾ ਐਂ ਕਿ ਸ਼ੈਤਾਨ ਵੱਲ ਦਾ ?"

"ਮੀਕਿਆ, ਮੂਡ ਨਾ ਖਰਾਬ ਕਰ, ਦੱਸ ਕਿਥੇ ਜਾਣੈ, ਜਿਥੇ ਕਹੋਂ ਲੈ ਜਾਊਂ।"

ਮੀਕੇ ਦੇ ਬੋਲਣ ਤੋਂ ਪਹਿਲਾਂ ਹੀ ਮਿੰਦੀ ਕਹਿੰਦਾ ਹੈ,

"ਮੀਕਾ ਤਾਂ ਐਵੇਂ ਈ ਭੋਰਨ ਲੱਗ ਪੈਂਦੈ, ਤੇਰੇ ਹੱਥ 'ਚ ਸਟੇਅਰਿੰਗ ਐ, ਜਿਥੇ ਮਰਜ਼ੀ ਲੈ ਚੱਲ।"

ਜੈਲਾ ਕਾਰ ਨੂੰ ਗਰੇਟ ਵੈਸਟ ਰੋਡ 'ਤੇ ਪਾ ਲੈਂਦਾ ਹੈ। ਏਅਰਪੋਰਟ ਲੰਘ ਕੇ ਵੱਡਾ ਸਾਰਾ ਪੱਬ ਹੈ। ਸੌ ਕਾਰਾਂ ਜੋਗਾ ਕਾਰ ਪਾਰਕ ਵੀ ਨਾਲ ਹੈ। ਪੱਬ ਭਰਿਆ ਪਿਆ ਹੈ। ਬੈਠਣ ਲਈ ਕੋਈ ਕੁਰਸੀ ਜਾਂ ਸੀਟ ਨਹੀਂ ਬਚੀ। ਉਹ ਇਕ ਪਾਸੇ ਖੜਦੇ ਹੋਏ ਗਲਾਸ ਭਰਾਉਂਦੇ ਹਨ ਤੇ ਇਕ ਉਚੇ ਸਾਰੇ ਮੇਜ਼ ਦੁਆਲੇ ਖੜ ਕੇ ਪੀਣ ਲੱਗਦੇ ਹਨ। ਮੀਕਾ ਆਲਾ ਦੁਆਲਾ ਦੇਖਦਾ ਕਹਿੰਦਾ ਹੈ,

"ਬੱਲੇ ਬੱਲੇ ਬਈ ਇੰਨੇ ਗੋਰੇ ਮੈਂ ਪਹਿਲੀ ਵਾਰੀ ਦੇਖ ਆ! ਅਜ ਪਊ ਪੰਗਾ।"

"ਓਹ ਦੇਖ ਓਏ, ਆਪਣੀ ਕੁੜੀ ਗੋਰੇ ਨਾਲ।"

ਮਿੰਦੀ ਇਕ ਕੋਨੇ ਵਲ ਦੇਖਦਾ ਕਹਿ ਉਠਦਾ ਹੈ। ਨਿੰਮਾ ਦੂਜੇ ਪਾਸੇ ਦੇਖਦਾ ਬੋਲਦਾ ਹੈ,

"ਏਧਰ ਦੇਖ, ਔਹ ਕਾਲਾ ਵੀ ਆਪਣੀ ਈ ਲਈ ਬੈਠਾ।"

ਝੰਮਾ ਕਹਿਣ ਲੱਗਦਾ ਹੈ,

"ਏਹਦੇ ਵਿਚ ਹੈਰਾਨੀ ਦੀ ਕਿਹੜੀ ਗੱਲ ਐ, ਹੁਣ ਤਾਂ ਇਹ ਆਮ ਐ। ਜਦ ਅਸੀਂ ਉਨ੍ਹਾਂ ਦੀਆਂ ਲਈ ਫਿਰਦੇ ਆਂ ਤਾਂ ਉਨ੍ਹਾਂ ਨੇ ਵੀ ਸਾਡੀਆਂ ਨਾਲ ਫਿਰਨਾ ਈ ਹੋਇਆ।"

“ਵੈਸੇ ਮੈਂ ਇਕ ਗੱਲ ਦੇਖੀ ਐ ਕਿ ਸਾਊਥਾਲ ਵਿਚ ਓਪਰੀਆਂ ਜਿਹੀਆਂ ਕੁੜੀਆਂ ਈ ਘੁੰਮਦੀਆਂ ਹੁੰਦੀਆਂ, ਲੋਕਲ ਕੁੜੀਆਂ ਪਤਾ ਨਹੀਂ ਕਿਥੇ ਮਰ ਜਾਂਦੀਆਂ, ਅੰਦਰੋਂ ਈ ਨਹੀਂ ਨਿਕਲਦੀਆਂ।”

“ਸਾਊਥਾਲ ਦੀਆਂ ਕੁੜੀਆਂ ਬਾਹਰ ਨੂੰ ਨਿਕਲ ਜਾਂਦੀਆਂ, ਸੈਂਟਰਲ ਲੰਡਨ ਦੇ ਪੱਬਾ ਕਲੱਬਾਂ ਨੂੰ।”

ਉਹ ਆਲਾ ਦੁਆਲਾ ਬਹੁਤ ਘੂਰ ਘੂਰ ਕੇ ਦੇਖ ਰਹੇ ਹਨ। ਜੈਲਾ ਉਨ੍ਹਾਂ ਨੂੰ ਰੋਕਦਾ ਹੋਇਆ ਆਖਦਾ ਹੈ,

“ਓ ਏਦਾਂ ਭੁੱਖਿਆਂ ਵਾਂਗੂੰ ਨਹੀਂ ਦੇਖੀ ਜਾਈਦਾ, ਕੋਈ ਗੁੱਸਾ ਕਰ ਜਾਊ ਤੇ ਝਗੜਾ ਹੋ ਜਾਊ।”

ਨਿੰਮਾ ਕਹਿਣ ਲੱਗਦਾ ਹੈ,

“ਸੁਖਵਿੰਦਰ ਸੱਚ ਈ ਕਹਿੰਦਾ।”

“ਕਿਹੜਾ ਸੁਖਵਿੰਦਰ ਬਈ ਤੇ ਕੀ ਕਹਿੰਦੈ?”

“ਸੁਖਵਿੰਦਰ, ਮੇਰਾ ਮਸੇਰ, ਬੀ.ਏ. ਪਾਸ ਐ, ਉੱਚਾ ਲੰਮਾ ਕਿਸੇ ਹੀਰੋ ਵਰਗਾ ਸੁਨੱਖਾ ਕਹਿੰਦੈ ਬਈ ਇਥੇ ਦੀਆਂ ਜੰਮੀਆਂ ਕੁੜੀਆਂ ਇੰਡੀਅਨਾਂ ਨੂੰ ਪਸੰਦ ਨਹੀਂ ਕਰਦੀਆਂ।”

“ਕਿਉਂ ਬਈ?”

“ਇਹ ਕਾਲਿਆਂ ਨੂੰ ਈ ਲਾਈਕ ਕਰਦੀਆਂ, ਇਹ ਕਾਲੇ ਤੀਵੀਂ ਸਾਂਭਣ ਵਿਚ ਵਾਧੂ ਐ।”

“ਓ ਨਹੀਂ ਬਈ, ਗੱਲ ਇਹ ਐ ਕਿ ਇਹ ਪੈਸੇ ਵੀ ਖਰਚਦੇ ਆ, ਸਾਡੀਆਂ ਤਾਂ ਪੰਜਾਹ ਜ਼ਿੰਮੇਵਾਰੀਆਂ ਹੁੰਦੀਆਂ, ਸਾਡੇ ਸਮਾਜ ਦੀ ਬਣਤਰ ਈ ਏਦਾਂ ਦੀ ਐ ਕਿ ਸਾਨੂੰ ਸਾਰੇ ਰਿਸ਼ਤੇਦਾਰਾਂ ਦਾ ਧਿਆਨ ਰੱਖਣਾ ਪੈਂਦਾ ਪਰ ਇਹ ਹੋਏ, ਗੋਰੇ ਹੋਏ ਇਨ੍ਹਾਂ ਨੇ ਧੀ ਵਿਆਹੁਣੀ ਨਹੀਂ ਤੇ ਤੋਰਨੀ ਨਹੀਂ ਤੇ ਨੂੰਹ ਘਰ ਲਿਆਉਣੀ ਨਹੀਂ। ਇਹ ਜੋ ਕਮਾਉਂਦੇ ਆ ਏਦਾਂ ਤੀਵੀਆਂ ਪਟਾਉਣ 'ਤੇ ਈ ਖਰਚ ਦਿੰਦੇ ਆ ਤੇ ਕੁੜੀਆਂ ਨੇ ਆਪੇ ਇਨ੍ਹਾਂ ਮਗਰ ਲੱਗਣਾ ਹੋਇਆ।”

ਉਨ੍ਹਾਂ ਦੀ ਆਵਾਜ਼ ਕੁਝ ਉਚੀ ਹੈ। ਜੈਲੇ ਨੂੰ ਇਹ ਗੱਲ ਚੰਗੀ ਨਹੀਂ ਲੱਗ ਰਹੀ। ਉਹ ਕਹਿੰਦਾ ਹੈ,

“ਲੱਗਦਾ ਨਹੀਂ ਬਈ ਇਥੇ ਬੈਠਣ ਨੂੰ ਥਾਂ ਮਿਲੇ, ਗਲਾਸ ਮੁਕਾਓ ਤੇ ਚਲੋ ਕਿਸੇ ਹੋਰ ਪੱਬ ਚੱਲਦੇ ਆਂ, ਖੜ ਕੇ ਪੀਣ ਦਾ ਮਜ਼ਾ ਨਹੀਂ ਆ ਰਿਹਾ।”

ਮੀਕਾ ਕਹਿਣ ਲੱਗਦਾ ਹੈ,

“ਚਲੋ ਬਈ, ਮੇਰੇ ਤੋਂ ਨਹੀਂ ਝੱਲ ਹੁੰਦੀਆਂ ਗੈਰਾਂ ਨਾਲ ਬੈਠੀਆਂ, ਮੇਰੇ ਤੋਂ ਕੋਈ ਕੁੱਟ ਹੋ ਜਾਣੈ।”

ਸਾਰੇ ਹੱਸਦੇ ਹਨ ਤੇ ਗਲਾਸ ਖਾਲੀ ਕਰਦੇ ਤੁਰ ਪੈਂਦੇ ਹਨ। ਅਚਾਨਕ ਨਿੰਮਾ ਕਹਿ ਉਠਦਾ ਹੈ,

“ਓਹ ਦੇਖੋ ਓਏ, ਦੁੰਮਣ ਦੀ ਛੋਟੀ ਕਾਲੇ ਨਾਲ...।”

ਬਾਹਟ

ਪਰਦੁੱਮਣ ਬੜੀ ਮੁਸ਼ਕਲ ਨਾਲ ਜ਼ਮਾਨਤ ਦੇ ਪੈਸੇ ਇਕੱਠੇ ਕਰਦਾ ਹੈ। ਦਸ ਹਜ਼ਾਰ ਕੁਲਬੀਰੋ ਵਾਲਾ ਵਰਤ ਲੈਂਦਾ ਹੈ। ਦਸ ਕੁ ਹਜ਼ਾਰ ਉਸ ਨੇ ਔਖੇ ਵੇਲੇ ਲਈ ਰੱਖੇ ਹੋਏ ਹਨ, ਵੀ ਵਿਚ ਪਾ ਲੈਂਦਾ ਹੈ ਤੇ ਕੁਝ ਬੈਂਕ ਤੋਂ ਕਰਜ਼ਾ ਚੁੱਕ ਕੇ ਪੈਸੇ ਕਚਹਿਰੀ ਵਿਚ ਜਮ੍ਹਾਂ ਕਰਾ ਦਿੰਦਾ ਹੈ। ਉਹ ਡਲਿਵਰੀਆਂ ਵਾਲਿਆਂ ਦੇ ਭੁਗਤਾਨ ਰੋਕ ਲੈਂਦਾ ਹੈ। ਸਮੋਸੇ ਦੀ ਕੀਮਤ ਦੋ ਦੋ ਪੈਨੀਆਂ ਚੁੱਕ ਦਿੰਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਵਰਕਰਾਂ ਦੀ ਤਨਖਾਹ ਵਿਚੋਂ ਵੀ ਕੁਝ ਪੈਸੇ ਕੱਟ ਲਵੇ ਤਾਂ ਜੋ ਉਸ ਦਾ ਪੰਜਾਹ ਹਜ਼ਾਰ ਜਲਦੀ ਪੂਰਾ ਹੋ ਜਾਵੇ।

ਕਾਰਾ ਅਜਿਹਾ ਗੁੰਮ ਹੁੰਦਾ ਹੈ ਕਿ ਮੁੜ ਕੇ ਉਸ ਦਾ ਪਤਾ ਨਹੀਂ ਚੱਲਦਾ ਕਿ ਕਿਧਰ ਗਿਆ ਹੈ। ਪਰਦੁੱਮਣ ਸਿੰਘ ਆਪਣੀਆਂ ਸੋਚਾਂ ਦੇ ਘੋੜੇ ਦੁੜਾ ਦੁੜਾ ਕੇ ਥੱਕ ਜਾਂਦਾ ਹੈ। ਕਈ ਵਾਰ ਉਹ ਜਗਮੋਹਣ ਤੋਂ ਪੁੱਛਦਾ ਹੈ,

“ਕਿਹੜੇ ਕੰਟਰੀ ਹੋਇਆ ਇਹ ਸ਼ੋਹਦਾ?”

“ਕਿਸੇ ਅਜਿਹੇ ਕੰਟਰੀ ਜਿਹਦੇ ਨਾਲ ਮੁਜਰਮਾਂ ਦੇ ਮਾਮਲੇ ਵਿਚ ਇਥੋਂ ਦੀ ਸਰਕਾਰ ਦਾ ਅਪਰਾਧੀ ਲੈਣ ਦੇਣ ਦਾ ਕੋਈ ਮੁਹਾਇਦਾ ਨਾ ਹੋਵੇ ਉਥੋਂ ਮੁਜਰਮ ਨੂੰ ਐਕਸਟਰਾਡਾਈਟ ਨਹੀਂ ਕਰ ਸਕਦੇ। ਇਥੋਂ ਦੇ ਸਾਰੇ ਕਰਿਮੀਨਲ ਈਸਟਰਨ ਯੂਰਪ ਵਿਚ ਜਾ ਕੇ ਲੁਕਦੇ ਆ, ਦੋ ਕੁ ਜ਼ਜੀਰੇ ਗਰੀਸ ਦੇ ਵੀ ਆ।”

“ਹਾਲੇ ਤੱਕ ਗੌਰਮਿੰਟ ਨੂੰ ਪਤਾ ਹੀ ਨਾ ਚੱਲਿਆ ਹੋਊ ਕਿ ਕਿਥੇ ਛੁਪਣ ਹੋ ਗਿਆ ਉਹ ?”

“ਪਤਾ ਵੀ ਹੋ ਸਕਦੈ, ਕਈ ਵਾਰ ਕਰਿਮੀਨਲ ਨੂੰ ਵਾਪਸ ਲਿਆਉਣਾ ਜ਼ਿਆਦਾ ਖਰਚੀਲਾ ਵੀ ਹੁੰਦੈ। ਇਹਦੇ ਮਾਮਲੇ ਵਿਚ ਇਹਨੇ ਕਰਾਈਮ ਤਾਂ ਕੀਤਾ ਪਰ ਸ਼ਾਇਦ ਬਹੁਤੇ ਪੈਸੇ ਨਾ ਕਮਾਏ ਹੋਣ, ਜੇ ਕਮਾ ਵੀ ਲਏ ਹੋਏ ਤਾਂ ਗੌਰਮਿੰਟ ਨੇ ਦੂਜੇ ਦੋਂਹ ਤੋਂ ਕਲੇਮ ਕਰ ਲੈਣੇ ਆਂ।”

“ਨਾਲੇ ਕਾਰੇ ਦੇ ਤਾਂ ਨਾਵੇਂ ਕੁਸ਼ ਵੀ ਨਹੀਂ।”

“ਇਹਨੇ ਸਭ ਕੁਸ਼ ਪਲਾਨਡ ਕਰਕੇ ਜਿਉਂ ਕੀਤਾ ਹੋਇਐ।”

ਮਨੀਸ਼ ਪਟੇਲ ਚਾਰ ਸਾਲ ਦੀ ਕੈਦ ਹੋ ਜਾਂਦੀ ਹੈ। ਕੈਲਵਿਨ ਸਰਕਾਰੀ ਗਵਾਹ ਬਣ ਜਾਂਦਾ ਹੈ ਇਸ ਲਈ ਉਹ ਬਚ ਜਾਂਦਾ ਹੈ ਕਾਰੇ ਨੂੰ ਭਗੌੜਾ ਕਰਾਰ ਦੇ ਦਿੱਤਾ ਜਾਂਦਾ ਹੈ। ਪਰਦੁੱਮਣ ਕਹਿੰਦਾ ਹੈ,

“ਜੱਗਿਆ ਤੇਰੀ ਗੱਲ ਠੀਕ ਸੀ, ਦੇਖ ਸਾਲੇ ਨੇ ਏਸ ਮੁਲਕ ਵਿਚੋਂ ਭੱਜ ਕੇ ਉਮਰ ਕੈਦ ਸਹੇੜ ਲਈ ਆ, ਚੌਂਹ ਸਾਲਾਂ ਵਿਚੋਂ ਵੀ ਦੋ ਕਟਣੇ ਪੈਣੇ ਸੀ ਤੇ ਦੋ ਸਾਲ ਤਾਂ ਝੱਟ ਨਿਕਲ ਜਾਣੇ ਸੀ।”

ਕਦੇ ਕਿਸੇ ਇਕੱਠ ਵਿਚ ਕਾਰੇ ਦੀ ਗੱਲ ਤੁਰਦੀ ਤਾਂ ਕੋਈ ਕਹਿ ਬੈਠਦਾ ਹੈ,

"ਕਾਰਾ ਬੜਾ ਹਿੰਮਤੀ ਨਿਕਲਿਆ, ਸਾਰੀ ਪੁਲਿਸ ਦੇ ਅੱਖੀਂ ਘੱਟਾ ਪਾ ਕੇ ਦੌੜ ਗਿਆ।"
"ਕਾਹਦਾ ਹਿੰਮਤੀ ਨਿਕਲਿਆ, ਮੇਰੀ ਹੱਕ ਹਲਾਲ ਦੀ ਕਮਾਈ ਦੇ ਪੰਜਾਹ ਹਜ਼ਾਰ ਨੂੰ ਗੁੱਗਲ ਕਰ ਗਿਐ ਪਰ ਉਹਨੂੰ ਇਹ ਫਲ਼ਨੀ ਨਹੀਂ, ਤੁਸੀਂ ਵੀ ਇਥੇ ਓ ਤੇ ਮੈਂ ਵੀ।"

ਪਰਦੁੱਮਣ ਸਿੰਘ ਹਿੱਕ ਠੋਕ ਕੇ ਆਖਣ ਆਖਦਾ ਹੈ।

ਸੁਰਜੀਤ ਕੌਰ ਤੇ ਜਤਿੰਦਰਪਾਲ ਤਾਂ ਹੁਣ ਉਸ ਨਾਲ ਬੋਲਦੇ ਤੱਕ ਵੀ ਨਹੀਂ ਹਨ। ਪੰਜਾਹ ਹਜ਼ਾਰ ਮੁੜਨ ਦੀ ਕਿਸੇ ਤਰ੍ਹਾਂ ਦੀ ਆਸ ਨਹੀਂ ਰਹੀ। ਉਹ ਸਬਰ ਕਰਨਾ ਹੀ ਠੀਕ ਸਮਝਦਾ ਹੈ ਪਰ ਉਸ ਉਪਰ ਇਸ ਨੁਕਸਾਨ ਨੇ ਬਹੁਤ ਅਸਰ ਪਾਇਆ ਹੈ। ਉਹ ਹਰ ਵੇਲੇ ਖਿੱਝਿਆ ਰਹਿੰਦਾ ਹੈ। ਉਹ ਆਪਣਾ ਧਿਆਨ ਬਦਲਣ ਲਈ ਕੰਮ ਵਿਚ ਖੁੱਭਣ ਦੀ ਕੋਸ਼ਿਸ਼ ਕਰਦਾ ਹੈ। ਉਸਦਾ ਦਿਲ ਕਰਦਾ ਹੈ ਕਿ ਇਕ ਡਰਾਈਵਰ ਹਟਾ ਕੇ ਹੁਣ ਆਪ ਕੰਮ 'ਤੇ ਜਾਇਆ ਕਰੇ ਜਾਂ ਫਿਰ ਨਵਾਂ ਰਾਊਂਡ ਖੜਾ ਕਰ ਲਵੇ। ਉਹ ਰਮਨ ਭਾਈ ਨਾਲ ਇਕ ਦਿਨ ਰਾਊਂਡ 'ਤੇ ਜਾਂਦਾ ਹੈ। ਰਮਨ ਭਾਈ ਨਵਾਂ ਡਰਾਈਵਰ ਹੈ। ਕੁਝ ਮਹੀਨਿਆਂ ਤੋਂ ਕੰਮ ਕਰ ਰਿਹਾ ਹੈ। ਪਰਦੁੱਮਣ ਸਿੰਘ ਦੁਕਾਨਾਂ ਵਿਚ ਜਾ ਕੇ ਦੇਖਦਾ ਹੈ ਕਿ ਉਨ੍ਹਾਂ ਦੇ ਬਰੋਬਰ ਤਾਰਿਕ ਦਾ ਮਾਲ ਵੀ ਪਿਆ ਹੈ ਤੇ ਬਲਵੀਰ ਦਾ ਵੀ। ਉਹ ਰਮਨ ਨੂੰ ਝਿੜਕ ਮਾਰਦਾ ਕਹਿੰਦਾ ਹੈ,
"ਭਈਆ, ਤੁਮ ਨੇ ਆ ਕੇ ਬਤਾਇਆ ਕਿਉਂ ਨਹੀਂ ?"
"ਤੁਮ ਕਾਮ ਪੇ ਕਬ ਹੋਤੇ ਹੋ, ਬਲਰਾਮ ਕੋ ਮੈਨੇ ਬਤਲਾਇਆ ਥਾ।"

ਰਮਨ ਭਾਈ ਹੌਲੇ ਜਿਹੇ ਆਖਦਾ ਹੈ। ਪਰਦੁੱਮਣ ਗੁੱਸੇ ਦਾ ਭਰਿਆ ਬੋਲਦਾ ਹੈ,
"ਏਸ ਸਾਲ਼ੇ ਸੁੱਲੇ ਨੇ ਫੇਰ ਛਿੱਤਰ ਖਾਣੇ ਆਂ, ਨਾਲੇ ਬਲਵੀਰ ਨੂੰ ਵੀ ਦੇਖਣਾ ਈ ਪੈਣਾ, ਮੈਂ ਤਾਂ ਕਿਹਾ ਸੀ ਕਿ ਛੱਡੋ ਪਰ੍ਹੇ ਮੂੰਹ-ਤੂੰਹ ਲੱਗਣ ਵਾਲਾ ਬੰਦਾ ਐ।"

ਫੈਕਟਰੀ ਆ ਕੇ ਉਹ ਮੀਕੇ ਨੂੰ ਪੁੱਛਦਾ ਹੈ,
"ਤੇਰੇ ਵੱਲ ਤਾਂ ਨਹੀਂ ਰੱਖੇ ਤਾਰਿਕ ਨੇ ਆਪਣੇ ਸਮੋਸੇ ?"
"ਅੰਕਲ, ਮੈਂ ਰੱਖਣ ਦਿੰਨਾ।"
"ਉਧਰ ਰਮਨ ਦੇ ਰਾਊਂਡ ਵਿਚ ਰੱਖੇ ਆ ਸਾਲ਼ੇ ਨੇ, ਚੱਲੀਏ ਜ਼ਰਾ ਪਹਿਲਾਂ ਵਾਂਗੂੰ ਅਕਲ ਦੇ ਕੇ ਆਈਏ ਸਾਲੇ ਨੂੰ।"
"ਅੰਕਲ, ਮੇਰੀ ਤਾਂ ਹੁਣ ਗੱਲ ਉਹ ਐ ਕਿ ਕਿਸੇ ਨੇ ਖਰਗੋਸ਼ ਨੂੰ ਪੁੱਛਿਆ ਕਿ ਮੀਟ ਖਾਣੈ, ਉਹ ਕਹਿਣ ਲੱਗਾ ਕਿ ਮੇਰਾ ਆਪਣਾ ਮਾਸ ਬਚਿਆ ਰਹੇ ਏਨਾ ਈ ਬਹੁਤ ਐ ਸੋ ਮੈਂ ਹੁਣ ਪੰਗੇ ਜੋਗਾ ਨਹੀਂ ਰਿਹਾ।"

ਅਸਲ ਵਿਚ ਮੀਕੇ ਦਾ ਕੇਸ ਫੇਲ੍ਹ ਹੋ ਜਾਂਦਾ ਹੈ ਤੇ ਉਹ ਹੁਣ ਮੁੜ ਇਲਲੀਗਲ ਹੋ ਗਿਆ ਹੈ ਜਿਸ ਨੂੰ ਪੁਲਿਸ ਕਦੇ ਵੀ ਫੜ ਕੇ ਇੰਡੀਆ ਨੂੰ ਚਾੜ੍ਹ ਸਕਦੀ ਹੈ ਜਾਂ ਜੇਕਰ ਕੋਈ ਸ਼ਿਕਾਇਤ ਕਰ ਦੇਵੇ ਤਾਂ ਵੀ ਇੰਮੀਗਰੇਸ਼ਨ ਵਾਲੇ ਫੜ ਸਕਦੇ ਹਨ।

ਇਕ ਹੋਰ ਗੱਲ ਹੈ ਜਿਸ ਦੀ ਪਰਦੁੱਮਣ ਸਿੰਘ ਨੂੰ ਬਿਲਕੁਲ ਖਬਰ ਨਹੀਂ ਹੈ। ਉਹ ਇਹ ਹੈ ਕਿ ਤਾਰਿਕ ਨੇ ਮੀਕੇ ਤੇ ਦੂਜੇ ਮੁੰਡਿਆਂ ਨਾਲ ਦੋਸਤੀ ਗੰਢਣੀ ਸ਼ੁਰੂ ਕਰ ਦਿੱਤੀ ਹੈ। ਉਹ ਪੱਚੀ ਨੰਬਰ ਵਿਚ ਆ ਜਾਇਆ ਕਰਦਾ ਹੈ। ਮੁੰਡਿਆਂ ਨਾਲ ਬੈਠ ਕੇ ਸ਼ਰਾਬ ਵੀ ਪੀ ਲਿਆ ਕਰਦਾ ਹੈ। ਜਿਸ ਦਿਨ ਮੀਕਾ ਉਸ ਨੂੰ ਪਹਿਲੀ ਵਾਰ ਪੱਚੀ ਨੰਬਰ ਵਿਚ ਦੇਖਦਾ ਹੈ ਤਾਂ ਤਾਰਿਕ ਨੇ ਸਲਵਾਰ ਕਮੀਜ਼ ਪਾਈ ਹੁੰਦੀ ਹੈ। ਕਿਸੇ ਮਰਦ ਦੇ ਪਾਈ ਸਲਵਾਰ ਮੀਕੇ ਨੂੰ ਬਹੁਤ ਓਪਰੀ ਲੱਗਦੀ ਹੈ। ਉਹ ਪੁੱਛਦਾ ਹੈ,
"ਤਾਰਿਕ, ਕਿਉਂ ਮੁਜਰਾ ਕਰਨ ਆਇਐਂ ?"

ਤਾਰਿਕ ਅੱਗਿਉਂ ਹੱਸ ਪੈਂਦਾ ਹੈ। ਮੀਕੇ ਨੂੰ ਉਸ ਦਾ ਇਵੇਂ ਦੋਸਤੀ ਦਾ ਹੱਥ ਵਧਾਉਣਾ ਚੰਗਾ ਲੱਗਦਾ ਹੈ। ਬਦਲੇ ਵਿਚ ਤਾਰਿਕ ਮੀਕੇ ਨਾਲ ਕੁਝ ਦੁਕਾਨਾਂ ਉਪਰ ਆਪਣਾ ਮਾਲ ਵੀ ਰੱਖ ਦਿੰਦਾ ਹੈ ਤਾਂ ਮੀਕਾ ਚੁੱਪ ਰਹਿੰਦਾ ਹੈ। ਅਸਲ ਵਿਚ ਜਦੋਂ ਦਾ ਪਰਦੁੱਮਣ ਸਿੰਘ ਦਾ ਫੈਕਟਰੀ ਵਲੋਂ ਧਿਆਨ ਘਟਿਆ ਹੈ ਮੀਕਾ ਵੀ ਕੁਝ ਕੁ ਬਦਲ ਗਿਆ ਹੈ। ਹੋਰ ਸਟਾਫ ਦੇ ਵਤੀਰੇ ਵਿਚ ਵੀ ਫਰਕ ਆ ਗਿਆ ਹੈ। ਬਲਰਾਮ ਨੂੰ ਤਾਂ ਕੁਝ ਸਮਝਦੇ ਹੀ ਨਹੀਂ ਹਨ। ਉਸ ਦੀ ਘਰ ਵਾਲੀ ਦੇ ਚਲੇ ਜਾਣ ਕਾਰਨ ਮੀਕਾ ਉਸ ਨੂੰ ਛੇੜਨ ਵੀ ਲੱਗਦਾ ਹੈ। ਕਦੇ ਉਹ ਉਸ ਦੀਆਂ ਗੱਲ੍ਹਾਂ 'ਤੇ ਤੇ ਕਦੇ ਚਿੱਤੜਾਂ ਤੇ ਚੂੰਢੀਆਂ ਵੱਢਣ ਲਗਦਾ ਹੈ।

ਹੁਣ ਤਾਰਿਕ ਦਾ ਮਾਲ ਪਰਦੁੱਮਣ ਸਿੰਘ ਦੀਆਂ ਬਹੁਤ ਸਾਰੀਆਂ ਦੁਕਾਨਾਂ ਉਪਰ ਪਿਆ ਹੈ। ਜਦ ਕੁਝ ਹੋਰ ਨਹੀਂ ਕਰ ਸਕਦਾ ਤਾਂ ਉਹ ਸੋਚਦਾ ਹੈ ਕਿ ਕਿਉਂ ਨਾ ਤਾਰਿਕ ਨਾਲ ਬੈਠ ਕੇ ਗੱਲ ਕੀਤੀ ਜਾਵੇ। ਫਰੀਦਾ ਵੀ ਉਥੇ ਹੋਵੇਗੀ ਉਹ ਵੀ ਤਾਰਿਕ ਨੂੰ ਸਮਝਾਵੇਗੀ। ਝਗੜੇ ਨਾਲੋਂ ਪਿਆਰ ਸ਼ਾਇਦ ਜ਼ਿਆਦਾ ਕੰਮ ਕਰ ਜਾਵੇ। ਪਰਦੁੱਮਣ ਸਿੰਘ ਆਪਣੀ ਕਾਰ ਤਾਰਿਕ ਦੀ ਫੈਕਟਰੀ ਵੱਲ ਨੂੰ ਘੁਮਾ ਲੈਂਦਾ ਹੈ। ਉਸ ਦੀ ਫੈਕਟਰੀ ਦੇ ਸਾਹਮਣੇ ਜਾਂਦਾ ਹੈ ਤਾਂ ਮੀਕੇ ਵਾਲੀ ਵੈਨ ਅੰਦਰੋਂ ਨਿਕਲ ਰਹੀ ਦਿੱਸਦੀ ਹੈ। ਪਰਦੁੱਮਣ ਸਿੰਘ ਹੈਰਾਨ ਰਹਿ ਜਾਂਦਾ ਹੈ ਕਿ ਇਹ ਕੀ ਹੋ ਰਿਹਾ ਹੈ। ਮੀਕਾ ਉਸ ਦੇ ਦੁਸ਼ਮਣ ਦੀ ਫੈਕਟਰੀ ਵਿਚ ਕੀ ਕਰ ਰਿਹਾ ਹੈ। ਉਹ ਸਮਝ ਜਾਂਦਾ ਹੈ ਕਿ ਮੀਕੇ ਨੂੰ ਤਾਰਿਕ ਨੇ ਪੱਟ ਲਿਆ ਹੈ। ਉਹ ਰੋਹ ਨਾਲ ਭਰਿਆ ਮੀਕੇ ਦੀ ਵੈਨ ਮਗਰ ਕਾਰ ਲਗਾ ਲੈਂਦਾ ਹੈ। ਮੀਕਾ ਉਸ ਦੀ ਫੈਕਟਰੀ ਆ ਕੇ ਗੱਡੀ ਖੜੀ ਕਰਦਾ ਹੈ। ਪਰਦੁੱਮਣ ਸਿੰਘ ਕਾਰ ਵਿਚੋਂ ਨਿਕਲਦਾ ਬੋਲਦਾ ਹੈ,
"ਤਾਰਿਕ ਨੂੰ ਹਿਸਾਬ ਦੇ ਆਇਆਂ ?"
"ਕਾਹਦਾ ਹਿਸਾਬ ਅੰਕਲ ?"
"ਕਿਥੋਂ ਆਇਆਂ ਹੁਣ ਤੂੰ ?"

"ਤਾਰਿਕ ਦੀ ਫੈਕਟਰੀ ਕਿਸੇ ਨੂੰ ਮਿਲਣ ਗਿਆ ਸੀ।"
"ਮੀਕਿਆ, ਤੇਰਾ ਭਲਾ ਤਾਰਿਕ ਦੀ ਫੈਕਟਰੀ ਵਿਚ ਕੀ ਕੰਮ ?"
"ਅੰਕਲ, ਮੈਂ ਤੇਰਾ ਕੋਈ ਗੁਲਾਮ ਆਂ ਕਿ ਪੁੱਛ ਕੇ ਜਾਵਾਂ ਕਿ ਕਿਥੇ ਜਾਣੈ ਜਾਂ ਕਿਥੇ ਨਹੀਂ ਜਾਣਾ।"
"ਮੈਂ ਤੈਨੂੰ ਕਿਤੇ ਜਾਣੋਂ ਕਦ ਰੋਕਦਾਂ ਪਰ ਤਾਰਿਕ ਤਾਂ ਮੇਰਾ ਪੱਕਾ ਦੁਸ਼ਮਣ ਐ, ਮੇਰੇ ਕਾਰੋਬਾਰ ਨੂੰ ਢਾਅ ਲਾ ਰਿਹੈ, ਕਿਤੇ ਤੂੰ ਆਪਣੀਆਂ ਦੁਕਾਨਾਂ 'ਤੇ ਉਹਦੇ ਸਮੋਸੇ ਤਾਂ ਨਹੀਂ ਰਖਾਈ ਜਾਂਦਾ ਤੇ ਹੁਣ ਵਸੂਲੀ ਕਰਕੇ ਲਿਆਇਆ ਹੋਵੇਂ।"
"ਅੰਕਲ, ਅਕਲ ਨਾਲ ਬੋਲ, ਮੈਂ ਤੇਰੀ ਪੂਰੀ ਇੱਜ਼ਤ ਕਰਦਾਂ। ਓਦਾਂ ਭਾਵੇਂ ਸਮਝਦਾਂ ਤੈਨੂੰ ਦੁੱਕੀ ਤਿੱਕੀ ਹੀ ਆਂ।"

ਸਾਧਾਰਨ ਹਾਲਾਤ ਹੁੰਦੇ ਤਾਂ ਪਰਦੁੱਮਣ ਸਿੰਘ ਕਿਸੇ ਨਾ ਕਿਸੇ ਤਰ੍ਹਾਂ ਇਹ ਗੱਲ ਸਹਿ ਜਾਂਦਾ ਪਰ ਇਸ ਸਮੇਂ ਉਸ ਦੀ ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ। ਉਹ ਗੁੱਸੇ ਵਿਚ ਕੰਬਦਾ ਬੋਲਦਾ ਹੈ,
"ਕੀ ਮਤਲਬ ਓਏ ਤੇਰਾ ?... ਤੂੰ ਅਹਿਸਾਨਮੰਦ ਹੋ ਕਿ ਤੈਨੂੰ ਮੈਂ ਜੌਬ ਦਿੱਤੀ ਹੋਈ ਆ ਤੇ ਤੂੰ ਉਲਟਾ ਮੈਨੂੰ ਈ ਅੱਖਾਂ ਦਿਖਾ ਰਿਹਾਂ, ਮੇਰੀ ਬਿੱਲੀ ਤੇ ਮੈਨੂੰ ਹੀ ਮਿਆਉਂ।"
"ਜਾਹ, ਜਾ ਕੇ ਪਹਿਲਾਂ ਤੂੰ ਆਪਣੀ ਛੋਟੀ ਬਿੱਲੀ ਸੰਭਾਲ ਜਿਹੜੀ ਕਾਲਿਆਂ ਦੇ ਬੈੱਡ ਗਰਮ ਕਰਦੀ ਫਿਰਦੀ ਐ...।"

ਇੰਨੀ ਗੱਲ ਕਹਿਣ ਦੀ ਦੇਰ ਸੀ ਕਿ ਪਰਦੁੱਮਣ ਸਿੰਘ ਮੀਕੇ ਨੂੰ ਗਲੋਂ ਜਾ ਫੜਦਾ ਹੈ ਪਰ ਮੀਕਾ ਉਸ ਤੋਂ ਤਕੜਾ ਤੇ ਧੱਕਾ ਮਾਰ ਕੇ ਉਸ ਨੂੰ ਸੁੱਟ ਦਿੰਦਾ ਹੈ। ਫਿਰ ਵੈਨ ਦੀਆਂ ਚਾਬੀਆਂ ਉਸ ਦੇ ਮੂੰਹ 'ਤੇ ਮਾਰਦਾ ਹੈ ਤੇ ਜੇਬ ਵਿਚੋਂ ਅੱਜ ਦੇ ਹਿਸਾਬ ਦੇ ਪੈਸੇ ਕੱਢ ਕੇ ਉਸ ਵੱਲ ਸੁੱਟਦਾ ਕਹਿੰਦਾ ਹੈ,
"ਇਨ੍ਹਾਂ ਨੂੰ ਵੀ ਪਿੱਛੇ ਲੈ ਲੈ, ਕੰਜਰ ਤੋਂ ਕੁੜੀ ਸਾਂਭੀ ਨਹੀਂ ਜਾਂਦੀ ਤੇ ਮੈਨੂੰ ਗੱਲਾਂ ਸੁਣਾਉਂਦੈ।"

ਮੀਕਾ ਗਾਲ੍ਹਾਂ ਕੱਢਦਾ ਤੁਰ ਜਾਂਦਾ ਹੈ।

ਕੁਝ ਦਿਨਾਂ ਮਗਰੋਂ ਪੱਚੀ ਨੰਬਰ ਵਿਚ ਸਾਰੇ ਅਫਸੋਸ ਵਿਚ ਇਕੱਠੇ ਬੈਠੇ ਹਨ। ਅੱਜ ਮੀਕੇ ਨੂੰ ਫੜ ਕੇ ਇੰਡੀਆ ਲਈ ਜਹਾਜ਼ੇ ਜਿਉਂ ਚਾੜ੍ਹ ਦਿੱਤਾ ਹੈ।

ਤਰੇਹਟ

ਮਨਿੰਦਰ ਨੂੰ ਗਾਇਬ ਹੋਇਆਂ ਕਈ ਮਹੀਨੇ ਬੀਤ ਗਏ ਹਨ। ਉਸ ਦਾ ਕੁਝ ਨਹੀਂ ਪਤਾ ਕਿ ਕਿਥੇ ਰਹਿੰਦੀ ਹੈ, ਕੀ ਕਰਦੀ ਹੈ। ਪੜ੍ਹਾਈ ਜਾਰੀ ਰੱਖੀ ਹੋਈ ਹੈ ਜਾਂ ਛੱਡ ਦਿੱਤੀ ਹੈ। ਪਾਲਾ ਸਿੰਘ ਨੂੰ ਹੈਰਾਨੀ ਵੀ ਹੈ ਕਿ ਇੰਨੀ ਤਲਾਸ਼ ਬਾਅਦ ਵੀ ਉਹ ਨਹੀਂ ਮਿਲੀ। ਹੋ ਸਕਦਾ ਕਿ ਉਹ ਆਪਣੇ ਭਰਾਵਾਂ ਨੂੰ ਮਿਲਦੀ ਹੋਵੇ। ਉਨ੍ਹਾਂ ਨਾਲ ਵੀ ਤਾਂ ਪਾਲਾ ਸਿੰਘ ਦਾ ਕੋਈ ਰਾਬਤਾ ਨਹੀਂ ਹੈ। ਦੋਨਾਂ ਨੇ ਉਸ ਦੀ ਮਰਜ਼ੀ ਦੇ ਖਿਲਾਫ ਵਿਆਹ ਕਰਾਇਆ ਹੋਣ ਕਰਕੇ ਪਾਲਾ ਸਿੰਘ ਨੇ ਇਹ ਜਾਨਣਾ ਹੀ ਨਹੀਂ ਚਾਹਿਆ ਕਿ ਉਹ ਕਿਥੇ ਰਹਿੰਦੇ ਹਨ ਤੇ ਹੁਣ ਕਿਸ ਹਾਲ ਵਿਚ ਹਨ। ਉਨ੍ਹਾਂ ਨੇ ਵੀ ਕਦੇ ਪਾਲਾ ਸਿੰਘ ਦੀ ਖਬਰਸਾਰ ਨਹੀਂ ਲਈ। ਕਈ ਵਾਰ ਪਾਲਾ ਸਿੰਘ ਸੋਚਣ ਲੱਗਦਾ ਹੈ ਕਿ ਕੀ ਮੈਂ ਇੰਨਾ ਹੀ ਖਰਾਬ ਪਿਓ ਹਾਂ। ਉਸ ਨੇ ਤਾਂ ਸਦਾ ਹੀ ਆਪਣੀ ਔਲਾਦ ਦਾ ਭਲਾ ਚਾਹਿਆ ਹੈ। ਉਨ੍ਹਾਂ ਨੂੰ ਪਾਲਿਆ, ਪੋਸਿਆ, ਵੱਡੇ ਕੀਤਾ, ਪੜ੍ਹਾਇਆ, ਡਿਗਰੀਆਂ ਕਰਾਈਆਂ ਅਤੇ ਬਦਲੇ ਵਿਚ ਕੁਝ ਸੰਸਕਾਰਾਂ ਦੀ ਪਾਲਣਾ ਹੀ ਮੰਗੀ ਸੀ ਤੇ ਔਲਾਦ ਉਹ ਵੀ ਨਹੀਂ ਕਰ ਸਕੀ। ਜੇ ਇਹੋ ਹੈ ਤਾਂ ਕੀ ਖੜਾ ਹੈ ਔਲਾਦ ਖੁਣੋ। ਉਹ ਔਂਤ ਵੀ ਰਹਿ ਜਾਂਦਾ ਤਾਂ ਕੀ ਬੁਰਾ ਸੀ।

ਮੁੰਡਿਆਂ ਤੋਂ ਉਸ ਦਾ ਦਿਲ ਇੰਨਾ ਨਹੀਂ ਸੀ ਦੁਖਿਆ ਜਿੰਨਾ ਕਿ ਹੁਣ ਮਨਿੰਦਰ ਤੋਂ ਉਹ ਦੁਖੀ ਹੈ। ਹਾਲੇ ਤੱਕ ਵੀ ਉਸ ਦਾ ਗੁੱਸਾ ਠੰਡਾ ਨਹੀਂ ਪਿਆ। ਹਾਲੇ ਵੀ ਕਿਰਪਾਨ ਉਸ ਦੀ ਕਾਰ ਵਿਚ ਪਈ ਹੈ। ਹਾਲੇ ਵੀ ਉਹ ਆਲੇ ਦੁਆਲੇ ਦੇ ਸਟੋਰਾਂ ਦਾ ਗੇੜਾ ਕੱਢਣ ਚਲੇ ਜਾਇਆ ਕਰਦਾ ਹੈ ਕਿ ਸ਼ਾਇਦ ਮਨਿੰਦਰ ਕਿਧਰੇ ਕੰਮ ਕਰਦੀ ਮਿਲ ਜਾਵੇ। ਉਹ ਸੋਚਾਂ ਦੇ ਘੋੜੇ ਦੜਾਉਣ ਲਗਦਾ ਹੈ ਕਿ ਉਹ ਕਿਥੇ ਜਾ ਛੁਪੀ ਹੋਈ।

ਉਸ ਦੀ ਹਿੱਟਮੈਨ ਵਾਲੀ ਯੋਜਨਾ ਵੀ ਸਿਰੇ ਨਹੀਂ ਚੜ੍ਹਦੀ। ਜਿਵੇਂ ਗੁਰਦਿਆਲ ਸਿੰਘ ਕਹਿੰਦਾ ਹੈ ਕਿ ਉਹ ਪੈਸਿਆਂ ਦਾ ਇੰਤਜ਼ਾਮ ਕਰ ਲੈਂਦਾ ਹੈ। ਮਨਿੰਦਰ ਦੀਆਂ ਕੁਝ ਤਸਵੀਰਾਂ ਵੀ ਕੱਢ ਰੱਖਦਾ ਹੈ ਪਰ ਕੋਈ ਉਸ ਨੂੰ ਫੋਨ ਨਹੀਂ ਕਰਦਾ ਤੇ ਕੋਈ ਉਸ ਦੇ ਘਰ ਨਹੀਂ ਆਉਂਦਾ। ਇਕ ਦਿਨ ਪੱਬ ਵਿਚ ਉਸ ਨੂੰ ਆਦਮੀ ਮਿਲਦਾ ਹੈ। ਉਸ ਨਾਲ ਅਸਿੱਧੀਆਂ ਜਿਹੀਆਂ ਗੱਲਾਂ ਕਰਦਾ ਹੈ। ਉਹ ਕਹਿੰਦਾ ਹੈ,
"ਮਿਸਟਰ ਸਿੰਘ, ਮੈਨੂੰ ਪਤਾ ਲੱਗਿਆ ਕਿ ਤੈਨੂੰ ਖਾਸ ਸਰਵਿਸ ਦੀ ਲੋੜ ਐ।"

ਪਾਲਾ ਸਿੰਘ ਉਸ ਵੱਲ ਦੇਖਦਾ ਹੈ। ਉਹ ਅੱਧਖੜ ਜਿਹੀ ਉਮਰ ਦਾ ਗੋਰਾ ਹੈ। ਪਾਲਾ ਸਿੰਘ ਉਸ ਦੇ ਸਵਾਲ ਬਾਰੇ ਸਪੱਸ਼ਟ ਨਹੀਂ ਹੈ। ਉਹ ਝਿਜਕਦਾ ਹੋਇਆ ਜਵਾਬ ਦਿੰਦਾ ਹੈ,
"ਹਾਂ, ਹੈ ਤਾਂ ਸਹੀ।"
"ਕਿਹੋ ਜਿਹੀ ਸਰਵਿਸ ਚਾਹੀਦੀ ਐ ?"
"ਇਹ ਤਾਂ ਤੈਨੂੰ ਪਤਾ ਹੋਣਾ ਚਾਹੀਦੈ ਕਿ ਕਿਹੋ ਜਿਹੀ ਸਰਵਿਸ ਚਾਹੀਦੀ ਐ। ਮੇਰੇ ਤੱਕ ਤੂੰ ਅਪਰੋਚ ਕੀਤੈ, ਕਿਸੇ ਨੇ ਦੱਸ ਕੇ ਹੀ ਭੇਜਿਆ ਹੋਏਗਾ।"

ਉਸ ਨੂੰ ਲੱਗਦਾ ਹੈ ਕਿ ਜੇ ਉਹ ਸਹੀ ਬੰਦਾ ਹੁੰਦਾ ਤਾਂ ਜ਼ਰੂਰ ਕੰਮ ਦੀ ਗੱਲ ਤੇ ਸਿੱਧਾ ਪਹੁੰਚਦਾ। ਉਹ ਬੰਦਾ ਫਿਰ ਪੁੱਛਦਾ ਹੈ,
"ਟਾਰਗਟ ਕੀ ਐ, ਪਤਾ ਟਿਕਾਣਾ ?"

‘‘ਇਹ ਮੈਨੂੰ ਨਹੀਂ ਪਤਾ।’’
ਉਹ ਬੰਦਾ ਉਠ ਖੜਦਾ ਹੈ ਤੇ ਕਹਿ ਕੇ ਤੁਰ ਜਾਂਦਾ ਹੈ,
‘‘ਮਿਸਟਰ ਸਿੰਘ, ਤੂੰ ਟਾਈਮ ਖਰਾਬ ਕਰ ਰਿਹੈਂ।’’
ਪਾਲਾ ਸਿੰਘ ਨੂੰ ਪਤਾ ਨਹੀਂ ਲੱਗਦਾ ਕਿ ਉਹ ਬੰਦਾ ਸਹੀ ਵੀ ਹੋ ਸਕਦਾ ਹੈ ਕਿ ਨਹੀਂ। ਉਹ ਗੁਰਦਿਆਲ ਸਿੰਘ ਨਾਲ ਗੱਲ ਕਰਦਾ ਹੈ। ਗੁਰਦਿਆਲ ਸਿੰਘ ਆਖਦਾ ਹੈ,
‘‘ਜੇ ਜੈਨੂਅਨ ਹੋਇਆ ਤਾਂ ਮੁੜ ਕੇ ਰਾਬਤਾ ਕਾਇਮ ਕਰੇਗਾ।’’
ਉਹ ਸਾਧੂ ਸਿੰਘ ਨੂੰ ਮਿਲਣ ਜੇਲ੍ਹ ਵਿਚ ਜਾਂਦਾ ਹੈ ਕਿ ਸ਼ਾਇਦ ਉਹ ਹੀ ਉਸ ਦੀ ਮੱਦਦ ਕਰ ਸਕੇ। ਪਰ ਸਾਧੂ ਸਿੰਘ ਉਸ ਦਾ ਹੌਸਲਾ ਢਾਹੁੰਦਾ ਹੋਇਆ ਇਹ ਰਾਹ ਤਿਆਗ ਦੇਣ ਲਈ ਕਹਿੰਦਾ ਹੈ। ਉਹ ਆਖਦਾ ਹੈ,
‘‘ਪਾਲਾ ਸਿਆਂ, ਜਿਹੜੀ ਬੇਇੱਜ਼ਤੀ ਹੋਣੀ ਸੀ ਉਹ ਤਾਂ ਹੋ ਚੁੱਕੀ ਐ, ਮੇਰੇ ਵਾਂਗੂੰ ਜੇਲ੍ਹ ਵਿਚ ਸੜੇਂਗਾ।’’
‘‘ਤੈਨੂੰ ਕੀ ਹੋਇਆ ਸਾਧੂ ਸਿਆਂ, ਪਲਿਆਂ ਪਿਐਂ, ਜੇਲ੍ਹ ਤਾਂ ਜਿੱਦਾਂ ਤੈਨੂੰ ਲੱਗ ਗਈ ਹੋਵੇ।’’
‘‘ਕੁਸ਼ ਵੀ ਹੋਵੇ, ਪਾਲਾ ਸਿਆਂ ਜੇਲ੍ਹ ਜੇਲ੍ਹ ਈ ਹੁੰਦੀ ਐ।’’
‘‘ਸਾਧੂ ਸਿਆਂ, ਤੂੰ ਸਠਿਆ ਗਿਐਂ, ਕਿਸੇ ਹੋਰ ਨੂੰ ਇਹ ਗੱਲ ਨਾ ਕਹਿ ਦੇਵੀਂ, ਜਿਹੜੀ ਤੇਰੀ ਭਾਈਚਾਰੇ ਵਿਚ ਇੱਜ਼ਤ ਬਣੀ ਹੋਈ ਐ, ਮਿੱਟੀ ਵਿਚ ਮਿਲ ਜਾਵੇਗੀ।’’
‘‘ਇਹ ਹੀਰੋਇਜ਼ਮ ਜ਼ਿੰਦਗੀ ਦੀ ਸੱਚਾਈ ਨਹੀਂ ਐ, ਸੱਚਾਈ ਇਹ ਐ ਜਿਹੜੀ ਮੈਂ ਭੁਗਤ ਰਿਹਾਂ।’’
‘‘ਨਹੀਂ ਸੱਚਾਈ ਉਹ ਐ ਸਾਧੂ ਸਿਆਂ, ਜਿਹੜੀ ਮੈਂ ਭੁਗਤ ਰਿਹਾਂ ਜਾਂ ਜੇਲ੍ਹ ਆਉਣ ਤੋਂ ਪਹਿਲਾਂ ਤੂੰ ਭੁਗਤ ਰਿਹਾ ਸੀ। ਸੱਚ ਦੱਸ ਇਹ ਕੰਮ ਕਰਕੇ ਕਿੰਨੀ ਕੁ ਤਸੱਲੀ ਮਿਲੀ ਸੀ ?’’
‘‘ਤਸੱਲੀ ਤਾਂ ਬਹੁਤ ਮਿਲੀ ਸੀ।’’
‘‘ਬਸ ਏਸ ਤਸੱਲੀ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਭੱਜਾ ਫਿਰਦਾਂ। ਤੂੰ ਮੇਰੀ ਮੱਦਦ ਕਰ, ਕੋਈ ਬੰਦਾ ਦੱਸ।’’
‘‘ਮੈਂ ਜ਼ਾਤੀ ਤੌਰ ਤੇ ਕਿਸੇ ਨੂੰ ਨਹੀਂ ਜਾਣਦਾ।’’
‘‘ਜੇਲ੍ਹ ਵਿਚ ਐਂ, ਪ੍ਰੋਫੈਸ਼ਨਲ ਵਾਕਫ ਹੋਣਗੇ।’’
‘‘ਹਾਂ, ਪਰ ਯਕੀਨ ਵਾਲੇ ਨਹੀਂ, ਪੈਸੇ ਲੈ ਕੇ ਜੇ ਕੋਈ ਅਰੇ ਪਰ੍ਹੇ ਹੋ ਗਿਆ ਤਾਂ ਮੈਨੂੰ ਗਾਲ੍ਹਾਂ ਕੱਢੇਂਗਾ।’’
ਪਾਲਾ ਸਿੰਘ ਇਕ ਵਾਰ ਫਿਰ ਫੈਸਲਾ ਕਰਦਾ ਹੈ ਕਿ ਉਹ ਆਪ ਹੀ ਇਸ ਕੰਮ ਨੂੰ ਨੇਪਰੇ ਚਾੜ੍ਹੇਗਾ।
ਹੁਣ ਤੱਕ ਪੁਲਿਸ ਨੂੰ ਵੀ ਉਸ ਦੇ ਇਸ ਇਰਾਦੇ ਦੀ ਭਿਣਕ ਪੈ ਚੁੱਕੀ ਹੈ। ਇਕ ਦਿਨ ਇਕ ਪੁਲਿਸਮੈਨ ਤੇ ਇਕ ਪੁਲਿਸਵੋਮੈਨ ਉਸ ਦੇ ਘਰ ਆਉਂਦੇ ਹਨ। ਔਰਤ ਕਹਿੰਦੀ ਹੈ,
‘‘ਸਾਡੇ ਕੋਲ ਕਿਸੇ ਨੇ ਸ਼ਿਕਾਇਤ ਕੀਤੀ ਐ ਕਿ ਤੂੰ ਆਪਣੀ ਧੀ ਦਾ ਕਤਲ ਕਰਨ ਨੂੰ ਫਿਰਦੈਂ, ਕੀ ਸੱਚ ਐ ?’’
‘‘ਨਹੀਂ, ਇਹ ਸੱਚ ਨਹੀਂ, ਪਰ ਤੁਹਾਨੂੰ ਕੌਣ ਕਹਿ ਰਿਹਾ? ਕਿਸ ਨੇ ਸ਼ਿਕਾਇਤ ਕੀਤੀ ਐ ?’’
‘‘ਇਹ ਅਸੀਂ ਨਹੀਂ ਦੱਸ ਸਕਦੇ ਪਰ ਅਸੀਂ ਤੇਰੇ ਤੇ ਨਜ਼ਰ ਰੱਖ ਰਹੇ ਹਾਂ।’’
ਪੁਲਿਸ ਵਾਲੇ ਚਲੇ ਜਾਂਦੇ ਹਨ ਤੇ ਉਹ ਖੜਾ ਸੋਚਦਾ ਰਹਿੰਦਾ ਹੈ ਕਿ ਕਿਸ ਨੇ ਸ਼ਿਕਾਇਤ ਕੀਤੀ ਹੋਈ। ਜੇ ਮਨਿੰਦਰ ਨੇ ਰਿਪੋਰਟ ਕੀਤੀ ਹੁੰਦੀ ਤਾਂ ਪੁਲਿਸ ਨੇ ਵੱਖਰੇ ਢੰਗ ਨਾਲ ਪੇਸ਼ ਆਉਣਾ ਸੀ। ਉਸ ਦੇ ਇਸ ਇਰਾਦੇ ਬਾਰੇ ਸਿਰਫ ਗੁਰਦਿਆਲ ਸਿੰਘ ਨੂੰ ਹੀ ਪਤਾ ਹੈ। ਉਹ ਤਾਂ ਉਸ ਦਾ ਅਸਲੀ ਰਾਜ਼ਦਾਰ ਹੈ। ਉਹ ਇਹ ਕੰਮ ਨਹੀਂ ਕਰ ਸਕਦਾ। ਫਿਰ ਉਸ ਨੂੰ ਜਗਮੋਹਣ ਦਾ ਖਿਆਲ ਆਉਂਦਾ ਹੈ ਜਿਸ ਨੂੰ ਉਸ ਨੇ ਮਨਿੰਦਰ ਦਾ ਪਤਾ ਲੱਭਣ ਲਈ ਕਿਹਾ ਸੀ। ਉਸ ਦੀ ਸ਼ੱਕ ਦੀ ਸੂਈ ਜਗਮੋਹਣ ਤੇ ਆ ਟਿਕਦੀ ਹੈ। ਉਹ ਸੋਚਦਾ ਹੈ ਕਿ ਸ਼ਰਾਬੀ ਹੋਏ ਨੇ ਸ਼ਾਇਦ ਕੋਈ ਗੱਲ ਕਰ ਦਿੱਤੀ ਹੋਵੇ ਜਾਂ ਉਸ ਨੇ ਆਪ ਹੀ ਕੋਈ ਅੰਦਾਜ਼ਾ ਲਾ ਲਿਆ ਹੋਵੇ। ਉਸ ਨੂੰ ਜੱਗੇ ਤੇ ਅਜਿਹਾ ਕੋਈ ਯਕੀਨ ਨਹੀਂ ਸੀ ਕਰਨਾ ਚਾਹੀਦਾ ਉਹ ਤਾਂ ਸਾਧੂ ਸਿੰਘ ਦੇ ਬਹੁਤ ਖਿਲਾਫ ਬੋਲਦਾ ਰਿਹ ਹੈ। ਆਪਣੇ ਆਪ ਨਾਲ ਵਾਅਦਾ ਕਰਦਾ ਹੈ ਕਿ ਮੁੜ ਕੇ ਬਹੁਤ ਹਿਸਾਬ ਦੀ ਸ਼ਰਾਬ ਪੀਵੇਗਾ।

ਚੌਂਹਟ

ਮੀਕੇ ਦਾ ਮਾਰਿਆ ਮਿਹਣਾ ਪਰਦੁੱਮਣ ਨੂੰ ਛਣਨੀ ਛਣਨੀ ਕਰ ਜਾਂਦਾ ਹੈ। ਉਸ ਦਾ ਅੰਦਰ ਮਹਿਸੂਸ ਕਰ ਰਿਹਾ ਹੈ ਕਿ ਮੀਕੇ ਦੇ ਮਿਹਣੇ ਵਿਚ ਦਮ ਹੈ ਪਰ ਉਹ ਖੁਦ ਨੂੰ ਸਮਝਾਉਂਦਾ ਹੈ ਕਿ ਮੀਕਾ ਆਪਣੀ ਕਿੜ ਕੱਢ ਰਿਹਾ ਹੈ ਇਸ ਲਈ ਬਕਵਾਸ ਕਰ ਰਿਹਾ ਹੈ। ਪਵਨ ਉਪਰ ਉਸ ਨੂੰ ਪੂਰਾ ਭਰੋਸਾ ਹੈ। ਉਸ ਦਾ ਸੁਭਾਅ ਚੁੱਪ ਜਿਹਾ ਹੈ। ਉਸ ਨੂੰ ਸਤਿੰਦਰ ਬਾਰੇ ਫਿਕਰ ਹੁੰਦਾ ਸੀ ਕਿਉਂਕਿ ਉਹ ਬੜਬੋਲੀ ਹੈ ਪਰ ਪਵਨ ਦੀ ਇਹ ਹਵਾ ਉਸ ਤੋਂ ਬਰਦਾਸ਼ਤ ਨਹੀਂ ਹੋ ਰਹੀ। ਜੇ ਮੀਕੇ ਦੀ ਗੱਲ ਸੱਚ ਹੈ ਤਾਂ ਉਹ ਤਾਂ ਲੁਟਿਆ ਜਾਵੇਗਾ। ਉਹ ਸਾਧੂ ਸਿੰਘ ਦੇ ਰਾਹ ਦਾ ਹਾਮੀ ਹੈ। ਉਹ ਚੰਗੀ ਤਰ੍ਹਾਂ ਮਹਿਸੂਸ ਕਰ ਸਕਦਾ ਹੈ ਕਿ ਇਸ ਵੇਲੇ ਪਾਲਾ ਸਿੰਘ ਕਿਸ ਤਕਲੀਫ ਵਿਚ ਦੀ ਲੰਘ ਰਿਹਾ ਹੋਵੇਗਾ। ਉਹ ਉਸ ਦੇ ਦੁੱਖ ਵਿਚ ਸ਼ਰੀਕ ਹੋਣਾ ਚਾਹੁੰਦਾ ਹੈ ਪਰ ਪਾਲਾ ਸਿੰਘ ਤਾਂ ਜਿਵੇਂ ਕਿਧਰੇ ਛੂੰਪਨ ਹੀ ਹੋ ਗਿਆ ਹੋਵੇ। ਬਹਰਹਾਲ ਉਹ ਆਪਣੀ ਸਮੱਸਿਆ ਬਾਰੇ ਸੋਚਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਗਿਆਨ ਕੌਰ ਰਾਹੀਂ ਸੱਚ ਦਾ ਪਤਾ ਕਰੇ ਕਿਉਂਕਿ ਉਹ ਪਵਨ ਦਾ ਸਾਹਮਣਾ ਨਹੀਂ ਕਰ ਸਕੇਗਾ। ਸਭ ਕੁਝ ਸੋਚਦੇ ਹੋਏ ਉਸ ਵਿਚ ਇੰਨਾ ਧੀਰਜ ਨਹੀਂ ਹੈ ਕਿ ਕਿਸੇ ਨਾਲ ਬੈਠ ਕੇ ਗੱਲ ਕਰ ਸਕੇ। ਉਹ ਆਪਣੇ ਤੇ ਕਾਬੂ ਪਾਉਂਦਾ ਹੋਇਆ ਗਿਆਨ ਕੌਰ ਨਾਲ ਗੱਲ ਕਰਦਾ ਆਖਦਾ ਹੈ,

''ਇਕ ਤਾਂ ਉਸ ਨੂੰ ਇਹ ਦਸਦੇ ਕਿ ਓਹਦਾ ਪਿਓ ਇੰਨਾ ਸ਼ਰੀਫ ਨਹੀਂ ਜਿੰਨਾ ਦਿਸਦੈ, ਮੇਰੇ ਕੋਲ ਜਿੰਨੇ ਵੀ ਪੈਸੇ ਆ ਗਏ ਹੋਣ ਪਰ ਸਾਧੂ ਸਿੰਘ ਵਾਲਾ ਰਾਹ ਹਾਲੇ ਵੀ ਮੈਨੂੰ ਸਹੀ ਦਿਸਦੈ।''

ਸਵੇਰ ਸਾਰ ਪਰਦੁੱਮਣ ਸਿੰਘ ਦੇ ਕੰਮ ਤੇ ਜਾਣ ਵੇਲੇ ਪਵਨ ਉਸ ਦੇ ਸਾਹਮਣੇ ਆ ਖੜਦੀ ਹੈ ਤੇ ਰੋਂਦੀ ਹੋਈ ਕਹਿਣ ਲਗਦੀ ਹੈ,

''ਆਏ'ਮ ਸੌਰੀ ਡੈਡ, ਆਏ ਵਿਲ ਡੂ ਵੱਟਐਵਰ ਯੂ ਸੇ, ਆਏ'ਮ ਸੌਰੀ, ਜੋ ਵੀ ਤੁਸੀਂ ਕਹੋਂਗੇ ਡੈਡ ਮੈਂ ਕਰਾਂਗੀ, ਪਲੀਜ਼ ਫਾਰਗੇਵ ਮੀ।''

ਉਹ ਉਸ ਦੇ ਸਿਰ 'ਤੇ ਹੱਥ ਫੇਰਦਾ ਤੇ ਫਿਰ ਮੋਢ੍ਹਾ ਥਪਥਪਾਉਂਦਾ ਆਖਦਾ ਹੈ,

''ਬੀ ਕਿਅਰਫੁੱਲ ਇਨ ਫਿਊਚਰ।''

ਉਹ ਖੁਸ਼ ਹੈ ਕਿ ਵੱਡੀ ਸਮੱਸਿਆ ਆਸਾਨੀ ਨਾਲ ਹੱਲ ਹੋ ਗਈ ਹੈ। ਉਹ ਪਵਨ ਦੀ ਰਾਖੀ ਜਿਹੀ ਕਰਨ ਲਗਦਾ ਹੈ ਪਰ ਉਸ ਨੂੰ ਸਭ ਠੀਕ ਜਾਪਦਾ ਹੈ। ਹੌਲੀ ਹੌਲੀ ਉਹ ਪਹਿਲਾਂ ਵਾਂਗ ਪਵਨ ਵਲੋਂ ਬੇਫਿਕਰ ਹੋਣ ਲਗਦਾ ਹੈ। ਹੁਣ ਉਸ ਨੂੰ ਰਾਜਵਿੰਦਰ ਦਾ ਵੱਡਾ ਫਿਕਰ ਹੈ। ਉਹ ਬਲਰਾਮ ਦੇ ਵਿਆਹ ਵੇਲੇ ਕੁਝ ਦਿਨਾਂ ਲਈ ਘਰ ਆਉਂਦਾ ਹੈ ਤੇ ਫਿਰ ਚਲੇ ਜਾਂਦਾ ਹੈ। ਵੈਸੇ ਉਹ ਘਰ ਆਉਂਦਾ ਜਾਂਦਾ ਰਹਿੰਦਾ ਹੈ। ਗਿਆਨ ਕੌਰ ਉਸ ਨੂੰ ਪਤੀ ਤੋਂ ਚੋਰੀ ਕੁਝ ਨਾ ਕੁਝ ਦਿੰਦੀ ਰਹਿੰਦੀ ਹੈ। ਪਿਛਲੇ ਹਫਤੇ ਹੀ ਮੁਬਾਈਲ ਫੋਨ ਲੈਣ ਲਈ ਪੈਸੇ ਲੈ ਕੇ ਗਿਆ ਹੈ।

ਪਰਦੁੱਮਣ ਸਿੰਘ ਰਾਜਵਿੰਦਰ ਬਾਰੇ ਆਪਣਾ ਫਿਕਰ ਦੋਸਤਾਂ ਨਾਲ ਵੀ ਸਾਂਝਾ ਕਰਦਾ ਰਹਿੰਦਾ ਹੈ। ਇਕ ਦਿਨ ਜਗਮੋਹਣ ਉਸ ਨੂੰ ਆਖਦਾ ਹੈ,

''ਅੰਕਲ ਜੀ, ਰਾਜਵਿੰਦਰ ਨਾਲ ਦੋਸਤੀ ਪਾ ਲਓ, ਹੋ ਸਕਦੈ ਉਸ ਦੀ ਵਿਗੜੀ ਆਦਤ ਵਿਚ ਸੁਧਾਰ ਆ ਜਾਵੇ।''

''ਇਕ ਗੇਅ ਨਾਲ਼ ਕਾਹਦੀ ਦੋਸਤੀ!''

''ਤੁਸੀਂ ਆਪੇ ਤਾਂ ਕਹਿੰਦੇ ਓ ਕਿ ਕੁਦਰਤ ਵਲੋਂ ਉਹ ਠੀਕ ਐ ਸਿਰਫ ਆਦਤ ਈ ਵਿਗੜੀ ਐ, ਕੋਸ਼ਿਸ਼ ਕਰਕੇ ਉਸ ਦੀ ਔਰਤ ਵਿਚ ਦਿਲਚਸਪੀ ਪੈਦਾ ਕਰੋ, ਨਾਲ਼ੇ ਇਹ ਤਾਂ ਤੁਹਾਡੀ ਮਨ ਭਾਉਂਦੀ ਜੌਬ ਐ।''

ਕਹਿ ਕੇ ਜਗਮੋਹਣ ਹੱਸਣ ਲਗਦਾ ਹੈ। ਪਰਦੁੱਮਣ ਸਿੰਘ ਵੀ ਹੱਸਦਾ ਹੈ ਪਰ ਉਹ ਕਿਧਰੇ ਦੂਰ ਪਹੁੰਚਿਆ ਹੋਇਆ ਹੈ। ਉਹ ਸੋਚ ਰਿਹਾ ਹੈ ਕਿ ਇਹ ਗੱਲ ਉਸ ਦੇ ਮਨ ਵਿਚ ਪਹਿਲਾਂ ਕਿਉਂ ਨਹੀਂ ਆਈ। ਮੁੰਡੇ ਨੂੰ ਗਲਤ ਰਾਹ ਪੈਂਦਿਆਂ ਦੇਖ ਕੇ ਉਸ ਨਾਲ ਦੋਸਤੀ ਪਾ ਲੈਣੀ ਚਾਹੀਦੀ ਸੀ। ਜੇਕਰ ਉਸ ਨਾਲ ਦੋਸਤਾਂ ਵਾਂਗ ਵਰਤਦਾ ਤਾਂ ਸ਼ਾਇਦ ਫੈਕਟਰੀ ਵਿਚ ਕੰਮ ਵੀ ਕਰਦਾ ਰਹਿੰਦਾ।

ਸ਼ਾਮ ਨੂੰ ਰਾਜਵਿੰਦਰ ਘਰ ਆਉਂਦਾ ਹੈ। ਪਰਦੁੱਮਣ ਸਿੰਘ ਟੈਲੀ ਮੂਹਰੇ ਬੈਠਾ ਬੀਅਰ ਪੀ ਰਿਹਾ ਹੈ। ਗਿਆਨ ਕੌਰ ਉਸ ਨੂੰ ਕਹਿੰਦੀ ਹੈ,

''ਰਾਜ, ਤੂੰ ਹੁਣ ਘਰ ਰਿਹਾ ਕਰ।''

''ਤੈਨੂੰ ਦਸਿਆ ਸੀ ਡੈਡ ਮਾਰਦਾ।''

''ਡੈਡ ਨਹੀਂ ਮਾਰਦਾ, ਆ, ਤੇਰੇ ਡੈਡੀ ਨੂੰ ਪੁੱਛ ਲੈਨੇ ਆਂ।''

ਆਖਦੀ ਹੋਈ ਉਹ ਪਰਦੁੱਮਣ ਸਿੰਘ ਨੂੰ ਸੰਬੋਧਨ ਹੁੰਦੀ ਹੈ,

''ਕਿਉਂ ਜੀ, ਤੁਸੀਂ ਰਾਜ ਨੂੰ ਮਾਰਨਾਂ?''

''ਮੈਂ ਕਦੋਂ ਮਾਰਦਾਂ ਏਸ ਕੰਜਰ ਨੂੰ।''

''ਲੁਕ ਮੌਮ ਲੁਕ, ਸਵੇਅਰ ਵਰਡ ਕਹਿੰਦਾ, ਸੇਮ ਟੂ ਯੂ ਓਲਡ ਮੈਨ!''

ਰਾਜਵਿੰਦਰ ਉਸ ਵਲ ਨੂੰ ਹੱਥ ਕਢਦਾ ਕਹਿ ਰਿਹਾ ਹੈ। ਪਰਦੁੱਮਣ ਸਿੰਘ ਹੱਸਣ ਲਗਦਾ ਹੈ ਤੇ ਆਖਦਾ ਹੈ,

''ਤੂੰ ਇੰਨੀ ਦੇਰ ਇੰਡੀਆ ਰਿਹਾਂ ਤੈਨੂੰ ਪੰਜਾਬੀ ਦੀਆਂ ਗਾਲ਼ਾਂ ਦਾ ਵੀ ਨਹੀਂ ਪਤਾ!''

''ਮੈਨੂੰ ਪਤਾ ਇਹ ਐਫ ਵਰਡ ਆ।''

''ਨਹੀਂ, ਇਹ ਐਫ ਵਰਡ ਨਹੀਂ, ਤੂੰ ਆ ਇਥੇ ਮੇਰੇ ਕੋਲ਼ ਆ ਕੇ ਬੈਠ।''

''ਨਹੀਂ, ਤੂੰ ਮੇਰੇ ਮਾਰਨਾ।''

''ਓ ਨਹੀਂ ਮਾਰਦਾ।''

''ਜੇ ਮਾਰਿਆ ਤਾਂ ਮੈਂ ਵੀ ਮਾਰੂੰ।''

''ਓ ਕੇ, ਆ ਬੈਠ ਤਾਂ ਸਹੀ।''

ਰਾਜਵਿੰਦਰ ਸੈਟੀ ਤੇ ਬੈਠ ਜਾਂਦਾ ਹੈ। ਪਰਦੁੱਮਣ ਸਿੰਘ ਫਿਰ ਆਖਦਾ ਹੈ,

''ਪਹਿਲਾਂ ਤਾਂ ਤੂੰ ਜਾ ਕੇ ਸ਼ਾਵਰ ਲੈ ਤੇ ਕਪੜੇ ਬਦਲ ਤੇ ਫਿਰ ਆ ਜਾ ਗੱਲਾਂ ਕਰਦੇ ਆਂ।''

ਰਾਜਵਿੰਦਰ ਹੈਰਾਨ ਹੋ ਰਿਹਾ ਹੈ ਕਿ ਪਿਓ ਇੰਨਾ ਕਿਉਂ ਬਦਲ ਗਿਆ ਹੈ। ਪਿਛਲੀ ਵਾਰ ਉਸ ਦੇ ਘਰ ਆਉਣ 'ਤੇ ਗਿਆਨ ਕੌਰ ਉਸ ਨੂੰ ਗੁਰਦਵਾਰੇ ਲੈਜਾਨ ਲਈ ਜ਼ੋਰ ਪਾਉਂਦੀ ਰਹੀ ਹੈ। ਗਿਆਨ ਕੌਰ ਨੂੰ ਹੈ ਕਿ ਜੇ ਉਹ ਧਰਮ ਵਾਲੇ ਪਾਸੇ ਲਗ ਜਾਵੇ ਤਾਂ ਸ਼ਾਇਦ ਠੀਕ ਹੋ ਜਾਵੇ। ਉਹ ਆਖਦਾ ਹੈ,

''ਤੂੰ ਮੈਨੂੰ ਪੱਗ ਪਾਉਣ ਲਈ ਕਹਿਣਾਂ?''

ਪਰਦੁੱਮਣ ਸਿੰਘ ਹੱਸਦਾ ਹੋਇਆ ਬੋਲਦਾ ਹੈ,

''ਤੈਨੂੰ ਮੈਂ ਕੁਸ਼ ਵੀ ਕਰਨ ਲਈ ਨਹੀਂ ਕਹਿੰਦਾ ਬਸ ਤੂੰ ਨਹਾ ਕੇ ਕਪੜੇ ਬਦਲ ਕੇ ਆ।''

ਰਾਜਵਿੰਦਰ ਨਹਾਉਣ ਚਲੇ ਜਾਂਦਾ ਹੈ। ਪਰਦੁੱਮਣ ਸਿੰਘ ਸੋਚ ਰਿਹਾ ਹੈ ਕਿ ਕਿਸੇ ਨਾਲ ਪਿਆਰ ਨਾਲ ਪੇਸ਼ ਆਉਣ ਵਿਚ ਕਿੰਨਾ ਮਜ਼ਾ ਹੈ ਫਿਰ ਰਾਜਵਿੰਦਰ ਤਾਂ ਉਸ ਦਾ ਆਪਣਾ ਖ਼ੂਨ ਹੈ। ਰਾਜਵਿੰਦਰ ਨਹਾ ਕੇ ਉਸ ਕੋਲ ਆ ਬੈਠਦਾ ਹੈ। ਪਰਦੁੱਮਣ ਸਿੰਘ ਉਸ ਵਲ ਇਸ ਤਰ੍ਹਾਂ ਦੇਖ ਰਿਹਾ ਹੈ ਜਿਵੇਂ ਪਹਿਲੀ ਵਾਰ ਦੇਖ ਰਿਹਾ ਹੋਵੇ। ਉਹ ਪੁੱਛਦਾ ਹੈ,

''ਬੀਅਰ ਪੀਣੀ ਐ ਕਿ ਕੋਈ ਹਾਰਡ ਸਟੱਫ।''

''ਨਹੀਂ, ਆਏ ਵਾਂਟ ਨੱਥਿੰਗ।''

''ਆਹੋ ਤੂੰ ਮਾਰਵਾਨ ਪੀਣੀ ਹੋਣੀਂ ਆਂ।''

ਸੁਣ ਕੇ ਰਾਜਵਿੰਦਰ ਮੁਸਕਰਾਉਂਦਾ ਹੈ ਤੇ ਬੋਲਦਾ ਹੈ,

''ਆਏ ਡੌਂਟ ਟੇਕ ਮੱਚ, ਵੈਰੀ ਰੇਅਰ।''

''ਜਾਹ, ਫਰਿਜ 'ਚੋਂ ਬੀਅਰ ਕੱਢ ਲਿਆ, ਇਕ ਮੈਨੂੰ ਵੀ ਲਿਆ ਦੇ।''

ਦੋਵੇਂ ਪਿਓ ਪੁਤਰ ਬੀਅਰ ਪੀਣ ਲਗਦੇ ਹਨ ਤੇ ਨਿਕੀਆਂ ਨਿਕੀਆਂ ਗੱਲਾਂ ਕਰ ਰਹੇ ਹਨ। ਫਿਰ ਬਲਰਾਮ ਵੀ ਉਹਨਾਂ ਵਿਚ ਆ ਬੈਠਦਾ ਹੈ ਤੇ ਪਵਨ ਵੀ ਆ ਜਾਂਦੀ ਹੈ। ਇਹ ਦੇਖ ਕੇ ਗਿਆਨ ਕੌਰ ਨੂੰ ਬਹੁਤ ਖੁਸ਼ੀ ਹੁੰਦੀ ਹੈ। ਉਹ ਰਾਜਵਿੰਦਰ ਨੂੰ ਪੁੱਛਦੀ ਹੈ,

''ਤੂੰ ਰੋਟੀ ਖਾਏਂਗਾ ਕਿ ਗੋਰਿਆਂ ਵਾਲਾ ਨਿਕ ਸੁੱਕ?''

''ਸੈਂਡਵਿਚ ਲਾ ਦੇ।''

ਰਾਜਵਿੰਦਰ ਨੂੰ ਵੀ ਇੰਨੇ ਦਿਨਾਂ ਬਾਅਦ ਪਰਿਵਾਰ ਵਿਚ ਬੈਠਣਾ ਚੰਗਾ ਚੰਗਾ ਲਗਦਾ ਹੈ। ਉਹ ਜੇਬ੍ਹ ਵਿਚੋਂ ਮੁਬਾਈਲ ਕੱਢਦਾ ਉਠ ਖੜਦਾ ਹੈ ਤੇ ਦੂਜੇ ਕਮਰੇ ਵਿਚ ਜਾ ਕੇ ਕਿਸੇ ਨੂੰ ਫੋਨ ਕਰਕੇ ਦਸਦਾ ਹੈ ਕਿ ਉਹ ਅਜ ਨਹੀਂ ਆ ਰਿਹਾ। ਪਰਦੁੱਮਣ ਸਿੰਘ ਉਸ ਨੂੰ ਕਹਿੰਦਾ ਹੈ,

''ਤੂੰ ਹੁਣ ਘਰ ਰਿਹਾ ਕਰ, ਮੈਂ ਤੈਨੂੰ ਲੇਟਿਸਟ ਮੁਬਾਈਲ ਲੈ ਦਊਂ ਤੇ ਕਾਰ ਵੀ ਲੈ ਲਈਂ।''

''ਮੈਂ ਤੇਰੇ ਵਾਲੀ ਮਰਸਡੀਜ਼ ਮੰਗਦਾਂ।''

''ਤੂੰ ਮਰਸਡੀਜ਼ ਵੀ ਚਲਾ ਲਈਂ, ਤੈਨੂੰ ਜੁਦੀ ਕਾਰ ਲੈ ਦੇਵਾਂਗੇ।''

''ਮੈਂ ਤੇਰੀ ਫੈਕਟਰੀ ਜਾਣਾਂ ਨਹੀਂ।''

''ਨਾ ਜਾਈਂ, ਹੁਣ ਮੈਂ ਵੀ ਨਹੀਂ ਜਾਂਦਾ, ਹੁਣ ਬਲਰਾਮ ਜਾਂਦਾ। ਜੇ ਤਨਖਾਹ ਚਾਹੀਦੀ ਐ ਤਾਂ ਜਾਇਆ ਕਰ।''

ਰਾਜਵਿੰਦਰ ਕੁਝ ਨਹੀਂ ਬੋਲਦਾ। ਅਗਲੇ ਦਿਨ ਉਹ ਸਵੇਰੇ ਉਠ ਕੇ ਚਲੇ ਜਾਂਦਾ ਹੈ ਤੇ ਦਿਨ ਭਰ ਨਹੀਂ ਮੁੜਦਾ। ਤ੍ਰਕਾਲਾਂ ਨੂੰ ਪਰਤਦਾ ਹੈ। ਪਰਦੁੱਮਣ ਸਿੰਘ ਪੁੱਛਦਾ ਹੈ,

''ਕਿਥੇ ਰਿਹੈਂ ਦਿਨ ਭਰ? ਤੂੰ ਤੇ ਘਰ ਰਹਿਣ ਦਾ ਵਾਅਦਾ ਕੀਤਾ ਸੀ।''

''ਮੈਂ ਕੋਈ ਪਰੌਮਿਜ਼ ਨਹੀਂ ਕਰਦਾ। ਮੇਰੇ ਫਰਿੰਡ ਵੀ ਹੈਗੇ, ਮੈਂ ਉਹਨਾਂ ਨੂੰ ਮਿਲਣਾ ਵੀ ਮੰਗਦਾਂ।''

''ਠੀਕ ਐ ਪਰ ਫਰਿੰਡਾਂ ਨੂੰ ਸਾਰਾ ਦਿਨ ਨਹੀਂ ਮਿਲੀਦਾ।''

''ਉਹ ਗੁੱਡ ਫਰਿੰਡ ਹੁੰਦੇ ਆ।''

ਸਵੇਰ ਨੂੰ ਪਰਦੁੱਮਣ ਸਿੰਘ ਉਸ ਨੂੰ ਜਗਾਉਂਦਾ ਹੈ ਤੇ ਆਪਣੇ ਨਾਲ ਚਲਣ ਲਈ ਆਖਦਾ ਹੈ। ਉਸ ਨੇ ਅਕਾਊਂਟੈਂਟ ਦੇ ਜਾਣਾ ਹੈ। ਉਹ ਰਾਜਵਿੰਦਰ ਨੂੰ ਕਾਰ ਦੀ ਚਾਬੀ ਫੜਾਉਂਦਾ ਆਖਦਾ ਹੈ,

''ਜਿਹੜਾ ਵੀ ਮਿਊਜ਼ਕ ਤੂੰ ਸੁਣਨਾ ਨਾਲ ਲੈ ਲੈ।''

ਰਾਜਵਿੰਦਰ ਆਪਣੇ ਕਮਰੇ ਵਿਚੋਂ ਕੁਝ ਕੈਸਟਾਂ ਲੈ ਆਉਂਦਾ ਹੈ। ਬੜੀ ਸ਼ਾਨ ਨਾਲ ਕਾਰ ਸਟਾਰਟ ਕਰਦਾ ਹੈ। ਟੇਪ ਦੀ ਪੂਰੀ ਅਵਾਜ਼ ਛੱਡ ਕੇ ਕਾਰ ਦੀ ਖਿੜਕੀ ਖੋਹਲ ਲੈਂਦਾ ਹੈ। ਪਰਦੁੱਮਣ ਸਿੰਘ ਨੂੰ ਚੰਗਾ ਨਹੀਂ ਲਗਦਾ ਪਰ ਉਹ ਚੁੱਪ ਰਹਿੰਦਾ ਹੈ ਬਲਕਿ ਉਹ ਖੁਸ਼ ਹੈ, ਉਸ ਨੇ ਰਾਜਵਿੰਦਰ ਨੂੰ ਪਹਿਲਾਂ ਕਦੇ ਅਜਿਹੇ ਰੌਂਅ ਵਿਚ ਨਹੀਂ ਦੇਖਿਆ। ਉਹ ਦੁਪਿਹਰ ਦੀ ਰੋਟੀ ਇਕੱਠੇ ਖਾਂਦੇ ਹਨ ਪਰ ਫਿਰ ਰਾਜਵਿੰਦਰ ਕਿਧਰੇ ਟਿਭ੍ਹ ਜਾਂਦਾ ਹੈ। ਅਗਲੇ ਦਿਨ ਪਰਦੁੱਮਣ ਸਿੰਘ ਉਸ ਨੂੰ ਕਹਿੰਦਾ ਹੈ,

''ਕੀ ਲੈਣ ਭਜ ਜਾਨੈਂ ਰੋਜ਼ ਈ।''

''ਨੱਥਿੰਗ, ਜਸਟ ਟੂ ਸੀ ਮਾਈ ਫਰਿੰਡਜ਼।''

''ਕਿਹੜਾ ਡਰੱਗ ਲੈਨਾਂ?''

''ਨੋ ਵਨ।''

''ਟੈਲ ਮੀ ਦ ਟਰੁੱਥ, ਮੈਨੂੰ ਮਾਂਈਂਡ ਨਹੀਂ, ਬੱਟ ਬੀ ਕਿਅਰਫੁੱਲ, ਪੁਲੀਸ ਤੋਂ ਬਚ ਕੇ।''

''ਡੈਡ, ਤੂੰ ਟਰਾਈ ਕਰਨਾ ਮੰਗਦਾਂ?''

''ਨਹੀਂ, ਤੂੰ ਵੀ ਘੱਟ ਕਰ ਤੇ ਆਪਣੀ ਲਾਈਫ ਨੂੰ ਬਿਊਟੀਫੁੱਲ ਬਣਾ।''

''ਡੈਡ, ਤੂੰ ਟਰਾਈ ਕਰ ਤੇ ਫੀਲ ਕਰ ਏਹਦੇ ਨਾਲ ਲਾਈਫ ਕਿੰਨੀ ਸਵੀਟ ਲਗਦੀ ਆ।''

''ਮੈਨੂੰ ਪਤੈ ਜਿਹੜੀ ਸਵੀਟ ਲਗਦੀ ਆ, ਜੇ ਤੂੰ ਕਾਰ ਲੈਣੀ ਆਂ ਤਾਂ ਇਹਨੂੰ ਘੱਟ ਕਰ।''

''ਆਏ ਵਿਲ ਟਰਾਈ।''

ਹੁਣ ਉਹ ਫੈਕਟਰੀ ਦੇ ਕੰਮਾਂ ਵਿਚ ਕੁਝ ਕੁ ਹੱਥ ਵਟਾਉਣ ਲਗਿਆ ਹੈ। ਫੈਕਟਰੀ ਦੇ ਅੰਦਰ ਬਹੁਤ ਘੱਟ ਜਾਂਦਾ ਹੈ ਪਰ ਪਰਦੁੱਮਣ ਸਿੰਘ ਨਾਲ ਰਲ਼ ਕੇ ਕੈਸ਼ ਐਂਡ ਕੈਰੀ ਵਿਚੋਂ ਜਾਂ ਹੋਰਨਾਂ ਥਾਵਾਂ ਤੋਂ ਸਮਾਨ ਲਿਆ ਦਿੰਦਾ ਹੈ। ਦੋ ਕੁ ਵਾਰ ਜਦੋਂ ਕੋਈ ਡਰਾਈਵਰ ਛੁੱਟੀ ਤੇ ਹੁੰਦਾ ਹੈ ਤਾਂ ਪਰਦੁੱਮਣ ਸਿੰਘ ਨਾਲ ਸਮਾਨ ਡਲਿਵਰ ਕਰਨ ਵੀ ਚਲੇ ਜਾਂਦਾ ਹੈ।

ਗਿਆਨ ਕੌਰ ਆਖਣ ਲਗਦੀ ਹੈ,

"ਮੁੰਡਾ ਤਾਂ ਹੁਣ ਲਾਈਨ ਤੇ ਆ ਗਿਆ, ਜੇ ਮੰਨਦਾ ਹੋਵੇ ਤਾਂ ਕਿਉਂ ਨਾ ਇਹਦਾ ਵਿਆਹ ਕਰ ਦੇਈਏ।"

"ਹਾਲੇ ਨਹੀਂ, ਹਾਲੇ ਪੂਰੀ ਤਰ੍ਹਾਂ ਲਾਈਨ ਤੇ ਨਹੀਂ ਆਇਆ। ਵਿਆਹ ਤਾਂ ਓਹਦਾ ਕਰਾਂਗੇ, ਇਹ ਮੰਨੇ ਜਾਂ ਨਾ। ਗਰੀਬ ਜਿਹੇ ਘਰ ਦੀ ਕੁੜੀ ਇੰਡੀਆ ਤੋਂ ਲੈ ਆਵਾਂਗੇ, ਸ਼ਾਇਦ ਇਹਦੇ ਅੰਦਰ ਖਾਹਸ਼ ਜਾਗ ਪਵੇ।"

ਉਸ ਦੇ ਅੰਦਰ ਹਰ ਰੋਜ਼ ਸਕੀਮਾਂ ਬਣਦੀਆਂ ਰਹਿੰਦੀਆਂ ਹਨ ਕਿ ਸ਼ਾਇਦ ਵਿਆਹ ਤੋਂ ਬਾਅਦ ਕੁੜੀ ਦੇ ਆਈ ਤੇ ਠੀਕ ਹੋ ਜਾਵੇ ਨਹੀਂ ਤਾਂ ਕੁੜੀ ਘਰ ਦਾ ਕੰਮ ਕਰੇਗੀ, ਫੈਕਟਰੀ ਵਿਚ ਵੀ ਸਹਾਈ ਹੋਵੇਗੀ। ਕੁੜੀ ਸਾਦੇ ਜਿਹੇ ਜਿਹੇ ਘਰ ਦੀ ਹੋਵੇ ਤਾਂ ਜੋ ਕੁੜੀ ਵਾਲੇ ਬਹੁਤਾ ਇਤਰਾਜ਼ ਵੀ ਨਾ ਕਰ ਸਕਣ।

ਉਹ ਰਾਜਵਿੰਦਰ ਨਾਲ ਬਰਾਡਵੇਅ ਤੋਂ ਲੰਘ ਰਿਹਾ ਹੈ। ਫੁੱਟਪਾਥ ਤੇ ਤੁਰੀ ਜਾਂਦੀ ਇਕ ਕੁੜੀ ਵਲ ਇਸ਼ਾਰਾ ਕਰਦਾ ਪਰਦੁੱਮਣ ਸਿੰਘ ਆਖਦਾ ਹੈ,

"ਇਹ ਤਾਂ ਬਈ ਬਹੁਤ ਸੁਹਣੀ ਕੁੜੀ ਐ।"

"ਡੈਡ, ਯੂ ਔਲ ਰਾਈਟ?"

"ਕਿਉਂ ਬਈ, ਇਹਦੇ ਵਿਚ ਨਾ ਔਲ ਰਾਈਟ ਹੋਣ ਵਾਲੀ ਕਿਹੜੀ ਗੱਲ ਐ!"

"ਯੂ ਆਰ ਓਲਡ ਮੈਨ, ਇਹ ਨੌਟੀ ਗੱਲਾਂ ਡੈਡ।"

"ਦੇਖ ਮੈਂ ਓਲਡ ਜਾਂ ਯੰਗ ਮੈਨ, ਹਾਂ ਤਾਂ ਮਰਦ, ਕੁੜੀ ਦੇਖ ਕੇ ਦਿਲ ਵਿਚ ਟਿਕ ਟਿਕ ਤਾਂ ਹੋਣੀ ਹੀ ਹੋਈ।"

ਇਵੇਂ ਉਹ ਕਿਤੇ ਵੀ ਇਕੱਠੇ ਜਾ ਰਹੇ ਹੋਣ ਤਾਂ ਸੜਕ ਤੇ ਜਾਂਦੀ ਕੁੜੀ ਵਲ ਇਸ਼ਾਰਾ ਕਰਕੇ ਉਹ ਰਾਜਵਿੰਦਰ ਤੋਂ ਉਸ ਦੀ ਰਾਏ ਪੁੱਛਣ ਲਗਦਾ ਹੈ। ਪਹਿਲਾਂ ਉਹ ਕੁਝ ਸੰਗਦਾ ਹੈ। ਫਿਰ ਉਸ ਦੀ ਸੰਗ ਉਤਰਦੀ ਜਾਂਦੀ ਹੈ ਪਰ ਕਿਸੇ ਕੁੜੀ ਬਾਰੇ ਆਪਣੀ ਰਾਏ ਉਹ ਕਦੇ ਨਹੀਂ ਦਿੰਦਾ। ਇਕ ਦਿਨ ਪਰਦੁੱਮਣ ਸਿੰਘ ਉਸ ਨੂੰ ਪੁੱਛਦਾ ਹੈ,

"ਅਜ ਸਟਰਿਪਟੀਜ਼ ਦੇਖਣ ਚਲੀਏ?"

"ਡੈਡ, ਯੂ ਗੋ'ਨਾ ਮੈਡ!"

"ਇਹਦੇ ਵਿਚ ਮੈਡ ਹੋਣ ਵਾਲੀ ਕਿਹੜੀ ਗੱਲ ਐ।"

"ਯੂ ਓਲਡ ਮੈਨ ਵਾਚਿੰਗ ਨੇਕਡ ਵਿਮਨ!"

ਕਹਿੰਦਾ ਉਹ ਹੱਸਦਾ ਹੈ ਪਰ ਪਰਦੁੱਮਣ ਸਿੰਘ ਦੇ ਨਾਲ ਵੀ ਤੁਰ ਪੈਂਦਾ ਹੈ।

ਪੈਂਹਟ

ਗਰੇਵਾਲ ਨੂੰ ਸਟਰੋਕ ਹੋ ਜਾਂਦਾ ਹੈ। ਡਾਕਟਰ ਕਹਿੰਦੇ ਹਨ ਕਿ ਸਟਰੋਕ ਹੋਣ ਤੋਂ ਲਗ ਭਗ ਤਿੰਨ ਦਿਨ ਬਾਅਦ ਤੱਕ ਉਹ ਘਰ ਬਿਨਾਂ ਇਲਾਜ ਪਿਆ ਰਿਹਾ ਹੈ। ਇਸੇ ਲਈ ਉਸ ਦੀ ਹਾਲਤ ਇੰਨੀ ਗੰਭੀਰ ਹੈ। ਗਰੇਵਾਲ ਕਈ ਦਿਨ ਤੱਕ ਕੋਮਾ ਵਿਚ ਰਹਿੰਦਾ ਹੈ ਤਦ ਕਿਤੇ ਜਾ ਕੇ ਅੱਖਾਂ ਖੋਲ੍ਹਦਾ ਹੈ।

ਹੁਣ ਗਰੇਵਾਲ ਨੂੰ ਦੇਖਣ ਉਸ ਦਾ ਪਰਿਵਾਰ ਲਗਾਤਾਰ ਜਾਂਦਾ ਹੈ। ਉਸ ਦੇ ਦੋਵੇਂ ਭਰਾ, ਭਰਜਾਈਆਂ ਤੇ ਭਤੀਜੇ, ਭਤੀਜੀਆਂ। ਬਿਮਾਰ ਹੋਣ ਤੋਂ ਬਾਅਦ ਗਰੇਵਾਲ ਦੀ ਕੀਮਤ ਜਿਵੇਂ ਵੱਧ ਗਈ ਹੋਵੇ। ਜਗਮੋਹਣ ਨੂੰ ਗਰੇਵਾਲ ਦਾ ਬਹੁਤ ਫਿਕਰ ਹੈ। ਉਹ ਹਸਪਤਾਲ ਜਾਂਦਾ ਰਹਿੰਦਾ ਹੈ ਪਰ ਬਹੁਤਾ ਚਿਰ ਨਹੀਂ ਬੈਠਿਆ ਕਰਦਾ। ਇਕ ਤਾਂ ਗਰੇਵਾਲ ਕੋਲ ਹੋਰ ਰਿਸ਼ਤੇਦਾਰਾਂ ਦੀ ਭਰਮਾਰ ਹੁੰਦੀ ਹੈ ਜਿਹਨਾਂ ਨੂੰ ਉਹ ਜਾਣਦਾ ਨਹੀਂ ਹੈ, ਦੂਜੇ ਗਰੇਵਾਲ ਨਾਲ ਵੀ ਕੋਈ ਗਲ ਨਹੀਂ ਹੋ ਸਕਦੀ ਉਹ ਤਾਂ ਕਿਸੇ ਨੂੰ ਪਛਾਣਦਾ ਵੀ ਨਹੀਂ ਹੈ। ਉਸ ਨੂੰ ਉਸ ਦੇ ਭਰਾਵਾਂ ਦਾ ਗਰੇਵਾਲ ਪ੍ਰਤੀ ਉਮੜਦਾ ਪਿਆਰ ਬਹੁਤ ਕੋਫਤ ਦੇਣ ਲਗਦਾ ਹੈ। ਹੁਣ ਉਹਨਾਂ ਨੂੰ ਲਗਦਾ ਹੈ ਕਿ ਗਰੇਵਾਲ ਸ਼ਾਇਦ ਹੀ ਠੀਕ ਹੋਵੇ ਤੇ ਲੋਕਾਚਾਰੀ ਉਹ ਗਰੇਵਾਲ ਦੀ ਸੇਵਾ ਕਰਨੀ ਚਾਹੁੰਦੇ ਹਨ।

ਦੂਜੇ ਪਾਸੇ ਜਗਮੋਹਨ ਨੂੰ ਇਕ ਤਾਂ ਮਨਿੰਦਰ ਦੇ ਘਰੋਂ ਚਲੇ ਜਾਣ ਦੀ ਚਿੰਤਾ ਹੈ ਤੇ ਫਿਰ ਪਾਲਾ ਸਿੰਘ ਦੇ ਇਰਾਦਿਆਂ ਦੀ। ਪਾਲਾ ਸਿੰਘ ਦੀ ਗੱਲਬਾਤ ਤੋਂ ਹੀ ਉਹ ਸਮਝ ਜਾਂਦਾ ਹੈ ਕਿ ਉਹ ਕੀ ਕਰਨ ਜਾ ਰਿਹਾ ਹੈ। ਉਹ ਮਨ ਹੀ ਮਨ ਕਹਿੰਦਾ ਹੈ ਕਿ ਮਨਿੰਦਰ ਨੂੰ ਸੁੱਖੀ ਨਹੀਂ ਬਣਨ ਦੇਵਾਂਗਾ। ਮਨਿੰਦਰ ਨੂੰ ਬਚਾਵਾਂਗਾ। ਫਿਰ ਸੋਚਦਾ ਹੈ ਕਿ ਬਚਾਵਾਂਗਾ ਕਿਵੇਂ। ਉਹ ਕਿਹੜਾ ਹਰ ਵੇਲੇ ਪਾਲਾ ਸਿੰਘ ਦੇ ਨਾਲ ਰਹਿੰਦਾ ਹੈ। ਪੁਲੀਸ ਨੂੰ ਇਤਲਾਹ ਕਰਨੀ ਚਾਹੀਦੀ ਹੈ। ਪੁਲੀਸ ਕੋਲ ਜਾਣ ਤੋਂ ਪਹਿਲਾਂ ਉਹ ਬਹੁਤ ਦੇਰ ਤੱਕ ਵਿਚਾਰ ਕਰਦਾ ਰਹਿੰਦਾ ਹੈ ਕਿ ਜਾਵੇ ਕਿ ਨਾ। ਪੁਲੀਸ ਵਾਲਿਆਂ ਨੂੰ ਵੀ ਕੋਈ ਸਬੂਤ ਚਾਹੀਦਾ ਹੈ। ਬਿਨਾਂ ਸਬੂਤ ਉਹ ਆਪਣਾ ਸਮਾਂ ਖਰਾਬ ਨਹੀਂ ਕਰਨ ਲੱਗੇ। ਕਾਫੀ ਦੇਰ ਸੋਚ ਕੇ ਉਹ ਪੁਲੀਸ ਸਟੇਸ਼ਨ ਜਾਂਦਾ ਹੈ ਤੇ ਸਾਰੀ ਗੱਲ ਦੱਸ ਦਿੰਦਾ ਹੈ ਪਰ ਪੁਲੀਸ ਬਹੁਤਾ ਪ੍ਰਤੀਕਰਮ ਨਹੀਂ ਦਿਖਾਉਂਦੀ। ਫਿਰ ਉਹ ਮਨਿੰਦਰ ਨੂੰ ਲੱਭਣ ਲੱਗਦਾ ਹੈ ਕਿ ਉਸ ਨੂੰ ਦਸੇ ਕਿ ਬਹੁਤ ਬਚ ਕੇ ਰਹੇ। ਕਈ ਦਿਨ ਉਹ ਮਨਿੰਦਰ ਦੀ ਤਲਾਸ਼ ਤੇ ਖਰਚ ਦਿੰਦਾ ਹੈ ਪਰ ਮਨਿੰਦਰ ਦਾ ਕੁਝ ਪਤਾ ਨਹੀਂ ਚੱਲਦਾ।

ਇਨ੍ਹਾਂ ਦਿਨਾਂ ਵਿਚ ਹੀ ਪ੍ਰੀਤੀ ਦਾ ਕੇਸ ਚੱਲ ਰਿਹਾ ਹੈ। ਸਿਸਟਰਜ਼ ਇਨਹੈਂਡਜ਼ ਵਾਲੀਆਂ ਔਰਤਾਂ ਕਚਹਿਰੀਆਂ ਮੂਹਰੇ ਪ੍ਰੀਤੀ ਦੇ ਹੱਕ ਵਿਚ ਮੁਜ਼ਾਹਰੇ ਕਰ ਰਹੀਆਂ ਹਨ। ਉਹਨਾਂ ਨਾਲ ਔਰਤਾਂ ਦੀਆਂ ਕੁਝ ਹੋਰ ਜਥੇਬੰਦੀਆਂ ਆ ਰਲ਼ਦੀਆਂ ਹਨ। ਜਗਮੋਹਣ ਦਾ ਸਾਰਾ ਧਿਆਨ ਪ੍ਰੀਤੀ ਦੇ ਮੁਕੱਦਮੇ ਵੱਲ ਹੋ ਜਾਂਦਾ ਹੈ। ਉਸ ਦਾ ਦਿਲ ਕਰਦਾ ਹੈ ਕਿ ਉਹ ਕੰਮ ਤੋਂ ਛੁੱਟੀ ਕਰਕੇ ਕਚਹਿਰੀਆਂ ਜਾਇਆ ਕਰੇ ਤੇ ਪ੍ਰੀਤੀ ਦੇ ਮੁਕੱਦਮੇ ਦੀ ਕਾਰਵਾਈ ਸੁਣੇ। ਹੋ ਸਕੇ ਤਾਂ ਉਸ ਦੇ ਹੱਕ ਵਿਚ ਨਾਹਰੇ ਲਾਉਂਦੀਆਂ ਔਰਤਾਂ ਨਾਲ ਖੜੇ ਪਰ ਉਹ ਡਰਦਾ ਹੈ ਕਿ ਮਨਦੀਪ ਕੀ ਕਹੇਗੀ। ਮਨਦੀਪ ਤਾਂ ਪਹਿਲਾਂ ਹੀ ਹਰ ਰੋਜ਼ ਕਹਿਣ ਲੱਗਦੀ ਐ,

"ਮੂੰਹ ਕਿਉਂ ਫੁਲਾਇਆ ਹੋਇਆ? ਕੋਈ ਨਵੀਂ ਚੁੜੇਲ ਚੰਬੜੀ ਐ।"

"ਪੁਰਾਣੀਆਂ ਈ ਨਹੀਂ ਲਹਿੰਦੀਆਂ, ਨਵੀਂ ਤਾਂ ਕੀ...।"

ਉਹ ਹਲਕਾ ਜਿਹਾ ਮੁਸਕਰਾ ਕੇ ਆਖ ਦਿੰਦਾ ਹੈ। ਉਹ ਚਾਹੁੰਦਾ ਹੋਇਆ ਵੀ ਮਨਦੀਪ ਨਾਲ ਖੁੱਲ੍ਹ ਕੇ ਕੋਈ ਗੱਲ ਨਹੀਂ ਕਰ ਸਕਦਾ।

ਫਿਰ ਇਕ ਦਿਹਾੜਾ ਖੁਸ਼ੀ ਦਾ ਵੀ ਆਉਂਦਾ ਹੈ। ਪ੍ਰੀਤੀ ਦੇ ਕੇਸ ਦਾ ਫੈਸਲਾ ਹੋ ਜਾਂਦਾ ਹੈ। ਪਤੀ ਦੇ ਭੈੜੇ ਵਿਵਹਾਰ ਨੂੰ ਧਿਆਨ ਵਿਚ ਰੱਖਦਿਆਂ ਹੀ ਜੱਜ ਫੈਸਲਾ ਸੁਣਾਉਂਦਾ ਹੈ ਕਿ ਇਹ ਜੁਰਮ ਕਰਨ ਵੇਲੇ ਆਪਣੇ ਵਿਚ ਨਹੀਂ ਸੀ। ਉਹ ਮਾਨਸਿਕ ਸੰਤੁਲਨ ਗਵਾ ਬੈਠੀ ਸੀ ਇਸ ਲਈ ਉਸ ਨੂੰ ਮਰਡਰ ਦੀ ਥਾਵੇਂ ਮੈਨ ਸਲਾਟਰ ਦੀ ਸਜ਼ਾ ਅਧੀਨ ਦੋ ਸਾਲ ਦੀ ਜੇਲ੍ਹ ਹੁੰਦੀ ਹੈ। ਉਹ ਸਾਲ ਭਰ ਤੋਂ ਜ਼ਿਆਦਾ ਸਮੇਂ ਤੋਂ ਜੇਹਲ ਬੰਦ ਹੈ ਇਸ ਲਈ ਉਸ ਨੂੰ ਛੱਡ ਦਿਤਾ ਜਾਂਦਾ ਹੈ।ਉਸ ਦਾ ਬਹੁਤ ਦਿਲ ਕਰਦਾ ਹੈ ਕਿ ਪ੍ਰੀਤੀ ਨੂੰ ਮਿਲੇ ਪਰ ਫਿਰ ਸੋਚਦਾ ਹੈ ਕਿ ਪਤਾ ਨਹੀਂ ਪ੍ਰੀਤੀ ਨੂੰ ਉਸ ਦਾ ਚੇਤਾ ਹੋਵੇਗਾ ਵੀ ਜਾਂ ਨਹੀਂ। ਇੰਨੀਆਂ ਛੋਟੀਆਂ ਮੁਲਾਕਾਤਾਂ ਨੂੰ ਕੌਣ ਯਾਦ ਰਖਦਾ ਹੈ। ਫਿਰ ਇਸ ਵੇਲੇ ਉਸ ਦੀ ਜ਼ਿੰਦਗੀ ਵਿਚ ਇੰਨਾ ਕੁਝ ਵਾਪਰ ਰਿਹਾ ਹੈ ਉਹ ਉਸ ਦੇ ਕੀ ਯਾਦ ਹੋਵੇਗਾ। ਉਹ ਆਪਣੀ ਇਹ ਖੁਸ਼ੀ ਗਰੇਵਾਲ ਨਾਲ ਸਾਂਝੀ ਕਰਨੀ ਚਾਹੁੰਦਾ ਹੈ ਪਰ ਉਹ ਤਾਂ ਬੇਹੋਸ਼ ਪਿਆ ਹੈ। ਉਹ ਭੁਪਿੰਦਰ ਨੂੰ ਮਿਲਣ ਜਾਂਦਾ ਹੈ। ਉਹ ਵੀ ਬੰਬਈ ਚਲੇ ਗਿਆ ਹੈ।

ਇਕ ਦਿਨ ਕਾਮਰੇਡ ਇਕਬਾਲ ਉਸ ਦੇ ਘਰ ਆਉਂਦਾ ਹੈ। ਆਖਦਾ ਹੈ,

"ਤੇਰਾ ਗਰੇਵਾਲ ਪਿਐ ਹਸਪਤਾਲ ਵਿਚ ਤੇ ਓਧਰ ਸ਼ੀਲਾ ਸਪੈਰੋ ਆਉਣ ਲਈ ਕੱਲ ਦੀ ਸੀਟ ਬੁੱਕ ਕਰਾਈ ਬੈਠੀ ਐ, ਕੀ ਕਰਨਾ ਓਹਦਾ?"

"ਆਉਣ ਦਿਓ।"

"ਆ ਤਾਂ ਜਾਏਗੀ ਪਰ ਰਹੇਗੀ ਕਿਥੇ? ਮੈਂ ਸਭਾ ਵਿਚ ਗੱਲ ਕੀਤੀ ਸੀ ਕੋਈ ਵੀ ਆਪਣੇ ਘਰ ਰੱਖਣ ਲਈ ਤਿਆਰ ਨਹੀਂ।"

"ਰਹਿਣ ਦੀ ਸਮੱਸਿਆ ਨਹੀਂ, ਮੇਰੇ ਵਲ ਰਹਿ ਲਵੇਗੀ।"

"ਫਿਰ ਤੂੰ ਓਹਨੂੰ ਹੁਣੇ ਫੋਨ ਕਰਕੇ ਦਸਦੇ ਤੇ ਏਅਰ ਪੋਰਟ ਤੋਂ ਲੈ ਆਵੀਂ।"

ਜਗਮੋਹਨ ਹਾਲੇ ਸੋਚ ਹੀ ਰਿਹਾ ਹੈ ਕਿ ਫੋਨ ਕਰੇ ਉਸ ਨੂੰ ਹੀ ਫੋਨ ਆ ਜਾਂਦਾ ਹੈ। ਦੂਜੇ ਪਾਸਿਓਂ ਮਹੀਨ ਜਿਹੀ ਅਵਾਜ਼ ਕਹਿੰਦੀ ਹੈ,

"ਮੈਂ ਸ਼ੀਲਾ ਸਪੈਰੋ ਬੋਲ ਰਹੀ ਆਂ, ਜਗਮੋਹਨ ਜੀ ਨਾਲ ਗੱਲ ਕਰਨੀ ਐਂ।"

"ਜੀ ਮੈਡਮ, ਬੋਲ ਰਿਹਾਂ।"

"ਮੈਨੂੰ ਇਕਬਾਲ ਜੀ ਤੋਂ ਪਤਾ ਚਲਿਆ ਕਿ ਗਰੇਵਾਲ ਸਾਹਿਬ ਤਾਂ ਹਸਪਤਾਲ ਵਿਚ ਨੇ।"

"ਜੀ ਹਾਂ।"

"ਕੀ ਹੋ ਗਿਆ ਉਹਨਾਂ ਨੂੰ?"

"ਸਟਰੋਕ ਹੋ ਗਿਆ ਸੀ।"

"ਰੀਅਲੀ! ਇਹ ਕਿਵੇਂ ਹੋ ਗਿਆ?"

"ਪਤਾ ਨਹੀਂ ਜੀ, ਅਸੀਂ ਵੀ ਦਰਵਾਜ਼ਾ ਪੁੱਟ ਕੇ ਹੀ ਅੰਦਰ ਗਏ ਸਾਂ।"

" ਹੁਣ ਕੀ ਹਾਲਤ ਐ ਉਨ੍ਹਾਂ ਦੀ ?"

"ਹਾਲੇ ਬੇਹੋਸ਼ ਨੇ।"

"ਘਰ ਕਦੋਂ ਆਉਣਗੇ?"

"ਹਾਲੇ ਕੁਝ ਨਹੀਂ ਕਹਿ ਸਕਦੇ।"

"ਫਿਰ? ਮੈਨੂੰ ਤੁਹਾਡਾ ਉਨ੍ਹਾਂ ਨੇ ਫੋਨ ਤੇ ਐਡਰੈਸ ਦਿੱਤਾ ਸੀ ਐਮਰਜੈਂਸੀ ਵਾਸਤੇ।"

"ਉਨ੍ਹਾਂ ਮੈਨੂੰ ਵੀ ਤੁਹਾਡੇ ਆਉਣ ਬਾਰੇ ਦੱਸਿਆ ਹੋਇਆ।"

"ਫਿਰ ਮੈਂ ਕੈਂਸਲ ਕਰ ਦੇਵਾਂ ਆਪਣਾ ਆਉਣਾ?"

"ਤੁਸੀਂ ਕੈਂਸਲ ਕਿਉਂ ਕਰਨੈ, ਆ ਜਾਵੋ। ਸਾਡੇ ਘਰ ਰਹੋ ਜਿੰਨੇ ਦਿਨ ਰਹਿਣਾ ਚਾਹੁੰਦੇ ਓ।"

"ਗਰੇਵਾਲ ਸਾਹਿਬ ਦੇ ਘਰ ਦੀ ਚਾਬੀ ਤੁਹਾਡੀ ਪਾਸ ਹੀ ਹੋਵੇਗੀ।"

"ਨਹੀਂ ਜੀ।"

"ਮੈਂ ਤਾਂ ਆਪਣਾ ਸਾਰਾ ਪ੍ਰੋਗਰਾਮ ਉਨ੍ਹਾਂ ਕਰਕੇ ਹੀ ਬਣਾਇਆ ਸੀ, ਪੰਦਰਾਂ ਜੂਨ ਨੂੰ ਮੇਰਾ ਫੰਕਸ਼ਨ ਐ ਤੁਹਾਡੇ ਸ਼ਹਿਰ।"

''ਤੁਸੀਂ ਜਿੰਨੀ ਦੇਰ ਵੀ ਰਹਿਣਾ ਸਾਡੇ ਨਾਲ ਸਾਡੇ ਘਰ ਰਹਿ ਸਕਦੇ ਓ, ਮਜ਼ੇ ਨਾਲ ਫੰਕਸ਼ਨ ਅਟੈਂਡ ਕਰ ਸਕਦੇ ਓ, ਫਿਕਰ ਵਾਲੀ ਗੱਲ ਨਹੀਂ।''

ਫੋਨ ਰੱਖਦਾ ਹੋਇਆ ਜਗਮੋਹਣ ਸੋਚਦਾ ਹੈ ਕਿ ਸ਼ੀਲਾ ਸਪੈਰੋ ਨੂੰ ਗਰੇਵਾਲ ਦੀ ਸਿਹਤ ਨਾਲੋਂ ਆਪਣੇ ਫੰਕਸ਼ਨ ਦਾ ਜ਼ਿਆਦਾ ਫਿਕਰ ਹੈ।

ਸ਼ੀਲਾ ਆ ਜਾਂਦੀ ਹੈ। ਛੋਟੇ ਜਿਹੇ ਕੱਦ ਦੀ ਤੇਜ਼ ਤਰਾਰ ਔਰਤ ਹੈ। ਗਰੇਵਾਲ ਦੇ ਮੁਕਾਬਲੇ ਉਹ ਬਹੁਤ ਤੇਜ਼ ਹੈ। ਉਸ ਦੇ ਚਿਹਰੇ 'ਤੇ ਲੋਹੜੇ ਦਾ ਆਤਮਵਿਸਵਾਸ਼ ਹੈ। ਜਗਮੋਹਣ ਮਨ ਵਿਚ ਹੀ ਕਹਿੰਦਾ ਹੈ ਕਿ ਸਰ ਜੀ, ਇਹਦੇ ਨਾਲ ਕਿਵੇਂ ਨਿਭਦੇ ਹੋਵੋਂਗੇ। ਸ਼ੀਲਾ ਇਕ ਪਲ ਲਈ ਗਰੇਵਾਲ ਬਾਰੇ ਫਿਕਰ ਦਰਸਾਉਂਦੀ ਹੈ ਤੇ ਫਿਰ ਕਾਹਲ ਨਾਲ ਪੁੱਛਦੀ ਹੈ,

''ਕੀ ਤੁਸੀਂ ਇਕੱਲੇ ਆਏ ਓ?''

''ਜੀ, ਕਿਸੇ ਹੋਰ ਨੇ ਵੀ ਆਉਣਾ ਸੀ?''

''ਮੇਰਾ ਮਤਲਵ ਲੇਖਕ ਸਭਾ ਵਾਲੇ ਜਾਂ ਜਿਹਨਾਂ ਲੋਕਾਂ ਨੇ ਮੈਨੂੰ ਸੱਦਿਆ ਉਹਨਾਂ ਨੂੰ ਤਾਂ ਮੇਰੇ ਸਵਾਗਤ ਲਈ ਆਉਣਾ ਹੀ ਚਾਹੀਦਾ ਸੀ।''

''ਇਹਦੇ ਬਾਰੇ ਤਾਂ ਮੈਨੂੰ ਕੁਝ ਨਹੀਂ ਪਤਾ।''

''ਇਟ 'ਜ਼ ਵੈਰੀ ਬੈਡ, ਇਹੋ ਇਜ਼ਤ ਦਿੰਦੇ ਨੇ ਇਥੋਂ ਦੇ ਲੇਖਕ ਆਪਣੇ ਮਹਿਮਾਨਾਂ ਨੂੰ!''

''ਮੈਡਮ, ਇਹਦੇ ਬਾਰੇ ਮੈਨੂੰ ਨਹੀਂ ਜਾਣਦਾ ਕਿਉਂਕਿ ਮੇਰਾ ਇਹਨਾਂ ਲੋਕਾਂ ਨਾਲ ਵਾਹ ਨਹੀਂ ਪੈਂਦਾ।''

''ਮੇਰੇ ਰਹਿਣ ਦਾ ਵੀ ਕੋਈ ਇੰਤਜ਼ਾਮ ਨਹੀਂ ਕੀਤਾ ਹੋਣਾਂ ਇਹਨਾਂ ਨੇ।''

''ਮੈਂ ਤੁਹਾਨੂੰ ਫੋਨ 'ਤੇ ਦਸਿਆ ਸੀ ਨਾ ਕਿ ਤੁਸੀਂ ਮੇਰੇ ਵਲ ਰਹੋ।''

ਉਹ ਇਥੋਂ ਦੇ ਲੇਖਕਾਂ ਨੂੰ ਕੋਸਦੀ ਜਾਂਦੀ ਹੈ ਤੇ ਫਿਰ ਉਹ ਆਪਣੇ ਪ੍ਰੋਗਰਾਮ ਬਾਰੇ ਗੱਲਾਂ ਕਰਨ ਲੱਗਦੀ ਹੈ,

''ਜਗਮੋਹਣ ਜੀ, ਮੈਨੂੰ ਇਕਬਾਲ ਜੀ ਨੂੰ ਮਿਲਾ ਦਿਓ, ਮੈਂ ਮੁਸ਼ਾਇਰੇ ਦੀ ਪ੍ਰਧਾਨਗੀ ਕਰਨੀ ਐ ਨਾ ਤੇ ਨਾਲ਼ੇ ਪੁੱਛਣਾਂ ਕਿ ਟਿਕਟ ਦੇ ਪੈਸੇ ਕਦੋਂ ਦੇਣਗੇ।''

''ਮੈਡਮ, ਆਪਾਂ ਪਹਿਲਾਂ ਘਰ ਚਲਦੇ ਆਂ, ਤੁਸੀਂ ਅਰਾਮ ਕਰੋ ਤੇ ਫਿਰ ਉਹਨਾਂ ਨਾਲ ਸਾਰੀ ਗੱਲ ਕਰ ਲਿਓ।''

''ਫਿਰ ਵੀ ਗੱਲ ਕਲੀਅਰ ਹੋਣੀ ਚਾਹੀਦੀ ਏ, ਮੈਂ ਇਕਬਾਲ ਜੀ ਨਾਲ ਫੋਨ 'ਤੇ ਜ਼ਿਕਰ ਛੇੜਿਆ ਤਾਂ ਉਹ ਗੱਲ ਨੂੰ ਗੋਲ ਮੋਲ ਕਰ ਗਏ।''

''ਮੈਨੂੰ ਮੈਡਮ ਇਹਦੇ ਬਾਰੇ ਕੁਝ ਨਹੀਂ ਪਤਾ ਕਿ ਕੀ ਉਹ ਟਿਕਟ ਦੇ ਪੈਸੇ ਦਿੰਦੇ। ਜਦੋਂ ਮੈਂ ਤੇ ਸਰ ਜੀ ਇਕਬਾਲ ਨੂੰ ਮਿਲੇ ਸੀ ਤਾਂ ਉਨ੍ਹਾਂ ਕੋਈ ਜ਼ਿਕਰ ਨਹੀਂ ਸੀ ਕੀਤਾ।''

''ਸਭ ਨੂੰ ਦਿੰਦੇ ਆ ਕਿਰਾਇਆ ਤੇ ਮੇਰਾ ਵੀ ਤੀਹ ਹਜ਼ਾਰ ਲੱਗਿਆ ਟਿਕਟ ਤੇ।''

''ਮੈਨੂੰ ਇਹਦੇ ਬਾਰੇ ਕੁਝ ਨਹੀਂ ਪਤਾ। ਮੈਨੂੰ ਤਾਂ ਸਰ ਜੀ ਦਸਦੇ ਹੁੰਦੇ ਸੀ ਕਿਸੇ ਲੇਖਕ ਨੂੰ ਸੱਦਿਆ ਜਾਂਦਾ ਤਾਂ ਪਰਸਨਲ ਲੈਵਲ ਤੇ ਈ ਸੱਦਿਆ ਜਾਂਦਾ ਜਿਵੇਂ ਸਰ ਜੀ ਨੇ ਤੁਹਾਨੂੰ ਸੱਦਿਐ।''

''ਮੈਂ ਤਾਂ ਬਹੁਤ ਸਾਰੇ ਲੇਖਕਾਂ ਨੂੰ ਜਾਣਦੀ ਵਾਂ ਜਿਹਨਾਂ ਨੂੰ ਇਹਨਾਂ ਨੇ ਟਿਕਟ ਦਿਤੀ ਐ ਤੇ ਹੋਰ ਖਰਚੇ ਵੀ ਪਰ ਗਰੇਵਾਲ ਸਾਹਿਬ ਨੇ ਵੀ ਟਿਕਟ ਨਹੀਂ ਭੇਜਿਆ, ਮੈਂ ਆਪਣੀ ਜੇਬ੍ਹ ਵਿਚੋਂ ਖਰਚ ਕੇ ਆਈ ਆਂ।''

''ਸ਼ਾਇਦ ਬਿਮਾਰ ਹੋ ਜਾਣ ਕਰਕੇ, ਉਹਨਾਂ ਨੂੰ ਤੁਸੀਂ ਠੀਕ ਹੋ ਜਾਣ ਦਿਓ ਸਭ ਠੀਕ ਹੋ ਜਾਵੇਗਾ ਤੁਸੀਂ ਫਿਕਰ ਨਾ ਕਰੋ ਮੈਡਮ।''

''ਕਦੋਂ ਕੁ ਤਕ ਘਰ ਆ ਜਾਣਗੇ ਗਰੇਵਾਲ ਸਾਹਿਬ?''

''ਕੁਝ ਕਿਹਾ ਨਹੀਂ ਜਾ ਸਕਦਾ ਕਿਉਂਕਿ ਸਿਹਤ ਜ਼ਿਆਦਾ ਖਰਾਬ ਐ, ਹਾਲੇ ਪੂਰੀ ਹੋਸ਼ ਨਹੀਂ ਆਈ, ਕਿਸੇ ਨੂੰ ਪੱਛਾਣਦੇ ਨਹੀਂ, ਆਪਾਂ ਅਜ ਈ ਚੱਲਾਂਗੇ ਉਹਨਾਂ ਨੂੰ ਦੇਖਣ।''

ਜਗਮੋਹਨ ਸ਼ੀਲਾ ਦਾ ਸਮਾਨ ਆਪਣੇ ਘਰ ਦੇ ਇਕ ਉਪਰਲੇ ਕਮਰੇ ਵਿਚ ਰੱਖ ਦਿੰਦਾ ਹੈ ਤੇ ਕਹਿ ਦਿੰਦਾ ਹੈ ਕਿ ਇਸ ਨੂੰ ਆਪਣਾ ਹੀ ਘਰ ਸਮਝੋ। ਉਹ ਹੇਠਾਂ ਆ ਕੇ ਮੱਥੇ ਦਾ ਪਸੀਨਾ ਪੂੰਝਦਾ ਮਨ ਹੀ ਮਨ ਕਹਿੰਦਾ ਹੈ-'ਧੰਨ ਦੀ ਐ ਤੁਹਾਡੀ ਸ਼ੀਲਾ ਸਪੈਰੋ, ਸਰ ਜੀ!' ਮਨਦੀਪ ਕੰਮ 'ਤੇ ਗਈ ਹੋਈ ਹੈ ਪਰ ਉਹ ਸ਼ੀਲਾ ਲਈ ਇਕ ਕਮਰਾ ਤਿਆਰ ਕਰ ਜਾਂਦੀ ਹੈ। ਸ਼ਾਮ ਨੂੰ ਜਗਮੋਹਨ ਸ਼ੀਲਾ ਨੂੰ ਲੈ ਕੇ ਹਸਪਤਾਲ ਜਾਂਦਾ ਹੈ। ਸ਼ੀਲਾ ਗਰੇਵਾਲ ਦੀ ਹਾਲਤ ਦੇਖ ਕੇ ਅਜੀਬ ਜਿਹਾ ਮੂੰਹ ਬਣਾ ਲੈਂਦੀ ਹੈ। ਗਰੇਵਾਲ ਕੁਝ ਕੁ ਹੋਸ਼ ਵਿਚ ਹੈ ਪਰ ਗਰੇਵਾਲ ਸ਼ੀਲਾ ਨੂੰ ਵੀ ਪੱਛਾਣ ਨਹੀਂ ਰਿਹਾ। ਉਹ ਬੱਚਿਆਂ ਵਾਂਗ ਮੁਸਕਰਾਈ ਜਾ ਰਿਹਾ ਹੈ। ਸ਼ੀਲਾ ਨੂੰ ਲਗਦਾ ਹੈ ਕਿ ਉਸ ਦੇ ਸਾਰੇ ਸੁਫਨੇ ਢਹਿ ਢੇਰੀ ਹੋ ਗਏ ਹਨ। ਉਸ ਨੂੰ ਦਿਸ ਰਿਹਾ ਹੈ ਕਿ ਗਰੇਵਾਲ ਜਲਦੀ ਠੀਕ ਹੋਣ ਵਾਲਾ ਨਹੀਂ ਹੈ। ਇਹ ਵੀ ਹੋ ਸਕਦਾ ਹੈ ਕਿ ਉਸ ਦੀ ਮੁੜ ਕੇ ਹਾਲਤ ਸੁਧਰੇ ਹੀ ਨਾ। ਉਹ ਆਪ ਡਾਕਟਰ ਨੂੰ ਮਿਲਦੀ ਹੈ ਤੇ ਉਸ ਦੀ ਸਿਹਤ ਬਾਰੇ ਪੁੱਛਦੀ ਹੈ। ਡਾਕਟਰ ਦਸਦਾ ਹੈ ਕਿ ਗਰੇਵਾਲ ਦਾ ਠੀਕ ਹੋਣਾ ਕਈ ਮਹੀਨਿਆਂ ਤੇ ਜਾ ਪਿਆ ਹੈ। ਗਰੇਵਾਲ ਦਾ ਛੋਟਾ ਭਰਾ ਹਸਪਤਾਲ ਆਉਂਦਾ ਹੈ ਤੇ ਸ਼ੀਲਾ ਨੂੰ ਦੇਖ ਕੇ ਉਹ ਹੋਰਵੇਂ ਹੋ ਜਾਂਦਾ ਹੈ। ਉਹ ਸ਼ੀਲਾ ਨੂੰ ਜਾਣਦਾ ਹੈ।

ਹਸਪਤਾਲ ਤੋਂ ਵਾਪਸ ਮੁੜਦਿਆਂ ਸ਼ੀਲਾ ਜਗਮੋਹਨ ਤੋਂ ਗਰੇਵਾਲ ਬਾਰੇ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਣ ਲਗਦੀ ਹੈ। ਗਰੇਵਾਲ ਦੇ ਘਰਬਾਰ ਬਾਰੇ ਤੇ ਦੂਜੇ ਰਿਸ਼ਤੇਦਾਰਾਂ ਬਾਰੇ, ਉਸ ਦੇ ਬੈਂਕ ਬੈਲੈਂਸ ਬਾਰੇ। ਗੱਲਾਂ ਗੱਲਾਂ ਵਿਚ ਦੱਸ ਬੈਠਦਾ ਹੈ ਕਿ ਗਰੇਵਾਲ ਦਾ ਕੱਪੜੇ ਦੇ ਵੱਡੇ ਸਟੋਰ ਵਿਚ ਵੀ ਹਿੱਸਾ ਹੈ। ਉਹ ਜਗਮੋਹਣ ਨੂੰ ਕਹਿੰਦੀ ਹੈ,

“ਗਰੇਵਾਲ ਸਾਹਿਬ ਨੇ ਤੁਹਾਨੂੰ ਦੱਸਿਆ ਹੀ ਹੋਵੇਗਾ ਕਿ ਸਾਡੇ ਸਬੰਧ ਕਿਹੋ ਜਿਹੇ ਹੈਨ।”
“ਹਾਂ ਜੀ, ਮੇਰੇ ਨਾਲ ਗੱਲ ਕਰ ਲੈਂਦੇ ਨੇ।”
“ਜਗਮੋਹਣ ਜੀ, ਮੈਨੂੰ ਉਨ੍ਹਾਂ ਦੇ ਘਰ ਦੀ ਚਾਬੀ ਲੈ ਕੇ ਦੇਵੋ ਤਾਂ ਕਿ ਮੈਂ ਉਨ੍ਹਾਂ ਦੀ ਹੋਂਦ ਤਾਂ ਮਹਿਸੂਸ ਕਰ ਸਕਾਂ।”
“ਮੈਡਮ, ਸਰ ਜੀ ਦੇ ਘਰ ਦੀ ਚਾਬੀ ਉਨ੍ਹਾਂ ਦੇ ਭਰਾਵਾਂ ਕੋਲ ਈ ਹੋਵੇਗੀ। ਮੈਂ ਤਾਂ ਉਨ੍ਹਾਂ ਨੂੰ ਬਹੁਤਾ ਜਾਣਦਾ ਨਹੀਂ, ਤੁਸੀਂ ਆਪ ਜਾ ਕੇ ਪੁੱਛ ਸਕਦੇ ਓ ਜੇ ਪੁੱਛਣਾ ਐ ਤਾਂ, ਨਹੀਂ ਤਾਂ ਰਹਿਣ ਨੂੰ ਇਥੇ ਈ ਰਹਿੰਦੇ ਰਹੋ।”
“ਜਗਮੋਹਣ ਜੀ, ਮੈਂ ਲੰਮਾ ਸਮਾਂ ਰਹਿਣਾ ਚਾਹੁੰਦੀ ਆਂ ਜਿਵੇਂ ਗਰੇਵਾਲ ਸਾਹਿਬ ਚਾਹੁੰਦੇ ਸਨ। ਮੈਂ ਉਨ੍ਹਾਂ ਨੂੰ ਹਸਪਤਾਲ ਤੋਂ ਘਰ ਲੈ ਆਵਾਂਗੀ ਤੇ ਸੇਵਾ ਕਰਾਂਗੀ।”
“ਉਹ ਤੇ ਠੀਕ ਐ ਪਰ ਮੈਂ ਉਸ ਦੇ ਭਰਾਵਾਂ ਤਕ ਅਜਿਹੀ ਗੱਲ ਲਈ ਪਹੁੰਚ ਨਹੀਂ ਕਰ ਸਕਦਾ।”
“ਕੋਈ ਹੋਰ ਐਸਾ ਵਿਅਕਤੀ ਮੈਨੂੰ ਮਿਲਾ ਦਿਓ ਜੋ ਗਰੇਵਾਲ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ ਤੇ ਮੈਨੂੰ ਘਰ ਦੀ ਚਾਬੀ ਦਵਾ ਦੇਵੇ।”
“ਮੈਡਮ, ਮੈਂ ਇਕ ਗੱਲ ਦੱਸਾਂ, ਸਰ ਜੀ ਅਜਿਹੀ ਹਾਲਤ ਵਿਚ ਨੇ ਕਿ ਕੁਝ ਵੀ ਹੋ ਸਕਦੈ, ਉਹਨਾਂ ਦੇ ਭਰਾ ਤਾਂ ਪਹਿਲਾਂ ਈ ਉਹਨਾਂ ਦੇ ਕਾਰੋਬਾਰ ਨੂੰ ਜੱਫਾ ਮਾਰੀ ਬੈਠੇ ਆ ਉਹ ਤੁਹਾਨੂੰ ਘਰ ਦੀ ਚਾਬੀ ਕਦੋਂ ਦੇਣ ਲਗੇ ਆ।”

ਸੋਚਦੀ ਹੋਈ ਸ਼ੀਲਾ ਸਿਰ ਜਿਹਾ ਮਾਰਦੀ ਹੋਈ ਆਖਦੀ ਹੈ,

“ਸ਼ਾਇਦ ਤੁਹਾਡੀ ਗੱਲ ਠੀਕ ਹੋਵੇ ਪਰ ਮੇਰੇ ਨਾਲ ਤਾਂ ਬਹੁਤ ਬੁਰੀ ਹੋਈ, ਮੈਂ ਗਰੇਵਾਲ ਸਾਹਿਬ ਦੇ ਕਹਿਣ ਤੇ ਪਰੋਗਰਾਮ ਬਣਾਇਆ ਤੇ ਉਹ ਆਪ ਹਸਪਤਾਲ ਜਾ ਪਏ, ਹੁਣ ਮੈਂ ਕਿਥੇ ਜਾਵਾਂ।”
“ਮੈਂ ਕਿਹਾ ਨਾ ਕਿ ਮੇਰੇ ਘਰ ਰਹੋ।”
“ਉਹ ਤੇ ਤੁਹਾਡੀ ਮਿਹਰਬਾਨੀ ਪਰ ਮੈਂ ਦਸਿਐ ਕਿ ਮੇਰਾ ਪਰੋਗਰਾਮ ਲੰਮਾ ਸਮਾਂ ਰਹਿਣ ਦਾ ਸੀ, ਖੈਰ ਤੁਸੀਂ ਮੈਨੂੰ ਇਕਬਾਲ ਜੀ ਨੂੰ ਜਾਂ ਸਭਾ ਦਾ ਜਿਹੜਾ ਵੀ ਕਰਤਾ ਧਰਤਾ ਐ ਮਿਲਾ ਦਿਓ, ਕਈ ਗੱਲਾਂ ਕਰਨ ਵਾਲੀਆਂ ਨੇ।”

ਉਹ ਸ਼ੀਲਾ ਦੀ ਗੱਲ ਇਕਬਾਲ ਨਾਲ ਕਰਾ ਦਿੰਦਾ ਹੈ। ਇਕਬਾਲ ਉਸ ਨੂੰ ਅਗਲੇ ਦਿਨ ਮਿਲਣ ਆਉਣ ਦਾ ਵਾਅਦਾ ਕਰਦਾ ਹੈ। ਅਗਲੇ ਦਿਨ ਜਗਮੋਹਣ ਨੇ ਕੰਮ ਤੇ ਜਾਣਾ ਹੁੰਦਾ ਹੈ। ਉਹ ਸ਼ੀਲਾ ਨੂੰ ਦਸ ਜਾਂਦਾ ਹੈ ਕਿ ਇਕਬਾਲ ਆਵੇਗਾ ਤੁਸੀਂ ਸਾਰੀ ਗੱਲਬਾਤ ਸਪੱਸ਼ਟ ਕਰ ਲੈਣਾ। ਕੰਮ ਤੋਂ ਵਾਪਸ ਆਏ ਨੂੰ ਮਨਦੀਪ ਦਸਦੀ ਹੈ ਕਿ ਸ਼ੀਲਾ ਬਹੁਤ ਖਿਝੀ ਪਈ ਹੈ ਤੇ ਵਾਪਸ ਇੰਡੀਆ ਜਾਣ ਦੀਆਂ ਗੱਲਾਂ ਕਰ ਰਹੀ ਹੈ। ਜਗਮੋਹਣ ਸ਼ੀਲਾ ਨੂੰ ਪੁੱਛਦਾ ਹੈ,

“ਮੈਡਮ, ਕਿਹੋ ਜਿਹੀ ਰਹੀ ਤੁਹਾਡੀ ਇਕਬਾਲ ਨਾਲ ਮੀਟਿੰਗ? ਤੁਹਾਡੀ ਹਵਾਈ ਟਿਕਟ ਦਾ ਖਰਚਾ ਦੇ ਰਹੇ ਨੇ ਕਿ ਨਹੀਂ? ”
“ਉਹ ਪੈਰਾਂ ਤੇ ਪਾਣੀ ਈ ਨਹੀਂ ਪੈਣ ਦੇ ਰਹੇ, ਇਹ ਲੋਕ ਇੰਨੇ ਵਿਕਸਤ ਮੁਲਕ ਵਿਚ ਬੈਠੇ ਨੇ ਤੇ ਇਹਨਾਂ ਨੂੰ ਕੋਈ ਐਟੀਕੇਟਸ ਨਹੀਂ, ਕਹਿੰਦੇ ਕਿ ਅਸੀਂ ਤੁਹਾਨੂੰ ਸੱਦਾ ਗਰੇਵਾਲ ਦੇ ਕਹਿਣ ਤੇ ਭੇਜਿਆ। ਮੈਂ ਕਿਹਾ ਕਿ ਮੇਰਾ ਪੰਜਾਬੀ ਸਾਹਿਤ ਵਿਚ ਐਡਾ ਕੁ ਨਾਂ ਹੈ ਕਿ ਲੋਕ ਮੈਨੂੰ ਆਪਣੇ ਫੰਕਸ਼ਨ ਵਿਚ ਸੱਦਣ ਵਿਚ ਆਪਣਾ ਮਾਣ ਸਮਝਦੇ ਨੇ, ਇਕਬਾਲ ਜੀ ਕਹਿੰਦੇ ਨੇ ਕਿ ਮਾਣ ਤਾਂ ਅਸੀਂ ਵੀ ਸਮਝਦੇ ਆਂ ਪਰ ਸਾਡੇ ਕੋਲ ਇੰਨੇ ਪੈਸੇ ਨਹੀਂ ਕਿ ਤੁਹਾਨੂੰ ਟਿਕਟ ਦੇ ਸਕੀਏ।”
“ਇਹ ਤਾਂ ਗੱਲ ਠੀਕ ਨਹੀਂ।”
“ਜਗਮੋਹਨ ਜੀ, ਪੰਜਾਬੀ ਕਵਿਤਾ ਵਿਚ ਮੇਰਾ ਬਹੁਤ ਵੱਡਾ ਨਾਂ ਐ।”
“ਮੈਨੂੰ ਸਰ ਜੀ ਨੇ ਸਭ ਦਸਿਆ ਹੋਇਐ।”
“ਫਿਰ ਜਗਮੋਹਨ ਜੀ, ਤੁਸੀਂ ਗੱਲ ਕਰੋ ਉਹਨਾਂ ਨਾਲ।”
“ਮੈਡਮ, ਮੈਂ ਕੋਈ ਲੇਖਕ ਨਹੀਂ ਆਂ, ਮੇਰਾ ਇਕਬਾਲ ਨਾਲ ਵਾਹ ਹੈਲੋ ਹੈਲੋ ਤਕ ਈ ਐ।”
“ਮੈਨੂੰ ਤਾਂ ਪਤਾ ਚਲਿਆ ਕਿ ਤੁਸੀਂ ਫਰੀ ਲੀਗਲ ਐਡਵਾਈਸ ਦਿੰਦੇ ਓ ਉਹਨਾਂ ਨੂੰ।”
“ਮੈਡਮ, ਮੈਨੂੰ ਲਗਦੈ ਕਿ ਤੁਹਾਨੂੰ ਥੋੜੀ ਗਲਤ ਸੂਚਨਾ ਮਿਲ ਗਈ ਐ, ਮੈਂ ਫਰੀ ਐਡਵਾਈਸ ਤਾਂ ਦਿੰਦਾ ਰਿਹਾਂ ਪਰ ਇਕਬਾਲ ਜਾਂ ਕਿਸੇ ਹੋਰ ਲੇਖਕ ਨੂੰ ਨਹੀਂ, ਹਾਂ, ਮੈਂ ਇਕਬਾਲ ਦੀ ਇਕ ਜਗਾਹ ਨੂੰ ਦਫਤਰ ਦੇ ਤੌਰ ਤੇ ਵਰਤਦਾ ਰਿਹਾਂ।”
“ਹੋਰ ਕਿਸੇ ਲੇਖਕ ਨੂੰ ਮਿਲਾ ਦਿਓ ਜਿਵੇਂ ਕਿ ਪਰਵਾਨਾ ਜੀ ਨੇ।”
“ਮੈਂ ਦਸਿਆ ਨਾ ਕਿ ਮੈਂ ਕਿਸੇ ਨੂੰ ਨਹੀਂ ਜਾਣਦਾ, ਮੇਰਾ ਫੀਲਡ ਹੋਰ ਐ।”

ਜਗਮੋਹਣ ਨੂੰ ਉਸ ਉਪਰ ਖਿਝ ਆਉਣ ਲਗਦੀ ਹੈ। ਉਹ ਸੋਚਦਾ ਹੈ ਚੰਗਾ ਹੈ ਗਰੇਵਾਲ ਹਸਪਤਾਲ ਪਿਆ ਹੈ ਨਹੀਂ ਤਾਂ ਇਹ ਉਸ ਦਾ ਬੁਰਾ ਹਾਲ ਕਰ ਦਿੰਦੀ। ਸ਼ੀਲਾ ਆਖ ਰਹੀ ਹੈ,

“ਪਰ ਤੁਹਾਡੇ ਸਾਊਥਾਲ ਦੇ ਲੇਖਕ ਏਨੇ ਪਾਗਲ ਨੇ ਕਿ ਸਮਝ ਨਹੀਂ ਰਹੇ ਕਿ ਇੰਨਾ ਕੁ ਤਾਂ ਮੇਰਾ ਹੱਕ ਬਣਦਾ ਈ ਐ।”

ਉਹ ਫਿਰ ਕਹਿਣ ਲੱਗਦੀ ਹੈ,

“ਅਸਲ ਵਿਚ ਜਗਮੋਹਨ ਜੀ, ਸਾਊਥਾਲ ਦੇ ਲੇਖਕ ਸਹੀ ਮਹਿਨਿਆਂ ਵਿਚ ਲੇਖਕ ਨਹੀਂ, ਅਸੀਂ ਲੋਕ ਹੀ ਇਨ੍ਹਾਂ ਨੂੰ ਲੇਖਕ ਹੋਣ ਦੀ ਉਪਾਧੀ ਦੇਈ ਜਾਂਦੇ ਹਾਂ। ਸਾਡੇ ਉਥੋਂ ਦੇ ਲੇਖਕਾਂ ਨੇ ਟਿਕਟਾਂ ਤੇ ਹੋਰ ਤੋਹਫੇ ਲੈ ਲੈ ਕੇ ਇਨ੍ਹਾਂ ਉਪਰ ਲੇਖਕ ਹੋਣ ਦੇ ਠੱਪੇ ਲਾਏ ਹੋਏ ਨੇ ਸੱਚ ਇਹ ਐ ਕਿ ਇਹਨਾਂ ਦੀਆਂ ਸੋ ਕਾਲਡ ਲਿਖਤਾਂ ਵਿਚ ਕੋਈ ਦਮ ਨਹੀਂ।”

ਫਿਰ ਕਹਿਣ ਲਗਦੀ ਹੈ,

"ਜਗਮੋਹਣ ਜੀ, ਅਸਲ ਵਿਚ ਇਹ ਲੋਕ ਤੇਜ਼ ਤਰਾਰ ਅਲੋਚਕਾਂ ਤੇ ਲੇਖਕਾਂ ਤੋਂ ਈ ਸੂਤ ਰਹਿੰਦੇ ਨੇ, ਉਹ ਉਥੇ ਬੈਠੇ ਹੀ ਇਹਨਾਂ ਤੋਂ ਪਹਿਲਾਂ ਕਾਰਮ ਕੇ ਤੁਰਦੇ ਨੇ ਕਿ ਭਾਈ ਜੇ ਆਪਣੀ ਟੁੱਟੀ ਭੱਜੀ ਰਚਨਾ ਦੀ ਗੁੱਡੀ ਚੜਾਉਣੀ ਏ ਤੇ ਆਹ ਕੁਝ ਚਾਹੀਦੈ। ਇਹਨਾਂ ਨੂੰ ਬਹਤਾ ਫਰਕ ਵੀ ਨਹੀਂ ਪੈਂਦਾ, ਸਾਡੇ ਸੱਤਰ ਅੱਸੀ ਰੁਪਏ ਵਿਚ ਇਹਨਾਂ ਦਾ ਇਕ ਪੌਂਡ ਚਲਦਾ ਏ। ਤੁਸੀਂ ਦੇਖਦੇ ਜਾਣਾ ਜੇ ਇਹ ਮੇਰੇ ਨਾਲ ਠੀਕ ਨਾ ਚਲੇ ਤਾਂ ਮੈਂ ਇਹਨਾਂ ਨਾਲ ਬਹੁਤ ਬੁਰੀ ਤਰ੍ਹਾਂ ਸਿਝਾਂਗੀ, ਮੈਂ ਇਹਨਾਂ ਬਾਰੇ ਅਜਿਹਾ ਲਿਖਾਂਗੀ ਕਿ ਇਹ ਚੇਤੇ ਕਰਨਗੇ।"

ਜਗਮੋਹਣ ਨੂੰ ਇਨ੍ਹਾਂ ਗੱਲਾਂ ਦੀ ਬਹੁਤੀ ਸਮਝ ਨਹੀਂ ਹੈ। ਉਹ ਔਖਾ ਸੌਖਾ ਸੁਣਦਾ ਰਹਿੰਦਾ ਹੈ।

ਛਿਆਹਟ

ਪਾਲਾ ਸਿੰਘ 'ਰਾਏ ਇੰਸ਼ੋਰੈਂਸ ਬਰੋਕਰ' ਦੇ ਦਫਤਰ ਅਗੇ ਦੀ ਤਿੰਨ ਚਾਰ ਵਾਰ ਲੰਘਦਾ ਹੈ ਤੇ ਧਿਆਨ ਨਾਲ ਅੰਦਰ ਦੇਖਦਾ ਜਾਂਦਾ ਹੈ। ਉਸ ਨੂੰ ਪੱਗ ਵਾਲਾ ਕੋਈ ਨਹੀਂ ਦਿਸਦਾ। ਉਸ ਦੀ ਜਾਣਕਾਰੀ ਅਨੁਸਾਰ ਕਾਰੇ ਦਾ ਮੁੰਡਾ ਪੱਗ ਬੰਨਦਾ ਹੈ ਤੇ ਛੁੱਟੀ ਵਾਲੇ ਦਿਨ ਇਥੇ ਦਫਤਰ ਵਿਚ ਹੀ ਹੁੰਦਾ ਹੈ। ਅਜ ਹੈ ਤਾਂ ਸ਼ਨਿਚਰਵਾਰ ਹੀ ਪਰ ਜਾਪਦਾ ਹੈ ਕਿ ਕਾਰੇ ਦਾ ਮੁੰਡਾ ਕੰਮ ਤੇ ਨਹੀਂ ਆਇਆ ਹੋਵੇਗਾ। ਅਗਲੇ ਸ਼ਨਿਚਰਵਾਰ ਉਹ ਫਿਰ ਜਾਂਦਾ ਹੈ ਤਾਂ ਕਾਰੇ ਦਾ ਮੁੰਡਾ ਅੰਦਰ ਕੁਰਸੀ 'ਤੇ ਬੈਠਾ ਦਿਸ ਪੈਂਦਾ ਹੈ। ਉਹ ਅੰਦਰ ਵੜ ਕੇ ਮੁੰਡੇ ਦੇ ਕੋਲ ਜਾ ਖੜਦਾ ਹੈ ਤੇ ਬਾਕੀ ਸਟਾਫ ਵਲ ਦੇਖਦਾ ਹੌਲੇ ਜਿਹੇ ਆਖਦਾ ਹੈ,

"ਯੰਗਮੈਨ, ਤੇਰੇ ਨਾਲ ਇਕ ਪ੍ਰਾਈਵੇਟ ਗੱਲ ਕਰਨੀ ਐ।"

ਮੁੰਡਾ ਉਸ ਨੂੰ ਪੱਛਾਣਦਾ ਹੈ ਤੇ ਇਕ ਕੋਨੇ ਪਈ ਕੁਰਸੀ ਵਲ ਇਸ਼ਾਰਾ ਕਰਦਾ ਕਹਿੰਦਾ ਹੈ,

"ਆ ਜਾਓ ਅੰਕਲ ਜੀ, ਇਧਰ ਆ ਜਾਓ।"

ਪਾਲਾ ਸਿੰਘ ਕੁਰਸੀ ਤੇ ਬੈਠਦਾ ਹੈ ਤਾਂ ਮੁੰਡਾ ਪੁੱਛਦਾ ਹੈ,

"ਦਸੋ ਕੀ ਕਹਿਣਾ ਚਾਹੁੰਦੇ ਓ?"

"ਤੈਨੂੰ ਪਤੈ ਕਿ ਮਨਿੰਦਰ ਕਿਥੇ ਰਹਿੰਦੀ ਐ।"

"ਅੰਕਲ ਜੀ, ਮੈਂ ਤਾਂ ਹੁਣ ਮਾਸਟਰ ਕਰਦਾਂ ਤੇ ਹੋਰ ਯੂਨੀ ਜਾਂਨਾ। ਮੈਨੂੰ ਪਤਾ ਨਹੀਂ ਕੁਸ਼।"

"ਤੇਰੇ ਫਰਿੰਡਜ਼ ਹੋਣਗੇ ਪਤਾ ਕਰ ਸਕਦਾਂ?"

ਮੁੰਡਾ ਸੋਚੀਂ ਪੈ ਜਾਂਦਾ ਹੈ। ਪਾਲਾ ਸਿੰਘ ਫਿਰ ਆਖਦਾ ਹੈ,

"ਮੈਨੂੰ ਉਸ ਤਕ ਇਕ ਬਹੁਤ ਜ਼ਰੂਰੀ ਕੰਮ ਐ, ਕੋਈ ਫੈਮਲੀ ਦਾ ਕੰਮ, ਕਿਸੇ ਤਰ੍ਹਾਂ ਪਤਾ ਕਰਦੇ, ਪਲੀਜ਼!"

"ਮੈਂ ਟਰਾਈ ਕਰੂੰਗਾ ਪਰ ਪਰੌਮਿਜ਼ ਨਹੀਂ ਕਰ ਸਕਦਾ।"

"ਪਰ ਇਸ ਗੱਲ ਦਾ ਮਨਿੰਦਰ ਨੂੰ ਪਤਾ ਨਾ ਲਗੇ, ਮੈਂ ਉਸ ਨੂੰ ਸਰਪਰਾਈਜ਼ ਦੇਣਾ ਚਾਹੁੰਨਾ।"

"ਆਏ ਵਿਲ ਟਰਾਏ।"

"ਮੈਨੂੰ ਆਪਣਾ ਮੁਬਾਈਲ ਨੰਬਰ ਦੇ ਦੇਹ, ਮੈਂ ਤੈਨੂੰ ਪੁੱਛ ਲਊਂ।"

ਮੁੰਡਾ ਇਕ ਪਲ ਲਈ ਝਿਜਕ ਜਿਹੀ ਮੰਨਦਾ ਹੈ ਪਰ ਫਿਰ ਇਕ ਪੇਪਰ ਉਪਰ ਆਪਣਾ ਫੋਨ ਨੰਬਰ ਲਿਖ ਦਿੰਦਾ ਹੈ ਤੇ ਬੋਲਦਾ ਹੈ,

"ਨੈਕਸਟ ਵੀਕ ਮੈਨੂੰ ਫੋਨ ਕਰ ਲਿਓ, ਪਰ ਕੁਸ਼ ਕਹਿ ਨਹੀਂ ਸਕਦਾ।"

ਪਾਲਾ ਸਿੰਘ ਉਸ ਦਾ ਧੰਨਵਾਦ ਕਰਦਾ ਤੁਰ ਪੈਂਦਾ ਹੈ। ਕੋਈ ਹੋਰ ਰਾਹ ਨਾ ਦਿਸਦਾ ਹੋਣ ਕਰਕੇ ਉਹ ਕਾਰੇ ਦੇ ਮੁੰਡੇ ਨਾਲ ਰਾਬਤਾ ਕਰਦਾ ਹੈ। ਮਨਿੰਦਰ ਦੇ ਥੁਹ ਪਤੇ ਲਈ ਇਹੋ ਇਕ ਆਸ ਦੀ ਕਿਰਨ ਹੈ ਨਹੀਂ ਤਾਂ ਉਹ ਸਾਰੀ ਉਮਰ ਹੀ ਹਨੇਰੇ ਵਿਚ ਭਟਕਦਾ ਰਹੇਗਾ। ਇੰਨੇ ਮਹੀਨੇ ਹੋ ਗਏ ਹਨ ਮਨਿੰਦਰ ਨੂੰ ਘਰੋਂ ਗਈ ਨੂੰ, ਇਹ ਸਮਾਂ ਉਸ ਲਈ ਬਹੁਤ ਤਕਲੀਫ ਭਰਿਆ ਰਿਹਾ ਹੈ। ਉਸ ਨੇ ਗੁਰਦਵਾਰੇ ਜਾਣਾ ਛੱਡ ਰਖਿਆ ਹੈ। ਪੱਬ ਵੀ ਨਹੀਂ ਜਾਂਦਾ, ਜੇ ਕਦੇ ਬੀਅਰ ਦੀ ਹੁੜਕ ਉਠੇ ਵੀ ਤਾਂ ਦੂਰ ਦੇ ਕਿਸੇ ਪੱਬ ਜਾਂਦਾ ਹੈ ਜਿਥੇ ਕੋਈ ਵਾਕਫ ਨਾ ਹੋਵੇ। ਰਾਹ ਖਾਤੇ ਕੋਈ ਵਾਕਫ ਮਿਲ ਵੀ ਜਾਵੇ ਤਾਂ ਓਹ ਸਾਧਾਰਣ ਜਿਹੀ ਫਤਿਹ ਬੁਲਾ ਕੇ ਲੰਘ ਜਾਂਦਾ ਹੈ। ਗੁਰਦਿਆਲ ਸਿੰਘ ਵਲ ਵੀ ਬਹੁਤ ਘੱਟ ਜਾਇਆ ਕਰਦਾ ਹੈ। ਉਸ ਨੂੰ ਲਗਦਾ ਹੈ ਕਿ ਬਦਲੇ ਦੀ ਭੱਠੀ ਵਿਚ ਉਸ ਤੋਂ ਹੋਰ ਨਹੀਂ ਬਲਿਆ ਜਾਂਦਾ ਤੇ ਇਸ ਦਾ ਅੰਤ ਕਰਨਾ ਚਾਹੁੰਦਾ ਹੈ। ਉਸ ਨੂੰ ਯਕੀਨ ਹੈ ਕਿ ਕਾਰੇ ਦਾ ਮੁੰਡਾ ਜ਼ਰੂਰ ਉਸ ਦੀ ਮੱਦਦ ਕਰੇਗਾ।

ਅਗਲੇ ਹਫਤੇ ਉਹ ਕਾਰੇ ਦੇ ਮੁੰਡੇ ਨੂੰ ਫੋਨ ਕਰਦਾ ਹੈ। ਮੁੰਡਾ ਕਹਿੰਦਾ ਹੈ,

"ਲਿਖੋ ਅੰਕਲ, ਫਿਫਟੀਨ ਨੰਬਰ, ਲਗਜ਼ਰੀ ਹਾਊਸ, ਹੈਕਨੀ ਰੋਡ, ਹੈਕਨੀ। ਪਤਾ ਨਾ ਹੈਕਨੀ ਈਸਟ ਲੰਡਨ ਵਿਚ ਆ।"

"ਹਾਂ, ਮੈਨੂੰ ਹੈਕਨੀ ਦਾ ਪਤੈ। ਤੇਰਾ ਬਹੁਤ ਬਹੁਤ ਥੈਂਕਿਊ, ਯੰਗਮੈਨ।"

ਪਾਲਾ ਸਿੰਘ ਨੂੰ ਚਾਅ ਚੜ੍ਹ ਜਾਂਦਾ ਹੈ ਜਿਵੇਂ ਬਹੁਤ ਵੱਡੀ ਸ਼ੈਅ ਮਿਲ ਗਈ ਹੋਵੇ। ਉਹ ਲੰਡਨ ਦੀ ਏ ਟੂ ਜ਼ੈਡ ਉਠਾ ਕੇ ਹੈਕਨੀ ਰੋਡ ਲਭਣ ਲਗਦਾ ਹੈ। ਹੈਕਨੀ ਰੋਡ ਕਾਫੀ ਲੰਬੀ ਹੈ। ਇਸ ਉਪਰ ਲਗਜ਼ਰੀ ਹਾਊਸ ਕਿਥੇ ਕੁ ਹੋਵੇਗਾ ਇਹ ਉਸ ਨੂੰ ਢੂੰਡਣਾ ਪਵੇਗਾ। ਇਕ ਦੋ ਇਧਰ ਓਧਰ ਦੇ ਗੇੜੇ ਲਗਾ ਕੇ ਮਿਲ ਹੀ ਜਾਵੇਗਾ। ਉਹ ਸਕੀਮ ਬਣਾਉਂਦਾ ਹੈ ਕਿ ਇਸ ਕੰਮ ਨੂੰ ਕਿਵੇਂ ਨੇਪਰੇ ਚਾੜ੍ਹਨਾ ਹੈ। ਉਹ ਚਾਰ ਕੁ ਵਜੇ ਇਸ ਇਮਾਰਤ ਦੇ ਨੇੜੇ ਜਾ ਕੇ ਖੜ ਜਾਵੇਗਾ। ਜਦ

ਮਨਿੰਦਰ ਆਉਂਦੀ ਦਿਸੀ ਤੇ ਉਸ ਤੇ ਝਪਟ ਪਵੇਗਾ। ਜੇ ਕੋਈ ਉਸ ਦੀ ਮੱਦਦ ਲਈ ਨੇੜੇ ਆਇਆ ਤਾਂ ਉਹ ਉਸ ਉਪਰ ਵਾਰ ਕਰਨ ਤੋਂ ਵੀ ਪਰਹੇਜ਼ ਨਹੀਂ ਕਰੇਗਾ। ਉਹ ਤਲਵਾਰ ਉਠਾਉਂਦਾ ਹੈ। ਮਿਆਨ ਵਿਚੋਂ ਕਢਦਾ ਹੈ। ਤਲਵਾਰ ਨੂੰ ਹਿਲਾ ਕੇ ਇਸ ਦੀ ਚਮਕ ਦੇਖਦਾ ਹੈ। ਉਹ ਨੰਗੀ ਤਲਵਾਰ ਲੈ ਕੇ ਘਰ ਦੇ ਬਗੀਚੇ ਵਿਚ ਨਿਕਲਦਾ ਹੈ। ਬਗੀਚੇ ਵਿਚ ਇਕ ਵੱਡਾ ਦਰਖਤ ਹੈ, ਉਸ ਦਾ ਡਾਹਣਾ ਜੋ ਮਨੁੱਖ ਦੀ ਗਰਦਨ ਸਾਨ ਹੈ ਉਸ ਉਪਰ ਉਹ ਤਲਵਾਰ ਦਾ ਇਕ ਭਰਪੂਰ ਵਾਰ ਕਰਦਾ ਹੈ। ਡਾਹਣਾ ਕੱਟ ਹੋ ਕੇ ਓਹ ਜਾ ਡਿਗਦਾ ਹੈ। ਉਹ ਖ਼ੁਸ਼ ਹੋ ਜਾਂਦਾ ਹੈ ਕਿ ਉਸ ਵਿਚ ਹਾਲੇ ਦਮ-ਖ਼ਮ ਹੈ ਤੇ ਉਸ ਦੀ ਤਲਵਾਰ ਵਿਚ ਵੀ। ਉਹ ਤਲਵਾਰ ਨੂੰ ਸਾਫ ਕਰਕੇ ਮਿਆਨ ਵਿਚ ਪਾ ਲੈਂਦਾ ਹੈ। ਫਿਰ ਉਹ ਦਾਹੜੀ ਰੰਗਣ ਲਗਦਾ ਹੈ। ਇਸ ਦਾ ਕਾਰਨ ਇਹ ਸਮਝਦਾ ਹੈ ਕਿ ਹੋ ਸਕਦਾ ਹੈ ਕਿਸੇ ਹੋਰ ਨਾਲ ਵੀ ਟੱਕਰ ਹੋ ਜਾਵੇ ਤੇ ਉਸ ਦੀ ਸਫੈਦ ਦਾਹੜੀ ਕਾਰਨ ਦੁਸ਼ਮਣ ਉਸ ਨੂੰ ਕਮਜ਼ੋਰ ਹੀ ਨਾ ਸਮਝ ਲਵੇ। ਉਹ ਪੂਰੀ ਤਿਆਰੀ ਕਰ ਕੇ ਹੈਕਨੀ ਲਈ ਨਿਕਲ ਪੈਂਦਾ ਹੈ। ਉਹ ਨਾਲ ਇਕ ਚਾਕੂ ਵੀ ਲੈ ਲੈਂਦਾ ਹੈ ਕਿ ਸ਼ਾਇਦ ਇਸ ਦੀ ਵੀ ਲੋੜ ਪੈ ਜਾਵੇ। ਇਹ ਚਾਕੂ ਉਸ ਨੇ ਕੁਝ ਦਿਨ ਪਹਿਲਾਂ ਇਕ ਮਾਰਕਿਟ ਵਿਚੋਂ ਵਿਸ਼ੇਸ਼ ਤੌਰ ਤੇ ਖਰੀਦਿਆ ਹੈ।

ਲਗਜ਼ਰੀ ਹਾਊਸ ਫਲੈਟਾਂ ਦਾ ਇਕ ਬਲੌਕ ਹੈ। ਉਸ ਨੂੰ ਲਭਣ ਨੂੰ ਕੁਝ ਵਕਤ ਲਗਦਾ ਹੈ ਪਰ ਲਭ ਪੈਂਦਾ ਹੈ। ਉਹ ਕਾਰ ਨੂੰ ਅਜਿਹੀ ਜਗਾਹ ਖੜੀ ਕਰਦਾ ਹੈ ਜਿਥੋਂ ਫਲੈਟਾਂ ਵਿਚ ਆਉਣ ਜਾਣ ਵਾਲਾ ਹਰ ਕੋਈ ਉਸ ਨੂੰ ਦਿਸਦਾ ਰਹੇ ਤੇ ਉਸ ਦੀ ਕਾਰ ਅਸਾਨੀ ਨਾਲ ਕਿਸੇ ਦੀ ਨਜ਼ਰੀਂ ਨਾ ਪਵੇ। ਉਹ ਅੱਖਾਂ ਗੱਡ ਕੇ ਇੰਤਜ਼ਾਰ ਕਰਦਾ ਹੈ। ਚਾਰ ਵਜਦੇ ਹਨ, ਪੰਜ ਵਜਦੇ ਹਨ, ਛੇ ਵੱਜ ਜਾਂਦੇ ਹਨ ਪਰ ਮਨਿੰਦਰ ਦਾ ਕਿਧਰੇ ਨਾਂ ਨਿਸ਼ਾਨ ਨਹੀਂ ਹੈ। ਉਹ ਸੋਚਣ ਲਗਦਾ ਹੈ ਕਿ ਕਿਤੇ ਇਹ ਸਿਰਨਾਵਾਂ ਗਲਤ ਹੀ ਨਾ ਹੋਵੇ। ਜਿਸ ਤੋਂ ਵੀ ਕਾਰੇ ਦੇ ਮੁੰਡੇ ਨੇ ਇਹ ਹਾਸਲ ਕੀਤਾ ਹੋਵੇ ਉਸ ਨੇ ਜਾਣ ਬੁਝ ਕੇ ਗਲਤ ਦੇ ਦਿਤਾ ਹੋਵੇ ਜਾਂ ਫਿਰ ਮਨਿੰਦਰ ਅੰਦਰ ਹੀ ਹੋਵੇ। ਅੱਠ ਵਜੇ ਉਹ ਕਾਰ ਵਿਚੋਂ ਨਿਕਲਦਾ ਹੈ। ਚਾਕੂ ਜੇਬ੍ਹ ਵਿਚ ਪਾ ਕੇ ਲਗਜ਼ਰੀ ਹਾਊਸ ਦੇ ਅੰਦਰ ਜਾ ਵੜਦਾ ਹੈ। ਪੰਦਰਾਂ ਨੰਬਰ ਫਲੈਟ ਤੀਜੀ ਮੰਜ਼ਲ 'ਤੇ ਹੈ। ਉਹ ਪੌੜੀਆਂ ਚੜਨ ਲਗਦਾ ਹੈ। ਪੰਦਰਾਂ ਨੰਬਰ ਮੂਹਰੇ ਪੁੱਜ ਕੇ ਦਰਵਾਜ਼ੇ ਲਗੀ ਘੰਟੀ ਵਜਾਉਂਦਾ ਹੈ। ਕੁਝ ਦੇਰ ਬਾਅਦ ਇਕ ਏਸੀਅਨ ਨੌਜਵਾਨ ਦਰਵਾਜ਼ਾ ਖੋਹਲਦਾ ਹੈ। ਉਹ ਅੰਗਰੇਜ਼ੀ ਵਿਚ ਪੁੱਛਦਾ ਹੈ,

''ਕਿਸ ਨੂੰ ਮਿਲਣਾ ਏ?''

''ਕੀ ਮੈਂ ਅੰਦਰ ਆ ਸਕਦਾਂ?''

ਉਸ ਦਾ ਉਤਰ ਸੁਣਨ ਤੋਂ ਪਹਿਲਾਂ ਹੀ ਪਾਲਾ ਸਿੰਘ ਅੰਦਰ ਜਾ ਵੜਦਾ ਹੈ। ਆਲਾ ਦੁਆਲਾ ਦੇਖਦਾ ਆਖਦਾ ਹੈ,

''ਮੈਂ ਮਨਿੰਦਰ ਨੂੰ ਮਿਲਣਾਂ।''

''ਇਥੇ ਇਸ ਨਾਂ ਦਾ ਕੋਈ ਵਿਅਕਤੀ ਨਹੀਂ।''

ਪਾਲਾ ਸਿੰਘ ਕੁਝ ਕਹੇ ਬਿਨਾ ਇਧਰ ਓਧਰ ਦੇਖਦਾ ਜਾ ਰਿਹਾ ਹੈ। ਉਸ ਦਾ ਸੱਜਾ ਹੱਥ ਜੇਬ੍ਹ ਵਿਚ ਪਏ ਚਾਕੂ ਉਪਰ ਹੈ। ਕੰਧ ਉਪਰ ਮੱਕਾ ਸ਼ਰੀਫ ਦੀ ਤਸਵੀਰ ਲਟਕ ਰਹੀ ਹੈ। ਉਹ ਨੌਜਵਾਨ ਆਪਣੀ ਗੱਲ ਫਿਰ ਦੁਹਰਾਉਂਦਾ ਹੈ,

''ਮੈਂ ਕਿਹਾ ਕਿ ਇਸ ਨਾਂ ਦਾ ਇਥੇ ਕੋਈ ਵਿਅਕਤੀ ਨਹੀਂ ਰਹਿੰਦਾ।''

''ਮੈਨੂੰ ਤਾਂ ਇਹੋ ਐਡਰਸ ਦਿਤਾ ਗਿਆ, ਕੀ ਮੈਂ ਤੁਹਾਡੀ ਰਸੋਈ ਦੇਖ ਸਕਦਾਂ?''

ਇਕ ਵਾਰ ਫਿਰ ਪਾਲਾ ਸਿੰਘ ਉਸ ਦਾ ਉਤਰ ਸੁਣੇ ਬਿਨਾ ਰਸੋਈ ਵਿਚ ਜਾ ਵੜਦਾ ਹੈ। ਇਕ ਜਾਣੀ ਪੱਛਾਣੀ ਮਹਿਕ ਰਸੋਈ ਵਿਚੋਂ ਆ ਰਹੀ ਹੈ। ਉਹ ਨੌਜਵਾਨ ਨੂੰ ਕਹਿੰਦਾ ਹੈ,

''ਮੈਨੂੰ ਪਤੈ ਮਨਿੰਦਰ ਇਥੇ ਰਹਿੰਦੀ ਐ, ਮੈਂ ਉਸ ਦਾ ਬਾਪ ਆਂ ਤੇ ਉਸ ਨੂੰ ਮਿਲਣਾਂ ਚਾਹੁੰਨਾਂ।''

ਉਸ ਦੀ ਗੱਲ ਸੁਣ ਕੇ ਨੌਜਵਾਨ ਦਾ ਰੰਗ ਉਡ ਜਾਂਦਾ ਹੈ ਪਰ ਉਹ ਸੰਭਲਦਾ ਹੋਇਆ ਬੋਲਦਾ ਹੈ,

''ਜਦ ਮੈਂ ਇਕ ਵਾਰ ਕਹਿ ਦਿਤਾ।''

''ਤੂੰ ਝੂਠ ਬੋਲ ਰਿਹੈਂ, ਜਾਹ ਮਨਿੰਦਰ ਨੂੰ ਬੁਲਾ।''

''ਮੇਰਾ ਯਕੀਨ ਕਰ, ਇਥੇ ਕੋਈ ਨਹੀਂ।''

''ਮੈਂ ਬੈਡਰੂਮ ਚੈਕ ਕਰ ਸਕਦਾਂ?''

ਇਹ ਸਵਾਲ ਪਾਲਾ ਸਿੰਘ ਪੰਜਾਬੀ ਵਿਚ ਕਰਦਾ ਹੈ ਤੇ ਨਾਲ ਹੀ ਬੈਡਰੂਮ ਵਿਚ ਜਾ ਵੜਦਾ ਹੈ। ਨੌਜਵਾਨ ਅੰਗਰੇਜ਼ੀ ਵਿਚ ਹੀ ਬੋਲਦਾ ਹੈ,

''ਦੇਖ ਮਿਸਟਰ, ਮੈਂ ਪੁਲੀਸ ਸੱਦਣ ਲਗਿਆਂ।''

''ਤੂੰ ਪੁਲੀਸ ਕੀ ਸਦੇਂਗਾ ਮੈਂ ਪੁਲੀਸ ਬੁਲਾਵਾਂਗਾ, ਤੂੰ ਮੇਰੀ ਕੁੜੀ ਨੂੰ ਕੈਦ ਕਰ ਕੇ ਰਖਿਆ ਹੋਇਐ।''

ਨੌਜਵਾਨ ਫੋਨ ਚੁੱਕ ਕੇ ਪੁਲੀਸ ਦਾ ਨੰਬਰ ਘੁਮਾਉਣ ਲਗਦਾ ਹੈ। ਪਾਲਾ ਸਿੰਘ ਨੂੰ ਲਗਦਾ ਹੈ ਕਿ ਕੋਈ ਹੋਰ ਮੁਸੀਬਤ ਨਾ ਖੜੀ ਹੋ ਜਾਵੇ ਕਿਉਂਕਿ ਚਾਕੂ ਉਸ ਦੀ ਜੇਬ੍ਹ ਵਿਚ ਹੈ। ਉਹ ਉਥੋਂ ਤੁਰ ਆਉਂਦਾ ਹੈ। ਉਹ ਕਿਸੇ ਕਿਸਮ ਦੀ ਧਮਕੀ ਵੀ ਨਹੀਂ ਦਿੰਦਾ ਕਿਉਂਕਿ ਉਹ ਦੁਸ਼ਮਣ ਨੂੰ ਡਰਾਉਣਾ ਨਹੀਂ ਚਾਹੁੰਦਾ। ਇਕ ਵਾਰ ਤਾਂ ਉਸ ਦੇ ਮਨ ਵਿਚ ਆਉਂਦਾ ਹੈ ਕਿ ਚਾਕੂ ਮਾਰ ਕੇ ਇਸ ਮੁੰਡੇ ਦਾ ਹੀ ਕੰਮ ਕਰ ਦੇਵੇ ਪਰ ਫਿਰ ਸੋਚਦਾ ਹੈ ਕਿ ਮਨਿੰਦਰ ਤਾਂ ਫਿਰ ਬਚ ਗਈ। ਉਸ ਦਾ ਨਿਸ਼ਾਨਾ ਮਨਿੰਦਰ ਹੈ।

ਉਹ ਫਲੈਟਾਂ ਦੀਆਂ ਪੌੜੀਆਂ ਉਤਰ ਆਉਂਦਾ ਹੈ। ਉਸ ਦਾ ਸੱਜਾ ਹੱਥ ਹਾਲੇ ਵੀ ਚਾਕੂ ਉਪਰ ਹੀ ਹੈ। ਮਨਿੰਦਰ ਨਾਲ ਹਾਲੇ ਵੀ ਟਾਕਰਾ ਹੋ ਸਕਦਾ ਹੈ। ਸ਼ਾਇਦ ਕੰਮ ਤੋਂ ਵਾਪਸ ਆ ਰਹੀ ਹੋਵੇ। ਉਹ ਵਾਪਸ ਆਪਣੀ ਕਾਰ ਵਿਚ ਆ

ਬੈਠਦਾ ਹੈ ਤੇ ਦੂਰੋਂ ਪੁਲੀਸ ਦੀ ਕਾਰ ਦੀਆਂ ਨੀਲੀਆਂ ਰੋਸ਼ਨੀਆਂ ਜਗਦੀਆਂ ਦਿਸਦੀਆਂ ਹਨ। ਉਹ ਆਪਣੀ ਕਾਰ ਭਜਾ ਲੈਂਦਾ ਹੈ। ਘਰ ਪਹੁੰਚ ਕੇ ਇਕ ਦਮ ਸੈਟੀ ਤੇ ਡਿਗ ਪੈਂਦਾ ਹੈ। ਉਸ ਨੂੰ ਆਪਣੀ ਅਸਫਲਤਾ 'ਤੇ ਬੇਹੱਦ ਅਫਸੋਸ ਹੈ।

ਅਗਲੇ ਦਿਨ ਤੜਕਸਾਰ ਉਹ ਫਿਰ ਹੈਕਨੀ ਜਾ ਪੁੱਜਦਾ ਹੈ। ਉਸ ਨੂੰ ਪਤਾ ਹੈ ਕਿ ਦੁਸ਼ਮਣ ਉਪਰ ਸਵੇਰੇ ਵੇਲੇ ਸਿਰ ਹਮਲਾ ਕੀਤਾ ਜਾਂਦਾ ਹੈ। ਪੰਦਰਾਂ ਨੰਬਰ ਦੀ ਘੰਟੀ ਵਜਾਉਂਦਾ ਹੈ। ਉਸ ਨੂੰ ਲਗਦਾ ਹੈ ਕਿ ਮਨਿੰਦਰ ਲੇਟ ਆਈ ਹੋਵੇਗੀ ਤੇ ਇਸ ਵਕਤ ਘਰ ਹੀ ਹੋਵੇਗੀ। ਘੰਟੀ ਵਜਾਉਣ ਤੇ ਦਰਵਾਜ਼ਾ ਨਹੀਂ ਖੁਲ੍ਹਦਾ ਤਾਂ ਉਹ ਦਰਵਾਜ਼ਾ ਖੜਕਾਉਣ ਲਗ ਪੈਂਦਾ ਹੈ। ਵਾਰ ਵਾਰ ਦਰਵਾਜ਼ਾ ਖੜਕਾਉਣ ਤੇ ਗਵਾਂਢੀ ਬਾਹਰ ਆ ਜਾਂਦੇ ਹਨ। ਇਕ ਅਫਰੀਕਨ ਨਸਲ ਦੀ ਔਰਤ ਪੁੱਛਦੀ ਹੈ,

"ਕੀ ਪਰੇਸ਼ਾਨੀ ਐ?"

"ਇਥੇ ਮੇਰੀ ਬੇਟੀ ਰਹਿੰਦੀ ਐ ਮੈਂ ਉਹਨੂੰ ਮਿਲਣ ਆਇਆਂ।"

"ਇਥੇ ਰਹਿੰਦੇ ਲੋਕ ਤਾਂ ਰਾਤੀਂ ਆਪਣਾ ਸਮਾਨ ਲੈ ਕੇ ਚਲੇ ਗਏ।"

ਪਾਲਾ ਸਿੰਘ ਜੇਬ੍ਹ ਵਿਚੋਂ ਮਨਿੰਦਰ ਦੀ ਫੋਟੋ ਕੱਢ ਕੇ ਉਸ ਨੂੰ ਦਿਖਾਉਂਦਾ ਪੁੱਛਦਾ ਹੈ,

"ਇਹੋ ਕੁੜੀ ਇਥੇ ਰਹਿੰਦੀ ਸੀ?"

"ਹਾਂ, ਇਹੋ ਸੀ।"

ਉਹ ਔਰਤ ਫੋਟੋ ਦੇਖਦੀ ਦਸਦੀ ਹੈ।

ਇਹ ਸੁਣ ਕੇ ਪਾਲਾ ਸਿੰਘ ਨੂੰ ਓਨਾ ਹੀ ਦੁੱਖ ਹੁੰਦਾ ਹੈ ਜਿੰਨਾ ਮਨਿੰਦਰ ਦੇ ਘਰੋਂ ਜਾਣ ਵੇਲੇ ਹੋਇਆ ਸੀ।

ਸਤਾਹਟ

ਜ਼ਿੰਦਗੀ ਦੇ ਉਤਰਾਵਾਂ ਚੜਾਵਾਂ ਨੇ ਪਰਦੁੱਮਣ ਸਿੰਘ ਉਪਰ ਪੂਰੀ ਤਰ੍ਹਾਂ ਕਾਠੀ ਪਾ ਲਈ ਹੈ। ਬਲਰਾਮ ਦਾ ਦੁਬਾਰਾ ਵਿਆਹ ਹੋ ਜਾਂਦਾ ਹੈ। ਉਸ ਦੇ ਇਕ ਮੁੰਡਾ ਵੀ ਹੋ ਜਾਂਦਾ ਹੈ ਜਿਸ ਕਾਰਨ ਪਰਦੁੱਮਣ ਸਿੰਘ ਬੇਹੱਦ ਖੁਸ਼ ਹੈ। ਰਾਜਵਿੰਦਰ ਨੂੰ ਪਤਿਆ ਕੇ ਵਿਆਹ ਦਿਤਾ ਜਾਂਦਾ ਹੈ। ਕੁੜੀ ਉਹ ਇੰਡੀਆ ਤੋਂ ਲੈ ਆਉਂਦੇ ਹਨ। ਰਾਜਵਿੰਦਰ ਆਪਣੀ ਪਤਨੀ ਨਾਲ ਕੋਈ ਖਾਸ ਸਬੰਧ ਨਹੀਂ ਬਣਾ ਪਾਉਂਦਾ ਪਰ ਢਕੀ ਖੀਰ ਰਿਝ ਰਹੀ ਹੈ। ਰਾਜਵਿੰਦਰ ਦੀ ਪਤਨੀ ਘਰ ਦਾ ਸਾਰਾ ਕੰਮ ਕਾਰ ਸੰਭਾਲਦੀ ਹੈ ਤੇ ਫੈਕਟਰੀ ਵਿਚ ਵੀ ਕੰਮ ਕਰਦੀ ਹੈ।

ਅਜ ਪਰਦੁੱਮਣ ਸਿੰਘ ਦੋ ਘੰਟੇ ਪਹਿਲਾਂ ਫੈਕਟਰੀ ਬੰਦ ਕਰ ਦਿੰਦਾ ਹੈ। ਇਨ੍ਹਾਂ ਦੋ ਘੰਟਿਆਂ ਦੇ ਉਹ ਪੈਸੇ ਵੀ ਨਹੀਂ ਕੱਟ ਰਿਹਾ ਪਰ ਉਹ ਸਾਰਿਆਂ ਦੇ ਮਗਰ ਪਾ ਕੇ ਕਾਹਲੀ ਕਾਹਲੀ ਕੰਮ ਕਰਾ ਕੇ ਦੋ ਘੰਟੇ ਪੂਰੇ ਕਰ ਲੈਂਦਾ ਹੈ। ਸਾਰੇ ਹੈਰਾਨ ਹਨ ਤੇ ਖੁਸ਼ ਵੀ। ਉਹ ਕਹਿੰਦਾ ਹੈ,

"ਇਹ ਛੁੱਟੀ ਜਲੂਸ ਵਿਚ ਸ਼ਾਮਿਲ ਹੋਣ ਦੀ ਐ, ਏਦਾਂ ਨਾ ਹੋਵੇ ਘਰੀਂ ਜਾ ਕੇ ਬੈਠ ਜਾਓ, ਗੋਰਿਆਂ ਨੂੰ ਇਕ ਵਾਰੀ ਪਤਾ ਚੱਲ ਜਾਵੇ ਕਿ ਇਹ ਪੱਗਾਂ ਅਸੀਂ ਐਵੇਂ ਨਹੀਂ ਬੰਨ੍ਹੀ ਫਿਰਦੇ।"

ਉਹ ਹੁਣ ਇਕ ਦਮ ਬਦਲ ਚੁੱਕਾ ਹੈ। ਕੰਮ ਉਪਰ ਕਿਸੇ ਨਾਲ ਬਿਨਾਂ ਕੰਮ ਦੇ ਗੱਲ ਨਹੀਂ ਕਰਦਾ। ਸ਼ਰਾਬ ਪੀਣੀ ਬਿਲਕੁਲ ਛੱਡ ਦਿਤੀ ਹੈ। ਹਰ ਸਵੇਰ ਉਠ ਕੇ ਪਾਠ ਕਰਦਾ ਹੈ। ਗੁਰਦਵਾਰੇ ਦਾ ਨਿਤਨੇਮੀ ਹੋ ਗਿਆ ਹੈ। ਹੁਣ ਉਹ ਗੁਰਦਵਾਰੇ ਦੀ ਕਮੇਟੀ ਵਿਚ ਵੜਨ ਦਾ ਰਾਹ ਲਭ ਰਿਹਾ ਹੈ ਇਸ ਲਈ ਧਾਰਮਿਕ ਕੰਮਾਂ ਵਿਚ ਵਧ ਚੜ ਕੇ ਹਿੱਸਾ ਲੈਂਦਾ ਹੈ। ਸਮੇਂ ਸਮੇਂ ਨਿਕਲਦੇ ਜਲੂਸਾਂ ਜਾਂ ਨਗਰ ਕੀਰਤਨਾਂ ਵਿਚ ਪੂਰੇ ਉਤਸ਼ਾਹ ਨਾਲ ਭਾਗ ਲੈਂਦਾ ਹੈ। ਸਾਲ ਵਿਚ ਦੋ ਵਾਰ ਜਲੂਸ ਨਿਕਲਦੇ ਹਨ। ਇਕ ਗੁਰੂ ਨਾਨਕ ਦੇਵ ਦੇ ਜਨਮ ਦਿਨ 'ਤੇ ਤੇ ਦੂਜਾ ਵਿਸਾਖੀ ਵਾਲੇ ਦਿਹਾੜੇ ਦਾ। ਜੇਕਰ ਸਿੱਖ ਸੰਗਤ ਦਾ ਵੱਸ ਚਲੇ ਤਾਂ ਉਹ ਤਾਂ ਹਰ ਗੁਰਪੁਰਬ ਉਪਰ ਹੀ ਜਲੂਸ ਕੱਢ ਲਵੇ ਪਰ ਜਲੂਸ ਦੀ ਇਜਾਜ਼ਤ ਕੌਂਸਲ ਤੋਂ ਵੀ ਲੈਣੀ ਪੈਂਦੀ ਹੈ ਤੇ ਕੌਂਸਲ ਨੂੰ ਪੂਰੀ ਕਮਿਉਨਿਟੀ ਦਾ ਧਿਆਨ ਰੱਖਣਾ ਪੈਂਦਾ ਹੈ। ਸਿੱਖਾਂ ਵੱਲ ਦੇਖਦੇ ਹੋਏ ਮੁਸਲਮਾਨ ਤੇ ਹਿੰਦੂ ਵੀ ਆਪਣੇ ਖਾਸ ਦਿਨਾਂ ਉਪਰ ਜਲੂਸ ਕੱਢਣ ਲੱਗੇ ਹਨ। ਸਿੱਖਾਂ ਦੇ ਹੀ ਕਈ ਗੁਰਦੁਆਰੇ ਹਨ। ਹਰ ਗੁਰਦੁਆਰਾ ਵੱਖਰਾ ਜਲੂਸ ਲੈ ਕੇ ਜਾਣਾ ਚਾਹੁੰਦਾ ਹੈ। ਐਤਕੀਂ ਕੌਂਸਲ ਸਿਰਫ ਇਕ ਜਲੂਸ ਦੀ ਹੀ ਇਜਾਜ਼ਤ ਦੇ ਰਹੀ ਹੈ ਇਸ ਲਈ ਇਸ ਜਲੂਸ ਵਿਚ ਸਾਊਥਾਲ ਦੇ ਸਾਰੇ ਗੁਰਦਵਾਰੇ ਹੀ ਭਾਗ ਲੈ ਰਹੇ ਹਨ। ਗੌਰਮਿੰਟ ਨੂੰ ਇਸ ਦਿਨ ਹੋਣ ਵਾਲੇ ਇਕੱਠ ਦਾ ਅੰਦਾਜ਼ਾ ਹੈ। ਇਕ ਅੰਦਾਜ਼ੇ ਅਨੁਸਾਰ ਪੰਜਾਹ ਹਜ਼ਾਰ ਤੱਕ ਲੋਕ ਇਕੱਠੇ ਹੋ ਸਕਦੇ ਹਨ। ਇੰਨੇ ਲੋਕਾਂ ਲਈ ਪੁਲਿਸ ਤੇ ਹੋਰਨਾਂ ਸੇਵਾਵਾਂ ਦੀ ਵੀ ਲੋੜ ਪੈਣੀ ਹੈ। ਸੋ ਪਰਸਾਸ਼ਨ ਨੂੰ ਇਸ ਜਲੂਸ ਦਾ ਬਹੁਤ ਧਿਆਨ ਰੱਖਣਾ ਪੈਣਾ ਹੈ। ਇਸ ਜਲੂਸ ਦੀ ਤਿਆਰੀ ਮਹੀਨੇ ਪਹਿਲਾਂ ਚਲ ਪੈਂਦੀ ਹੈ। ਪਰਦੁੱਮਣ ਸਿੰਘ ਦੇ ਘਰ ਵਿਚ ਅਤੇ ਮਨ ਵਿਚ ਵੀ ਇਹ ਤਿਆਰੀ ਵੱਡੀ ਪੱਧਰ ਤੇ ਚਲਦੀ ਹੈ। ਉਹ ਕੇਸਰੀ ਰੰਗ ਦੀ ਪੱਗ ਬੰਨ੍ਹਦਾ ਹੈ। ਗਿਆਨ ਕੌਰ ਨੇ ਤਾਂ ਸੂਟ ਹੀ ਕੇਸਰੀ ਰੰਗ ਦਾ ਸਮਾਇਆ ਹੋਇਆ ਹੈ। ਦੋਨਾਂ ਕੁੜੀਆਂ ਤੇ ਨੂੰਹਾਂ ਨੇ ਵੀ ਕੇਸਰੀ ਰੰਗੇ ਸੂਟ ਖਰੀਦੇ ਹੋਏ ਹਨ। ਉਹ ਆਪਣੇ ਸਾਰੇ ਸਟਾਫ ਨੂੰ ਵੀ ਅਜ ਦੇ ਦਿਹਾੜੇ ਕੇਸਰੀ ਕਪੜੇ ਪਹਿਨਣ ਲਈ ਪਰੇਰਦਾ ਹੈ।

ਖਾਲਿਸਤਾਨ ਦੀ ਲਹਿਰ ਦੇ ਠੰਡੀ ਪੈਣ 'ਤੇ ਆਮ ਲੋਕਾਂ ਨੇ ਸੁੱਖ ਦਾ ਸਾਹ ਲੈਂਦੇ ਹੋਏ ਮੁੜ ਧਰਮ ਅਤੇ ਗੁਰਦੁਆਰਿਆਂ ਨਾਲ ਜੁੜਨਾ ਸ਼ੁਰੂ ਕਰ ਦਿੱਤਾ ਹੈ। ਐਤਕੀਂ ਖਾਲਸੇ ਦਾ ਤਿੰਨ ਸੌ ਸਾਲਾ ਜਨਮ ਦਿਨ ਹੈ। ਇਸ ਲਈ ਵੀ ਲੋਕਾਂ ਵਿਚ ਬੇਹੱਦ ਉਤਸ਼ਾਹ ਹੈ। ਇਕ ਉਤਸ਼ਾਹ ਲੋਕਾਂ ਵਿਚ ਗੁਰਦੁਆਰੇ ਦੀ ਨਵੀਂ ਬਣ ਰਹੀ ਇਮਾਰਤ ਵੀ ਭਰ ਰਹੀ ਹੈ। ਇਸ ਨਵੀਂ ਉਸਰ ਰਹੀ ਇਮਾਰਤ ਦੀਆਂ ਥਾਂ ਥਾਂ ਖਬਰਾਂ ਲੱਗਦੀਆਂ ਹਨ। ਟੈਲੀ, ਰੇਡੀਓ ਉਪਰ ਵੀ ਇਸ ਦੀ

ਇਮਾਰਤਸਾਜ਼ੀ ਦੀ ਖਾਸੀਅਤ ਦੀਆਂ ਗੱਲਾਂ ਹੁੰਦੀਆਂ ਹਨ। ਸਾਊਥਾਲ ਦੇ ਹੀ ਨਹੀਂ ਪੂਰੇ ਲੰਡਨ ਦੇ ਸਿੱਖ ਫੁੱਲੇ ਨਹੀਂ ਸਮਾਉਂਦੇ। ਇਸ ਨਵੇਂ ਗੁਰਦਵਾਰੇ ਦੀ ਤਿਆਰੀ ਦਾ ਬੱਜਟ ਉਨੀ ਵੀਹ ਮਿਲੀਅਨ ਪੌਂਡ ਤੋਂ ਵੀ ਵਧੇਰੇ ਹੈ ਇਸ ਲਈ ਵੀ ਲੋਕਾਂ ਵਿਚ ਅਸਚਜਤਾ ਹੈ ਕਿ ਸਿਖ ਭਾਈਚਾਰਾ ਇੰਨੇ ਪੈਸੇ ਕਿਵੇਂ ਇਕੱਠੇ ਕਰੇਗਾ। ਅੱਜ ਦਾ ਇਹ ਜਲੂਸ ਇਸ ਨਵੇਂ ਬਣ ਰਹੇ ਗੁਰਦੁਆਰੇ ਤੋਂ ਹੀ ਨਿਕਲਣਾ ਹੈ।

ਦੁਪਹਿਰ ਤੱਕ ਕਈ ਹਜ਼ਾਰ ਲੋਕ ਗੁਰਦੁਆਰੇ ਪਹੁੰਚ ਜਾਦੇ ਹਨ। ਸੈਂਕੜੇ ਵਾਹਨ ਵੀ ਜਿਨ੍ਹਾਂ ਨੇ ਇਸ ਜਲੂਸ ਵਿਚ ਸ਼ਾਮਿਲ ਹੋਣਾ ਹੈ। ਦਰਜਨਾਂ ਹੀ ਕੀਰਤਨ ਕਰਨ ਵਾਲੇ ਜਥੇ ਹਨ ਤੇ ਕਿੰਨੇ ਹੀ ਢੋਲੀ ਹਨ। ਇਹ ਢੋਲੀ ਸਾਰੇ ਹੀ ਇਥੋਂ ਦੇ ਜੰਮੇ ਮੁੰਡੇ ਹਨ। ਇਸ ਜਲੂਸ ਦੀ ਖਾਸੀਅਤ ਇਹੋ ਹੈ ਕਿ ਇਸ ਵਿਚ ਇਥੋਂ ਦੀ ਜੰਮੀ ਨਵੀਂ ਪੀੜ੍ਹੀ ਦੇ ਮੁੰਡੇ ਕੁੜੀਆਂ ਦੀ ਬਹੁਤਾਤ ਹੈ।

ਜਲੂਸ ਦਾ ਰੂਟ ਉਹੋ ਪੁਰਾਣਾ ਹੈ। ਗੁਰਦੁਆਰੇ ਤੋਂ ਚੱਲਿਆ ਜਲੂਸ ਸਟੇਸ਼ਨ ਦੇ ਮੂਹਰ ਦੀ ਲੰਘਦਾ ਹੋਇਆ ਬੇਕਨਜ਼ਫੀਲਡ ਰੋਡ ਉਪਰ ਦੀ ਜਾ ਕੇ ਬਰਾਡਵੇਅ ਨੂੰ ਕਰੌਸ ਕਰਦਾ ਹੋਇਆ ਡੇਨ ਐਵੇਨਿਊ ਉਪਰ ਪਹੁੰਚੇਗਾ। ਫਿਰ ਕਾਰਲਾਇਲ ਰੋਡ ਤੋਂ ਹੁੰਦਾ ਹੋਇਆ ਬਰਨ ਰੋਡ ਤੇ ਫਿਰ ਨੌਰਥ ਰੋਡ ਤੋਂ ਹੁੰਦਾ ਹੋਇਆ ਅਕਸਬ੍ਰਿਜ ਰੋਡ ਪਾਰ ਕਰਕੇ ਪਾਰਕ ਐਵੇਨਿਊ ਉਪਰ ਪਹੁੰਚੇਗਾ ਤੇ ਸਟੇਸ਼ਨ ਦੀ ਮੂਹਰ ਦੀ ਹੁੰਦਾ ਹੋਇਆ ਵਾਪਸ ਗੁਰਦੁਆਰੇ ਪੁੱਜ ਜਾਵੇਗਾ।

ਅਜ ਜਗਮੋਹਣ ਆਪਣੇ ਘਰ ਹੀ ਰਹਿੰਦਾ ਹੈ। ਉਸ ਨੂੰ ਪਤਾ ਹੈ ਕਿ ਅੱਜ ਕਿਸੇ ਪਾਸੇ ਵੀ ਨਹੀਂ ਜਾਇਆ ਜਾਣਾ। ਪੁਲਿਸ ਨੇ ਸਾਰੇ ਰਾਹ ਰੋਕੇ ਹੋਏ ਹਨ। ਕਾਰਾਂ, ਵੈਨਾਂ ਨੂੰ ਤਾਂ ਸਾਊਥਾਲ ਦੇ ਅੰਦਰ ਜਾਣ ਹੀ ਨਹੀਂ ਦਿੱਤਾ ਜਾ ਰਿਹਾ। ਜਲੂਸ ਨੇ ਉਸ ਦੇ ਘਰ ਮੂਹਰ ਦੀ ਵੀ ਲੰਘਣਾ ਹੈ। ਮਨਦੀਪ ਆਪਣੀ ਮੰਮੀ ਨਾਲ ਜਲੂਸ ਵਿਚ ਸ਼ਾਮਿਲ ਹੋਣ ਲਈ ਜਾ ਚੁੱਕੀ ਹੈ। ਦੋਵੇਂ ਮੁੰਡੇ ਵੀ ਉਸ ਦੇ ਨਾਲ ਹਨ। ਜਗਮੋਹਣ ਸੋਚਦਾ ਹੈ ਕਿ ਗਰੇਵਾਲ ਦੀ ਸਿਹਤ ਠੀਕ ਹੁੰਦੀ ਤਾਂ ਉਹ ਕਿੰਨੀਆਂ ਸਾਰੀਆਂ ਗੱਲਾਂ ਕਰਦੇ। ਨਵੀਂ ਪੀੜ੍ਹੀ ਵਿਚ ਧਰਮ ਪ੍ਰਤੀ ਇੰਨੀ ਜਾਗ੍ਰਿਤੀ ਕਿਵੇਂ ਆ ਰਹੀ ਹੈ। ਓਪਰੇ ਧਰਮਾਂ ਵਿਚ ਵਿਚਰਦੇ ਸਾਡੇ ਮੁੰਡੇ-ਕੁੜੀਆਂ ਨੂੰ ਆਪਣੇ ਧਰਮ ਪ੍ਰਤੀ ਕਿਵੇਂ ਹੇਜ ਜਾਗਦਾ ਹੈ। ਪਰ ਗਰੇਵਾਲ ਹਾਲੇ ਤੱਕ ਠੀਕ ਨਹੀਂ ਹੋਇਆ। ਇੰਨੇ ਮਹੀਨਿਆਂ ਤੋਂ ਹਾਲੇ ਹਸਪਤਾਲ ਵਿਚ ਹੀ ਹੈ। ਹੁਣ ਉਹ ਬੈਠ ਲੈਂਦਾ ਹੈ। ਇਕ ਬਾਂਹ ਵੀ ਕੁਝ ਕੁ ਹਿਲਾ ਲੈਂਦਾ ਹੈ ਪਰ ਹਾਲੇ ਆਵਾਜ਼ ਨਹੀਂ ਚੱਲੀ। ਯਾਦ ਸ਼ਕਤੀ ਵੀ ਬਹੁਤ ਕਮਜ਼ੋਰ ਹੋ ਗਈ ਹੈ। ਕਈ ਵਾਰ ਜਗਮੋਹਣ ਨੂੰ ਪਛਾਨਣ ਤੋਂ ਵੀ ਇਨਕਾਰ ਕਰ ਦਿੰਦਾ ਹੈ।

ਜਲੂਸ ਦੇ ਰੂਟ ਦੇ ਹਰ ਮੋੜ 'ਤੇ ਲੋਕਾਂ ਦੀ ਭੀੜ ਜਮ੍ਹਾਂ ਹੋ ਰਹੀ ਹੈ। ਥਾਂ-ਥਾਂ ਜੂਸ, ਕੋਕ ਤੇ ਪਾਣੀ ਦੀਆਂ ਛਬੀਲਾਂ ਹਨ। ਚਾਹ, ਪਕੌੜੇ, ਸਮੋਸੇ ਆਦਿ ਮਿਲ ਰਹੇ ਹਨ। ਬੱਚਿਆਂ ਲਈ ਸਵੀਟਾਂ, ਚਾਕਲੇਟ ਹਨ। ਗੋਰੇ, ਕਾਲੇ ਕੀ ਹਰ ਰੰਗ ਦੇ ਬੱਚਿਆਂ ਦੀਆਂ ਮੌਜਾਂ ਲੱਗੀਆਂ ਹੋਈਆਂ ਹਨ। ਜਲੂਸ ਆਪਣੀ ਪੂਰੀ ਫੱਬਤ ਨਾਲ ਨਿਕਲਦਾ ਹੈ। ਮੂਹਰੇ ਮੂਹਰੇ ਪੰਜ ਪਿਆਰੇ ਤੁਰ ਰਹੇ ਹਨ, ਮਗਰ ਵੱਡੇ ਟਰੱਕ ਉਪਰ ਪਾਲਕੀ ਵਿਚ ਪਾਠ ਹੋ ਰਿਹਾ ਹੈ। ਉਸ ਦੇ ਮਗਰ ਪੈਦਲ ਲੋਕ ਹਨ। ਫਿਰ ਪਿੱਛੇ ਖੁੱਲ੍ਹੀ ਤੇ ਪਿੱਕ ਅੱਪ ਵਿਚ ਬੈਠੀ ਸੰਗਤ ਕੀਰਤਨ ਕਰ ਰਹੀ ਹੈ। ਉਸ ਪਿੱਛੇ ਪੰਜ-ਪੰਜ ਦੀ ਪੰਕਤ ਵਿਚ ਢੋਲੀ ਹਨ। ਇਵੇਂ ਕਰਦਿਆਂ ਇਹ ਜਲੂਸ ਮੀਲਾਂ ਲੰਬਾ ਬਣ ਰਿਹਾ ਹੈ। ਜਗਮੋਹਣ ਦੇ ਘਰ ਦੇ ਮੂਹਰੇ ਉਸ ਦੇ ਕਿਸੇ ਵਾਕਫ ਨੇ ਸੰਗਤ ਦੀ ਸੇਵਾ ਕਰਨ ਹਿੱਤ ਸਟਾਲ ਲਗਾਇਆ ਹੋਇਆ ਹੈ। ਜਗਮੋਹਣ ਉਸ ਕੋਲ ਹੀ ਆ ਖੜਦਾ ਹੈ। ਉਹ ਜਲੂਸ ਵਿਚ ਹਾਜ਼ਰ ਲੋਕਾ ਦੀ ਗਿਣਤੀ ਦਾ ਅੰਦਾਜ਼ਾ ਜਿਹਾ ਲਗਾਉਂਦਾ ਹੈ। ਉਹ ਗਿਣਦਾ ਹੈ ਕਿ ਦਸ ਕੁ ਗਜ਼ ਦੇ ਖੇਤਰ ਵਿਚ ਸੌ ਬੰਦਾ ਹੈ ਕੁਲ ਕਿੰਨੇ ਕੁ ਹੋ ਸਕਦੇ ਹਨ। ਥੋੜਾ ਚਿਰ ਮਗਜ਼ਮਾਰੀ ਮਾਰ ਕੇ ਹਟ ਜਾਂਦਾ ਹੈ। ਜਲੂਸ ਵਿਚ ਜਗਮੋਹਣ ਦੇ ਕਈ ਵਾਕਿਫ ਸ਼ਾਮਿਲ ਹਨ। ਹਰ ਕੋਈ ਲੰਘਦਾ ਹੋਇਆ ਅੰਗੂਠਾ ਦਿਖਾ ਕੇ ਆਪਣੇ ਹਾਜ਼ਰ ਹੋਣ ਦਾ ਦਾਅਵਾ ਕਰਦਾ ਜਾਂਦਾ ਹੈ। ਕਿੰਨੇ ਹੀ ਘੰਟੇ ਖੜਾ ਉਹ ਜਲੂਸ ਦੇਖਦਾ ਰਹਿੰਦਾ ਹੈ। ਜਲੂਸ ਵਿਚ ਜਿਵੇਂ ਸਾਊਥਾਲ ਹੀ ਨਹੀਂ ਸਾਰਾ ਇੰਗਲੈਂਡ ਆ ਜੁੜਿਆ ਹੋਵੇ। ਇੰਨੇ ਲੋਕਾਂ ਦੇ ਇਕੱਠ ਨੂੰ ਉਸ ਨੇ ਪਹਿਲਾਂ ਕਦੇ ਦੇਖਿਆ ਹੀ ਨਹੀਂ ਹੈ। ਇੰਨੇ ਚਿਹਰਿਆਂ ਨੂੰ ਘਰ ਮੋਹਰ ਦੀ ਲੰਘਦਿਆਂ ਦੇਖਦਾ ਉਹ ਇਕੱਲਾ ਇਕੱਲਾ ਮਹਿਸੂਸ ਕਰਨ ਲੱਗਦਾ ਹੈ। ਜਦ ਮਨਦੀਪ ਅਤੇ ਦੋਨੋਂ ਮੁੰਡੇ ਉਸ ਨੂੰ ਹੱਥ ਮਾਰਦੇ ਲੰਘਦੇ ਹਨ ਤਾਂ ਉਸ ਨੂੰ ਜਾਪਦਾ ਹੈ ਕਿ ਜਿਵੇਂ ਸਾਰੇ ਹੀ ਉਸ ਦਾ ਸਾਥ ਛੱਡ ਗਏ ਹੋਣ। ਸਾਰੀ ਹੀ ਦੁਨੀਆ ਦੂਜੇ ਪਾਸੇ ਜਾ ਖੜੀ ਹੋਵੇ। ਇਕ ਵਾਰ ਤਾਂ ਉਸ ਦਾ ਦਿਲ ਕਰਦਾ  ਕਿ ਇਸ ਹਜੂਮ ਵਿਚ ਜਾ ਵੜੇ ਪਰ ਉਸ ਤੋਂ ਵੜਿਆ ਨਹੀਂ ਜਾਂਦਾ ਤੇ ਖੜਾ ਤੱਕਦਾ ਰਹਿੰਦਾ ਹੈ।

ਰੇਡੀਓ ਦੀ ਖਬਰ ਹੈ ਕਿ ਇਸ ਦਿਹੜੇ 'ਤੇ ਡੇੜ ਲੱਖ ਲੋਕ ਸਾਊਥਾਲ ਵਿਚ ਇਕੱਠੇ ਹੋਏ ਹਨ। ਸ਼ਾਮ ਨੂੰ ਟੈਲੀ ਵਾਲੇ ਦੱਸ ਰਹੇ ਹਨ ਕਿ ਇਕ ਲੱਖ ਸਿੱਖ ਇਸ ਜਲੂਸ ਵਿਚ ਸ਼ਾਮਿਲ ਹੋਣ ਲਈ ਦੂਰ ਦੂਰ ਦੇ ਸ਼ਹਿਰਾਂ ਵਿਚੋਂ ਸਾਊਥਾਲ ਪੁੱਜਿਆ ਹੈ। ਜਿੰਨੇ ਲੋਕ ਜਲੂਸ ਨਾਲ ਤੁਰਦੇ ਹਨ ਉਸ ਤੋਂ ਕਿਤੇ ਵਧ ਇਸ ਦੇ ਸਵਾਗਤ ਲਈ ਰਸਤੇ ਵਿਚ ਖੜੇ ਹਨ। ਜਲੂਸ ਤੋਂ ਮੁੜਦੇ ਨਵਕਿਰਨ ਤੇ ਨਵਜੀਵਨ ਆਪਣੇ ਡੌਲ੍ਹੇ ਜਗਮੋਹਣ ਨੂੰ ਦਿਖਾ ਰਹੇ ਹਨ। ਉਸ ਨੂੰ ਗਰੇਵਾਲ ਦੀ ਗੱਲ ਚੇਤੇ ਆਉਂਦੀ ਹੈ। ਉਸ ਨੂੰ ਆਪਣੇ ਮੁੰਡਿਆਂ ਦਾ ਧਰਮ ਪ੍ਰਤੀ ਉਲਾਰ ਬਹੁਤਾ ਚੰਗਾ ਨਹੀਂ ਲਗਦਾ। ਉਹ ਚਾਹੁੰਦਾ ਹੈ ਕਿ ਬੱਚਿਆਂ ਨੂੰ ਧਰਮ ਦੀ ਵਾਕਫੀ ਹੋਵੇ ਜਨੂੰਨ ਨਾ ਹੋਵੇ। ਉਹ ਉਹਨਾਂ ਨਾਲ ਜਲੂਸ ਵਿਚ ਹੋਈਆਂ ਨਿਕੀਆਂ ਨਿਕੀਆਂ ਗੱਲਾਂ ਕਰਨ ਲਗਦਾ ਹੈ। ਉਸ ਨੂੰ ਗਰੇਵਾਲ ਦੀ ਯਾਦ ਆਉਣ ਲਗਦੀ ਹੈ। ਕਿੰਨੀਆਂ ਗੱਲਾਂ ਹਨ ਉਸ ਨਾਲ ਕਰਨ ਵਾਲੀਆਂ।

ਅਗਲੇ ਦਿਨ ਸ਼ਾਮ ਭਾਰਦਵਾਜ ਨਾਲ ਗਲੌਸਟਰ ਵਿਚ ਬੈਠਿਆਂ ਇਨ੍ਹਾਂ ਗੱਲਾਂ ਬਾਰੇ ਬਹਿਸ ਹੁੰਦੀ ਹੈ। ਸੋਹਣਪਾਲ ਦੱਸਦਾ ਹੈ,

"ਇਨ੍ਹਾਂ ਜਲੂਸਾਂ ਉਪਰ ਕੌਂਸਲਾਂ ਦਾ ਢੇਰ ਪੈਸਾ ਖਰਚ ਹੁੰਦਾ ਹੈ ਤੇ ਸਾਰਾ ਬੋਝ ਲੋਕਲ ਲੋਕਾਂ ਉਪਰ ਪੈਂਦਾ ਹੈ। ਕਿੰਨੀ ਪੁਲਿਸ ਵਾਧੂ ਬੁਲਾਉਣੀ ਪੈਂਦੀ ਹੈ ਤੇ ਹੋਰ ਸਫਾਈ ਆਦਿ ਦਾ ਕੰਮ ਵੀ।"

"ਇਹਦਾ ਇੰਤਜ਼ਾਮ ਵੀ ਹੋ ਰਿਹੈ, ਸ਼ਾਇਦ ਇਹ ਗੱਲ ਤਹਿ ਹੋ ਜਾਵੇ ਕਿ ਸਾਰਾ ਖਰਚ ਜਲੂਸ ਦੀ ਇੰਤਜ਼ਾਮੀਆ ਕਮੇਟੀ ਦੇਵੇਗੀ।"

"ਇਹ ਵੀ ਤਾਂ ਇਹਦਾ ਹੱਲ ਨਹੀਂ, ਹੋਰ ਕਿਤੇ ਸਮਾਜਕ ਇਕੱਠ ਹੁੰਦੇ ਨਹੀਂ ਜਿਥੇ ਸਰਕਾਰੀ ਮਸ਼ੀਨਰੀ ਵਰਤੀ ਜਾਂਦੀ ਹੋਵੇ, ਏਸ਼ੀਅਨਾਂ ਦੇ ਇਕੱਠਾਂ ਦਾ ਖਰਚਾ ਇਹ ਲੋਕ ਆਪ ਕਿਉਂ ਦੇਣ।"

ਜਗਮੋਹਣ ਆਖਦਾ ਹੈ। ਫਿਰ ਸੋਹਣਪਾਲ ਬੋਲਦਾ ਹੈ,

"ਅਸਲ ਵਿਚ ਤਾਂ ਧਰਮ ਪ੍ਰਤੀ ਜਾਗਰੂਕ ਹੋਣਾ ਅਗਲੀ ਜਨਰੇਸ਼ਨ ਦੀ ਲੋੜ ਐ ਤੇ ਇਨ੍ਹਾਂ ਧਾਰਮਿਕ ਸਥਾਨਾਂ ਨੇ ਸੱਭਿਆਚਾਰ ਸੰਭਾਲਣ ਦਾ ਬਹੁਤ ਵਧੀਆ ਕੰਮ ਕੀਤੈ।"

"ਅਸਲੀ ਗੱਲ ਤਾਂ ਭੀੜ-ਭੜੱਕਾ ਵੱਧਦਾ ਐ ਪੋਲੂਸ਼ਨ ਵੀ ਵਧਦਾ ਹੈ, ਲੜਾਈ ਝਗੜੇ ਦਾ ਖਤਰਾ ਪੈਦਾ ਹੋ ਜਾਂਦਾ ਹੈ।"

"ਭੀੜ-ਭੜੱਕੇ ਦਾ ਮਸਲਾ ਤਾਂ ਆਰਜ਼ੀ ਐ, ਆਹ ਫੁੱਟਬਾਲ ਦੇ ਮੈਚਾਂ ਉਪਰ ਕੀ ਹੁੰਦੈ, ਜਿਹੜੀ ਟੀਮ ਹਾਰ ਜਾਂਦੀ ਐ ਉਹਦੇ ਫੈਨ ਤਬਾਹੀ ਤੇ ਉਤਾਰੂ ਹੋ ਜਾਂਦੇ ਆ, ਅਸਲ ਕਾਰਨ ਤਾਂ ਆਪਣੀ ਹੋਂਦ ਨੂੰ ਬਰਕਰਾਰ ਰੱਖਣਾ ਐ।"

"ਹੋਂਦ ਪਿੱਛੇ ਤਾਂ ਮੁਸਲਮਾਨਾਂ ਤੇ ਸਿੱਖਾਂ ਦੇ ਮੁੰਡੇ ਫੱਸਦੇ ਰਹਿੰਦੇ ਆ।"

"ਇਹਦੇ ਪਿੱਛੇ ਤਾਂ ਆਪਾਂ ਸਾਰਿਆਂ ਨੂੰ ਪਤਾ ਈ ਐ ਕਿ ਦੋ ਰੈਸਟੋਰੈਂਟਾਂ ਦੇ ਮਾਲਕਾਂ ਦੀ ਸਿਆਸਤ ਐ।"

"ਇਨ੍ਹਾਂ ਦੀ ਸਿਆਸਤ ਤਾਂ ਲੋਕਲ ਹੋ ਸਕਦੀ ਐ ਪਰ ਇਹ ਮਸਲਾ ਕੁਝ ਵੱਡਾ ਐ।"

"ਕੋਈ ਵੱਡਾ ਨਹੀਂ, ਦੋਹਾਂ ਧਰਮਾਂ ਦੇ ਲੀਡਰਾਂ ਨੇ ਜ਼ਰਾ ਕੁ ਬਿਆਨ ਦਿੰਦੇ ਆ ਤਾਂ ਸਭ ਠੀਕ ਹੋ ਜਾਂਦੈ।"

ਸ਼ਾਮ ਭਾਰਦਵਾਜ ਕਮਿਉਨਿਟੀ ਦੇ ਲੀਡਰ ਵਜੋਂ ਪੁਲਿਸ ਨਾਲ ਮੀਟਿੰਗਾਂ ਕਰਦਾ ਰਹਿੰਦਾ ਹੈ ਇਸ ਲਈ ਉਸ ਨੂੰ ਸਾਊਥਾਲ ਦੀਆਂ ਅੰਦਰ ਦੀਆਂ ਖਬਰਾਂ ਦੀ ਭਿਣਕ ਵੀ ਰਹਿੰਦੀ ਹੈ। ਉਹ ਦੱਸਣ ਲੱਗਦਾ ਹੈ,

"ਇਹ ਤਾਂ ਬਹੁਤ ਚੰਗਾ ਹੋ ਗਿਐ ਕਿ ਜਲੂਸ ਸ਼ਾਂਤੀ ਨਾਲ ਨੇਪਰੇ ਚੜ੍ਹ ਗਿਆ ਨਹੀਂ ਤਾਂ ਸੀ.ਆਈ.ਡੀ. ਮਿਲੀ ਸੀ ਕਿ ਕੁਝ ਲੋਕ ਇਸ ਮੌਕੇ 'ਤੇ ਗੜਬੜ ਕਰਨਗੇ ਪਰ ਤਿੰਨ ਸੌਵਾਂ ਖਾਲਸੇ ਦਾ ਜਨਮ ਦਿਨ ਸੀ, ਸਿਖਾਂ ਲਈ ਖਾਸ ਦਿਨ ਸੀ ਤੇ ਜਲੂਸ ਰੋਕਣਾ ਵੀ ਮੁਸ਼ਕਿਲ ਸੀ।"

ਉਸ ਦੀ ਗੱਲ ਨਾਲ ਸਹਿਮਤ ਹੁੰਦਾ ਸੋਹਣਪਾਲ ਕਹਿਣ ਲੱਗਦਾ ਹੈ,

"ਆਹ ਸਾਊਥਾਲ ਦਾ ਫਨ ਫੇਅਰ ਇਸੇ ਲਈ ਰੋਕ 'ਤਾ ਸੀ ਪੁਲਿਸ ਨੇ, ਕਿਧਰੋਂ ਭਿਣਕ ਪੈ ਗਈ ਸੀ ਕਿ ਇਸ ਮੌਕੇ ਤੇ ਕੁਝ ਸ਼ਰਾਰਤੀ ਲੋਕ ਗੜਬੜ ਕਰਨ ਵਾਲੇ ਆ।"

ਬਾਈ ਸੁਰਿੰਦਰ ਸਿੰਘ ਕਾਫੀ ਦੇਰ ਚੁੱਪ ਰਹਿਣ ਤੋਂ ਬਾਅਦ ਆਖਦਾ ਹੈ,

"ਘੰਟਾ ਹੋ ਗਿਆ ਦੇਖਦੇ ਨੂੰ, ਤੁਸੀਂ ਸਾਰੇ ਜਲੂਸ ਜਲੂਸ ਗਾਈ ਜਾਨੇ ਓਂ, ਅਸਲੀ ਸ਼ਬਦ ਹੁੰਦਾ ਏ ਨਗਰ-ਕੀਰਤਨ। ਇਹ ਜਲੂਸ ਸ਼ਬਦ ਵਧੀਆ ਨਹੀਂ ਏ।

ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਦਾ ਦੂਰ ਬੈਠਾ ਰਾਮ ਸਿੰਘ ਉਹਨਾਂ ਦੇ ਟੇਬਲ ਤੇ ਆ ਜਾਂਦਾ ਹੈ ਤੇ ਕਹਿੰਦਾ ਹੈ,

"ਯਾਰੋ, ਪਹਿਲਾਂ ਵਰਗਾ ਸਾਊਥਾਲ ਕਿਥੇ ਰਹਿ ਗਿਆ, ਜਦੋਂ ਆਈ.ਡਬਲਯੂ.ਏ. ਦਾ ਜ਼ਮਾਨਾ ਹੁੰਦਾ ਸੀ ਉਦੋਂ ਦੇਖਣ ਵਾਲਾ ਹੁੰਦਾ ਸੀ ਸਾਊਥਾਲ। ਸਿਨਮਾ ਆਪਣਾ ਹੁੰਦਾ ਸੀ। ਇੰਡੀਆ ਤੋਂ ਲੀਡਰ ਲੋਕ ਲਾਈਨਾਂ ਬੰਨ੍ਹ ਕੇ ਤੁਰੇ ਆਉਂਦੇ ਸੀ। ਇੰਡੀਆ ਦੀ ਪ੍ਰਾਈਮ ਮਨਿਸਟਰ ਵੀ ਸਾਊਥਾਲ ਆਉਣ ਵਿਚ ਆਪਣਾ ਮਾਣ ਸਮਝਦੀ ਸੀ। ਹੁਣ ਤਾਂ ਆਹ ਸੁੱਲੇ ਆ ਵੜੇ, ਸੁਮਾਲੀ ਆ ਵੜੇ।"

ਉਸ ਦੀ ਗੱਲ ਸੁਣਦਾ ਹੀ ਬਾਈ ਸੁਰਿੰਦਰ ਸਿੰਘ ਕਹਿਣ ਲੱਗਦਾ ਹੈ,

"ਸੁਮਾਲੀਅਨਾਂ ਨੂੰ ਤਾਂ ਗੌਰਮਿੰਟ ਨੇ ਜਾਣ ਕੇ ਵਾੜਿਆ, ਖਾਲਿਸਤਾਨ ਦੇ ਰੌਲੇ ਵੇਲੇ ਸਾਡੇ ਲੋਕ ਆਪਣੇ ਆਪ ਨੂੰ ਸਾਊਥਾਲ ਦੇ ਮਾਲਕ ਈ ਸਮਝਣ ਲੱਗ ਪਏ ਸੀ। ਸੁਮਾਲੀਅਨਾਂ ਨੂੰ ਵਾੜ ਕੇ ਤਾਂ ਗੌਰਮਿੰਟ ਨੇ ਸਾਨੂੰ ਅਕਲ ਦਿੱਤੀ ਐ।"

ਰਾਮ ਸਿੰਘ ਫਿਰ ਬੋਲਦਾ ਹੈ,

"ਤੇ ਸੁਮਾਲੀਅਨਾਂ ਨੇ ਦੇਖ ਲਓ ਆਹ ਮਸਜਿਦ 'ਤੇ ਕਬਜ਼ਾ ਕਰ ਲਿਆ, ਬਣਾਉਂਦੇ ਰਹਿ ਗਏ ਪੰਜਾਬੀ।"

ਸ਼ਾਮ ਤੇ ਜਗਮੋਹਣ ਇਕ ਦੂਜੇ ਵੱਲ ਦੇਖਦੇ ਹਨ। ਸੋਹਣਪਾਲ ਵੀ ਸਮਝ ਜਾਂਦਾ ਹੈ ਕਿ ਉਨ੍ਹਾਂ ਦੀ ਗੱਲ ਉਲਟੇ ਪਾਸੇ ਵਲ ਨਿਕਲ ਗਈ ਤਾਂ ਕਿਸੇ ਕਿਸਮ ਦੀ ਬਦਮਗਜ਼ੀ ਵੀ ਪੈਦਾ ਹੋ ਸਕਦੀ ਹੈ। ਉਹ ਗੁਰਚਰਨ ਤੋਂ ਇੰਡੀਆ ਦਾ ਹਾਲ-ਚਾਲ ਪੁੱਛਣ ਲੱਗਦਾ ਹੈ ਜੋ ਹੁਣੇ ਜਿਹੇ ਜਾ ਕੇ ਆਇਆ ਹੈ।

## ਅਠਾਹਟ

ਟਰੈਫਿਕ ਹੇਜ਼ ਐਂਡ ਤਕ ਹੈ ਜਿਵੇਂ ਆਮ ਤੌਰ ਤੇ ਹੁੰਦਾ ਹੀ ਹੈ। ਸਰਦੀਆਂ ਦੇ ਦਿਨ ਹਨ, ਛੋਟੇ ਹਨ। ਪੰਜ ਵਜੇ ਹੀ ਰਾਤ ਪਈ ਪਈ ਹੈ। ਇਕ ਠੰਡ ਵੀ ਲੋਹੜੇ ਦੀ ਹੈ ਤੇ ਉਪਰੋਂ ਟਰੈਫਿਕ ਹਿਲ ਨਹੀਂ ਰਿਹਾ। ਜਗਮੋਹਨ ਇਸ ਵਿਚ ਫਸਿਆ ਖੜਾ ਹੈ। ਉਸ ਨੂੰ ਆਪਣੇ ਆਪ ਉਪਰ ਗੁੱਸਾ ਆ ਰਿਹਾ ਹੈ ਕਿ ਸਭ ਕੁਝ ਪਤਾ ਹੁੰਦਿਆਂ ਇਸ ਰਸਤੇ ਕਿਉਂ ਆਉਂਦਾ ਹੈ। ਉਸ ਦੇ ਇਧਰ ਆਉਣ ਦਾ ਕਾਰਨ ਸਕਾਈਲਿੰਕ ਦੇ ਦਫਤਰ ਵਿਚੋਂ ਆਪਣੀ ਟਿਕਟ ਚੁੱਕਣਾ ਹੈ। ਅਗਲੇ

ਹਫਤੇ ਉਹ ਇੰਡੀਆ ਜਾ ਰਿਹਾ ਹੈ। ਉਹ ਸੋਚ ਰਿਹਾ ਹੈ ਕਿ ਇੰਨੀ ਵੀ ਆਲਸ ਕੀ ਹੋਈ ਕਿ ਘਰੋਂ ਤੁਰ ਕੇ ਬਰਾਡਵੇਅ ਨਹੀਂ ਆ ਸਕਦਾ। ਗਰੇਵਾਲ ਸਮੇਂ ਉਹ ਬਰਾਡਵੇਅ ਦਾ ਗੇੜਾ ਮਾਰਦਾ ਹੀ ਰਿਹਾ ਹੈ। ਉਹ ਸਿਧਾ ਘਰ ਇਸ ਲਈ ਨਹੀਂ ਜਾਂਦਾ ਕਿ ਇਕ ਵਾਰੀ ਬੈਠ ਗਿਆ ਤਾਂ ਮੁੜ ਕੇ ਉਠਿਆ ਨਹੀਂ ਜਾਣਾ। ਉਹ ਇਥੋਂ ਯੂ ਟਰਨ ਮਾਰ ਕੇ ਪਿਛੇ ਜਾਣ ਬਾਰੇ ਸੋਚਦਾ ਹੈ ਪਰ ਹੁਣ ਸਾਰਾ ਰਾਹ ਆਰਜ਼ੀ ਤੌਰ ਤੇ ਡੂਯਲ ਕੈਰਜਵੇਅ ਬਣਾਇਆ ਹੋਇਆ ਹੈ ਇਸ ਲਈ ਇਹ ਟਰੈਫਿਕ ਝੱਲਣਾ ਹੀ ਪੈਣਾ ਹੈ। ਉਹ 'ਵਾਸ ਪਰਵਾਸ' ਪੜਨ ਲਗਦਾ ਤੇ ਨਾਲ ਹੀ ਰੇਡੀਓ ਦੀ ਅਵਾਜ਼ ਉਚੀ ਕਰ ਲੈਂਦਾ ਹੈ। ਸਾਊਥਾਲ ਵਿਚ ਹੁਣ ਏਸ਼ੀਅਨ ਰੇਡੀਓ ਸਟੇਸ਼ਨਾਂ ਦੀ ਭਰਮਾਰ ਹੈ। ਇਹਨਾਂ ਵਿਚੋਂ ਕਈ ਖਾਲਸ ਪੰਜਾਬੀ ਦੇ ਹਨ। ਕੁਝ ਹਿੰਦੀ ਦੇ ਵੀ ਹਨ ਤੇ ਹੋਰ ਏਸ਼ੀਅਨ ਜ਼ੁਬਾਨਾਂ ਦੇ ਵੀ। ਕੁਲ ਮਿਲਾ ਕੇ ਇਹਨਾਂ ਉਪਰ ਪੰਜਾਬੀ ਸੰਗੀਤ ਦਾ ਬੋਲਬਾਲ ਹੈ। ਇਕ ਪੰਜਾਬੀ ਦਾ ਰੇਡੀਓ ਸਟੇਸ਼ਨ ਅਜਿਹਾ ਵੀ ਹੈ ਜਿਸ ਨੂੰ ਆਮ ਲੋਕ ਫੌਜੀ ਰੇਡੀਓ ਸਟੇਸ਼ਨ ਕਹਿ ਕੇ ਚੇਤੇ ਕਰਦੇ ਹਨ ਕਿਉਂਕਿ ਇਹ ਇਕ ਆਮ ਜਿਹੀ ਧਾਰਨਾ ਹੈ ਕਿ ਇਸ ਨੂੰ ਨਵੇਂ ਆਏ ਜਾਂ ਗੈਰਕਨੂੰਨੀ ਲੋਕ ਹੀ ਜ਼ਿਆਦਾ ਸੁਣਦੇ ਹਨ। ਇਹ ਸਾਰੇ ਸਟੇਸ਼ਨ ਆਪਣੀ ਆਪਣੀ ਤੂਤੀ ਵਜਾਉਂਦੇ ਹਨ ਕੋਈ ਸੁਣੇ ਨਾ ਸੁਣੇ। ਝੂਠੇ ਸੱਚੇ ਦਾਅਵੇ ਕਰਨ ਵਾਲੀ ਇਸ਼ਤਿਹਾਰਬਾਜ਼ੀ ਰਾਹੀਂ ਖੂਬ ਪੈਸੇ ਕਮਾ ਰਹੇ ਹਨ। ਇਹਨਾਂ ਵਿਚ ਇਕ ਚੀਜ਼ ਸਾਂਝੀ ਹੈ ਉਹ ਹੈ ਖਬਰਾਂ।

ਖਬਰਾਂ ਆ ਰਹੀਆਂ ਹਨ। ਇਕ ਮੌਲਵੀ ਨੇ ਕਿਸੇ ਨਾਬਾਲਗ ਕੁੜੀ ਨਾਲ ਫੇਲ੍ਹ ਕਰ ਲਿਆ। ਇਕ ਪੁਜਾਰੀ ਲੌਂਡੇਬਾਜ਼ੀ ਕਰਦਾ ਫੜਿਆ ਗਿਆ। ਇਕ ਗ੍ਰੰਥੀ ਰੈੱਡਲਾਈਟ ਏਰੀਏ ਵਿਚੋਂ ਪਕੜ ਲਿਆ ਗਿਆ। ਜਗਮੋਹਣ ਸੋਚਣ ਲੱਗਦਾ ਹੈ ਕਿ ਹੈ ਕਿ ਲੋਕਾਂ ਦਾ ਧਿਆਨ ਖਿਚਣ ਲਈ ਕਿਵੇਂ ਮਸਾਲਾ ਲਾ ਲਾ ਕੇ ਖਬਰਾਂ ਪੇਸ਼ ਕਰ ਰਹੇ ਹਨ। ਫਿਰ ਖਬਰ ਆਉਂਦੀ ਹੈ ਕਿ ਇਕ ਹੋਰ ਔਰਤ ਖਾਨਦਾਨੀ ਇਜ਼ਤ ਦੀ ਭੇਟ ਚੜ੍ਹ ਗਈ ਹੈ। ਇਸ ਬਹਾਨੇ ਕਤਲ ਕੀਤੀ ਜਾਣ ਵਾਲੀ ਇਸ ਸਾਲ ਦੀ ਇਹ ਦਸਵੀਂ ਔਰਤ ਹੈ। ਜਗਮੋਹਣ ਦਾ ਸਾਰਾ ਧਿਆਨ ਖਬਰ ਵਿਚ ਜਾ ਵੜਦਾ ਹੈ। ਉਹ ਫਿਕਰਮੰਦ ਹੋਇਆ ਸੁਣਨ ਲੱਗਦਾ ਹੈ। ਇਹ ਘਟਨਾ ਨੌਰਥ ਲੰਡਨ ਦੀ ਹੈ ਤੇ ਕਿਸੇ ਟਰਕਿਸ਼ ਪਰਿਵਾਰ ਦੀ ਹੈ। ਜਗਮੋਹਣ ਨੂੰ ਮਨਿੰਦਰ ਦਾ ਫਿਕਰ ਰਹਿੰਦਾ ਹੈ ਕਿ ਇਵੇਂ ਹੀ ਕਿਸੇ ਦਿਨ ਉਸ ਦੀ ਖਬਰ ਆਵੇਗੀ। ਪਾਲਾ ਸਿੰਘ ਹਾਲੇ ਵੀ ਉਸ ਦੀ ਤਲਾਸ਼ ਵਿਚ ਮਾਰਿਆ ਮਾਰਿਆ ਫਿਰ ਰਿਹਾ ਹੈ। ਉਹ ਪਾਲਾ ਸਿੰਘ ਦੇ ਸਾਹਮਣੇ ਹੋਣ ਤੋਂ ਝਿਜਕਣ ਲਗਿਆ ਹੈ। ਇਕ ਵਾਰ ਉਹ ਪਾਲਾ ਸਿੰਘ ਨੂੰ ਸੜਕ ਤੇ ਤੁਰੇ ਜਾਂਦੇ ਨੂੰ ਦੇਖਦਾ ਹੈ। ਉਹ ਇਵੇਂ ਤਿਆਰ ਬਰ ਤਿਆਰ ਹੈ ਕਿ ਜਿਵੇਂ ਕਿਸੇ ਮੁਹਿੰਮ ਤੇ ਚਲਿਆ ਹੋਵੇ। ਹੁਣ ਤਾਂ ਪਰਦੁੱਮਣ ਸਿੰਘ ਦੀ ਕੁੜੀ ਪਵਨ ਵੀ ਘਰੋਂ ਭੱਜੀ ਹੋਈ ਹੈ। ਉਹ ਕਾਲੇ ਮੁੰਡੇ ਨਾਲ ਦੋਸਤੀ ਛੱਡ ਨਹੀਂ ਸਕਦੀ ਤੇ ਇਕ ਦਿਨ ਅਚਾਨਕ ਰੂਪੋਸ਼ ਹੋ ਜਾਂਦੀ ਹੈ। ਪਰਦੁੱਮਣ ਸਿੰਘ ਦੇ ਭਾੜੇ ਦੇ ਬੰਦੇ ਉਸ ਨੂੰ ਹਰਲ ਹਰਲ ਕਰਦੇ ਲੱਭ ਰਹੇ ਹਨ। ਜਗਮੋਹਣ ਦਾ ਮਨ ਉਦਾਸ ਹੋ ਜਾਂਦਾ ਹੈ। ਥੋੜ੍ਹਾ ਅੱਗੇ ਜਾਵੇਗਾ ਤਾਂ ਉਹ ਥਾਂ ਆਵੇਗੀ ਜਿਥੇ ਸੁੱਖੀ ਮਾਰੀ ਗਈ ਸੀ। ਉਸ ਦਾ ਦਿਲ ਕਰਦਾ ਹੈ ਕਿ ਵਾਪਸ ਮੁੜ ਜਾਵੇ। ਟਿਕਟ ਫਿਰ ਚੁੱਕ ਲਵੇਗਾ। ਪਿੱਛੇ ਮੁੜਨਾ ਬਹੁਤ ਮੁਸ਼ਕਿਲ ਹੈ। ਬਰਾਡਵੇਅ ਲੰਘਣਾ ਹੀ ਪਵੇਗਾ।

ਬਹੁਤ ਮੁਸ਼ਕਿਲ ਨਾਲ ਨਹਿਰ ਦਾ ਪੁਲ ਆਉਂਦਾ ਹੈ। ਥੋੜਾ ਹੋਰ ਅਗੇ ਜਾ ਕੇ ਉਸ ਦੇ ਦੋਸਤ ਦੀ ਦੁਕਾਨ ਆਉਂਦੀ ਹੈ ਪਰ ਇਹ ਹੁਣ ਬੰਦ ਹੋ ਚੁੱਕੀ ਹੈ। ਦੋਸਤ ਕਾਮਯਾਬ ਨਹੀਂ ਹੋ ਸਕਿਆ। ਸਾਊਥਾਲ ਦੀ ਇਹ ਖਾਸੀਅਤ ਹੈ ਕਿ ਇਥੇ ਵਿਓਪਾਰ ਖੁਲ੍ਹਦੇ ਤੇ ਬੰਦ ਹੁੰਦੇ ਰਹਿੰਦੇ ਹਨ। ਅੱਗੇ ਮੈਕਡੋਨਲ ਦੇ ਕਾਰ ਪਾਰਕ ਵਿਚ ਵੱਡੀਆਂ ਵੱਡੀਆਂ ਕਾਰਾਂ ਖੜੀਆਂ ਹਨ। ਇਕ ਕਾਰ ਉਪਰ ਬਕਾਰਡੀ ਦੀ ਬੋਤਲ ਪਈ ਹੈ। ਨੌਜਵਾਨ ਮੁੰਡੇ-ਕੁੜੀਆਂ ਖੜੇ ਉਚੀ ਉਚੀ ਹੱਸ ਰਹੇ ਹਨ। ਉਹ ਸੋਚਦਾ ਹੈ ਕਿ ਸਾਥੋਂ ਅਗਲੀ ਇਹ ਪੀੜ੍ਹੀ ਸਾਡੇ ਨਾਲੋਂ ਕਿੰਨੀ ਭਿੰਨ ਹੈ ਤੇ ਗੋਰਿਆਂ ਦੇ ਬਹੁਤ ਕਰੀਬ। ਗੋਰਿਆਂ ਵਾਂਗ ਇਹਨਾਂ ਨੂੰ ਸਿਰਫ ਆਪਣੀ ਪਰਵਾਹ ਹੈ। ਗਰੇਵਾਲ ਕਿਹਾ ਕਰਦਾ ਸੀ ਕਿ ਇਸ ਮੁਲਕ ਵਿਚ ਸਾਡੇ ਬੱਚੇ ਕਈ ਪੀੜ੍ਹੀਆਂ ਛਾਲ਼ ਮਾਰ ਗਏ ਹਨ। ਹੁਣ ਸਮਾਂ ਹੈ ਕਿ ਸਾਨੂੰ ਵੀ ਬਦਲ ਜਾਣਾ ਚਾਹੀਦਾ ਹੈ ਮੁਸ਼ਤਾਕ ਅਲੀ ਦੀ ਦੁਕਾਨ ਮੂਹਰੇ ਪਾਕਿਸਤਾਨ ਤੋਂ ਲਿਆਂਦੀ ਬੱਸ ਖੜੀ ਹੈ ਤੇ ਸਾਹਮਣੇ ਇਕ ਹੋਰ ਦੁਕਾਨ ਉਪਰ ਦੇਸੋਂ ਲਿਆਂਦਾ ਟਾਂਗਾ ਖੜਾ ਕੀਤਾ ਹੋਇਆ ਹੈ। ਪ੍ਰਤਾਪ ਖੈਹਰੇ ਵਾਲੀ ਦੁਕਾਨ ਵੀ ਮੁਸ਼ਤਾਕ ਅਲੀ ਨੇ ਖਰੀਦ ਲਈ ਹੈ। ਲੋਕ ਕਹਿੰਦੇ ਹਨ ਕਿ ਜਦੋਂ ਦੇ ਪ੍ਰਤਾਪ ਖੈਹਰੇ ਤੇ ਮੁਸ਼ਤਾਕ ਅਲੀ ਨੇ ਹੱਥ ਮਿਲਾਏ ਹਨ ਸਾਊਥਾਲ ਵਿਚ ਝਗੜੇ ਘੱਟ ਗਏ ਹਨ। ਉਨ੍ਹਾਂ ਦਾ ਪਾਲਿਆ ਤੇ ਸਾਂਭਿਆ ਮਾੜਾ ਅਨਸਰ ਇਧਰ ਉਧਰ ਜਾ ਕੇ ਵਾਰਦਾਤਾਂ ਕਰਨ ਲੱਗਿਆ ਹੈ। ਇਸ ਦੇ ਨਤੀਜੇ ਵਜੋਂ ਪਿੱਛੇ ਜਿਹੇ ਟੋਨੀ ਦਾ ਕਤਲ ਹੋਇਆ ਹੈ। ਟੋਨੀ ਦੀ ਬਰਾਡਵੇਅ ਉਪਰ ਦੁਕਾਨ ਸੀ। ਵਿਹਲੜ ਜਿਹੇ ਮੁੰਡੇ ਉਸ ਦੀ ਦੁਕਾਨ ਵਿਚ ਜਾ ਬੈਠਣ ਲੱਗੇ ਸਨ।

ਬਰਾਡਵੇਅ ਦਾ ਫੁੱਟਵੇਅ ਹੁਣ ਰੇੜੀਆਂ ਨਾਲ ਭਰਿਆ ਪਿਆ ਹੈ ਜਿਵੇਂ ਕਿ ਬਾਹਰ ਮੈਦਾਨ ਵਿਚ ਮਾਰਕਿਟ ਲੱਗੀ ਹੋਈ ਹੋਵੇ। ਇਨ੍ਹਾਂ ਰੇੜੀਆਂ ਉਪਰ ਘੜੀਆਂ, ਕੈਮਰੇ, ਖਿਲੌਣੇ, ਫੋਨ, ਸੰਗੀਤ ਦੀਆਂ ਸੀਡੀਜ਼, ਕੈਸਿਟਾਂ ਤੋਂ ਲੈ ਕੇ ਜਲੇਬੀਆਂ, ਪਕੌੜੇ, ਗੋਲਗੱਪੇ, ਭੁੱਜੀਆਂ ਛੱਲੀਆਂ ਆਦਿ ਵਿਕ ਰਹੇ ਹਨ। ਕਈ ਦੁਕਾਨਾਂ ਵਿਚ ਤਾਂ ਛੋਟੇ ਛੋਟੇ ਯੂਨਿਟ ਬਣਾ ਕੇ ਭੀੜਾ ਬਜ਼ਾਰ ਜਿਹਾ ਬਣਾ ਦਿੱਤਾ ਗਿਆ ਹੈ। ਗਰੇਵਾਲ ਇੰਪੋਰੀਅਮ ਪਹਿਲਾਂ ਜਿੱਡਾ ਹੀ ਹੈ ਤੇ ਪਹਿਲਾਂ ਵਾਂਗ ਹੀ ਗਾਹਕਾਂ ਨਾਲ ਭਰਿਆ ਹੋਇਆ ਹੈ। ਜਦੋਂ ਦਾ ਗਰੇਵਾਲ ਪੂਰਾ ਹੋਇਆ ਹੈ ਉਸ ਦੇ ਭਰਾ ਆਪਣੇ ਆਪ ਨੂੰ ਸੰਪੂਰਨ ਸਮਝਣ ਲੱਗ ਪਏ ਹਨ ਪਰ ਉਹਨਾਂ ਨੇ ਇਕ ਗੱਲ ਜ਼ਰੂਰ ਕਰ ਦਿਤੀ ਹੈ ਕਿ ਗਰੇਵਾਲ ਦੀ ਵੱਡੇ ਸਾਈਜ਼ ਦੀ ਤਸਵੀਰ ਆਪਣੇ ਸਟੋਰ ਦੇ ਅੰਦਰ ਲਾ ਦਿਤੀ ਹੈ। ਗਰੇਵਾਲ ਦੇ ਮਰਨ ਦਾ ਜਗਮੋਹਣ ਨੂੰ ਬਹੁਤ ਵਿਗੋਚਾ ਹੈ। ਹੁਣ ਉਸ ਕੋਲ ਗਰੇਵਾਲ ਵਰਗਾ ਇਕ ਵੀ ਦੋਸਤ ਨਹੀਂ ਹੈ।

ਸਾਊਥਾਲ ਦੀ ਭੀੜ ਪਿਛਲੇ ਦਸਾਂ ਸਾਲਾਂ ਵਿਚ ਬਹੁਤ ਵਧੀ ਹੈ। ਬਹੁਤੇ ਚਿਹਰੇ ਓਪਰੇ ਹਨ। ਜਗਮੋਹਣ ਤਾਂ ਕਿਸੇ ਨੂੰ ਵੀ ਨਹੀਂ ਪਛਾਣਦਾ। ਵੈਸੇ ਤਾਂ ਉਹ ਪਹਿਲਾਂ ਵੀ ਬਹੁਤੇ ਲੋਕਾਂ ਨੂੰ ਨਹੀਂ ਸੀ ਜਾਣਦਾ ਪਰ ਬਰਾਡਵੇਅ 'ਤੇ ਆਇਆਂ ਕਈ ਵਾਕਿਫ ਜਿਹੇ ਚਿਹਰੇ ਦਿਸ ਪੈਂਦੇ ਸਨ ਪਰ ਹੁਣ ਕੋਈ ਨਹੀਂ ਦਿੱਸਦਾ। ਫੁੱਟਵੇਅ 'ਤੇ ਲੱਗੀਆਂ ਰੇੜ੍ਹੀਆਂ ਅਫਗਾਨੀ ਸਿੰਘਾਂ ਨੇ ਸੰਭਾਲ ਲਈਆਂ ਹਨ ਜਿਹੜੇ ਕਿ ਦੇਸੀ ਤਰੀਕੇ ਨਾਲ ਸੌਦਾ ਕਰਦੇ ਹਨ। ਕਿਸੇ ਚੀਜ਼ ਦੇ ਦਸ ਪੌਂਡ ਮੰਗ ਕੇ ਤਿੰਨ ਦੀ ਛੱਡ ਦਿੰਦੇ ਹਨ। ਇਸ ਲਚਕੀਲੀ ਕੀਮਤਬਾਜ਼ੀ ਨੇ ਗਾਹਕਾਂ ਦੇ ਵਿਸ਼ਵਾਸ ਹਿਲਾਏ ਹੋਏ ਹਨ ਪਰ ਫਿਰ ਵੀ ਕਾਰੋਬਾਰ ਹੋ ਰਿਹਾ ਹੈ। ਵੈਸੇ ਹੁਣ ਬਰਾਡਵੇਅ ਉਪਰ ਚਾਰ ਕਿਸਮ ਦੀਆਂ ਦੁਕਾਨਾਂ ਹੀ ਰਹਿ ਗਈਆਂ ਹਨ। ਟਰੇਵਲ ਏਜੰਟ, ਕੱਪੜੇ ਦੀਆਂ, ਰੈਸਟੋਰੈਂਟ ਅਤੇ ਸੋਨੇ ਦੀਆਂ। ਵਿਚ ਵਿਚ ਮੀਟ ਦੀਆਂ ਵੀ ਹਨ ਖਾਸ ਤੌਰ 'ਤੇ ਹਲਾਲ ਮੀਟ ਦੀਆਂ।

ਉਸ ਨੂੰ ਯਾਦ ਆਉਂਦਾ ਹੈ ਕਿ ਗੁਰਜੰਟ ਸਿੰਘ ਜਿਸ ਨੂੰ ਸਾਊਥਾਲ ਦਾ ਮੀਨਾਰ ਵੀ ਕਹਿ ਦਿੰਦੇ ਸਨ, ਵੀ ਪਿੱਛੇ ਜਿਹੇ ਮਰ ਗਿਆ ਹੈ। ਉਹ ਹੱਸਦਾ ਹੋਇਆ ਸੋਚਦਾ ਹੈ ਕਿ ਸ਼ਾਇਦ ਸਾਊਥਾਲ ਵਿਚ ਹੁਣ ਉਹ ਹੀ ਸਭ ਤੋਂ ਪੁਰਾਣਾ ਰਹਿ ਗਿਆ ਹੋਵੇ ਫਿਰ ਆਪਣੇ ਆਪ ਹੀ ਕਹਿੰਦਾ ਹੈ ਕਿ ਆਪਾਂ ਇੰਨੇ ਵੀ ਪੁਰਾਣੇ ਨਹੀਂ ਯਾਰ।

ਉਹ ਗੱਡੀ ਪਾਰਕ ਕਰਨ ਲਈ ਜਗ੍ਹਾ ਲੱਭਣ ਲੱਗਦਾ ਹੈ। ਇਕ ਬੱਸ ਉਸ ਦੇ ਮੁਹਰੇ ਆ ਕੇ ਰੁਕਦੀ ਹੈ। ਉਹ ਬੱਸ ਦਾ ਨੰਬਰ ਪੜ੍ਹਦਾ ਹੈ। ਯੂਰਪੀਅਨ ਬੱਸ ਹੈ। ਬੱਸ ਵਿਚੋਂ ਨਿਕਲਦੇ ਲੋਕ ਰੈਸਟੋਰੈਂਟਾਂ ਵਿਚ ਵੜ ਰਹੇ ਹਨ। ਉਸ ਨੂੰ ਯਾਦ ਆਉਂਦਾ ਹੈ ਕਿ ਪਿੱਛੇ ਜਿਹੇ ਜਰਮਨੀ ਤੋਂ ਆਇਆ ਉਸ ਦਾ ਪੇਂਡੂ ਉਸ ਨੂੰ ਕਹਿ ਰਿਹਾ ਸੀ ਕਿ ਰੌਲਾ ਤਾਂ ਸਾਊਥਾਲ ਦਾ ਇੰਨਾ ਹੈ ਪਰ ਰਾਹ ਵਿਚ ਇਹਦੇ ਸਾਈਨ ਤਾਂ ਕਿਤੇ ਆਉਂਦੇ ਨਹੀਂ। ਜਗਮੋਹਨ ਉਸ ਨੂੰ ਦਸਦਾ ਹੈ ਕਿ ਇਹ ਸਾਊਥਾਲ ਤਾਂ ਸਾਡੇ ਲਈ ਹੀ ਹੈ ਆਮ ਯੌਰਪੀਅਨਾਂ ਲਈ ਤਾਂ ਇਹ ਲੰਡਨ ਦਾ ਇਕ ਛੋਟਾ ਜਿਹਾ ਹਿੱਸਾ ਹੈ, ਇੰਨਾ ਛੋਟਾ ਕਿ ਜਿਸ ਦੇ ਨਾਂ ਦੇ ਸਾਈਨ ਬੋਰਡ ਮੁੱਖ ਸੜਕਾਂ ਤੇ ਨਹੀਂ ਲਗਦੇ।

ਸਾਊਥਾਲ ਕਿਸੇ ਹੱਦ ਤਕ ਧਾਰਮਿਕ ਤਣਾਅ ਤੋਂ ਮੁਕਤ ਹੈ ਭਾਵੇਂ ਕਿ ਧਾਰਮਿਕ ਗਤੀਵਿਧੀਆਂ ਪਹਿਲਾਂ ਨਾਲੋਂ ਵੱਧ ਗਈਆਂ ਹਨ। ਨਵੇਂ ਬਣੇ ਗੁਰਦੁਆਰੇ ਉਪਰ ਪੂਰੇ ਸਾਊਥਾਲ ਨੂੰ ਮਾਣ ਹੈ। ਸਾਊਥਾਲ ਨੂੰ ਹੀ ਨਹੀਂ ਸਮੁਚੇ ਸਿੱਖ ਭਾਈਚਾਰੇ ਨੂੰ ਗਰਵ ਹੈ। ਇਕ ਮੰਦਰ ਵੀ ਨਵਾਂ ਉਸਾਰਨ ਦੀਆਂ ਸਕੀਮਾਂ ਬਣ ਰਹੀਆਂ ਹਨ। ਸ਼ਾਇਦ ਮਸਜਿਦ ਵੀ ਹੋਰ ਬਣ ਜਾਵੇ। ਸਮੁੱਚੇ ਤੌਰ 'ਤੇ ਹਾਲੇ ਵੀ ਸਾਊਥਾਲ ਉਪਰ ਪੰਜਾਬੀਆਂ ਦੀ ਮੇਰ ਹੈ। ਇਕ ਗੱਲ ਹੋਰ ਹੈ ਕਿ ਇਥੋਂ ਦੀ ਸਿਆਸਤ ਕੁਝ ਗੰਧਲੀ ਹੋ ਗਈ ਹੈ। ਕਈ ਕਹਿਣ ਲੱਗਦੇ ਹਨ ਕਿ ਜਿਥੇ ਪੰਜਾਬੀ ਹੋਣਗੇ ਉਥੇ ਸਿਆਸਤ ਗੰਧਲੀ ਹੋਵੇਗੀ ਹੀ। ਕਾਫੀ ਦੇਰ ਤੋਂ ਸਾਊਥਾਲ ਨੂੰ ਪੰਜਾਬੀ ਟਾਊਨ ਦਾ ਨਾਂ ਦੇਣ ਦੀ ਗੱਲ ਚੱਲਦੀ ਰਹੀ ਹੈ। ਉਪਰ ਤੱਕ ਇਹ ਮੰਗ ਪੁੱਜ ਚੁੱਕੀ ਹੈ। ਉਪਰੋਂ ਮਨਜ਼ੂਰੀ ਮਿਲਣ ਲਗਦੀ ਹੈ ਤਾਂ ਕੋਈ ਨਾ ਕਈ ਲੱਤ ਅੜਾ ਦਿੰਦਾ ਹੈ ਕਿ ਇਸ ਟਾਊਨ ਵਿਚ ਗੈਰ-ਪੰਜਾਬੀ ਵੀ ਰਹਿੰਦੇ ਹਨ, ਉਨ੍ਹਾਂ ਦਾ ਕੀ ਬਣੇਗਾ।

ਉਵੇਂ ਵੀ ਸਿਆਸਤ ਪਹਿਲਾਂ ਨਾਲੋਂ ਖਰਾਬ ਹੋਈ ਹੈ। ਸ਼ਾਮ ਭਾਰਦਵਾਜ ਦੀ ਪਾਰਟੀ ਦੀ ਨੌਮੀਨੇਸ਼ਨ ਦੂਜੇ ਗਰੁੱਪ ਨੇ ਖੋਹ ਲਈ ਹੈ। ਜਿਸ ਦਿਨ ਨੌਮੀਨੇਸ਼ਨ ਲਈ ਚੋਣ ਹੁੰਦੀ ਹੈ ਦੂਜੇ ਗਰੁੱਪ ਵਾਲੇ ਜ਼ਿਆਦਾ ਪਾਰਟੀ ਮੈਂਬਰ ਭੁਗਤਾ ਜਾਂਦੇ ਹਨ। ਸ਼ਾਮ ਭਾਰਦਵਾਜ ਤੋਂ ਵੀ ਪੁਰਾਣਾ ਹੈ ਪੂਰਨ ਸਿੰਘ, ਉਹ ਵੀ ਨੌਮੀਨੇਸ਼ਨ ਗਵਾ ਬੈਠਦਾ ਹੈ। ਕਿੰਨੇ ਹੀ ਸਾਲਾਂ ਤੋਂ ਈਲਿੰਗ ਕੌਂਸਲ ਦੇ ਏਸ਼ੀਅਨ ਮੇਅਰ ਚੱਲੇ ਆ ਰਹੇ ਹਨ। ਦੋ ਸਾਲ ਲਈ ਇਕ ਤੇ ਅਗਲੇ ਦੋ ਸਾਲ ਲਈ ਦੂਜਾ, ਵਾਰੀਆਂ ਵੰਡ ਲੈਂਦੇ ਹਨ। ਪੂਰੀ ਕੌਂਸਲ ਵਿਚ ਏਸ਼ੀਅਨਾਂ ਦੀ ਸਰਦਾਰੀ ਹੈ। ਪਰ ਅੰਦਰਲੀ ਕਸ਼ਮਕਸ਼ ਸਿਖਰਾਂ 'ਤੇ ਹੈ। ਭਾਵੇਂ ਸਾਊਥਾਲ ਉਪਰ ਲੇਬਰ ਪਾਰਟੀ ਦਾ ਕਬਜ਼ਾ ਰਿਹਾ ਹੈ ਪਰ ਹੁਣ ਟੋਰੀ ਪਾਰਟੀ ਨੇ ਵੀ ਪੈਰ ਰੱਖ ਲਏ ਹਨ ਤੇ ਐਸ.ਡੀ.ਪੀ. ਵੀ ਗੇੜੇ ਕੱਢ ਰਹੀ ਹੈ। ਨਵੀਂ ਪੀੜ੍ਹੀ ਕੁਝ ਕੁ ਐਸ.ਡੀ.ਪੀ. ਵੱਲ ਨੂੰ ਝੁਕ ਰਹੀ ਹੈ। ਪਾਰਟੀਆਂ ਬਦਲਣ ਵਾਲੀ ਮੌਕਾ ਪਰਸਤੀ ਇੰਡੀਆ ਵਾਂਗ ਹੀ ਚਲਣ ਲਗ ਪਈ ਹੈ। ਲੇਬਰ ਪਾਰਟੀ ਦੇ ਐਮ ਪੀ ਦੀ ਮੌਤ ਬਾਅਦ ਸਾਊਥਾਲ ਦਾ ਰਾਜਨੀਤਕ ਮਹੌਲ ਬਹੁਤ ਤਣਾਵ ਭਰਿਆ ਬਣ ਜਾਂਦਾ ਹੈ। ਲੇਬਰ ਪਾਰਟੀ ਵਲੋਂ ਐਮ ਪੀ ਸ਼ਿੱਪ ਦੇ ਦੋ ਪ੍ਰਮੁੱਖ ਦਾਅਵੇਦਾਰ ਹਨ। ਜਦ ਇਕ ਦਾਅਵੇਦਾਰ ਨੂੰ ਐਮ ਪੀ ਲਈ ਲੇਬਰ ਪਾਰਟੀ ਵਲੋਂ ਨੌਮੀਨੇਸ਼ਨ ਨਹੀਂ ਮਿਲਦੀ ਤਾਂ ਉਹ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਟੋਰੀ ਪਾਰਟੀ ਵਿਚ ਜਾ ਵੜਦਾ ਹੈ। ਕਾਫੀ ਸਾਰੇ ਲੋਕਾਂ ਇਸ ਤੋਂ ਬਹੁਤ ਨਿਰਾਸ਼ ਹੁੰਦੇ ਹਨ ਕਿ ਸਾਡੇ ਲੋਕ ਪਾਰਟੀਆਂ ਬਦਲਣ ਵਾਲੀ ਮੌਕਾ ਪਰਸਤੀ ਇਥੇ ਆ ਕੇ ਵੀ ਨਹੀਂ ਛੱਡਦੇ।

ਇਕ ਦਿਨ ਜਗਮੋਹਣ ਕੋਲ ਕੁਝ ਲੋਕ ਆਉਂਦੇ ਹਨ। ਉਹ ਉਨ੍ਹਾਂ ਨੂੰ ਪਛਾਣਦਾ ਹੈ ਪਰ ਜਾਣਦਾ ਨਹੀਂ ਹੈ। ਗੁਰਚਰਨ ਵੀ ਨਾਲ ਹੈ। ਜਗਮੋਹਣ ਉਨ੍ਹਾਂ ਨੂੰ ਅੰਦਰ ਬੈਠਾਉਂਦਾ ਹੈ। ਗੁਰਚਰਨ ਕਹਿੰਦਾ ਹੈ,

''ਅਸੀਂ ਤਾਂ ਤੇਰੇ ਕੋਲ ਇਕ ਛੋਟਾ ਜਿਹਾ ਕੰਮ ਆਏ ਹਾਂ।''

''ਚੜ੍ਹਾਈ ਤਾਂ ਵੱਡੇ ਕੰਮ ਦੀ ਲੱਗਦੀ ਐ।''

ਜਗਮੋਹਣ ਹੱਸਦਾ ਹੋਇਆ ਆਖਦਾ ਹੈ। ਉਹ ਸਾਰੇ ਹੱਸਦੇ ਹਨ। ਉਨ੍ਹਾਂ ਵਿਚੋਂ ਇਕ ਬੰਦਾ ਕਹਿੰਦਾ ਹੈ,

''ਮੇਰਾ ਨਾਂ ਅਜਮੇਰ ਸਿੰਘ ਐ, ਇਹ ਸਤਨਾਮ ਤੇ ਇਹ ਮਹਿੰਦਰ। ਅਸੀਂ ਸਾਰੇ ਆਈ.ਡਬਲਯੂ.ਏ. ਦੇ ਮੈਂਬਰ ਆਂ।''

''ਆਈ.ਡਬਲਯੂ.ਏ. ਹੈਗੀ ਐ ਹਾਲੇ?''

ਜਗਮੋਹਣ ਹੈਰਾਨ ਹੋ ਕੇ ਪੁੱਛਦਾ ਹੈ। ਅਜਮੇਰ ਸਿੰਘ ਕਹਿੰਦਾ ਹੈ,

''ਹੋਣ ਨੂੰ ਤਾਂ ਹੈਗੀ ਪਰ ਇਹਦਾ ਕੰਟਰੋਲ ਏਦਾਂ ਦੇ ਲੋਕਾਂ ਦੇ ਹੱਥ ਵਿਚ ਐ ਕਿ ਬਿਲਕੁਲ ਖਤਮ ਕਰਕੇ ਰੱਖ ਦਿੱਤੀ ਐ, ਅਸੀਂ ਇਹਨੂੰ ਮੁੜ ਕੇ ਸੁਰਜੀਤ ਕਰ ਰਹੇ ਆਂ।''

ਕਹਿ ਕੇ ਅਜਮੇਰ ਸਿੰਘ ਜਗਮੋਹਣ ਵੱਲ ਦੇਖਦਾ ਹੈ ਤੇ ਜਗਮੋਹਣ ਉਨ੍ਹਾਂ ਤਿੰਨਾਂ ਵੱਲ ਧਿਆਨ ਦਿੰਦਾ ਸੋਚਦਾ ਹੈ ਕਿ ਇਹ ਤਿੰਨੋਂ ਹੀ ਰਿਟਾਇਰ ਹੋ ਰਹੇ ਜਾਂ ਹੋ ਚੁੱਕੇ ਬੰਦੇ ਹਨ ਤੇ ਹੁਣ ਵਿਹਲੇ ਹੋ ਕੇ ਆਪਣਾ ਸ਼ੁਗਲ ਬੰਨ੍ਹਣ ਲਈ ਜਾਂ ਜਿਉਂਦੇ ਹੋਣ ਦਾ ਅਹਿਸਾਸ ਕਾਇਮ ਰੱਖਣ ਲਈ ਇਸ ਜਥੇਬੰਦੀ ਦੀ ਸ਼ੁਰਲੀ ਛੱਡਣ ਲੱਗੇ ਹਨ ਜਾਂ ਫਿਰ ਕੋਈ ਗਰਾਂਟ ਆਦਿ ਪਰਾਪਤ ਕਰਨ ਦੇ ਚਕਰ ਵਿਚ ਹੋਣਗੇ। ਪਿਛੇ ਜਿਹੇ ਸਾਊਥਾਲ ਦੇ ਕੁਝ ਪੁਰਾਣੇ ਨੇਤਾ ਕਿਸਮ ਦੇ ਲੋਕਾਂ ਨੇ ਅਜਿਹੀ ਹੀ ਕੋਈ ਜਥੇਬੰਦੀ ਖੜੀ ਕਰਕੇ ਆਪਣੇ ਮੁੰਡੇ ਕੁੜੀਆਂ ਦੀਆਂ ਨੌਕਰੀਆਂ ਪੱਕੀਆਂ ਕਰ ਲਈਆਂ ਸਨ। ਉਨ੍ਹਾਂ ਵਿਚੋਂ ਮਹਿੰਦਰ ਸਿੰਘ ਕਹਿੰਦਾ ਹੈ,

''ਇੰਨਾ ਤਾਂ ਤੁਹਾਨੂੰ ਪਤਾ ਈ ਹੋਵੇਗਾ ਕਿ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਭਾਰਤੀ ਕਮਿਊਨਿਟੀ ਲਈ ਕਿੰਨਾ ਕੰਮ ਕੀਤਾ ਐ।''

''ਬਿਲਕੁਲ ਪਤਾ ਜੀ, ਉਹ ਤਾਂ ਸਾਊਥਾਲ ਦਾ ਖਾਸ ਇਤਹਾਸਕ ਦੌਰ ਸੀ।''

''ਅਸੀਂ ਉਹੋ ਦੌਰ ਵਾਪਸ ਲਿਆਵਾਂਗੇ।''

''ਕਿਵੇਂ ਲਿਆਵੋਂਗੇ ਉਸ ਦੌਰ ਨੂੰ ਵਾਪਸ, ਸਭ ਕੁਝ ਬਦਲ ਚੁੱਕੈ, ਪਹਿਲੀ ਗੱਲ ਇਹ ਕਿ ਉਹਨਾਂ ਵੇਲਿਆਂ ਦੇ ਬਹੁਤੇ ਲੋਕ ਰਿਟਾਇਰ ਹੋ ਚੁੱਕੇ ਆ ਤੇ ਫਿਰ ਉਪਰੋਂ ਦੀ ਇੰਡੀਅਨ ਵਰਕਰਜ਼ ਦੀਆਂ ਲੋੜਾਂ ਵੀ ਬਦਲ ਚੁੱਕੀਆਂ, ਤੁਸੀਂ ਅਸੀ ਸਾਰੇ ਬਦਲ ਚੁੱਕੇ ਆਂ। ਸਾਊਥਾਲ ਉਹ ਨਹੀਂ ਰਿਹਾ। ਜੇਕਰ ਕਿਸੇ ਜਥੇਬੰਦੀ ਦੀ ਲੋੜ ਐ ਤਾਂ ਉਹ ਬਿਲਕੁਲ ਵੱਖਰੀ ਕਿਸਮ ਦੀ ਹੋਣੀ ਚਾਹੀਦੀ ਐ।''

ਅਜਮੇਰ ਸਿੰਘ ਜਗਮੋਹਣ ਦਾ ਇਸ਼ਾਰਾ ਸਮਝਦਾ ਹੋਇਆ ਕਹਿੰਦਾ ਹੈ,

''ਠੀਕ ਐ ਅਸੀਂ ਹੁਣ ਜਵਾਨ ਨਹੀਂ ਰਹੇ ਪਰ ਇੰਡੀਅਨ ਵਰਕਰ ਅਸੋਸੀਏਸ਼ਨ ਦਾ ਨਾਂ ਹਾਲੇ ਵੀ ਲੋਕ ਜਾਣਦੇ ਆ ਤੇ ਅਸੀਂ ਇਥੇ ਜੰਮੀ ਜਨਰੇਸ਼ਨ ਨੂੰ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੇ ਨਾਲ ਜੋੜਾਂਗੇ।''

''ਕੀ ਤੁਸੀਂ ਸਮਝਦੇ ਓ ਕਿ ਇਥੇ ਜੰਮੀ ਜਨਰੇਸ਼ਨ ਇੰਡੀਅਨ ਐ?''

(ਸਮਾਪਤ)